

# ਪ੍ਰੇਮ ਅੰਬੋਧ

Attributed to Patshahi Dasvi

Digitised by Soham Singh Sandhu
Village Fatehpur - Mohalguara (Nabha)

# ਪ੍ਰੇਮ ਅੰਬੋਧ

ਸੰਪਾਦਕ

ਦੇਵਿੰਦਰ ਸਿੰਘ ਉਸਾਹਨ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਪ੍ਰੇਮ ਅੰਬੋਧ

# ਪ੍ਰੇਮ ਅੰਬੋਧ

ਸੰਪਾਦਕ
ਡਾ. ਦੇਵਿੰਦਰ ਸਿੰਘ ਉਸਾਹਣ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿੱਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

PREM AMBODH (*Punjabi*)
*edited by*
DR. DAVINDER SINGH OSAHAN
M.A., Ph.D.

1989
ਪਹਿਲੀ ਵਾਰ : 1100
ਮੁੱਲ : 40-00

ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਯੈਸਮੈਨ ਪ੍ਰਿੰਟਰਜ, ਪਟਿਆਲਾ ਦੁਆਰਾ ਮੁਦ੍ਰਿਤ

## ਦੋ ਸ਼ਬਦ

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਦਾ ਇਕ ਉੱਦੇਸ਼ ਪੰਜਾਬੀ ਭਾਸ਼ਾ, ਸਾਹਿੱਤ ਅਤੇ ਖੋਜ ਦਾ ਬਹੁ-ਪੱਖੀ ਵਿਕਾਸ ਕਰਨਾ ਹੈ। ਇਸ ਮਨੋਰਥ ਦੀ ਪੂਰਤੀ ਲਈ ਯੂਨੀਵਰਸਿਟੀ ਵਲੋਂ ਕਈ ਪ੍ਰਕਾਰ ਦੀਆਂ ਯੋਜਨਾਵਾਂ ਚਲਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਇਕ ਪੁਰਾਣੇ ਹੱਥ-ਲਿਖਤ ਖਰੜਿਆਂ ਨੂੰ ਸੰਪਾਦਿਤ ਕਰਵਾ ਕੇ ਅਤੇ ਗ਼ੈਰ-ਵਿਗਿਆਨਿਕ ਢੰਗ ਨਾਲ ਸੰਪਾਦਿਤ ਹੋਈਆਂ ਪੁਰਾਣੀਆਂ ਰਚਨਾਵਾਂ ਦਾ ਪੁਨਰ-ਸੰਪਾਦਨ ਕਰਵਾ ਕੇ ਛਾਪਣਾ ਹੈ। ਇਸੇ ਉੱਦੇਸ਼ ਦੀ ਪੂਰਤੀ ਲਈ ਇਸ ਪੁਸਤਕ ਦਾ ਸੰਪਾਦਨ ਕਰਵ ਇਆ ਗਿਆ ਹੈ।

ਇਹ ਪੁਸਤਕ, 'ਪ੍ਰੇਮ ਅੰਬੋਧ' ਨਾਂ ਦੀ ਰਚਨਾ ਦਾ ਹੱਥ-ਲਿਖਤਾਂ ਦੇ ਆਧਾਰ ਤੇ ਸੰਪਾਦਿਤ ਰੂਪ ਹੈ। ਕੁਝ ਵਿਦਵਾਨ ਇਸ ਦੇ ਸ਼ੁਰੂ ਵਿਚ 'ਪਾਤਿਸ਼ਾਹੀ-੧੦' ਉਕਤੀ ਲਿਖੇ ਹੋਣ ਕਾਰਣ ਇਸ ਦੇ ਰਚੈਤਾ ਦਾ ਸੰਬੰਧ ਦਸਮ ਗੁਰੂ ਨਾਲ ਜੋੜਦੇ ਹਨ, ਪਰ ਅੰਦਰਲੀਆਂ ਗਵਾਹੀਆਂ ਦੇ ਆਧਾਰ ਤੇ ਇਹ ਕੇਵਲ ਦਾਸ ਕਵੀ ਦੀ ਰਚਨਾ ਸਿੱਧ ਹੁੰਦੀ ਹੈ। ਸੰਮਤ 1750 ਬਿ. (1693 ਈ.) ਵਿਚ ਰਚੀ ਗਈ ਇਸ ਕਿਰਤ ਵਿਚ 16 ਭਗਤਾਂ ਸੰਬੰਧੀ ਪਰਚੀਆਂ ਦਰਜ ਹਨ ਜਿਨ੍ਹਾਂ ਵਿਚੋਂ 11 ਭਗਤਾਂ ਦਾ ਸੰਬੰਧ ਮੱਧ ਯੁਗ ਦੀ ਭਗਤੀ ਲਹਿਰ ਨਾਲ ਹੈ, ਅਤੇ ਪੰਜ ਪੌਰਾਣਿਕ ਯੁਗ ਨਾਲ ਸੰਬੰਧਿਤ ਹਨ। ਇਸ ਪੁਸਤਕ ਵਿਚ ਪ੍ਰੇਮਾ-ਭਗਤੀ ਦੀ ਵਿਸਤਾਰ ਸਹਿਤ ਵਿਆਖਿਆ ਹੋਈ ਹੈ ਅਤੇ ਭਗਤਾਂ ਦੇ ਜੀਵਨ-ਚਰਿੱਤ੍ਰ ਬੜੀ ਸ਼ਰਧਾਮਈ ਸ਼ੈਲੀ ਵਿਚ ਅੰਕਿਤ ਹਨ। ਪ੍ਰੇਮਾ-ਭਗਤੀ ਤੋਂ ਇਲਾਵਾ ਹੋਰ ਵੀ ਕਈ ਅਧਿਆਤਮਿਕ ਵਿਸ਼ਿਆਂ ਦਾ ਚਿੱਤ੍ਰਣ ਹੋਇਆ ਮਿਲ ਜਾਂਦਾ ਹੈ। ਪੰਜਾਬੀ ਵਿਚ ਲਿਖੇ ਗਏ ਪਰਚੀ ਸਾਹਿੱਤ ਵਿਚ ਇਸ ਦੇ ਉਚੇਚੇ ਮਹੱਤਵ ਨੂੰ ਵੇਖਦੇ ਹੋਏ ਇਸ ਦਾ ਸੰਪਾਦਨ ਕਰਵਾਇਆ ਗਿਆ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਪੰਜਾਬੀ ਪਰਚੀ ਸਾਹਿੱਤ ਅਤੇ ਪ੍ਰੇਮ-ਭਗਤਾਂ ਦੀਆਂ ਅਧਿਆਤਮਿਕ ਜੀਵਨੀਆਂ ਨੂੰ ਪੜ੍ਹਨ ਦੇ ਚਾਹਵਾਨ ਪਾਠਕ ਸਾਡੀ ਇਸ ਪ੍ਰਕਾਸ਼ਨਾ ਤੋਂ ਲਾਭ ਉਠਾਉਣਗੇ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਹ. ਕ. ਮਨਮੋਹਨ ਸਿੰਘ
ਵਾਈਸ-ਚਾਂਸਲਰ

# ਭੂਮਿਕਾ

ਪੰਜਾਬੀ ਸਾਹਿੱਤ ਅਧਿਐਨ ਵਿਭਾਗ ਦੀ ਸਥਾਪਨਾ ਦੇ ਮੁੱਖ ਉੱਦੇਸ਼ਾਂ ਵਿਚੋਂ ਇਕ ਉੱਦੇਸ਼ ਇਹ ਵੀ ਸੀ ਕਿ ਪੰਜਾਬੀ ਦੀਆਂ ਕਲਾਸਕੀ ਰਚਨਾਵਾਂ ਨੂੰ ਹੱਥ-ਲਿਖਤਾਂ ਦੇ ਆਧਾਰ ਤੇ ਸਹੀ ਢੰਗ ਨਾਲ ਸੰਪਾਦਿਤ ਕਰਵਾ ਕੇ ਪ੍ਰਕਾਸ਼ਿਤ ਕੀਤਾ ਜਾਏ। ਇਸ ਸੰਬੰਧ ਵਿਚ ਜੋ ਪ੍ਰਾਜੈਕਟ ਬਣਾਈ ਗਈ, ਉਸ ਵਿਚ ਪੋਥੀ 'ਪ੍ਰੇਮ ਅੰਬੋਧ' ਦੇ ਸੰਪਾਦਨ ਦਾ ਕੰਮ ਵੀ ਸ਼ਾਮਲ ਸੀ।

ਪ੍ਰਸਤੁਤ ਪੁਸਤਕ 'ਪ੍ਰੇਮ ਅੰਬੋਧ' ਦਾ ਪ੍ਰਕਾਸ਼ਿਤ ਰੂਪ ਹੈ। ਆਮ ਤੌਰ ਤੇ ਵੇਖਿਆ ਗਿਆ ਹੈ ਕਿ ਸਾਧਕਾਂ/ਸੰਤਾਂ/ਮਹਾਤਮਾ ਪੁਰਸ਼ਾਂ ਦੇ ਜੀਵਨ ਕਾਲ ਵਿਚ ਜਾਂ ਦੇਹਾਂਤ ਉਪਰੰਤ ਉਨ੍ਹਾਂ ਦੇ ਅਨੁਯਾਈ/ਸੇਵਕ/ਚੇਲੇ ਸ਼ਰਧਾ-ਵਸ ਆਪਣੇ ਪੂਜ੍ਯ ਮਹਾਪੁਰਸ਼ ਦੇ ਜੀਵਨ-ਚਰਿਤ ਲਿਖਦੇ ਜਾਂ ਲਿਖਵਾਂਦੇ ਹਨ ਤਾਂ ਜੋ ਉਨ੍ਹਾਂ ਦੁਆਰਾ ਦਰਸਾਏ ਮਾਰਗ ਉਪਰ ਚਲ ਕੇ ਜਿਗਿਆਸੂ ਆਪਣਾ ਅਧਿਆਤਮਿਕ ਜੀਵਨ ਸੁਧਾਰ ਸਕਣ। ਇਸ ਪ੍ਰਕਾਰ ਦੀਆਂ ਰਚਨਾਵਾਂ ਨੂੰ ਪਰਚੀ/ਸਾਖੀ ਸਾਹਿੱਤ-ਵਿਧਾ ਦਾ ਨਾਂ ਦਿੱਤਾ ਜਾਂਦਾ ਹੈ। 'ਪਰਚੀ' ਪਰਿਚਯ ਤੋਂ ਅਤੇ 'ਸਾਖੀ' ਸਾਕਸ਼ੀ (ਸਾਖਿਆਤ ਅਨੁਭਵ) ਤੋਂ ਬਣੇ ਹਨ। ਪਰਚੀਆਂ ਗੱਦ/ਪੱਦ ਦੋਹਾਂ ਵਿਚ ਉਪਲਬਧ ਹਨ। ਇਨ੍ਹਾਂ ਵਿਚ ਚਰਿਤ-ਨਾਇਕ ਦਾ ਜੀਵਨ ਬ੍ਰਿੱਤਾਂਤ ਉਸ ਦੀ ਅਧਿਆਤਮਿਕ ਸਾਧਨਾ ਦੇ ਸੰਦਰਭ ਵਿਚ ਚਿਤਰਿਤ ਹੁੰਦਾ ਹੈ ਅਤੇ ਇਨ੍ਹਾਂ ਦੀ ਭਾਸ਼ਾ ਅਧਿਕਤਰ ਸਧੁੱਕੜੀ ਹੁੰਦੀ ਹੈ। ਪੰਜਾਬੀ ਵਿਚ ਪੱਦ ਵਿਚ ਲਿਖੀਆਂ ਕਈ ਪਰਚੀਆਂ ਉਪਲਬਧ ਹਨ, ਜਿਵੇਂ ਪਰਚੀ ਬਾਬਾ ਹੰਦਾਲ ਜੀ ਕੀ (ਕ੍ਰਿਤ ਭਾਈ ਬਿਧੀ ਚੰਦ), ਪਰਚੀ ਭਾਈ ਸੇਵਾ ਰਾਮ ਜੀ (ਕ੍ਰਿਤ ਭਾਈ ਸਹਿਜ ਰਾਮ), ਪਰਚੀ ਭਾਈ ਅੱਡਣ ਸ਼ਾਹ ਜੀ ਕੀ (ਕ੍ਰਿਤ ਭਾਈ ਸਹਿਜ ਰਾਮ), ਪਰਚੀ ਪਾਤਿਸ਼ਾਹੀ ਦਸਵੀਂ ਕੀ (ਕ੍ਰਿਤ ਸੇਵਾ ਰਾਮ ਉਦਾਸੀ), ਪਰਚੀ ਭਾਈ ਕਨ੍ਹਈਆ ਜੀ ਕੀ (ਕ੍ਰਿਤ ਭਾਈ ਸਹਿਜ ਰਾਮ), ਭਾਈ ਦਰਬਾਰੀ ਦੀਆਂ ਲਿਖੀਆਂ ਪਰਚੀਆਂ ਆਦਿ।

ਇਸ ਰਚਨਾ ਦਾ ਇਕ ਨਾਂਮਾਤਰ 'ਪਰਚੀਆਂ ਪ੍ਰੇਮ ਭਗਤਾਂ ਕੀਆਂ' ਵੀ ਹੈ। ਇਹ 1750 ਬਿ. ਦੀ ਰਚਨਾ ਹੈ। ਇਸ ਦੇ ਕਈ ਪ੍ਰਸੰਗਾਂ ਉਪਰ 'ਪਾਤਿਸ਼ਾਹੀ ੧੦' ਉਕਤੀ ਵੀ ਲਿਖੀ ਹੈ ਜਿਸ ਤੋਂ ਇਸ ਦੇ ਕਰਤ੍ਰਿਤਵ ਦਾ ਸੰਬੰਧ ਦਸਮ ਗੁਰੂ ਨਾਲ ਜੋੜਿਆ ਜਾਂਦਾ ਹੈ। ਕੁਝ ਵਿਦਵਾਨ ਇਸ ਨੂੰ ਹਰਿਦਾਸ ਦੀ ਰਚਨਾ ਮੰਨਦੇ ਹਨ। ਪਰ ਅੰਦਰਲੀਆਂ ਗਵਾਹੀਆਂ ਦੇ ਆਧਾਰ ਤੇ ਇਹ ਕੇਵਲ ਦਾਸ ਦੀ ਰਚਨਾ ਪ੍ਰਤੀਤ ਹੁੰਦੀ ਹੈ। ਕੇਵਲ ਦਾਸ ਦੇ ਜੀਵਨ ਬਾਰੇ ਜਾਣਕਾਰੀ ਉਪਲਬਧ ਨਹੀਂ। ਅਨੁਮਾਨ ਹੈ ਕਿ ਇਸ ਦਾ ਸਮਾਂ ਈਸਵੀ ਦੀ ਸਤਾਰ੍ਹਵੀਂ ਸਦੀ ਦਾ ਉਤਰਾਰਧ ਹੋਵੇਗਾ ਅਤੇ ਸੰਭਵ ਹੈ ਇਹ ਦਸਮ ਗੁਰੂ ਦੇ ਦਰਬਾਰ

ਨਾਲ ਵੀ ਸੰਬੰਧਿਤ ਰਿਹਾ ਹੋਵੇ । ਇਸ ਪੁਸਤਕ ਵਿਚ 16 ਪਰਚੀਆਂ ਦਾ ਸੰਕਲਨ ਹੋਇਆ ਹੈ ਜਿਨ੍ਹਾਂ ਵਿਚ ਯਾਰ੍ਹਾਂ (ਕਬੀਰ, ਧੰਨਾ, ਤ੍ਰਿਲੋਚਨ, ਨਾਮਦੇਵ, ਜੈਦੇਵ, ਰਵਿਦਾਸ, ਮੀਰਾ ਬਾਈ, ਕਰਮਾਬਾਈ, ਪੀਪਾ, ਸੈਣ, ਸਧਨਾ) ਮੱਧ-ਯੁਗੀ ਸੰਤ ਹਨ ਅਤੇ ਪੰਜ (ਬਾਲਮੀਕ, ਸੁਖਦੇਵ, ਬਧਕ, ਧਰੂਹ, ਪ੍ਰਹਿਲਾਦ) ਪੌਰਾਣਿਕ ਪਰੰਪਰਾ ਨਾਲ ਜਾ ਜੁੜਦੇ ਹਨ । ਇਨ੍ਹਾਂ ਪਰਚੀਆਂ ਦੇ ਸਰੋਤ ਸੰਤਾਂ/ਭਗਤਾਂ ਦੀਆਂ ਬਾਣੀਆਂ, ਇਤਿਹਾਸਿਕ ਪੁਸਤਕਾਂ, ਲੋਕ-ਵਾਰਤਾਵਾਂ, ਪੁਰਾਤਨ ਪਰਚੀ ਸਾਹਿੱਤ, ਭਗਤ ਮਾਲ ਆਦਿ ਹਨ । ਇਸ ਰਚਨਾ ਦੇ ਪਹਿਲੇ 18 ਬੰਦਾਂ ਵਿਚ ਪ੍ਰੇਮਾ-ਭਗਤੀ ਦਾ ਸੁੰਦਰ ਨਿਰੂਪਣ ਹੋਇਆ ਹੈ । ਇਸ ਤੋਂ ਇਲਾਵਾ ਸਤਿ-ਸੰਗਤ ਦੀ ਮਹਿਮਾ, ਪ੍ਰਭੂ ਪ੍ਰਾਪਤੀ ਦਾ ਸਹਿਜ ਮਾਰਗ, ਪ੍ਰੇਮਾ-ਭਗਤੀ ਦੀ ਵਿਸਤ੍ਰਿਤ ਵਿਆਖਿਆ ਸਾਧਕਾਂ ਦੇ ਜੀਵਨ ਪ੍ਰਸੰਗ ਵਿਚ ਕੀਤੀ ਗਈ ਹੈ । ਇਸ ਦੇ ਨਾਲ ਹੀ ਗਿਆਨ, ਕਰਮ, ਯੋਗ ਆਦਿ ਮਾਰਗਾਂ ਦੀ ਚਰਚਾ ਕਰ ਕੇ ਸਰਬੋਚ ਸਥਾਨ ਭਗਤੀ ਨੂੰ ਦਿੱਤਾ ਗਿਆ ਹੈ ਜਿਸ ਰਾਹੀਂ ਸਾਧਕ ਆਪਣੀ ਅਧਿਆਤਮਿਕ ਸਾਧਨਾ ਸਫਲਤਾ ਪੂਰਵਕ ਸੰਪੰਨ ਕਰ ਸਕਦਾ ਹੈ ।

ਇਸ ਰਚਨਾ ਦੀ ਭਾਸ਼ਾ ਸਰਲ ਸਧੁੱਕੜੀ ਹੈ, ਸਾਰੀ ਗੱਲ ਕਥਾਤਮਕ ਸ਼ੈਲੀ ਵਿਚ ਕਹੀ ਗਈ ਹੈ । ਦਾਰਸ਼ਨਿਕ ਪ੍ਰਸੰਗਾਂ ਦੀ ਸ਼ੈਲੀ ਗੰਭੀਰ ਅਤੇ ਭਾਸ਼ਾ ਔਖੀ ਹੈ । ਉਂਜ ਕੱਥ ਵਿਚ ਪ੍ਰਵਾਹਮਾਨਤਾ ਸਰਬਤ੍ਰ ਹੈ । ਪੰਜਾਬੀ ਦੇ ਪੱਦ ਵਿਚ ਲਿਖੇ ਪਰਚੀ ਸਾਹਿੱਤ ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ । ਇਸ ਦੇ ਮਹੱਤਵ ਨੂੰ ਸਾਹਮਣੇ ਰਖਦੇ ਹੋਇਆਂ ਇਸ ਨੂੰ ਸੰਪਾਦਿਤ ਕਰਵਾਇਆ ਗਿਆ ਹੈ । ਸੰਪਾਦਨ ਦਾ ਕੰਮ ਡਾ. ਦੇਵਿੰਦਰ ਸਿੰਘ ਉਸਾਹਣ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, ਨੂੰ ਸੌਂਪਿਆ ਗਿਆ ਸੀ ਜਿਨ੍ਹਾਂ ਨੇ ਬੜੀ ਮਿਹਨਤ ਨਾਲ ਇਸ ਨੂੰ ਮੁਕੰਮਲ ਕੀਤਾ ਹੈ । ਇਸ ਬਾਰੇ ਯੂਨੀਵਰਸਿਟੀ ਪੱਧਰ ਤੇ ਪ੍ਰਕਾਸ਼ਿਤ ਕਰਨ ਦੀ ਵਿਸ਼ੇਸ਼ਗ ਰਾਇ ਡਾ. ਮਨਮੋਹਨ ਸਿੰਘ, ਪ੍ਰੋਫੈਸਰ ਪੰਜਾਬੀ, ਪੱਤਰ-ਵਿਹਾਰ ਸਿਖਿਆ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਲਈ ਗਈ ਹੈ । ਇਸ ਲਈ ਅਸੀਂ ਦੋਹਾਂ ਵਿਦਵਾਨਾਂ ਦੇ ਦਿਲੋਂ ਰਿਣੀ ਹਾਂ ।

ਮੈਨੂੰ ਵਿਸ਼ਵਾਸ ਹੈ ਕਿ ਮੱਧ ਯੁਗ ਦੇ ਸਾਧਕਾਂ ਦੇ ਜੀਵਨ ਅਤੇ ਪਰਚੀ ਸਾਹਿੱਤ ਵਿਚ ਰੁਚੀ ਰਖਣ ਵਾਲੇ ਪਾਠਕ ਸਾਡੇ ਇਸ ਯਤਨ ਦਾ ਲਾਭ ਉਠਾਉਣਗੇ ।

**ਰਤਨ ਸਿੰਘ ਜੱਗੀ**
ਪ੍ਰੋਫੈਸਰ

## ਵਿਸ਼ੈ-ਸੂਚੀ


ਦੋ ਸ਼ਬਦ (ਵੀ.ਸੀ. ਸਾਹਿਬ ਵਲੋਂ) (v)

ਭੂਮਿਕਾ (vii)

**ਮੁੱਢਲੀ ਜਾਣ-ਪਛਾਣ** 1

ਰਚਨਾਕਾਲ 3

ਪ੍ਰੇਮ ਅੰਬੋਧ ਗ੍ਰੰਥ ਦਾ ਵਿਸ਼ਾ-ਵਸਤੂ 4

ਪ੍ਰੇਮ ਅੰਬੋਧ ਗ੍ਰੰਥ ਦੇ ਸਮੱਗਰੀ ਸ੍ਰੋਤ 5

(ੳ) ਸੰਤਾਂ ਦੀ ਬਾਣੀ ਵਿਚੋਂ 5

(ਅ) ਸਮਕਾਲੀਨ ਸੰਤਾਂ ਦੁਆਰਾ ਸੰਕੇਤਿਕ ਰੂਪ ਵਿਚ 5

(ੲ) ਸਮਕਾਲੀਨ ਇਤਿਹਾਸਕ ਗ੍ਰੰਥ 6

(ਸ) ਸੰਤਾਂ ਭਗਤਾਂ ਦੇ ਸ਼ਰਧਾਲੂਆਂ ਅਤੇ ਹੋਰ ਲੇਖਕਾਂ ਦੁਆਰਾ ਲਿਖੇ ਗ੍ਰੰਥ 6

1. ਅਨੰਤਦਾਸ ਦੁਆਰਾ ਲਿਖਤ ਪਰਚੀ ਸਾਹਿਤ 6
2. ਵਾਰਾਂ ਭਾਈ ਗੁਰਦਾਸ 6
3. ਭਗਤਮਾਲ-ਨਾਭਾ ਦਾਸ 6

(ੳ) ਇਤਿਹਾਸਕ ਸੰਤ ਭਗਤ ਜਾਂ ਮੱਧਯੁਗੀਨ ਸੰਤ ਭਗਤ 7

1. ਪਰਚੀ ਕਬੀਰ ਜੀ ਕੀ 7
2. ਪਰਚੀ ਧੰਨੇ ਜੀ ਕੀ 8
3. ਪਰਚੀ ਤ੍ਰਿਲੋਚਨ ਜੀ ਕੀ 8
4. ਪਰਚੀ ਨਾਮਦੇਵ ਜੀ ਕੀ 9
5. ਪਰਚੀ ਜੈ ਦੇਵ ਜੀ ਕੀ 10
6. ਪਰਚੀ ਰਵਿਦਾਸ ਜੀ ਕੀ 10
7. ਪਰਚੀ ਮੀਰਾਬਾਈ ਕੀ 11
8. ਪਰਚੀ ਕਰਮਾ ਬਾਈ ਕੀ 11
9. ਪਰਚੀ ਪੀਪੇ ਜੀ ਕੀ 12
10. ਪਰਚੀ ਸੈਨ ਜੀ ਕੀ 13
11. ਪਰਚੀ ਸਧਨੇ ਜੀ ਕੀ 13

(ਅ) ਪੌਰਾਣਿਕ ਭਗਤ

12. ਪਰਚੀ ਬਾਲਮੀਕ ਜੀ ਕੀ 14

13. ਪਰਚੀ ਸੁਖਦੇਵ ਜੀ ਕੀ 15
14. ਪਰਚੀ ਬਧਕ ਜੀ ਕੀ 15
15. ਪਰਚੀ ਧ੍ਰੂਅ ਜੀ ਕੀ 16
16. ਪਰਚੀ ਪ੍ਰਹਿਲਾਦ ਜੀ ਕੀ 17

ਦਾਰਸ਼ਨਿਕ ਵਿਚਾਰਧਾਰਾ 18

(ੳ) ਬ੍ਰਹਮ—ਸ੍ਰਿਸ਼ਟੀ ਰਚਨ ਤੋਂ ਪਹਿਲਾਂ ਬ੍ਰਹਮ ਦੀ ਅਵਸਥਾ—ਸਗੁਣ ਬ੍ਰਹਮ 18
(ਅ) ਆਤਮਾ—ਸੰਸਾਰ ਵਿਚ ਜੀਵ ਦੀ ਦਸ਼ਾ, ਜੀਵਾਤਮਾ ਦਾ ਦੁਬਾਰਾ ਪ੍ਰਭੂ ਮਿਲਣ 22
(ੲ) ਜਗਤ—ਜਗਤ ਸਤਿ ਹੈ—ਸੰਸਾਰ ਅਸਤਿ ਹੈ 24
(ਸ) ਮਾਇਆ 26
(ਹ) ਮੁਕਤੀ 27

ਭਗਤੀ ਦਾ ਵਿਹਾਰਕ ਪੱਖ 30

(ੳ) ਗਿਆਨ ਮਾਰਗ 30
(ਅ) ਕਰਮ ਮਾਰਗ 32
(ੲ) ਯੋਗ ਮਾਰਗ 34
(ਸ) ਭਗਤੀ ਮਾਰਗ 36

ਭਗਤੀ ਮਾਰਗ

ਪ੍ਰੇਮ ਦਾ ਸਰੂਪ 37
ਪ੍ਰੇਮ ਦੀ ਪ੍ਰਾਪਤੀ ਕਿਵੇਂ ਹੋਵੇ 37
ਪ੍ਰੇਮਾ-ਭਗਤੀ ਦੀ ਪ੍ਰਾਪਤੀ ਬਾਅਦ ਸਾਧਕ ਦੀ ਦਸ਼ਾ 38
ਪ੍ਰੇਮਾ-ਭਗਤੀ ਖੰਡੇ ਦੀ ਧਾਰ 39
ਪ੍ਰੇਮਾ-ਭਗਤੀ ਦੀ ਵਿਸ਼ੇਸ਼ਤਾ ਤੇ ਸ੍ਰੇਸ਼ਠਤਾ 39
ਪ੍ਰੇਮਾ-ਭਗਤੀ ਦਾ ਪ੍ਰਸ਼ੰਸਾ ਵਰਣਨ 39

ਭਗਤੀ ਦੇ ਜ਼ਰੂਰੀ ਸਾਧਨ 40

ਮਨੁੱਖੀ ਜੀਵਨ ਦੀ ਸ੍ਰੇਸ਼ਠਤਾ 41
ਅਧਿਆਤਮਕ ਵਿਸ਼ਵਾਸ 41
ਪ੍ਰਭੂ ਪ੍ਰੇਮ 41

ਭਗਤੀ ਦੇ ਸਹਾਇਕ ਸਾਧਨ 41

(1) ਸਤਿਗੁਰੂ 42
(2) ਸਾਧੂ ਸੰਗਤ 43

(3) ਨਾਮ ਸਿਮਰਣ 43
(4) ਸ੍ਰਵਨ, ਕੀਰਤਨ ਮਨਨ 44
(5) ਸਦਗੁਣਾਂ ਉੱਤੇ ਬਲ 44
ਭਗਤੀ ਫਲ ਦੀ ਪ੍ਰਾਪਤੀ 46
ਪ੍ਰੇਮ ਅੰਬੋਧ ਗ੍ਰੰਥ ਦਾ ਕਲਾ ਪੱਖ 46
1. ਭਾਸ਼ਾ : ਸੰਸਕ੍ਰਿਤ ਦੀ ਤਤਸਮ ਤੇ ਤਦਭਵ ਸ਼ਬਦਾਵਲੀ, ਪੰਜਾਬੀ ਸ਼ਬਦਾਵਲੀ, ਬ੍ਰਜ ਸ਼ਬਦਾਵਲੀ, ਵਿਦੇਸ਼ੀ-ਅਰਬੀ ਫ਼ਾਰਸੀ ਸ਼ਬਦਾ-ਵਲੀ, ਮੁਹਾਵਰੇ-ਅਖਾਣਾਂ 47
2. ਰਸ ਯੋਜਨਾ : ਸ਼ਾਂਤ ਰਸ, ਅਦਭੁਤ ਰਸ, ਭਿਆਨਕ ਰਸ 50
3. ਛੰਦ ਵਿਧਾਨ : ਦੋਹਰਾ, ਚੌਪਈ, ਸੋਰਠਾ, ਕਬਿੱਤ, ਝੂਲਣਾ 51
4. ਅਲੰਕਾਰ ਯੋਜਨਾ : ਛੇਕਾਨੁਪ੍ਰਾਸ, ਵ੍ਰਿਤਾਨੁਪ੍ਰਾਸ, ਯਮਕ, ਪੁਨਰ-ਉਕਤੀ, ਵੀਪਸਾ, ਉਪਮਾ, ਰੂਪਕ, ਉਲੇਖ, ਉਤਪ੍ਰੇਖਿਆ 53
5. ਪੌਰਾਣਿਕ ਸੰਦਰਭ : ਪੌਰਾਣਿਕ ਪ੍ਰਤੀਕ 55
6. ਪ੍ਰਤੀਕਾਤਮਕ ਸ਼ਬਦ 55
7. ਸ਼ੈਲੀ : ਵਿਆਖਿਆਤਮਕ ਸ਼ੈਲੀ, ਵਰਣਨਾਤਮਕ ਸ਼ੈਲੀ, ਦਾਰਸ਼-ਨਿਕ ਸ਼ੈਲੀ, ਪ੍ਰਸ਼ਨੋਤਰੀ ਸ਼ੈਲੀ, ਸੰਬੋਧਨ ਸ਼ੈਲੀ, 56
ਸੰਪਾਦਨ ਵਿਧੀ 58
**ਪ੍ਰੇਮ ਅੰਬੋਧ ਗ੍ਰੰਥ ਦਾ ਮੂਲ ਪਾਠ** 60
ਅੰਤਕਾ 1 : ਔਖੇ ਸ਼ਬਦਾਂ ਦੇ ਅਰਥ 229
ਅੰਤਕਾ 2 : ਗ੍ਰੰਥ ਵਿਚ ਆਏ ਇਤਿਹਾਸਕ/ਮਿਥਿਹਾਸਕ ਹਵਾਲੇ 239
ਅੰਤਕਾ 3 : ਸਹਾਇਕ ਗ੍ਰੰਥਾਵਲੀ 245

# ਮੁੱਢਲੀ ਜਾਣ-ਪਛਾਣ

ਆਦਿ ਕਾਲ ਤੋਂ ਸੰਤ, ਮਹਾਂਪੁਰਸ਼, ਰਿਸ਼ੀ, ਮੁਨੀ ਆਪਣੇ ਆਦਰਸ਼ਕ ਜੀਵਨ ਤੇ ਬਾਣੀ ਦੁਆਰਾ ਸਮੁੱਚੀ ਲੋਕਾਈ ਨੂੰ ਸੱਚੇ ਤੇ ਸਿੱਧੇ ਮਾਰਗ ਉੱਤੇ ਲਿਆਉਣ ਲਈ ਪ੍ਰੇਰਣਾ ਦਿੰਦੇ ਆ ਰਹੇ ਹਨ। ਇਨ੍ਹਾਂ ਮਹਾਂਪੁਰਸ਼ਾਂ, ਰਿਸ਼ੀਆਂ, ਮੁਨੀਆਂ ਨੇ ਭਗਤੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਅਤੇ ਆਦਰਸ਼ ਸਥਾਪਿਤ ਕੀਤੇ। ਜਨ-ਸਾਧਾਰਣ ਨੇ ਇਨ੍ਹਾਂ ਆਦਰਸ਼ਾਂ ਨੂੰ ਅਪਨਾ ਕੇ ਆਪਣਾ ਜੀਵਨ ਸਫਲ ਬਣਾਇਆ। ਮੱਧਕਾਲ ਵਿਚ ਭਗਤੀ ਦਾ ਪ੍ਰਚਾਰ ਤੇ ਪ੍ਰਸਾਰ ਬਹੁਤ ਜ਼ਿਆਦਾ ਹੋਇਆ। ਮੱਧਕਾਲ ਵਿਚ ਕਬੀਰ, ਗੁਰੂ ਨਾਨਕ, ਤੁਲਸੀ, ਰਵਿਦਾਸ, ਮੀਰਾਂਬਾਈ ਆਦਿ ਸੰਤਾਂ, ਮਹਾਂਪੁਰਸ਼ਾਂ, ਗੁਰੂਜਨਾਂ ਨੇ ਆਪਣੀ ਬਾਣੀ ਦੁਆਰਾ ਜਨ ਸਾਧਾਰਣ ਨੂੰ ਸੱਚ ਦਾ ਮਾਰਗ ਵਿਖਾਇਆ। ਉੱਚਾ ਅਤੇ ਸੁੱਚਾ ਜੀਵਨ ਬਤੀਤ ਕਰਨ ਲਈ ਪ੍ਰੇਰਿਆ। ਪਰਮਾਤਮਾ ਦੀ ਭਗਤੀ ਕਰਨ ਉੱਤੇ ਬਲ ਦਿੱਤਾ। ਇਨ੍ਹਾਂ ਸੰਤਾਂ ਮਹਾਂਪੁਰਖਾਂ, ਮਹਾਤਮਾਵਾਂ, ਗੁਰੂਜਨਾਂ ਦੇ ਮਹਾਨ ਵਿਅਕਤੀਤਵ, ਕਲਿਆਣਕਾਰੀ ਸੰਦੇਸ਼ਾਂ ਤੇ ਉਦਾਰ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਵਿਦਵਾਨ ਸੇਵਕਾਂ, ਚੇਲਿਆਂ, ਸ਼ਰਧਾਲੂਆਂ ਨੇ ਇਨ੍ਹਾਂ ਮਹਾਪੁਰਸ਼ਾਂ ਦੇ ਜੀਵਨ-ਚਰਿਤ ਲਿਖੇ ਜਿਨ੍ਹਾਂ ਵਿਚ ਇਨ੍ਹਾਂ ਦੇ ਚਰਿਤ-ਨਾਇਕਾਂ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਦਾ ਵਰਣਨ ਕੀਤਾ। ਲੇਖਕਾਂ ਦਾ ਮੁੱਖ ਉਦੇਸ਼ ਜਨ-ਸਾਧਾਰਣ ਨੂੰ ਭਗਤੀ ਲਈ ਪ੍ਰੇਰਣਾ ਦੇਣਾ ਸੀ। ਇਸ ਵਿਚ ਉਹ ਸਫਲ ਵੀ ਹੋਏ। ਇਨ੍ਹਾਂ ਜੀਵਨ-ਚਰਿਤਾਂ ਨੂੰ ਲੌਕਿਕ ਪੱਧਰ ਦੀ ਅਪੇਖਿਆ ਅਲੌਕਿਕ ਪੱਧਰ ਉੱਤੇ ਪ੍ਰਸਤੁਤ ਕੀਤਾ ਗਿਆ ਅਤੇ ਆਪਣੇ ਚਰਿਤ-ਨਾਇਕਾਂ ਦੀਆਂ ਅਧਿਆਤਮਕ ਅਤੇ ਧਾਰਮਕ ਪ੍ਰਾਪਤੀਆਂ ਦਾ ਚਮਤਕਾਰੀ ਢੰਗ ਨਾਲ ਵਰਣਨ ਕੀਤਾ। ਇਸ ਪ੍ਰਕ੍ਰਿਤੀ ਵਾਲੇ ਸਾਹਿਤ ਨੂੰ ਪਰਚੀ ਸਾਹਿਤ ਕਿਹਾ ਜਾਂਦਾ ਹੈ। ਇਸ ਪਰਚੀ ਕਾਵਿ ਰੂਪ ਨੇ ਪੰਜਾਬੀ ਸਾਹਿਤ ਨੂੰ ਹੋਰ ਜ਼ਿਆਦਾ ਭਰਪੂਰ ਅਤੇ ਅਮੀਰ ਬਣਾ ਦਿੱਤਾ।

'ਪਰਚੀ', 'ਪਰਿਚਈ', 'ਪਰਿਚੈ', 'ਪਰਚੈ' ਸੰਸਕ੍ਰਿਤ ਸ਼ਬਦ 'ਪਰਿਚਯ' ਦੇ ਤਦਭਵ ਰੂਪ ਹਨ ਜਿਸ ਦੇ ਅਰਥ ਹਨ : ਜਾਣ ਪਹਿਚਾਣ, ਜਾਣਕਾਰੀ ਦੇਣਾ ਆਦਿ। ਇਹ ਉਹ ਸਾਹਿਤ ਹੈ, ਜਿਸ ਵਿਚ ਇਨ੍ਹਾਂ ਸੰਤਾਂ ਮਹਾਂਪੁਰਖਾਂ ਦੇ ਜੀਵਨ ਬਾਰੇ ਪਰਿਚਯ ਜਾਂ ਜਾਣਕਾਰੀ ਦਿੱਤੀ ਹੁੰਦੀ ਹੈ। ਇਹ ਸਾਹਿਤ ਮੁੱਖ ਰੂਪ ਵਿਚ ਸਧੂਕੜੀ ਜਾਂ ਸਾਧ ਭਾਸ਼ਾ ਵਿਚ ਹੈ। ਕਵਿਤਾ ਅਤੇ ਵਾਰਤਕ ਦੋਵੇਂ ਰੂਪਾਂ ਵਿਚ ਪੰਜਾਬੀ ਵਿਚ ਪ੍ਰਾਪਤ ਹੁੰਦਾ ਹੈ।

ਪੰਜਾਬੀ ਵਿਚ ਪਰਚੀ ਸਾਹਿਤ ਬਹੁਤ ਮਾਤਰਾ ਵਿਚ ਪ੍ਰਾਪਤ ਹੁੰਦਾ ਹੈ। ਇਹ ਤਿੰਨ ਰੂਪਾਂ ਵਿਚ ਕਵਿਤਾ, ਗੱਦ ਅਤੇ ਭਾਵ-ਅਨੁਵਾਦ ਅਰਥਾਤ ਕੁਝ ਪਰਚੀਆਂ ਹਿੰਦੀ ਤੋਂ ਪੰਜਾਬੀ ਵਿਚ ਭਾਵ-ਅਨੁਵਾਦ ਹੋਈਆਂ ਹਨ, ਵਿਚ ਮਿਲਦਾ ਹੈ। ਕਵਿਤਾ ਵਿਚ 'ਪਰਚੀ ਬਾਬਾ ਹੰਦਾਲ ਜੀ ਕੀ' ਕ੍ਰਿਤ ਭਾਈ ਬਿਧੀ ਚੰਦ, 'ਪਰਚੀ ਭਾਈ ਸੇਵਾ ਰਾਮ ਜੀ ਕੀ'

ਕ੍ਰਿਤ ਭਾਈ ਸਹਿਜ ਰਾਮ, 'ਪਰਚੀ ਭਾਈ ਅੱਡਣ ਸ਼ਾਹ ਜੀ ਕੀ' ਕ੍ਰਿਤ ਭਾਈ ਸਹਿਜ ਰਾਮ, 'ਪੋਥੀ ਹਰਜਿਸ ਜੀ ਕੀ', ਵਿਚ ਸੰਕਲਿਤ 30 ਪਰਚੀਆਂ ਕ੍ਰਿਤ ਭਾਈ ਦਰਬਾਰੀ ਦਾਸ, 'ਪਰਚੀ ਰਾਬਿਆ ਜੀ ਕੀ', 'ਪਰਚੀ ਅਵੈਸ ਕਰਨੀ ਜੀ ਕੀ', 'ਪਰਚੀ ਫੁਜ਼ੈਲ ਜੀ ਕੀ', 'ਪਰਚੀ ਮਨਸੂਰ ਜੀ ਕੀ', ਕ੍ਰਿਤ, ਅਗਿਆਤ ਕਵੀ 'ਪਰਚੀ ਨਾਮਦੇਵ ਜੀ ਕੀ' ਅਤੇ 'ਪਰਚੀ ਰਵਿਦਾਸ ਜੀ ਕੀ' ਕ੍ਰਿਤ ਬਾਬਾ ਰਾਮ ਦਾਸ, ਗੱਦ ਵਿਚ 'ਪਰਚੀ ਪਾਤਿਸਾਹੀ ਦਸਵੀਂ ਕੀ' ਕ੍ਰਿਤ ਸੇਵਾ ਦਾਸ ਉਦਾਸੀ, 'ਪਰਚੀ ਭਾਈ ਕਨ੍ਹਈਆ ਜੀ ਕੀ' ਕ੍ਰਿਤ ਭਾਈ ਸਹਿਜ ਰਾਮ, 'ਪਰਚੀ ਮਹਾਂਸੁੰਦਰ ਸਚਿਆਰ ਜੀ ਕੀ' ਕ੍ਰਿਤ ਅਗਿਆਤ ਕਵੀ ਅਤੇ ਹਿੰਦੀ ਤੋਂ ਪੰਜਾਬੀ ਵਿਚ ਭਾਵ-ਅਨੁਵਾਦ ਪਰਚੀਆਂ ਜਿਵੇਂ 'ਪਰਚੀ ਕਬੀਰ ਜੀ ਕੀ' ਕ੍ਰਿਤ ਅਨੰਤਦਾਸ, 'ਪਰਚੀ ਦਾਦੂ ਦਯਾਲ ਜੀ ਕੀ' ਕ੍ਰਿਤ ਜਨਗੋਪਾਲ ਆਦਿ ਪ੍ਰਾਪਤ ਹੁੰਦੀਆਂ ਹਨ। ਇਸ ਪਰਚੀ ਸਾਹਿਤ ਦਾ ਅਮੋਲਕ ਅਤੇ ਮਹੱਤਵਪੂਰਨ ਗ੍ਰੰਥ 'ਪ੍ਰੇਮ ਅੰਬੋਧ' ਹੈ ਜਿਸ ਬਾਰੇ ਅਗਲੇ ਪੰਨਿਆਂ ਵਿਚ ਵਿਸਤ੍ਰਿਤ ਵਿਚਾਰ ਕੀਤਾ ਜਾਵੇਗਾ।

ਪੰਜਾਬੀ ਵਿਚ ਭਗਤੀ ਸਾਹਿਤ ਦਾ ਇਹ ਮਹੱਤਵਪੂਰਣ ਗ੍ਰੰਥ 'ਪ੍ਰੇਮ ਅੰਬੋਧ' ਸੰਮਤ 1750 ਦਾ ਲਿਖਿਆ ਹੋਇਆ ਪ੍ਰਾਪਤ ਹੁੰਦਾ ਹੈ। ਇਸ ਗ੍ਰੰਥ ਦੀਆਂ ਲਗਭਗ 33 ਹੱਥ-ਲਿਖਤ ਪ੍ਰਤੀਆਂ ਪੰਜਾਬ ਦੀਆਂ ਵੱਖ ਵੱਖ ਲਾਇਬ੍ਰੇਰੀਆਂ, ਸੰਤਾਂ ਮਹੰਤਾਂ ਦੇ ਡੇਰਿਆਂ, ਮੱਠਾਂ, ਵਿਦਵਾਨਾਂ ਦੇ ਪਾਸ ਸੁਰੱਖਿਅਤ ਹਨ। ਇਹ 'ਪ੍ਰੇਮ ਅੰਬੋਧ' ਗ੍ਰੰਥ 'ਪਰਚੀਆਂ ਪ੍ਰੇਮ ਭਗਤਾਂ ਕੀਆਂ' ਦੇ ਨਾਂ ਨਾਲ ਵੀ ਪ੍ਰਸਿੱਧ ਹੈ।

**ਲੇਖਕ :**

'ਪ੍ਰੇਮ ਅੰਬੋਧ' ਗ੍ਰੰਥ ਦੇ ਲੇਖਕ ਨੇ ਗ੍ਰੰਥ ਵਿਚ ਆਪਣਾ ਨਾਂ ਸਪਸ਼ਟ ਰੂਪ ਵਿਚ ਨਹੀਂ ਦਿੱਤਾ, ਜਿਸ ਕਾਰਣ ਇਸ ਦੇ ਕ੍ਰਿਤਿਤਵ ਬਾਰੇ ਵਿਦਵਾਨਾਂ ਵਿਚ ਅਜੇ ਤਾਈਂ ਮਤਭੇਦ ਚਲਿਆ ਆਉਂਦਾ ਹੈ।

ਵਿਦਵਾਨਾਂ ਦਾ ਇਕ ਵਰਗ ਇਸ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਮੰਨਦਾ ਹੈ, ਕਿਉਂਕਿ ਇਸ ਗ੍ਰੰਥ ਦੀਆਂ ਕੁਝ ਕੁ ਪ੍ਰਤੀਆਂ ਦੇ ਸ਼ੁਰੂ ਵਿਚ 'ਪਾਤਸ਼ਾਹੀ 10' ਜਾਂ 'ਮਹਲਾ-10' ਲਿਖਿਆ ਹੋਇਆ ਹੈ ਜਿਸ ਤੋਂ ਕੁਝ ਵਿਦਵਾਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਗ੍ਰੰਥ ਦਾ ਕਰਤਾ ਮੰਨ ਲਿਆ ਹੈ। ਪਰ ਇਹ ਰਚਨਾ ਗੁਰੂ ਸਾਹਿਬ ਦੁਆਰਾ ਰਚਿਤ ਸਿੱਧ ਨਹੀਂ ਹੁੰਦੀ, ਕਿਉਂਕਿ ਗੁਰੂ ਗੋਬਿੰਦ ਸਿੰਘ ਬਾਰੇ ਹੋਈ ਖੋਜ ਅਤੇ ਇਸ ਗ੍ਰੰਥ ਦੀਆਂ ਪ੍ਰਾਚੀਨ ਨਕਲਾਂ ਇਸ ਬਾਰੇ ਚੁੱਪ ਹਨ, ਨਾਲੇ ਇਹ ਸਾਰੀ ਰਚਨਾ ਉਹਨਾਂ ਦੀ ਸ਼ੈਲੀ ਤੇ ਬੋਲੀ ਨਾਲ ਵੀ ਮੇਲ ਨਹੀਂ ਖਾਂਦੀ। ਲਿਖਾਰੀਆਂ ਨੇ ਇਸ ਰਚਨਾ ਨੂੰ ਲੋਕ-ਪ੍ਰਿਯ ਤੇ ਪ੍ਰਮਾਣਿਕ ਸਿੱਧ ਕਰਨ ਲਈ ਇਸ ਦਾ ਸਬੰਧ ਗੁਰੂ ਗੋਬਿੰਦ ਸਿੰਘ ਨਾਲ ਜੋੜਨ ਦਾ ਸੁਚੇਤ ਯਤਨ ਕੀਤਾ ਤੇ ਇਹ ਯਤਨ ਕਾਫੀ ਹੱਦ ਤਕ ਕਾਮਯਾਬ ਵੀ ਰਿਹਾ, ਪਰ ਇਹ ਰਚਨਾ ਗੁਰੂ ਸਾਹਿਬ ਦੀ ਨਹੀਂ ਹੈ।

ਕੁਝ ਵਿਦਵਾਨ ਇਸ ਗ੍ਰੰਥ ਨੂੰ 'ਹਰਿਦਾਸ' ਦੀ ਰਚਨਾ ਮੰਨਦੇ ਹਨ, ਇਹ ਹਰੀਦਾਸ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਲਿਖਾਰੀ ਦਾ ਕੰਮ ਕਰਦਾ ਸੀ। ਇਸ ਦਾ ਆਧਾਰ ਉਹਨਾਂ ਨੇ ਇਕ ਪ੍ਰਕਾਸ਼ਿਤ ਪ੍ਰਤੀ ਦਾ ਬਣਾਇਆ ਹੈ ਜਿਸ ਵਿਚ ਨਿਮਨ ਲਿਖਤ ਦੋਹਰਾ

'ਬਧਕ ਕੀ ਪਰਚੀ' ਦੇ ਅੰਤ ਵਿਚ ਲਿਖਿਆ ਹੋਇਆ ਹੈ :

ਪੜੇ ਗੁੜੇ ਜੋ ਹਿਤ ਕਰੇ, ਮਨ ਮਹਿ ਕਰੇ ਬਖਿਆਨ ॥
ਤਿਨ ਸੰਤਨ ਕੇ ਚਰਣ ਪਰ ਹਰਿਦਾਸ ਕੁਰਬਾਨ ॥

ਪਰ ਇਹ ਦੋਹਰਾ ਕੇਵਲ ਦੋ ਹੋਰ ਹੱਥ-ਲਿਖਤਾਂ ਤੋਂ ਬਿਨਾਂ ਬਾਕੀ 31 ਪ੍ਰਾਪਤ ਹੱਥ ਲਿਖਤਾਂ ਵਿਚ ਅੰਕਿਤ ਹੋਇਆ ਨਹੀਂ ਮਿਲਦਾ ਹੈ। ਇੰਞ ਪ੍ਰਤੀਤ ਹੁੰਦਾ ਹੈ ਕਿ ਕਿਸੇ ਪ੍ਰਤਿ-ਲਿਪੀਕਾਰ ਨੇ ਆਪਣੇ ਕੋਲੋਂ ਲਿਖ ਦਿਤਾ। ਇਸ ਲਈ ਇਸ ਗ੍ਰੰਥ ਦਾ ਲੇਖਕ 'ਹਰਿਦਾਸ' ਨੂੰ ਮੰਨਣਾ ਤਰਕ-ਸੰਗਤ ਨਹੀਂ ਹੈ।

'ਪ੍ਰੇਮ ਅੰਬੋਧ' ਗ੍ਰੰਥ ਦੀਆਂ ਪ੍ਰਾਪਤ ਪ੍ਰਤੀਆਂ ਦੇ ਆਲੋਚਨਾਤਮਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਰਚਨਾ 'ਕੇਵਲ ਦਾਸ' ਦੀ ਹੈ ਜਿਸ ਨੇ ਇਸ ਗ੍ਰੰਥ ਦੀ ਰਚਨਾ ਕਰਦਿਆਂ ਕਿਧਰੇ ਲੁਕਵੇਂ ਰੂਪ ਵਿਚ ਅਤੇ ਕਿਧਰੇ ਸਪਸ਼ਟ ਰੂਪ ਵਿਚ ਆਪਣਾ ਨਾਂ ਦੇ ਦਿੱਤਾ ਹੈ। ਇਸ ਗ੍ਰੰਥ ਦੀਆਂ ਪ੍ਰਾਪਤ ਸਾਰੀਆਂ ਪ੍ਰਤੀਆਂ ਵਿਚ 'ਕੇਵਲ', 'ਕੇਵਲ ਦਾਸ' ਤੇ 'ਦਾਸ' ਪਦ ਆਇਆ ਹੈ ਜੋ ਕੇਵਲ ਦਾਸ ਵਲ ਸੰਕੇਤ ਕਰਦਾ ਹੈ। ਕੁਝ ਉਦਾਹਰਣਾ ਦੇਖੋ :

ਜੀਵਾਇ ਗਊ ਤਹ ਠਾਢੀ ਕਰੀ ॥
ਸ੍ਰੀ ਨਾਰਾਇਣ **ਕੇਵਲ** ਹਰੀ ॥

(ਪ੍ਰੇਮ ਅੰਬੋਧ-38/ )

ਹਾਨ ਲਾਭ ਸੰਤਨ ਕੇ ਨਾਹੀ ਵਰਤਹਿ ਸਹਜਿ ਸੁਭਾਇ ॥
ਜੀਵਨ ਮੁਕਤ ਬਿਰਾਜਈ **ਕੇਵਲ ਦਾਸ** ਸੁਹਾਇ ॥

(ਪ੍ਰੇਮ ਅੰਬੋਧ-58/1/16)

ਪੋਥੀ ਪੂਰਣ ਸਤਿਗੁਰ ਕਰੀ ॥
**ਦਾਸ** ਦੁਆਰੇ ਪੂਰੀ ਪਰੀ ॥

(ਪ੍ਰੇਮ ਅਬੋਧ-61/16)

ਉਪਰੋਕਤ ਤੋਂ ਸਵੈ-ਸਪਸ਼ਟ ਹੈ ਕਿ ਇਸ ਗ੍ਰੰਥ ਦਾ ਲੇਖਕ 'ਕੇਵਲ ਦਾਸ' ਹੈ। ਕੇਵਲ ਦਾਸ ਦੀ ਸਿਰਫ਼ ਇਹ ਰਚਨਾ 'ਪ੍ਰੇਮ ਅੰਬੋਧ' ਗ੍ਰੰਥ ਪ੍ਰਾਪਤ ਹੁੰਦੀ ਹੈ। ਇਹ ਵੀ ਸੰਭਵ ਹੈ ਕਿ ਉਸ ਨੇ ਇਹ ਭਗਤੀ-ਪਰਕ ਰਚਨਾ ਪ੍ਰੌਢ-ਅਵਸਥਾ ਵਿਚ ਲਿਖੀ ਹੋਈ ਹੋਵੇ। ਇਉਂ ਉਸ ਦਾ ਜੀਵਨ-ਕਾਲ ਲਗਭਗ 1700 ਤੋਂ 1760 ਤਕ ਕਲਪਿਆ ਜਾ ਸਕਦਾ ਹੈ। ਕੇਵਲ ਦਾਸ ਗੁਰੂ ਗੋਬਿੰਦ ਸਿੰਘ ਦਾ ਸਮਕਾਲੀ ਸੀ। ਇਹ ਵੀ ਸੰਭਵ ਹੈ ਕਿ ਉਸ ਨੇ ਭਗਤੀ ਦੀ ਮਹਾਨਤਾ ਦਰਸਾਉਣ ਲਈ ਸ੍ਰੀ ਕਲਗੀਧਰ ਦੇ ਦਰਬਾਰ ਵਿਚ ਰਹਿੰਦਿਆਂ ਇਸ ਦੀ ਰਚਨਾ ਕੀਤੀ ਹੋਵੇ।

**ਰਚਨਾ-ਕਾਲ**

ਕਵੀ ਨੇ ਗ੍ਰੰਥ ਵਿਚ ਰਚਨਾ-ਕਾਲ ਇਉਂ ਦਰਸਾਇਆ ਹੈ :

ਸੰਬਤ ਸਤਰਹ ਸੈ ਪੰਚਾਸ ॥
ਸੁਕਲ ਇਕਾਦਸੀ ਮਗਸਰ ਮਾਸ ॥

ਪੱਥੀ ਪੂਰਣ ਸਤਿਗੁਰ ਕਰੀ ॥
ਦਾਸ ਦੁਆਰੈ ਪੂਰੀ ਪਰੀ ॥

(ਪ੍ਰੇਮ ਅੰਬੋਧ 61/16)

ਭਾਵ ਉਸ ਨੇ ਇਹ ਰਚਨਾ ਸੰਮਤ 1750 ਵਿਚ ਮਾਘ ਮਹੀਨੇ ਦੀ ਇਕਾਦਸ਼ੀ ਨੂੰ ਸ਼ੁਕਲ ਪੱਖ ਵਿਚ ਸੰਪੂਰਨ ਕੀਤੀ।

ਆਪਣੇ ਵਿਸ਼ੇ ਤੇ ਭਗਤਾਂ ਦੀਆਂ ਜੀਵਨੀਆਂ ਪੇਸ਼ ਕਰਨ ਵਾਲਾ ਇਹ ਗ੍ਰੰਥ ਕਾਫ਼ੀ ਲੋਕ-ਪ੍ਰਿਯ ਰਿਹਾ ਜਿਸ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਦੀਆਂ ਸਭ ਤੋਂ ਵੱਧ ਹੱਥ-ਲਿਖਤ ਪ੍ਰਤੀਆਂ ਉਪਲਬਧ ਹਨ। ਇਸ ਵਿਚ ਸੰਤਾਂ-ਭਗਤਾਂ ਦੀ ਮਹਿਮਾ, ਪ੍ਰਭੂ ਪ੍ਰਾਪਤੀ ਦਾ ਸਹਿਜ ਮਾਰਗ ਅਤੇ ਹੋਰ ਵਿਸ਼ੇਸ਼ਤਾਵਾਂ ਨੇ ਇਸ ਗ੍ਰੰਥ ਨੂੰ ਆਪਣੇ ਸਮੇਂ ਦਾ ਸ੍ਰੇਸ਼ਟ ਧਾਰਮਿਕ ਅਤੇ ਸਾਹਿਤਕ ਗ੍ਰੰਥ ਬਣਾ ਦਿਤਾ।

**'ਪ੍ਰੇਮ ਅੰਬੋਧ' ਗ੍ਰੰਥ ਦਾ ਵਿਸ਼ਾ-ਵਸਤੂ**

'ਪ੍ਰੇਮ ਅੰਬੋਧ' ਗ੍ਰੰਥ ਇਕ ਵੱਡ-ਅਕਾਰੀ ਰਚਨਾ ਹੈ। ਇਸ ਵਿਚ ਕਵੀ ਨੇ ਧਰਮ, ਦਰਸ਼ਨ, ਭਗਤੀ ਆਦਿ ਵਿਸ਼ਿਆਂ ਉੱਤੇ ਪ੍ਰਕਾਸ਼ ਪਾਇਆ ਹੈ। ਇਸ ਦਾ ਮੂਲ ਵਿਸ਼ਾ-ਵਸਤੂ ਮੱਧਯੁਗੀਨ ਅਤੇ ਪੌਰਾਣਿਕ ਸੰਤਾਂ-ਭਗਤਾਂ ਦੇ ਅਲੌਕਿਕ ਜੀਵਨ-ਚਰਿਤ ਨੂੰ ਬਿਆਨ ਕਰਨਾ ਹੈ। ਇਹੀ ਕਾਰਨ ਹੈ ਕਿ ਕਵੀ ਨੇ ਇਸ ਵਿਚ ਭਿੰਨ ਭਿੰਨ ਯੁੱਗਾਂ ਦੇ ਵਿਚ ਹੋਏ ਸੰਤਾਂ-ਭਗਤਾਂ ਦੇ ਦੈਵੀ ਜੀਵਨ ਨੂੰ ਆਧਾਰ ਬਣਾ ਕੇ 16 ਪਰਚੀਆਂ ਦੀ ਰਚਨਾ ਕੀਤੀ ਹੈ- ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :

1. ਪਰਚੀ ਕਬੀਰ ਜੀ ਕੀ
2. ਪਰਚੀ ਧੰਨੇ ਜੀ ਕੀ
3. ਪਰਚੀ ਤ੍ਰਿਲੋਚਨ ਜੀ ਕੀ
4. ਪਰਚੀ ਨਾਮਦੇਵ ਜੀ ਕੀ
5. ਪਰਚੀ ਜੈਦੇਵ ਜੀ ਕੀ
6. ਪਰਚੀ ਰਵਿਦਾਸ ਜੀ ਕੀ
7. ਪਰਚੀ ਮੀਰਾਬਾਈ ਕੀ
8. ਪਰਚੀ ਕਰਮਾਬਾਈ ਕੀ
9. ਪਰਚੀ ਪੀਪੇ ਜੀ ਕੀ
10. ਪਰਚੀ ਸੈਣ ਜੀ ਕੀ
11. ਪਰਚੀ ਸਧਨੇ ਜੀ ਕੀ
12. ਪਰਚੀ ਬਾਲਮੀਕ ਜੀ ਕੀ
13. ਪਰਚੀ ਸੁਖਦੇਵ ਜੀ ਕੀ
14. ਪਰਚੀ ਬਧਕ ਜੀ ਕੀ
15. ਪਰਚੀ ਧ੍ਰੂਅ ਜੀ ਕੀ
16. ਪਰਚੀ ਪਹਿਲਾਦ ਜੀ ਕੀ

ਇਹਨਾਂ ਪਰਚੀਆਂ ਦੇ ਸ਼ੁਰੂ ਵਿਚ ਕਵੀ ਨੇ 18 ਦੋਹਰੇ-ਚੌਪਈਆਂ ਵਿਚ ਪ੍ਰੇਮਾ-ਭਗਤੀ ਦਾ ਬੜੇ ਸੁੰਦਰ ਰੂਪ ਵਿਚ ਨਿਰੂਪਣ ਕੀਤਾ ਹੈ।

**'ਪ੍ਰੇਮ ਅੰਬੋਧ' ਗ੍ਰੰਥ ਦੇ ਸਮੱਗਰੀ ਸ੍ਰੋਤ**

'ਪ੍ਰੇਮ ਅੰਬੋਧ' ਗ੍ਰੰਥ ਦੇ ਅਧਿਐਨ ਤੋਂ ਸਵੈ-ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਨੇ ਭਾਰਤੀ ਸਾਹਿਤ ਤੇ ਸ਼ਾਸਤਰੀ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਸੀ ਅਤੇ ਪ੍ਰੇਰਣਾ ਲਈ ਸੀ। ਉਸਨੇ ਆਪਣੀ ਇਸ ਉਚੇਰੀ ਰਚਨਾ ਵਿਚ ਅੰਕਿਤ ਸੰਤਾਂ-ਭਗਤਾਂ ਦੇ ਜੀਵਨ-ਚਰਿਤ ਲਿਖਣ ਲਈ ਪ੍ਰਾਪਤ ਸਮੱਗਰੀ ਦਾ ਪੂਰਾ ਲਾਭ ਉਠਾਇਆ ਤੇ ਸੰਤਾਂ-ਭਗਤਾਂ ਦੇ ਜੀਵਨ ਸੰਬੰਧੀ ਇਕ ਉੱਤਮ ਗ੍ਰੰਥ ਰਚਿਆ। ਇਸ ਲਈ ਗ੍ਰੰਥ ਵਿਚ ਵਰਣਿਤ ਸੰਤਾਂ ਭਗਤਾਂ ਦੀਆਂ ਜੀਵਨ ਘਟਨਾਵਾਂ ਬਾਰੇ ਉਲੇਖ ਕਰਨ ਤੋਂ ਪਹਿਲਾਂ ਇਸ ਗ੍ਰੰਥ ਤੋਂ ਪੂਰਬ ਰਚਿਤ ਸੰਤਾਂ-ਭਗਤਾਂ ਦੇ ਜੀਵਨ ਸਬੰਧੀ ਪ੍ਰਾਪਤ ਸਮੱਗਰੀ-ਸ੍ਰੋਤ ਬਾਰੇ ਵਿਚਾਰ ਕਰਨਾ ਅਣਉਚਿਤ ਨਹੀਂ ਹੋਵੇਗਾ। ਇਹ ਸਮੱਗਰੀ-ਸ੍ਰੋਤ ਆਮ ਤੌਰ ਤੇ ਚਾਰ ਰੂਪਾਂ ਵਿਚ ਪ੍ਰਾਪਤ ਹੁੰਦੇ ਹਨ :

(ੳ) **ਸੰਤਾਂ ਦੀ ਬਾਣੀ ਵਿਚੋਂ;**
(ਅ) **ਸਮਕਾਲੀਨ ਸੰਤਾਂ ਦੁਆਰਾ ਸੰਕੇਤਿਕ ਰੂਪ ਵਿਚ ;**
(ੲ) **ਸਮਕਾਲੀਨ ਇਤਿਹਾਸਕ ਗ੍ਰੰਥ ;**
(ਸ) ਸੰਤਾਂ ਭਗਤਾਂ ਦੇ ਸ਼ਰਧਾਲੂਆਂ ਅਤੇ ਹੋਰ ਲੇਖਕਾਂ ਦੁਆਰਾ ਲਿਖੇ ਗ੍ਰੰਥ;

**(ੳ) ਸੰਤਾਂ ਦੀ ਬਾਣੀ ਵਿਚੋਂ**

ਸੰਤਾਂ ਦੀ ਜੀਵਨੀ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਦਾ ਸਭ ਤੋਂ ਜਿਆਦਾ ਨੇੜੇ ਦਾ ਸ੍ਰੋਤ ਉਹਨਾਂ ਦੀ ਆਪਣੀ ਬਾਣੀ ਵਿਚੋਂ ਮਿਲਣ ਵਾਲੇ ਜੀਵਨ ਸਬੰਧੀ ਹਵਾਲੇ ਜਾਂ ਬਿਰਤਾਂਤ ਹਨ। ਬੇਸ਼ਕ ਸੰਤਾਂ ਨੇ ਆਪਣੇ ਜੀਵਨ ਬਾਰੇ ਪਰਿਚਯ ਦੇਣ ਤੋਂ ਸੰਕੋਚ ਕੀਤਾ ਹੈ ਪਰ ਫਿਰ ਵੀ ਕਈ ਥਾਂਈਂ ਉਹਨਾਂ ਦੀ ਬਾਣੀ ਵਿਚ ਉਹਨਾਂ ਦੇ ਜੀਵਨ ਨਾਲ ਸਬੰਧਿਤ ਘਟਨਾਵਾਂ/ਤੱਥਾਂ ਦਾ ਵਰਣਨ ਮਿਲ ਹੀ ਜਾਂਦਾ ਹੈ ਜੋ ਉਹਨਾਂ ਦੇ ਜੀਵਨ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ- ਜਿਵੇਂ ਕਬੀਰ ਜੀ ਦੀ ਬਾਣੀ ਵਿਚ ਉਹਨਾਂ ਦੀ ਜਾਤ, ਜਨਮ ਸਥਾਨ, ਸਿਕੰਦਰ ਲੋਧੀ ਦੁਆਰਾ ਤੰਗ ਕਰਨ ਬਾਰੇ ਜਿਵੇਂ ਇਹਨਾਂ ਨੂੰ ਹਾਥੀ ਨਾਲ ਕੁਚਲਣ ਅਤੇ ਜ਼ੰਜੀਰਾਂ ਨਾਲ ਬੰਨ ਕੇ ਗੰਗਾ ਵਿਚ ਡੋਬਣ ਬਾਰੇ ਉਲੇਖ ਹੋਇਆ ਮਿਲਦਾ ਹੈ, ਆਦਿ।

**(ਅ) ਸਮਕਾਲੀਨ ਸੰਤਾਂ ਦੁਆਰਾ ਸੰਕੇਤਕ ਰੂਪ ਵਿਚ**

ਸੰਤਾਂ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਵਿਚ ਆਪਣੇ ਸਮਕਾਲੀਨ ਜਾਂ ਪੂਰਬ-ਵਰਤੀ ਸੰਤਾਂ-ਭਗਤਾਂ ਦੇ ਜੀਵਨ ਸਬੰਧੀ ਹਵਾਲੇ ਦਿਤੇ ਹਨ ਜਾਂ ਘਟਨਾਵਾਂ ਦਾ ਵਰਣਨ ਕੀਤਾ ਹੈ ਜਿਵੇਂ ਕਬੀਰ ਨੇ ਜੈਦੇਵ ਉੱਤੇ ਪ੍ਰਭੂ ਦੀ ਕ੍ਰਿਪਾ ਦਾ, ਗੁਰੂ ਅਮਰਦਾਸ ਨੇ ਆਪਣੀ ਬਾਣੀ ਵਿਚ ਸੈਨ ਅਤੇ ਧੰਨੇ ਭਗਤ ਦੀ ਭਗਤੀ-ਸਾਧਨਾ ਦਾ ਆਦਿ। ਬੇਸ਼ਕ ਇਹ ਤੱਥ ਸੰਕੇਤ-ਮਾਤਰ ਹਨ ਫਿਰ ਵੀ ਸੰਤਾਂ ਦੇ ਜੀਵਨ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਵਿਚ ਨੇੜੇ ਦੇ ਸ੍ਰੋਤ ਹਨ।

(ੲ) **ਸਮਕਾਲੀਨ ਇਤਿਹਾਸਕ ਗ੍ਰੰਥ**

ਸੰਤਾਂ ਦੀ ਜੀਵਨੀਆਂ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਦਾ ਤੀਜਾ ਸ੍ਰੋਤ ਸਮਕਾਲੀਨ ਇਤਿਹਾਸਕ ਗ੍ਰੰਥਾਂ ਵਿਚ ਮਿਲਣ ਵਾਲੇ ਸੰਕੇਤ ਹਨ। ਜਿਵੇਂ-ਕਬੀਰ ਸਬੰਧੀ ਸਭ ਤੋਂ ਪਹਿਲਾਂ ਉਲੇਖ ਅਬੁਲ ਫਜ਼ਲ ਦੀ 'ਆਈਨ-ਏ-ਅਕਬਰੀ' (ਸੰਮਤ 1655) ਵਿਚ ਮਿਲਦਾ ਹੈ ਜਿੱਥੇ ਇਹਨਾਂ ਨੂੰ 'ਮੁਵਾਹਿਦ' ਵ ਅਦ੍ਵੈਤਵਾਦੀ ਕਿਹਾ ਗਿਆ ਹੈ, ਇਹਨਾਂ ਦੀ ਪੁਰੀ ਅਤੇ ਰਤਨਪੁਰ (ਸੂਬਾ ਅਵਧ) ਵਿਚ ਨਿਰਮਤ ਦੋ ਮਜ਼ਾਰਾਂ ਦੀ ਵੀ ਚਰਚਾ ਕੀਤੀ ਗਈ ਹੈ। ਇਸੀ ਪ੍ਰਕਾਰ ਇਤਿਹਾਸਕ ਗ੍ਰੰਥ 'ਦਾਬਿਸਤਾਨ-ਏ-ਮਜਾਹਿਬ' (ਸੰਮਤ 1702 ਵਿਚ) ਕਬੀਰ ਦੇ ਜੁਲਾਹੇ ਹੋਣ ਅਤੇ ਰਾਮਾਨੰਦ ਦਾ ਚੇਲਾ ਬਣਨ ਦਾ ਉਲੇਖ ਮਿਲਦਾ ਹੈ।

(ਸ) **ਸੰਤਾਂ-ਭਗਤਾਂ ਦੇ ਸ਼ਰਧਾਲੂਆਂ ਅਤੇ ਹੋਰ ਲੇਖਕਾਂ ਦੁਆਰਾ ਲਿਖੇ ਗ੍ਰੰਥ**

'ਪ੍ਰੇਮ ਅੰਬੋਧ' ਗ੍ਰੰਥ ਪੂਰਬ ਨਿਮਨ-ਲਿਖਤ ਕੁਝ ਕੁ ਜੀਵਨੀਮੂਲਕ ਪ੍ਰਸਿੱਧ ਸ੍ਰੋਤ ਗ੍ਰੰਥ ਪ੍ਰਾਪਤ ਹੁੰਦੇ ਹਨ :

(1) **ਅਨੰਤਦਾਸ ਦੁਆਰਾ ਲਿਖਤ ਪਰਚੀ ਸਾਹਿਤ** (ਰਚਨਾ ਕਾਲ ਸੰ: 1645)
(2) **ਵਾਰਾਂ-ਭਾਈ ਗੁਰਦਾਸ** (ਰਚਨਾ ਕਾਲ ਸੰ: 1694)
(3) **ਭਗਤ ਮਾਲਾ-ਨਾਭਾ ਦਾਸ** (ਰਚਨਾ ਕਾਲ ਸੰ: 1715)

(1) **ਅਨੰਤਦਾਸ ਦੁਆਰਾ ਲਿਖਤ ਪਰਚੀ ਸ਼ਾਹਿਤ**

ਕਵੀ ਅਨੰਤਦਾਸ ਨੇ ਸੰਮਤ 16 +5 ਵਿਚ 7 ਸੰਤਾਂ ਭਗਤਾਂ-ਤ੍ਰਿਲੋਚਨ, ਨਾਮਦੇਵ, ਧੰਨਾ, ਰੰਕਾ-ਬੰਕਾ, ਕਬੀਰ, ਰਵਿਦਾਸ, ਪੀਪਾ ਬਾਰੇ ਪਰਚੀਆਂ ਲਿਖੀਆਂ ਹਨ। ਜਿਨ੍ਹਾਂ ਵਿਚ ਸੰਤਾਂ-ਭਗਤਾਂ ਦੇ ਜੀਵਨ ਸੰਬਧੀ ਵਿਸ਼ੇਸ਼ ਘਟਨਾਵਾਂ, ਧਰਮਗਤ ਪ੍ਰਾਪਤੀਆਂ ਅਲੌਕਿਕ-ਪੂਰਣ ਘਟਨਾਵਾਂ ਦਾ ਮਨਮੋਹਕ ਰੂਪ ਵਿਚ ਵਰਣਨ ਹੋਇਆ ਮਿਲਦਾ ਹੈ।

(2) **ਵਾਰਾਂ ਭਾਈ ਗੁਰਦਾਸ**

ਭਾਈ ਗੁਰਦਾਸ ਨੇ 39 ਵਾਰਾਂ ਠੇਠ ਪੰਜਾਬੀ ਵਿਚ, 675 ਕਬਿੱਤ ਸਵੈਯੇ ਬ੍ਰਜ ਭਾਸ਼ਾ ਵਿਚ ਤੇ ਕੁਝ ਕੁ ਸੰਸਕ੍ਰਿਤ ਵਿਚ ਸਲੋਕ ਲਿਖੇ ਹਨ। 'ਵਾਰਾਂ' ਵਿਚ 10 ਵੀਂ ਵਾਰ ਵਿਚ 23 ਸੰਤਾਂ-ਭਗਤਾਂ ਦੇ ਜੀਵਨ ਬਾਰੇ ਇਕ ਇਕ ਪਉੜੀ ਲਿਖੀ ਹੈ ਅਤੇ ਸੰਤਾਂ-ਭਗਤਾਂ ਦੀ ਮਹਿਮਾ ਦੇ ਨਾਲ ਨਾਲ ਉਹਨਾਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦਾ ਵੀ ਉਲੇਖ ਕੀਤਾ ਹੈ। 'ਪ੍ਰੇਮ ਅੰਬੋਧ' ਗ੍ਰੰਥ ਦੇ ਕਰਤਾ ਲਈ ਇਹ ਵਿਸ਼ੇਸ਼ ਸ੍ਰੋਤ-ਸਮੱਗਰੀ ਸੀ।

(3) **ਭਗਤ ਮਾਲ-ਨਾਭਾ ਦਾਸ**

ਨਾਭਾ ਦਾਸ ਦੀ ਭਗਤ ਵਾਰਤਾ ਸਾਹਿਤ ਵਿਚ ਵਿਸ਼ੇਸ਼ ਥਾਂ ਹੈ। ਇਹਨਾਂ ਨੇ ਸੰਮਤ 1715 ਵਿਚ ਭਗਤ ਮਾਲ ਦੀ ਰਚਨਾ ਕਰਕੇ ਲਗਭਗ 200 ਭਗਤਾਂ ਦੇ ਜੀਵਨ-ਚਰਿਤ ਲਿਖੇ ਹਨ, ਜਿਨ੍ਹਾਂ ਵਿਚ ਇਹਨਾਂ ਭਗਤਾਂ ਦੀ ਮਹਿਮਾ, ਅਲੌਕਿਕ ਸ਼ਕਤੀਆਂ, ਚਮਤਕਾਰਾਂ ਦਾ ਵਰਣਨ ਬੜੇ ਮਨਮੋਹਕ ਢੰਗ ਨਾਲ ਕੀਤਾ ਹੈ, ਜਿਸ ਕਾਰਣ ਇਹ ਬੜੀ ਲੋਕ-ਪ੍ਰਿਯ ਹੋਈ। ਕਵੀ ਕੀਰਤ ਸਿੰਘ ਨੇ ਇਸ ਦਾ ਕਾਵਿ-ਟੀਕਾ ਵੀ ਕੀਤਾ ਹੈ। ਕਵੀ ਉੱਤੇ ਇਸ

ਗ੍ਰੰਥ ਦਾ ਪ੍ਰਭਾਵ ਪੈਣਾ ਕੁਦਰਤੀ ਸੀ।

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਮੱਧਯੁਗੀਨ ਸੰਤਾਂ-ਭਗਤਾਂ ਦੀ ਬਾਣੀ, ਉਹਨਾਂ ਬਾਰੇ ਲਿਖੇ ਗ੍ਰੰਥਾਂ ਦੇ ਨਾਲ ਨਾਲ ਭਗਤੀਪਰਕ ਗ੍ਰੰਥਾਂ, ਮਹਾਭਾਰਤ, ਭਗਵਤ ਗੀਤਾ, ਪੁਰਾਣਾਂ ਆਦਿ ਦਾ ਵੀ ਅਧਿਐਨ ਕੀਤਾ ਸੀ ਅਤੇ ਉਹਨਾਂ ਵਿਚ ਵਰਣਿਤ ਸੰਤਾਂ-ਭਗਤਾਂ ਦੇ ਜੀਵਨੀ-ਮੂਲਕ ਤੱਥਾਂ ਆਦਿ ਨੂੰ ਆਧਾਰ ਬਣਾ ਕੇ ਮੌਲਿਕ ਗ੍ਰੰਥ 'ਪ੍ਰੇਮ ਅੰਬੋਧ' ਦੀ ਰਚਨਾ ਕੀਤੀ।

'ਪ੍ਰੇਮ ਅੰਬੋਧ' ਗ੍ਰੰਥ ਵਿਚ ਵਰਣਿਤ 16 ਸੰਤਾਂ-ਭਗਤਾਂ ਦੇ ਜੀਵਨ ਤੱਥਾਂ ਦਾ ਵਰਣਨ ਕਰਨ ਦੇ ਸੌਖ ਦੇ ਲਈ ਇਹਨਾਂ ਨੂੰ ਦੋ ਨਿਮਨ-ਲਿਖਤ ਸਿਰਲੇਖਾਂ ਵਿਚ ਵੰਡਿਆ ਜਾ ਸਕਦਾ ਹੈ :

**(ੳ) ਇਤਿਹਾਸਕ ਸੰਤ ਭਗਤ ਜਾਂ ਮੱਧਯੁਗੀਨ ਸੰਤ-ਭਗਤ**

**(ਅ) ਪੌਰਾਣਿਕ ਸੰਤ-ਭਗਤ**

(ੳ) **ਇਤਿਹਾਸਕ ਸੰਤ-ਭਗਤ** : ਇਸ ਵਰਗ ਵਿਚ ਕਬੀਰ, ਰਵਿਦਾਸ ਆਦਿ 11 ਇਤਿਹਾਸਕ ਸੰਤ-ਭਗਤ ਰਖੇ ਗਏ ਹਨ।

(ਅ) **ਪੌਰਾਣਿਕ ਭਗਤ** : ਇਸ ਵਰਗ ਵਿਚ ਪੰਜ ਭਗਤ-ਬਾਲਮੀਕ, ਸੁਕਦੇਵ, ਬਧਕ, ਧ੍ਰੂਅ ਅਤੇ ਪ੍ਰਹਿਲਾਦ ਰਖੇ ਗਏ ਹਨ।

ਹੁਣ ਇਹਨਾਂ ਸੰਤਾਂ-ਭਗਤਾਂ ਦੇ ਜੀਵਨ ਬਾਰੇ ਪ੍ਰਾਪਤ ਤੱਥਾਂ ਦਾ ਉਲੇਖ ਕੀਤਾ ਜਾ ਰਿਹਾ ਹੈ।

**(ੳ) ਇਤਿਹਾਸਕ ਸੰਤ-ਭਗਤ**

**(1) ਪਰਚੀ ਕਬੀਰ ਜੀ ਕੀ**

ਮਹਾਤਮਾ ਕਬੀਰ ਦਾ ਮੱਧਯੁਗੀਨ ਸੰਤ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਇਹਨਾਂ ਦਾ ਜੀਵਨ-ਕਾਲ ਸੰਮਤ 1455 ਮੰਨਿਆ ਗਿਆ ਹੈ। ਪਰਚੀ ਵਿਚ ਕਬੀਰ ਦੇ ਜੀਵਨ ਸੰਬੰਧੀ ਤਥਾਤਮਕ ਵਿਵਰਣ ਇਸ ਪ੍ਰਕਾਰ ਪ੍ਰਾਪਤ ਹੁੰਦੇ ਹਨ।

ਪਰਚੀਕਾਰ ਅਨੁਸਾਰ ਕਬੀਰ ਦਾ ਜਨਮ-ਸਥਾਨ ਕਾਸ਼ੀ ਤੇ ਜਾਤ ਜੁਲਾਹਾ ਸੀ। ਇਹਨਾਂ ਨੇ ਜੱਦ ਕਿੱਤਾ ਛੱਡ ਕੇ ਪਰਮਾਤਮਾ ਦਾ ਸਿਮਰਨ ਹੀ ਜੀਵਨ ਆਧਾਰ ਬਣਾ ਲਿਆ। ਇਹਨਾਂ ਦੀ ਪਤਨੀ ਲੋਈ ਬੜੀ ਸਿਆਣੀ ਇਸਤਰੀ ਸੀ। ਇਹਨਾਂ ਦਾ ਇਕ ਪੁੱਤਰ ਕਮਾਲ ਤੇ ਇਕ ਪੁੱਤਰੀ ਸੀ। ਪੁੱਤਰ ਕਮਾਲ ਦੀ ਪਤਨੀ ਦਾ ਵੀ ਵਰਨਣ ਹੋਇਆ ਹੈ। ਇਹ ਸੱਚੇ ਸੰਤ ਸੇਵੀ ਸਨ। ਇਕ ਵਾਰ ਇਹਨਾਂ ਦੇ ਘਰ ਬਹੁਤ ਸਾਰੇ ਸੰਤ-ਭਗਤ ਅਚਾਨਕ ਆ ਗਏ ਤਾਂ ਇਹਨਾਂ ਨੇ ਪ੍ਰਭੂ ਦੀ ਕਿਰਪਾ ਨਾਲ ਸਾਰਿਆਂ ਨੂੰ ਭੋਜਨ ਦਿਤਾ ਅਤੇ ਪਹਿਣਨ ਲਈ ਕਪੜੇ ਵੀ ਦਿਤੇ। ਇਸ ਅਨੰਤ ਸੇਵਾ-ਭਾਵਨਾ ਨੇ ਕਾਸ਼ੀ ਸ਼ਹਿਰ ਦੇ ਸਾਰੇ ਨਿਵਾਸੀਆਂ ਨੂੰ ਹੈਰਾਨ ਕਰ ਦਿਤਾ। ਇਹਨਾਂ ਨੇ ਸਮਾਨਤਾ ਦਾ ਉਪਦੇਸ਼ ਦਿਤਾ ਸੀ। ਇਹਨਾਂ ਦੀ ਵਧਦੀ ਹੋਈ ਪ੍ਰਸਿੱਧੀ ਨੂੰ ਵੇਖ ਕੇ ਉੱਚ-ਕਾਲੀਨ ਲੋਕਾਂ ਅਤੇ ਧਰਮ ਦੇ ਠੇਕੇਦਾਰਾਂ ਨੇ ਵਿਰੋਧ ਵੀ ਕੀਤਾ ਪਰ ਇਹਨਾਂ ਦੇ ਉੱਚੇ ਆਦਰਸ਼ਾਂ ਤੇ ਵਿਚਾਰਾਂ, ਕਲਿਆਣਕਾਰੀ ਉਪਦੇਸ਼ਾਂ ਤੋਂ ਉਹ ਅਖੀਰ ਪ੍ਰਭਾਵਿਤ ਹੋਏ। ਪਰਚੀ

ਵਿਚ ਕਬੀਰ ਦੇ ਵਣਜਾਰੇ ਦਾ ਰੂਪ ਧਾਰਨ ਕਰਨ ਅਤੇ ਅਨੇਕ ਸੰਤਾਂ ਨੂੰ ਇਕੋ ਸਮੇਂ ਬਿਠਾ ਕੇ ਬ੍ਰਹਮ ਭੋਜ ਖੁਆਉਣ ਅਤੇ ਕਪੜੇ ਦੇਣ ਵਾਲੀ ਅਲੌਕਿਕ ਘਟਨਾ ਦਾ ਵੀ ਵਰਣਨ ਹੋਇਆ ਹੈ।

**(2) ਪਰਚੀ ਧੰਨੇ ਜੀ ਕੀ**

ਭਗਤ ਧੰਨਾ ਉੱਚ-ਕੋਟੀ ਦੇ ਸੰਤ ਹਨ। ਇਹਨਾਂ ਦਾ ਜੀਵਨ ਕਾਲ ਸੰ-1412 ਦੇ ਲਗਭਗ ਮੰਨਿਆ ਗਿਆ ਹੈ। ਪਰਚੀ ਵਿਚ ਇਹਨਾ ਦੇ ਜੀਵਨ ਬਾਰੇ ਇਸ ਪ੍ਰਕਾਰ ਪਰਿਚਯ ਪ੍ਰਾਪਤ ਹੁੰਦਾ ਹੈ। ਪਰਚੀਕਾਰ ਦੇ ਅਨੁਸਾਰ ਇਹਨਾਂ ਦਾ ਮਨ ਪ੍ਰਭੂ ਭਗਤੀ ਵਲ ਬਾਲ-ਵਰੇਸ ਵਿਚ ਹੀ ਲਗ ਗਿਆ ਸੀ। ਇਹਨਾਂ ਨੇ ਭਗਤ ਤ੍ਰਿਲੋਚਨ ਤੋਂ ਠਾਕੁਰ ਪ੍ਰਾਪਤ ਕੀਤਾ ਅਤੇ ਉਸ ਦੀ ਅਰਾਧਨਾ ਕਰਨ ਲਗ ਪਏ, ਜਿਸ ਤੇ ਭਗਵਾਨ ਨੇ ਪ੍ਰਤੱਖ ਰੂਪ ਵਿਚ ਦਰਸ਼ਨ ਦਿੱਤੇ। ਪਰਚੀ ਵਿਚ ਇਹਨਾਂ ਦੇ ਜੀਵਨ ਨਾਲ ਸਬੰਧਤ ਕੁਝ ਕੁ ਚਮਤਕਾਰੀ ਘਟਨਾਵਾਂ ਜਿਵੇਂ ਇਹਨਾਂ ਨੂੰ ਪ੍ਰਭੂ ਦੇ ਪ੍ਰਤੱਖ ਦਰਸ਼ਨ ਹੋਣਾ ਅਤੇ ਪ੍ਰਭੂ ਦੁਆਰਾ ਵੱਛੇ ਚਰਾਉਣਾ ਆਦਿ ਅੰਕਿਤ ਹੋਈਆਂ ਹਨ ਜੋ ਇਹਨਾਂ ਦੀ ਦ੍ਰਿੜ੍ਹ ਭਗਤੀ ਸਾਧਨਾ ਅਤੇ ਮਹੱਤਾ ਦੀਆਂ ਸੂਚਕ ਹਨ।

ਪਰਚੀਕਾਰ ਨੇ ਧੰਨੇ ਤੇ ਤ੍ਰਿਲੋਚਨ ਨੂੰ ਸਮਕਾਲੀ ਮੰਨਿਆ ਹੈ ਜੋ ਇਤਿਹਾਸਕ ਪੱਖੋਂ ਠੀਕ ਨਹੀਂ ਹੈ।

**(3) ਪਰਚੀ ਤ੍ਰਿਲੋਚਨ ਜੀ ਕੀ**

ਤ੍ਰਿਲੋਚਨ ਸ਼ਾਂਤ ਸੁਭਾ ਵਾਲੇ ਸੰਤ ਅਤੇ ਸਾਧੂ ਸੇਵੀ ਸਨ। ਇਹਨਾਂ ਦਾ ਜੀਵਨ-ਕਾਲ ਸੰਮਤ 1324 ਮੰਨਿਆ ਗਿਆ ਹੈ। ਪਰਚੀਕਾਰ ਦੇ ਅਨੁਸਾਰ ਸੰਤ ਤ੍ਰਿਲੋਚਨ ਅਤਿਅੰਤ ਨਿਮਰ ਸੁਭਾ ਵਾਲੇ ਅਤੇ ਸਾਧੂਆਂ ਦੇ ਪਰਮ ਭਗਤ ਸਨ। ਇਹਨਾਂ ਦੀ ਦਿਲੀ ਇੱਛਾ ਹੁੰਦੀ ਕਿ ਕਸ਼ਟ ਸਹਾਰ ਕੇ ਵੀ ਸਾਧੂਆਂ ਸੰਤਾਂ ਦੀ ਸੇਵਾ ਕੀਤਾ ਜਾਏ। ਪਰ ਇਹਨਾਂ ਦੀ ਪਤਨੀ ਇਸ ਕੰਮ ਵਿਚ ਇਹਨਾਂ ਨੂੰ ਪੂਰਾ ਸਹਿਯੋਗ ਨਹੀਂ ਸੀ ਦੇ ਸਕਦੀ ਜਿਸ ਕਾਰਣ ਇਹ ਨੌਕਰ ਦੀ ਤਲਾਸ਼ ਵਿਚ ਰਹਿੰਦੇ ਸਨ। ਇਕ ਦਿਨ ਇਹਨਾਂ ਦੇ ਘਰ ਇਕ ਟਹਿਲੂਆ ਆਇਆ ਤੇ ਉਸ ਨੇ ਇਹ ਸ਼ਰਤ ਰਖੀ ਕਿ ਜੋ ਵੀ ਦੇਵੋਗੇ-ਉਸੀ ਵਿਚ ਸੰਤੋਖ ਕਰ ਲਵਾਂਗਾ-ਪਰ ਨਿੰਦਾ ਕਰਨ ਉੱਤੇ ਨੌਕਰੀ ਛੱਡ ਕੇ ਚਲਾ ਜਾਵਾਂਗਾ। ਹੁਣ ਸੰਤਾਂ ਦੀ ਭੀੜ ਲਗ ਗਈ। ਤ੍ਰਿਲੋਚਨ ਦੀ ਪਤਨੀ ਨੂੰ ਨੌਕਰ ਦੀ ਪੇਟ ਪੂਰਤੀ ਕਰਨ ਵਿਚ ਕਾਫੀ ਸਮਾਂ ਲਗ ਜਾਂਦਾ ਅਤੇ ਉਸ ਨੇ ਦੁਖੀ ਹੋ ਕੇ ਇਕ ਦਿਨ ਆਪਣੀ ਗੁਆਂਢਣ ਨੂੰ ਇਹ ਸਾਰਾ ਕੁਝ ਕਹਿ ਦਿਤਾ, ਇਸ ਤੇ ਨੌਕਰ ਅੰਤਰਧਿਆਨ ਹੋ ਗਿਆ। ਬਾਅਦ ਵਿਚ ਇਹਨਾਂ ਨੂੰ ਪਤਾ ਲਗਾ ਕਿ ਉਹ ਆਪ ਤਾਂ ਭਗਵਾਨ ਸਨ। ਜਦੋਂ ਉਹਨਾਂ ਨੂੰ ਪ੍ਰਭੂ ਦੁਆਰਾ ਤੱਤ-ਗਿਆਨ ਹੋਇਆ ਤਾਂ ਉਹਨਾਂ ਦਾ ਦ੍ਵੈਤ-ਭਾਵ ਖਤਮ ਹੋ ਗਿਆ ਅਤੇ ਸੰਤ ਬਣ ਗਏ।

ਪਰਚੀਕਾਰ ਨੇ ਇਸ ਵਿਚ ਤ੍ਰਿਲੋਚਨ-ਦੰਪਤੀ ਨੂੰ ਪ੍ਰਤੱਖ ਰੂਪ ਵਿਚ ਦਰਸ਼ਨ ਦੇਣ ਤੇ ਤੱਤ-ਗਿਆਨ ਦੇਣ ਵਾਲੀ ਅਲੌਕਿਕ ਘਟਨਾ ਦਾ ਵਰਣਨ ਕੀਤਾ ਹੈ।

ਪਰਚੀਕਾਰ ਅਨੁਸਾਰ ਤ੍ਰਿਲੋਚਨ ਭਗਤ ਜਾਤ ਦੇ ਬ੍ਰਾਹਮਣ ਸਨ ਪਰ ਡਾ: ਰਾਮ ਕੁਮਾਰ ਵਰਮਾ ਨੇ 'ਹਿੰਦੀ ਸਾਹਿਤਯ ਕੇ ਇਤਿਹਾਸ' ਵਿਚ ਲਿਖਿਆ ਹੈ ਕਿ ਇਹ ਵੈਸ਼ ਕੁਲ

ਵਿਚ ਪੈਦਾ ਹੋਏ ਸਨ-ਜੋ ਠੀਕ ਹੈ।

(4) **ਪਰਚੀ ਨਾਮਦੇਵ ਜੀ ਕੀ**

ਮਹਾਰਾਸ਼ਟਰੀ ਸੰਤ ਨਾਮਦੇਵ ਦਾ ਜੀਵਨ-ਕਾਲ ਸੰਮਤ 1327 ਮੰਨਿਆ ਗਿਆ ਹੈ। ਪਰਚੀਕਾਰ ਦੇ ਅਨੁਸਾਰ ਨਾਮਦੇਵ ਨੀਚ ਵਰਣ ਅਤੇ ਜਾਤ ਦੇ ਛੀਪਾ ਸਨ। ਛੋਟੀ ਉਮਰ ਵਿਚ ਹੀ ਇਹ ਪਰਮਾਤਮਾ ਨਾਲ ਪ੍ਰੇਮ ਕਰਨ ਲਗ ਪਏ ਅਤੇ ਹਮੇਸ਼ਾਂ ਪ੍ਰਭੂ ਦੇ ਦਰਸ਼ਨਾ ਦੇ ਅਭਿਲਾਸ਼ੀ ਰਹਿੰਦੇ। ਇਹ ਸੰਤ ਸੁਭਾ ਦੇ ਸਨ। ਇਹਨਾਂ ਦੇ ਘਰ ਦਾ ਛੱਪਰ ਟੁੱਟ ਗਿਆ ਅਤੇ ਇਹਨਾਂ ਦੇ ਪਿਤਾ ਮਾਤਾ ਗਰੀਬ ਹੋਣ ਕਾਰਣ ਬਹੁਤ ਚਿੰਤਤ ਹੋਏ। ਭਗਵਾਨ ਨੇ ਇਹਨਾਂ ਦਾ ਪੁਰਾਣਾ ਛੱਪਰ ਸਾੜ ਕੇ ਨਵਾਂ ਛੱਪਰ ਬਣਾ ਦਿਤਾ।

ਨਾਮਦੇਵ ਮਹਾਨ ਵਿਅਕਤੀ ਅਤੇ ਉੱਚੇ ਵਿਚਾਰਾਂ ਵਾਲੇ ਪ੍ਰਤਿਭਾਵਾਨ ਭਗਤ ਸਨ। ਜਿੱਥੇ ਵੀ ਜਾਂਦੇ, ਆਦਰ ਸਤਿਕਾਰ ਪ੍ਰਾਪਤ ਹੁੰਦਾ ਪਰ ਉੱਚ ਵਰਗ ਦੇ ਲੋਕਾਂ ਨੇ ਇਹਨਾਂ ਦਾ ਵਿਰੋਧ ਕੀਤਾ। ਇਕ ਵਾਰ ਯਾਤਰਾ ਕਰਦੇ ਇਕ ਨਗਰ ਵਿਚ ਗਏ ਤਾਂ ਇਹਨਾਂ ਨੂੰ ਸੂਦਰ ਕਹਿ ਕੇ ਮੰਦਰ ਵਿਚ ਕੀਰਤਨ ਕਰਨ ਤੇ ਰੋਕ ਦਿਤਾ। ਇਹ ਮੰਦਰ ਦੇ ਪਿੱਛੇ ਜਾ ਕੇ ਕੀਰਤਨ ਕਰਨ ਲਗ ਪਏ ਤੇ ਮੰਦਰ ਦਾ ਦੁਆਰ ਘੁੰਮ ਕੇ ਇਹਨਾਂ ਦੇ ਸਾਹਮਣੇ ਆ ਗਿਆ। ਇਹਨਾਂ ਦੀ ਪ੍ਰਸਿੱਧੀ ਸੁਣ ਕੇ ਤਤਕਾਲੀਨ ਬਾਦਸ਼ਾਹ ਨੇ ਬੁਲਾਇਆ ਤੇ ਕਿਹਾ- ਮੇਰੀ ਗਾਂ ਨੂੰ ਜੀਉਂਦੀ ਕਰੋ ਤੇ ਜੇ ਨਹੀਂ ਕਰਦੇ-ਤਾਂ ਕਲਮਾ ਪੜ੍ਹ ਕੇ ਮੁਸਲਮਾਨ ਬਣ ਜਾਓ। ਇਹਨਾਂ ਨੇ ਬਾਦਸ਼ਾਹ ਨੂੰ ਉਪਦੇਸ਼ ਦਿਤਾ ਕਿ ਮੌਤ ਅਤੇ ਜੀਵਨ ਦੇਣ ਵਾਲਾ ਤਾਂ ਕੇਵਲ ਪਰਮਾਤਮਾ ਹੀ ਹੈ ਅਤੇ ਮਨੁੱਖ ਦੇ ਹੱਥ ਵਿਚ ਕੁਝ ਵੀ ਨਹੀਂ ਹੈ। ਇਹ ਸੁਣ ਕੇ ਬਾਦਸ਼ਾਹ ਨੇ ਕ੍ਰੋਧ ਵਿਚ ਆ ਕੇ ਇਹਨਾਂ ਨੂੰ ਕਈ ਪ੍ਰਕਾਰ ਦੇ ਕਸ਼ਟ ਦਿਤੇ। ਅਖ਼ੀਰ ਬਾਦਸ਼ਾਹ ਇਹਨਾਂ ਦੇ ਉੱਚੇ ਵਿਚਾਰਾਂ ਤੇ ਪ੍ਰਭਾਵਿਤ ਹੋਇਆ ਅਤੇ ਇਹਨਾਂ ਨੇ ਮਰੀ ਗਾਂ ਨੂੰ ਜੀਉਂਦਾ ਕਰਕੇ ਵੱਛੇ ਨੂੰ ਦੁੱਧ ਪਿਆਇਆ। ਪਰਚੀ ਵਿਚ ਹੋਰ ਵੀ ਕਈ ਚਮਤਕਾਰ ਭਰੀਆਂ ਘਟਨਾਵਾਂ ਦਾ ਵਰਣਨ ਹੋਇਆ ਹੈ।

(ii) **ਰੰਕਾ ਬੰਕਾ ਦਾ ਜੀਵਨ-ਚਰਿਤ** : ਇਸ ਪਰਚੀ ਵਿਚ ਰੰਕਾ ਬੰਕਾ ਦੇ ਜੀਵਨ ਸਬੰਧੀ ਵੀ ਪਰਿਚਯ ਪ੍ਰਾਪਤ ਹੁੰਦਾ ਹੈ। ਪਰਚੀਕਾਰ ਦੇ ਅਨੁਸਾਰ ਰੰਕਾ ਬੰਕਾ ਦਾ ਜੀਵਨ ਸਿੱਧਾ-ਸਾਦਾ ਸੀ। ਉਹ ਜੰਗਲ ਵਿਚੋਂ ਲਕੜੀਆਂ ਚੁਣ ਕੇ ਤੇ ਵੇਚ ਕੇ ਗ੍ਰਿਹਸਤ ਦਾ ਨਿਰਬਾਹ ਕਰਦੇ ਸਨ। ਜੋ ਵੀ ਧਨ ਪ੍ਰਾਪਤ ਹੁੰਦਾ-ਉਸ ਵਿਚੋਂ ਤਿੰਨ ਹਿੱਸੇ ਤਾਂ ਸੰਤਾਂ-ਸਾਧੂਆਂ ਦੀ ਸੇਵਾ ਵਿਚ ਲਗਾ ਦਿੰਦੇ ਤੇ ਚੌਥੇ ਹਿੱਸੇ ਵਿਚ ਆਪਣੀ ਪੇਟ-ਪੂਰਤੀ ਕਰਦੇ ਸਨ। ਜੇ ਕੋਈ ਉਹਨਾਂ ਦੀ ਸਹਾਇਤਾ ਵੀ ਕਰਨਾ ਚਾਹੁੰਦਾ ਤਾਂ ਉਸ ਦੀ ਸਹਾਇਤਾ ਵੀ ਸਵੀਕਾਰ ਨਹੀਂ ਕਰਦੇ ਸਨ। ਪਰਚੀਕਾਰ ਅਨੁਸਾਰ ਉਹ ਮਿਹਨਤ ਕਰਕੇ ਕਮਾਈ ਕਰਨ ਵਾਲੇ, ਵੰਡ ਕੇ ਛੱਕਣ ਅਤੇ ਹਰਿਨਾਮ ਦਾ ਜਾਪ ਕਰਨ ਵਾਲੇ ਮਹਾਨ ਸੰਤ ਸਨ।

ਪਰਚੀ ਵਿਚ ਕਵੀ ਨੇ ਰੰਕਾ ਬੰਕਾ ਦੀ ਇਕ ਭੈਣ ਬਾਰੇ ਵੀ ਲਿਖਿਆ ਹੈ ਜਿਸ ਬਾਰੇ ਬਾਕੀ ਗ੍ਰੰਥ ਚੁੱਪ ਹਨ। ਉਸ ਨੇ ਰੰਕਾ-ਬੰਕਾ ਨੂੰ ਆਪਸ ਵਿਚ ਭਾਈ ਭਾਈ ਕਿਹਾ ਹੈ ਜੋ ਠੀਕ ਨਹੀਂ ਹੈ। ਟੀਕਾਕਾਰ 'ਪ੍ਰਿਯਾਦਾਸ ਨੇ 'ਭਗਤਮਾਲ-ਨਾਭਾਦਾਸ' ਵਿਚ ਰੰਕਾ ਨੂੰ ਬੰਕਾ

ਦਾ ਪਤੀ ਲਿਖਿਆ ਹੈ, ਜੋ ਠੀਕ ਹੈ ।

(5) **ਪਰਚੀ ਜੈਦੇਵ ਜੀ ਕੀ :**

13ਵੀਂ ਸਦੀ ਦੇ ਮਹਾਨ ਸੰਤ ਜੈਦੇਵ ਬਾਰੇ ਪਰਚੀਕਾਰ ਨੇ ਲਿਖਿਆ ਹੈ ਕਿ ਇਹ ਜਾਤ ਦੇ ਬ੍ਰਹਮਣ ਅਤੇ ਗ੍ਰਿਹਸਤੀ ਸਨ ਅਤੇ ਇਹਨਾਂ ਦਾ ਜੀਵਨ ਸੁਖੀ-ਪੂਰਵਕ ਬਤੀਤ ਹੁੰਦਾ ਸੀ । ਇਹਨਾਂ ਨੂੰ ਸੰਤਾਂ ਦੀ ਸੰਗਤ ਬੜੀ ਚੰਗੀ ਲਗਦੀ ਸੀ । ਇਹ ਰਾਧਾ-ਕ੍ਰਿਸ਼ਨ ਦੀ ਉਸਤਤ 'ਗੀਤ ਗੋਬਿੰਦ' ਵਿਚ ਕਰ ਰਹੇ ਸਨ ਤਾਂ ਇਕ ਵਾਰ ਕੁਝ ਰੁਕਾਵਟ ਜਿਹੀ ਆ ਪਈ । ਇਹ ਆਪਣੀ ਪਤਨੀ ਨੂੰ ਪੋਥੀ ਸੰਭਾਲ ਕੇ ਨਦੀ ਤੇ ਇਸ਼ਨਾਨ ਕਰਨ ਚਲੇ ਗਏ । ਇਹਨਾਂ ਦੀ ਗ਼ੈਰ-ਹਾਜ਼ਰੀ ਵਿਚ ਖੁਦ ਭਗਵਾਨ ਨੇ ਜੈਦੇਵ ਦਾ ਰੂਪ ਧਾਰਨ ਕਰਕੇ ਉਸ ਅਧੂਰੀ ਪੰਕਤੀ ਨੂੰ ਪੂਰਾ ਕਰ ਦਿਤਾ । ਇਹਨਾਂ ਨੂੰ ਜਦੋਂ ਇਸ ਰਹੱਸ ਦਾ ਪਤਾ ਲਗਾ ਤਾਂ ਇਹਨਾਂ ਦੀ ਇੱਛਾ ਭਗਵਾਨ ਦੇ ਪ੍ਰਤੱਖ ਰੂਪ ਵਿਚ ਦਰਸ਼ਨ ਕਰਨ ਲਈ ਹੋਈ । ਅਰਦਾਸ ਕਰਨ ਤੇ ਅਖੀਰ ਪ੍ਰਭੂ ਨੇ ਜੈਦੇਵ ਦੰਪਤੀ ਨੂੰ ਪ੍ਰਤੱਖ ਦਰਸ਼ਨ ਦਿਤੇ ਤੇ ਤੱਤਗਿਆਨ ਦਿੱਤਾ । ਪਰਚੀਕਾਰ ਦੇ ਅਨੁਸਾਰ ਇਹਨਾਂ ਨੇ ਨਾ ਤਾਂ ਕੋਈ ਯੋਗ ਸਾਧਨਾ ਕੀਤੀ, ਨਾ ਹੀ ਤੀਰਥ ਘੁੰਮੇ, ਨਾ ਕਿਸੇ ਗੁਫਾ ਵਿਚ ਬੈਠ ਕੇ ਸਮਾਧੀ ਲਗਾਈ, ਨਾ ਜਟਾਂ ਵਧਾਈਆਂ । ਨਾ ਹੋਮ, ਯੱਗ, ਤਪ, ਦਾਨ ਕੀਤੇ । ਇਹਨਾਂ ਨੇ ਤਾਂ ਘਰ ਵਿਚ ਹੀ ਬੈਠ ਕੇ ਹੀ ਪ੍ਰਭੂ ਦਾ ਪ੍ਰੇਮ-ਪੂਰਵਕ ਨਾਮ ਜਪ ਕੇ ਪ੍ਰਭੂ ਦੀ ਪ੍ਰਾਪਤੀ ਕਰਕੇ ਜੀਵਨ-ਮੁਕਤ ਬਣ ਗਏ ।

(6) **ਪਰਚੀ ਰਵਿਦਾਸ ਜੀ ਕੀ :**

ਸੰਤ ਰਵਿਦਾਸ ਦਾ ਜੀਵਨ ਕਾਲ ਸੰਮਤ 1445-1575 ਤਕ ਮੰਨਿਆ ਗਿਆ ਹੈ । ਪਰਚੀਕਾਰ ਅਨੁਸਾਰ ਇਹ ਚਮਾਰ ਜਾਤ ਦੇ ਸਨ । ਆਪਣਾ ਪਿਤਾ ਪੁਰਖੀ ਚਮੜੇ ਦਾ ਕੰਮ ਕਰਦੇ ਸਨ ਇਹ ਥੋੜੀ ਜਿਹੀ ਕਮਾਈ ਨਾਲ ਹੀ ਆਪਣਾ ਜੀਵਨ-ਨਿਰਬਾਹ ਕਰਦੇ ਸਨ । ਇਹ ਐਨੇ ਸ਼ਾਂਤ ਸੁਭਾ ਵਾਲੇ ਅਤੇ ਖੁਲ੍ਹ-ਦਿਲੇ ਸਨ ਕਿ ਜੋ ਮਿਹਨਤਾਨਾ ਕੋਈ ਦਿੰਦਾ ਆਪ ਖੁਸ਼ੀ ਨਾਲ ਸਵੀਕਾਰ ਕਰ ਲੈਂਦੇ ਅਤੇ ਜੇ ਕਰ ਕੋਈ ਕੁਝ ਵੀ ਨਾ ਦਿੰਦਾ ਤਾਂ ਵੀ ਪ੍ਰਸੰਨ ਰਹਿੰਦੇ । ਆਪ ਹਮੇਸ਼ਾਂ ਪ੍ਰਭੂ ਸਿਮਰਨ ਵਿਚ ਲੀਨ ਰਹਿੰਦੇ ਸਨ । ਇਹਨਾਂ ਦੇ ਉੱਚੇ ਵਿਚਾਰਾਂ ਨੇ ਆਮ ਲੋਕ ਨੂੰ ਪ੍ਰਭਾਵਿਤ ਕੀਤਾ ਜਿਸ ਕਾਰਨ ਤਤਕਾਲੀਨ ਉੱਚ ਵਰਗ ਦੇ ਲੋਕਾਂ ਤੋਂ ਵਿਸ਼ੇਸ਼ ਕਰਕੇ ਬ੍ਰਾਹਮਣਾਂ ਨੇ ਇਹਨਾਂ ਦਾ ਕਰੜਾ ਵਿਰੋਧ ਕੀਤਾ ਅਤੇ ਬਾਦਸ਼ਾਹ ਪਾਸ ਸ਼ਿਕਾਇਤ ਕੀਤੀ ਕਿ ਰਵਿਦਾਸ ਸਾਲਗਰਾਮ ਪੂਜਣ ਦਾ ਅਧਿਕਾਰੀ ਨਹੀਂ ਹੈ । ਬਾਦਸ਼ਾਹ ਦੇ ਪੁੱਛਣ ਤੇ ਇਹਨਾਂ ਨੇ ਨਿਮਰਤਾਪੂਰਵਕ ਉੱਤਰ ਦਿਤਾ ਕਿ ਸੰਸਾਰ ਵਿਚ ਪੂਜਣ ਨੂੰ ਤਾਂ ਹੋਰ ਵੀ ਬਹੁਤ ਪੱਥਰ ਹਨ ਪਰ ਬਿਨਾਂ ਪ੍ਰੇਮ ਅਤੇ ਸ਼ਰਧਾ ਤੋਂ ਕੀਤੀ ਜਾਣ ਵਾਲੀ ਪੂਜਾ ਵਿਅਰਥ ਹੈ । ਪਰਚੀਕਾਰ ਨੇ ਪਰਚੀ ਵਿਚ ਇਹਨਾ ਦੇ ਜੀਵਨ ਨਾਲ ਸਬੰਧਤ ਕਈ ਚਮਤਕਾਰੀ ਘਟਨਾਵਾਂ ਜਿਵੇਂ ਗੰਗਾ ਤੋਂ ਕੰਗਣ ਪ੍ਰਾਪਤ ਕਰਨਾ, ਨਦੀ ਵਿਚ ਸਾਲਗਰਾਮ ਤੈਰਨਾ ਆਦਿ ਅੰਕਿਤ ਕੀਤੀਆਂ ਹਨ ।

ਪਰਚੀ ਵਿਚ ਮੀਰਾਂਬਾਈ ਦਾ ਰਵਿਦਾਸ ਦੀ ਪ੍ਰਸਿੱਧ ਸੁਣ ਕੇ ਮਿਲਣ ਦਾ ਵਰਣਨ ਹੋਇਆ ਹੈ । ਇਹਨਾਂ ਦੇ ਮਿਲਣ ਤੇ ਤਤਕਾਲੀਨ ਬ੍ਰਹਮਣਾਂ ਨੇ ਵਿਰੋਧ ਵੀ ਕੀਤਾ ਅਤੇ ਕਿਹਾ ਜੇਕਰ ਛੋਟੀ ਜਾਤ ਦੇ ਰਵਿਦਾਸ ਮੀਰਾਂਬਾਈ ਨੂੰ ਦੀਖਿਆ ਦੇਣਗੇ ਤਾਂ ਅਸੀਂ

ਬ੍ਰਾਹਮਣ ਕਿਧਰ ਜਾਵਾਂਗੇ। ਇਸ ਵਰਣਨ ਤੋਂ ਇਹਨਾਂ ਦੇ ਸਮਕਾਲੀ ਹੋਣ ਬਾਰੇ ਪਤਾ ਲਗਦਾ ਹੈ।

**(7) ਪਰਚੀ ਮੀਰਾਬਾਈ ਕੀ**

ਮੀਰਾਂਬਾਈ ਦਾ ਜੀਵਨ ਕਾਲ ਸੰਮਤ 1555-1630 ਤਕ ਮੰਨਿਆ ਗਿਆ ਹੈ। ਇਹਨਾਂ ਨੇ ਆਪਣਾ ਸਾਰਾ ਜੀਵਨ ਕ੍ਰਿਸ਼ਨ ਭਗਤੀ ਨੂੰ ਸਮਰਪਿਤ ਕੀਤਾ ਹੋਇਆ ਸੀ। ਪਰਚੀਕਾਰ ਨੇ ਸ੍ਰੀ ਕ੍ਰਿਸ਼ਨ ਲਈ ਪ੍ਰੇਮ ਅਤੇ ਆਤਮ-ਸਮਰਪਣ ਦੀ ਭਾਵਨਾ ਨੂੰ ਕੇਂਦਰ ਬਣਾ ਕੇ ਇਹਨਾਂ ਦੀ ਜੀਵਨ-ਚਰਿਤ ਲਿਖਿਆ ਹੈ।

ਪਰਚੀਕਾਰ ਅਨੁਸਾਰ ਮੀਰਾਂਬਾਈ ਵਿਆਹ ਤੋਂ ਪਹਿਲਾਂ ਭਾਵ ਬਚਪਨ ਵਿਚ ਹੀ ਪ੍ਰੇਮ-ਭਗਤੀ ਵਿਚ ਲੀਨ ਹੋ ਗਈ। ਫਿਰ ਇਹਨਾਂ ਨੇ ਰਵਿਦਾਸ ਜੀ ਦੀ ਸੰਗਤ ਕੀਤੀ। ਇਹਨਾਂ ਦਾ ਵਿਆਹ ਗਿਰਧਰ ਨਾਲ ਹੋ ਗਿਆ। ਮੀਰਾਂਬਾਈ ਕ੍ਰਿਸ਼ਨ ਦੀ ਪ੍ਰੇਮ ਦੀਵਾਨੀ ਅਤੇ ਖੰਡੇ ਦੀ ਧਾਰ ਸਮਾਨ ਭਗਤੀ ਕਰਨ ਵਾਲੀ ਆਪਣੇ ਲੌਕਿਕ ਪਤੀ ਦੇ ਮਨ ਵਿਚ ਭਗਤੀ ਭਾਵ ਨਾ ਵੇਖ ਕੇ ਚਿੰਤਤ ਹੁੰਦੀ ਅਤੇ ਸੋਚਦੀ ਕਿ ਕਦੋਂ ਇਸ ਦੇ ਮੁੱਖ ਤੋਂ ਪ੍ਰਭੂ ਦਾ ਨਾਮ ਸੁਣਾਂਗੀ। ਇਕ ਰਾਤ ਉਸ ਨੇ ਪਤੀ ਦੇ ਮੁੱਖ ਤੋਂ ਪ੍ਰਭੂ ਦਾ ਨਾਂ ਸੁਣ ਲਿਆ ਅਤੇ ਉਸ ਨੇ ਸਵੇਰੇ ਸਾਰਾ ਧਨ-ਮਾਲ, ਜ਼ੇਵਰ ਸੰਤਾਂ-ਬ੍ਰਾਹਮਣਾਂ ਨੂੰ ਬੁਲਾ ਕੇ ਦਾਨ ਕਰ ਦਿੱਤੇ।

ਅਚਾਨਕ ਮੀਰਾਂਬਾਈ ਦੇ ਪਤੀ ਦਾ ਦੇਹਾਂਤ ਹੋ ਗਿਆ ਜਿਸ ਤੇ ਮੀਰਾਂਬਾਈ ਨੂੰ ਡੂੰਘਾ ਸਦਮਾ ਪੁੱਜਾ। ਉਹ ਘਰ ਦਾ ਦਰਵਾਜ਼ਾ ਬੰਦ ਕਰਕੇ ਅੰਦਰ ਉਦਾਸ ਹੋ ਕੇ ਬੈਠ ਗਈ। ਇਕ ਰਾਤ ਉਸ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਹੋਏ ਤੇ ਉਸ ਦਾ ਮਨ ਫੁੱਲ ਵਾਂਗ ਖਿੜ ਉਠਿਆ। ਉਸ ਨੇ ਆਪਣਾ ਸਾਰਾ ਕੁਝ ਸ੍ਰੀ ਗਿਰਧਰ ਨੂੰ ਸਮਰਪਿਤ ਕਰ ਦਿਤਾ ਤੇ ਰਾਤ ਦਿਨ ਉਸ ਦੇ ਪ੍ਰੇਮ ਵਿਚ ਲੀਨ ਹੋਈ ਬਿਸ਼ਨ-ਪਦੇ ਗਾਉਣ ਲਗੀ। ਮੀਰਾਂਬਾਈ ਉੱਚੇ ਵਿਚਾਰਾਂ ਅਤੇ ਭਜਨਾਂ ਦੀ ਚਾਰੇ ਪਾਸੇ ਪ੍ਰਸ਼ੰਸਾ ਤੇ ਆਦਰ ਸਤਿਕਾਰ ਹੋਣ ਲਗ ਪਿਆ। ਇਹ ਸਾਰਾ ਕੁਝ ਉਸ ਦੇ ਸਹੁਰਾ ਪਰਿਵਾਰ ਵਾਲਿਆਂ ਨੂੰ ਚੰਗਾ ਨਾ ਲਗਾ। ਰਾਣਾ ਨੂੰ ਇਹ ਸਾਰੀਆਂ ਗਲਾਂ ਰਾਜ-ਘਰਾਣੇ ਦੀ ਮਰਿਆਦਾ ਦੇ ਉਲਟ ਪ੍ਰਤੀਤ ਹੋਈਆਂ। ਉਸ ਨੇ ਮੀਰਾਂ ਨੂੰ ਜ਼ਹਿਰ ਦਾ ਪਿਆਲਾ ਪੀਣ ਲਈ ਭੇਜਿਆ, ਪਿਟਾਰੀ ਵਿਚ ਸੱਪ ਭਿਜਵਾਇਆ। ਕਈ ਪ੍ਰਕਾਰ ਦੇ ਹੋਰ ਕਸ਼ਟ ਦਿੱਤੇ ਪਰ ਮੀਰਾਂਬਾਈ ਦਾ ਸ੍ਰੀ ਗਿਰਧਰ ਦੇ ਪ੍ਰਤੀ ਪਿਆਰ ਅਟੱਟ ਰਿਹਾ। ਪਰਚੀਕਾਰ ਅਨੁਸਾਰ ਮੀਰਾਂਬਾਈ ਸ੍ਰੀ ਕ੍ਰਿਸ਼ਨ ਦੀ ਪ੍ਰੇਮ ਦੀਵਾਨੀ ਮਹਾਨ ਸਾਧਕਾ ਸੀ।

**(8) ਪਰਚੀ ਕਰਮਾਬਾਈ ਕੀ**

ਵੈਸ਼ਨਵ ਭਗਤਾਂ ਵਿਚ ਕਰਮਾਂਬਾਈ ਦਾ ਵਿਸ਼ੇਸ਼ ਸਥਾਨ ਹੈ। ਇਹਨਾਂ ਦਾ ਜੀਵਨ-ਕਾਲ ਸੰਮਤ 1073 ਮੰਨਿਆ ਗਿਆ ਹੈ। ਇਹਨਾਂ ਦੇ ਮਨ ਵਿਚ ਭਗਵਾਨ ਲਈ ਸੱਚਾ ਪ੍ਰੇਮ ਅਤੇ ਅਨੰਤ ਸੇਵਾ ਭਾਵਨਾ ਵਿਦਮਾਨ ਸੀ। ਪਰਚੀਕਾਰ ਅਨੁਸਾਰ ਇਹਨਾਂ ਦਾ ਜਨਮ ਉਦੇਪੁਰ ਨਗਰ (ਰਾਜਸਥਾਨ) ਵਿਚ ਹੋਇਆ। ਇਹਨਾਂ ਨੇ ਮੀਰਾਂਬਾਈ ਤੋਂ ਭਗਤੀ ਦਾ ਗਿਆਨ ਪ੍ਰਾਪਤ ਕੀਤਾ। ਇਹਨਾਂ ਦੇ ਮਾਤਾ ਪਿਤਾ ਬੁੱਧੀਮਾਨ ਨਹੀਂ ਸਨ। ਇਹਨਾਂ

ਦਾ ਵਿਆਹ ਮਰਿਆਦਾ ਅਨੁਸਾਰ ਕੀਤਾ ਗਿਆ। ਇਹ ਪਤੀ ਅਤੇ ਸੱਸ ਦੀ ਬਹੁਤ ਸੇਵਾ ਕਰਦੀ ਪਰੰਤੂ ਇਹਨਾਂ ਦੇ ਪਤੀ ਅਤੇ ਸੱਸ ਦੇ ਮਨ ਵਿਚ ਭਗਤੀ-ਭਾਵ ਨਹੀਂ ਸੀ। ਇਹਨਾਂ ਦੀ ਇੱਛਾ ਹੋਈ ਕਿ ਪਤੀ ਅਤੇ ਸੱਸ ਦੇ ਮਨ ਵਿਚ ਭਗਤੀ ਭਾਵ ਪੈਦਾ ਕੀਤੀ ਜਾਏ। ਇਹ ਇਹਨਾਂ ਨੂੰ ਉਪਦੇਸ਼ ਦਿੰਦੀ ਕਿ ਵਿਅਕਤੀ ਨੂੰ ਘਰ ਕੰਮ ਕਰਦੇ ਸਮੇਂ ਆਪਣਾ ਮਨ ਪ੍ਰਭੂ ਦੇ ਸਿਮਰਨ ਕਰਨ ਵਿਚ ਲਾਉਣਾ ਚਾਹੀਦਾ ਹੈ।

ਕਰਮਾਂਬਾਈ ਪਤੀ ਅਤੇ ਸੱਸ ਦੇ ਉਠਣ ਤੋਂ ਪਹਿਲਾਂ ਸਵੇਰੇ ਖਿਚੜੀ ਤਿਆਰ ਕਰਦੀ ਅਤੇ ਭਗਵਾਨ ਨੂੰ ਪਿਆਰ ਨਾਲ ਖੁਆਉਂਦੀ। ਇਕ ਦਿਨ ਇਹਨਾਂ ਦੇ ਘਰ ਇਕ ਸਾਧੂ ਆਇਆ ਅਤੇ ਉਸ ਨੇ ਕਰਮਾਂਬਾਈ ਨੂੰ ਸੰਪਰਦਾਇਕ ਢੰਗ ਅਤੇ ਆਚਾਰ ਅਨੁਸਾਰ ਖਿਚੜੀ ਤਿਆਰ ਕਰਕੇ ਭਗਵਾਨ ਨੂੰ ਖੁਆਉਣ ਦਾ ਉਪਦੇਸ਼ ਦਿਤਾ। ਇਸ ਤਰ੍ਹਾਂ ਕਰਨ ਨਾਲ ਦੇਰੀ ਹੋ ਗਈ ਅਤੇ ਭਗਵਾਨ ਨਾਰਾਜ਼ ਹੋ ਗਏ। ਇਹਨਾਂ ਦੇ ਪ੍ਰਾਰਥਨਾ ਕਰਨ ਤੇ ਭਗਵਾਨ ਨੇ ਖਿਚੜੀ ਸਵੀਕਾਰ ਕੀਤੀ ਅਤੇ ਤੱਤ-ਗਿਆਨ ਦਾ ਉਪਦੇਸ਼ ਦਿਤਾ। ਜਦੋਂ ਸਾਧੂ ਨੂੰ ਪਤਾ ਲਗਾ ਕਿ ਪ੍ਰਭੂ ਤਾਂ ਪ੍ਰੇਮ ਭਾਉ ਦੇ ਭੁੱਖੇ ਹਨ ਤੇ ਉਸ ਨੇ ਕਰਮਾਂਬਾਈ ਤੋਂ ਖਿਮਾਂ ਮੰਗੀ ਅਤੇ ਸਿਖਿਆ ਗ੍ਰਹਿਣ ਕੀਤੀ। ਪਰਚੀਕਾਰ ਅਨੁਸਾਰ ਇਹਨਾਂ ਦੇ ਮਨ ਵਿਚ ਪ੍ਰਭੂ ਪ੍ਰਤੀ ਅਨੰਤ ਸੇਵਾ ਭਾਵਨਾ ਮੌਜੂਦ ਸੀ।

ਅੱਜ ਵੀ ਕਰਮਾਂਬਾਈ ਦੇ ਮੰਦਰ ਵਿਚ ਪਹਿਲਾਂ ਕਰਮਾਂਬਾਈ ਦੀ ਖਿਚੜੀ ਦਾ ਭੋਗ ਲਗਾਇਆ ਜਾਂਦਾ ਹੈ।

ਪਰਚੀ ਵਿਚ ਕਰਮਾਂਬਾਈ ਤੇ ਮੀਰਾਂਬਾਈ ਨੂੰ ਸਮਕਾਲੀ ਦੱਸਿਆ ਗਿਆ ਹੈ ਜੋ ਇਤਿਹਾਸਕ ਪੱਖੋਂ ਠੀਕ ਨਹੀਂ ਹੈ ਕਿਉਂਕਿ ਇਹਨਾਂ ਦੇ ਜੀਵਨ-ਕਾਲ ਵਿਚ ਲਗਭਗ ਪੰਜ ਸਦੀਆਂ ਦਾ ਅੰਤਰ ਹੈ।

ਪਰਚੀਕਾਰ ਨੇ ਕਰਮਾਂਬਾਈ ਦਾ ਜਨਮ ਸਥਾਨ ਉਦੇਪੁਰ ਨਗਰ ਲਿਖਿਆ ਹੈ। ਆਚਾਰੀਆ ਪਰਸੁਰਾਮ ਚਤੁਰਵੇਦੀ ਨੇ 'ਮੀਰਾਂਬਾਈ ਕੀ ਪਦਾਵਲੀ' ਵਿਚ ਲਿਖਿਆ ਹੈ ਕਿ ਇਹਨਾਂ ਦਾ ਜਨਮ ਵਰਤਮਾਨ ਝਾਂਸੀ ਜਿਲ੍ਹੇ ਦੇ ਕਿਸੀ ਪਿੰਡ ਵਿਚ ਹੋਇਆ ਸੀ ਅਤੇ ਫਿਰ ਇਹ ਜਗਨਨਾਥ ਪੁਰੀ ਵਿਚ ਰਹਿਣ ਲਗ ਪਈ।

(9) **ਪਰਚੀ ਪੀਪੇ ਜੀ ਕੀ**

ਸੰਤ ਸਾਹਿਤ ਵਿਚ ਪੀਪਾ ਭਗਤ ਦਾ ਵਿਸ਼ੇਸ਼ ਥਾਂ ਹੈ। ਇਹਨਾਂ ਦਾ ਜੀਵਨ ਸਮਾਂ ਸੰਮਤ 1465 ਮੰਨਿਆ ਗਿਆ ਹੈ। ਇਹਨਾਂ ਨੇ ਆਪਣਾ ਰਾਜ-ਭਾਗ ਅਤੇ ਸੰਸਾਰੀ ਸੁੱਖਾਂ ਦਾ ਤਿਆਗ ਕਰਕੇ ਭਗਤੀ ਮਾਰਗ ਗ੍ਰਹਿਣ ਕੀਤਾ ਸੀ।

ਪਰਚੀਕਾਰ ਅਨੁਸਾਰ ਇਹਨਾਂ ਦੀ ਜਾਤ 'ਟਾਕ' ਸੀ ਪਰ ਵਿਦਵਾਨਾਂ ਨੇ ਇਹਨਾ ਨੂੰ ਖੀਂਚੀ ਵੰਸ਼ ਦੇ ਰਾਜਪੂਤ ਦੱਸਿਆ ਹੈ। ਕਵੀ ਅਨੁਸਾਰ ਇਹ ਟੋਡੇ ਦੇ ਰਾਜਾ ਸਨ। ਪਰਚੀ ਵਿਚ ਇਕ ਹੋਰ ਥਾਂ ਤੇ ਇਹਨਾਂ ਨੂੰ ਉਜੈਨ ਨਗਰ ਦਾ ਤਿਆਗ ਕਰਕੇ ਸਵਾਮੀ ਰਾਮਾਨੰਦ ਪਾਸ ਦੀਖਿਆ ਪ੍ਰਾਪਤ ਕਰਨ ਲਈ ਬਨਾਰਸ ਜਾਣ ਦਾ ਜਿਕਰ ਹੋਇਆ ਹੈ ਪਰ ਪੀਪਾ ਟੋਡੇ ਜਾਂ ਉਜੈਨ ਦੇ ਰਾਜਾ ਨਹੀਂ ਸਨ। ਵਿਦਵਾਨਾਂ ਨੇ ਇਹਨਾਂ ਦਾ ਜਨਮ ਸਥਾਨ ਅਤੇ ਰਾਜ ਗਾਂਗਰੌਨਗੜ੍ਹ ਮੰਨਿਆ ਹੈ। ਇਹ ਆਪਣੇ ਮਹਲ ਵਿਚ ਹਰ ਰੋਜ਼ ਮਹਾਂਮਾਈ ਦੀ

ਵਿਧੀ-ਪੂਰਵਕ ਪੂਜਾ ਕਰਦੇ ਸਨ। ਇਹਨਾਂ ਦੇ ਮਹਲ ਵਿਚ ਹਮੇਸ਼ਾਂ ਸੰਤਾਂ-ਸਾਧੂਆਂ ਦਾ ਸਮਾਗਮ ਹੁੰਦਾ ਸੀ। ਸਮਾਗਮ ਸਮੇਂ ਇਕ ਸੰਤ ਨੇ ਕਿਹਾ ਕਿ ਜੇਕਰ ਤੁਸੀਂ ਮੁਕਤੀ ਦੀ ਪ੍ਰਾਪਤੀ ਕਰਨਾ ਚਾਹੁੰਦੇ ਹੋ ਤਾਂ ਮਹਾਮਾਈ ਦੀ ਪੂਜਾ ਕਰਨਾ ਛਡ ਦਿਓ। ਉਸੇ ਸਾਧੂ ਦੀ ਪ੍ਰੇਰਣਾ ਨਾਲ ਇਹਨਾਂ ਨੇ ਬਨਾਰਸ ਜਾ ਕੇ ਗੁਰੂ ਰਾਮਾਨੰਦ ਤੋਂ ਦੀਖਿਆ ਪ੍ਰਾਪਤ ਕੀਤੀ। ਇਹ ਦੀਖਿਆ ਲੈਣ ਉਪਰੰਤ ਮੁੜ ਮਹਲਾਂ ਵਿਚ ਆ ਗਏ। ਇਹਨਾਂ ਨੂੰ ਮਿਲਣ ਲਈ ਗੁਰੂ ਰਾਮਾਨੰਦ, ਕਬੀਰ, ਰਵਿਦਾਸ ਆਦਿ ਹੋਰ ਕਈ ਸੰਤਾਂ-ਸਾਧੂਆਂ ਸਮੇਤ ਆਏ। ਇਹਨਾਂ ਨੇ ਇਹਨਾਂ ਦੀ ਕਾਫੀ ਸੇਵਾ ਕੀਤੀ। ਇਸ ਉਪਰੰਤ ਪੀਪਾ ਅਤੇ ਇਹਨਾਂ ਦੀ ਕੇਵਲ ਇਕ ਹੀ ਰਾਣੀ ਸੀਤਾ ਕਈ ਕਸ਼ਟ ਝੇਲਦੀ ਹੋਈ ਕਾਸ਼ੀ ਅਤੇ ਦੁਆਰਕਾਪੁਰੀ ਪਹੁੰਚੀ। ਇਹਨਾਂ ਥਾਵਾਂ ਤੋਂ ਪਰਤਣ ਉਪਰੰਤ ਇਹਨਾਂ ਨੇ ਆਪਣੇ ਰਾਜ ਵਿਚ ਹੀ ਸੰਤਾਂ ਦੀ ਸੇਵਾ ਅਤੇ ਹਰਿਨਾਮ ਦਾ ਸਿਮਰਨ ਕਰਨ ਵਿਚ ਬਾਕੀ ਜੀਵਨ ਬਤੀਤ ਕੀਤਾ।

ਪਰਚੀ ਵਿਚ ਕਈ ਚਮਤਕਾਰੀ ਘਟਨਾਵਾਂ ਜਿਵੇਂ ਰਾਮਾਨੰਦ ਦੁਆਰਾ ਬ੍ਰਾਹਮਣ ਨੂੰ ਫਿਰ ਜੀਉਂਦੇ ਕਰਨਾ, ਪੀਪਾ ਦੇ ਦਰਸ਼ਨ ਕਰਨ ਨਾਲ ਸ਼ੇਰ ਦਾ ਆਪਣੀ ਭੈੜੀ-ਵ੍ਰਿਤੀ ਤਿਆਗ ਦੇਣ ਆਦਿ ਦਾ ਵਰਣਨ ਹੋਇਆ ਹੈ।

### (10) ਪਰਚੀ ਸੈਨ ਜੀ ਕੀ

ਸੈਨ ਭਗਤ ਦੀ ਗਿਣਤੀ ਉੱਚ ਸ਼੍ਰੇਣੀ ਦੇ ਭਗਤਾਂ ਵਿਚ ਕੀਤੀ ਜਾਂਦੀ ਹੈ। ਇਹਨਾਂ ਦਾ ਦੇਹਾਂਤ ਸਮਾਂ ਸੰਮਤ 1505 ਮੰਨਿਆ ਗਿਆ ਹੈ। ਇਹਨਾਂ ਦੇ ਮਨ ਵਿਚ ਪਰਮਾਤਮਾ ਦਾ ਨਿਵਾਸ ਸੀ ਤੇ ਮਹਾਨ ਸੰਤ-ਸੇਵੀ ਸਨ।

ਪਰਚੀਕਾਰ ਅਨੁਸਾਰ ਸੈਨ ਜਾਤੀ ਦੇ ਨਾਈ ਸਨ। ਇਹ ਰਾਜ-ਦਰਬਾਰ ਵਿਚ ਨੌਕਰ ਸਨ। ਇਹ ਰਾਤ ਹੋਣ ਤੇ ਰਾਜੇ ਪਾਸ ਜਾ ਕੇ ਉਸ ਦੀ ਸੇਵਾ ਕਰਦੇ ਸਨ। ਬਹੁਤ ਨਿਮਰ ਸੁਭਾ ਵਾਲੇ ਅਤੇ ਸਵੱਛ ਮਨ ਵਾਲੇ ਸਨ। ਇਹ ਦਿਨ ਰਾਤ ਸੰਤਾਂ-ਸਾਧੂਆਂ ਦੀ ਸੇਵਾ ਕਰਨ ਵਿਚ ਹੀ ਰੁੱਝੇ ਰਹਿੰਦੇ ਸਨ। ਜਿੱਥੇ ਕੋਈ ਭਗਵਤ-ਕਥਾ ਹੁੰਦੀ ਉੱਥੇ ਜਾ ਕੇ ਉਸ ਨੂੰ ਸੁਣਦੇ ਸਨ। ਸਾਧੂਆਂ ਦੀ ਸੰਗਤ ਕਰਨ ਨਾਲ ਹੀ ਇਹਨਾਂ ਨੂੰ ਕਰਮਾਂ ਦੇ ਲੇਖੇ ਅਤੇ ਪ੍ਰਭੂ ਭਗਤੀ ਕਰਨ ਬਾਰੇ ਗਿਆਨ ਪ੍ਰਾਪਤ ਹੋਇਆ ਸੀ। ਇਕ ਵਾਰੀ ਇਹਨਾਂ ਦੇ ਘਰ ਵਿਚ ਸਧਨਾ ਸਾਧੂ ਆਇਆ। ਇਹ ਉਸ ਦੀ ਸੇਵਾ ਵਿਚ ਇਨੇ ਲੀਨ ਹੋ ਗਏ ਕਿ ਰਾਜੇ ਦੀ ਸੇਵਾ ਕਰਨ ਲਈ ਨਿਯਤ ਸਮੇਂ ਤੇ ਪੁੱਜ ਨਾ ਸਕੇ। ਇਹਨਾਂ ਦੀ ਗੈਰ-ਹਾਜ਼ਰੀ ਵਿਚ ਭਗਵਾਨ ਨੇ ਸੈਨ ਦਾ ਰੂਪ ਧਾਰਣ ਕਰਕੇ ਰਾਜੇ ਦੀ ਸੇਵਾ ਬੜੇ ਸੁਹਣੇ ਢੰਗ ਨਾਲ ਕੀਤੀ। ਜਦੋਂ ਇਸ ਰਹੱਸ ਦਾ ਰਾਜੇ ਨੂੰ ਪਤਾ ਲਗਾ ਤਾਂ ਉਹਨੇ ਸੈਨ ਦੀ ਉਸਤਤ ਕੀਤੀ ਅਤੇ ਆਪ ਨੂੰ ਵੱਡਾ ਭਗਤ ਕਿਹਾ। ਸੈਨ ਨੇ ਰਾਜੇ ਨੂੰ ਸਵੈ-ਪਹਿਚਾਣ ਬਾਰੇ ਗਿਆਨ ਦਿੱਤਾ।

### (11) ਪਰਚੀ ਸਧਨੇ ਜੀ ਕੀ

ਸਧਨਾ ਮਹਾਨ ਭਗਤ ਸਨ। ਇਹ ਨਾਮਦੇਵ ਦੇ ਸਮਕਾਲੀ ਅਤੇ ਚੌਦ੍ਹਵੀਂ ਸਦੀ ਦੇ ਮੱਧ ਵਿਚ ਜੀਵਿਤ ਸਨ। ਇਹਨਾਂ ਨੇ ਸਾਧੂਆਂ ਦੀ ਸੰਗਤ ਤੋਂ ਪਰਮਾਤਮਾ ਦੀ ਭਗਤੀ ਅਤੇ ਪ੍ਰੇਮ ਪ੍ਰਾਪਤ ਕੀਤਾ ਸੀ।

ਪਰਚੀਕਾਰ ਅਨੁਸਾਰ ਸਧਨਾ ਕਿੱਤੇ ਵਜੋਂ ਪਹਿਲਾਂ ਕਸਾਈ ਸਨ। ਇਹ ਆਪਣੇ ਕੁਲ ਦਾ ਧੰਦਾ ਭਾਵ ਮਾਸ ਵੇਚਣ ਦਾ ਕੰਮ ਕਰਦੇ ਸਨ। ਇਹਨਾ ਦਾ ਪਰਿਵਾਰਕ ਜੀਵਨ ਬੜਾ ਸੁਖਮਈ ਸੀ। ਸਧਨੇ ਦੇ ਮਨ ਵਿਚ ਸੰਤਾਂ-ਸਾਧੂਆਂ ਲਈ ਅਥਾਹ ਸੇਵਾ-ਭਾਵ ਵਿਦ-ਮਾਨ ਸੀ। ਇਹ ਆਪਣੇ ਕੁਲ ਦਾ ਕੰਮ ਕਰਨ ਦੇ ਨਾਲ ਹਰਿਨਾਮ ਦਾ ਸਿਮਰਨ ਵੀ ਕਰਦੇ ਰਹਿੰਦੇ ਸਨ।

ਕਵੀ ਦੇ ਅਨੁਸਾਰ ਇਹਨਾਂ ਦੇ ਜੀਵਨ ਵਿਚ ਇਕ ਅਲੌਕਿਕ ਘਟਨਾ ਵਾਪਰੀ। ਇਕ ਰਾਤ ਸਾਧੂ ਆਇਆ ਤੇ ਉਸ ਨੇ ਇਹਨਾਂ ਤੋਂ ਮਾਸ ਮੰਗਿਆ। ਇਹਨਾਂ ਨੇ ਬਕਰੇ ਨੂੰ ਝਟਕਾਉਣਾ ਚਾਹਿਆ ਪਰ ਉਸ ਨੇ ਕਿਹਾ-ਜੇ ਨਵੇਂ ਸਿਰੇ ਤੋਂ ਲੇਖਾ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਕਰ ਲਵੋ। ਇਹਨਾਂ ਨੇ ਜਦੋਂ ਇਹ ਘਟਨਾ ਸਾਧੂ ਨੂੰ ਸੁਣਾਈ ਤਾਂ ਉਸ ਨੇ ਸੱਚੇ ਕਰਮ ਕਰਨ ਦੇ ਨਾਲ ਨਾਲ ਗੀਤਾ ਦਾ ਉਪਦੇਸ਼ ਦਿਤਾ ਅਤੇ ਕਿਹਾ ਕਿ ਜੈਸਾ ਕਰਮ ਕੋਈ ਕਰੇਗਾ ਉਸ ਨੂੰ ਉਸੀ ਤਰ੍ਹਾਂ ਹੀ ਫਲ ਪ੍ਰਾਪਤ ਹੋਵੇਗਾ। ਉਸ ਸਾਧੂ ਨੇ ਪੰਜ ਯੋਗ ਭਾਵ ਕਰਮ ਯੋਗ, ਅਸ਼ਟਾਂਗ ਯੋਗ, ਸਾਂਖ ਯੋਗ, ਭਗਤੀ ਯੋਗ ਅਤੇ ਗਿਆਨ ਯੋਗ ਦੀ ਵਿਆਖਿਆ ਕੀਤੀ ਅਤੇ ਪ੍ਰਭੂ-ਭਗਤੀ ਨੂੰ ਸਰਵ-ਸ੍ਰੇਸ਼ਟ ਦੱਸਿਆ। ਇਸ ਦਾ ਸਧਨੇ ਦੇ ਮਨ ਤੇ ਡੂੰਘਾ ਪ੍ਰਭਾਵ ਪਿਆ ਅਤੇ ਉਹ ਹੋਰ ਪ੍ਰਭੂ ਦੇ ਨਾਮ ਸਿਮਰਨ ਵਿਚ ਲੀਨ ਹੋ ਗਏ। ਪਰਚੀ ਵਿਚ ਬਾਦਸ਼ਾਹ ਦੁਆਰਾ ਬੁਰਜ ਵਿਚ ਚਿਨਵਾਉਣ ਅਤੇ ਭਗਵਾਨ ਦੁਆਰਾ ਇਹਨਾ ਦੀ ਰੱਖਿਆ ਕਰਨ ਦੀ ਅਲੌਕਿਕ ਘਟਨਾ ਦਾ ਵਰਣਨ ਹੋਇਆ ਹੈ।

**(ਅ) ਪੌਰਾਣਿਕ ਭਗਤ**

**(12) ਪਰਚੀ ਬਾਲਮੀਕ ਜੀ ਕੀ**

ਬਾਲਮੀਕ ਮਹਾਨ ਰਿਸ਼ੀ ਸਨ। ਪਰਚੀਕਾਰ ਅਨੁਸਾਰ ਬਾਲਮੀਕ ਨੀਚ ਕੁਲ ਭਾਵ 'ਸੁਪੱਚ' ਗ੍ਰਿਹ ਵਿਚ ਪੈਦਾ ਹੋਏ ਸਨ। ਇਹਨਾਂ ਦੀ ਪਤਨੀ ਪ੍ਰਤਿਬ੍ਰਤਾ ਸੀ। ਇਕ ਪੁੱਤਰ ਅਤੇ ਇਕ ਪੁੱਤਰੀ ਸੀ ਜੋ ਦੋਵੇਂ ਮਹਾਂ-ਪ੍ਰਬੀਨ ਸਨ। ਇਹਨਾਂ ਦੀ ਮਾਤਾ ਬਿਰਧ ਸੀ ਜੋ ਗਿਆਨਵਾਨ, ਸੁਸ਼ੀਲ ਅਤੇ ਸਤਵੰਤੀ ਸੀ। ਬਾਲਮੀਕ ਆਪਣੀ ਮਾਤਾ ਦੀ ਬਹੁਤ ਸੇਵਾ ਕਰਦੇ ਸਨ। ਇਹ ਪਹਿਲਾਂ ਪਹਿਲਾਂ ਧਰਮ ਵਿਚ ਵਿਵਰਜਤ ਕੰਮ ਕਰਦੇ ਸਨ—ਜਿਵੇਂ ਰਾਹੀਆਂ ਨੂੰ ਲੁੱਟ ਮਾਰ ਕਰਦੇ ਸਨ। ਇਕ ਵਾਰ ਇਹਨਾਂ ਨੇ ਸਾਧੂਆਂ ਨੂੰ ਲੁਟਣਾ ਚਾਹਿਆ ਅਤੇ ਉਹਨਾਂ ਨੇ ਇਹਨਾਂ ਤੋਂ ਪੁਛਿਆ ਕਿ ਜਿਨ੍ਹਾਂ ਬੀਵੀ-ਬੱਚਿਆਂ ਲਈ ਰਾਹੀਆਂ ਨੂੰ ਲੁਟਦੇ ਹੋ ਕੀ ਕਦੀ ਤੁਸੀਂ ਉਹਨਾਂ ਤੋਂ ਪੁਛਿਆ ਹੈ ਕਿ ਕੀ ਉਹ ਇਸ ਪਾਪ ਕਰਮ ਵਿਚ ਤੁਹਾਡੇ ਨਾਲ ਹਿੱਸੇਦਾਰ ਹੋਣਗੇ? ਉਹ ਸਾਧੂ ਉੱਥੇ ਬੈਠ ਗਏ ਅਤੇ ਬਾਲਮੀਕ ਨੇ ਘਰ ਆ ਕੇ ਆਪਣੇ ਪਰਿਵਾਰ ਦੇ ਸਾਰੇ ਜੀਆਂ ਤੋਂ ਪੁਛਿਆ ਪਰ ਸਾਰਿਆਂ ਨੇ ਇਸ ਪਾਪ ਕਰਮ ਵਿਚ ਹਿੱਸੇਦਾਰ ਬਨਣ ਤੋਂ ਇਨਕਾਰ ਕਰ ਦਿਤਾ। ਇਹਨਾਂ ਨੇ ਇਹ ਸਾਰੀ ਵਾਰਤਾ ਸਾਧੂਆਂ ਨੂੰ ਦੱਸੀ। ਸਾਧੂਆਂ ਦੇ ਉਪਦੇਸ਼ ਕਰਨ ਤੇ ਇਹ ਉੱਥੇ ਹੀ ਪ੍ਰਭੂ ਭਗਤੀ ਕਰਨ ਲਈ ਬੈਠ ਗਏ। 12 ਵਰ੍ਹੇ ਬੀਤਣ ਉਪਰੰਤ ਉਹੀ ਸਾਧੂ ਇਸੀ ਮਾਰਗ ਤੇ ਗੁਜਰੇ ਤਾਂ ਉਹਨਾਂ ਨੂੰ ਪਿਛਲੀ ਘਟਨਾ ਦੀ ਯਾਦ ਆਈ। ਉਹਨਾਂ ਨੇ ਆਪਣਾ ਪੈਰ ਲਗਾਇਆ ਤੇ ਵੇਖਿਆ ਕਿ ਬਾਲਮੀਕ ਉੱਤੇ ਕੀੜੀਆਂ ਨੇ ਬਾਂਬੀ ਬਣਾ ਲਈ ਹੈ। ਸਾਧੂਆਂ ਨੇ ਇਹਨਾਂ ਨੂੰ ਵਿਚੋਂ ਕੱਢਿਆ। ਹੁਣ ਉਹ ਪੂਰਣ ਸੰਤ ਬਣ ਗਏ

ਸਨ। ਇਹਨਾਂ ਨੇ ਆਪਣਾ ਬਾਕੀ ਦਾ ਸਾਰਾ ਜੀਵਨ ਪ੍ਰਭੂ-ਭਗਤੀ ਅਤੇ ਧਰਮ ਦੀ ਕਮਾਈ ਕਰਨ ਵਿਚ ਬਤੀਤ ਕੀਤਾ।

ਪਰਚੀਕਾਰ ਨੇ ਇਹਨਾਂ ਦੇ ਜੀਵਨ ਨਾਲ ਸਬੰਧਤ ਇਕ ਹੋਰ ਘਟਨਾ-ਯੁਧਿਸਟਰ ਰਾਜਾ ਵਲੋਂ ਕੀਤੇ ਗਏ ਯੱਗ ਵਿਚ ਇਹਨਾਂ ਵਲੋਂ ਭੋਜਨ ਖਾਣ ਉਪਰੰਤ ਅਨਹਦ ਨਾਦ ਵੱਜਣ ਅਤੇ ਯੱਗ ਦੇ ਸੰਪੂਰਨ ਹੋਣ ਬਾਰੇ ਦਾ ਵਰਣਨ ਹੋਇਆ ਹੈ।

**(13) ਪਰਚੀ ਸੁਖਦੇਵ ਜੀ ਕੀ**

ਸੁਖਦੇਵ ਮਹਾਂਰਿਸ਼ੀ ਬਾਰੇ ਪਰਚੀਕਾਰ ਨੇ ਇਉਂ ਦੱਸਿਆ ਹੈ ਕਿ ਜਦੋਂ ਸ਼ਿਵ ਜੀ ਪਾਰਬਤੀ ਨੂੰ ਬ੍ਰਹਮ-ਗਿਆਨ ਦੇ ਰਹੇ ਸਨ ਤਾਂ ਉਸ ਨੂੰ ਨੀਂਦ ਆ ਗਈ ਅਤੇ ਇਹਨਾਂ ਨੇ ਬ੍ਰਹਮ-ਗਿਆਨ ਸੁਣ ਲਿਆ। ਸ਼ਿਵ ਜੀ ਇਹਨਾਂ ਦੇ ਪਿੱਛੇ ਦੌੜੇ ਤਾਂ ਇਹ ਵਿਆਸ ਦੀ ਪਤਨੀ ਦੇ ਗਰਭ ਵਿਚ ਜਾ ਵਸੇ। 12 ਵਰ੍ਹੇ ਬਾਅਦ ਬਾਹਰ ਆਏ। ਜਨਮ ਲੈਂਦਿਆਂ ਹੀ ਇਹ ਤਪ ਕਰਨ ਲਈ ਬਨ ਵਿਚ ਚਲੇ ਗਏ। ਜਦੋਂ ਇਹ ਜਾ ਰਹੇ ਸਨ ਤਾਂ ਰਸਤੇ ਵਿਚ ਅਪਸਰਾਵਾਂ ਇਸ਼ਨਾਨ ਕਰ ਰਹੀਆਂ ਸਨ। ਇਨ੍ਹਾਂ ਨੂੰ ਵੇਖ ਕੇ ਉਹਨਾਂ ਨੇ ਕਪੜੇ ਨਹੀਂ ਪਾਏ ਅਤੇ ਜਦੋਂ ਵਿਆਸ ਲੰਘਣ ਲਗਿਆ ਤਾਂ ਕਪੜੇ ਪਾ ਲਏ। ਵਿਆਸ ਦੇ ਪੁੱਛਣ ਤੇ ਉਹਨਾਂ ਨੇ ਉੱਤਰ ਦਿੱਤਾ ਕਿ ਸੁਖਦੇਵ ਅਤੀਤ ਅਵਸਥਾ ਤੇ ਪਹੁੰਚ ਚੁਕੇ ਹਨ—ਤੁਸੀ ਨਹੀਂ। ਇਹ ਬਨ ਤੋਂ ਤਪੱਸਿਆ ਕਰਕੇ ਵਾਪਸ ਆਏ ਤੇ ਇਹਨਾਂ ਨੇ ਵਿਆਸ ਨਾਲ ਗਿਆਨ-ਚਰਚਾ ਕੀਤੀ। ਇਹ ਸੰਤੁਸ਼ਟ ਨਾ ਹੋਏ। ਇਹਨਾਂ ਦੇ ਪਿਤਾ ਨੇ ਰਾਜਾ ਜਨਕ ਪਾਸ ਸੰਤੁਸ਼ਟੀ ਲਈ ਭੇਜ ਦਿਤਾ। ਪਹਿਲਾਂ ਤਾਂ ਰਾਜਾ ਜਨਕ ਇਹਨਾਂ ਨੂੰ ਨਾ ਮਿਲੇ ਪਰ ਇਹਨਾਂ ਦੇ ਮਿਲਣ ਦੇ ਦ੍ਰਿੜ੍ਹ ਸੰਕਲਪ ਕਾਰਣ ਮਿਲਾਪ ਹੋ ਹੀ ਗਿਆ। ਰਾਜਾ ਜਨਕ ਨਾਲ ਗਿਆਨ ਗੋਸ਼ਟੀ ਹੋਈ। ਫਿਰ ਇਹਨਾਂ ਨੂੰ ਅਨੁਭਵ ਹੋਇਆ ਕਿ ਜੋ ਗਿਆਨ ਸ਼ਿਵ ਜੀ ਨੇ ਸੁਣਾਇਆ ਸੀ, ਜੋ ਪਿਤਾ ਵਿਆਸ ਨੇ ਦੱਸਿਆ ਸੀ, ਉਸੇ ਗਿਆਨ ਦੀ ਰਾਜਾ ਜਨਕ ਨੇ ਵਿਆਖਿਆ ਕੀਤੀ ਹੈ। ਇਹਨਾਂ ਦੇ ਅੱਗੇ ਕਈ ਪ੍ਰਕਾਰ ਦੇ ਭੋਜਨ ਪਰੋਸੇ ਗਏ ਪਰ ਇਹਨਾਂ ਦੀ ਦ੍ਰਿਸ਼ਟੀ ਵਿਚ ਸਵਾਦ-ਅਸਵਾਦ ਦੋਵੇਂ ਬਰਾਬਰ ਸਨ। ਇਹ ਮਿਲਣ ਉਪਰੰਤ ਵਾਪਸ ਆ ਗਏ।

**(14) ਪਰਚੀ ਬਧਕ ਜੀ ਕੀ**

ਬਧਕ ਭਗਤ ਬਾਰੇ ਪਰਚੀਕਾਰ ਨੇ ਇਉਂ ਪਰਿਚਯ ਦਿੱਤਾ ਹੈ ਕਿ ਇਹਨਾਂ ਦਾ ਪਰਿਵਾਰਕ ਜੀਵਨ ਬੜਾ ਸੁੱਖਮਈ ਸੀ। ਇਹਨਾਂ ਦੀ ਪਤਨੀ ਲੋਦੀਆ ਸੁਸ਼ੀਲ ਸੁਭਾ ਦੀ ਸੀ। ਇਹ ਬਨ ਵਿਚੋਂ ਪੰਛੀਆਂ ਨੂੰ ਪਕੜ ਕੇ ਬਾਜ਼ਾਰ ਵਿਚ ਵੇਚ ਕੇ ਉਸ ਦੀ ਆਮਦਨ ਨਾਲ ਘਰ ਦਾ ਗੁਜ਼ਾਰਾ ਕਰਦੇ ਸਨ। ਇਕ ਵਾਰੀ ਇਹ ਜੰਗਲ ਵਿਚੋਂ ਪੰਛੀ ਪਕੜਨ ਦੇ ਲਈ ਗਏ ਤਾਂ ਕਾਫ਼ੀ ਸਮੇਂ ਤਕ ਕੋਈ ਪੰਛੀ ਜਾਲ ਵਿਚ ਨਾ ਫਸ ਸਕਿਆ। ਇਹਨਾਂ ਨੇ ਵੇਖਿਆ ਕਿ ਇਕ ਤਪੱਸਵੀ ਤਪੱਸਿਆ ਕਰ ਰਿਹਾ ਹੈ। ਇਹਨਾਂ ਨੇ ਉਸ ਤਪੱਸਵੀ ਦੇ ਅੱਗੇ ਪ੍ਰਾਰਥਨਾ ਕੀਤੀ ਤੇ ਮਨ ਵਿਚ ਕਿਹਾ ਕਿ ਜੇਕਰ ਜਾਲ ਵਿਚ ਫਸ ਗਿਆ ਤਾਂ ਅੱਧਾ ਅਰਪਿਤ ਕਰਾਂਗਾ। ਪੰਛੀ ਜਾਲ ਵਿਚ ਫਸ ਗਿਆ ਤੇ ਇਹ ਤਪੱਸਵੀ ਪਾਸ ਲੈ ਕੇ ਗਏ। ਤਪੱਸਵੀ ਇਹਨਾਂ ਦੀ ਹਿੰਸਾਤਮਕ ਵ੍ਰਿਤੀ ਨੂੰ ਛੁਡਵਾਉਣਾ ਚਾਹੁੰਦਾ ਸੀ ਇਸ ਲਈ ਉਸ ਨੇ ਇਹਨਾਂ ਨੂੰ ਕਿਹਾ ਕਿ ਮੈਨੂੰ ਇਹ ਪੰਛੀ ਨਹੀਂ ਚਾਹੀਦਾ। ਜੇਕਰ ਤੁਸੀਂ ਮੈਨੂੰ ਪੰਛੀ ਦੇਣਾ ਹੀ

ਚਾਹੁੰਦੇ ਹੋ ਤਾਂ ਪੀਲੇ ਰੰਗ ਦਾ ਪੰਛੀ ਭਾਵ ਚਤੁਰਭੁਜ ਪੰਛੀ ਪਕੜ ਕੇ ਦਿਓ। ਉਸ ਨੇ ਸੋਚਿਆ ਕਿ ਨਾ ਇਹ ਪੰਛੀ ਮਿਲੇਗਾ ਅਤੇ ਇਸ ਨਾਲ ਇਹਨਾਂ ਦੀ ਹਿੰਸਾਤਮਕ ਵ੍ਰਿਤੀ ਦਾ ਤਿਆਗ ਹੋ ਜਾਏਗਾ।

ਤਪੱਸਵੀ ਦੁਆਰਾ ਵਿਸ਼ਵਾਸ ਦਿਵਾਉਣ ਤੇ ਉਹ ਬਨ ਵਿਚ ਉਸ ਪੰਛੀ ਨੂੰ ਜਾਲ ਵਿਚ ਫਸਾਉਣ ਲਈ ਬੈਠ ਗਏ। ਉਸ ਦੀ ਪਤਨੀ ਨੇ ਕਿਹਾ ਕਿ ਤੁਹਾਨੂੰ ਕਿਸੇ ਨੇ ਠਗੌਰੀ ਲਗਾਈ ਹੈ। ਜਦੋਂ ਇਹਨਾਂ ਦੀ ਬਹੁਤ ਹੀ ਹਾਲਤ ਤਰਸਯੋਗ ਹੋ ਗਈ ਤਾਂ ਸ੍ਰੀ ਕ੍ਰਿਸ਼ਨ ਜੀ ਪੰਛੀ ਬਣ ਕੇ ਆਪ ਇਹਨਾਂ ਦੇ ਜਾਲ ਵਿਚ ਫਸ ਗਏ। ਜਦੋਂ ਬਧਕ ਇਸ ਪੰਛੀ ਨੂੰ ਤਪੱਸਵੀ ਕੋਲ ਲੈ ਕੇ ਗਏ ਤਾਂ ਉਸ ਦੀ ਹੈਰਾਨੀ ਵਾਲੀ ਹੱਦ ਨਾ ਰਹੀ। ਭਗਵਾਨ ਨੇ ਅਸਲੀ ਰੂਪ ਵਿਚ ਆ ਕੇ ਦੋਵਾਂ ਨੂੰ ਤੱਤ-ਗਿਆਨ ਦਿਤਾ। ਇਸ ਤਰ੍ਹਾਂ ਬਧਕ ਅਤੇ ਤਪੱਸਵੀ ਦੋਵਾਂ ਦਾ ਜੀਵਨ ਸਫਲ ਹੋ ਗਿਆ ਅਤੇ ਉਹ ਦੋਵੇਂ ਜੀਵਨ-ਮੁਕਤ ਬਣ ਗਏ।

### (15) ਪਰਚੀ ਧ੍ਰੂਅ ਜੀ ਕੀ

ਧ੍ਰੂ ਭਗਤ ਆਪਣੀ ਭਗਤੀ ਕਾਰਨ ਸਾਰੇ ਜਗਤ ਵਿਚ ਪ੍ਰਸਿੱਧ ਹਨ। ਪਰਚੀਕਾਰ ਅਨੁਸਾਰ ਮਨੂ ਦੇ ਪੁੱਤਰ ਉਤਾਨਪਾਦ ਸਨ। ਰਾਜਾ ਉਤਾਨਪਾਦ ਦੀਆਂ ਦੋ ਰਾਣੀਆਂ, ਸੁਨੀਤੀ ਅਤੇ ਸੁਰੁਚੀ ਸਨ। ਧ੍ਰੂ ਦੀ ਮਾਤਾ ਸੁਨੀਤੀ ਸੀ। ਇਹ ਆਪ ਬਹੁਤ ਸੁਹਣੇ ਸਰੂਪ ਵਾਲੇ ਸਨ ਜਿਸ ਕਾਰਨ ਪਿਤਾ ਇਹਨਾਂ ਨੂੰ ਬਹੁਤ ਪਿਆਰ ਕਰਦਾ ਸੀ। ਪਰ ਉਸ ਦਾ ਇਹਨਾਂ ਦੀ ਮਾਤਾ ਨਾਲ ਬਹੁਤ ਪਿਆਰ ਨਹੀਂ ਸੀ ਤੇ ਉਹ ਰਾਣੀ ਸੁਰੁਚੀ ਨਾਲ ਜ਼ਿਆਦਾ ਸਨੇਹ ਕਰਦਾ ਸੀ। ਇਕ ਵਾਰ ਇਹ ਆਪਣੇ ਪਿਤਾ ਦੀ ਗੋਦ ਵਿਚ ਬੈਠੇ ਤਾਂ ਇਹਨਾਂ ਦੀ ਮਤ੍ਰੇਈ ਮਾਤਾ ਸੁਰੁਚੀ ਨੇ ਕਿਹਾ ਕਿ ਜੇਕਰ ਤੂੰ ਗੋਦ ਵਿਚ ਹੀ ਬੈਠਣਾ ਹੈ ਤਾਂ ਪਹਿਲਾਂ ਮੇਰੇ ਉਦਰ ਵਿਚੋਂ ਜਨਮ ਲੈਣਾ ਸੀ। ਇਸ ਗਲ ਤੇ ਇਹਨਾਂ ਦਾ ਮਨ ਦੁਖਿਆ ਅਤੇ ਰੋਂਦੇ ਰੋਂਦੇ ਆਪਣੀ ਮਾਤਾ ਪਾਸ ਗਏ। ਮਾਤਾ ਨੇ ਕਿਹਾ ਕਿ ਭਗਤੀ ਦੀ ਘਾਟ ਹੈ। ਇਹਨਾਂ ਦੇ ਮਨ ਵਿਚ ਵੈਰਾਗ ਪੈਦਾ ਹੋ ਗਿਆ। ਇਹਨਾਂ ਨੇ ਕਿਹਾ ਕਿ ਮੈਂ ਭਗਤੀ ਕਰਕੇ ਉਹ ਪਦਵੀ ਪ੍ਰਾਪਤ ਕਰਾਂਗਾ ਜਿਹੜੀ ਕਿਸੀ ਨੇ ਵੀ ਅਜੇ ਤਕ ਪ੍ਰਾਪਤ ਨਾ ਕੀਤੀ ਹੋਵੇ।

ਧ੍ਰੂ ਤਪੱਸਿਆ ਕਰਨ ਲਈ ਜੰਗਲ ਵਿਚ ਚਲੇ ਗਏ। ਪਹਿਲਾਂ ਇਹਨਾਂ ਨੂੰ ਸਪਤਰਿਸ਼ੀ ਮਿਲੇ। ਇਹਨਾਂ ਰਿਸ਼ੀਆਂ ਨੇ ਪ੍ਰਭੂ-ਭਗਤੀ ਨੂੰ ਸ੍ਰੇਸ਼ਟ ਦੱਸਿਆ। ਫਿਰ ਇਹਨਾਂ ਦਾ ਮਿਲਾਪ ਭਗਤ ਨਾਰਦ ਨਾਲ ਹੋਇਆ। ਉਹਨਾਂ ਨੇ ਇਹਨਾਂ ਨੂੰ 'ਓ ਨਮੋ ਭਗਵਤੇ ਵਾਸੁਦੇਵਾਯ' ਨਾਮਕ ਦੁਆਦਸ਼ ਅੱਖਰੀ ਗੁਪਤ ਮੰਤ੍ਰ ਦੱਸਿਆ। ਇਹ ਮਥੁਰਾ ਬਨ ਵਿਚ ਤਪੱਸਿਆ ਕਰਨ ਲਗੇ। ਇਹਨਾਂ ਦੀ ਕਰੜੀ ਤਪੱਸਿਆ ਕਾਰਨ ਦੇਵੀ, ਦੇਵਤੇ, ਕਿੰਨਰ, ਗੰਧਰਵ ਸਾਰੇ ਭੈ-ਭੀਤ ਹੋ ਗਏ। ਦੈਂਤਾਂ ਨੇ ਵੀ ਇਹਨਾਂ ਨੂੰ ਡਰਾਇਆ ਪਰ ਇਹ ਅਡੋਲ ਰਹੇ। ਅਖੀਰ ਵਿਸ਼ਨੂੰ ਜੀ ਨੇ ਇਹਨਾਂ ਨੂੰ ਪ੍ਰਤੱਖ ਦਰਸ਼ਨ ਦਿਤੇ। ਇਹਨਾ ਉੱਤੇ ਅਪਾਰ ਕਿਰਪਾ ਕੀਤੀ ਤੇ ਆਪਣੇ ਨਾਲ ਬੈਕੁੰਠ ਲੈ ਗਏ। ਇਹਨਾਂ ਨੂੰ ਸਪਤ ਰਿਸ਼ੀਆਂ ਦੇ ਉਪਰ ਬਿਠਾ ਦਿੱਤਾ ਅਤੇ ਅਟੱਲ ਪਦਵੀ ਪ੍ਰਦਾਨ ਕੀਤੀ। ਇਸ ਲਈ ਧ੍ਰੂ ਅਟੱਲਤਾ ਪਦਵੀ ਦੇ ਸੁਆਮੀ ਬਣੇ।

**(16) ਪਰਚੀ ਪਹਿਲਾਦ ਜੀ ਕੀ**

ਪ੍ਰਹਿਲਾਦ ਭਗਤ ਦੈਂਤਪਤੀ ਹਰਨਕਸ਼ਪ ਦੇ ਪੁੱਤਰ ਅਤੇ ਵਿਸ਼ਣੂ ਭਗਤ ਸਨ। ਇਹਨਾਂ ਦੇ ਪਿਤਾ ਨੇ ਕਈ ਕਸ਼ਟ ਦਿੱਤੇ ਪਰ ਇਹ ਭਗਤੀ ਮਾਰਗ ਤੇ ਅਨੁਸਾਰੀ ਰਹੇ। ਆਖੀਰ ਵਿਸ਼ਣੂ ਨੇ ਨਰ-ਸਿੰਘ ਦਾ ਅਵਤਾਰ ਧਾਰਨ ਕਰਕੇ ਹਰਨਕਸ਼ਪ ਨੂੰ ਮਾਰਿਆ। ਇੰਦ੍ਰਪਦ ਪ੍ਰਾਪਤੀ ਕਰਨ ਵਾਲੇ ਇਹ ਪਹਿਲੇ ਦਾਨਵ ਸਨ। ਭਗਤੀ ਸਾਹਿਤ ਵਿਚ ਹਰਨਕਸ਼ਪ ਨੂੰ ਹਰਨਾਖਸ਼ ਲਿਖਿਆ ਗਿਆ ਹੈ।

ਪਰਚੀਕਾਰ ਅਨੁਸਾਰ ਹਰਨਕਸ਼ਪ ਅਤੇ ਹਰਨਾਕਸ ਪੂਰਵ ਜਨਮ ਵਿਚ ਜੈ ਵਿਜੈ ਸਨ। ਇਹ ਬ੍ਰਹਮਾ ਦੇ ਦਰਬਾਰੀ ਸਨ। ਇਹਨਾਂ ਨੇ ਸਨਕ ਸਨੰਦਨ ਨੂੰ ਬ੍ਰਹਮਾ ਪਾਸੋਂ ਆਗਿਆ ਲਏ ਬਿਨਾਂ ਅੰਦਰ ਜਾਣ ਦਿੱਤਾ ਜਿਸ ਦੇ ਫਲਸਰੂਪ ਇਹਨਾਂ ਨੂੰ ਤਿੰਨ ਜਨਮ ਨਿਸ਼ਾਚਰ ਹੋਣ ਦਾ ਸਰਾਪ ਦਿਤਾ। ਜੈ ਵਿਜੈ ਨੇ ਹਰਨਾਕਸ਼ ਅਤੇ ਹਰਨਕਸ਼ਿਪ ਬਣ ਕੇ ਜਨਮ ਲਿਆ। ਹਰਨਾਕਸ਼ ਨੇ ਸਾਰੀ ਸੁਰ ਜਾਤੀ ਨੂੰ ਦੁੱਖੀ ਕੀਤਾ। ਦੇਵਤਿਆਂ ਦੇ ਬੇਨਤੀ ਕਰਨ ਤੇ ਬ੍ਰਹਮਾ ਨੇ ਹਰਨਾਕਸ਼-ਬੱਧ ਕੀਤਾ। ਹਰਨਕਸ਼ਿਪ ਨੇ ਆਪਣੇ ਭਾਈ ਦਾ ਬਦਲਾ ਲੈਣ ਲਈ ਮਦ੍ਰਾਚਲ ਪਹਾੜ ਤੇ ਜਾਕੇ ਤਪ ਕਰਨਾ ਸ਼ੁਰੂ ਕਰ ਦਿੱਤਾ। ਇਸ ਤਪੱਸਿਆ ਨਾਲ ਸੁਰ ਘਬਰਾਉਣ ਲਗੇ ਅਤੇ ਉਹਨਾਂ ਨੇ ਅਸੁਰ ਨਗਰੀ ਤੇ ਧਾਵਾ ਬੋਲ ਦਿਤਾ। ਸੁਰਪਤੀ, ਹਰਨਕਸ਼ਪ ਦੀ ਇਸਤਰੀ, ਜਿਸ ਨੂੰ ਗਰਭ ਸੀ, ਮਾਰਨ ਜਾ ਰਿਹਾ ਸੀ ਤਾਂ ਰਸਤੇ ਵਿਚ ਨਾਰਦ ਉਸ ਨੂੰ ਘਰ ਲੈ ਗਿਆ ਅਤੇ ਵਿਸ਼ਣੂ ਭਗਤੀ ਦਾ ਉਪਦੇਸ਼ ਦਿੱਤਾ।

ਹਰਨਕਸ਼ਪ ਨੇ ਕਠਨ ਤਪੱਸਿਆ ਕਰਨ ਉਪਰੰਤ ਅਮਰ ਹੋਣ ਦਾ ਵਰ ਪ੍ਰਾਪਤ ਕੀਤਾ। ਉਸ ਨੇ ਸਾਰੇ ਅਸੁਰਾਂ ਨੂੰ ਇਕੱਠਾ ਕੀਤਾ ਅਤੇ ਮੁੜ ਅਸੁਰ ਨਗਰੀ ਨੂੰ ਖੁਸ਼ੀਆਂ ਭਰਿਆ ਬਣਾਇਆ। ਉਹ ਨਾਰਦ ਪਾਸੋਂ ਆਪਣੀ ਇਸਤਰੀ ਵੀ ਲੈ ਆਇਆ। ਫਿਰ ਬਾਲਕ ਪ੍ਰਹਿਲਾਦ ਦਾ ਜਨਮ ਹੋਇਆ। ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਹਰਨਕਸ਼ਪ ਨੇ ਸਾਰੇ ਸੁਰਾਂ ਨੂੰ ਬਹੁਤ ਦੁੱਖੀ ਕੀਤਾ। ਸੁਰ ਬ੍ਰਹਮਾ ਪਾਸ ਗਏ ਤਾਂ ਬ੍ਰਹਮਾ ਨੇ ਉੱਤਰ ਦਿੱਤਾ ਤੁਸੀਂ ਚਿੰਤਾ ਨਾ ਕਰੋ। ਉਸ ਦੇ ਘਰ ਵਿਸ਼ਣੂ ਭਗਤ ਨੇ ਜਨਮ ਲਿਆ ਹੈ। ਪ੍ਰਹਿਲਾਦ ਨੂੰ ਸ਼ੁਕਰਾਚਾਰੀਆ ਪੁਰੋਹਿਤ ਦੇ ਦੋਵੇਂ ਪੁੱਤਰਾਂ ਸੰਡਾ ਮਰਕਾ ਦੀ ਪਾਠਸ਼ਾਲਾ ਵਿਚ ਪੜ੍ਹਨ ਲਈ ਭੇਜਿਆ ਗਿਆ ਪਰ ਉਹ ਪ੍ਰਹਿਲਾਦ ਕੋਲੋਂ ਹਰਨਕਸ਼ਪ ਨੂੰ ਪ੍ਰਭੂ ਮੰਨ ਕੇ ਉਸ ਦੀ ਭਗਤੀ ਨਾ ਕਰਵਾ ਸਕੇ। ਹਰਨਕਸ਼ਪ ਬਹੁਤ ਦੁੱਖੀ ਹੋਇਆ। ਉਸ ਨੇ ਪ੍ਰਹਿਲਾਦ ਨੂੰ ਕਈ ਪ੍ਰਕਾਰ ਦੇ ਤਸੀਹੇ ਦਿਤੇ ਜਿਵੇਂ ਪਹਾੜ ਤੋਂ ਸੁੱਟਿਆ ਅੱਗ ਵਿਚ ਭਸਮ ਕਰਨ ਦਾ ਯਤਨ ਕੀਤਾ ਆਦਿ ਪਰ ਇਹਨਾ ਦਾ ਕੁਝ ਨਾ ਵਿਗੜਿਆ। ਅਖੀਰ ਜਦੋਂ ਉਹ ਪ੍ਰਹਿਲਾਦ ਨੂੰ ਤਪਦੇ ਥੰਮ ਨਾਲ ਬੰਨ ਕੇ ਮਾਰਨ ਲਗਾ ਤਾਂ ਵਿਸ਼ਨੂੰ ਨੇ ਨਰ-ਸਿੰਘ ਦਾ ਅਵਤਾਰ ਧਾਰਨ ਕਰਕੇ ਹਰਨਕਸ਼ਪ ਨੂੰ ਆਪਣੇ ਨਹੁੰਆਂ ਨਾਲ ਫਾੜ ਦਿਤਾ। ਵਿਸ਼ਣੂ ਨੇ ਇਹਨਾਂ ਨੂੰ ਤਿਲਕ ਲਗਾਇਆ ਅਤੇ ਪਿਤਾ ਦਾ ਰਾਜ ਦਿੱਤਾ।

ਸਾਰ ਰੂਪ ਵਿਚ ਆਖਣਾ ਅਣਉੱਚਿਤ ਨਹੀਂ ਹੋਵੇਗਾ ਕਿ ਭਾਵੇਂ 'ਪ੍ਰੇਮ ਅਬੋਧ'

ਗ੍ਰੰਥ ਵਿਚ ਜਿਨ੍ਹਾਂ ਸੰਤਾਂ-ਭਗਤਾਂ ਦੇ ਜੀਵਨ-ਚਰਿਤ ਅਲੌਕਿਕ ਢੰਗ ਨਾਲ ਪੇਸ਼ ਕੀਤੇ ਗਏ ਹਨ, ਫਿਰ ਵੀ ਪ੍ਰਸਤੁਤ ਸਮੱਗਰੀ ਨੂੰ ਆਧਾਰ ਬਣਾ ਕੇ ਸੰਤਾਂ-ਭਗਤਾਂ ਦੀਆਂ ਜੀਵਨੀਆਂ ਸਹਿਜੇ ਹੀ ਲਿਖਿਆਂ ਜਾ ਸਕਦੀਆਂ ਹਨ। ਇਹ ਗ੍ਰੰਥ ਪੰਜਾਬੀ ਛੰਦ-ਬੱਧ ਜੀਵਨੀਆਂ ਵਿਚ ਮਹੱਤਵਪੂਰਨ ਸਥਾਨ ਦਾ ਅਧਿਕਾਰੀ ਹੈ ਇਸ ਲਈ ਪੰਜਾਬੀ ਸਾਹਿਤ ਦਾ ਇਹ ਅਮੋਲਕ ਖਜ਼ਾਨਾ ਹੈ।

**ਦਾਰਸ਼ਨਿਕ ਵਿਚਾਰਧਾਰਾ**

ਕਵੀ ਦਾ ਉਦੇਸ਼ 'ਪ੍ਰੇਮ ਅੰਬੋਧ' ਗ੍ਰੰਥ ਵਿਚ ਗੂੜ੍ਹ ਦਾਰਸ਼ਨਿਕ ਸਮੱਸਿਆਵਾਂ ਨੂੰ ਪੇਸ਼ ਕਰਨਾ ਨਾ ਹੋਣ ਦੇ ਬਾਵਜੂਦ ਕੁਝ ਦਾਰਸ਼ਨਿਕ ਵਿਚਾਰਾਂ ਦਾ ਸਹਜੇ ਵਿਸ਼ਲੇਸ਼ਣ ਕਰਨਾ ਹੋ ਗਿਆ ਹੈ। ਇਸ ਕਵੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਪਨਿਸ਼ਦਾਂ, ਗੀਤਾ, ਸੰਤ ਸਾਹਿਤ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਦਾਰਸਨਿਕ ਵਿਚਾਰਾਂ ਵਿਚ ਜੋ ਸਮਾਨਤਾ, ਇਕਸੂਤ੍ਰਤਾ ਮਿਲਦੀ ਹੈ, ਉਸ ਨੇ ਉਸ ਨੂੰ ਬੜੇ ਕਲਾਤਮਕ ਅਤੇ ਮਨੋਹਾਰੀ ਢੰਗ ਨਾਲ ਪੇਸ਼ ਕੀਤਾ ਹੈ। ਇਹੀ ਉਸ ਦੀ ਮੌਲਿਕਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਇਸ ਬਾਰੇ ਸੰਖਿਪਤ ਵਿਚਾਰ ਕੀਤੀ ਜਾਂਦੀ ਹੈ।

**ਬ੍ਰਹਮ**

ਭਾਰਤੀ ਦਰਸ਼ਨ ਵਿਚ ਬ੍ਰਹਮ ਦੇ ਦੋ ਰੂਪ ਮੰਨੇ ਗਏ ਹਨ-ਨਿਰਗੁਣ ਅਤੇ ਸਗੁਣ। ਕਵੀ ਨੇ 'ਪ੍ਰੇਮ ਅੰਬੋਧ' ਗ੍ਰੰਥ ਵਿਚ ਇਹਨਾ ਦੋਵੇਂ ਰੂਪਾਂ ਬਾਰੇ ਵਰਨਣ ਕੀਤਾ ਹੈ। ਕਵੀ ਦੇ ਅਨੁਸਾਰ ਨਿਰਗੁਣ ਅਤੇ ਸਗੁਣ ਦੋਵੇਂ ਇਕ ਹੀ ਪ੍ਰਭੂ ਦੇ ਦੋ ਰੂਪ ਹਨ। ਕਵੀ ਦੇ ਸ਼ਬਦਾਂ ਵਿਚ :

ਨਿਰੰਕਾਰੁ ਆਕਾਰੁ ਆਪਿ ਨਿਰਗੁਣ ਸਰਗੁਨ ਏਕ ॥
ਏਕੋ ਏਕੁ ਬੀਚਾਰਿ ਕੈ ਗਹਿ ਰਾਖਉ ਇਹ ਟੇਕ ॥

(ਪ੍ਰੇਮ ਅੰਬੋਧ 11/ 6 ਦੋਹਰ,)

ਨਿਰਗੁਣ ਦੇ ਸ਼ਬਦਾਰਥ ਹਨ-ਗੁਣਾਤੀਤ ਭਾਵ ਜੋ ਗੁਣਾਂ ਦੀਆ ਸੀਮਾਵਾਂ ਵਿਚ ਬੰਨਿਆ ਨਾ ਜਾ ਸਕੇ। ਇਹ ਪੰਜ-ਭੂਤਾਤਮਕ ਜਗਤ ਤ੍ਰਿਗੁਣਾਇਤ ਹੈ। ਪਰ ਨਿਰਗੁਣ ਬ੍ਰਹਮ ਇਹਨਾਂ ਗੁਣਾਂ ਤੋਂ ਪਰੇ ਹੈ। ਇਸ ਲਈ ਇਸ ਨੂੰ ਨਿਰਗੁਣ ਕਿਹਾ ਗਿਆ ਹੈ। ਇਸੀ ਨਿਰਗੁਣ ਨੂੰ ਨਿਰਾਕਾਰ, ਰਚਨਹਾਰ, ਸਰਵ-ਦਰਸ਼ੀ ਵੀ ਕਿਹਾ ਗਿਆ ਹੈ। ਪੂਰਵ-ਵਰਤੀ ਦਾਰਸ਼ਨਿਕ ਚਿੰਤਨ ਦਾ ਅਨੁਸਰਨ ਕਰਦਿਆਂ ਕਵੀ ਨੇ ਉਸ ਬ੍ਰਹਮ ਨੂੰ ਨਿਰਗੁਨ, ਨਿਰਾਕਾਰ, ਕ੍ਰਿਆਹੀਨ, ਤ੍ਰਿਗੁਣਾਤੀਤ, ਅਨਿਰਵਚਨੀ ਕਿਹਾ ਹੈ। ਉਸ ਦਾ ਨਾ ਕੋਈ ਰੂਪ ਹੈ, ਨਾ ਕੋਈ ਰੇਖ ਹੈ, ਨਾ ਕੋਈ ਰੰਗ ਹੈ। ਉਹ ਸਰਵ-ਵਿਆਪੀ ਹੁੰਦਾ ਹੋਇਆ ਵੀ ਸਾਰੇ ਜੀਵਾਂ ਵਿਚ ਨਿਵਾਸ ਕਰਨ ਵਾਲਾ ਹੈ। ਉਸ ਦਾ ਵਰਨਣ ਕਰਨਾ ਅਸੰਭਵ ਹੈ। ਨਾ ਅੱਖਾਂ ਦੁਆਰਾ ਵੇਖਿਆ ਜਾ ਸਕਦਾ ਹੈ ਅਤੇ ਨਾ ਬਾਣੀ ਉਸ ਦੀ ਵਿਆਖਿਆ ਕਰ ਸਕਦੀ ਹੈ। ਗ੍ਰੰਥ ਵਿਚੋਂ ਨਿਰਗੁਣ ਬ੍ਰਹਮ ਦੇ ਸਰੂਪ ਬਾਰੇ ਕੁਝ ਕੁ ਪੰਕਤੀਆਂ ਉਧਰਿਤ ਕੀਤੀਆਂ ਜਾਂਦੀਆਂ ਹਨ :

ਰੂਪ ਰੇਖ ਤੇ ਨਿਆਰਾ ਜੋਈ ॥
ਤ੍ਰਿਗੁਣ ਅਤੀਤੁ ਕਹਾਵੈ ਸੋਈ ॥

(ਪ੍ਰੇਮ ਅੰਬੋਧ 6/[illegible])

ਅਗਮ ਅਗੋਚਰ ਅਲਖ ਅਪਾਰ ॥
ਸਭ ਭੂਤਨ ਕੋ ਪ੍ਰਾਨ ਅਧਾਰ ॥

(ਪ੍ਰੇਮ ਅੰਬੋਧ 12/4)

ਪ੍ਰੀਤਮ ਨਿਰੰਕਾਰੁ ਨਿਰਬਾਨ ॥
ਅਜ ਅਕ੍ਰੀ ਨਿਰਗੁਣ ਪ੍ਰਗਿਅਨ ॥

(ਪ੍ਰੇਮ ਅੰਬੋਧ [illegible]/1)

**ਸ੍ਰਿਸ਼ਟੀ ਰਚਨ ਤੋਂ ਪਹਿਲਾਂ ਬ੍ਰਹਮ ਦੀ ਅਵਸਥਾ**

ਕਵੀ ਨੇ ਮੱਧਯੁਗੀਨ ਸੰਤਾਂ ਦੀ ਤਰ੍ਹਾਂ ਸ੍ਰਿਸ਼ਟੀ ਕਰਨ ਤੋਂ ਪਹਿਲਾਂ ਬ੍ਰਹਮ ਦੇ ਸਰੂਪ ਬਾਰੇ ਲਿਖਿਆ ਹੈ। ਉਸ ਅਨੁਸਾਰ ਉਹ ਬ੍ਰਹਮ ਸ੍ਰਿਸ਼ਟੀ ਦੀ ਰਚਨਾ ਕਰਨ ਤੋਂ ਪਹਿਲਾਂ ਇਕੱਲਾ ਸੀ, ਕ੍ਰਿਆ-ਰਹਿਤ ਸੀ ਅਤੇ ਉਸ ਨੇ ਇੱਛਾ ਕੀਤੀ ਅਤੇ ਇਸ ਰੂਪ-ਨਾਮਾਤਮਕ ਸੰਸਾਰ ਦਾ ਨਿਰਮਾਣ ਕਰ ਦਿਤਾ। ਕਵੀ ਦੇ ਸ਼ਬਦਾਂ ਵਿਚ :

ਪ੍ਰਿਥਮੈ ਏਕੰਕਾਰ ਇਕੇਲਾ ॥
ਕੀਓ ਪ੍ਰਕਾਸੁ ਪ੍ਰੇਮ ਕੀ ਬੇਲਾ ॥

(ਪ੍ਰੇਮ ਅੰਬੋਧ 1/ਚੌਪਈ)

ਲਗਤ ਪ੍ਰੇਮ ਅਕਾਰ ਕਉ ਧਾਰਾ ॥

(ਪ੍ਰੇਮ ਅੰਬੋਧ 8/1)

ਕਵੀ ਨੇ ਨਿਰਗੁਣ ਬ੍ਰਹਮ ਦੇ ਕਈ ਹੋਰ ਰੂਪਾਂ-ਜਿਵੇਂ ਸਰਵ-ਵਿਆਪੀ, ਉਅੰਕਾਰ ਰੂਪ, ਨਿਰੰਜਨ ਰੂਪ, ਜੋਤੀ ਸਰੂਪ ਆਦਿ ਬਾਰੇ ਵੀ ਵਰਣਨ ਕੀਤਾ ਹੈ।

ਕਵੀ ਦੇ ਅਨੁਸਾਰ ਉਹ ਪਰਮਾਤਮਾ ਸਰਵ-ਵਿਆਪੀ ਹੈ। ਉਹ ਜਲ ਥਲ ਵਿਚ ਵਿਆਪਕ ਹੈ। ਉਸ ਦਾ ਸਾਰੇ ਸਥਾਨਾਂ ਤੇ ਪਸਾਰਾ ਹੈ। ਜੋ ਵੀ ਦ੍ਰਿਸ਼ਟੀਗੋਚਰ ਹੈ ਉਹ ਸਭ ਕੁਝ ਬ੍ਰਹਮ ਹੀ ਹੈ।

ਪ੍ਰੇਮ ਪੁਰਖ ਪਰਮਾਤਮਾ ਜਲਿ ਥਲਿ ਮਹੀਅਲ ਸੋਇ ॥

(ਪ੍ਰੇਮ ਅੰਬੋਧ 2/6 ਦੋਹਰਾ)

ਇਕ ਆਤਮ ਕਾ ਹੈ ਇਹੁ ਪਸਾਰਾ ॥
ਦਿਸਟਿਮਨ ਜੋ ਦੀਸੈ ਸਾਰਾ ॥
ਨਾਨਾ ਭਾਤਿ ਸੁ ਦੇਹ ਦਿਖਾਈ ॥
... ... ... ...
ਇਹੁ ਸਭ ਦੀਸੈ ਬ੍ਰਹਮ ਪਸਾਰਾ ॥

(ਪ੍ਰੇਮ ਅੰਬੋਧ 34/13)

ਉਸੀ ਬ੍ਰਹਮ ਤੋਂ ਇਸ ਸ੍ਰਿਸ਼ਟੀ ਦਾ ਨਿਰਮਾਣ ਹੋਇਆ ਹੈ। ਉਸੀ ਉਅੰਕਾਰ ਰੂਪ

ਨੇ ਪ੍ਰੇਮ ਦਾ ਪ੍ਰਕਾਸ਼ ਕੀਤਾ ਹੈ :

ਪ੍ਰੇਮ ਰੂਪ ਓਂਕਾਰ ਪ੍ਰਕਾਸਾ ॥

(ਪ੍ਰੇਮ ਅੰਬੋਧ 8/ਚੌਪਈ)

ਉਹ ਪਰਮਾਤਮਾ ਇਕ ਹੈ, ਇਕ ਹੀ ਸੀ ਤੇ ਇਕ ਹੀ ਰਹੇਗਾ। ਉਸੀ ਇਕ ਨੇ ਹੀ ਇਸ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਦਾ ਸਿਰਜਨ ਕੀਤਾ ਹੈ :

ਬ੍ਰਹਮ ਏਕ ਹੀ ਆਹੀ ॥
ਜਾਹ ਭੇਦ ਤੀਨ ਨਾਹਿ ॥

(ਪ੍ਰੇਮ ਅੰਬੋਧ 10/13)

ਆਦਿ ਮਧਿ ਫੁਨਿ ਅੰਤਿ ਇਕੁ ਤਾ ਕੋ ਜਗਤ ਤਰੰਗੁ ॥

(ਪ੍ਰੇਮ ਅੰਬੋਧ 1/ਦੋਹਰਾ)

ਉਹ ਜੋਤੀ ਸਰੂਪ ਹੈ। ਉਸੀ ਪਰਮਾਤਮਾ ਦੀ ਜੋਤ ਦਾ ਹਰ ਇਕ ਵਿਚ ਪ੍ਰਕਾਸ਼ ਹੈ। ਉਸੀ ਦੀ ਜੋਤ ਇਸ ਸ੍ਰਿਸ਼ਟੀ ਵਿਚ ਸਰਵ-ਵਿਆਪਕ ਹੈ :

ਪਰਮਾਤਮਾ ਆਤਮ ਏਕੁ ਹੈ ਏਕੋ ਜਗਤ ਆਕਾਰੁ ॥
ਤ੍ਰਿਭਵਣ ਏਕਾ ਜੋਤਿ ਹੈ ਜੇਤਾ ਇਹੁ ਪਸਾਰੁ ॥

(ਪ੍ਰੇਮ ਅੰਬੋਧ 12/9 ਦੋਹਰਾ)

ਜਲ ਥਲ ਮਹੀਅਲ ਸਕਲ ਮਹਿ ਏਕੋ ਜੋਤਿ ਦਿਖਾਇ ॥

(ਪ੍ਰੇਮ ਅੰਬੋਧ 36/16 ਦੋਹਰਾ)

**ਸਗੁਣ ਬ੍ਰਹਮ**

ਕਵੀ ਨੇ ਇਕ ਪਾਸੇ ਤਾਂ ਨਿਰਗੁਣ ਬ੍ਰਹਮ ਨੂੰ ਨਿਰਾਕਾਰ, ਅਗਮ, ਅਗੋਚਰ, ਅਲਖ, ਅਪਾਰ ਮੰਨਿਆ ਹੈ ਤਾਂ ਦੂਸਰੇ ਪਾਸੇ ਭਗਤੀ ਭਾਵਨਾ ਦੀ ਅਭਿਵਿਅਕਤੀ ਲਈ ਨਿਰਗੁਣ ਬ੍ਰਹਮ ਵਿਚ ਗੁਣਾਂ ਦਾ ਆਰੋਪ ਵੀ ਕੀਤਾ ਹੈ ਜਿਸ ਨਾਲ ਉਸ ਦਾ ਸਗੁਣ ਰੂਪ ਉਭਰ ਕੇ ਸਾਹਮਣੇ ਆਇਆ ਹੈ। ਇਕ ਸਾਧਕ ਦੇ ਲਈ ਨਿਰਗੁਣ ਚਿੰਤਨ ਅਤੇ ਮਨਨ ਦਾ ਵਿਸ਼ਾ ਤਾਂ ਬਣ ਸਕਦਾ ਹੈ ਪਰ ਭਗਤੀ ਦਾ ਨਹੀਂ। ਉਸ ਨੇ ਨਿਰਗੁਣ ਬ੍ਰਹਮ ਵਿਚ ਗੁਣਾਂ ਨੂੰ ਆਰੋਪਤ ਕਰਕੇ ਉਸ ਨੂੰ ਠਾਕੁਰ, ਦੀਨ ਦਿਆਲ, ਅਨਾਥਾਂ ਦਾ ਨਾਥ, ਰੱਖਿਅਕ, ਕਰੁਣਾ ਰੂਪ, ਪਤਿਤ ਉਧਾਰਨ, ਅੰਤਰਜਾਮੀ, ਸਰਬਸ਼ਕਤੀਮਾਨ, ਸੁੱਖਾਂ ਦਾ ਖਜ਼ਾਨਾ ਆਦਿ ਕਿਹਾ ਹੈ। ਪਰਚੀਕਾਰ ਨੇ 'ਪ੍ਰੇਮ ਅੰਬੋਧ' ਗ੍ਰੰਥ ਵਿਚ ਇਹਨਾਂ ਰੂਪਾਂ ਦਾ ਉਲੇਖ ਕੀਤਾ ਹੈ ਜਿਨ੍ਹਾਂ ਦਾ ਸੰਖੇਪ ਰੂਪ ਵਿਚ ਵਰਣਨ ਕੀਤਾ ਜਾ ਰਿਹਾ ਹੈ :

ਕਵੀ ਅਨੁਸਾਰ ਉਹ ਪਰਮਾਤਮਾ ਠਾਕੁਰ ਹੈ ਅਤੇ ਆਪਣੇ ਭਗਤਾਂ ਦਾ ਉਧਾਰ ਕਰਕੇ ਉਹਨਾਂ ਦੇ ਪਤਿਤਾਂ ਨੂੰ ਆਪਣੇ ਚਿਤ ਮਨ ਵਿਚ ਨਹੀਂ ਲਿਆਉਂਦਾ :

ਸੋਈ ਠਾਕੁਰ ਨਕੁਰਾਈ ਜਾਨੈ ॥
ਪਤਿਤਨਿ ਪਤਿਤਾਈ ਚਿਤ ਨ ਆਨੈ ॥

(ਪ੍ਰੇਮ ਅੰਬੋਧ 8/2)

ਉਹ ਦੀਨ ਦਿਆਲ, ਅਨਾਥਾਂ ਦਾ ਨਾਥ, ਸਹਾਇਕ ਤੇ ਰੱਖਿਅਕ ਹੈ। ਸਾਰੇ ਜੀਆ ਦਾ ਸੰਗੀ ਸਾਥੀ ਹੈ। ਉਹ ਕੇਵਲ ਭਗਤਾਂ ਦਾ ਹੀ ਹੈ-ਸਗੋਂ ਦੀਨ ਦੁਖੀਆਂ ਦੀ ਰੱਖਿਆ

ਕਰਨ ਵਾਲਾ ਵੀ ਉਹੀ ਹੈ :

ਦੀਨ ਦਇਆਲ ਕੋ ਵੈ ਰਛਿਆਕਾਰੀ ॥
ਕਰੈ ਸਹਾਇ ਭਗਤਿ ਹਿਤਕਾਰੀ ॥

(ਪ੍ਰੇਮ ਅੰਬੋਧ 1 /2)

ਉਹ ਅਨਾਥਾਂ ਦਾ ਨਾਥ ਹੈ। ਸਾਰਿਆਂ ਦੇ ਕਾਰਜ ਪੂਰੇ ਕਰਨ ਵਾਲਾ ਵੀ ਉਹੀ ਪ੍ਰਭੂ ਹੈ। ਜਿਸ ਪ੍ਰਕਾਰ ਭਗਤ ਕਹਿਣ ਉਸੀ ਤਰ੍ਹਾਂ ਉਹਨਾਂ ਦਾ ਕਹਿਣਾ ਮੰਨਦਾ ਹੈ। ਗ੍ਰੰਥ ਵਿਚ ਪ੍ਰਭੂ ਦੁਆਰਾ ਭਗਤਾਂ ਦੀ ਸਮੇਂ ਸਮੇਂ ਉੱਤੇ ਸਹਾਇਤਾ ਅਤੇ ਰੱਖਿਆ ਕਰਨ ਦੇ ਕਈ ਉਦਾਹਰਣ ਮਿਲਦੇ ਹਨ ਜਿਵੇਂ 'ਪਰਚੀ ਕਬੀਰ ਜੀ ਕੀ' ਵਿਚ ਵਣਜਾਰੇ ਦਾ ਰੂਪ ਧਾਰਨ ਕਰਕੇ ਕਬੀਰ ਦੀ ਸਹਾਇਤਾ ਕਰਨ, 'ਪਰਚੀ ਪ੍ਰਹਿਲਾਦ ਜੀ ਕੀ' ਵਿਚ ਹਰਨਾਖਸ਼ ਨੂੰ ਮਾਰ ਕੇ ਪ੍ਰਹਲਾਦ ਭਗਤ ਦੀ ਰੱਖਿਆ ਕਰਨ ਆਦਿ ਦੇ ਕਈ ਉੱਲੇਖ ਹੋਏ ਮਿਲਦੇ ਹਨ।

ਉਹ ਪ੍ਰਭੂ ਕਰੁਣਾਮਈ ਹੈ। ਜਦੋਂ ਕਦੀਂ ਭਗਤ-ਜਨਾਂ ਉੱਤੇ ਕੋਈ ਮੁਸਬਿਤ ਜਾਂ ਕਸ਼ਟ ਆਉਂਦਾ ਹੈ। ਉਹ ਉਹਨਾਂ ਦੇ ਕਸ਼ਟ ਨਿਵਾਰਨ ਕਰਦਾ ਹੈ। ਉਹ ਪਤਿਤ ਉਧਾਰਕ ਹੈ। ਉਹ ਪਤਿਤਾਂ ਦੇ ਪਾਪ ਮੁਕਤ ਕਰਕੇ ਉਹਨਾ ਨੂੰ ਪਵਿੱਤਰ ਬਣਾਉਂਦਾ ਹੈ। ਉਹ ਆਦਿ ਜੁਗਾਦਿ ਤੋਂ ਪਤਿਤਾ ਦੀ ਰੱਖਿਆ ਕਰਦਾ ਆ ਰਿਹਾ ਹੈ :

ਪਤਿਤ ਉਧਾਰਨ ਬਿਰਦੁ ਵਡਿਆਈ ॥
ਆਦਿ ਜੁਗਾਦਿ ਪੈਜ ਰਖਾਈ ॥

(ਪ੍ਰੇਮ ਅੰਬੋਧ 8/2)

ਪ੍ਰਭੂ ਅੰਤਰਜਾਮੀ ਹੈ। ਉਹ ਸਾਰਿਆਂ ਦੇ ਮਨ ਦੀ ਜਾਣਨ ਵਾਲਾ ਹੈ। ਜਦੋਂ ਕੋਈ ਭਗਤ ਸੱਚੇ ਮਨ ਨਾਲ ਉਸ ਦਾ ਸਿਮਰਨ ਕਰਦਾ ਹੈ ਤਾਂ ਉਸ ਨੂੰ ਦਰਸ਼ਨ ਦੇ ਕੇ ਉਸ ਦਾ ਜੀਵਨ ਸਫਲ ਬਣਾਉਂਦਾ ਹੈ। ਉਹ ਸਰਵ-ਸ਼ਕਤੀਮਾਨ ਹੈ। ਉਹ ਸੁੱਖਾਂ ਦਾ ਖ਼ਜ਼ਾਨਾ ਹੈ। ਕਵੀ ਦੇ ਸ਼ਬਦਾਂ ਵਿੱਚ :

ਤੂੰ ਹੀ ਸਭ ਕੁਝ ਹੈ ਅਰੁ ਹੋਗ ॥

(ਪ੍ਰੇਮ ਅੰਬੋਧ 29/15)

ਪ੍ਰੇਮ ਤੇ ਪ੍ਰੀਤਮ ਪਾਇਆ ਨਿਰੰਕਾਰੁ ਸੁਖ ਸਾਰ ॥

(ਪ੍ਰੇਮ ਅੰਬੋਧ 19/5 ਦੋਹਰਾ)

ਕਵੀ ਨੇ ਗ੍ਰੰਥ ਵਿਚ ਕਿਧਰੇ ਕਿਧਰੇ ਭਾਵਨਾਵਸ਼ ਹੋ ਕੇ ਭਗਤੀ ਭਾਵਨਾ ਦੀ ਅਭਿਵਿਅਕਤੀ ਦੇ ਲਈ ਉਸ ਨਿਰਾਕਾਰ, ਅਗਮ, ਅਗੋਚਰ ਪਰਮਾਤਮਾ ਨੂੰ ਵਧੇਰੇ ਕਰਕੇ ਕ੍ਰਿਸ਼ਣ ਦੇ ਰੂਪ ਵਿਚ ਹੀ ਚਿਤਰਿਆ ਹੈ। ਜਿਵੇਂ :

ਸਿਆਮ ਗਾਤ ਬਨਮਾਲ ਸੁਹਾਈ ॥
ਮੋਰ ਮੁਕਟ ਛਬ ਕਹੀ ਨ ਜਾਈ ॥

ਸੰਖ ਚਕ੍ਰ ਗਦਾ ਪਦਮੁ ਬਿਰਾਜ ॥
ਕੋਟਿ ਇੰਦ੍ਰ ਜਿਵ ਛਬ ਤਿਸ ਛਾਜੈ ॥
ਕਮਲ ਨੈਨ ਸੁੰਦਰ ਉਜੀਆਰੇ ॥
ਨਿਰਖ ਰਹੈ ਬੂਢੇ ਅਉ ਬਾਰੇ ॥
... ... ... ... ...
ਕਨਿਕ ਕੁੰਡਲ ਅਲਿਕੈ ਤਰਿ ਸੋਹੈ ॥
ਅਤਿ ਸੁੰਦਰ ਰਸਕਨਿ ਮਨੁ ਮੋਹੈ ॥

(ਪ੍ਰੇਮ ਅੰਬੋਧ 13/ )

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਅਨੁਸਾਰ ਪਾਰਬ੍ਰਹਮ, ਨਿਰਗੁਣ, ਨਿਰਾਕਾਰ, ਅਗਮ, ਅਗੋਚਰ, ਅਲਖ, ਅਪਾਰ ਹੁੰਦਾ ਹੋਇਆਂ ਵੀ ਉਹ ਠਾਕੁਰ, ਦੀਨ ਦਿਆਲ, ਸਹਾਇਕ, ਅਨਾਥਾਂ ਦਾ ਨਾਥ, ਪਤਿਤ ਉਧਾਰਕ, ਅੰਤਰਜਾਮੀ, ਸਰਬਸ਼ਕਤੀ-ਮਾਨ ਸੁੱਖਾਂ ਦਾ ਸਾਰ ਹੈ। ਜੋ ਉਸ ਪ੍ਰਭੂ ਨੂੰ ਪ੍ਰੇਮ ਨਾਲ ਧਿਆਉਂਦਾ ਹੈ, ਉਸ ਦਾ ਜੀਵਨ ਸਫਲ ਹੋ ਜਾਂਦਾ ਹੈ। ਉਹ ਮੁਕਤ-ਅਵਸਥਾ ਨੂੰ ਪ੍ਰਾਪਤ ਕਰਦਾ ਹੈ।

**(ਅ) ਆਤਮਾ :**

ਕਵੀ ਨੇ ਗ੍ਰੰਥ ਵਿਚ ਕਿਧਰੇ ਆਤਮਾ ਅਤੇ ਕਿਧਰੇ 'ਜੀਉ' ਲਿਖ ਕੇ ਆਤਮਾ ਦੇ ਸਰੂਪ ਨੂੰ ਚਿਤ੍ਰਿਤ ਕਰਨ ਦਾ ਉਪਰਾਲਾ ਕੀਤਾ ਹੈ। ਉਸ ਦੇ ਆਤਮਾ ਬਾਰੇ ਵਿਚਾਰਾਂ ਦਾ ਆਧਾਰ ਪੂਰਵ-ਵਰਤੀ ਧਾਰਮਿਕ ਤੇ ਦਾਰਸ਼ਨਿਕ ਸਾਹਿਤ ਹੈ। ਉਸ ਅਨੁਸਾਰ ਆਤਮਾ ਤੇ ਪਰਮਾਤਮਾ ਦਾ ਸਬੰਧ ਅੰਸ਼ ਅਤੇ ਅੰਸ਼ੀ ਦਾ ਹੈ। ਉਸ ਪਰਮਾਤਮਾ ਦੀ ਜੋਤ ਸਾਰੇ ਘਟਾਂ ਵਿਚ ਵਿਆਪਕ ਹੈ। ਉਹ ਸਾਰੇ ਪ੍ਰਾਣੀਆਂ ਦਾ ਪ੍ਰਾਣ-ਆਧਾਰ ਹੈ। ਜਿਸ ਪ੍ਰਕਾਰ ਸੋਨੇ ਦੇ ਗਹਿਣੇ ਸੋਨੇ ਨਾਲੋਂ ਵੱਖਰੇ ਨਹੀਂ ਮੰਨੇ ਜਾ ਸਕਦੇ ਅਤੇ ਜਿਸ ਪ੍ਰਕਾਰ ਸਾਰੇ ਬਰਤਨ ਭਿੰਨ ਭਿੰਨ ਸ਼ਕਲਾਂ ਦੇ ਹੁੰਦੇ ਹੋਏ ਵੀ ਇਕ ਹੀ ਮਿੱਟੀ ਦੇ ਬਣੇ ਹੁੰਦੇ ਹਨ-ਉਸੀ ਪ੍ਰਕਾਰ ਆਤਮਾ ਨੂੰ ਪਰਮਾਤਮਾ ਤੋਂ ਵੱਖਰਾ ਨਹੀਂ ਮੰਨਿਆ ਜਾ ਸਕਦਾ। ਉਦਾਹਰਣ ਦੇ ਲਈ ਕੁਝ ਕੁ ਪੰਕਤੀਆਂ ਪੇਸ਼ ਹਨ :

ਤੂ ਆਤਮ ਪਰਮਾਤਮ ਸੋਈ ॥
ਤੁਮ ਤੇ ਭਿੰਨ ਨਾਹਿ ਕਛੁ ਕੋਈ ॥

(ਪ੍ਰੇਮ ਅੰਬੋਧ 29/6)

ਆਪ ਤੇ ਭਿੰਨ ਨ ਹਰਿ ਜੀਉ ਜਾਨਉ ॥
ਜੀਉ ਆਤਮ ਪਰਮਾਤਮੁ ਮਾਨੋ ॥

(ਪ੍ਰੇਮ ਅੰਬੋਧ 6/ਚੌਪਈ)

ਜਿਉ ਕੰਚਨ ਕੇ ਭੂਖਨ ਸਾਰੇ ॥ ਕੰਚਨ ਤੇ ਵੈ ਨਾਹਿ ਨਿਆਰੇ ॥
ਸਭ ਭਾਜਨ ਮੈ ਇਕ ਮਾਟੀ ਗਨੀ ॥ ਜਿਉ ਪਰਮਾਤਮ ਸੋਭਾ ਬਨੀ ॥

(ਪ੍ਰੇਮ ਅੰਬੋਧ 24/9)

**ਸੰਸਾਰ ਵਿਚ ਜੀਵ ਦੀ ਦਸ਼ਾ :**

ਕਵੀ ਅਨੁਸਾਰ ਆਤਮਾ ਤੇ ਪਰਮਾਤਮਾ ਵਿਚ ਕਿਸੀ ਪ੍ਰਕਾਰ ਦਾ ਕੋਈ ਤਾਤਵਿਕ ਭੇਦ ਨਹੀਂ ਹੈ। ਜੋ ਭੇਦ ਪ੍ਰਤੀਤ ਹੁੰਦਾ ਹੈ- ਉਹ ਮਾਇਆ ਦੇ ਪ੍ਰਭਾਵ ਕਾਰਣ ਹੀ ਹੈ। ਜੀਵ ਇਸ ਸੰਸਾਰ ਵਿਚ ਆ ਕੇ ਮਾਇਆ ਦੇ ਜਾਲ ਵਿਚ ਉਲਝ ਕੇ ਉਸ ਪਰਮਾਤਮਾ ਨੂੰ ਭੁੱਲ ਕੇ ਵਿਕਾਰਾਂ ਵਿਚ ਫਸ ਜਾਂਦਾ ਹੈ। ਅਗਿਆਨ ਦੇ ਹਨੇਰੇ ਵਿਚ ਭਟਕ ਕੇ ਝੂਠੇ ਸੰਸਾਰ ਨੂੰ ਸੱਚਾ ਮੰਨ ਲੈਂਦਾ ਹੈ। ਪਲ ਭਰ ਦੇ ਸੁੱਖਾਂ ਨੂੰ ਆਪਣਾ ਸਭ ਕੁਝ ਸਮਝਦਾ ਹੈ। ਸੱਚੇ ਕਰਮ ਕਰਨ ਦੀ ਥਾਂ ਤੇ ਝੂਠੇ ਕਰਮ ਕਰਦਾ ਹੈ। ਵਿਸ਼ੇ-ਵਾਸ਼ਨਾਵਾਂ ਉਸ ਨੂੰ ਪਤਨ-ਮੁਖੀ ਕਰ ਦਿੰਦੀਆਂ ਹਨ। ਇਹਨਾਂ ਕਾਰਨਾਂ ਕਰਕੇ ਉਹ ਆਪਣੇ ਮੂਲ ਤੋਂ ਦੂਰ ਚਲਾ ਜਾਂਦਾ ਹੈ। ਮਾਇਆ ਦੇ ਜਲ ਵਿਚ ਫਸਿਆ ਜੀਵ ਚਉਰਾਸੀ ਦੇ ਚੱਕਰ ਵਿਚ ਭਟਕਦਾ ਰਹਿੰਦਾ ਹੈ। ਕਵੀ ਦੇ ਸ਼ਬਦਾਂ ਵਿਚ :

ਇਹ ਮਾਇਆ ਠਗਨੀ ਜਗਤ ਕੀ ਜਗੁ ਅੰਧਾ ਉਰਝਾਇ ॥

(ਪ੍ਰੇਮ ਅੰਬੋਧ 22/4 ਦੋਹਰਾ)

ਮੋਹ ਕੀ ਫਾਸੀ ਜਗਤ ਗਰਿ ਚਉਰਾਸੀ ਲਖ ਭਰਮਾਇ।

(ਪ੍ਰੇਮ ਅੰਬੋਧ ਗ੍ਰੰਥ 2/11 ਦੋਹਰਾ)

**ਜੀਵਾਤਮਾ ਦਾ ਦੁਬਾਰਾ ਪ੍ਰਭੂ ਮਿਲਣ :**

ਜੀਵ ਤੇ ਬ੍ਰਹਮ ਦਾ ਮਿਲਾਪ ਕਿਵੇਂ ਹੋ ਸਕਦਾ ਹੈ ? ਕਵੀ ਅਨੁਸਾਰ ਜਦੋਂ ਇਹ ਜੀਵ ਫੋਕਟ ਕਰਮਾਂ ਨੂੰ ਤਿਆਗ ਕੇ ਸੱਚ ਦੇ ਮਾਰਗ ਤੇ ਚਲ ਪਵੇ ਜਿਵੇਂ 'ਪਰਚੀ ਬਾਲਮੀਕ ਕੀ' ਵਿਚ ਬਾਲਮੀਕ ਨੇ ਬਟਮਾਰੀ ਦਾ ਕੰਮ ਛਡ ਦਿੱਤਾ ਸੀ, 'ਪਰਚੀ ਬਧਕ ਜੀ ਕੀ' ਵਿਚ ਬਧਕ ਨੇ ਹਿੰਸਾਤਮਕ ਕੰਮ ਦਾ ਤਿਆਗ ਕਰ ਦਿਤਾ ਸੀ, ਆਦਿ ਇਹ ਸਭੇ ਸ਼ੁਭ ਕਰਮ ਕਰਨ ਲਗ ਪਏ ਸਨ, ਉਸੀ ਤਰ੍ਹਾਂ ਇਹ ਜੀਵ ਵੀ ਵਿਸ਼ੇ-ਵਾਸ਼ਨਾਵਾਂ ਨੂੰ ਮ੍ਰਿਗ-ਤ੍ਰਿਸ਼ਣਾ ਵਾਂਗ ਸਮਝ ਕੇ ਤਿਆਗ ਦੇਵੇ। ਇਸ ਤਰ੍ਹਾਂ ਸਮਝੇ ਕਿ 'ਮੇਰਾ ਮੁਝ ਮੇਂ ਕੁਝ ਨਹੀਂ ਜੋ ਕੁਝ ਹੈ ਸੋ ਤੇਰਾ'। ਕਵੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਇਸ ਸੰਸਾਰ ਵਿਚ ਕੇਵਲ ਸਾਰ ਵਸਤੂ ਪ੍ਰਭੂ ਦਾ ਨਾਮ ਹੀ ਹੈ। ਕੇਵਲ ਹਰਿ ਭਜਨ ਨਾਲ ਹੀ ਜੀਵਨ ਸਫਲ ਹੋ ਸਕਦਾ ਹੈ। ਇਸ ਲਈ ਇਹ ਜੀਵ ਸੰਤਾਂ-ਸਾਧੂਆਂ ਦੀ ਸੰਗਤ ਕਰਕੇ ਸਤਿਗੁਰ ਦਾ ਉਪਦੇਸ਼ ਲੈ ਕੇ, ਪ੍ਰਭੂ ਦਾ ਪ੍ਰੇਮ-ਪੂਰਵਕ ਨਾਮ ਸਿਮਰਨ ਕਰਨ ਨਾਲ ਮਾਇਆ ਦੇ ਝੂਠੇ ਜਾਲ ਤੋਂ ਮੁਕਤ ਹੋ ਜਾਂਦਾ ਹੈ। ਫਿਰ ਉਸੀ ਪ੍ਰਭੂ ਪ੍ਰੇਮ ਵਿਚ ਲੀਨ ਹੋਇਆ ਪਰਮਾਤਮਾ ਨਾਲ ਅਭੇਦਤਾ ਸਥਾਪਿਤ ਕਰ ਲੈਂਦਾ ਹੈ। ਗ੍ਰੰਥ ਵਿਚੋਂ ਕੁਝ ਕੁ ਪੰਗਤੀਆਂ ਪ੍ਰਸਤੁਤ ਹਨ .

ਬਿਨ ਪਰਮਾਤਮ ਨਾਹਿ ਕੁਝ ਮ੍ਰਿਗਤ੍ਰਿਸਨਾ ਕੀ ਭਾਂਤਿ ॥

(ਪ੍ਰੇਮ ਅੰਬੋਧ 39/6 ਦੋਹਰਾ)

ਹਰਿ ਭਜ ਜਨਮ ਸਵਾਏ ਸੌਦੀ ॥

(ਪ੍ਰੇਮ ਅੰਬੋਧ 2/8)

ਇਉਂ ਆਖਿਆ ਜਾ ਸਕਦਾ ਹੈ ਕਿ ਕਵੀ ਦੀ ਦ੍ਰਿਸ਼ਟੀ ਵਿਚ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ। ਇਹਨਾਂ ਦਾ ਆਪਸ ਵਿਚ ਅੰਸ-ਅੰਸ਼ੀ ਦਾ ਸਬੰਧ ਹੈ। ਜੋ ਅੰਤਰ ਵਿਖਾਈ ਦਿੰਦਾ ਹੈ ਉਹ ਮਾਇਆ ਦੇ ਭਰਮ ਕਾਰਣ ਹੈ। ਸਤਿਗੁਰ

ਦੀ ਕ੍ਰਿਪਾ ਤੇ ਉਪਦੇਸ਼ ਨਾਲ ਜੀਵ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਮੁੜ ਆਪਣੇ ਮੂਲ ਵਿਚ ਸਮਾ ਕੇ ਇਕਮਿਕ ਹੋ ਜਾਂਦਾ ਹੈ ।

(ਏ) ਜਗਤ :

ਭਾਰਤੀ ਚਿੰਤਨਧਾਰਾ ਤੇ ਧਾਰਮਿਕ ਵਿਚਾਰਾ ਦਾ ਅਨੁਸਰਣ ਕਰਦਿਆ ਕਵੀ ਨੇ ਲਿਖਿਆ ਹੈ ਕਿ ਪਰਮਾਤਮਾ ਨੇ ਆਪਣੀ ਇੱਛਾ ਅਨੁਸਾਰ ਇਸ ਜਗਤ ਦੀ ਰਚਨਾ ਕੀਤੀ ਹੈ । ਉਸ ਨੇ ਹੀ ਚਰ ਅਚਰ ਜਗਤ ਦਾ ਨਿਰਮਾਣ ਕੀਤਾ ਹੈ । ਉਸ ਨੂੰ ਜੜ੍ਹ ਚੇਤਨ ਸ੍ਰਿਸ਼ਟੀ ਦਾ ਸਿਰਜਣ ਕਰਦੇ ਸਮੇਂ ਕਿਸੀ ਹੋਰ ਸ਼ਕਤੀ ਦੀ ਸਹਾਇਤਾ ਦੀ ਲੋੜ ਨਹੀਂ ਪਈ । ਕਵੀ ਅਨੁਸਾਰ ਕੇਵਲ ਪਰਮਾਤਮਾ ਹੀ ਇਸ ਜਗਤ ਦਾ ਮੂਲ ਕਾਰਣ ਅਤੇ ਕਰਤਾ ਹੈ । ਕਵੀ ਦੇ ਸ਼ਬਦਾਂ ਵਿਚ :

ਓਅੰਨਮੋ ਪਰਮਾਤਮਾ ਪੂਰਿ ਰਹਿਓ ਸਭੁ ਅੰਗਿ ।
ਆਦਿ ਮਧ ਫੁਨਿ ਅੰਤਿ ਇਕੁ ਤਾ ਕੋ ਜਗਤੁ ਤਰੰਗ ॥

(ਪ੍ਰੇਮ ਅੰਬੋਧ ਆਰੰਭਿਕ ਦੋਹਰਾ)

ਪ੍ਰੀਤਮ ਪ੍ਰੇਮ ਪ੍ਰਤਾਪ ਪੁਰਿ ਪੁਰਿ ਤ੍ਰਿਕੁਟੀ ਜਿਨੀ ਰਚੀ ॥
ਬਹੁ ਬਿਧਿ ਰਚਨਾ ਥਾਪਿ ਖੇਲੇ ਪ੍ਰੇਮੀ ਹੋਇ ਕਰਿ ॥

(ਪ੍ਰੇਮ ਅੰਬੋਧ ਆਰੰਭਿਕ ਸੋਰਠਾ)

ਕਵੀ ਦੇ ਵਿਚਾਰ ਹਨ ਕਿ ਜਿਥੇ ਪ੍ਰਭੂ ਜਗਤ ਦਾ ਨਿਰਮਾਤਾ ਹੈ ਉੱਥੇ ਜਗਤ ਦਾ ਵਿਕਾਸ ਕਰਨ ਵਾਲਾ ਵੀ ਉਹੀ ਹੈ । ਇਹ ਪਸਾਰਾ ਵੀ ਉਸੀ ਨੇ ਆਪਣੀ ਇੱਛਾ ਅਨੁਸਾਰ ਰਚਿਆ ਹੈ ਅਤੇ ਇਸ ਪਸਾਰੇ ਦੇ ਖ਼ਤਮ ਹੋਣ ਨਾਲ ਉਹ ਫਿਰ ਇਸ ਜਗਤ ਨੂੰ ਆਪਣੇ ਵਿਚ ਸਮੇਟ ਲੈਂਦਾ ਹੈ । ਉਸ ਦਾ ਪਸਾਰਾ ਉਸ ਦਾ ਸੁਭਾ ਹੈ । ਉਹ ਤਾਂ ਇਕ ਬਾਜ਼ੀਗਰ ਦੀ ਤਰ੍ਹਾਂ ਹੈ ਜੋ ਖ਼ੁਦ ਆਪਣੀ ਬਾਜ਼ੀ ਲਗਾ ਕੇ ਆਪਣੇ ਇਸ ਖੇਲ ਨੂੰ ਵੇਖਦਾ ਰਹਿੰਦਾ ਹੈ । ਉਸ ਦੀ ਇਹ ਲੀਲਾ ਅਪਰ ਅਪਾਰ ਹੈ ਅਤੇ ਉਸ ਤੋਂ ਇਲਾਵਾ ਹੋਰ ਕੋਈ ਇਸ ਨੂੰ ਨਹੀਂ ਜਾਣ ਸਕਦਾ । ਕਵੀ ਦੇ ਸ਼ਬਦਾਂ ਵਿਚ :

ਪ੍ਰੇਮ ਰੂਪ ਧਰਿ ਜਗ ਮਹਿ ਖੇਲੈ ॥

(ਪ੍ਰੇਮ ਅੰਬੋਧ 2/ਚੌਪਈ)

ਲੀਲਾ ਪਿਆਰੇ ਲਾਲ ਕੀ ਸਮਝੀ ਕਾ ਪਹਿ ਜਾਇ ॥
ਬਾਜੀਗਰ ਕੇ ਖੇਲ ਜਿਉ ਖੇਲੈ ਅਪੁਨੈ ਭਾਇ ॥

(ਪ੍ਰੇਮ ਅੰਬੋਧ 2 /16 ਦੋਹਰਾ)

ਕਵੀ ਅਨੁਸਾਰ ਪਰਮਾਤਮਾ ਅਨਾਦਿ ਅਤੇ ਅਨੰਤ ਸੱਤਾ ਹੈ । ਉਸ ਨੇ ਇਸ ਨਾਮ-ਰੂਪਾਤਮਕ ਜਗਤ ਦਾ ਸਿਰਜਨ ਕੀਤਾ ਹੈ । ਜੋ ਇਹ ਨਾਨਾ ਪ੍ਰਕਾਰ ਦਾ ਦ੍ਰਿਸ਼ਟੀਗੋਚਰ ਜਗਤ ਭਿੰਨ ਭਿੰਨ ਰੂਪਾਂ ਵਿਚ ਧਾਰਣ ਕੀਤਾ ਹੋਇਆ ਹੈ, ਵੀ ਉਸੀ ਦੁਆਰਾ ਸਿਰਜਿਆ ਹੈ ਅਤੇ ਅੰਤ ਉਸੀ ਵਿਚ ਸਮਾ ਜਾਂਦਾ ਹੈ । ਕਵੀ ਦੇ ਸ਼ਬਦਾਂ ਵਿਚ :

ਨਾਮ ਰੂਪ ਗੁਨ ਜਗਤ ਜੋ ਨਾਨਾ ਭਾਤਿ ਦਿਖਾਇ ॥
ਸਭੁ ਪ੍ਰੇਮੈ ਤੇ ਉਪਜੈ ਪੁਨਿ ਤਿਹ ਮਾਹਿ ਸਮਾਇ ॥

(ਪ੍ਰੇਮ ਅੰਬੋਧ 10/ਚੌਪਈ ਦਾ ਦੋਹਰਾ)

ਪਰਮਾਤਮਾ ਸਰਬਸ਼ਕਤੀਮਾਨ ਹੈ। ਉਹ ਪਲ ਭਰ ਵਿਚ ਇਸ ਜਗਤ ਦੀ ਉਤਪਤੀ ਅਤੇ ਪਲ ਭਰ ਵਿਚ ਹੀ ਇਸ ਦਾ ਅੰਤ ਕਰ ਸਕਦਾ ਹੈ। ਉਸ ਦੇ ਇਸ ਪ੍ਰਕਾਰ ਦੇ ਸਿਰਜਨ ਕਰਨ ਅਤੇ ਵਿਕਾਸ ਕਰਨ ਦੀ ਅਪਾਰ ਲੀਲਾ ਨੂੰ ਕੋਈ ਨਹੀਂ ਜਾਣ ਸਕਦਾ।

ਇਹ ਮਾਇਆ ਠਾਕੁਰ ਕੀ ਜਾਪੈ ॥
ਜੋ ਅਨਿਕ ਭਾਤਿ ਉਹ ਥਾਪਿ ਉਥਾਪੈ ॥
ਖਿਨ ਮਹਿ ਤੀਨ ਭਵਨ ਉਪਜਾਵੈ ॥
ਖਿਨ ਮਹਿ ਕੋਟਿ ਕਲਪ ਬੀਤਾਵੈ ॥
... ... ... ... ...
ਖਿਨ ਮਹਿ ਛੁਭਮ ਖਿਨ ਮਹਿ ਅਸਥੂਲਾ ॥
ਕੋਈ ਨਾ ਜਾਨੈ ਤਾ ਕੀ ਲੀਲਾ ॥

(ਪ੍ਰੇਮ ਅੰਬੋਧ 55/9)

**ਜਗਤ ਸਤਿ ਹੈ-ਸੰਸਾਰ ਅਸਤਿ ਹੈ :**

ਕਵੀ ਨੇ ਜਗਤ ਨੂੰ ਇਸ ਲਈ ਸਤਿ ਮੰਨਿਆ ਹੈ ਕਿਉਂਕਿ ਉਹ ਸਤਿ ਸਰੂਪ ਪਰਮਾਤਮਾ ਦੁਆਰਾ ਬਣਾਇਆ ਹੋਇਆ ਹੈ। ਜਿੱਥੇ ਉਸ ਨੇ ਜਗਤ ਨੂੰ ਝੂਠਾ ਕਿਹਾ ਹੈ ਉੱਥੇ ਸੰਸਾਰ ਸ਼ਬਦ ਦਾ ਪ੍ਰਯੋਗ ਕੀਤਾ ਹੈ। ਉਸ ਦਾ ਕਥਨ ਹੈ ਕਿ ਸੰਸਾਰ ਇਸ ਲਈ ਝੂਠਾ ਹੈ ਕਿਉਂਕਿ ਇਹ ਪਰਿਵਰਤਨਸ਼ੀਲ ਹੈ। ਇਸ ਵਿਚ ਬਣੇ ਨਾਨਾ ਪ੍ਰਕਾਰ ਦੇ ਰੂਪਾਂ ਦਾ ਅੰਤ ਵਿਨਾਸ਼ ਹੋ ਜਾਣਾ ਹੈ। ਇਸ ਸੰਸਾਰ ਵਿਚ ਰਿਸ਼ਤੇ-ਨਾਤੇ, ਮਿੱਤਰ, ਕਰਮ, ਧਰਮ, ਸੁੱਖ, ਇਹਲੋਕ, ਪਰਲੋਕ ਆਦਿ ਸਾਰੇ ਸੁਪਨੇ ਸਮਾਨ ਝੂਠੇ ਹਨ। ਇਹ ਪੁੱਤਰ, ਕਲੱਤਰ, ਧਨ, ਦੌਲਤ, ਰਾਜ, ਐਸ਼- ਇਸ਼ਰਤ ਸਾਰੇ ਸੁਪਨੇ ਸਮਾਨ ਝੂਠੇ, ਖਿਣ-ਭੰਗੂਰ ਹਨ। ਅੰਤ ਇਹਨਾਂ ਦਾ ਵਿਨਾਸ਼ ਹੋਣਾ ਨਿਸਚਿਤ ਹੈ। ਕਵੀ ਦੇ ਸ਼ਬਦਾਂ ਵਿਚ :

ਬਾਸਨਾ ਰੂਪੀ ਸਭ ਸੰਸਾਰਾ ॥
ਪੁਤ੍ਰ ਕਲਤ੍ਰ ਰਾਜ ਧਨੁ ਮਾਲੁ ॥
ਦੇਹ ਅਵਸਥਾ ਹਾਲੁ ਬੇਹਾਲੁ ॥
ਸਭ ਸੁਪਨਾ ਸਾ ਦੇਇ ਦਿਖਾਈ ॥

(ਪ੍ਰੇਮ ਅੰਬੋਧ 16/9)

ਜਗਤ ਦੇ ਸਤਿ ਸਰੂਪ ਬਾਰੇ ਕਵੀ ਦਾ ਵਿਚਾਰ ਹੈ ਕਿ ਇਸ ਜਗਤ ਵਿਚ ਕੇਵਲ ਆਤਮ ਤੱਤ ਨਿਰਮਲ ਸਾਰ ਹੈ ਜੋ ਸਾਰੇ ਘਟਾਂ ਵਿਚ ਜੋਤ ਦੇ ਰੂਪ ਵਿਚ ਪ੍ਰਕਾਸ਼ਮਾਨ ਹੈ। ਇਸ ਜਗਤ ਵਿਚ ਕੇਵਲ ਪਰਮਾਤਮਾ ਦਾ ਨਾਮ ਹੀ ਸਤਿ ਹੈ- ਬਾਕੀ ਸਭ ਕੁਝ ਝੂਠ, ਨਾਸ਼ਵਾਨ, ਮਿਥਿਆ ਹੈ। ਕਵੀ ਦੇ ਸ਼ਬਦਾਂ ਵਿਚ :

ਤਤੁ ਆਤਮੁ ਨਿਰਮਲੁ ਸਾਰ ਹੈ ਸਭ ਘਟਿ ਜੋਤਿ ਪ੍ਰਕਾਸ ॥
(ਪ੍ਰੇਮ ਅੰਬੋਧ 7/1/10)

ਬਿਨੁ ਹਰਿਨਾਮ ਅਉਰ ਬਕਬਾਦ ॥
(ਪ੍ਰੇਮ ਅੰਬੋਧ 33/16)

(ਸ) ਮਾਇਆ :

ਕਵੀ ਨੇ ਮੱਧਯੁਗੀਨ ਸੰਤਾਂ ਅਤੇ ਗੁਰੂ ਸਾਹਿਬਾਨਾਂ ਦੇ ਮਾਇਆ ਸਬੰਧੀ ਵਿਚਾਰਾਂ ਦਾ ਅਨੁਸਰਣ ਕਰਦੇ ਹੋਏ ਉਸ ਪਰਮਾਤਮਾ ਦੁਆਰਾ ਨਿਰਮਿਤ ਇਕ ਸ਼ਕਤੀ ਮੰਨਿਆ ਹੈ ਜੋ ਤ੍ਰਿਗੁਣਾਤਮਕ ਭਾਵ ਸਤੋ, ਰਜੋ, ਤਮੋ ਗੁਣਾਂ ਵਾਲੀ ਹੈ। ਜੋ ਕੁਝ ਇਸ ਜਗਤ ਵਿਚ ਦ੍ਰਿਸ਼ਟੀਗੋਚਰ ਹੋ ਰਿਹਾ ਹੈ, ਉਹ ਸਾਰਾ ਮਾਇਆ ਹੀ ਹੈ। ਇਸ ਨਾਮ, ਗੁਨ, ਰੂਪ ਆਦਿ ਨੂੰ ਬਣਾਉਣ ਵਾਲਾ ਵੀ ਉਹੀ ਪਰਮਾਤਮਾ ਹੀ ਹੈ। ਕਵੀ ਦੇ ਸ਼ਬਦਾਂ ਵਿਚ :

ਇਹ ਮਾਇਆ ਕਾ ਪਰਕਾਰੁ ਹੈ ਜੇਤਾ ਆਹਿ ਅਕਾਰ ॥
ਰੂਪ ਨਾਮ ਗੁਨ ਰਹਤ ਜੋ ਦੇਖਹੁ ਆਪੁ ਸੁ ਧਾਰ ॥
(ਪ੍ਰੇਮ ਅੰਬੋਧ 11/3 ਦੋਹਰਾ)

ਰੂਪ ਨਾਮ ਗੁਨ ਕਰਮ ਕਾ ਬ੍ਰਹਮ ਕੀਆ ਬਿਸਥਾਰੁ ॥
(ਪ੍ਰੇਮ ਅੰਬੋਧ 4/1 ਦੋਹਰਾ)

ਇਹ ਮਾਇਆ, ਜੋ ਤ੍ਰਿਗੁਣਾਤਮਕ ਹੈ, ਉਸ ਪ੍ਰਭੂ ਦਾ ਖੇਲ ਹੈ। ਉਸ ਨੇ ਇਹ ਖੇਲ ਵੀ ਆਪਣੀ ਇੱਛਾ ਅਨੁਸਾਰ ਰਚਿਆ ਹੈ। ਇਹ ਉਸ ਦੀ ਲੀਲਾ ਹੈ। ਉਸ ਨੇ ਇਹ ਖੇਲ ਵਿਭਿੰਨ ਪ੍ਰਕਾਰ ਦੇ ਰੂਪਾਂ ਵਿਚ ਸਿਰਜਨ ਕੀਤਾ ਹੈ ਅਤੇ ਇਸ ਸਿਰਜੇ ਹੋਏ ਖੇਲ ਨੂੰ ਆਪ ਵੇਖ ਰਿਹਾ ਹੈ। ਉਹ ਖਿਣ ਭਰ ਵਿਚ ਇਸ ਮਾਇਆ ਦਾ ਵਿਸਥਾਰ ਅਤੇ ਖਿਣ ਭਰ ਵਿਚ ਉਸ ਦਾ ਵਿਨਾਸ਼ ਵੀ ਕਰ ਸਕਦਾ ਹੈ। ਉਸ ਦੀ ਇਸ ਲੀਲਾ ਨੂੰ ਕੋਈ ਨਹੀਂ ਸਮਝ ਸਕਦਾ।

ਬਹੁ ਬਿਧਿ ਰਚਨਾ ਥਪਿ ਖੇਲੈ ਪ੍ਰੇਮੀ ਹੋਇ ਕਰਿ ॥
(ਪ੍ਰੇਮ ਅੰਬੋਧ ਆਰੰਭਿਕ ਦੋਹਰਾ)

ਇਹ ਮਾਇਆ ਠਾਕੁਰ ਕੀ ਜਾਪੈ ॥
ਜੋ ਅਨਿਕ ਭਾਤਿ ਉਹ ਥਾਪਿ ਉਥਾਪੈ ॥
... ... ... ... ... ...
ਖਿਨ ਮਹਿ ਛੂਛਮ ਖਿਨ ਮਹਿ ਅਸਥੂਲਾ ॥
ਕੋਈ ਨ ਜਾਨੈ ਤਾ ਕੀ ਲੀਲਾ ॥

(ਪ੍ਰੇਮ ਅੰਬੋਧ 55/9)

ਕਵੀ ਨੇ ਮਾਇਆ ਨੂੰ ਕਈ ਨਾਵਾਂ ਜਿਵੇਂ ਮਾਇਆ ਅਗਿਆਨ ਪੈਦਾ ਕਰਨ ਵਾਲੀ ਹੈ, ਠਗਨੀ ਹੈ ਆਦਿ ਨਾਲ ਪੁਕਾਰਿਆ ਹੈ। ਅਵਿੱਦਿਆ ਭਾਵ ਅਗਿਆਨ ਨਾਲ ਦ੍ਵੈਤ-ਭਾਵ ਪੈਦਾ ਹੁੰਦਾ ਹੈ ਜਿਸ ਨਾਲ ਮਨ ਵਿਚ ਆਪਣੇ ਪਰਾਏ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਅਤੇ ਜੀਵ ਆਪਣੇ ਆਪ ਨੂੰ ਭੁੱਲ ਕੇ ਮੂਲ ਤੋਂ ਦੂਰ ਸਮਝਣ ਲਗ ਪੈਂਦਾ ਹੈ। ਕਵੀ ਨੇ ਇਸ ਨੂੰ ਹਰਿਚੰਦਉਰੀ ਨਗਰੀ ਦਾ ਦ੍ਰਿਸ਼ਟਾਂਤ ਦਿੱਤਾ ਹੈ। ਅਸਲ ਵਿਚ ਇਸ ਸੰਸਾਰ

ਦੇ ਮਾਇਆ-ਮਈ ਪਦਾਰਥ, ਜੋ ਪਲ ਭਰ ਵਿਚ ਆਪਣਾ ਚਮਤਕਾਰ ਵਿਖਾ ਕੇ, ਮਿਟ ਜਾਂਦੇ ਹਨ ' ਕਵੀ ਨੇ ਇਸ ਮਾਇਆ ਨੂੰ ਧੁੰਧ ਵਿਚ ਕਲਪਿਤ ਰਚਨਾ ਦੀ ਤਰ੍ਹਾਂ ਕਿਹਾ ਹੈ :

ਇਹ ਮਾਇਆ ਗਿਆਨ ਪ੍ਰਜੰਤ ਹੈ ਅਗਿਆਨ ਦ੍ਰਿਸਟਾਇ ॥
ਹਰਿਚੰਦਉਰੀ ਨਗਰ ਜਿਉ ਹਰਿ ਰਚਿ ਰਚੀ ਬਨਾਈ ॥

(ਪ੍ਰੇਮ ਅੰਬੋਧ 55/9 ਦੋਹਰਾ)

ਕਵੀ ਅਨੁਸਾਰ ਇਹ ਮਾਇਆ ਠਗਨੀ ਹੈ। ਇਸ ਨੇ ਸਾਰੇ ਸੰਸਾਰ ਨੂੰ ਠੱਗ ਲਿਆ ਹੈ। ਇਹ ਜੀਵ ਨੂੰ ਆਪਣੇ ਪ੍ਰਭਾਵ ਵਿਚ ਉਲਝਾ ਕੇ ਅੰਨਾ ਬਣਾ ਦਿੰਦੀ ਹੈ। ਜੀਵ ਇਸ ਦੇ ਜਾਲ ਵਿਚ ਫਸ ਕੇ ਨਿਕਲ ਨਹੀਂ ਸਕਦਾ। ਪਰ ਜੋ ਆਪਣੇ ਆਪ ਨੂੰ ਪਛਾਣ ਲੈਂਦਾ ਹੈ ਉਸ ਨੂੰ ਇਹ ਮਾਇਆ ਦੇ ਝੂਠੇ ਪ੍ਰਭਾਵ ਅੱਛੇ ਨਹੀਂ ਲਗਦੇ :

ਇਹੁ ਮਾਇਆ ਠਗਨੀ ਜਗਤ ਕੀ ਜਗੁ ਅੰਧਾ ਉਰਝਾਇ ॥
ਜਿਸ ਅਪੁਨਾ ਆਪੁ ਪਛਾਨਿਆ ਤਿਨਾ ਨ ਅਉਰ ਸੁਹਾਇ ॥

(ਪ੍ਰੇਮ ਅੰਬੋਧ 22/4 ਦੋਹਰਾ)

ਇਸ ਮਾਇਆ ਦੇ ਕਈ ਰੂਪ ਹਨ। ਇਸ ਸੰਸਾਰ ਵਿਚ ਪੁੱਤਰ, ਕਲਤ੍ਰ, ਧਨ, ਦੌਲਤ, ਦੇਹ, ਅਭਿਮਾਨ ਸਾਰੇ ਹੀ ਮਾਇਆ ਦੇ ਰੂਪ ਹਨ। ਜੀਵ ਇਹਨਾਂ ਰੂਪਾਂ ਦੇ ਆਕਰਸ਼ਣਾਂ ਵਿਚ ਫਸਿਆ ਰਹਿੰਦਾ ਹੈ। ਕਵੀ ਦਾ ਮੱਤ ਹੈ ਕਿ ਇਹ ਮਾਇਆਮਈ ਸਭ ਰੂਪ ਸੁਪਨੇ ਸਮਾਨ ਝੂਠੇ ਹਨ, ਅਸਤਿ ਹਨ :

ਪੁਤ੍ਰ ਕਲਤ੍ਰ ਰਾਜ ਧਨੁ ਮਾਲ ॥
ਦੇਹ ਅਵਸਥਾ ਹਾਲ ਬੇਹਾਲ ॥
ਸਭੁ ਸੁਪਨਾ ਸਾ ਦੇਹ ਦਿਖਾਈ ॥

(ਪ੍ਰੇਮ ਅੰਬੋਧ 36/9)

ਕਵੀ ਦੀ ਧਾਰਣਾ ਹੈ ਕਿ ਇਹ ਮਾਇਆ ਅਤਿਅੰਤ ਬਲਸ਼ਾਲੀ ਹੈ। ਇਸ ਦੇ ਜਾਲ ਵਿਚੋਂ ਕੋਈ ਬਚ ਨਹੀਂ ਸਕਦਾ। ਇਸ ਦੇ ਬਚਣ ਦੇ ਉਪਾ ਹਨ- ਸਾਧੂ ਸੰਗਤ, ਗੁਰੂ ਦੀ ਕਿਰਪਾ ਅਤੇ ਪ੍ਰਭੂ ਪ੍ਰੇਮ। ਸਾਧੂ ਸੰਗਤ ਅਤੇ ਸਤਿਗੁਰੂ ਦੀ ਅਪਾਰ ਦੁਆਰਾ ਇਹ ਜੀਵ ਮਾਇਆ ਦੇ ਝੂਠੇ ਪ੍ਰਭਾਵ ਤੋਂ ਮੁਕਤ ਹੋ ਕੇ ਤੱਤ-ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ। ਫਿਰ ਇਹ ਜੀਵ ਪ੍ਰਭੂ ਦਾ ਪ੍ਰੇਮ ਸਹਿਤ ਨਾਮ ਸਿਮਰਨ ਕਰਦਾ ਹੋਇਆ ਪ੍ਰਭੂ ਨਾਲ ਮਿਲਾਪ ਕਰਕੇ ਜੀਵਨ-ਮੁਕਤ ਬਣ ਜਾਂਦਾ ਹੈ। ਉਸ ਦਾ ਜੀਵਨ ਸਫਲ ਹੋ ਜਾਂਦਾ ਹੈ।

**(ਹ) ਮੁਕਤੀ :**

ਮੁਕਤੀ ਦਾ ਅਰਥ ਹੈ-ਬੰਧਨ ਮੁਕਤ ਹੋਣਾ। ਆਵਾਗਮਨ ਤੋਂ ਛੁਟਕਾਰਾ ਪ੍ਰਾਪਤ ਕਰਕੇ ਪ੍ਰਭੂ ਵਿਚ ਇਕਮਿਕ ਹੋ ਜਾਣਾ। ਇਸ ਨੂੰ ਦਾਰਸ਼ਨਿਕਾਂ, ਮਹਾਂਪੁਰਖਾਂ, ਸੰਤਾਂ, ਗੁਰੂ ਸਾਹਿਬਾਨਾਂ ਨੇ ਮੋਖ, ਕੈਵਲਯ, ਪਰਮਪਦ, ਪਰਮਗਤੀ, ਬੰਦਖ਼ਲਾਸੀ, ਗਤੀ ਆਦਿ ਨਾਵਾਂ ਨਾਲ ਪੁਕਾਰਿਆ ਹੈ। ਮਾਰਗ ਵੱਖ ਵੱਖ ਹੁੰਦੇ ਹੋਏ ਵੀ ਸਾਰੇ ਇਕ ਹੀ ਸਥਾਨ ਤੇ ਪੁੱਜਦੇ ਹਨ।

ਕਵੀ ਦੇ ਮਤ ਅਨੁਸਾਰ ਜੀਵ ਅਤੇ ਬ੍ਰਹਮ ਵਿਚ ਕੋਈ ਤਾਤਵਿਕ ਭਿੰਨ ਭੇਦ ਨਹੀਂ

ਹੈ ਪਰ ਇਹ ਜੀਵ ਮਾਇਆ ਦੇ ਪ੍ਰਭਾਵ ਕਾਰਣ ਆਪਣੇ ਝੂਠੇ ਆਕਰਸ਼ਣਾ ਵਿਚ ਉਲਝਿਆ ਹੋਇਆ ਆਵਾਗਮਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਇਹ ਪ੍ਰਪੰਚਾਤਮਕ ਸੰਸਾਰ ਹੀ ਜੀਵ ਨੂੰ ਪਰਮਾਤਮਾ ਨਾਲ ਮਿਲਣ ਵਿਚ ਬੰਧਨ ਬਣਿਆ ਹੋਇਆ ਹੈ। ਇਸ ਲਈ ਇਸ ਜਗਤ ਦੇ ਪ੍ਰਪੰਚ ਤੋਂ ਛੁਟਕਾਰਾ ਭਾਵ ਮੁਕਤੀ ਪ੍ਰਾਪਤ ਕਰਨ ਨਾਲ ਕਵੀ ਨੇ ਗਿਆਨ ਦੀ ਪ੍ਰਾਪਤੀ, ਸਾਧੂ-ਸੰਗਤ, ਸਤਿਗੁਰੂ ਦੀ ਕਿਰਪਾ, ਨਾਮ ਜਾਪ ਆਦਿ ਸਾਧਨ ਦੱਸੇ ਹਨ।

ਕਵੀ ਦੀ ਧਾਰਣਾ ਹੈ ਕਿ ਬਿਨਾਂ ਪਰਮਾਤਮ-ਗਿਆਨ ਤੋਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਭਾਵੇਂ ਕੋਈ ਕਿਉਂ ਨਾ ਅਨੇਕ ਦੇਵੀ-ਦੇਵਤਿਆਂ ਦੀ ਅਰਾਧਨਾ ਕਰਦੇ ਰਹੇ। ਇਹ ਜੀਵ ਇਸ ਜਨਮ-ਮਰਨ ਦੇ ਅਨੰਤ ਚੱਕਰ ਵਿਚ ਤਦ ਤਕ ਪਿਆ ਰਹੇਗਾ ਜਦ ਤਕ ਉਸ ਨੂੰ ਤਾਤਵਿਕ-ਗਿਆਨ ਦੀ ਪ੍ਰਾਪਤੀ ਨਹੀਂ ਹੋ ਜਾਂਦੀ ਇਸ ਲਈ ਮੁਕਤੀ ਪ੍ਰਾਪਤ ਕਰਨ ਲਈ ਪਰਮਾਤਮ-ਗਿਆਨ ਦੀ ਪ੍ਰਾਪਤੀ ਕਰਨਾ ਜਰੂਰੀ ਹੈ।

ਬਿਨਾ ਗਿਆਨ ਮੁਕਤੀ ਨਹੀਂ ਹੋਈ ॥
ਦੇਵੀ ਦੇਵ ਮਨਾਵਉ ਕੋਈ ॥
ਜੋ ਕਿਛੁ ਅਹੈ ਬ੍ਰਹਮੁ ਹੈ ਸੋਈ ॥
ਬਿਨੁ ਬ੍ਰਹਮ ਗਿਆਨ ਮੁਕਤਿ ਕੇ ਹੋਈ ॥

(ਪ੍ਰੇਮ ਅੰਬੋਧ 7/9)

ਦੂਜਾ ਸਾਧਨ ਸਾਧ-ਸੰਗਤਿ ਹੈ। ਸਾਧੂ-ਸੰਤ ਬ੍ਰਹਮਗਿਆਨੀ ਹੁੰਦੇ ਹਨ। ਇਹਨਾ ਦਾ ਸੰਗਤਿ ਵਿਚ ਬੈਠ ਕੇ ਇਸ ਅਧਮ ਜੀਵ ਦਾ ਉਧਾਰ ਹੋ ਜਾਂਦਾ ਹੈ। ਕਵੀ ਅਨੁਸਾਰ ਇਹ ਮੁਕਤੀ ਪਦਾਰਥ ਤਾਂ ਤ੍ਰਿਭਵਨ ਦਾ ਸਾਰ ਹੈ। ਉਹ ਨਿਰਭੈ ਪਦਵੀ ਹੈ ਜਿਸ ਦਾ ਕੋਈ ਪਾਰ ਨਹੀਂ ਹੈ। ਇਹ ਤਾਂ ਕੇਵਲ ਸੰਤ-ਜਨਾਂ ਦੀ ਸੰਗਤ ਵਿਚ ਹੀ ਬੈਠ ਕੇ ਹੀ ਪ੍ਰਾਪਤ ਹੋ ਸਕਦੀ ਹੈ, ਕਿਉਂਕਿ ਇਹ ਸੰਤ ਹਰਿ ਨਾਲ ਮਿਲਾਪ ਕਰਵਾਉਣ ਵਿਚ ਸਹਾਇਕ ਹੁੰਦੇ ਹਨ।

ਮੁਕਤੀ ਪਦਾਰਥ ਤ੍ਰਿਭਵਣ ਸਾਰ ॥
ਨਿਰਭੈ ਪਦਵੀ ਅਪਰ ਅਪਾਰ ॥
ਸੋਈ ਮੁਕਤੀ ਹੈ ਹਰਿਜਨ ਪਾਸਾ ॥
ਹਰਿ ਸਿਉ ਮੇਲੁ ਕਰਹਿ ਹਰਿ ਦਾਸਾ ॥

(ਪ੍ਰੇਮ ਅੰਬੋਧ 3/9)

ਤੀਜਾ ਸਾਧਨ ਸਤਿਗੁਰੂ ਦੀ ਅਪਾਰ ਕਿਰਪਾ ਹੈ। ਅਧਿਆਤਮਕ ਖੇਤਰ ਵਿਚ ਆਤਮ-ਗਿਆਨ ਦੀ ਪ੍ਰਾਪਤੀ ਦੇ ਲਈ ਸਤਿਗੁਰੂ ਦਾ ਵੱਡਾ ਮਹੱਤਵ ਹੈ। ਇਸ ਦੀ ਬਿਨਾਂ ਕਿਰਪਾ ਤੋਂ ਜੀਵ ਦਾ ਕਲਿਆਣ ਨਹੀਂ ਹੋ ਸਕਦਾ। ਸਤਿਗੁਰੂ ਜੀਵ ਨੂੰ ਪ੍ਰਭੂ ਦੀ ਪਛਾਣ ਭਾਵ ਆਤਮ-ਗਿਆਨ ਕਰਵਾਉਂਦਾ ਹੈ। ਇਹ ਜੀਵ ਨੂੰ ਮਾਇਆ-ਮਈ ਬੰਧਨਾਂ ਤੋਂ ਛੁਟਕਾਰਾ ਦਿਵਾ ਕੇ ਪ੍ਰੇਮ-ਭਗਤੀ ਦਾ ਸੱਚਾ ਮਾਰਗ ਪ੍ਰਦਰਸ਼ਿਤ ਕਰਦਾ ਹੈ। ਅਸਲ ਵਿਚ ਸਤਿਗੁਰੂ ਦਾ ਬਹੁਤ ਉੱਚਾ ਸਥਾਨ ਹੈ। ਇਸ ਲਈ ਜੀਵ ਨੂੰ ਸਤਿਗੁਰੂ ਦੇ ਪਾਸ ਜਾ ਕੇ

ਆਪਣਾ ਤਨ, ਮਨ, ਧਨ ਸਾਰਾ ਕੁਝ ਅਰਪਿਤ ਕਰ ਦੇਣਾ ਚਾਹੀਦਾ ਹੈ- ਤਦ ਹੀ ਉਸ ਤੋਂ ਮੁਕਤੀ-ਪਦਾਰਥ ਦੀ ਪ੍ਰਾਪਤੀ ਹੋ ਸਕਦੀ ਹੈ .

ਮਨੁ ਤਨੁ ਧਨੁ ਸਭੁ ਡਾਰਿ ਕੈ ਪਕਰਹੁ ਸਤਿਗੁਰ ਪਾਇ ॥
ਮੁਕਤਿ ਪਦਾਰਥੁ ਸਹਜ ਹੀ ਤੁਮਰੈ ਪਲੇ ਪਾਇ ॥

(ਪ੍ਰੇਮ ਅੰਬੋਧ 11/9)

ਚੌਥਾ ਸਾਧਨ ਪ੍ਰਭੂ-ਪ੍ਰੇਮ ਹੈ। ਜਦੋਂ ਜੀਵ ਦੇ ਮਨ ਵਿਚ ਸਾਧੂ ਸੰਗਤਿ ਅਤੇ ਸਤਿਗੁਰੂ ਦੀ ਕਿਰਪਾ ਅਤੇ ਉਪਦੇਸ਼ ਨਾਲ ਪ੍ਰਭੂ ਨਾਲ ਅਨੁਰਾਗ ਪੈਦਾ ਹੋ ਜਾਦਾ ਹੈ ਤਾਂ ਉਹ ਇਸ ਤ੍ਰਿਗੁਣਾਤਮਕ ਮਾਇਆ ਤੋਂ ਉਪਰ ਉਠ ਕੇ ਨਿਸਦਿਨ ਉਸੀ ਦੇ ਜਾਪ ਵਿਚ ਲੀਨ ਰਹਿਣ ਲਗ ਪੈਂਦਾ ਹੈ। ਉਸ ਪਰਮਾਤਮਾ ਦਾ ਸਿਮਰਨ ਕਰਦਾ ਹੋਇਆ ਆਪਣੇ ਮੂਲ ਵਿਚ ਇਕਮਿਕ ਹੋ ਜਾਂਦਾ ਹੈ :

ਪ੍ਰੇਮ ਭਾਉ ਜਬ ਘਟ ਮੈ ਲਾਗੈ ॥
ਤ੍ਰਿਗੁਣ ਨੀਦ ਤੇ ਸੋਇਆ ਜਾਵੈ ॥
ਜਾਗਿ ਪਰੈ ਫਿਰਿ ਨੀਦ ਨਿ ਆਵੈ ॥
ਪ੍ਰੇਮੀ ਪ੍ਰੇਮੁ ਪ੍ਰੀਤਮੁ ਹੋਇ ਜਾਵੈ ॥

(ਪ੍ਰੇਮ ਅੰਬੋਧ :/6)

ਕਵੀ ਨੇ ਕਿਧਰੇ ਕਿਧਰੇ ਜੀਵਨ-ਮੁਕਤ ਸ਼ਬਦ ਦੇ ਪ੍ਰਯੋਗ ਕੀਤਾ ਹੈ। ਜੀਵਨ-ਮੁਕਤ ਦਾ ਭਾਵ ਹੈ—ਜੀਉਂਦੇ ਜੀ ਮੁਕਤੀ ਪ੍ਰਾਪਤ ਕਰਨਾ। ਇਹ ਕੋਈ ਮਿਰਤੂ ਹੋਣ ਤੋਂ ਬਾਅਦ ਪ੍ਰਾਪਤ ਹੋਣ ਵਾਲਾ ਕੋਈ ਪਦਾਰਥ ਨਹੀਂ ਹੈ ਸਗੋਂ ਸੰਸਾਰ ਵਿਚ ਰਹਿੰਦੇ ਹੋਏ ਆਪਣੇ ਮਨ ਵਿਚ ਉਸ ਪ੍ਰਭੂ ਦਾ ਨਿਵਾਸ ਕਰਨਾ ਹੈ, ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਰਹਿਣਾ ਹੈ ਜਿਵੇਂ ਮੁਰਗਾਬੀ ਪਾਣੀ ਵਿਚ ਆਪਣੇ ਖੰਭ ਨਹੀਂ ਭਿੱਜਣ ਦਿੰਦੀ ਅਤੇ ਕੇਵਲ ਚਿਕੱੜ ਤੋਂ ਨਿਰਲੇਪ ਰਹਿੰਦੀ ਹੈ। ਫਿਰ ਜਿਸ ਦੇ ਮਨ ਵਿਚ ਉਸ ਪ੍ਰਭੂ ਦਾ ਨਿਵਾਸ ਹੋ ਗਿਆ, ਉਸ ਦੇ ਜੀਵਨ ਵਿਚ ਹਰਖ-ਸੋਗ, ਦੁੱਖ ਸੁਖ ਸਭ ਬਰਾਬਰ ਹੋ ਜਾਂਦੇ ਹਨ। ਜੋ ਹਰਿ ਨੂੰ ਚੰਗਾ ਲਗਦਾ ਹੈ-ਉਹ ਉਸੀ ਵਿਚ ਆਪਣੇ ਆਪ ਨੂੰ ਖੁਸ਼ ਸਮਝਦਾ ਹੈ। ਉਸੀ ਰੰਗ ਵਿਚ ਰੰਗਿਆ ਹੋਇਆ ਸੰਸਾਰ ਵਿਚ ਹੀ ਜੀਵਨ-ਮੁਕਤ ਬਣ ਜਾਂਦਾ ਹੈ। ਕਵੀ ਨੇ ਸਾਧ-ਜਨਾਂ ਨੂੰ ਵੀ ਜੀਵਨ-ਮੁਕਤ ਕਿਹਾ ਹੈ :

ਹਰਖ ਸੋਗ ਨਹੀਂ ਮਨ ਮੈ ਲਿਆਵੇ ॥
ਜੀਵਨ ਮੁਕਤਿ ਸਰੂਪੁ ਬਿਰਾਜੈ ॥
ਜੋ ਕੁਝ ਕਰੈ ਸੋਈ ਉਸੁ ਛਾਜੈ ॥

(ਪ੍ਰੇਮ ਅੰਬੋਧ 6/12)

ਜੀਵਨ ਮੁਕਤਿ ਹੈ ਸਾਧ ਜਨ ਰਹਤ ਹੈ ਜਗ ਹੀ ਮਾਹੀ ॥

(ਪ੍ਰੇਮ ਅੰਬੋਧ 16/12 ਦੋਹਰਾ)

ਜੀਵਨ-ਮੁਕਤ ਬਣਨਾ ਆਪਣੇ ਵੱਸ ਵਿਚ ਨਹੀਂ ਹੈ। ਜਦੋਂ ਉਸ ਪਰਮਾਤਮਾ ਦੀ ਅਪਾਰ ਕਿਰਪਾ ਹੁੰਦੀ ਹੈ ਤਦ ਹੀ ਇਹ ਜੀਵ ਪ੍ਰਪੰਚਾਤਮਕ ਜਗਤ ਵਿਚੋਂ ਉੱਚਾ ਉਠ ਕੇ

ਉਸ ਪ੍ਰਭੂ ਦਾ ਨਾਮ ਜਾਪ ਕਰਨ ਲਗ ਪੈਂਦਾ ਹੈ। ਜਦੋਂ ਉਸ ਦੇ ਮਨ ਵਿਚ ਪ੍ਰਭੂ ਦੀ ਨਾਮ ਜਾਗ੍ਰਿਤ ਹੋ ਜਾਂਦਾ ਹੈ-ਉਹ ਭਾਗਸ਼ਾਲੀ ਬਣ ਜਾਂਦਾ ਹੋ ਜਾਂਦਾ ਹੈ। ਉਸ ਦੇ ਜਨਮ ਮਰਨ ਦਾ ਅਨੰਤ ਚੱਕਰ ਸਮਾਪਤ ਹੋ ਜਾਂਦਾ ਹੈ। ਉਹ ਜੀਵਨ-ਮੁਕਤ ਬਣ ਜਾਂਦਾ ਹੈ।

> ਸੰਈ ਪ੍ਰੇਮੁ ਹੈ ਸਭ ਘਟ ਜਾਗਾ ॥
> ਜਾਹ ਕਰੈ ਪ੍ਰਵਾਹੂ ਸੰਈ ਵਡਭਾਗਾ ॥
>
> (ਪ੍ਰੇਮ ਅੰਬੋਧ 11/ਚੌਪਈ)

ਇਉਂ ਕਵੀ ਨੇ ਭਾਰਤੀ ਚਿੰਤਨਧਾਰਾ, ਸੰਤ-ਬਾਣੀ ਧਾਰਾ ਤੇ ਗੁਰਮਤਿ ਧਾਰਾ ਨੂੰ ਆਧਾਰ ਬਣਾ ਕੇ ਆਪਣੀਆਂ ਦਾਰਸ਼ਨਿਕ ਮਾਨਤਾਵਾਂ ਦਾ ਉਲੇਖ ਸਹਿਜੇ ਬਿਨਾਂ ਕਿਸੇ ਵਿਸ਼ੇਸ਼ ਉਚੇਚ, ਤੇ ਯਤਨ ਕਰਕੇ ਆਪਣੀ ਕਾਵਿ-ਅਭਿਵਿਅਕਤੀ ਅਤੇ ਬੌਧਿਕ ਉੱਚਤਾ ਦਾ ਪ੍ਰਮਾਣ ਦਿੱਤਾ ਹੈ।

**ਭਗਤੀ ਦਾ ਵਿਹਾਰਕ ਪੱਖ :**

ਭਗਤੀ ਦਾਰਸ਼ਨਿਕ ਅਤੇ ਧਾਰਮਿਕ ਗ੍ਰੰਥਾਂ ਵਿਚ ਬ੍ਰਹਮ ਪ੍ਰਾਪਤੀ ਲਈ ਕਈ ਮਾਰਗਾਂ ਦੀ ਵਿਸਤ੍ਰਿਤ ਚਰਚਾ ਕੀਤੀ ਗਈ ਹੈ ਪਰ ਇਹਨਾਂ ਵਿਚ ਪ੍ਰਮੁੱਖ ਚਾਰ ਪ੍ਰਕਾਰ ਦੇ ਸਾਧਨਾ-ਮਾਰਗਾਂ ਨੂੰ ਵਿਸ਼ੇਸ਼ ਮਾਣਤਾ ਪ੍ਰਾਪਤ ਹੋਈ ਹੈ :

- **(ੳ) ਗਿਆਨ ਮਾਰਗ**
- **(ਅ) ਕਰਮ ਮਾਰਗ**
- **(ੲ) ਯੋਗ ਮਾਰਗ**
- **(ਸ) ਭਗਤੀ ਮਾਰਗ**

ਜਿਗਿਆਸੂ ਇਹਨਾਂ ਮਾਰਗਾਂ ਤੇ ਚਲਦਿਆਂ ਬ੍ਰਹਮਲੀਨ ਹੋਣ ਦੇ ਸਮਰੱਥ ਹੋ ਜਾਂਦਾ ਹੈ। ਕਵੀ ਨੇ ਇਹਨਾਂ ਮਾਰਗਾਂ ਦਾ ਕੋਈ ਸ਼ਾਸਤਰੀ ਵਿਵੇਚਨ ਨਹੀਂ ਕੀਤਾ ਹੈ। ਉਸ ਨੇ ਤਾਂ ਇਹਨਾਂ ਚਾਰ ਮਾਰਗਾਂ ਨੂੰ ਇਕ ਕਰਕੇ ਸਹਜ ਸਾਧਨਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਹਨਾਂ ਸਾਧਨਾਵਾਂ ਦਾ ਸਹਜੀਕਰਣ ਹੀ ਕਵੀ ਦੀ ਵਿਸ਼ੇਸ਼ਤਾ ਹੈ। ਉਸ ਨੇ ਪਹਿਲੇ ਤਿੰਨ ਸਾਧਨਾ-ਮਾਰਗਾਂ ਨੂੰ ਬਰਾਬਰ ਮਹੱਤਵ ਦਿੰਦਿਆਂ ਹੋਇਆਂ ਭਗਤੀ ਮਾਰਗ ਨੂੰ ਮਹੱਤਵਪੂਰਨ ਮੰਨ ਕੇ ਇਸ ਉੱਤੇ ਜ਼ਿਆਦਾ ਬਲ ਦਿਤਾ ਹੈ। ਉਸ ਨੂੰ ਭਗਤੀ ਵਿਚ ਵੀ 'ਪ੍ਰੇਮਾ ਭਗਤੀ' ਜ਼ਿਆਦਾ ਪਿਆਰੀ ਹੈ। ਉਸ ਦੀ ਦ੍ਰਿੜ੍ਹ ਧਾਰਣਾ ਹੈ ਕਿ ਸਾਧਕ ਕੇਵਲ ਪ੍ਰਭੂ ਪ੍ਰੇਮ ਅਤੇ ਨਾਮ ਸਿਮਰਨ ਕਰਨ ਨਾਲ ਹੀ ਪਾਰਬ੍ਰਹਮ ਨੂੰ ਪ੍ਰਾਪਤ ਕਰ ਸਕਦਾ ਹੈ। ਇਹਨਾਂ ਬਾਰੇ ਸੰਖੇਪ ਪਰਿਚਯ ਦੇਣਾ ਅਣਉੱਚਿਤ ਨਹੀਂ ਹੋਵੇਗਾ।

**(ੳ) ਗਿਆਨ ਮਾਰਗ :**

ਗਿਆਨ ਦਾ ਖੇਤਰ ਕਾਫੀ ਵਿਸ਼ਾਲ ਹੈ ਪਰ ਅਧਿਆਤਮਕ ਖੇਤਰ ਵਿਚ ਗਿਆਨ ਪ੍ਰਾਪਤੀ ਦਾ ਭਾਵ ਆਤਮ-ਗਿਆਨ ਅਤੇ ਬ੍ਰਹਮ-ਗਿਆਨ ਦੀ ਪ੍ਰਾਪਤੀ ਹੈ। ਆਤਮ ਗਿਆਨ ਦਾ ਭਾਵ ਹੈ—ਵਿਕਾਰ ਰਹਿਤ ਹੋ ਕੇ ਆਤਮਾ ਦੇ ਸ਼ੁਧ ਚੇਤੰਨ ਸਰੂਪ ਨਾਲ ਮਿਲਾਪ। ਆਤਮ-ਗਿਆਨ ਨਾਲ ਹੀ ਜਿਗਿਆਸੂ ਪਾਰਬ੍ਰਹਮ ਨੂੰ ਪ੍ਰਾਪਤ ਕਰਨ ਵਿਚ ਸਮੱਰਥ ਹੁੰਦਾ ਹੈ। ਬ੍ਰਹਮ-ਗਿਆਨ ਦਾ ਭਾਵ ਇਸ ਸ੍ਰਿਸ਼ਟੀ ਦੀ ਮੂਲ ਅਤੇ ਆਦਿ ਸ਼ਕਤੀ ਪਰਮਾਤਮਾ

ਦੀ ਸੰਞੀ ਹੈ । ਇਸ ਗਿਆਨ ਨੂੰ ਜਾਣ ਲੈਣ ਤੋਂ ਬਾਅਦ ਸਾਧਕ ਨੂੰ ਕਿਸੇ ਹੋਰ ਗਿਆਨ ਦੀ ਲੋੜ ਨਹੀਂ ਰਹਿ ਜਾਂਦੀ । ਕਵੀ ਦਾ ਮੱਤ ਹੈ ਕਿ ਗਿਆਨ ਤੋਂ ਹੀਣਾ ਜੀਵ ਦਾ ਪਰਮਾਤਮਾ ਨਾਲ ਮਿਲਾਪ ਸੰਭਵ ਨਹੀਂ । ਇਹੀ ਗਿਆਨ ਆਵਾਗਮਨ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਸਾਧਨ ਹੈ ਪਰ ਇਸ ਦੀ ਪ੍ਰਾਪਤੀ ਦੇ ਮਾਰਗ ਵਿਚ ਇਹ ਜਗਤ ਦੇ ਬੰਧਨ, ਵਿਸ਼ੇ-ਵਿਕਾਰ ਆਦਿ ਰੁਕਾਵਟਾਂ ਬਣ ਜਾਂਦੇ ਹਨ । ਜੀਵ ਇਹਨਾਂ ਜਗਤ ਦੇ ਬੰਧਨਾਂ ਦੇ ਝੂਠੇ ਪ੍ਰਭਾਵਾਂ ਦੇ ਜਲ ਵਿਚ ਬੁਰੀ ਤਰ੍ਹਾਂ ਫਸ ਜਾਂਦਾ ਹੈ । ਇਹ ਤ੍ਰਿਗੁਣਾਤਮਕ ਮਾਇਆ ਇਤਨੀ ਬਲਸ਼ਾਲੀ ਹੈ ਕਿ ਇਸ ਨੇ ਸਾਰੇ ਸੰਸਾਰ ਨੂੰ ਆਪਣੇ ਪ੍ਰਭਾਵ ਵਿਚ ਉਲਝਾ ਰਖਿਆ ਹੈ । ਇਹ ਪੁੱਤਰ, ਕਲਤਰ, ਧਨ-ਦੌਲਤ, ਐਸ਼ੋ-ਇਸ਼ਰਤ ਮਾਇਆ ਦੇ ਹੀ ਰੂਪ ਹਨ ਜੋ ਜੀਵ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ । ਇਹ ਅਧਮ ਜੀਵ ਅਗਿਆਨ-ਵਸ ਵਿਕਾਰਾਂ ਵਿਚ ਫਸ ਜਾਂਦਾ ਹੈ ਜਿਸ ਦੇ ਫਲਸਰੂਪ ਉਹ ਇਹਨਾਂ ਖਿਣ-ਭੰਗੁਰ ਸੰਸਾਰਕ ਸੁੱਖਾਂ ਵਿਚ ਗ੍ਰਸਤ ਹੋਇਆ ਜਨਮ-ਮਰਨ ਦੀ ਚਉਰਾਸੀ ਵਿਚ ਫਸ ਜਾਂਦਾ ਹੈ । ਕਵੀ ਦੇ ਸ਼ਬਦਾਂ ਵਿਚ :

ਇਹ ਮਾਇਆ ਠਗਨੀ ਜਗਤ ਕੀ ਜਗੁ ਅੰਧਾ ਉਰਝਾਇ ॥
(ਪ੍ਰੇਮ ਅੰਬੋਧ 22/4 ਦੋਹਰਾ)
ਮੋਹ ਕੀ ਫਾਸੀ ਜਗਤ ਗਰਿ ਚਉਰਾਸੀ ਲਖ ਭਰਮਾਇ ॥
(ਪ੍ਰੇਮ ਅੰਬੋਧ 2/11 ਦੋਹਰਾ)

ਪਰ ਜਦੋਂ ਉਸ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਉਹ ਇਸ ਝੂਠੇ ਸੰਸਾਰੀ ਬੰਧਨਾਂ ਤੋਂ ਛੁਟਕਾਰਾ ਪਾ ਕੇ, ਸ਼ੁੱਧ ਸਰੂਪ ਬਣ ਕੇ ਪਰਮਾਤਮਾ ਨੂੰ ਪਛਾਣਨ ਵਿਚ ਸਮੱਰਥ ਹੋ ਜਾਂਦਾ ਹੈ । ਇਸ ਲਈ ਸ਼ੁੱਧ ਗਿਆਨ ਪਾਉਣ ਲਈ ਇੰਦ੍ਰੀਆਂ ਅਤੇ ਮਨ ਨੂੰ ਕਾਬੂ ਕਰਨਾ ਜ਼ਰੂਰੀ ਹੈ :

ਤਨੁ ਇੰਦ੍ਰੀ ਮਨੁ ਅਧੀਨੁ ਹੈ ਜਹ ਮਨੁ ਤਹ ਵੈ ਜਾਹਿ ॥
ਜਬ ਗਿਆਨ ਅਗਨਿ ਮੈਂ ਜਗੈ ਪਟ ਦਾਧੈ ਜਿਉ ਨਿਰਖਾਹਿ ॥
(ਪ੍ਰੇਮ ਅੰਬੋਧ 11/10)

ਕਵੀ ਦੇ ਅਨੁਸਾਰ ਇਹ ਗਿਆਨ ਪ੍ਰਾਪਤੀ, ਸਾਧੂਆਂ ਦੀ ਸੰਗਤ ਅਤੇ ਸਤਿਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ । ਜਦੋਂ ਜੀਵ ਨੂੰ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਦ ਉਹ ਸੱਚੇ ਮਾਰਗ ਉੱਤੇ ਚਲਦਾ ਮਹਾਤਮਾ ਬਣ ਜਾਂਦਾ ਹੈ । ਭਗਤ ਪੀਪਾ, ਭਗਤ ਸਧਨਾ ਤੇ ਭਗਤ ਬਾਲਮੀਕ ਨੇ ਸੰਤਾਂ-ਸਾਧੂਆਂ ਤੋਂ ਹੀ ਗਿਆਨ ਪ੍ਰਾਪਤ ਕੀਤਾ ਸੀ । ਫਿਰ ਸਾਧਕ ਦੇ ਜੀਵਨ ਵਿਚ ਦੁੱਖ-ਸੁਖ, ਹਰਖ-ਸੋਗ, ਮਾਨ-ਅਪਮਾਨ ਸਭ ਬਰਾਬਰ ਹੋ ਜਾਂਦੇ ਹਨ । ਉਸ ਦੇ ਭੇਦ-ਭਾਵ ਖ਼ਤਮ ਹੋ ਜਾਂਦੇ ਹਨ । ਉਹ ਸਹਜ-ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ । ਉਸ ਨੂੰ ਹਰ ਪਾਸੇ ਬ੍ਰਹਮ ਹੀ ਬ੍ਰਹਮ ਵਿਖਾਈ ਦਿੰਦਾ ਹੈ । ਕਵੀ ਦਾ ਕਥਨ ਹੈ :

ਜਿਨ ਗੁਰ ਗਿਆਨ ਪਰਾਪਤ ਹੂਆ ॥
ਤਿਨਹਿ ਨ ਸੂਝਤ ਏਕ ਅਰ ਦੂਆ ॥

ਸਭ ਭੂਤਨ ਮਹਿ ਆਪ ਕਉ ਦੇਖੈ ॥
ਅਉ ਆਪ ਮਹਿ ਸਭ ਭੂਤਨ ਪੇਖੈ ॥

(ਪ੍ਰੇਮ ਅੰਬੋਧ 12/3)

ਜਿਨ ਕੈ ਬ੍ਰਹਮ ਗਿਆਨੁ ਤਿਨ ਕਉ ਸਭੁ ਜਗੁ ਬ੍ਰਹਮ ਹੈ ।

(ਪ੍ਰੇਮ ਅੰਬੋਧ 13/3 ਦੋਹਰਾ)

ਸਾਰਾਂਸ਼ ਇਹ ਹੈ ਕਿ ਅਧਿਆਤਮ ਉੱਨਤੀ ਦੇ ਲਈ ਗਿਆਨ-ਪ੍ਰਾਪਤੀ ਦਾ ਵਿਸ਼ੇਸ਼ ਮਹੱਤਵ ਹੈ । ਕਵੀ ਨੇ ਆਪਣੇ ਨਿੱਜੀ ਅਨੁਭਵ ਉੱਤੇ ਅਧਾਰਿਤ ਆਤਮ-ਗਿਆਨ ਪ੍ਰਾਪਤੀ ਨੂੰ ਹੀ ਸਹਜ ਗਿਆਨ ਦੇ ਰੂਪ ਵਿਚ ਸਵੀਕਾਰ ਕੀਤਾ ਹੈ ।

**(ਅ) ਕਰਮ ਮਾਰਗ :**

ਭਾਰਤੀ ਚਿੰਤਕਾਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ ਜੋ ਕਿ ਸਾਧਕ ਗਿਆਨ ਮਾਰਗ ਦੇ ਔਖੇ ਤੇ ਨੀਰਸ ਰਾਹ ਨੂੰ ਗ੍ਰਹਿਣ ਨਹੀਂ ਕਰ ਸਕਦੇ ਉਹ ਜੀਵਨ ਵਿਚ ਕਰਮਸ਼ੀਲ ਅਤੇ ਸੱਚੇ ਸੁੱਚੇ ਕਰਮਾਂ ਦੁਆਰਾ ਬ੍ਰਹਮ ਨੂੰ ਪ੍ਰਾਪਤ ਕਰ ਸਕਦੇ ਹਨ ।

ਕਰਮ ਕੀ ਹੈ ? ਕੋਈ ਵੀ ਕਾਰਜ, ਵਿਉਹਾਰ, ਗੁਣ ਜਾਂ ਵਿਚਾਰ ਜਿਸ ਨਾਲ ਕਿਸੀ ਪ੍ਰਕਾਰ ਦੀ ਫਲ ਪ੍ਰਾਪਤੀ ਹੁੰਦੀ ਹੈ, ਕਰਮ ਦੀ ਸੀਮਾਂ ਵਿਚ ਆਉਂਦਾ ਹੈ । ਮਨੁੱਖ ਕਰਮਸ਼ੀਲ ਪ੍ਰਾਣੀ ਹੈ । ਉਸ ਨੂੰ ਕੋਈ ਨਾ ਕੋਈ ਤਾਂ ਕਰਮ ਕਰਨਾ ਹੀ ਪੈਂਦਾ ਹੈ । ਕਵੀ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਦਾ ਕੋਈ ਕਰਮ ਕਰੇਗਾ, ਉਸ ਨੂੰ ਉਸੀ ਤਰ੍ਹਾਂ ਦਾ ਹੀ ਫਲ ਪ੍ਰਾਪਤ ਹੋਵੇਗਾ । ਅਧਿਆਤਮਕ ਖੇਤਰ ਵਿਚ ਸੱਚੇ ਕਰਮ ਕਰਨ ਉੱਤੇ ਬਲ ਦਿਤਾ ਗਿਆ ਹੈ ਜੋ ਪ੍ਰਭੂ-ਮਿਲਣ ਵਿਚ ਸਹਾਇਕ ਹੁੰਦੇ ਹਨ । ਕਵੀ ਦਾ ਮਤ ਹੈ ਕਿ ਜੋ ਹਰੀ ਭਗਤੀ ਦਾ ਸੱਚਾ ਮਾਰਗ ਤਿਆਗ ਕੇ ਕੋਈ ਹੋਰ ਕਰਮ ਕਰਨ ਲਗ ਜਾਂਦੇ ਹਨ-ਉਹ ਆਵਾਗਮਨ ਵਿਚ ਫਸੇ ਚਉਰਾਸੀ ਲੱਖ ਜੂਨੀਆਂ ਦੇ ਚੱਕਰ ਵਿਚ ਭਟਕਦੇ ਹੋਏ ਵਾਰ ਵਾਰ ਜਮਦੂਤਾਂ ਦੀ ਮਾਰ ਖਾਂਦੇ ਰਹਿੰਦੇ ਹਨ । ਇਸ ਭਟਕਣ ਤੋਂ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਸੱਚੇ ਕਰਮਾਂ ਦੇ ਨਾਲ ਨਾਲ ਹਰਿ ਭਗਤੀ ਕਰਨਾ ਹੈ :

ਜੈਸਾ ਕਰਹੁ ਫਲ ਤੈਸਾ ਲਹਹੁ ॥

(ਪ੍ਰੇਮ ਅੰਬੋਧ 7/11)

ਜੇ ਕੋ ਹਰਿ ਮਗੁ ਛਾਡਿ ਕੈ ਪੜਤ ਹੈ ਅਉਝੜ ਬਾਲ ॥
ਲਖ ਚਉਰਾਸੀਹ ਭਰਮਣੀ ਸਹੈ ਦੂਤਨ ਕੀ ਸਾਟ ॥

(ਪ੍ਰੇਮ ਅੰਬੋਧ 12/12 ਦੋਹਰਾ)

ਕਵੀ ਦੀ ਧਾਰਣਾ ਹੈ ਕਿ ਜਿਸ ਪ੍ਰਕਾਰ ਪ੍ਰਭੂ ਨੇ ਇਸ ਨਾਮ-ਰੂਪਾਤਮਕ ਜਗਤ ਨੂੰ ਬਣਾਇਆ ਹੈ, ਉਸੀ ਪ੍ਰਕਾਰ ਉਸ ਨੇ ਤ੍ਰਿਗੁਣਾਤਮਕ ਮਾਇਆ ਅਤੇ ਕਰਮਾਂ ਦਾ ਵੀ ਵਿਸਥਾਰ ਕੀਤਾ ਹੈ ।

ਰੂਪ ਨਾਮ ਗੁਨ ਕਰਮ ਕਾ ਬ੍ਰਹਮ ਕੀਆ ਬਿਸਥਾਰੁ ॥

(ਪ੍ਰੇਮ ਅੰਬੋਧ 4/13 ਦੋਹਰਾ)

ਭਗਤੀ ਸੰਸਕਾਰ ਗ੍ਰੰਥਾਂ ਵਿਚ ਸਾਧਾਰਣ ਤੌਰ ਤੇ ਕਰਮ ਤਿੰਨ ਪ੍ਰਕਾਰ ਗਏ ਹਨ । (ੳ) ਸੰਚਿਤ ਕਰਮ, (ਅ) ਪ੍ਰਾਲਬਧ ਕਰਮ (ੲ) ਕ੍ਰਿਆ

ਜੋ ਮਨੁੱਖ ਨੇ ਕਰਮ ਕੀਤੇ ਹਨ-ਉਹ ਸੰਚਿਤ ਕਰਮ ਹਨ। ਜਿਨ੍ਹਾਂ ਪਹਿਲੇ ਕਰਮਾਂ ਦਾ ਫਲ ਭੋਗ ਰਿਹਾ ਹੈ-ਉਹ ਪਰਾਲਬਧ ਕਰਮ ਹਨ ਅਤੇ ਜਿਨ੍ਹਾਂ ਕਰਮਾਂ ਨੂੰ ਉਹ ਕਰ ਰਿਹਾ ਹੈ-ਉਹ ਕ੍ਰਿਆਮਾਨ ਕਰਮ ਹਨ। ਕਵੀ ਨੇ ਗ੍ਰੰਥ ਵਿਚ ਪਰਾਲਬਧ ਕਰਮਾਂ ਨੂੰ ਭੋਗਦੇ ਹੋਏ, ਉੱਤਮ ਕ੍ਰਿਆਮਾਨ ਕਰਮ ਕਰਨ ਦੇ ਲਈ ਪ੍ਰੇਰਣਾ ਦਿੱਤੀ ਹੈ ਜੋ ਮੁਕਤੀ ਦਾ ਆਧਾਰ ਬਣਦੇ ਹਨ-ਕਿਉਂਕਿ ਕਵੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਰੇਕ ਜੀਵ ਨੂੰ ਪਰਾਲਬਧ ਕਰਮ ਤਾਂ ਭੋਗਣੇ ਹੀ ਪੈਂਦੇ ਹਨ ਅਤੇ ਇਹਨਾਂ ਨੂੰ ਬਿਨਾਂ ਭੋਗੇ ਛੁਟਕਾਰਾ ਪ੍ਰਾਪਤ ਨਹੀਂ ਹੋ ਸਕਦਾ :

ਪਰਾਲਬਧ ਕੈ ਜਗਤੁ ਬਸਿ ਜੇਤੇ ਸਰੀਰ ਆਕਾਰ ॥
ਬਿਨੁ ਭੋਗੇ ਨਹੀ ਛੂਟੀਐ ਸਾਹਸਲੇਮ ਬਿਚਾਰ ॥

(ਪ੍ਰੇਮ ਅੰਬੋਧ 31/4)

ਕਵੀ ਅਨੁਸਾਰ ਜੀਵ ਜਿਸ ਤਰ੍ਹਾਂ ਦਾ ਕੋਈ ਕਰਮ ਕਰਦਾ ਹੈ-ਉਸ ਨੂੰ ਉਸੀ ਤਰ੍ਹਾਂ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ। ਸ਼ੁਭ ਕਰਮ ਕਰਨ ਨਾਲ ਸ਼ੁਭ ਫਲ ਦੀ ਪ੍ਰਾਪਤੀ ਅਤੇ ਅਸ਼ੁਭ ਕਰਮ ਕਰਨ ਨਾਲ ਮਾੜੇ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਕਵੀ ਨੇ ਕੁਕਰਮਾਂ ਦਾ ਤਿਆਗ ਕਰਕੇ ਚੰਗੇ ਕਰਮਾਂ ਉੱਤੇ ਬਲ ਦਿੱਤਾ ਹੈ। ਕਵੀ ਦੇ ਸ਼ਬਦਾਂ ਵਿਚ :

ਜੈਸਾ ਕਰਹੁ ਫਲੁ ਤੈਸਾ ਲਹਹੁ ॥
ਇਸ ਜਗੁ ਮਾਹਿ ਬਿਉਹਾਰ ਬਨਿਓ ਹੈ ॥
ਜਿਨ ਜੋ ਬੀਜਿਓ ਸੋਈ ਲੁਨਿਓ ਹੈ ॥

(ਪ੍ਰੇਮ ਅੰਬੋਧ 7/11)

ਕਵੀ ਅਨੁਸਾਰ ਜੀਵ ਤ੍ਰਿਗੁਣਾਤਮਕ ਪ੍ਰਕ੍ਰਿਤੀ ਅਧੀਨ ਕਰਮਸ਼ੀਲ ਰਹਿੰਦਾ ਹੈ। ਵਿਸ਼ੈ-ਵਾਸਨਾਵਾਂ ਇਸ ਨੂੰ ਪਤਨ-ਮੁੱਖ ਕਰ ਦਿੰਦੀਆਂ ਹਨ। ਉਹ ਮਾਇਆਵਸ ਅਗਿਆਨੀ ਬਣ ਕੇ ਅਸਤਿ ਕਰਮ ਕਰਨ ਵਿਚ ਲੀਨ ਹੋ ਜਾਂਦਾ ਹੈ ਅਤੇ ਉਸ ਦੇ ਪਾਪ ਕਰਮ ਸੰਚਿਤ ਹੁੰਦੇ ਰਹਿੰਦੇ ਹਨ ਅਤੇ ਇਹ ਸੰਚਿਤ ਕਰਮ ਪਰਾਲਬਧ ਕਰਮਾਂ ਨੂੰ ਭੋਗਦੇ ਸਮੇਂ ਵੀ ਮਾਇਆਵਸ ਸੱਚੇ ਕਰਮ ਨਹੀਂ ਕਰ ਸਕਦਾ ਅਤੇ ਇਹਨਾਂ ਕਰਮਾਂ ਦੇ ਬੰਧਨ ਵਿਚ ਬੰਨ੍ਹਿਆ ਹੋਇਆ ਜਨਮ-ਮਰਨ ਦੇ ਚੱਕਰ ਵਿਚ ਫਸਿਆ ਆਪਣੇ ਮੂਲ ਅੰਸ਼ ਵਿਚ ਨਹੀਂ ਸਮਾ ਸਕਦਾ :

ਪਰਕਿਰਤਿ ਕੈ ਬਸਿ ਹੋਇ ਕਰਮ ਕਮਾਵੈ ॥
ਕਰਮ ਕਾ ਬਾਂਧਾ ਆਵੈ ਜਾਵੈ ॥

(ਪ੍ਰੇਮ ਅੰਬੋਧ 3/6)

ਕਵੀ ਅਨੁਸਾਰ ਇਹਨਾਂ ਕਰਮਾਂ ਦਾ ਲੇਖਾਕਾਰ ਧਰਮ ਰਾਜ ਹੈ। ਜੋ ਪਾਪ ਕਰਮੀ ਨਰਕ ਦੇ ਭਾਗੀ ਹੁੰਦੇ ਹਨ ਅਤੇ ਉਹਨਾਂ ਨੂੰ ਨਰਕ ਵਿਚ ਜਾ ਕੇ ਜਮਦੂਤਾਂ ਦੀ ਕੜੀ ਮਾਰ ਖਾਣੀ ਪੈਂਦੀ ਹੈ। ਇਸ ਮਾਰ ਤੋਂ ਬਚਣ ਲਈ ਜੀਵ ਨੂੰ ਬਿਨਾਂ ਕਿਸੇ ਫਲ ਦੀ ਇੱਛਾ ਰਖਦੇ ਹੋਏ ਸ਼ੁਭ ਕਰਮ ਕਰਦੇ ਰਹਿਣਾ ਚਾਹੀਦਾ ਹੈ :

ਅਸੁਭ ਕਰਮਨ ਮਨੁ ਦੇਹ ਨਹਿ ਸੁਭ ਕਰਮਨ ਰਹੈ ਲਾਗ ॥
ਫਲ ਕੀ ਇਛਾ ਨਾ ਕਰੈ ਬਿਸਨ ਪ੍ਰੀਤਿ ਅਨੁਰਾਗ ॥
(ਪ੍ਰੇਮ ਅੰਬੋਧ 7/11)

ਕਵੀ ਦਾ ਮਤ ਹੈ ਕਿ ਜੀਵ ਨੂੰ ਇਸ ਕਰਮਾਂ ਦੇ ਲੇਖੇ ਤੋਂ ਤਾਂ ਹੀ ਛੁਟਕਾਰਾ ਮਿਲ ਸਕਦਾ ਹੈ ਜੇਕਰ ਉਹ ਹਰ ਕਰਮ ਪ੍ਰਭੂ ਨੂੰ ਸਮਰਪਿਤ ਕਰੇ ਅਤੇ ਨਿਸ਼ਕਾਮ ਕਰਮ ਕਰੇ। ਉਹ ਸੱਚੇ ਮਾਰਗ ਉੱਤੇ ਚਲਦਾ ਹੋਇਆ ਸਾਧੂ ਸੰਗਤ ਅਤੇ ਗੁਰੂ ਦੀ ਕਿਰਪਾ ਨਾਲ ਪ੍ਰਭੂ ਪ੍ਰੇਮ ਵਿਚ ਲੀਨ ਹੋਇਆ ਇਸ ਅਨੰਤ ਕਰਮਾਂ ਦੇ ਲੇਖੇ ਤੋਂ ਮੁਕਤ ਹੋ ਕੇ ਅਲੇਖ ਪਰਮਾਤਮਾ ਵਿਚ ਸਮਾ ਕੇ ਮੁਕਤ-ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ :

ਜਬਹਿ ਪ੍ਰੇਮੁ ਰੇ ਘਟ ਮੈ ਬਸੇ ॥
ਤਬ ਲੇਖਾ ਜਾਇ ਅਲੇਖੈ ਰਸੇ ॥
ਅਲੇਖ ਪੁਰਖ ਸਿਉ ਮਿਲਿ ਗਈ ॥
ਤਿਨ ਲੇਖੇ ਦੀ ਸਭ ਬਾਤ ਚੁਕਾਈ ॥
(ਪ੍ਰੇਮ ਅੰਬੋਧ 2/10)

ਕਵੀ ਦ੍ਰਿੜ੍ਹ ਵਿਸ਼ਵਾਸ ਨਾਲ ਕਹਿੰਦਾ ਹੈ ਕਿ ਜਿਨ੍ਹਾਂ ਨੇ ਹਰੀ ਨਾਲ ਪ੍ਰੇਮ ਨਹੀਂ ਕੀਤਾ, ਉਹਨਾਂ ਨੂੰ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਪਾਉਣਾ ਔਖਾ ਹੈ। ਉਹਨਾਂ ਨੂੰ ਪਛਤਾਉਣਾ ਪਵੇਗਾ ਅਤੇ ਜਮਦੂਤਾਂ ਦੀ ਕਰੜੀ ਮਾਰ ਸਹਿਣੀ ਪਵੇਗੀ। ਉਸ ਨੇ ਸੁਚੇਤ ਕੀਤਾ ਹੈ ਕਿ ਇਹ ਮਨੁੱਖ ਜਨਮ ਅਮੋਲਕ ਹੈ, ਵਾਰ ਵਾਰ ਨਹੀਂ ਮਿਲਦਾ। ਇਸ ਲਈ ਜੀਵ ਹਰਿ-ਭਜਨ ਕਰਕੇ ਕਰਮਾਂ ਦੇ ਲੇਖੇ ਤੋਂ ਮੁਕਤ ਹੋ ਕੇ ਆਪਣੇ ਅਸਲ ਵਿਚ ਸਮਾ ਸਕਦਾ ਹੈ। ਇਹੀ ਮੁਕਤੀ ਹੈ। ਕਵੀ ਦੇ ਸ਼ਬਦਾਂ ਵਿਚ :

ਹਰਿ ਭਜਿ ਆਪੁ ਉਧਾਰੀਐ ਇਹ ਅਉਸਾਰ ਇਹ ਬਾਰ ॥
ਫਿਰਿ ਪਛੁਤਾਵਨਾ ਮਿਟੈ ਜਾ ਜਮੁ ਕਰ ਗਹੈ ਕੁਠਾਰ ॥
(ਪ੍ਰੇਮ ਅੰਬੋਧ 31/16)

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਕਰਮ ਮਾਰਗ ਨੂੰ ਭਗਤੀ ਸਾਧਨਾ ਵਿਚ ਮਾਣਤਾ ਦਿੱਤੀ ਹੈ। ਉਸ ਨੇ ਇਸ ਨੂੰ ਸਹਜ ਰੂਪ ਵਿਚ ਵਰਣਿਤ ਕੀਤਾ ਹੈ।

### (ੲ) ਯੋਗ ਮਾਰਗ

ਪਰਚੀਕਾਰ ਅਨੁਸਾਰ ਕੁਝ ਸਾਧਕ ਗਿਆਨ ਮਾਰਗ ਜਾਂ ਕਰਮ ਮਾਰਗ ਦੀ ਅਪੇਖਿਆ ਯੋਗ ਮਾਰਗ ਨੂੰ ਪਹਿਲ ਦਿੰਦੇ ਹਨ ਅਤੇ ਇਸ ਮਾਰਗ ਉੱਤੇ ਚਲ ਕੇ ਪ੍ਰਭੂ-ਮਿਲਾਪ ਲਈ ਯਤਨਸ਼ੀਲ ਰਹਿੰਦੇ ਹਨ। ਯੋਗ ਮਾਰਗ ਅੰਤਰਮੁਖੀ ਸਾਧਨਾਤਮਕ ਮਾਰਗ ਹੈ ਜੋ ਚਿਤ-ਵ੍ਰਿਤੀਆਂ ਦੀ ਇਕਾਗਰਤਾ ਦੁਆਰਾ ਕਰਮ ਸੰਸਕਾਰਾਂ ਨੂੰ ਨਿਰਬੀਜ ਕਰਕੇ ਬ੍ਰਹਮ ਗਿਆਨ ਦੀ ਪ੍ਰਾਪਤੀ ਉੱਤੇ ਅਧਿਕ ਬਲ ਦਿੰਦਾ ਹੈ। ਕਵੀ ਨੇ ਗ੍ਰੰਥ ਵਿਚ ਮਹਾਂਰਿਸ਼ੀ ਪਤੰਜਲੀ ਦੇ ਅਸਟਾਂਗ ਯੋਗ ਦਾ ਸੰਖੇਪ ਵਿਚ 'ਪਰਚੀ ਸਧਨੇ ਜੀ ਕੀ' ਵਿਚ 12ਵੀਂ ਚੌਪਈ ਤੋਂ 16ਵੀਂ ਚੌਪਈ ਤਕ ਵਰਣਨ ਕੀਤਾ ਹੈ।

ਪਤੰਜਲੀ ਨੇ ਚਿਤ-ਵ੍ਰਿਤੀਆਂ ਦੇ ਨਿਰੋਧ ਨੂੰ ਯੋਗ ਕਿਹਾ ਹੈ। ਚਿਤ-ਵ੍ਰਿਤੀਆਂ ਦੇ ਨਿਰੋਧ ਦਾ ਅਰਥ ਹੈ-ਇੰਦ੍ਰੀਆਂ, ਮਨ, ਬੁੱਧੀ ਅਤੇ ਅਭਿਮਾਨ ਨੂੰ ਪੂਰਣ ਰੂਪ ਵਿਚ ਕਾਬੂ ਕਰਨਾ। ਪਤੰਜਲੀ ਨੇ ਅਸਟਾਂਗ ਯੋਗ ਦਾ ਵਰਣਨ ਵੀ ਕੀਤਾ ਹੈ। ਇਹ ਅੱਠ ਅੰਗ ਹਨ- (1) ਯਮ, (2) ਨਿਯਮ, (3) ਆਸਨ, (4) ਪ੍ਰਾਣਾਯਾਮ, (5) ਪ੍ਰਤਯਾਹਾਰ (6) ਧਾਰਣਾ (7) ਧਿਆਨ, (8) ਸਮਾਧੀ। ਕਲੇਸ਼ਾਂ ਤੋਂ ਮੁਕਤ ਹੋਣ ਦੇ ਲਈ ਅਤੇ ਚਿਤ ਨੂੰ ਸਮਾਹਿਤ ਕਰਨ ਦੇ ਲਈ ਇਹਨਾਂ ਯੋਗ ਦੇ ਅੱਠ ਅੰਗਾਂ (ਸਾਧਨਾਂ) ਦਾ ਅਭਿਆਸ ਕਰਨਾ ਜ਼ਰੂਰੀ ਹੈ। ਇਹਨਾਂ ਅੱਠ ਅੰਗਾਂ ਦੇ ਨਾਲ ਪਤੰਜਲੀ ਨੇ ਅੰਤਹਕਰਣ ਦੀ ਸ਼ੁੱਧੀਪੂਰਵਕ ਨਿਰਬੀਜ ਸਮਾਧੀ ਪ੍ਰਾਪਤ ਕਰਨ ਲਈ ਤਪ, ਸਵਾਧਿਆਇ ਤੇ ਈਸ਼ਵਰ ਪ੍ਰਣਿਧਾਨ ਨੂੰ ਵੀ ਜ਼ਰੂਰੀ ਮੰਨਿਆ ਹੈ। ਇਹ ਤਿੰਨੇ ਯਮ, ਨਿਯਮ ਆਦਿ ਯੋਗ ਦੇ ਅੱਠ ਅੰਗਾਂ ਵਿਚ ਹੀ ਆ ਜਾਂਦੇ ਹਨ। ਕਵੀ ਨੇ ਇਹਨਾਂ ਦਾ ਉਲੇਖ 'ਗ੍ਰੰਥ' ਵਿਚ ਕੀਤਾ ਹੈ। ਉਦਾਹਰਣ ਦੇ ਲਈ ਕੁਝ ਕੁ ਪੰਕਤੀਆਂ ਪੇਸ਼ ਹਨ :

ਅਸਟਾਂਗ ਜੋਗ ਕਾ ਏਹੁ ਬੀਚਾਰੁ ॥
ਤਨ ਮਨ ਅਪਨਾ ਸਗਲ ਸੁਧਾਰੁ ॥
ਜਾਮ ਅਰੁ ਨੇਮੁ ਆਸਣੁ ਭਲਿ ਸਾਧੈ ॥
ਪ੍ਰਾਣਾਯਾਮ ਕਰਿਓ ਆਰਾਧੈ ॥
ਪ੍ਰਤਿਹਾਰਾ ਸਿਉ ਸੰਜਮੁ ਕਰੈ ॥
ਧਿਆਨ ਧਾਰਣਾ ਮਨ ਮੋ ਧਰੈ ॥
ਕਰ ਸਮਾਧ ਮਨੁ ਚਿਤਿ ਬਿਲਾਇ ॥
ਬੁਧਿ ਅਹੰਕਾਰੁ ਤਹਿ ਨਾਹਿ ਰਹਾਇ ॥

(ਪ੍ਰੇਮ ਅੰਬੋਧ 12/11)

ਅਸਲ ਵਿਚ ਪ੍ਰਾਣਾਯਾਮ ਯੋਗ ਦਾ ਮੂਲ ਆਧਾਰ ਹੈ। ਯੋਗੀ ਪ੍ਰਾਣਾਯਾਮ ਦੁਆਰਾ ਹੀ ਮੂਲ-ਅਧਾਰ ਵਿਚ ਲਿਪਟੀ ਕੁੰਡਲਨੀ ਨੂੰ ਜਾਗ੍ਰਿਤ ਕਰਦਾ ਹੈ। ਯੋਗ ਵਿਚ ਕੁੰਡਲਿਨੀ ਦਾ ਜਗਾਉਣਾ ਹੀ ਅਧਿਆਤਮਕ ਗਿਆਨ ਪ੍ਰਾਪਤੀ ਦਾ ਇਕ ਮਾਤਰ ਸਾਧਨ ਮੰਨਿਆ ਗਿਆ ਹੈ। ਕਵੀ ਦਾ ਮਤ ਹੈ ਕਿ ਕੁਝ ਸਾਧਕ ਪ੍ਰਾਣਾਯਾਮ ਦੁਆਰਾ ਇਸ ਤਰ੍ਹਾਂ ਦੀ ਸਾਧਨਾ ਕਰਕੇ ਪ੍ਰਭੂ ਨਾਲ ਮਿਲਾਪ ਕਰਨ ਦਾ ਯਤਨ ਕਰਦੇ ਹਨ। ਕਵੀ ਦੇ ਸ਼ਬਦਾਂ ਵਿਚ :

ਆਦਿ ਹੀ ਇੰਦ੍ਰੀ ਨੇਮੁਨ ਕਰੈ ॥
ਜਾ ਤੇ ਚੰਚਲਤਾ ਨਹੀ ਧਰੈ ॥
ਜਉ ਇੰਦ੍ਰੀ ਬਿਖਿਆ ਕਉ ਧਾਵੈ ॥
ਤਉ ਤਹਾ ਤੇ ਖੈਚਿ ਲੇਆਵੈ ॥

(ਪ੍ਰੇਮ ਅੰਬੋਧ 13/11)

ਇੰਦ੍ਰੀ ਜਿਤ ਇਹ ਸੰਜਮੁ ਕਰੈ ॥
ਉਲਟਿ ਆਪਾਨਿ ਪ੍ਰਾਨ ਸੰਚਰੈ ॥

... ... ... ... ...
ਜਾਇ ਤ੍ਰਿਬੇਣੀ ਕਰੈ ਇਸਨਾਨਾ ॥
ਹੋਇ ਨਿਰਮਲ ਤਬ ਗਗਨ ਸਮਾਨਾ ॥
ਤਹ ਨਿਰੰਕਾਰ ਜੋਤਿ ਅਸਥਾਨਾ ॥
ਜਲ ਮਹਿ ਜਲ ਜਿਉ ਜਾਇ ਮਿਲਾਨਾ ॥

(ਪ੍ਰੇਮ ਅੰਬੋਧ 16/11)

ਪਰ ਕਵੀ ਨੇ ਯੋਗ ਮੱਤ ਨੂੰ ਔਖਾ, ਨੀਰਸ ਤੇ ਉਲਝਣਾਂ ਭਰਿਆ ਮੰਨਿਆ ਹੈ। ਉਸ ਨੇ ਇਸ ਮਾਰਗ ਤੋਂ ਬਿਨਾਂ ਵੀ ਪ੍ਰਭੂ ਪ੍ਰਾਪਤੀ ਹੁੰਦੀ ਦਰਸਾਈ ਹੈ ਜਿਵੇਂ :

ਰੇ ਮਨ ਦੇਖਹੁ ਪ੍ਰੇਮ ਬਡਾਈ ॥
ਜਿਨ ਬਿਨ ਸਾਧਨ ਹੀ ਸਿਧ ਕਰਾਹੀ ॥
ਜੋਗ ਬੈਰਾਗ ਨ ਤਪਸਿਆ ਕੀਨੀ ॥
ਨਹਿ ਦੇਹੀ ਕਾਟਿ ਹੁਤਾਸ ਨ ਦੀਨੀ ॥
ਮੁਡਾਇ ਮੂੰਡ ਨਹੀ ਕੰਨ ਫਰਾਏ ॥
ਨਹੀ ਚੇਲੇ ਜੋਰਿ ਨ ਸਿੰਙੇ ਵਾਏ ॥
ਤਟ ਤੀਰਥ ਜਾਇ ਗੁਫਾ ਨਹੀ ਧਰਾ ॥
ਨਹੀ ਪਉਨ ਸਾਧ ਪ੍ਰਾਣਾਇਮੁ ਕਰਾ ।
... ... ... ... ... ...
ਦੋਹਰਾ ॥ ਪ੍ਰੇਮ ਤੇ ਪ੍ਰੀਤਮੁ ਪਾਇਆ ਨਿਰੰਕਾਰ ਸੁਖ ਸਾਰੁ ॥

(ਪ੍ਰੇਮ ਅੰਬੋਧ 19/5 ਤੇ ਦੋਹਰਾ)

ਸਾਰ ਰੂਪ ਵਿਚ ਕਹਿ ਸਕਦੇ ਹਾਂ ਕਿ ਕਵੀ ਨੇ ਯੋਗ ਸਾਧਨਾ ਦਾ ਵਰਣਨ ਸਿਧਾਂਤ ਰੂਪ ਵਿਚ ਨਹੀਂ ਸਗੋਂ ਪਿੱਠ-ਭੂਮੀ ਦੇ ਰੂਪ ਵਿਚ ਕੀਤਾ ਹੈ। ਉਸ ਨੇ ਭਗਤੀ ਸਾਧਨਾ ਨੂੰ ਸਭ ਤੋਂ ਜਿਆਦਾ ਮਾਣਤਾ ਤੇ ਮਹੱਤਾ ਦਿਤੀ ਹੈ। ਉਸ ਨੇ ਭਗਤੀ ਮਾਰਗ ਵਿਚ ਸਹਜ ਗਿਆਨ ਤੇ ਸੱਚੇ ਕਰਮਾਂ ਨੂੰ ਸਹਾਇਕ ਰੂਪ ਵਿਚ ਮੰਨਿਆ ਹੈ।

**(ਸ) ਭਗਤੀ ਮਾਰਗ**

ਸੰਤਾਂ, ਮਹਾਂਪੁਰਸ਼ਾਂ, ਗੁਰੂ-ਜਨਾਂ ਨੇ ਭਗਤੀ ਮਾਰਗ ਨੂੰ ਸਰਲ ਤੇ ਸੌਖਾ ਮੰਨ ਕੇ ਪਹਿਲ ਦਿੱਤੀ ਹੈ। ਭਗਤੀ ਸ਼ਬਦ ਸੰਸਕ੍ਰਿਤ ਸ਼ਬਦ ਹੈ-ਜੋ 'ਭਜ' ਧਾਤੂ ਤੋਂ ਬਣਿਆ ਹੈ-ਜਿਸ ਦੇ ਅਰਥ ਹਨ-ਭਜਨਾ। ਇਸ ਦੇ ਕੋਸ਼-ਅਰਥ ਹਨ-ਸੇਵਾ, ਅਰਾਧਨਾ, ਈਸ਼ਵਰ ਜਾਂ ਪੂਜਣਯੋਗ ਵਿਅਕਤੀ ਪ੍ਰਤੀ ਪ੍ਰੇਮੀ ਭਾਵਨਾ ਆਦਿ। ਇਹੀ ਕਾਰਨ ਹੈ ਕਿ ਭਗਤੀ ਵਿਚ ਕਿਸੇ ਨ ਕਿਸੇ ਰੂਪ ਵਿਚ 'ਪ੍ਰੇਮ ਤੱਤ' ਨੂੰ ਵਿਦਮਾਨ ਰਖਿਆ ਹੈ। ਕਵੀ ਨੇ ਗ੍ਰੰਥ ਵਿਚ 'ਪ੍ਰੇਮਾ ਭਗਤੀ' ਦਾ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਹੈ। 'ਪ੍ਰੇਮਾ ਭਗਤੀ' ਵਿਚ ਪ੍ਰੇਮ ਤੱਤ ਦੀ ਪ੍ਰਧਾਨਤਾ ਰਹਿੰਦੀ ਹੈ। ਕਵੀ ਨੇ ਇਸ ਗ੍ਰੰਥ ਵਿਚ ਅੰਕਿਤ 'ਪ੍ਰੇਮਾ ਭਗਤੀ' ਦਾ ਵਰਣਨ ਕਰਦੇ ਸਮੇਂ ਉਸ ਦੇ ਪ੍ਰੇਮ ਦੇ ਸਰੂਪ, ਪ੍ਰੇਮਾ ਭਗਤੀ ਦੀ ਪ੍ਰਾਪਤੀ ਕਿਸ ਤਰ੍ਹਾਂ, ਪ੍ਰੇਮਾ ਭਗਤੀ ਹੋਣ ਤੋਂ ਬਾਅਦ ਸਾਧਕ ਦੀ ਦਸ਼ਾ, ਪ੍ਰੇਮਾ ਭਗਤੀ ਦੀ ਫਲ-ਪ੍ਰਾਪਤੀ, ਪ੍ਰੇਮਾ ਭਗਤੀ ਖੜਨਾ ਖੰਡੇ ਦੀ ਧਾਰ,

ਪ੍ਰੇਮਾ ਭਗਤੀ ਦੀ ਸ੍ਰੇਸ਼ਠਤਾ, ਮਹੱਤਾ ਆਦਿ ਸਬੰਧੀ ਸੰਖੇਪ ਵਿਚ ਵਿਚਾਰ ਕਰਨਾ ਅਸੰਗਤ ਨਹੀਂ ਹੋਵੇਗਾ

## ਪ੍ਰੇਮ ਦਾ ਸਰੂਪ

ਕਵੀ ਦਾ ਕਥਨ ਹੈ ਕਿ ਪ੍ਰੇਮ ਤਾਂ ਅਨਿਰਵਚਨੀ ਹੈ। ਮੈਂ ਪ੍ਰੇਮ ਦੇ ਸਰੂਪ ਬਾਰੇ ਕੀ ਗਲ ਕਰਾਂ? ਜੇ ਪ੍ਰੇਮ ਦੇ ਬਾਰੇ ਲਿਖਣ ਲਈ ਬੈਠਦਾ ਹਾਂ ਤਾਂ ਮੇਰੇ ਅੱਥਰੂਆਂ ਨਾਲ ਕਾਗਜ਼ ਗਿੱਲੇ ਹੋ ਕੇ ਗਲ ਜਾਂਦੇ ਹਨ। ਪ੍ਰੇਮ ਬਾਰੇ ਮੈਂ ਕੀ ਕਹਾਂ-ਬਸ ਮੇਰਾ ਕਲੇਜਾ ਤੜਫ ਕੇ ਆਹ ਪੁਕਾਰਣ ਲਗ ਜਾਂਦਾ ਹੈ। ਜਦੋਂ ਕਿਧਰੇ ਮੇਰੇ ਮਨ ਵਿਚ ਪ੍ਰੇਮ ਦੀ ਯਾਦ ਅਉਂਦੀ ਹੈ, ਤਾਂ ਮੈਨੂੰ ਸਭ ਕੁਝ ਭੁੱਲ ਜਾਂਦਾ ਹਾਂ। ਜਦੋਂ ਮੇਰੀ ਰਸਨਾ ਪ੍ਰੇਮ ਦਾ ਉਚਾਰਣ ਕਰਨ ਲਗਦੀ ਹੈ ਤਾਂ ਮੇਰਾ ਮਨ ਗਦ ਗਦ ਹੋ ਕੇ ਪ੍ਰਸੰਨ ਹੋ ਜਾਂਦਾ ਹੈ ਅਤੇ ਐਸੀ ਸਥਿਤੀ ਵਿਚ ਮੈਂ ਕੁਝ ਨਹੀਂ ਕਰ ਸਕਦਾ। ਅਸਲ ਵਿਚ ਪ੍ਰੇਮ ਤਾਂ ਆਪ ਪ੍ਰਭੂ ਹੈ ਅਤੇ ਪ੍ਰਭੂ ਦੀ ਤਰ੍ਹਾਂ ਪ੍ਰੇਮ ਨੂੰ ਜਾਣਨਾ ਵੀ ਔਖਾ ਹੈ। ਇਹ ਪ੍ਰੇਮ ਤਾਂ ਅਨੁਭਵ ਦੀ ਵਸਤੂ ਹੈ। ਕੇਵਲ ਭਗਤ ਹੀ ਇਸ ਦਾ ਅਨੁਭਵ ਕਰ ਸਕਦੇ ਹਨ। ਉਦਾਹਰਣ ਲਈ ਕੁਝ ਕੁ ਪੰਕਤੀਆਂ ਪੇਸ਼ ਹਨ :

ਅਨਰਵਾਚ ਇਹੁ ਪ੍ਰੇਮੁ ਹੈ ਕਾ ਪਹਿ ਬਰਨਿਓ ਜਾਇ ॥

(ਪ੍ਰੇਮ ਅੰਬੋਧ 1/5 ਦੋਹਰਾ)

ਮੈ ਚਾਹਉ ਲਿਖਉ ਪ੍ਰੇਮ ਕੀ ਬਾਤਾ ॥
ਆਂਸੂ ਝਰਿ ਕਾਗਦੁ ਗਰਿ ਜਾਤਾ ॥
ਪ੍ਰੇਮ ਬਚਨ ਕਛੁ ਲਗਉ ਉਚਾਰੈ ॥
ਤੜਕ ਕਰੇਜਾ ਆਹਿ ਪੁਕਾਰੈ ॥

(ਪ੍ਰੇਮ ਅੰਬੋਧ 2/ਚੌਪਈ)

ਲੀਲਾ ਪ੍ਰੇਮ ਅਬਰਨ ਹੈ ਕਾਂ ਪਹਿ ਬਰਨਿਓ ਜਾਇ ॥
ਪ੍ਰੇਮੀ ਹੋਇ ਸੁ ਪਾਵਈ ਜਿਉ ਗੁੰਗਾ ਗੁੜ ਖਾਇ ॥

(ਪ੍ਰੇਮ ਅੰਬੋਧ 1 / ਦੋਹਰਾ)

## ਪ੍ਰੇਮ ਦੀ ਪ੍ਰਾਪਤੀ ਕਿਵੇਂ ਹੋਵੇ

ਕਵੀ ਨੇ ਪ੍ਰੇਮ ਨੂੰ ਵਿਉਪਾਰ ਦੀ ਸੰਗਿਆ ਦਿੰਦੇ ਹੋਏ ਲਿਖਿਆ ਹੈ ਕਿ ਇਹ ਵਿਉਪਾਰ ਪ੍ਰਭੂ ਨਾਲ ਕਰਨਾ ਪੈਂਦਾ ਹੈ। ਇਸ ਦੀ ਪ੍ਰਾਪਤੀ ਮਨ ਰੂਪੀ ਰਤਨ ਤੇ ਜੌਹਰੀ ਰੂਪੀ ਸੰਪੂਰਣ ਪ੍ਰਭੂ ਪਾਸ ਵੇਚਣ ਨਾਲ ਹੁੰਦੀ ਹੈ। ਉਸ ਦੇ ਪਾਸ ਮਨ, ਬੁੱਧੀ, ਚਿਤ ਸਾਰਾ ਕੁਝ ਸਮਰਪਿਤ ਕਰਨਾ ਪੈਂਦਾ ਹੈ। ਦੇਹ ਸਹਿਤ ਅਹੰਕਾਰ ਦਾ ਨਿਵਾਰਣ ਕਰਨਾ ਪੈਂਦਾ ਹੈ। ਤਦ ਹੀ ਪ੍ਰੀਤਮ ਪ੍ਰੇਮ ਰੂਪੀ ਵਸਤੂ ਸਾਧਕ ਦੇ ਪੱਲੇ ਬੰਨਦਾ ਹੈ। ਇਹ ਸੌਦਾ ਬਹੁਤ ਲਾਭਵੰਦ ਹੈ। ਇਸ ਨੂੰ ਕੋਈ ਵੀ ਕਰ ਸਕਦਾ ਹੈ। ਇਸ ਪ੍ਰੇਮ-ਵਿਉਪਾਰ ਵਿਚ ਕੋਈ ਘਾਟਾ ਨਹੀਂ ਹੈ। ਕੋਈ ਵਡਾ ਗ੍ਰਾਹਕ ਅਰਥਾਤ ਵੱਡੇ ਭਾਗਾਂ ਵਾਲਾ ਹੀ ਕਰ ਸਕਦਾ ਹੈ। ਕਵੀ ਦੇ ਸ਼ਬਦਾਂ ਵਿਚ :

ਪ੍ਰੇਮ ਬਨਜ ਤੋਟਾ ਕਛੁ ਨਾਹੀ ॥
ਜੋ ਕਰਤ ਸੋਈ ਜਾਨਤ ਆਹੀ ॥
... ... ... ... ...
ਇਹ ਸਉਦੈ ਸਦ ਲਾਹਾ ਹੋਈ ॥
ਭਾਵੈ ਕਰਿ ਦੇਖਉ ਸਭ ਕੋਈ ॥

(ਪ੍ਰੇਮ ਅੰਬੋਧ 2/5)

ਮਨੁ ਮਾਨਕੁ ਤਿਹ ਦੀਜੀਐ ਜੋ ਬਡ ਗਾਹਕੁ ਹੋਇ ॥

(ਪ੍ਰੇਮ ਅੰਬੋਧ 2/5 ਦੋਹਰਾ)

ਅਸਲ ਵਿਚ ਤਾਂ ਇਹ ਪ੍ਰੇਮ ਸਾਰੇ ਘਟਾਂ ਵਿਚ ਵਿਦਮਾਨ ਹੈ ਪਰੰਤੂ ਜਦੋਂ ਉਸ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਜੀਵ ਉੱਤੇ ਹੁੰਦੀ ਹੈ-ਉਦੋਂ ਹੀ ਜਾਗ੍ਰਿਤ ਹੁੰਦਾ ਹੈ :

ਸੋਈ ਪ੍ਰੇਮ ਹੈ ਸਭ ਘਟ ਜਾਗਾ ॥
ਜਹ ਕਰੈ ਪ੍ਰਵਾਹੁ ਸੋਈ ਵਡਭਾਗਾ ॥

(ਪ੍ਰੇਮ ਅੰਬੋਧ 11/ਚੌਪਾਈ)

**ਪ੍ਰੇਮ ਭਗਤੀ ਦੀ ਪ੍ਰਾਪਤੀ ਬਾਅਦ ਸਾਧਕ ਦੀ ਦਸ਼ਾ**

ਪ੍ਰਭੂ ਪ੍ਰੇਮ ਜਾਗ੍ਰਿਤ ਹੋਣ ਨਾਲ ਪਾਰਬ੍ਰਹਮ ਦੀ ਪ੍ਰਾਪਤੀ ਦੇ ਲਈ ਜੀਵ ਸ਼ੁੱਧ ਸਰੂਪ ਬਣ ਜਾਂਦਾ ਹੈ। ਪ੍ਰੇਮ ਰੂਪੀ ਅਗਨੀ ਮਨ ਵਿਚ ਉਤਪੰਨ ਹੋਣ ਨਾਲ ਜੀਵ ਦੀਆਂ ਸਾਰੀਆਂ ਸਰੀਰਕ ਤੇ ਪਦਾਰਥਕ ਇੱਛਾਵਾਂ ਦਾ ਨਾਸ਼ ਹੋ ਜਾਂਦਾ ਹੈ। ਪ੍ਰੇਮ-ਅਗਿਆਨ ਰੂਪੀ ਫੂਸ ਨੂੰ ਜਲਾ ਕੇ ਭਸਮ ਕਰਕੇ ਉਸ ਦਾ ਮੂਲ ਤਕ ਨਹੀਂ ਰਹਿਣ ਦਿੰਦਾ। ਉਸ ਦਾ ਦ੍ਵੈਤ ਭਾਵ ਸਮਾਪਤ ਹੋ ਜਾਂਦਾ ਹੈ। ਉਹ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਮਾਇਆ-ਮੋਹ ਦੇ ਬੰਧਨਾਂ ਤੋਂ ਮੁਕਤੀ ਪਾ ਲੈਂਦਾ ਹੈ ਅਤੇ ਸਾਧਕ ਪਾਸ ਬਿਨਾਂ ਪ੍ਰੇਮ ਤੋਂ ਹੋਰ ਕੁਝ ਨਹੀਂ ਰਹਿ ਜਾਂਦਾ। ਜਿਸ ਘਟ ਵਿਚ ਉਸ ਪ੍ਰੇਮ ਦਾ ਨਿਵਾਸ ਹੋ ਜਾਂਦਾ ਹੈ-ਉਹ ਆਪ ਪ੍ਰੀਤਮ ਰੂਪ ਬਣ ਜਾਂਦਾ ਹੈ। ਕਵੀ ਦੇ ਸ਼ਬਦਾਂ ਵਿਚ :

ਪ੍ਰੇਮ ਅਗਨਿ ਜਾ ਘਟਿ ਮਹਿ ਜਗੈ ॥
ਕਾਮਾਦਿਕ-ਮਿਰਗ ਤਾਂ ਤਨਿ ਤੇ ਭਗੈ ॥
ਪ੍ਰਵਾਹ ਪ੍ਰੇਮ ਕੋ ਜਿਹ ਘਟ ਬਹੈ ॥
ਅਗਿਆਨ ਫੂਸੁ ਤਹ ਮੂਲਿ ਨ ਰਹੈ ॥

(ਪ੍ਰੇਮ ਅੰਬੋਧ 3/ਚੌਪਈ)

ਪ੍ਰੇਮ ਪਿਆਲਾ ਜਿਨਿ ਮੁਖਿ ਲਾਇਆ ॥
ਸਹਜੇ ਤਿਆਗੁ ਤਾਸਿ ਮਨਿ ਆਇਆ।

(ਪ੍ਰੇਮ ਅੰਬੋਧ 4/ਚੌਪਈ)

ਬਿਨਾ ਪ੍ਰੇਮ ਤਹ ਅਉਰ ਨਾ ਰਹਾ ॥

(ਪ੍ਰੇਮ ਅੰਬੋਧ 5/3)

ਜਿਸੁ ਘਟਿ ਪ੍ਰੇਮੁ ਪ੍ਰਕਾਸਈ ਸੋ ਪ੍ਰੀਤਮੁ ਹੋਇ ਜਾਇ ॥

(ਪ੍ਰੇਮ ਅੰਬੋਧ 6/6 ਦੋਹਰਾ)

ਪਰਮਾਤਮਾ ਨਾਲ ਕਿਸ ਤਰ੍ਹਾਂ ਪ੍ਰੇਮ ਕਰਨਾ ਚਾਹੀਦਾ ਹੈ ? ਇਸ ਸਬੰਧੀ ਕਵੀ ਦਾ ਵਿਚਾਰ ਹੈ ਕਿ ਪ੍ਰੇਮ ਦਾ ਪ੍ਰਦਰਸ਼ਨ ਨਹੀਂ ਕਰਨਾ ਚਾਹੀਦਾ। ਕਵੀ ਦੇ ਸ਼ਬਦਾਂ ਵਿਚ :

ਪ੍ਰੇਮ ਖੇਲ ਇਉ ਖੇਲੀਐ ਜਾ ਮੈਂ ਲਖੈ ਨ ਨੈਨ ॥
ਬਾਤ ਨ ਇਉ ਬਤਰਾਈਐ ਭੇਦ ਨ ਪਾਵੈ ਬੈਨ ॥

(ਪ੍ਰੇਮ ਅੰਬੋਧ 15/ ) ਦੋਹਰਾ)

**ਪ੍ਰੇਮਾ ਭਗਤੀ ਖੰਡੇ ਦੀ ਧਾਰ**

ਕਵੀ ਦੇ ਕਥਨ ਅਨੁਸਾਰ ਪ੍ਰੇਮਾ ਭਗਤੀ ਦਾ ਮਾਰਗ ਅਤਿਅੰਤ ਕਠਿਨ ਹੈ। ਇਹ ਤਾਂ ਖੰਡੇ ਦੀ ਧਾਰ ਸਮਾਨ ਹੈ। ਕੋਈ ਵਿਰਲਾ ਹੀ ਇਸ ਮਾਰਗ ਉੱਤੇ ਚਲ ਸਕਦਾ ਹੈ। ਜੋ ਇਸ ਉੱਤੇ ਚਲਦਾ ਹੈ-ਉਹੀ ਇਸ ਨੂੰ ਜਾਣ ਸਕਦਾ ਹੈ। ਕਵੀ ਦਾ ਕਹਿਣਾ ਹੈ :

ਪ੍ਰੇਮ ਦਹੂੰ ਦਿਸ ਏਕਸਾ ਜਾਨਤ ਜੋਈ ਕਮਾਹਿ ॥
ਜਿਉ ਖਾਡੇ ਦੁਹ ਧਾਰ ਕੇ ਆਗੇ ਪਾਛੋ ਨਾਹਿ ॥

(ਪ੍ਰੇਮ ਅੰਬੋਧ 11/1 ਦੋਹਰਾ)

**ਪ੍ਰੇਮਾ ਭਗਤੀ ਦੀ ਵਿਸ਼ੇਸ਼ਤਾ ਤੇ ਸ੍ਰੇਸ਼ਠਤਾ**

ਕਵੀ ਅਨੁਸਾਰ ਇਸ ਪ੍ਰੇਮ ਭਗਤੀ ਕਰਨ ਵਿਚ ਕਿਸੀ ਵੀ ਸਾਧਨਾਂ ਜਾ ਵਿਧੀ ਵਿਧਾਨਾਂ ਦੀ ਕੋਈ ਜ਼ਰੂਰਤ ਨਹੀਂ ਪੈਂਦੀ ਹੈ। ਸਾਧਕ-ਸਹਿਜ ਅਤੇ ਸੁਭਾਵਿਕ ਰੂਪ ਵਿਚ ਘਰ ਵਿਚ ਬੈਠੇ ਪ੍ਰਭੂ ਦਾ ਪ੍ਰੇਮ ਪੂਰਵਕ ਨਾਮ ਸਿਮਰਨ ਕਰਨ ਨਾਲ ਹੀ ਭਵਸਾਗਰ ਤੋਂ ਪਾਰ ਉਤਾਰਾ ਕਰ ਸਕਦਾ ਹੈ।

ਇਸ ਪ੍ਰੇਮ ਦੀ ਸ੍ਰੇਸ਼ਠਤਾ ਦਸਦੇ ਹੋਏ ਕਵੀ ਲਿਖਦਾ ਹੈ ਕਿ ਜਿਸ ਨਗਰ ਵਿਚ ਪ੍ਰੇਮ ਹੈ-ਉਹ ਸਥਾਨ ਸਾਰੇ ਖੰਡਾਂ ਵਿਚ ਪ੍ਰਧਾਨ ਹੈ। ਜਿੱਥੇ ਪ੍ਰੇਮ ਦਾ ਸੌਦਾ ਹੁੰਦਾ ਹੈ, ਉੱਥੇ ਯੋਗ, ਵੈਰਾਗ, ਗਿਆਨ ਨੂੰ ਕੋਈ ਮੁਫ਼ਤ ਵਿਚ ਨਹੀਂ ਲੈਂਦਾ ਹੈ ਕਿਉਂਕਿ ਯੋਗ ਵੈਰਾਗ ਆਦਿ ਕਠਿਨ ਸਾਧਨਾਵਾਂ ਸਾਧਾਰਣ ਲੋਕਾਂ ਦੀ ਪਹੁੰਚ ਤੋਂ ਬਾਹਰ ਦੀਆਂ ਵਸਤੂਆਂ ਹਨ ਪਰ ਇਹ ਪ੍ਰੇਮ ਤਾਂ ਹਰ ਕੋਈ ਕਰ ਸਕਦਾ ਹੈ-ਇਸ ਲਈ ਸ੍ਰੇਸ਼ਠ ਹੈ। ਕਵੀ ਦੇ ਸ਼ਬਦਾਂ ਵਿਚ ;

ਜਾਸੁ ਨਾਗਰ ਪ੍ਰੇਮੀ ਉਪਜਾਨਾ ॥
ਸਕਲ ਖੰਡ ਸੋ ਭਇਓ ਪ੍ਰਧਾਨਾ ॥
... ... ... ... ...
ਪ੍ਰੇਮ ਪਦਾਰਥ ਜਿਨ ਜਨਿ ਪਾਇਆ ॥
ਤਿਨੁ ਜੋਗ ਬੈਰਾਗੁ ਅਕਾਰਥ ਪਾਇਆ।

(ਪ੍ਰੇਮ ਅੰਬੋਧ 7/ਚੌਪਈ)

**ਪ੍ਰੇਮ ਭਗਤੀ ਦੀ ਪ੍ਰਸ਼ੰਸਾ ਦਾ ਵਰਣਨ**

ਕਵੀ ਨੇ ਪ੍ਰੇਮਾ ਭਗਤੀ ਦੀ ਪ੍ਰਸ਼ੰਸਾ ਰੱਜ ਕੇ ਕੀਤੀ ਹੈ। ਉਸ ਨੇ ਉਹਨਾਂ ਸਾਰਿਆਂ ਦੀ ਪ੍ਰਸ਼ੰਸਾ ਕੀਤੀ ਹੈ-ਜਿਸ ਘਰ ਵਿਚ ਉਹ ਭਗਤ ਪੈਦਾ ਹੋਏ ਜੋ ਪ੍ਰਭੂ ਨਾਲ ਪ੍ਰੇਮ ਕਰਦੇ

ਸਨ। ਕਵੀ ਨੇ ਉਸ ਸਥਾਨ, ਨਗਰ, ਦੇਸ, ਕੁਲ ਆਦਿ ਦੀ ਉਸਤਤ ਕੀਤੀ ਹੈ ਜਿੱਥੇ ਪ੍ਰੇਮ ਕੀਤਾ ਜਾਂਦਾ ਹੈ। ਉਹ ਦੇਸ ਧੰਨ ਹੈ, ਉੱਥੋਂ ਦੇ ਪੁਰਖ ਤੇ ਨਾਰੀ ਧੰਨ ਹਨ ਜਿੱਥੇ ਪ੍ਰੇਮ ਵਸਦਾ ਹੈ। ਉਹ ਮੁਖ ਧੰਨ ਹੈ ਜੋ ਪ੍ਰੇਮ ਦੀ ਗਲ ਕਰਦਾ ਹੈ। ਉਹ ਬੁੱਧੀ ਧੰਨ ਹੈ ਜਿਸ ਨੇ ਇਸ ਪ੍ਰੇਮ ਨੂੰ ਪਛਾਣ ਲਿਆ। ਉਹ ਦੇਸ, ਕੁਲ, ਮਾਤਾ, ਪਿਤਾ ਸਾਰੇ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਪ੍ਰਭੂ ਦਾ ਸਿਮਰਨ ਕਰਨ ਵਾਲੇ ਪੁੱਤਰ ਪੈਦਾ ਕੀਤੇ। ਉਦਾਹਰਣ ਲਈ ਕੁਝ ਕੁ ਪੰਕਤੀਆਂ ਪੇਸ਼ ਹਨ :

ਜਹਾਂ ਪ੍ਰੇਮ ਕੇ ਹੈ ਬਿਉਪਾਰੀ ॥
ਧੰਨ ਵਹ ਦੇਸੁ ਧੰਨ ਪੁਰਖ ਵਹ ਨਾਰੀ ॥
... ... ... ... ... ...
ਧੰਨੁ ਵਹ ਤਨੁ ਜਹ ਪ੍ਰੇਮੁ ਬਸਾਨਾ ॥
ਧੰਨ ਵਹ ਮਨੁ ਜਹ ਪ੍ਰੇਮ ਰਹਾਨਾ ॥
ਧੰਨ ਮੁਖ ਪ੍ਰੇਮ ਕੀ ਕਰੈ ਬਾਤਾ ॥
ਧੰਨ ਵਹ ਬੁਧਿ ਜਿਨ ਪ੍ਰੇਮ ਪਛਾਤਾ ॥

(ਪ੍ਰੇਮ ਅੰਬੋਧ 6/ਚੌਪਈ)

ਧੰਨੁ ਦੇਸੁ ਕੁਲ ਧੰਨ ਸੋ ਧਨ ਮਾਤ ਪਿਤਾ ਕੇ ਭਾਗ ॥
ਜਹ ਪ੍ਰੇਮੀ ਸੁਤੁ ਉਪਜਿਓ ਜਨਮਤ ਪ੍ਰੀਤਮ ਲਾਗ ॥

(ਪ੍ਰੇਮ ਅੰਬੋਧ 6/ਚੌਪਈ ਦਾ ਦੋਹਰਾ)

ਇਹ ਪ੍ਰੇਮਾ ਭਗਤੀ ਇਸ ਲਈ ਪ੍ਰਸ਼ੰਸਾ ਯੋਗ ਹੈ ਕਿ ਪ੍ਰੇਮ ਕਰਨ ਵਾਲੇ ਅਸੰਖ ਭਗਤਾਂ ਨੇ ਪ੍ਰਭੂ ਨਾਲ ਮਿਲਾਪ ਕਰ ਲਿਆ ਹੈ। ਸਾਰਾ ਜਗਤ ਉਹਨਾਂ ਦਾ ਜੱਸ ਗਾਉਂਦਾ ਹੈ। ਉਹਨਾਂ ਦੀ ਉਸਤਤ ਤਾਂ ਸੂਰਜ ਚੰਦ੍ਰਮਾ ਦੀ ਤਰ੍ਹਾਂ ਹਮੇਸ਼ਾਂ ਮੌਜੂਦ ਰਹਿੰਦੀ ਹੈ ਜਿਵੇਂ 'ਪ੍ਰੇਮ ਅੰਬੋਧ' ਗ੍ਰੰਥ ਵਿਚ ਵਰਣਿਤ ਸੰਤਾ ਭਗਤਾਂ ਦੀ ਮਹਿਮਾ ਦਾ ਗਾਇਨ ਸਾਰਾ ਜੱਗ ਕਰ ਰਿਹਾ ਹੈ। ਇਸ ਲਈ ਇਹ ਪ੍ਰੇਮਾ ਭਗਤੀ ਸਰਵ-ਸ੍ਰੇਸ਼ਠ ਹੈ, ਪ੍ਰਸ਼ੰਸਾ ਯੋਗ ਹੈ।

ਜਿਨੋ ਪ੍ਰੇਮੁ ਕਰਿ ਪ੍ਰੀਤਮੁ ਪਾਇਓ ॥
ਤਿਨ ਕੋ ਜਸੁ ਜਗ ਸਗਲੀ ਗਾਇਓ ॥
ਤਿਨ ਕੀ ਉਸਤਤਿ ਹੈ ਜਗ ਮਾਹਿ ॥
ਚੰਦ ਸੂਰ ਜਿਉ ਛਪਤੇ ਨਾਹਿ ॥

(ਪ੍ਰੇਮ ਅੰਬੋਧ 1 /ਚੌਪਈ)

**ਭਗਤੀ ਦੇ ਜ਼ਰੂਰੀ ਸਾਧਨ**

ਕਵੀ ਨੇ ਭਗਤੀ ਕਰਨ ਦੇ ਲਈ ਮੁੱਖ ਰੂਪ ਵਿਚ ਤਿੰਨ ਜ਼ਰੂਰੀ ਸਾਧਨ ਮੰਨੇ ਹਨ :

(ੳ) **ਮਨੁੱਖੀ ਜੀਵਨ ਦੀ ਸ੍ਰੇਸ਼ਠਤਾ**
(ਅ) **ਅਧਿਆਤਮਕ ਵਿਸ਼ਵਾਸ**
(ੲ) **ਪ੍ਰਭੂ ਪ੍ਰੇਮ**

(ੳ) **ਮਨੁੱਖੀ ਜੀਵਨ ਦੀ ਸ੍ਰੇਸ਼ਠਤਾ**

ਕਵੀ ਨੇ ਮਨੁੱਖੀ ਜੀਵਨ ਨੂੰ ਸਾਰੀਆਂ ਜੂਨੀਆਂ ਵਿਚੋਂ ਸ੍ਰੇਸ਼ਠ ਇਸ ਲਈ ਮੰਨਿਆ ਹੈ ਕਿਉਂਕਿ ਇਸ ਜਨਮ ਵਿਚ ਸਾਧਕ ਭਗਤੀ ਕਰ ਸਕਦਾ ਹੈ। ਇਸ ਲਈ ਉਸ ਨੇ ਮਨੁੱਖੀ ਜੀਵਨ ਨੂੰ ਉੱਤਮ ਕਹਿ ਕੇ ਹਰਿ ਦਾ ਨਾਮ ਸਿਮਰਨ ਕਰਨ ਉੱਤੇ ਬਲ ਦਿੱਤਾ ਹੈ। ਕਿਉਂਕਿ ਇਹ ਅਮੁੱਲ ਰਤਨ ਰੂਪੀ ਮਨੁੱਖਾ ਜੀਵਨ ਦੁਰਲੱਭ ਹੈ ਜੋ ਬਾਰ ਬਾਰ ਪ੍ਰਾਪਤ ਹੋਣਾ ਔਖਾ ਹੈ। ਕਵੀ ਦੇ ਸ਼ਬਦਾਂ ਵਿਚ :

ਇਹ ਰਤਨ ਜਨਮੁ ਨਾਹੀ ਦੂਸਰ ਬਾਰਾ ॥
ਹਰਿ ਹਰਿ ਭਜਿ ਕੈ ਉਤਰਹੁ ਪਾਰਾ ॥

(ਪ੍ਰੇਮ ਅੰਬੋਧ 31/10)

(ਅ) **ਅਧਿਆਤਮਕ ਵਿਸ਼ਵਾਸ :**

ਜੇਕਰ ਜੀਵ ਦੇ ਮਨ ਵਿਚ ਪ੍ਰਭੂ ਦੇ ਪ੍ਰਤਿ ਅਧਿਆਤਮਕ ਵਿਸ਼ਵਾਸ ਦੀ ਭਾਵਨਾ ਪੈਦਾ ਨਾ ਹੋ ਸਕੇ ਤਾਂ ਸਮਝੋ ਕਿ ਉਸ ਦਾ ਅਮੁੱਲ ਜੀਵਨ ਵਿਅਰਥ ਹੈ। ਕਵੀ ਨੇ ਮਨੁੱਖ ਦਾ ਪ੍ਰਭੂ ਪ੍ਰਤਿ ਵਿਸ਼ਵਾਸ ਹੋਣਾ ਜ਼ਰੂਰੀ ਮੰਨਿਆ ਹੈ। ਉਸ ਦਾ ਕਹਿਣਾ ਹੈ ਕਿ ਜੇਕਰ ਕੋਈ ਮਨੁੱਖ ਮਨ ਚਿਤ ਲਗਾ ਕੇ, ਮਨ ਵਿਚ ਵਿਸ਼ਵਾਸ ਰਖ ਕੇ ਪ੍ਰਭੂ ਨਾਲ ਪ੍ਰੇਮ ਕਰਦਾ ਹੈ, ਮਨ ਵਿਚ ਉਸ ਦਾ ਸਿਮਰਨ ਕਰਦਾ ਹੈ ਤਾਂ ਪ੍ਰਭੂ ਉਸ ਨੂੰ ਤਤਕਾਲ ਦਰਸ਼ਨ ਦੇ ਦੇਂਦਾ ਹੈ :

ਜੇ ਕੋ ਪ੍ਰੇਮੁ ਲਗਾਵਈ ਹਰਿ ਸਿਉ ਮਨ ਚਿਤੁ ਲਾਇ ॥
ਤਾਤਕਾਲ ਵਾ ਭਗਤ ਕਉ ਜਤ ਕਤ ਆਪੁ ਦਿਖਾਇ ॥

(ਪ੍ਰੇਮ ਅੰਬੋਧ 9/4 ਦੋਹਰਾ)

(ੲ) **ਪ੍ਰਭੂ ਪ੍ਰੇਮ :**

ਕਵੀ ਦੇ ਵਿਚਾਰਾਂ ਵਿਚ ਬਿਨਾਂ ਪ੍ਰੇਮ ਕੀਤੇ ਭਗਤੀ ਹੋ ਹੀ ਨਹੀਂ ਸਕਦੀ। ਇਸ ਲਈ ਉਸ ਨੇ ਪ੍ਰਭੂ ਪ੍ਰੇਮ ਉੱਤੇ ਸਭ ਤੋਂ ਜ਼ਿਆਦਾ ਜ਼ੋਰ ਦਿਤਾ ਹੈ। ਉਸ ਦੀ ਦ੍ਰਿਸ਼ਟੀ ਵਿਚ ਜਿਸ ਪ੍ਰਕਾਰ ਬਿਨਾਂ ਪਾਣੀ ਦੇ ਸਰੋਵਰ ਅਤੇ ਬਿਨਾਂ ਫਲ ਫੁੱਲਾਂ ਦੇ ਪੇੜ-ਪੌਦੇ ਸ਼ੋਭਾ ਨਹੀਂ ਦਿੰਦੇ ਉਸੀ ਪ੍ਰਕਾਰ ਬਿਨਾਂ ਪ੍ਰੇਮ ਦੇ ਇਹ ਜੀਵਨ ਵਿਅਰਥ ਹੈ ਅਤੇ ਜੇਕਰ ਹੈ ਤਾਂ ਇਹਨਾਂ ਸਾਰਿਆਂ ਦੀ ਵਿਧਾਤਾ ਨੇ ਰਚਨਾ ਕਰਕੇ ਭੁੱਲ ਕੀਤੀ ਹੈ :

ਜਿਉ ਸਰਵਰ ਨੀਰਾ ਨਹੀਂ ਤਰਵਰ ਫਲ ਫੂਲ ॥
ਬਿਨਾ ਪ੍ਰੇਮ ਨਰ ਦੇਹ ਹੈ ਤੂੰ ਬਿਧਨਾ ਰਚੇ ਹੈ ਭੂਲ ॥

(ਪ੍ਰੇਮ ਅੰਬੋਧ 20/7)

**ਭਗਤੀ ਤੇ ਸਹਾਇਕ ਸਾਧਨ**

ਕਵੀ ਨੇ ਉਪਰੋਕਤ ਤਿੰਨ ਜ਼ਰੂਰੀ ਸਾਧਨਾਂ ਤੋਂ ਬਿਨਾਂ ਕੁਝ ਹੋਰ ਮਹੱਤਵਪੂਰਣ ਸਹਾਇਕ ਸਾਧਨਾਂ ਨੂੰ ਵੀ ਭਗਤੀ ਸਾਧਨਾ ਵਿਚ ਸਵੀਕਾਰ ਕੀਤਾ ਹੈ। ਇਹ ਤੱਤ ਭਗਤੀ ਨੂੰ ਹੋਰ ਜ਼ਿਆਦਾ ਬਲਸ਼ਾਲੀ ਬਣਾਉਂਦੇ ਹਨ :

(1) **ਸਤਿਗੁਰੂ**
(2) **ਸਾਧੂ ਸੰਗਤ**

(3) ਨਾਮ ਸਿਮਰਨ
(4) ਸ੍ਰਵਨ, ਕੀਰਤਨ, ਮਨਨ
(5) ਸਦਗੁਣ
(ੳ) ਅਹੰਕਰ ਦਾ ਤਿਆਗ
(ਅ) ਜਾਤ ਪਾਤ ਦਾ ਤਿਆਗ
(ੲ) ਸੇਵਾ
(ਸ) ਸੱਚੇ ਕਰਮ
(ਹ) ਹੱਥੀਂ ਕਿਰਤ ਕਰਨਾ ਆਦਿ।

(1) ਸਤਿਗੁਰੂ

ਅਧਿਆਤਮਕ ਖੇਤਰ ਵਿਚ ਸਤਿਗੁਰੂ ਦਾ ਵਿਸ਼ੇਸ਼ ਮਹੱਤਵ ਹੈ। ਕਵੀ ਨੇ ਪਰਮਾਤਮਾ ਨਾਲ ਮੇਲ ਸਥਾਪਿਤ ਕਰਨ ਦੇ ਲਈ ਸਤਿਗੁਰ ਦੀ ਆਵਸ਼ਕਤਾ ਅਤੇ ਉਸ ਦੀ ਕਿਰਪਾ-ਦ੍ਰਿਸ਼ਟੀ ਉੱਤੇ ਅਧਿਕ ਬਲ ਦਿੱਤਾ ਹੈ। ਉਹ ਸਾਧਕ ਨੂੰ ਉਪਦੇਸ਼ ਦੇ ਕੇ ਮਾਇਆ ਦੇ ਝੂਠੇ ਜਜਾਲਾਂ ਤੋਂ ਮੁਕਤ ਕਰਵਾ ਕੇ ਹਰਿਨਾਮ ਦਾ ਸਿਮਰਨ ਕਰਨ ਲਗਾ ਦਿੰਦਾ ਹੈ। ਉਸ ਦੀ ਕਿਰਪਾ ਅਤੇ ਉਪਦੇਸ਼ ਨਾਲ ਹੀ ਪ੍ਰਭੂ ਦੇ ਦਰਸ਼ਨ ਸਹਿਜ ਹੋ ਜਾਂਦੇ ਹਨ। ਉਹ ਸਾਧਕ ਦੇ ਮਨ ਵਿਚ ਗਿਆਨ ਦਾ ਉਦੈ ਕਰਵਾ ਕੇ ਮੁਕਤੀ ਪ੍ਰਾਪਤ ਕਰਨ ਦਾ ਮਾਰਗ ਪ੍ਰਦਰਸ਼ਿਤ ਕਰਦਾ ਹੈ। ਕਵੀ ਦੇ ਸ਼ਬਦਾਂ ਵਿਚ :

ਪਰਮਾਤਮ ਦਰਸਨੁ ਕਿਉ ਹੋਵੈ ਬਿਨੁ ਸਤਿਗੁਰ ਕੇ ਗਿਆਨ ॥
(ਪ੍ਰੇਮ ਅੰਬੋਧ 7/8 ਦੋਹਰਾ)

ਤਬ ਬਿਨੁ ਗੁਰ ਗਿਆਨ ਮੁਕਤਿ ਕੋ ਨਾਹੀ ॥
ਸੋ ਸਤਿਗੁਰ ਤੁਮ ਦੇਉ ਬਤਾਈ ॥
(ਪ੍ਰੇਮ ਅੰਬੋਧ 11/9)

ਕਵੀ ਅਨੁਸਾਰ ਸਾਧਕ ਨੂੰ ਚਾਹੀਦਾ ਹੈ ਕਿ ਉਹ ਸਤਿਗੁਰ ਦੀ ਆਗਿਆ ਦਾ ਪਾਲਣ ਕਰੇ। ਸਤਿਗੁਰੂ ਦੀ ਸੇਵਾ ਵਿਚ ਲੀਨ ਰਹੇ। ਉਸ ਪਾਸ ਜਾਣ ਤੋਂ ਪਹਿਲਾਂ ਲਾਭ-ਹਾਨੀ, ਮਾਨ-ਅਪਮਾਨ ਸਭ ਕੁਝ ਨਿਛਾਵਰ ਕਰਕੇ ਸਰਣ ਵਿਚ ਚਲਾ ਜਾਵੇ ਤਦ ਹੀ ਉਹ ਸਾਧਕ ਨੂੰ ਸਹਜੇ ਮੁਕਤੀ ਪਦਾਰਥ ਦਿਵਾ ਸਕਦਾ ਹੈ :

ਮਨ ਤਨੁ ਧਨੁ ਸਭੁ ਡਾਰਿ ਕੇ ਪਕਰਹੁ ਸਤਿਗੁਰ ਪਾਇ ॥
ਮੁਕਤਿ ਪਦਾਰਥੁ ਸਹਜ ਹੀ ਤੁਮਰੈ ਪਲੈ ਪਾਇ ॥
(ਪ੍ਰੇਮ ਅੰਬੋਧ 11/9)

ਫਿਰ ਜਿਸ ਸਾਧਕ ਨੇ ਸਤਿਗੁਰੂ ਦਾ ਉਪਦੇਸ਼ ਗ੍ਰਹਿਣ ਕਰ ਲਿਆ, ਉਹ ਪ੍ਰਭੂ ਦਾ ਪ੍ਰੇਮ-ਪੂਰਵਕ ਨਾਮ ਜਾਪ ਕਰਦਾ ਹੋਇਆ ਹਰਿ ਰੂਪੀ ਅਮੁੱਲ ਰਤਨ ਨੂੰ ਪ੍ਰਾਪਤ ਕਰ ਲੈਂਦਾ ਹੈ। ਕਵੀ ਦੇ ਸ਼ਬਦਾਂ ਵਿਚ :

ਪ੍ਰੇਮ ਮਹੋਦਧ ਬੈਠ ਕੇ ਜੋ ਕੋ ਗੋਤਾ ਲੇਇ ॥
ਹਰਿ ਰਤਨ ਅਮੋਲਕ ਹਾਥਿ ਤਿਸੁ ਸਹਜੇ ਸਤਿਗੁਰ ਦੇਇ ॥
(ਪ੍ਰੇਮ ਅੰਬੋਧ 61/16 ਦੋਹਰਾ)

(2) **ਸਾਧ-ਸੰਗਤਿ**

ਕਵੀ ਨੇ ਪਰਮਾਤਮ-ਪ੍ਰਾਪਤੀ ਦੇ ਲਈ ਸਾਧ-ਸੰਗਤਿ ਜਾਂ ਸਤਿ-ਸੰਗਤਿ ਨੂੰ ਜ਼ਰੂਰੀ ਮੰਨਿਆ ਹੈ। ਸਾਧੂਆਂ ਸੰਤਾਂ ਦੀ ਸੰਗਤਿ ਹੀ ਸੰਤ-ਸੰਗਤਿ ਹੈ ਜਿੱਥੇ ਬੈਠ ਕੇ ਸਾਧਕ ਨੂੰ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ। ਕਵੀ ਦੇ ਵਿਚਾਰਾਂ ਵਿਚ ਸਾਧੂਆਂ-ਸੰਤਾਂ ਦੀ ਮਹਿਮਾ ਅਪਰ-ਅਪਾਰ ਹੈ। ਉਹ ਨਾਮ-ਰੂਪਾਤਮਕ ਸੰਸਾਰ ਤੋਂ ਹਮੇਸ਼ਾਂ ਨਿਰਲਿਪਤ ਰਹਿੰਦੇ ਹਨ। ਉਹ ਸਾਧਕ ਦੀ ਅਗਨੀ ਭਾਵ ਤਿੰਨਾਂ ਤਾਪਾਂ ਨੂੰ ਸਮਾਪਤ ਕਰਕੇ ਬਦੱਲ ਵਾਂਗ ਹਰਿਨਾਮ ਦੀ ਵਰਖਾ ਕਰਕੇ ਉਸ ਨੂੰ ਅੰਮ੍ਰਿਤ ਛਕਾਉਂਦੇ ਹਨ। ਅਸਲ ਵਿਚ ਸਾਧੂਆਂ ਦੀ ਸੰਗਤਿ ਤਾਂ ਬੇੜੀ ਸਮਾਨ ਹੈ ਜੋ ਸਾਧਕ ਨੂੰ ਹਰਿਨਾਮ ਦਾ ਰਸ ਪਾਨ ਕਰਵਾ ਕੇ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਉਤਾਰ ਦਿੰਦੀ ਹੈ। ਸਾਧੂ ਸੰਗਤਿ ਸਾਧਕ ਨੂੰ ਮੋਖ ਪਦ ਦੀ ਪ੍ਰਾਪਤੀ ਕਰਵਾਉਂਦੀ ਹੈ। ਕਵੀ ਦੀ ਦ੍ਰਿਸ਼ਟੀ ਵਿਚ ਸਾਧੂ ਅਤੇ ਹਰਿ ਵਿਚ ਕੋਈ ਭੇਦ ਨਹੀਂ ਹੁੰਦਾ ਹੈ। ਉਦਾਹਰਣ ਲਈ ਕੁਝ ਕੁ ਪੰਕਤੀਆਂ ਪੇਸ਼ ਹਨ :

ਅਦਭੁਤ ਅਨਭਵ ਸਾਧਜਨ ਕਿਆ ਕੋ ਕਹੈ ਬਨਾਇ ॥
ਰੂਪ ਨਾਮ ਗੁਨ ਰਹਤ ਤਿਨ ਆਪੁਨਾ ਆਪੁ ਦਿਖਾਇ ॥
(ਪ੍ਰੇਮ ਅੰਬੋਧ 13/3 ਦੋਹਰਾ)

ਸਾਧ ਬੜੇ ਪਰਸੁਆਰਥੀ ਘਨ ਜਿਉ ਬਰਸਹਿ ਆਇ ॥
ਦਾਹੁ ਮਿਟਾਵਹਿ ਜੀਅ ਕਾ ਅੰਮ੍ਰਿਤ ਕਉ ਚਵਾਇ ॥
(ਪ੍ਰੇ. ਅੰ. 4/10 ਦੋਹਰਾ)

ਸਾਧਜਨ ਮੋਛਪਦ ਪਾਹਿ ॥
(ਪ੍ਰੇਮ ਅੰਬੋਧ 25/9)

ਹਰਿ ਅਰੁ ਸਾਧ ਭੇਦੁ ਕਛ ਨਾਹੀ ॥
ਹਰਿ ਸਾਧੂ ਸਾਧੂ ਹਰਿ ਆਹੀ ॥
(ਪ੍ਰੇਮ ਅੰਬੋਧ 25/8)

(3) **ਨਾਮ ਸਿਮਰਨ**

ਕਵੀ ਨੇ ਪ੍ਰਭੂ ਦੇ ਨਾਮ ਸਿਮਰਨ ਉੱਤੇ ਸਭ ਤੋਂ ਜ਼ਿਆਦਾ ਬਲ ਦਿੱਤਾ ਹੈ। ਉਸ ਨੇ ਇਸ ਸੰਸਾਰ ਸਾਗਰ ਤੋਂ ਪਾਰ ਉਤਾਰਾ ਕਰਨ ਦਾ ਕੇਵਲ ਇਕੋ ਹੀ ਸਾਧਨ ਹਰਿ ਦਾ ਭਜਨ ਦੱਸਿਆ ਹੈ। ਉਸ ਦਾ ਕਥਨ ਹੈ ਕਿ ਜਿਸ ਜੀਵ ਦੇ ਮਨ ਵਿਚ ਹਰਿਨਾਮ ਦਾ ਨਿਵਾਸ ਹੋ ਜਾਂਦਾ ਹੈ-ਉਹ ਇਸ ਨਾਮ-ਰੂਪਾਤਮਕ ਸੰਸਾਰ ਦੇ ਬੰਧਨਾਂ ਤੋਂ ਨਿਰਲੇਪ ਹੋ ਜਾਂਦਾ ਹੋ ਜਾਂਦਾ ਹੈ। ਉਸ ਦਾ ਦ੍ਵੈਤ ਭਾਵ ਸਮਾਪਤ ਹੋ ਜਾਂਦਾ ਹੈ ਅਤੇ ਉਸ ਨੂੰ ਸਾਰੀ ਸ੍ਰਿਸ਼ਟੀ ਵਿਚ ਹਰ ਪਾਸੇ ਕੇਵਲ ਹਰਿ ਦੇ ਹੀ ਦਰਸ਼ਨ ਹੁੰਦੇ ਹਨ। ਪ੍ਰਭ ਦੇ ਭਜਨ ਨਾਲ ਸਾਧਕ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਉਹ ਆਪਣੇ ਆਪ ਨੂੰ ਪਹਿਚਾਣ ਲੈਂਦਾ ਹੈ ਅਤੇ ਇਕ ਰਸ ਹੋ ਕੇ ਪ੍ਰਭੂ ਨਾਲ ਅਭੇਦਤਾ ਸਥਾਪਿਤ ਕਰ ਲੈਂਦਾ ਹੈ। ਕਵੀ ਅਨੁਸਾਰ :

ਰੂਪ ਨਾਮ ਗੁਨ ਰਹਤ ਬੀਚਾਰੈ ॥
ਇਕੁ ਆਤਮ ਸਭੁ ਰੂਪੁ ਨਿਹਾਰੈ ॥

ਦੁਤੀਆ ਭਾਉ ਮਨ ਤੇ ਮਿਟਿ ਗਇਆ ॥
ਸਕਲ ਜਗਤ ਭਇਓ ਏਕੈ ਮਇਆ ॥

(ਪ੍ਰੇਮ ਅੰਬੋਧ 9/10)

ਜਿਨੀ ਅਪਨਾ ਆਪੁ ਪਛਾਨਿਆ ਤੇ ਇਕ ਰਸ ਰਹੈ ਅਭੇਦ ॥

(ਪ੍ਰੇਮ ਅੰਬੋਧ 27/13 ਦੋਹਰਾ)

ਕਵੀ ਦਾ ਵਿਚਾਰ ਹੈ ਕਿ ਸੰਸਾਰ ਵਿਚ ਹਰਿ ਦੇ ਜਾਪ ਬਿਨਾਂ ਹੋਰ ਸਾਰਾ ਕੁਝ ਵਿਅਰਥ ਹੈ। ਇਸ ਲਈ ਮਨੁੱਖ ਨੂੰ ਹਰਿ ਦਾ ਸਿਮਰਨ ਕਰਕੇ ਜੀਵਨ ਸਫਲ ਬਣਾਉਣਾ ਚਾਹੀਦਾ ਹੈ। ਕਵੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜੋ ਵੀ ਹਰਿ ਦਾ ਸਿਮਰਨ ਕਰਦਾ ਹੈ- ਉਹ ਆਪ ਹਰਿ ਰੂਪ ਬਣ ਜਾਂਦਾ ਹੈ। ਕਵੀ ਦੇ ਸ਼ਬਦਾਂ ਵਿਚ :

ਬਿਨੁ ਹਰਿਨਾਮ ਅਉਰ ਬਕਬਾਦ ॥

(ਪ੍ਰੇਮ ਅੰਬੋਧ 33/16)

ਹਰਿ ਭਜਿ ਜਨਮੁ ਸਵਾਰੀਐ ਇਹ ਅਉਸਰ ਇਹ ਬਾਰ ॥

(ਪ੍ਰੇਮ ਅੰਬੋਧ /6 ਦੋਹਰਾ)

ਪ੍ਰੇਮੀ ਪ੍ਰੇਮ ਪ੍ਰੀਤਮੁ ਹੋਇ ਜਾਵੈ ॥

(ਪ੍ਰੇਮ ਅੰਬੋਧ 3/6)

## (4) ਸ੍ਰਵਣ, ਕੀਰਤਨ, ਮਨਨ

ਪ੍ਰਭੂ ਦਾ ਨਾਮ, ਜੱਸ, ਮਹੱਤਵ, ਚਰਚਾ, ਗੁਣਾਂ ਦੇ ਗਾਇਨ ਆਦਿ ਨੂੰ ਵਿਸ਼ਵਾਸ ਅਤੇ ਸ਼ਰਧਾ ਨਾਲ ਸੁਣਨਾ ਹੀ ਸ੍ਰਵਣ ਕਰਨਾ ਹੈ। ਸ੍ਰਵਣ ਕਰਨ ਨਾਲ ਜੀਵ ਦੇ ਮਨ ਵਿਚ ਪ੍ਰਭੂ ਪ੍ਰੇਮ ਉਤਪੰਨ ਹੋ ਜਾਂਦਾ ਹੈ। ਜਿਵੇਂ ਭਗਤ ਸੈਨ ਨੇ ਸਾਧ ਸੰਗਤਿ ਵਿਚ ਬੈਠ ਕੇ ਹਰਿਨਾਮ ਦਾ ਸ੍ਰਵਣ ਕਰਕੇ ਭਗਤੀ ਦੀ ਪ੍ਰਾਪਤੀ ਕੀਤੀ ਸੀ :

ਜਹਾ ਕਥਾ ਵਾਰਤਾ ਹਰਿ ਕੀ ਹੋਈ ॥
ਸ੍ਰਵਣ ਕਰੈ ਪ੍ਰੇਮ ਸਿਉ ਸੋਈ ॥

(ਪ੍ਰੇਮ ਅੰਬੋਧ 1/10)

ਕੀਰਤਨ ਦਾ ਭਾਵ ਹੈ-ਹਰਿ ਜੱਸ ਗਾਇਨ ਕਰਨਾ। ਕਵੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਗ੍ਰੰਥ ਵਿਚ ਵਰਣਿਤ ਸਾਰੇ ਸੰਤਾਂ-ਭਗਤਾਂ ਨੇ ਪ੍ਰਭੂ ਦੀ ਕੀਰਤੀ ਦਾ ਗਾਇਨ ਕਰਕੇ ਉਸ ਨਾਲ ਮੇਲ ਸਥਾਪਿਤ ਕੀਤਾ ਹੈ। ਜਿਵੇਂ ਕਬੀਰ ਜੀ ਨੇ ਪ੍ਰਭੂ ਪ੍ਰੇਮ ਵਿਚ ਵਿਭੋਰ ਹੋ ਕੇ ਪਰਮਾਤਮਾ ਦੀ ਕੀਰਤੀ ਦਾ ਗਾਇਨ ਕੀਤਾ :

ਨਿਰਤ ਕਰਤ ਧੀਰ ਨਹੀ ਧਰਈ ॥
ਮਗਨੁ ਹੋਇ ਮਨ ਕੀਰਤਨੁ ਕਰਈ ॥

(ਪ੍ਰੇਮ ਅੰਬੋਧ 6/1)

ਇਸੇ ਤਰ੍ਹਾਂ ਕਵੀ ਨੇ ਮਨਨ ਤੋਂ ਬਿਨਾਂ ਭਗਤੀ ਨੂੰ ਵਿਅਰਥ ਮੰਨਿਆ ਹੈ। ਉਸ ਅਨੁਸਾਰ ਸਾਧਕ ਨੂੰ ਮਨ ਅਤੇ ਹਿਰਦੇ ਤੋਂ ਪ੍ਰਭੂ ਦਾ ਮਨਨ ਕਰਨਾ ਚਾਹੀਦਾ ਹੈ।

## (5) ਸਦਗੁਣਾਂ ਉੱਤੇ ਬਲ

ਕਵੀ ਨੇ ਭਗਤੀ ਸਾਧਨਾ ਕਰਨ ਵਾਲੇ ਨੂੰ ਜਿਵੇਂ ਅਭਿਮਾਨ, ਜਾਤ ਪਾਤ ਦੀ

ਭਾਵਨਾ ਦਾ ਤਿਆਗ, ਸੇਵਾ, ਸੱਚੇ ਕਰਮ, ਮਿਹਨਤ-ਮਜ਼ਦੂਰੀ ਕਰਨ ਆਦਿ ਸਦਗੁਣਾਂ ਉੱਤੇ ਵੀ ਬਲ ਦਿੱਤਾ ਹੈ।

**ਅਭਿਮਾਨ ਦਾ ਤਿਆਗ**

ਕਵੀ ਅਨੁਸਾਰ ਅਭਿਮਾਨ ਹਰਿ ਪ੍ਰਾਪਤੀ ਵਿਚ ਰੁਕਾਵਟ ਪਾਉਂਦਾ ਹੈ। ਇਸ ਲਈ ਅਭਿਮਾਨ ਦਾ ਤਿਆਗ ਕਰਕੇ ਜੀਵ ਨੂੰ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ। ਕਵੀ ਦੇ ਸ਼ਬਦਾਂ ਵਿਚ :

ਜਬ ਲਗੁ ਦੇਹ ਅਭਿਮਾਨੁ ਹੈ ਤਬ ਲਗੁ ਦੁਐਤਾ ਭਾਸ ॥
(ਪ੍ਰੇਮ ਅੰਬੋਧ 6/13 ਦੋਹਰਾ)

**ਜਾਤ ਪਾਤ ਦਾ ਤਿਆਗ**

ਕਵੀ ਨੇ ਭਗਤੀ ਸਾਧਨਾ ਵਿਚ ਜਾਤ ਪਾਤ ਦੀ ਭੇਦ ਭਾਵਨਾ ਨੂੰ ਪੂਰਣ ਰੂਪ ਵਿਚ ਅਸਵੀਕਾਰ ਕੀਤਾ ਹੈ ਕਿਉਂਕਿ ਮਨੁੱਖ ਮੂਲ ਹੈ-ਜਾਤ ਪਾਤ ਨਹੀਂ :

ਹਰਿ ਭਗਤਾ ਜਾਤਿ ਨ ਪਾਤਿ ਹਰਿ ਕੀ ਜਾਤਿ ਹੈ ਹਰਿ ਭਗਤਿ ॥
(ਪ੍ਰੇਮ ਅੰਬੋਧ 1/11 ਸੋਰਠਾ)

**ਸੇਵਾ**

ਕਵੀ ਨੇ ਅਧਿਆਤਮਕ ਉੱਨਤੀ ਲਈ ਸੰਤਾਂ ਸਾਧਆਂ ਅਤੇ ਸਤਿਗੁਰੂ ਦੀ ਸੇਵਾ ਨੂੰ ਹੀ ਹਰਿ ਦੀ ਸੇਵਾ ਮੰਨਿਆ ਹੈ। ਜੋ ਵੀ ਸਾਧਕ ਇਹਨਾਂ ਦੀ ਸੇਵਾ ਕਰਦਾ ਹੈ- ਉਸ ਨੂੰ ਤਤਕਾਲ ਹਰਿ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਸਤਿਗੁਰੂ ਦੀ ਸੇਵਾ ਕਰਨ ਨਾਲ ਵੀ ਮੁਕਤੀ ਪ੍ਰਾਪਤ ਹੁੰਦੀ ਹੈ। ਕਵੀ ਦੇ ਸ਼ਬਦਾਂ ਵਿਚ :

ਜਬ ਸਾਧਾ ਕੀ ਸੇਵਾ ਕਰਿਹੈ ॥
ਕਿਲਬਿਖ ਮਨ ਕੇ ਸਭ ਪਰਿਹਰਿਹੈ ॥
(ਪ੍ਰੇਮ ਅੰਬੋਧ 26/10)

ਸਾਧ ਚਰਨ ਕਉ ਸੇਵੈ ਜੋਈ ॥
ਛਿਨ ਮਹਿ ਆਇ ਪਰਾਪਤਿ ਹੋਇ ॥
(ਪ੍ਰੇਮ ਅੰਬੋਧ 59/10)

ਜੋ ਸਤਿਗੁਰ ਕਉ ਸੇਵੈ ਜਾਇ ॥
ਸੋ ਮੁਕਤਿ ਸਰੂਪ ਕਉ ਪਾਈ ॥
(ਪ੍ਰੇਮ ਅੰਬੋਧ 59/10)

**ਸੱਚੇ ਕਰਮ**

ਕਵੀ ਅਨੁਸਾਰ ਭਗਤੀ ਸਾਧਨਾ ਵਿਚ ਸੱਚੇ ਕਰਮਾਂ ਦਾ ਭਾਵ ਹੈ ਹਰਿ ਭਜਨ ਕਰਨਾ। ਸੱਚੇ ਕਰਮ ਕਰਨ ਨਾਲ ਤਨ ਮਨ ਦੀ ਸ਼ੁੱਧੀ ਹੁੰਦੀ ਹੈ ਅਤੇ ਮੁਕਤ-ਅਵਸਥਾ ਪ੍ਰਾਪਤ ਹੁੰਦੀ ਹੈ। ਸਤਿ ਕਰਮਾਂ ਦਾ ਗਿਆਨ ਸਾਧ-ਸੰਗਤਿ ਤੇ ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਇਸ ਲਈ ਜੀਵ ਨੂੰ ਇਹਨਾਂ ਦੀ ਸੰਗਤਿ ਵਿਚ ਬੈਠ ਕੇ ਸੱਚੇ ਕਰਮ ਕਰਨ ਦੇ ਨਾਲ ਨਾਲ ਪ੍ਰਭੂ ਦਾ ਨਾਮ ਸ੍ਰਵਣ, ਕੀਰਤਨ ਤੇ ਮਨਨ ਕਰਕੇ ਭਗਤੀ ਕਰਨੀ ਚਾਹੀਦੀ ਹੈ।

**ਹੱਥੀਂ ਕਿਰਤ ਕਰਨ ਉੱਤੇ ਬਲ**

ਕਵੀ ਨੇ ਮਨੁੱਖ ਨੂੰ ਮਿਹਨਤ ਮਜ਼ਦੂਰੀ ਕਰਕੇ ਜ਼ਿੰਦਗੀ ਬਸਰ ਕਰਨ ਉੱਤੇ ਬਲ ਦਿੱਤਾ ਹੈ ਕਿਉਂਕਿ ਕਵੀ ਦੀ ਦ੍ਰਿਸ਼ਟੀ ਵਿਚ ਨਜ਼ਾਇਜ਼ ਢੰਗ ਨਾਲ ਕਮਾਇਆ ਹੋਇਆ ਧਨ ਭਲੇ ਹੀ ਕੁਝ ਸਮੇਂ ਲਈ ਲਾਭਦਾਇਕ ਸਿੱਧ ਹੋਵੇ ਪਰ ਪਰਮਾਤਮਾ ਦੇ ਦਰ ਤੇ ਉਸ ਦਾ ਕੋਈ ਮੁੱਲ ਨਹੀਂ ਹੈ। ਇਸ ਤਰ੍ਹਾਂ ਦਾ ਧਨ ਕਮਾਉਣਾ ਪਾਪ ਕਹਾਉਂਦਾ ਹੈ। ਸੱਚੀ ਕਮਾਈ ਕਰਨ ਵਾਲਾ ਮਨੁੱਖ ਆਤਮਿਕ ਤੌਰ ਤੇ ਬਲਵਾਨ ਹੁੰਦਾ ਹੈ। ਕਵੀ ਨੇ 'ਪਰਚੀ ਨਾਮਦੇਵ ਜੀ ਕੀ' ਵਿਚ ਦੱਸਿਆ ਹੈ ਕਿ ਰੰਕਾ ਬੰਕਾ ਆਪਣੀ ਕਮਾਈ ਦਾ ਤੀਜਾ ਹਿੱਸਾ ਤਾਂ ਸੰਤਾਂ ਸਾਧੂਆਂ ਦੀ ਸੇਵਾ ਕਰਨ ਵਿਚ ਲਗਾ ਦਿੰਦੇ ਸਨ ਤੇ ਚੌਥੇ ਹਿੱਸੇ ਨਾਲ ਆਪਣਾ ਜੀਵਨ ਨਿਰਬਾਹ ਕਰਦੇ ਸਨ। ਕਵੀ ਦੇ ਸ਼ਬਦਾਂ ਵਿਚ :

ਮਜੂਰੀ ਕਰਿ ਜੋ ਘਰਿ ਮੈ ਲਿਆਵੈ ।।
ਤੀਨ ਭਾਗ ਸਾਧਉ ਭੋਗਾਵੈ ।।
ਚਤੁਸਟ ਭਾਗ ਲੇ ਉਦਰ ਪੋਖਾਹੀ ।।
ਪ੍ਰਾਤ ਉਠੈ ਪੁਨਿ ਬਨ ਕਉ ਜਾਹੀ ।।

(ਪ੍ਰੇਮ ਅੰਬੋਧ 20/4)

ਕਵੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜੋ ਆਪਣੇ ਹੱਥੀਂ ਕਿਰਤ ਕਮਾਈ ਕਰਦੇ ਹੋਏ ਪ੍ਰਭੂ ਦਾ ਨਾਮ ਜਪਦੇ ਹਨ, ਉਹਨਾਂ ਨੂੰ ਸਹਿਜੇ ਹੀ ਮੋਖ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ।

**ਭਗਤੀ ਫਲ ਦੀ ਪ੍ਰਾਪਤੀ**

ਕਵੀ ਦਾ ਕਹਿਣਾ ਹੈ ਕਿ ਭਗਤੀ ਦਾ ਫਲ ਮੁਕਤੀ ਹੈ। ਸਾਧਕ ਪਰਮਾਤਮਾ ਦਾ ਜਾਪ ਕਰਦਾ ਹੋਇਆ ਇਉਂ ਉਸ ਵਿਚ ਸਮਾ ਜਾਂਦਾ ਹੈ, ਜਿਵੇਂ ਸੂਰਜ ਵਿਚ ਕਿਰਨ, ਚੰਦ੍ਰਮਾਂ ਵਿਚ ਰਿਸ਼ਮ ਅਤੇ ਸਮੁੰਦਰ ਵਿਚ ਨਦੀ। ਕਵੀ ਦੇ ਸ਼ਬਦਾਂ ਵਿਚ :

ਹਰਿ ਹਰਿ ਭਜਿ ਕੈ ਉਤਰਹੁ ਪਾਰਾ ।।

(ਪ੍ਰੇਮ ਅੰਬੋਧ 31/16)

ਕਵੀ ਅਨੁਸਾਰ ਐਸੇ ਸਾਧਕ ਜਿਨ੍ਹਾਂ ਨੇ ਪ੍ਰਭੂ ਦਾ ਨਾਮ ਸਿਮਰ ਕੇ ਜੀਵਨ ਸਫਲ ਬਣਾ ਲਿਆ ਹੈ। ਉਹਨਾਂ ਦੀ ਪ੍ਰਸ਼ੰਸਾ ਕਰਨਾ ਕਠਨ ਹੈ। ਐਸੇ ਸੱਚੇ ਭਗਤਾਂ ਦਾ ਤਾਂ ਸਾਰਾ ਸੰਸਾਰ ਜੱਸ ਗਾ ਰਿਹਾ ਹੈ। ਜਿੱਥੇ ਉਹ ਆਪਣਾ ਜੀਵਨ ਸਫਲ ਬਣਾਉਂਦੇ ਹਨ, ਉੱਥੇ ਉਹ ਹੋਰ ਜੀਵਾਂ ਦਾ ਵੀ ਉਧਾਰ ਕਰ ਦਿੰਦੇ ਹਨ। ਕਵੀ ਦੇ ਸ਼ਬਦਾਂ ਵਿਚ :

ਜਿਨੌ ਪ੍ਰੇਮੁ ਕਰਿ ਪ੍ਰੀਤਮ ਪਾਇਓ ।।
ਤਿਨ ਕੋ ਜਸੁ ਜਗ ਸਗਲੀ ਗਾਇਓ ।।

(ਪ੍ਰੇਮ ਅੰਬੋਧ 15/ਚੌਪਈ

**ਪ੍ਰੇਮ ਅੰਬੋਧ ਗ੍ਰੰਥ ਦਾ ਕਲਾ ਪੱਖ**

'ਪ੍ਰੇਮ ਅੰਬੋਧ' ਗ੍ਰੰਥ ਸੰਤਾਂ ਸਾਧੂਆਂ ਦੀ ਜੀਵਨ ਗਾਥਾ ਹੈ ਜਿਸ ਨੂੰ ਪੇਸ਼ ਕਰਦਿਆਂ ਸਹਿਜ ਸੁਭਾ ਕਲਾ ਪੱਖੋਂ ਵੀ ਚੰਗੀ ਰਚਨਾ ਬਣ ਨਿਬੜਿਆ ਹੈ। ਕਵੀ ਦਾ ਉਦੇਸ਼ ਵੀ ਸੰਤਾਂ

ਭਗਤਾਂ ਦੇ ਜੀਵਨ-ਚਰਿਤ ਲਿਖ ਕੇ ਭਗਤੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਸੀ। ਇਹਨਾਂ ਮਹਾਤਮਾਵਾਂ ਦੇ ਸ਼ੁਭ ਉਪਦੇਸ਼ਾਂ ਨੂੰ ਆਮ ਲੋਕਾਂ ਤਕ ਪਹੁੰਚਾਉਣਾ ਸੀ। ਇਸ ਲਈ ਉਸ ਨੇ ਸੰਤਾਂ-ਭਗਤਾਂ ਦੇ ਜੀਵਨ-ਚਰਿਤ, ਉਪਦੇਸ਼ਾਂ ਕਰਾਮਾਤਾਂ ਆਦਿ ਨੂੰ ਇੰਨੇ ਸਹਣੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ ਕਿ ਉਹ ਆਪਣੇ ਆਪ ਇਕ ਸੁੰਦਰ ਕਲਾ ਦਾ ਉਦਾਹਰਣ ਬਣ ਗਏ ਹਨ। 'ਪ੍ਰੇਮ ਅੰਬੋਧ' ਗ੍ਰੰਥ ਦੇ ਕਲਾ ਪੱਖ ਦਾ ਅਧਿਐਨ ਨਿਮਨ ਪੱਖਾਂ ਤੋਂ ਕੀਤਾ ਜਾਂਦਾ ਹੈ।

(1) ਭਾਸ਼ਾ (ਸ਼ਬਦਾਵਲੀ. ਮੁਹਾਵਰੇ-ਅਖਾਣ)
(2) ਰਸ ਵਰਣਨ
(3) ਛੰਦ ਵਿਧਾਨ
(4) ਅਲੰਕਾਰ ਯੋਜਨਾ
(5) ਪੌਰਾਣਿਕ ਸੰਦਰਭ
(6) ਪ੍ਰਤੀਕਾਤਮਕ ਸ਼ਬਦ
(7) ਸ਼ੈਲੀ

## (1) ਭਾਸ਼ਾ

ਅਧਿਆਤਮਕ ਸਾਹਿਤ ਦਾ ਮੁੱਖ ਉਦੇਸ਼ ਆਤਮਿਕ ਅਨੁਭਵਾਂ ਨੂੰ ਸਹਿਜ ਸੁਭਾ ਜਨ-ਸਾਧਾਰਣ ਨਾਲ ਸਾਂਝਾ ਕਰਨਾ ਹੁੰਦਾ ਹੈ। ਜਿਸ ਲਈ ਕਵੀ ਸਹਿਜ ਸੁਭਾ ਸਰਲ ਭਾਸ਼ਾ ਵਿਚ ਆਪਣੇ ਵਿਚਾਰ ਅੰਕਿਤ ਕਰਦਾ ਹੈ। ਵਿਦਵਾਨਾਂ ਨੇ ਮਧਕਾਲੀਨ ਸੰਤਾਂ ਦੀ ਭਾਸ਼ਾ ਨੂੰ ਸਾਧ ਜਾਂ ਸਧੂਕੜੀ ਭਾਸ਼ਾ ਦਾ ਨਾਂ ਦਿੱਤਾ ਹੈ। ਇਸ ਨੂੰ ਸਾਧ ਭਾਸਾ ਜਾਂ ਸਧੂਕੜੀ ਭਾਸ਼ਾ ਦਾ ਨਾਂ ਦਿੱਤਾ ਹੈ। ਇਸ ਲਈ ਇਸ ਭਾਸ਼ਾ ਦੇ ਵਿਚ ਹੋਰ ਪ੍ਰਾਂਤਾਂ ਦੀਆਂ ਭਾਸ਼ਾਵਾਂ ਦੇ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ ਗਿਆ ਹੁੰਦਾ ਹੈ। 'ਪ੍ਰੇਮ ਅੰਬੋਧ' ਗ੍ਰੰਥ ਦੀ ਭਾਸਾ ਪੰਜਾਬੀ ਪ੍ਰਧਾਨ ਸਾਧ ਭਾਸ਼ਾ ਹੈ। ਇਸ ਵਿਚ ਸੰਸਕ੍ਰਿਤ ਦੇ ਤਤਸਮ, ਤਦਭਵ, ਪੰਜਾਬੀ, ਬ੍ਰਜ ਤੇ ਅਰਬੀ ਫ਼ਾਰਸੀ ਦੇ ਵਿਦੇਸ਼ੀ ਸ਼ਬਦਾਂ ਦਾ ਸੁੰਦਰ ਪ੍ਰਯੋਗ ਹੋਇਆ ਹੈ।

### ਸੰਸਕ੍ਰਿਤ ਸ਼ਬਦਾਵਲੀ

ਪ੍ਰੇਮਾ ਭਗਤੀ ਤੇ ਦਾਰਸ਼ਨਿਕ ਚਿੰਤਨ ਨਾਲ ਸਬੰਧਤ ਸਾਹਿਤ ਮੁੱਖ ਰੂਪ ਵਿਚ ਸੰਸਕ੍ਰਿਤ ਵਿਚ ਉਪਲਬਧ ਹੋਣ ਕਾਰਨ ਕਵੀ ਨੇ ਸੰਸਕ੍ਰਿਤ ਦੀ ਤਤਸਮ ਤੇ ਤਦਭਵ ਸ਼ਬਦਾਵਲੀ ਦਾ ਖੁਲ੍ਹਾ ਪ੍ਰਯੋਗ ਕੀਤਾ ਹੈ।

### ਤਤਸਮ ਸ਼ਬਦਾਵਲੀ

ਅੰਕਮਾਲ, ਅਗਮ, ਅਗੋਚਰ, ਅਚਰ, ਅਤੀਤ, ਅਪਵਿਤ੍ਰ, ਅਪਾਰ, ਅਲਖ, ਆਦਿ ਆਂਸੂ, ਸੁਤ, ਸੂਤ੍ਰ, ਸੂਰ, ਕਪਟ੍ਰ, ਕੋਟਿ, ਖੰਡ, ਗੰਧ, ਗਾਤ, ਗੁਨ, ਤਿਮਰ, ਤ੍ਰਿਗੁਣ, ਤ੍ਰਿਭਵਣ, ਦੂਧ, ਦੇਵ, ਧੂਪ, ਨਗਰ, ਚਰ, ਚਕ੍ਰ, ਪੀਤਾਂਬਰ, ਪਤਿਤ, ਪਦਮ, ਪੂਜਾ, ਪ੍ਰੇਮ, ਪ੍ਰਤਾਪ, ਭਾਵ, ਭਾਂਤਿ, ਭਾਨੁ, ਭੀਤਰ, ਭੋਜਨ, ਮਲੀਨ, ਮੁਨਿ, ਰਸਨਾ, ਰੰਗ, ਰਣੁ, ਰਵਿ, ਰੇਖ, ਰੂਪ, ਲੀਲਾ, ਵਾਣੀ ਆਦਿ।

**ਤਦਭਵ ਸ਼ਬਦਾਵਲੀ**

ਉਪਬਨ, ਉਸਤਤਿ, ਅੰਤਰਜਾਮੀ, ਅਗਨੀ, ਅਗਿਆਨ, ਅਛਰ, ਅਨਿਨ, ਅਬਰਨ, ਅਬਿਨਾਸੀ, ਅਭਿਆਸ, ਅਸਟਪ ਦੀ, ਇਸਨਾਨੁ, ਸਕਾਰਥ, ਸਤੋਤ੍ਰ, ਸਖਾ, ਸਮਰਥ, ਸੀਤ, ਸੁਖੋਪਤਿ, ਸੁਪਨ, ਗਿਆਨ, ਚਿਹਨ, ਛਿਨ, ਤਿਆਗ, ਦੁਬਿਧਾ, ਦੁਰੰਤ, ਦੋਖ, ਦੁਰਲੰਭ, ਦਿਸਾ, ਦ੍ਰਿਸਟਿ, ਨਗਨ, ਨਾਰਾਇਣ, ਪਰਉਪਕਾਰ, ਪਰਬਤਿ, ਪੁਰਖ, ਪਰਪੂਰਨ, ਬਚਨ, ਬਸਤਰ, ਬਿਰਧ, ਬਿਸਥਾਰ, ਬ੍ਰਹਮਚਰਜ, ਬ੍ਰਿਥਾ, ਭੂਖਨ, ਮਧ, ਮਿਤ੍ਰ, ਆਦਿ ।

**ਪੰਜਾਬੀ ਸ਼ਬਦਾਵਲੀ**

ਕਵੀ ਪੰਜਾਬ ਦਾ ਜੰਮਪਲ ਹੋਣ ਕਾਰਨ ਪੰਜਾਬੀ ਭਾਸ਼ਾ ਤੇ ਸ਼ਬਦਾਵਲੀ ਦਾ ਚੰਗਾ ਗਿਆਤਾ ਹੈ ਜਿਸ ਕਾਰਨ ਪੰਜਾਬੀ ਦੀ ਸੁੰਦਰ ਸ਼ਬਦ ਚੋਣ ਕਰਕੇ ਆਪਣੀ ਭਾਸ਼ਾ ਪ੍ਰਵੀਨਤਾ ਦਾ ਪ੍ਰਮਾਣ ਦਿੱਤਾ ਹੈ । ਕੁਝ ਉਦਾਹਰਣ ਵੇਖੋ :

ਇਕ, ਇਹੁ, ਕਹਣ, ਸਮੁੰਦ੍ਰ, ਖਾਹੀਐ, ਗੰਢਾਈ, ਘੀਉ, ਚੰਗਾ, ਚੁਗਣ, ਚੰਦ, ਜਿਨਾ ਨਾਲ, ਜੁਆਨ, ਧੀਅ, ਵਾਜੀ, ਮੋਢੇ, ਲਖ, ਲੜ, ਲਾਡ-ਲਡਾਵੇ ਆਦਿ ।

**ਬ੍ਰਜ ਸ਼ਬਦਾਵਲੀ**

ਕਵੀ ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਸੀ, ਜਿਸ ਕਾਰਣ ਉਸ ਨੇ ਬ੍ਰਜ ਭਾਸ਼ਾ ਦੇ ਲੋਕ-ਪ੍ਰਚਲਿਤ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਹੈ । ਜਿਵੇਂ :

ਉਜੀਆਰਾ, ਸਗਰਾ, ਸਰਬੰਸ, ਹਰਖ, ਹੀਅਗ, ਕਾਜ, ਕਛੋਟੀ, ਖਿਨੁ, ਛਾਜੈ ਜਰਾਇਆ, ਜੁਰੇ, ਜੁਰਿ, ਜੋਗ, ਥਕਤ, ਤਰਫ, ਟੁਕਰਾ, ਠਾਢਾ, ਠਾਢੀ, ਪਕਰਿ, ਪਠਾਏ, ਬਨਜਾਰਾ, ਬਨਮਾਲ, ਬਰਖਾਨਾ, ਬਰਨ, ਬਸ, ਬਿਆਕੁਲ, ਬਿਲਲਾਵੈ, ਬੈਰਾਗ, ਬੂਝਿ ਰਛਿਆਕਾਰੀ ਆਦਿ ।

**ਵਿਦੇਸ਼ੀ ਸ਼ਬਦਾਵਲੀ**

ਮੁਸਲਮਾਨਾਂ ਨੇ ਪੰਜਾਬ ਦੇ ਸਾਹਿਤ ਤੇ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ । ਉਹਨਾਂ ਦੀ ਭਾਸ਼ਾ ਅਰਬੀ/ਫਾਰਸੀ ਸ਼ਬਦਾਵਲੀ ਵੀ ਪੰਜਾਬੀ ਵਿਚ ਰਚ-ਮਿਚ ਗਈ ਹੈ । ਕਵੀ ਨੇ ਅਰਬੀ/ਫਾਰਸੀ ਸ਼ਬਦਾਵਲੀ ਦਾ ਵੀ ਪ੍ਰਯੋਗ ਕਿਧਰੇ ਕਿਧਰੇ ਕੀਤਾ ਹੈ । ਕੁਝ ਉਦਾਹਰਣਾਂ ਵੇਖੋ :

**ਅਰਬੀ ਸ਼ਬਦਾਵਲੀ**

ਅਮੀਨ, ਆਮਲੀ, ਸਰਾਫ, ਸਾਹਿਬ, ਸੁਲਤਾਨ, ਗੈਰ, ਗੈਰਤਿ, ਤਕਬਰੀ, ਫਤੂਹਦਾਰ ਆਦਿ ।

**ਫਾਰਸੀ ਸ਼ਬਦਾਵਲੀ**

ਸਬਜ, ਸਿਕਦਾਰ, ਕਮਾਨ, ਕਾਗਦ, ਕੁਲਾਹਿ, ਖੁਦਾਏ, ਖੁਸਖਬਰੀ, ਤਾਜ, ਤਰਕਸ, ਦਿਵਾਨਾ, ਪਾਕ, ਪਾਤਸਾਹ, ਪਿਕੰਬਰ, ਮਰਦ ਆਦਿ ।

**(11) ਮੁਹਾਵਰੇ-ਅਖਾਣ**

ਮੁਹਾਵਰੇ ਭਾਸ਼ਾ ਦੇ ਉਹ ਪ੍ਰਮਾਣਿਤ ਵਾਕ/ਵਾਕਾਂਸ਼ ਹੁੰਦੇ ਹਨ ਜਿਨ੍ਹਾਂ ਨੂੰ ਲੋਕ ਨੀਤ

ਬਣ...ਆ ਸਦੀਆਂ ਲਗ ਜਾਂਦੀਆਂ ਹਨ। ਜਿਨੀ ਭਾਸ਼ਾ ਪ੍ਰਾਚੀਨ ਤੇ ਅਮੀਰ ਹੋਵਗੀ, ਉਨੇ ਹੀ ਵੱਧ ਮੁਹਾਵਰੇ ਉਪਲਬਧ ਹੋਣਗੇ। ਕਵੀ ਆਪਣੀ ਗੱਲ ਨੂੰ ਸਰਲ, ਸਪਸ਼ਟ ਤੇ ਸੰਖਿਪਤ ਰੂਪ ਵਿਚ ਪ੍ਰਗਟ ਕਰਨ ਲਈ ਤੇ ਭਾਸ਼ਾ ਉੱਤੇ ਅਧਿਕਾਰ ਦੱਸਣ ਲਈ ਮੁਹਾਵਰਿਆਂ ਦਾ ਪ੍ਰਯੋਗ ਕਰਦਾ ਹੈ। ਪਰਚੀਕਾਰ ਨੇ ਵੀ ਸੁੰਦਰ ਮੁਹਾਵਰੇ ਵਰਤੇ ਹਨ। ਕੁਝ ਉਦਾਹਰਣਾਂ ਵੇਖੋ :

ਪੱਲੇ ਪੈਣਾ (ਪ੍ਰਾਪਤ ਹੋਣਾ)

ਮੁਕਿਤ ਪਦਰਾਥੁ ਸਹਜ ਹੀ ਤੁਮਰੈ ਪਲੈ ਪਾਇ ॥

(ਪ੍ਰੇਮ ਅੰਬੋਧ 11/9 ਦੋਹਰਾ)

ਉਧਾਰ ਕਰਨਾ (ਕਲਿਆਣ ਕਰਨਾ)

ਪਤਿਤ ਉਧਾਰਨ ਬਿਰਦੁ ਵਡਿਆਈ ॥

(ਪ੍ਰੇਮ ਅੰਬੋਧ 8/2)

ਚੁਗਲੀ ਲਾਉਣਾ (ਨਿੰਦਾ ਕਰਨਾ)

ਜਾਇ ਰਾਜਾ ਪਹਿ ਚੁਗਲੀ ਲਾਈ ॥

(ਪ੍ਰੇਮ ਅੰਬੋਧ 17/6)

ਦੀਵਾਨਾ ਹੋਣਾ (ਮਸਤ ਹੋਣਾ)

ਪ੍ਰੇਮ ਪ੍ਰਵਾਹੁ ਹੋਇ ਫਿਰਿਓ ਦਿਵਾਨਾ ॥

(ਪ੍ਰੇਮ ਅੰਬੋਧ 8/ਚੌਪਈ)

ਮੂੰਹ ਕਾਲਾ ਹੋਣਾ (ਕਲੰਕਿਤ ਹੋਣਾ)

ਚੁਗਲ ਖੋਰ ਮੁਹੁ ਕਾਲਾ ਭਇਆ ॥

(ਪ੍ਰੇਮ ਅੰਬੋਧ 22/6)

ਬਲਿਹਾਰੀ ਜਾਣਾ (ਨਿਛਾਵਰ ਹੋਣਾ)

ਹਉ ਸਦ ਬਲਿਹਾਰੀ ਹੋਵਉ ਤੋਰੇ ॥

(ਪ੍ਰੇਮ ਅੰਬੋਧ 10/1)

**ਅਖਾਣ**

ਕਵੀ ਨੇ ਕਿਧਰੇ ਕਿਧਰੇ ਆਖਾਣਾਂ ਦਾ ਵੀ ਅੱਛਾ ਪ੍ਰਯੋਗ ਕੀਤਾ ਹੈ ਜਿਵੇਂ :

ਤਿਸ ਕਾ ਮਨੁ ਚਿਤੁਹੈ ਅਤਿ ਚੰਗਾ ॥
ਤਿਸ ਕਉ ਆਹਿ ਕਠਉਤੀ ਗੰਗਾ ॥

(ਪ੍ਰੇਮ ਅੰਬੋਧ 10/6)

ਛਟੀ ਕਾ ਭੂਖਾ ਟਹਲੂਆ ਰਾਖਿਆ ਨਾਹ ਸੁਭਾਇ ॥

(ਪ੍ਰੇਮ ਅੰਬੋਧ 10/3 ਦੋਹਰਾ)

ਜਿੱਥੋਂ ਤਕ ਵਿਆਕਰਣਿਕ ਪੱਖ ਦਾ ਸੁਆਲ ਹੈ ਗ੍ਰੰਥਕਾਰ ਗੁਰਬਾਣੀ ਵਿਆਕਰਣ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਇਸ ਦੇ ਨਾਂਵ, ਪੜਨਾਂਵ, ਕ੍ਰਿਆ, ਕ੍ਰਿਆ-ਵਿਸ਼ੇਸ਼ਣ, ਕਾਰਕ ਆਦਿ ਰੂਪ ਸਾਰੇ ਗੁਰਬਾਣੀ ਦੇ ਅਨੁਸਾਰੀ ਹਨ। ਇਸੇ ਤਰ੍ਹਾਂ ਦਾ ਹੀ ਕਵੀ ਦੇ ਸ਼ਬਦ-ਜੋੜਾਂ ਉੱਤੇ ਵੀ ਗੁਰਬਾਣੀ ਵਿਆਕਰਣ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ।

ਸਮੁੱਚੇ ਤੌਰ ਤੇ ਇਸ ਗ੍ਰੰਥ ਦੀ ਭਾਸ਼ਾ ਪੰਜਾਬੀ ਹੈ ਜਿਸ ਉੱਤੇ ਬ੍ਰਜ ਦਾ ਵੀ ਪ੍ਰਭਾਵ ਹੈ। ਕਵੀ ਨੇ ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਸੰਸਕ੍ਰਿਤ ਦੀ ਤਤਸਮ ਦੇ ਤਤਭਵ, ਅਰਬੀ-ਫਾਰਸੀ ਅਤੇ ਦੇਸੀ ਸ਼ਬਦਾਵਲੀ ਦਾ ਪ੍ਰਯੋਗ ਵੀ ਕਾਫੀ ਕੀਤਾ ਹੈ। ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਕਵੀ ਨੇ ਕੋਈ ਐਸਾ ਸ਼ਬਦ ਨਹੀਂ ਵਰਤਿਆ ਜੋ ਉਸ ਸਮੇਂ ਦੀ ਲੋਕ ਬੋਲੀ ਵੇਲੇ ਪ੍ਰਚਲਤ ਨਾ ਹੋਵੇ। ਇਹੀ ਕਾਰਣ ਹੈ ਕਿ ਇਹ ਗ੍ਰੰਥ ਲਗਭਗ ਦੋ ਸਦੀਆਂ ਲੋਕਾਂ ਦੇ ਮਨ ਤੇ ਰਾਜ ਕਰਦਾ ਰਿਹਾ ਅਤੇ ਅੱਜ ਵੀ ਇਸ ਦਾ ਉਨਾ ਹੀ ਮਹੱਤਵ ਹੈ।

**(2) ਰਸ ਯੋਜਨਾ**

ਭਾਰਤੀ ਆਚਾਰੀਆਂ ਨੇ ਰਸ ਨੂੰ ਕਾਵਿ ਦਾ ਅਨਿਖੱੜਾਂ ਅੰਗ ਮੰਨਿਆ ਹੈ। ਰਸਹੀਣ ਜਾਂ ਨੀਰਸ ਕਾਵਿ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਕਵੀ ਨੇ ਭਗਤੀ ਨਾਲ ਸਬੰਧਿਤ ਇਸ ਗ੍ਰੰਥ ਦੀ ਰਚਨਾ ਕਰਦਿਆਂ ਕੁਝ ਰਸਾਂ ਨੂੰ ਵਰਣਨ ਕਰਨ ਦਾ ਸੁੰਦਰ ਉਪਰਾਲਾ ਕੀਤਾ ਹੈ। ਕੁਝ ਉਦਾਹਰਣ ਪੇਸ਼ ਹਨ :

**(ੳ) ਸ਼ਾਂਤ ਰਸ**

ਸ਼ਾਂਤ ਰਸ ਦਾ ਸਥਾਈ ਭਾਵ ਨਿਰਵੇਦ ਹੈ। ਸੰਸਾਰ ਵਿਚੋਂ ਅਤਿਅੰਤ ਨਿਰਵੇਦ ਹੋਣ ਉੱਤੇ ਜਾਂ ਤੱਤ-ਗਿਆਨ ਦੁਆਰਾ ਵੈਰਾਗ ਉਤਪੰਨ ਹੋਣ ਤੇ ਸ਼ਾਂਤ ਰਸ ਦੀ ਪ੍ਰਤੀਤੀ ਹੁੰਦੀ ਹੈ। ਕਵੀ ਨੇ ਭਗਤ ਤ੍ਰਿਲੋਚਨ ਨੂੰ ਆਤਮ-ਗਿਆਨ ਦੀ ਪ੍ਰਤੀਤੀ ਤੋਂ ਬਾਅਦ ਉਸ ਦੀ ਸਹਿਜ-ਅਵਸਥਾ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ

ਨਿਸਚਲ ਮਤਿ ਤ੍ਰਿਲੋਚਨ ਭਈ ॥
ਬੁਧਿ ਬੋਧਿ ਏਕੋ ਹੋਇ ਗਈ ॥
ਭਾਉ ਦੂਸਰਾ ਗਇਆ ਬਿਲਾਇ ॥
ਏਕੋ ਰਹਿਓ ਸਭੁ ਛਾਇ ॥
ਰਾਗੁ ਦ੍ਵੈਖ ਤਿਹ ਘਟ ਤੇ ਭਾਗਾ ॥
ਸਮਤਾ ਗਿਆਨੁ ਘਟ ਭੀਤਰਿ ਜਾਗਾ ॥

(ਪ੍ਰੇਮ ਅੰਬੋਧ 13/3)

**(ਅ) ਅਦਭੁਤ ਰਸ**

ਵਿਚਿਤਰ ਵਸਤੂ ਨੂੰ ਵੇਖਣ ਜਾਂ ਸੁਣਨ ਨਾਲ ਹੈਰਾਨਗੀ ਪੈਦਾ ਹੁੰਦੀ ਹੈ, ਉਦੋਂ ਅਦਭੁਤ ਰਸ ਦੀ ਪ੍ਰਤੀਤੀ ਹੁੰਦੀ ਹੈ। ਅਸਚਰਜ ਇਸ ਦਾ ਸਥਾਈ ਭਾਵ ਹੈ। ਗ੍ਰੰਥ ਵਿਚ ਇਸ ਰਸ ਦੇ ਕਈ ਥਾਵਾਂ ਤੇ ਦਰਸ਼ਨ ਹੁੰਦੇ ਹਨ। ਉਦਾਹਰਣ ਦੇ ਲਈ ਸੰਤ ਨਾਮਦੇਵ ਦੁਆਰਾ ਮਰੀ ਗਾਂ ਨੂੰ ਜੀਉਂਦਾ ਕਰ ਦੇਣ ਵਾਲੀ ਹੈਰਾਨਗੀ-ਪੂਰਣ ਘਟਨਾ ਦਾ ਇਸ ਪ੍ਰਕਾਰ ਵਰਣਨ ਪ੍ਰਾਪਤ ਹੁੰਦਾ ਹੈ :

ਜੀਵਾਇ ਗਊ ਤਹ ਠਾਢੀ ਕਰੀ ॥
ਸ੍ਰੀ ਨਾਰਾਇਣ ਕੇਵਲ ਹਰੀ ॥
ਤਬ ਨਾਮੈ ਨੇ ਐਸੀ ਕੀਨੀ ॥
ਬਛੁਰਾ ਛੋਡਿ ਗਊ ਦੂਹਿ ਦੀਨੀ ॥

(ਪ੍ਰੇਮ ਅੰਬੋਧ 38/4)

(ੲ) ਭਿਆਨਕ ਰਸ

ਇਸ ਦਾ ਸਥਾਈ ਭਾਵ ਭੈ ਹੈ। ਭੈ ਵਾਲੀ ਵਸਤੂ ਨੂੰ ਵੇਖਣ ਜਾਂ ਸੁਣਨ ਨਾਲ ਜਾਂ ਬਲਵਾਨ ਦੁਸ਼ਮਣ ਦੇ ਵਿਦ੍ਰੋਹ ਆਦਿ ਕਰਨ ਨਾਲ ਜਦੋਂ ਮਨ ਵਿਚ ਡਰ ਉਤਪੰਨ ਹੁੰਦਾ ਹੈ ਤਦ ਭਿਆਨਕ ਰਸ ਪੈਦਾ ਹੁੰਦਾ ਹੈ। ਗ੍ਰੰਥ ਵਿਚ ਧ੍ਰੂਅ ਭਗਤ ਦੀ ਭਗਤੀ ਨੂੰ ਖੰਡਿਤ ਕਰਨ ਲਈ ਦੈਂਤਾਂ ਆਦਿ ਦੁਆਰਾ ਭੈ-ਭੀਤ ਕਰਨ ਦੇ ਵਰਣਨ ਵਿਚ ਭਿਆਨਕ ਰਸ ਦੇ ਦਰਸ਼ਨ ਹੁੰਦੇ ਹਨ :

ਪੁਨਿ ਬਹੁ ਦੈਤ ਤਹਾ ਵੈ ਆਵੈ ॥
ਬਿਕਰਾਲ ਰੂਪੁ ਤਿਨ ਲੀਏ ਬਨਾਏ ॥
ਬਡ ਬਡ ਦਾਂਤ ਭੈਆਨਕ ਦਾਰੈ ॥
ਕਉਨ ਆਹਿ ਜੋ ਤਿਸੈ ਨਿਹਾਰੈ ॥
ਸਭੇ ਕਰਉ ਮੈ ਸਸਤਰ ਧਾਰੈ ॥
ਮਾਰਿ ਮਾਰਿ ਕਹਿ ਸਭੇ ਪੁਕਾਰੈ ॥

(ਪ੍ਰੇਮ ਅੰਬੋਧ 23/15)

ਉਪਰੋਕਤ ਰਸਾਂ ਤੋਂ ਇਲਾਵਾ ਕਵੀ ਨੇ ਪ੍ਰਸੰਗ ਅਨੁਸਾਰ ਕਰੁਣਾ, ਰੌਦਰ ਆਦਿ ਰਸਾਂ ਦਾ ਵੀ ਨਿਰੂਪਣ ਕੀਤਾ ਹੈ।

(3) ਛੰਦ ਵਿਧਾਨ

ਕਵੀ ਨੇ ਗ੍ਰੰਥ ਰਚਨਾ ਮੁੱਖ ਰੂਪ ਵਿਚ ਕੜਵਕ ਸ਼ੈਲੀ ਭਾਵ ਦੋਹਾ ਚੌਪਈ ਛੰਦਾਂ ਵਿਚ ਕੀਤੀ ਹੈ। ਇਨ੍ਹਾਂ ਛੰਦਾਂ ਤੋਂ ਇਲਾਵਾ ਉਸ ਨੇ ਕਿਧਰੇ ਕਿਧਰੇ ਸੋਰਠਾ, ਕਬਿੱਤ, ਝੂਲਣਾ ਦਾ ਵੀ ਪ੍ਰਯੋਗ ਕੀਤਾ ਹੈ ਜਿਸ ਨਾਲ ਉਸ ਦੀ ਭਾਵ-ਅਭਿਵਿਅਕਤੀ ਹੋਰ ਬਲਸ਼ਾਲੀ ਬਣ ਗਈ ਹੈ। ਕੁਝ ਉਦਾਹਰਣਾਂ ਵੇਖੋ :

ਦੋਹਰਾ

ਇਹ ਇਕ ਮਾਤ੍ਰਿਕ ਛੰਦ ਹੈ। ਇਸ ਦੇ ਲਛਣ ਦੋ ਚਰਣ, ਪ੍ਰਤਿ ਚਰਣ 24 ਮਾਤ੍ਰਾਂ, ਪਹਿਲਾ ਵਿਸ਼ਰਾਮ 13 ਉਪਰ ਤੇ ਦੂਜਾ 11 ਉਪਰ, ਅੰਤ ਗੁਰੂ ਲਘੁ ਪਰ। ਕਵੀ ਨੇ ਗ੍ਰੰਥ ਵਿਚ ਪਿੰਗਲ ਦੇ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਜਿਵੇਂ :

ਜੋਗ ਬੈਰਾਗ ਸੰਨਿਆਸ ਕਉ ਕਹਾ ਕਰਹੁ ਅਵਗਾਹਿ ॥
ਪ੍ਰੇਮ ਅਗਨਿ ਕੇ ਜਗੇ ਤੇ ਹੋਵਤ ਸਭ ਕੋ ਦਾਹ ॥

(ਪ੍ਰੇਮ ਅੰਬੋਧ 3/ਚੌਪਈ ਦਾ ਦੋਹਰਾ)

ਚੌਪਈ

ਇਹ ਇਕ ਮਾਤ੍ਰਿਕ ਛੰਦ ਹੈ। ਛੰਦ ਸ਼ਾਸਤਰ ਅਨੁਸਾਰ ਇਸ ਦੇ ਲਛਣ ਚਾਰ ਚਰਣ, ਪ੍ਰਤਿ ਚਰਨ ਪੰਦਰਾਂ ਮਾਤ੍ਰਾਂਵਾਂ, ਪਹਿਲਾ ਵਿਸ਼ਰਾਮ ਅੱਠ ਤੇ, ਦੂਜਾ ਸੱਤ ਤੇ, ਅੰਤ ਗੁਰੂ ਲਘੂ। ਪਰ ਗ੍ਰੰਥ ਵਿਚ ਇਹ ਨਿਯਮ ਹਰ ਥਾਂ ਪ੍ਰਾਪਤ ਨਹੀਂ ਹੁੰਦੇ ਜਿਵੇਂ :

ਬਿਪ੍ਰ ਤ੍ਰਿਲੋਚਨ ਪ੍ਰੀਤ ਲਗਾਈ ॥
ਸੇਵਾ ਪੂਜਾ ਤਿਸੁ ਮਨਿ ਭਾਈ ॥

ਜਾਇ ਸਰੋਵਰ ਕਰਿ ਇਸਨਾਨਾ ॥
ਸੇਵਾ ਠਾਕੁਰ ਕਰੈ ਪ੍ਰਧਾਨਾ ॥
ਧੂਪ ਦੀਪ ਨਈਵੇਦ ਚੜਾਵੈ ॥
ਮੁਰਲੀ ਘੰਟਾ ਨਾਦੁ ਵਜਾਵੈ ॥
ਧੰਨਾ ਤਹਾ ਜਾਟ ਕੋ ਬਾਲਕੁ ॥
ਤਾ ਕੇ ਨਿਕਟਿ ਗਊ ਸੁਤਾ ਚਰਾਵਕੁ ॥
ਤਾ ਕਉ ਨਾਦੁ ਕਾਨ ਤਿਸੁ ਪਰੈ ॥
ਪ੍ਰੇਮ ਕੇ ਬਸਿ ਹੋਇ ਧੀਰੁ ਨ ਧਰੈ ॥

(ਪ੍ਰੇਮ ਅੰਬੋਧ 2/1)

**ਸੋਰਠਾ**

ਇਸ ਛੰਦ ਦਾ ਪ੍ਰਯੋਗ ਗ੍ਰੰਥ ਵਿਚ ਕਿਧਰੇ ਕਿਧਰੇ ਹੋਇਆ ਹੈ । ਇਹ ਇਹ ਇਕ ਮਾਤ੍ਰਿਕ ਛੰਦ ਹੈ । ਛੰਦ ਸ਼ਾਸਤਰ ਅਨੁਸਾਰ ਇਸ ਦੇ ਲੱਛਣ ਇਸ ਪ੍ਰਕਾਰ ਹਨ-ਦੋ ਚਰਣ, ਪ੍ਰਤਿ ਚਰਣ ਦੋ ਪਾਦ, ਪਹਿਲੇ ਪਾਦ ਵਿਚ 11 ਮਾਤ੍ਰਾਵਾਂ, ਦੂਜੇ ਵਿਚ 13, ਗਿਆਰਾਂ ਮਾਤ੍ਰਾਂ ਵਾਲਾ ਵਿਸ਼੍ਰਾਮ ਲਘੁ ਅੱਖਰ ਉੱਤੇ ਅਤੇ ਤੇਰਹ ਮਾਤ੍ਰਾਵਾਂ ਦਾ ਵਿਸ਼੍ਰਾਮ ਗੁਰੂ ਅੱਖਰ ਉੱਤੇ ਅਤੇ ਤੁਕਾਂਤ ਬੇਮੇਲ । ਉਦਾਹਰਣ ਦੇ ਲਈ :

ਜਾ ਕੇ ਭੀਤਰਿ ਗਿਆਨ, ਤਾ ਕਉ ਬਿਖ ਕਹੁ ਕਿਆ ਕਰੈ ॥
ਪਰੈ ਜੋ ਲੋਨ ਕੀ ਖਾਨ, ਜੋ ਤਉ ਲੋਨ ਹੀ ਹੋਇ ਰਹੈ ॥

(ਪ੍ਰੇਮ ਅੰਬੋਧ 27/1/7)

**ਕਬਿੱਤ**

ਕਵੀ ਨੇ ਗ੍ਰੰਥ ਵਿਚ ਕੇਵਲ ਇਕ ਹੀ ਕਬਿੱਤ 'ਪਰਚੀ ਪੀਪਾ ਜੀ ਕੀ' ਵਿਚ ਲਿਖਿਆ ਹੈ । ਛੰਦ ਸ਼ਾਸਤਰ ਅਨੁਸਾਰ ਇਸ ਦੇ ਲਛਣ ਇਸ ਪ੍ਰਕਾਰ ਹਨ-ਚਾਰ ਚਰਣ, ਪ੍ਰਤਿ ਚਰਣ 31 ਅੱਖਰ, ਤਿੰਨ ਵਿਸ਼੍ਰਾਮ ਅੱਠ ਅੱਠ ਵਰਣਾਂ ਉੱਤੇ, ਚੌਥਾ ਸੱਤ ਉੱਤੇ, ਅੰਤ ਗੁਰੂ । ਉਦਾਹਰਣ ਪੇਸ਼ ਹੈ :

ਜੋਗ ਭੋਗ ਡਾਰਿ ਦੀਏ ਹਾਨ ਲਾਭ ਸਮ ਕੀਏ
ਗਿਆਨ ਧਿਆਨ ਦੋਊ ਲੀਏ ਮਨ ਕੇ ਕਮੰਦ ਹੈ ।
ਦੁਖੁ ਕੋ ਪ੍ਰਵੇਸੁ ਕਰਾ ਦੁਏਖ ਕੋਨ ਲੇਸੁ ਜਹਾ
ਰਾਗ ਭਾਗਿ ਗਇਓ ਤਿਸ ਤੇ ਪੂਰਨ ਆਨੰਦੁ ਹੈ ॥
ਜੋਗੀ ਨ ਬੇਰਾਗੀ ਸੰਨਿਆਸੀ ਬ੍ਰਹਮਚਾਰੀ
ਨਹੀ ਕਾਹੂ ਕੋ ਨਿ ਅਭਿਮਾਨੁ ਬੈਸਨਰੋ ਮਨਿੰਦ ਹੈ ॥
ਕਹਾ ਰੇ ਤੈ ਜਾਨੀ ਬਰ ਦੇਹਾ ਅਭਿਮਾਨੀ
ਨਰ ਰੂਪ ਨਾਮ ਗੁਨ ਤੇ ਨਿਆਰੇ ਰਾਮਾਨੰਦ ਹੈ ॥

(ਪ੍ਰੇਮ ਅੰਬੋਧ 12/1/9)

**ਝੂਲਣਾ**

ਗ੍ਰੰਥ ਵਿਚ ਕੇਵਲ ਦੋ ਹੀ ਝੂਲਣਿਆਂ ਦਾ ਪ੍ਰਯੋਗ 'ਪਰਚੀ ਸਧਨੇ ਜੀ ਕੀ' ਵਿਚ

ਹੋਇਆ ਹੈ। ਇਸ ਦੇ ਲਛਣ-ਚਾਰ ਚਰਣ, ਪ੍ਰਤਿ ਚਰਣ ਅੱਠ ਯਗਣ। ਉਦਾਹਰਣ ਪੇਸ਼ ਹੈ।

ਬੇਰੰਗ ਨੇਰੰਗ ਅਨੂਪ ਕੀ ਏਕ ਹੂੰ
ਕਾਲਾ ਹੈ ਕਹੂੰ ਪੀਲਾ ਹੈ ॥
ਵਹ ਏਕ ਹੀ ਹੈ ਤੂੰ ਭੇਦ ਬਿਨਾ
ਧਰੈ ਭੇਦ ਅਨੇਕ ਸਿਉ ਲੀਲਾ ਹੈ ॥
ਯਹ ਪੁਰਖ ਪ੍ਰਕਿਰਤ ਕੋ ਖੇਲੁ ਧਰਾ
ਬੇਸੰਗ ਨੇਸੰਗੁ ਸੰਗੀਲਾ ਹੈ ॥
ਸੁਧਿ ਬੁਧਿ ਸਿਉ ਆਪੁ ਬੀਚਾਰੀਐ ਜੀ
ਬੇਰੰਗ ਹੀ ਰੰਗ ਰੰਗੀਲਾ ਹੈ ॥

(ਪ੍ਰੇਮ ਅੰਬੋਧ 29/11)

ਕਵੀ ਨੇ ਛੰਦ ਦੇ ਸ਼ਾਸਤਰੀ ਨਿਯਮਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤਾ ਇਸ ਬਾਰੇ ਉਸ ਨੇ ਆਪ ਖਿਮਾਂ ਜਾਚਨਾ ਵੀ ਕੀਤੀ ਹੈ :

ਬਰਨ ਮਾਤ੍ਰਾ ਹੀਨ ਜਉ ਹੋਈ ॥
ਦੁਏਖ ਦਰਸ ਕਰਿ ਭਜਉ ਨ ਕੋਈ ॥
ਕਰਿ ਕਿਰਪਾ ਅਨੁਗ੍ਰਹੁ ਕਰਾਉ ॥
ਬਰਨ ਮਾਤ੍ਰਾ ਬਨਾਇ ਤਹ ਧਰਉ ॥

(ਪ੍ਰੇਮ ਅੰਬੋਧ ਚੌਪਈ/16)

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਛੰਦਾਂ ਦਾ ਪ੍ਰਯੋਗ ਸਹਜ ਤੇ ਸੁਭਾਵਿਕ ਢੰਗ ਨਾਲ ਕੀਤਾ ਹੈ ਜਿਸ ਨਾਲ ਉਸ ਦੀ ਅਭਿਵਿਅੰਜਨਾ ਸ਼ਕਤੀ ਪ੍ਰਭਾਵਸ਼ਾਲੀ ਬਣ ਗਈ ਹੈ।

(4) **ਅਲੰਕਾਰ ਯੋਜਨਾ**

ਅਲੰਕਾਰਾਂ ਦਾ ਪ੍ਰਯੋਗ ਕਾਵਿ ਦੀ ਸੁੰਦਰਤਾ ਨੂੰ ਵਧਾਉਣ ਦੇ ਲਈ ਕੀਤਾ ਜਾਂਦਾ ਹੈ। ਕਵੀ ਨੇ ਮੱਧਕਾਲੀਨ ਸੰਤਾਂ-ਭਗਤਾਂ ਦੀ ਤਰ੍ਹਾਂ ਅਲੰਕਾਰਾਂ ਦਾ ਪ੍ਰਯੋਗ ਕਾਵਿ ਵਿਚ ਚਮਤਕਾਰ ਪ੍ਰਦਰਸ਼ਨ ਕਰਨ ਲਈ ਨਹੀਂ ਕੀਤਾ ਸਗੋਂ ਆਪਣੀ ਅਭਿਵਿਅਕਤੀ ਦੇ ਲਈ ਸਹਜ ਅਤੇ ਸੁਭਾਵਿਕ ਰੂਪ ਵਿਚ ਪ੍ਰਯੋਗ ਕੀਤਾ ਹੈ। ਉਸ ਨੇ ਤਾਂ ਸਰਲ ਢੰਗ ਨਾਲ ਸੰਤਾਂ ਦਾ ਜੀਵਨ ਪਰਿਚਯ ਲਿਖਦੇ ਸਮੇਂ ਜਾਂ ਆਪਣੇ ਵਿਚਾਰਾਂ ਦੀ ਪੁਸ਼ਟੀ ਜਾਂ ਉਹਨਾਂ ਨੂੰ ਹੋਰ ਪ੍ਰਭਾਵਪੂਰਣ ਬਣਾਉਣ ਦੇ ਲਈ ਜਿਧਰੇ ਕਿਧਰੇ ਕਿਸੀ ਪ੍ਰਕਾਰ ਦੀ ਤੁਲਨਾ, ਵਿਸ਼ੇਸ਼ਤਾ ਜਾਂ ਅੰਤਰ ਵਿਖਾਇਆ ਹੈ-ਉੱਥੇ ਆਪਣੇ ਆਪ ਕੋਈ ਅਲੰਕਾਰ ਸਪਸ਼ਟ ਹੋ ਗਿਆ ਹੈ। ਗ੍ਰੰਥ ਵਿਚ ਵਰਣਿਤ ਸ਼ਬਦ-ਅਲੰਕਾਰਾਂ ਅਤੇ ਅਰਥ-ਅਲੰਕਾਰਾਂ ਦੇ ਕੁਝ ਉਦਾਹਰਣ ਪੇਸ਼ ਹਨ :

**ਛੇਕਾਨੁਪ੍ਰਾਸ**

ਪ੍ਰੇਮ ਪ੍ਰਤੀਤ ਜਬਹਿ ਮਨਿ ਆਵੈ ॥

(ਪ੍ਰੇਮ ਅੰਬੋਧ 4/ਚੌਪਈ)

ਸਾਹਿਬੁ ਸੇਵਕ ਤਾਤ ਅਰੁ ਮਾਤ ॥

(ਪ੍ਰੇਮ ਅੰਬੋਧ 10/ਚੌਪਈ)

ਵ੍ਰਿਤਯਾਨੁਪ੍ਰਾਸ

ਤਨਨਾ ਬੁਨਨਾ ਤਿਨ ਨੈ ਤਿਆਗਾ ॥

(ਪ੍ਰੇਮ ਅੰਬੋਧ 2/1)

ਅਗਮ ਅਗੋਚਰ ਅਲਖ ਅਪਾਰ ॥

(ਪ੍ਰੇਮ ਅੰਬੋਧ 12/4)

ਯਮਕ

ਜਬਹਿ ਬੁਧਿ ਮਹਿ ਪ੍ਰੇਮ ਬਸਾਈ ॥
ਹੋਇ ਸੁਬੁਧਿ ਬੁਧਿ ਬਉਰਾਈ ॥

(ਪ੍ਰੇਮ ਅੰਬੋਧ 3/ਚੌਪਈ)

ਪੁਨਰ-ਉਕਤੀ

ਅਤੀਤ ਅਤੀਤ ਪਹਿ ਪੂਛਹਿ ਜਾਇ ॥

(ਪ੍ਰੇਮ ਅੰਬੋਧ 1/1)

ਵੀਪਸਾ

ਮੈ ਬਾਲਕ ਤੂ ਠਾਕੁਰ ਮੇਰਾ ॥
ਜਨਮ ਜਨਮ ਮੈ ਸੇਵਕੁ ਤੇਰਾ ॥

(ਪ੍ਰੇਮ ਅੰਬੋਧ 3/2)

ਉਪਮਾ

ਕਮਲ ਨੈਨ ਸੁੰਦਰ ਉਜੀਆਰੇ ॥

(ਪ੍ਰੇਮ ਅੰਬੋਧ 13/2)

ਚਰਨ ਕਮਲ ਬੰਧਨ ਜਗ ਸਾਰੇ ॥

(ਪ੍ਰੇਮ ਅੰਬੋਧ 15/2)

ਰੂਪਕ

ਪ੍ਰੇਮ ਭਾਨੁ ਜਿਹ ਘਟ ਪਰਗਾਸੈ ॥
ਅਗਿਆਨੁ ਤਿਮਰ ਖਿਨ ਮਾਹਿ ਬਿਨਾਸੈ ॥

(ਪ੍ਰੇਮ ਅੰਬੋਧ 4/ਚੌਪਈ)

ਉਲੇਖ

ਪ੍ਰੀਤਮ ਨਿਰੰਕਾਰ ਨਿਰਬਾਨੁ ॥
ਅਜ ਅਕ੍ਰੀ ਨਿਰਗੁਨ ਪ੍ਰਗਿਆਨ ॥

(ਪ੍ਰੇਮ ਅੰਬੋਧ 8/1)

ਉਤਪ੍ਰੇਖਿਆ

ਲੇ ਕੇਸਰ ਹਰਿ ਟੀਕਾ ਧਾਰਾ ॥
ਮਸਤਕ ਮਾਨੋ ਭਾਨ ਉਜੀਆਰਾ ॥

(ਪ੍ਰੇਮ ਅੰਬੋਧ 6/3)

ਕਵੀ ਨੇ ਗ੍ਰੰਥ ਵਿਚ ਅਲੰਕਾਰਾਂ ਦਾ ਪ੍ਰਯੋਗ ਬੜੇ ਸਹਿਜ ਤੇ ਸੁਭਾਵਿਕ ਢੰਗ ਨਾਲ ਕੀਤਾ ਹੈ। ਇਸ ਸਹਿਜ ਤੇ ਸੁਭਾਵਿਕ ਪ੍ਰਯੋਗ ਨਾਲ ਉਸ ਦੀ ਰਚਨਾ ਵਿਚ ਹੋਰ ਕਲਾਤਮਕ ਸੁੰਦਰਤਾ ਤੇ ਅਰਥ-ਸੁੰਦਰਤਾ ਵਧੀ ਹੈ।

**(5) ਪੌਰਾਣਿਕ ਸੰਦਰਭ**

ਕਵੀ ਨੇ ਭਾਰਤੀ ਚਿੰਤਨਧਾਰਾ ਤੋਂ ਹੀ ਸਭ ਕੁਝ ਗ੍ਰਹਿਣ ਕੀਤਾ ਹੈ। ਉਸ ਨੇ ਆਪਣੀ ਰਚਨਾ ਵਿਚ ਆਪਣੀ ਗੱਲ ਨੂੰ ਹੋਰ ਸਪਸ਼ਟ ਕਰਨ ਦੇ ਲਈ ਪੌਰਾਣਿਕ ਅਤੇ ਹੋਰ ਧਾਰਮਕ ਪਰੰਪਰਾਵਾਂ ਵਿਚ ਆਏ ਪ੍ਰਤੀਕਾਂ-ਸੰਕੇਤਾਂ ਦਾ ਵੀ ਪ੍ਰਯੋਗ ਕੀਤਾ ਹੈ। ਭਾਰਤੀ ਜੀਵਨ-ਧਾਰਾ ਵਿਚ ਇਹ ਪੌਰਾਣਿਕ ਕਥਾਵਾਂ ਇਸ ਤਰ੍ਹਾਂ ਸਮਾਈਆਂ ਹੋਈਆਂ ਹਨ ਕਿ ਹਰੇਕ ਭਾਰਤੀ ਨੂੰ ਉਸ ਦਾ ਗਿਆਨ ਹੈ। ਕਵੀ ਨੇ ਇਨ੍ਹਾਂ ਕਥਾਵਾਂ ਦਾ ਵਰਣਨ ਤਾਂ ਨਹੀਂ ਕੀਤਾ ਸਗੋਂ ਸੰਕੇਤ ਨਾਲ ਹੀ ਇਕ ਲੰਮੀ ਗੱਲ ਨੂੰ ਸਪਸ਼ਟ ਕਰ ਦਿੱਤਾ ਹੈ।

**(ੳ) ਪੌਰਾਣਿਕ ਪ੍ਰਤੀਕ**

ਕਵੀ ਨੇ ਗ੍ਰੰਥ ਵਿਚ ਜਮ, ਧਰਮਰਾਇ, ਹਰਿ ਚੰਦਉਰੀ ਨਗਰ ਆਦਿ ਪੌਰਾਣਿਕ ਪ੍ਰਤੀਕਾਂ ਨੂੰ ਅੰਕਿਤ ਕੀਤਾ ਹੈ। ਉਦਾਹਰਣ ਦੇ ਲਈ :

**ਜਮ** : ਲਖ ਚਉਰਾਸੀਹ ਭਰਮਈ ਸਹੈ ਜਮੁ ਦੂਤਨ ਕੀ ਸਾਟ ॥
(ਪ੍ਰੇਮ ਅੰਬੋਧ 12/2 ਦੋਹਰਾ)

**ਧਰਮਰਾਇ** : ਜਬ ਧਰਮਰਾਇ ਇਹੁ ਲੇਖਾ ਲੇਵੈ।
(ਪ੍ਰੇਮ ਅੰਬੋਧ 6/9)

**(ਅ) ਮੁਕਤੀ ਪ੍ਰਾਪਤ ਭਗਤਾਂ ਦੇ ਸੰਕੇਤ**

ਕਵੀ ਨੇ ਸੁਦਾਮਾ, ਭੀਲਨੀ, ਬਿਦਰ ਆਦਿ ਦਾ ਸੰਕੇਤਕ ਰੂਪ ਵਿਚ ਵਰਣਨ ਕਰਕੇ ਪ੍ਰਭੂ ਪ੍ਰੇਮ-ਭਗਤੀ ਉੱਤੇ ਜੋਰ ਦਿਤਾ ਹੈ। ਉਦਾਹਰਣ ਦੇ ਲਈ :

**ਸੁਦਾਮਾ** : ਬਿਪ ਕੇ ਤਦੁੰਲ ਨੀਕੇ ਜਾਨੇ ॥
(ਪ੍ਰੇਮ ਅੰਬੋਧ 10/2)

**ਭੀਲਨੀ** : ਬੇਰ ਭੀਲਨੀ ਕੇ ਮੀਠੇ ਲਗਾਨੇ ॥
(ਪ੍ਰੇਮ ਅੰਬੋਧ 10/2)

**(6) ਪ੍ਰਤੀਕਾਤਮਕ ਸ਼ਬਦ**

ਅਧਿਆਤਮਕ ਖੇਤਰ ਵਿਚ ਪ੍ਰਤੀਕਾਤਮਕ ਸ਼ਬਦਾਂ ਦਾ ਵੀ ਵਿਸ਼ੇਸ਼ ਮਹੱਤਵ ਹੈ। ਕਵੀ ਨੇ ਪ੍ਰੇਮਾ ਭਗਤੀ ਨੂੰ ਹੋਰ ਮਨੋਹਰ ਬਣਾਉਣ ਦੇ ਲਈ ਕੁਝ ਪ੍ਰਤੀਕਾਤਮਕ ਸ਼ਬਦ ਜਿਵੇਂ ਪਰਮਾਤਮਾ ਲਈ ਬਾਜੀਗਰ, ਵਣਜਾਰਾ, ਪ੍ਰੇਮ ਲਈ ਵਿਉਪਾਰ, ਸਮੁੰਦਰ, ਗਿਆਨ ਦੇ ਲਈ ਸੂਰਜ ਆਦਿ ਦਾ ਪ੍ਰਯੋਗ ਕੀਤਾ ਹੈ। ਕੁਝ ਉਦਾਹਰਣਾਂ ਪੇਸ਼ ਹਨ :

**ਪਰਮਾਤਮਾ ਲਈ**

**ਬਾਜੀਗਰ** : ਬਾਜੀਗਰ ਕੇ ਖੇਲ ਸੋ ਖੇਲੈ ਅਪੁਨੇ ਭਾਇ ॥
(ਪ੍ਰੇਮ ਅੰਬੋਧ 21/16) ਦੋਹਰਾ)

**ਵਣਜਾਰਾ** : ਬਨਜਾਰੇ ਕਾ ਰੂਪ ਬਨਾਵਾ ॥

(ਪ੍ਰੇਮ ਅੰਬੋਧ ੪/1)

**ਪ੍ਰੇਮ ਦੇ ਲਈ**

**ਵਿਉਪਰ** : ਪ੍ਰੇਮ ਬਨਜ ਤੋਟਾ ਨਹੀ ਜੇ ਕਰਿ ਜਾਨੇ ਕੋਈ ॥

(ਪ੍ਰੇਮ ਅੰਬੋਧ 2/5 ਦੋਹਰਾ)

**ਸਮੁੰਦਰ** : ਪ੍ਰੇਮ ਮਹੋਦਧ ਪੈਠ ਕੇ ਪਾਇਓ ਰੂਪ ਅਥਾਹ ॥

(ਪ੍ਰੇਮ ਅੰਬੋਧ 8/4 ਦੋਹਰਾ)

**ਅਗਿਆਨ ਦੇ ਲਈ**

**ਫੂਸ** : ਅਗਿਆਨ ਫੂਸ ਤਉ ਮੂਲਿ ਨ ਰਹੈ ॥

(ਪ੍ਰੇਮ ਅੰਬੋਧ 3/4 ਚੌਪਈ)

**ਪੱਤੇ** : ਅਗਿਆਨ ਪਾਨ ਜਿਉ ਸਭ ਉਡਿ ਜਾਈ ॥

(ਪ੍ਰੇਮ ਅੰਬੋਧ 4/ਚੌਪਈ)

**ਸਾਗਰ** : ਸੰਸਾਰ ਸਾਗਰ ਮਹਿ ਸਾਧਜਨ ਕਵਲਨ ਜਿਉ ਪਰਗਾਸ ॥

**ਕਵੀ ਦੀ** ਇਹਨਾਂ ਪ੍ਰਤੀਕਾਤਮਕ ਸ਼ਬਦਾਂ ਦੁਆਰਾ ਭਾਵ-ਅਭਿਵਿਅੰਜਨਾ ਹੋਰ ਸੁੰਦਰ ਬਣ ਗਈ ਹੈ ।

## (7) ਸ਼ੈਲੀ

ਕਵੀ ਨੇ ਗ੍ਰੰਥ ਦੀ ਰਚਨਾ ਦੋਹਾ-ਚੌਪਈ ਸ਼ੈਲੀ ਵਿਚ ਕੀਤੀ ਹੈ। ਉਸ ਨੇ ਆਪਣੇ ਭਾਵਾਂ ਨੂੰ ਹੋਰ ਮਨੋਹਰ ਅਤੇ ਸੁੰਦਰ ਰੂਪ ਵਿਚ ਪ੍ਰਗਟ ਕਰਨ ਦੇ ਲਈ ਕਿਧਰੇ ਕਿਧਰੇ ਵਿਆਖਿਆਤਮਿਕ ਸ਼ੈਲੀ, ਵਰਣਨਾਤਮਕ ਸ਼ੈਲੀ, ਦਾਰਸ਼ਨਿਕ ਸੈਲੀ, ਪ੍ਰਸ਼ਨੋਤਰੀ ਸ਼ੈਲੀ, ਸੰਬੋਧਨ ਸ਼ੈਲੀ ਆਦਿ ਦਾ ਪ੍ਰਯੋਗ ਕੀਤਾ ਹੈ। ਇਹਨਾਂ ਸ਼ੈਲੀਆਂ ਵਿਚ ਗੰਭੀਰ ਭਾਵ ਅਤੇ ਪਾਤਰਾਂ, ਵਿਚਾਰਾਂ ਤੇ ਵਿਸ਼ੇ ਦੀ ਅਨੁਕੂਲਤਾ ਆਦਿ ਗੁਣ ਪ੍ਰਾਪਤ ਹੁੰਦੇ ਹਨ। ਗ੍ਰੰਥ ਵਿਚ ਪ੍ਰਯੋਗ ਹੋਈਆਂ ਸ਼ੈਲੀਆਂ ਦੇ ਕੁਝ ਉਦਾਹਰਣ ਇਸ ਪ੍ਰਕਾਰ ਹਨ :

### ਵਿਆਖਿਆਤਮਿਕ ਸ਼ੈਲੀ

ਇਸ ਸੈਲੀ ਦੇ ਗ੍ਰੰਥ ਵਿਚ ਕਈ ਥਾਵਾਂ ਤੇ ਦਰਸ਼ਨ ਹੁੰਦੇ ਹਨ। ਕਵੀ ਨੇ ਪਰਮਾਤਮਾ ਦੀਆਂ ਅਨੰਤ ਸ਼ਕਤੀਆਂ ਦਾ ਵਰਣਨ ਇਸ ਸ਼ੈਲੀ ਵਿਚ ਇਸ ਪ੍ਰਕਾਰ ਕੀਤਾ ਹੈ :

ਇਹ ਮਾਇਆ ਠਾਕੁਰ ਕੀ ਜਾਪੈ ॥
ਜੋ ਅਨਿਕ ਭਾਤਿ ਉਹ ਥਾਪਿ ਉਥਾਪੈ ॥
ਖਿਨ ਮਹਿ ਤੀਨ ਭਵਨ ਉਪਜਾਵੈ ॥
ਖਿਨ ਮਹਿ ਕੋਟਿ ਕਲਪ ਬੀਤਾਵੈ ॥
ਖਿਨ ਮਹਿ ਨਿਰੰਕਾਰੁ ਨਿਰਬਾਨੁ ॥
ਖਿਨ ਮਹਿ ਸਕਲ ਬਿਕਾਰ ਉਪਾਨ ॥

(ਪ੍ਰੇਮ ਅੰਬੋਧ 55/9)

**ਵਰਣਾਤਮਕ ਸ਼ੈਲੀ**

ਸੰਤਾਂ ਭਗਤਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਾ ਵਰਣਨ ਗ੍ਰੰਥ ਵਿਚ ਇਸ ਸ਼ੈਲੀ ਵਿਚ ਹੋਇਆ ਹੈ। ਉਦਾਹਰਣ ਦੇ ਲਈ ਕਵੀ ਨੇ ਸੰਤ ਕਬੀਰ ਦੁਆਰਾ ਬੁਲਾਏ ਬ੍ਰਹਮ ਭੋਜ ਦਾ ਵਰਣਨ ਇਸ ਪ੍ਰਕਾਰ ਕੀਤਾ ਹੈ :

ਮਿਸ ਮਹੋਛੇ ਸਾਧ ਬੁਲਾਵੈ ॥
ਸਤ ਸਹੰਸ ਲਖ ਜੁਰਿ ਆਵੈ ॥

... ... ... ... ...

ਦੇਸ ਦੇਸ ਕਉ ਦੀਨ ਪਠਾਏ ॥
ਬਹੁਤ ਮਹੰਤ ਅਤੀਤ ਬੁਲਾਏ ॥
ਜੁਰਿ ਆਏ ਬਹੁ ਵਾਹੀ ਬੇਰਾ ॥
ਆਇ ਕਬੀਰ ਦੁਆਰ ਘੇਰਾ ॥

(ਪ੍ਰੇਮ ਅੰਬੋਧ 7/1)

**ਪ੍ਰਸ਼ਨੋਤਰੀ ਸ਼ੈਲੀ**

ਇਸ ਸ਼ੈਲੀ ਦਾ ਪ੍ਰਯੋਗ ਗ੍ਰੰਥ ਵਿਚ ਕੁਝ ਹੀ ਥਾਂਵਾਂ ਤੇ ਹੋਇਆ ਹੈ। 'ਪਰਚੀ ਸੁਖਦੇਵ ਜੀ ਕੀ' ਵਿਚ ਸੁਕਦੇਵ ਅਤੇ ਉਸ ਦੇ ਪਿਤਾ ਵਿਆਸ ਦਾ ਗਿਆਨ ਪ੍ਰਾਪਤੀ ਦੇ ਸਬੰਧ ਵਿਚ ਵਰਣਨ ਇਸ ਸ਼ੈਲੀ ਵਿਚ ਹੋਇਆ ਹੈ :

**ਵਿਆਸ ਦੁਆਰਾ ਪੁਛਣਾ**

ਕਾਹੇ ਪੁਤ੍ਰ ਤੂੰ ਬਨ ਕਉ ਜਾਹੀ ॥
ਤੁਮ ਗਿਆਨ ਦ੍ਰਿੜਾਵਹਿ ਘਰ ਹੀ ਮਾਹੀ ॥

(ਪ੍ਰੇਮ ਅੰਬੋਧ 12/12)

**ਸੁਕਦੇਵ ਦੁਆਰਾ ਉੱਤਰ**

ਕਾਂ ਕੋ ਬਾਪ ਅਰੁ ਮਾਇ ਕੋ ਸੁਤੁ ਆਹਿ ॥
ਕਰਮ ਬੰਧਨੁ ਜਗੁ ਬਾਧਿਓ ਗਿਆਨ ਸਿਉ ਕਟਤ ਨ ਤਾਹਿ ॥

(ਪ੍ਰੇਮ ਅੰਬੋਧ 12/13 ਦੋਹਰਾ)

**ਸੰਬੋਧਨ ਸ਼ੈਲੀ**

ਗ੍ਰੰਥ ਵਿਚ ਇਸ ਸ਼ੈਲੀ ਦਾ ਪ੍ਰਯੋਗ ਕਿਧਰੇ ਕਿਧਰੇ ਹੋਇਆ ਮਿਲਦਾ ਹੈ। ਕੁਝ ਉਦਾਹਰਣਾਂ ਪੇਸ਼ ਹਨ :

ਸੈਨ ਨਾਈ ਕਾ ਸੁਨਿ ਇਤਿਹਾਸੁ ॥
ਜਿਸ ਤਿਸੁ ਪ੍ਰੇਮ ਭਇਓ ਪਰਗਾਸੁ ॥

(ਪ੍ਰੇਮ ਅੰਬੋਧ 10/1)

ਅਬ ਸਧਨਾ ਜੀ ਕੀ ਕਥਾ ਸੁਹਾਈ ॥
ਤੁਮਹਿ ਸੁਨਾਵਉ ਹਿਤੁ ਚਿਤੁ ਲਾਈ ॥

(ਪ੍ਰੇਮ ਅੰਬੋਧ 11/1)

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਕਵੀ ਨੇ ਭਾਸ਼ਾ, ਰਸ, ਛੰਦ, ਅਲੰਕਾਰ ਮੁਹਾਵਰੇ-ਅਖਾਣ, ਪੌਰਾਣਿਕ ਸੰਦਰਭ, ਪ੍ਰਤੀਕਾਤਮਕ ਸ਼ਬਦ ਅਤੇ ਸ਼ੈਲੀ ਦਾ ਪ੍ਰਯੋਗ ਭਾਵਾਂ ਦੀ ਸੁੰਦਰਤਾ ਤੇ ਅਰਥਾਂ ਦੀ ਭਰਪੂਰਤਾ ਨੂੰ ਬਣਾਉਣ ਦੇ ਲਈ ਸਾਰਥਕ ਰੂਪ ਵਿਚ ਕੀਤਾ ਹੈ। ਕਲਾ ਪੱਖ ਦੀ ਦ੍ਰਿਸ਼ਟੀ ਤੋਂ ਇਹ ਕਾਵਿ ਗ੍ਰੰਥ ਆਪਣਾ ਵਿਸ਼ੇਸ਼ ਮਹੱਤਵ ਰਖਦਾ ਹੈ।

**ਸੰਪਾਦਨ ਵਿਧੀ**

'ਪ੍ਰੇਮ ਅੰਬੋਧ' ਗ੍ਰੰਥ ਦਾ ਸੰਪਾਦਨ ਕਰਨ ਸਮੇਂ ਤਿੰਨ ਹੱਥ-ਲਿਖਤ ਪ੍ਰਤੀਆਂ ਦਾ ਆਧਾਰ ਬਣਾਇਆ ਗਿਆ ਹੈ ਜਿਸ ਬਾਰੇ ਵੇਰਵਾ ਇਸ ਪ੍ਰਕਾਰ ਹੈ :

**ਪ੍ਰੇਮ ਅੰਬੋਧ ਗ੍ਰੰਥ ਪੋਥੀ 'ੳ'**

'ਪ੍ਰੇਮ ਅੰਬੋਧ' ਗ੍ਰੰਥ ਪੋਥੀ 'ੳ' ਦੀ ਹੱਥ-ਲਿਖਤ ਪ੍ਰਤੀ ਗੁਰੂ ਨਾਨਕ ਦੇਵ ਯੂਨੀਵਰ-ਸਿਟੀ, ਅੰਮ੍ਰਿਤਸਰ ਵਿਚ ਕ੍ਰਮਾਂਕ 810 ਤੇ ਮੌਜੂਦ ਹੈ। ਇਹ ਪੋਥੀ ਹੁਣ ਤਕ ਦੀਆਂ ਪ੍ਰਾਪਤ ਸਾਰੀਆਂ ਪੋਥੀਆਂ ਤੋਂ ਪ੍ਰਾਚੀਨ ਹੈ ਜੋ ਕਿ ਸੰਮਤ 1753 ਬ੍ਰਿ. ਦੀ ਹੱਥ-ਲਿਖਤ ਹੈ। ਇਸ ਲਈ ਇਸ ਨੂੰ ਹੀ ਮੂਲ ਆਧਾਰ ਬਣਾਇਆ ਗਿਆ ਹੈ। ਇਸ ਹੱਥ-ਲਿਖਤ ਦਾ ਆਕਾਰ $8\frac{1}{3}$' × $5\frac{2}{3}$' ਹੈ ਅਤੇ ਲਿਖਾਈ ਦਾ ਆਕਾਰ $7\frac{1}{3}$'' × $4\frac{1}{3}$'' ਹੈ। ਇਸ ਦੇ ਕੁੱਲ ਪੱਤਰੇ 201 ਹਨ ਭਾਵ ਇਸ ਦੇ 402 ਪੰਨੇ ਹਨ। ਇਕ ਪੰਕਤੀ ਵਿਚ ਲਗਭਗ 6 ਸ਼ਬਦ ਹਨ ਅਤੇ ਹਰੇਕ ਪੰਨੇ ਦੀਆਂ 16 ਪੰਕਤੀਆਂ ਹਨ। ਇਸ ਪੋਥੀ ਦੀ ਲਿਖਾਈ ਸਾਫ਼ ਤੇ ਸੋਹਣੀ ਹੈ। ਹਾਸ਼ੀਆ ਰੰਗੀਨ ਲਕੀਰਾਂ ਵਾਲਾ ਹੈ। ਪੁਸਤਕ ਸਜਿਲਦ ਹੈ ਤੇ ਚੰਗੀ ਹਾਲਤ ਵਿਚ ਹੈ। ਇਸ ਗ੍ਰੰਥ ਤੋਂ ਬਾਅਦ ਬਾਣੀ ਭਾਈ ਗੁਰਦਾਸ ਭੱਲੇ ਦੀ ਵੀ ਦਰਜ ਹੈ। ਸੰਪਾਦਨ ਕਾਰਜ ਲਈ ਇਹ ਮੂਲ ਆਧਾਰ ਖਰੜਾ ਲਿਆ ਹੈ।

**ਪ੍ਰੇਮ ਅੰਬੋਧ ਗ੍ਰੰਥ ਪੋਥੀ 'ਅ'**

ਇਸ ਪੋਥੀ ਨੂੰ ਸੰਪਾਦਨ ਕਰਦੇ ਸਮੇਂ ਨੰਬਰ ਦੋ ਤੇ ਰਖਿਆ ਗਿਆ ਹੈ। ਇਹ ਪੋਥੀ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਦੇ ਕ੍ਰਮਾਂਕ 2565 ਤੇ ਪ੍ਰਾਪਤ ਹੈ। ਇਸ ਦਾ ਉਤਾਰਾ ਨਿਹਾਲ ਸਿੰਘ ਨੇਹਰਨੇ ਨੇ ਧਰਮਪੁਰਾ ਸਥਾਨ ਉੱਤੇ ਮਾਘ ਵਦੀ ਇਕ ਐਤਵਾਰ, ਲੋਹੜੀ ਵਾਲੇ ਦਿਨ ਸੰਮਤ 1886 ਬ੍ਰਿ. ਵਿਚ ਕੀਤਾ ਹੈ। ਇਸ ਦਾ ਆਕਾਰ $6\frac{1}{2}$''×5'' ਹੈ ਅਤੇ ਲਿਖਾਈ 5''×3'' ਹੈ। ਇਸ ਦੇ 198 ਪਤਰੇ ਹਨ ਭਾਵ 396 ਪੰਨੇ ਹਨ। ਹਰੇਕ ਪੰਕਤੀ ਵਿਚ ਲਗਭਗ 11 ਸ਼ਬਦ ਹਨ ਅਤੇ ਹਰੇਕ ਪੰਨੇ ਦੀਆਂ ਲਗਭਗ 9 ਪੰਕਤੀਆਂ ਹਨ। ਲਿਖਾਈ ਸਾਫ ਤੇ ਸੁੰਦਰ ਹੈ। ਰੰਗੀਨ ਲਕੀਰਾਂ ਵਾਲਾ ਹਾਸ਼ੀਆ ਹੈ। ਪੋਥੀ ਜਿਲਦ ਵਾਲੀ ਹੈ ਅਤੇ ਵਧੀਆ ਹਾਲਤ ਵਿਚ ਹੈ।

**ਪ੍ਰੇਮ ਅੰਬੋਧ ਗ੍ਰੰਥ ਪੋਥੀ ੲ'**

ਇਸ ਪੋਥੀ ਨੂੰ ਨੰਬਰ ਤਿੰਨ ਤੇ ਕਾਲਕ੍ਰਮ ਅਨੁਸਾਰ ਰਖਿਆ ਗਿਆ ਹੈ। ਇਹ ਪੋਥੀ ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ ਦੇ ਕ੍ਰਮਾਂਕ 2873 ਤੇ ਪ੍ਰਾਪਤ ਹੈ। ਇਸ ਦੀ ਨਕਲ ਪ੍ਰਸਿੱਧ ਕਵੀ ਕੋਇਰ ਸਿੰਘ ਦੇ ਪੁੱਤਰ ਭਾਈ ਸੁੱਖਾ ਸਿੰਘ ਨੇ ਨਗਰ ਡੁਮੇਲ, ਮੁਤਸਿਲ ਰੋਹਤਾਸ (ਪੱਛਮੀ ਪਾਕਿਸਤਾਨ) ਵਿਚ 22 ਮੱਘਰ ਸੰਮਤ 1881 ਬ੍ਰਿ. ਨੂੰ ਪੂਰੀ ਕੀਤੀ। ਇਸ਼ ਦਾ ਆਕਾਰ 7''×$4\frac{1}{2}$'' ਹੈ ਤੇ ਲਿਖਤ '$4\frac{1}{2}$×$3\frac{1}{2}$' ਹੈ। ਇਸ ਦੇ ਕੁਲ ਪੱਤਰੇ 213

ਹਨ ਭਾਵ 426 ਪੰਨੇ ਹਨ। ਹਰੇਕ ਪੰਕਤੀ ਦੇ ਲਗਭਗ 10 ਸ਼ਬਦ ਹਨ ਅਤੇ ਹਰੇਕ ਪੰਨੇ ਦੀਆਂ 9 ਸਤਰਾਂ ਹਨ। ਲਿਖਾਈ ਵਧੀਆ ਅਤੇ ਸਾਫ਼ ਸਪਸ਼ਟ ਹੈ। ਕਾਗਜ਼ ਦੇਸੀ ਹੈ। ਹਾਸ਼ੀਏ ਰੰਗੀਨ ਹਨ ਅਤੇ ਜਿਲਦ ਵਾਲੀ ਪੁਸਤਕ ਹੈ।

ਸੰਪਾਦਨ ਕਾਰਜ ਕਰਦੇ ਸਮੇਂ ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਸਭ ਤੋਂ ਪ੍ਰਾਚੀਨ ਪ੍ਰਤੀ ਸੰਮਤ 1753 ਬ੍ਰਿ. ਦਾ ਮੂਲ ਆਧਾਰ ਬਣਾਇਆ ਗਿਆ ਹੈ। ਇਸ ਪ੍ਰਤੀ ਵਿਚ ਜਿੱਥੇ ਕੋਈ ਸ਼ਬਦ ਜਾਂ ਪੰਕਤੀ ਰਹਿ ਗਈ ਹੈ ਉਸ ਨੂੰ ਬ੍ਰੈਕਟਾਂ ( ) ਵਿਚ ਦੇ ਕੇ ਉਸ ਦੀ ਪ੍ਰਾਪਤੀ ਬਾਰੇ ਫੁਟ ਨੋਟ ਦੇ ਦਿੱਤੇ ਗਏ ਹਨ। ਜੇ ਕੋਈ ਸ਼ਬਦ 'ਉ' ਪ੍ਰਤੀ ਵਿਚ ਗਲਤ ਲਿਖਿਆ ਹੋਇਆ ਮਿਲਿਆ ਹੈ ਤਾਂ ਉਸ ਗਲਤ ਸ਼ਬਦ ਦੇ ਅਗੇ ਸਹੀ ਸ਼ਬਦ ਬ੍ਰੈਕਟਾਂ ਵਿਚ ਲਿਖ ਦਿਤਾ ਗਿਆ ਹੈ ਅਤੇ ਠੀਕ ਸ਼ਬਦ ਦੀ ਪ੍ਰਾਪਤੀ ਬਾਰੇ ਵਿਵਰਣ ਫੁਟ ਨੋਟ ਵੀ ਦਿਤਾ ਗਿਆ ਹੈ ਤਾਂ ਕਿ ਮੂਲ ਆਧਾਰ ਪ੍ਰਤੀ ਖੰਡਿਤ ਨਾ ਹੋ ਸਕੇ। ਸੰਪਾਦਨ ਕਰਦੇ ਸਮੇਂ ਕੁਝ ਕੁ ਸ਼ਬਦ ਜਿਵੇਂ ਪਰਗਿਆਨ, ਪ੍ਰਗਿਆਨ ਵਿਚ ਅਰਥ ਬਦਲਦੇ ਨਹੀਂ ਹਨ, ਨੂੰ ਫੁਟ ਨੋਟਾਂ ਵਿਚ ਨਹੀਂ ਦਿਤਾ ਗਿਆ।

ਪਾਠਕਾਂ ਦੀ ਸੁਵਿਧਾ ਲਈ ਅੰਤਕਾ 1 ਵਿਚ ਗ੍ਰੰਥ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਲਗ ਮਾਤ੍ਰ ਅੱਖਰ ਕ੍ਰਮ ਅਨੁਸਾਰ ਦੇ ਦਿੱਤੇ ਗਏ ਹਨ।

ਇਸ ਗ੍ਰੰਥ ਵਿਚ ਆਏ ਮਿਥਿਹਾਸਕ/ਇਤਿਹਾਸਕ ਹਵਾਲਿਆਂ ਬਾਰੇ ਸੰਖਿਪਤ ਪਰਿਚਯ ਅੰਤਕਾ-2 ਵਿਚ ਦਿੱਤਾ ਹੈ ਤਾਂ ਕਿ ਪਾਠਕ ਗ੍ਰੰਥ ਦਾ ਪੂਰਾ ਅਨੰਦ ਮਾਣ ਸਕਣ।

ਇਸ ਗ੍ਰੰਥ ਦੇ ਸੰਪਾਦਨ ਲਈ ਜਿਨ੍ਹਾਂ ਗ੍ਰੰਥਾਂ ਤੋਂ ਸਹਾਇਤਾ ਲਈ ਹੈ, ਉਨ੍ਹਾਂ ਦੀ ਸੂਚੀ ਅੰਤਕਾ-3 ਵਿਚ ਦੇ ਦਿੱਤੀ ਹੈ।

ੴ ਸਤਿਗੁਰ ਪ੍ਰਸਾਦਿ ॥

ਪਰਚੀਆ ਪ੍ਰੇਮੁ ਕਗਤਾ ਕਾ[1]

ਪੋਥੀ ਪ੍ਰੇਮ ਅੰਬੋਧ ਕੀ[2] ॥ ਪਰਚੀ ਆਦਿ ॥

ਦੋਹਰਾ ॥ ਓਅੰ[3] ਨਮੋ ਪਰਮਾਤਮਾ ਪੂਰਿ ਰਹਿਓ ਸਭੁ ਅੰਗਿ[4] ॥
ਆਦਿ ਮਧਿ ਫੁਨਿ ਅੰਤਿ ਇਕੁ ਤਾ ਕੋ ਜਗਤੁ ਤਰੰਗੁ ॥
ਸੋਰਠਾ ॥ ਪ੍ਰੀਤਮ ਪ੍ਰੇਮ ਪ੍ਰਤਾਪ[5] ਪੂਰਿ ਪੂਰਿ[6] ਤ੍ਰਿਕੁਟੀ ਜਿਨਿ ਰਚੀ ॥
ਬਹੁ ਬਿਧਿ ਰਚਨਾ ਥਾਪਿ ਖੇਲੈ[7] ਪ੍ਰੇਮੀ ਹੋਇ ਕਰਿ[8] ॥
ਚੌਪਈ ॥ ਪ੍ਰੇਮ ਰੂਪੁ ਧਰਿ ਜਗ ਮਹਿ ਖੇਲੈ ॥ ਧਾਰਿ ਪ੍ਰੇਮ ਪ੍ਰੇਮੀ ਕਉ ਮੇਲੈ[9] ।
ਪ੍ਰੇਮ ਬਚਨ ਕਛੁ ਕਹਨੁ ਨਿ ਆਵੈ ॥ ਉਪਜੈ ਪ੍ਰੇਮੁ ਤਬ ਪ੍ਰੀਤਮ ਪਾਵੈ ॥
ਪ੍ਰਥਮੈ ਏਕੰਕਾਰੁ ਇਕੇਲਾ ॥ ਕੀਓ ਪ੍ਰਕਾਸ[10] ਪ੍ਰੇਮੁ ਕੀ ਵੇਲਾ ॥
ਪੁਰਖ ਪ੍ਰਕ੍ਰਿਤ ਰੂਪੁ ਧਰਿ ਆਇਓ ॥ ਭੀਤਰ ਸੂਤ੍ਰ ਪ੍ਰੇਮ ਕਾ ਪਾਇਓ ॥
ਪ੍ਰੀਤਮ ਪ੍ਰੇਮ ਪੁਰਖ ਪਰਕ੍ਰਿਤ ॥ ਪ੍ਰੇਮ[11] ਤਹਾ ਸੂਤ੍ਰਾਤਮ ਬ੍ਰਿਤ ॥1॥
ਦੋਹਰਾ ॥ ਪਾਰਬ੍ਰਹਮੁ ਅਪਰੰਪਰੁ[12] ਆਤਮੁ ਅਜ ਅਕ੍ਰੀ ਨਿਰਬਾਂਨ ॥
ਪ੍ਰੀਤਮੁ ਪ੍ਰੇਮੀ ਪ੍ਰੇਮ ਹੋਇ ਖੇਲੈ ਪਰਮ ਨਿਧਾਨੁ ॥2॥
ਚੌਪਈ ॥ ਮੈ ਚਾਹਉ ਲਿਖਉ[13] ਪ੍ਰੇਮ ਕੀ ਬਾਤਾ ॥ ਆਂਸੂ[14] ਝਰਿ ਕਾਗਦੁ ਗਰਿ ਜਾਤਾ ॥
ਪ੍ਰੇਮ ਬਚਨ ਕਛੁ ਲਗਾਉ[15] ਉਚਾਰੈ ॥ ਤਰਕ ਕਰੇਜਾ ਆਹਿ ਪੁਕਾਰੈ ॥
ਪ੍ਰੇਮ ਕੀ ਸੁਰਤਿ ਜਬੈ ਮਨਿ ਆਵੈ ॥ ਤਨੁ ਮਨੁ ਸਕਲ ਬਿਸਰ ਤਬ ਜਾਵੈ ॥
ਪ੍ਰੇਮ ਕੀ ਬਾਤ ਕਾਨ ਜਬ ਪਰੈ ॥ ਮਨੁ ਪਾਥਰੁ ਓਲਾ[16] ਜਿਉ ਗਰੈ ॥
ਪ੍ਰੇਮ ਉਚਾਰੁ ਰਸਨਾ ਜਬ ਆਵੈ ॥ ਗਦਿ ਗਦਿ ਹੋਇ ਕਛੁ ਕਹਨੁ ਨ ਪਾਵੈ[17]
॥2॥
ਦੋਹਰਾ ॥ ਪ੍ਰੇਮ ਅਗਨਿ ਜਾ ਤਨਿ ਲਗੀ ਜਾਰੈ ਮਨੁ ਬੁਧਿ ਦੇਹ ॥
ਸੁਲਗ ਸੁਲਗ ਕੋਈ ਕਾਲ ਮਹਿ ਸਭਿ ਇੰਦ੍ਰੀ ਹੋਹਿ[18] ਖੇਹ ॥1॥

(1) ਅ ਪੋਥੋ, 'ਕੀਆਂ ਮਹਲਾ 10', ੲ ਪੋਥੀ, ਕੀਆ ਪਾਤਿਸਾਹੀ ਦਸਵੀ ॥10॥ (2) ਪਾਠਾਂਤਰ ਅ ਪੋਥੀ 'ਪ੍ਰੇਮ ਅੰਬੋਧ ਪੋਥੀ', ੲ ਪੋਥੀ 'ਪ੍ਰੇਮ ਅੰਬੋਧ ਪੋਥੀ ਕਾ ਨਾਉ' (3) ੲ ਪੋਥੀ 'ਓ' (4) ੲ ਪੋਥੀ 'ਅਗ' (5) ਅ ਪੋਥੀ 'ਪ੍ਰਮਾਪਾ' ੲ ਪੋਥੀ 'ਪਰਮਾਤਮਾ' (6) ਅ ਪੋਥੀ 'ਪਰਿ' (7) ੲ ਪੋਥੀ 'ਖੇਲੋ' (8) ਅ ਤੇ ੲ ਪੋਥੀ ਕੈ, (9) ੲ ਪੋਥੀ 'ਮਿਲੈ' (10) ਅ ਪੋਥੀ 'ਪ੍ਰਗਾਸ' (11) ੲ ਪੋਥੀ 'ਪ੍ਰੇਮੇ' (12) ੲ ਪੋਥੀ 'ਅਪਰ' (13) ੲ ਪੋਥੀ 'ਲਿਖੋ' (14) ਅ ਪੋਥੀ 'ਅੰਸੂ' (15) ੲ ਪੋਥੀ 'ਕਰ' (16) ੲ ਪੋਥੀ 'ਓਰਾ' (17) ਅ ਪੋਥੀ 'ਆਵੈ' (18) ੲ ਪੋਥੀ 'ਹੋਵਹਿ'

ਚੌਪਈ ॥ ਜਬਹਿ[1] ਬੁਧਿ ਮਹਿ ਪ੍ਰੇਮੁ ਬਸਾਈ ॥ ਹੋਇ ਸੁਬੁਧਿ ਬੁਧਿ ਬਉਰਾਈ ॥
ਮਨੁ ਮਨਸਾ ਜਬ ਪ੍ਰੇਮੁ ਕੀ ਧਾਰੈ ॥ ਚੰਚਲ ਗਤਿ ਵਹ ਸਕਲ ਬਿਸਾਰੈ ॥
ਚਿਤ ਮਹਿ ਪ੍ਰੇਮੁ ਬਸੈ ਜਬ ਆਈ ॥ ਚਿਤਵਨ ਤਾ[2] ਕੀ ਸਹਿਜ ਬਿਲਾਈ ॥
ਪ੍ਰੇਮ ਅਗਨਿ ਜਾ ਘਟ ਮਹਿ ਜਗੈ[3] ॥ ਕਾਂਮਾਦਿਕ ਮਿਟਗ ਤਾ ਤਨਿ ਤੇ ਭਗੈ[4] ॥
ਪ੍ਰਵਾਹ ਪ੍ਰੇਮ ਕੋ ਜਿਹ ਘਟ ਬਹੈ ॥ ਅਗਿਆਨ ਫੂਸੁ ਤਹ ਮੂਲਿ ਨ ਰਹੈ ॥3॥

ਦੋਹਰਾ ॥ ਜੋਗ ਬੈਰਾਗ ਸੰਨਿਆਸ ਕਉ ਕਹਾ ਕਰਹ ਅਵਗਾਹਿ ॥
ਪ੍ਰੇਮ ਅਗਨਿ ਕੇ ਜਗੇ[5] ਤੇ ਹੋਵਤ ਸਭ ਕੋ ਦਾਹ ॥2॥

ਚੌਪਈ ॥ ਪ੍ਰੇਮ ਪਵਨ ਜਿਹ ਘਟਹਿ ਬਹਾਈ ॥ ਅਗਿਆਨ ਪਾਨ ਜਿਉ ਸਭ ਉਡਿ ਜਾਈ ॥
ਪ੍ਰੇਮ ਭਾਂਨੁ ਜਿਹ ਘਟ ਪਰਗਾਸੈ[6] ॥ ਅਗਿਆਨੁ ਤਿਮਰੁ ਖਿਨ ਮਾਹਿ ਬਿਨਾਸੈ ॥
ਪ੍ਰੇਮ ਪ੍ਰਤੀਤ ਜਬਹਿ ਮਨਿ ਆਵੈ ॥ ਦੁਬਿਧਾ ਦੁੰਦ[7] ਤਹ ਟਿਕਣੁ[8] ਨ ਪਾਵੈ ॥
ਜਿਸੁ ਤਨਿ ਪ੍ਰੇਮੁ ਬਸਿਓ ਹੈ ਆਇ ॥ ਦੁਖ ਸੁਖ ਮਨ ਕੇ ਗਏ ਹਿਰਾਇ ॥
ਪ੍ਰੇਮ ਪਿਆਲਾ ਜਿਨਿ[10] ਮੁਖਿ ਲਾਇਆ ॥ ਸਹਜੇ ਤਿਆਗੁ ਤਾਸਿ[11] ਮਨਿ ਆਇਆ ॥4॥

ਦੋਹਰਾ ॥ ਜਾ ਤਨਿ ਪ੍ਰੇਮ ਪ੍ਰਕਾਸਈ ਜੋ[12] ਗਿਆਨਿ ਅਗਨਿ ਭਰਕਾਇ ॥
ਤਨੁ ਮਨੁ ਮਨਸਾ ਜਾਰਿ ਕੈ ਦੇਵੈ ਭਸਮ ਉਡਾਇ ॥2॥

ਚੌਪਈ ॥ ਜੋਗ ਬੈਰਾਗ ਪ੍ਰੇਮ ਤੇ ਨੀਕੇ ॥ ਬਿਨਾ ਪ੍ਰੇਮ ਵੈ ਲਾਗਹਿ[13] ਫੀਕੇ ॥
ਗਿਆਨ ਬਿਗਿਆਨ ਪੰਡਿਤੁ ਜੋ ਕਰੈ ॥ ਪ੍ਰੇਮ ਬਿਨਾ ਕਾਰਜ ਨਹੀ ਸਰੈ ॥
ਬ੍ਰਹਮਗਿਆਨਿ ਸਭ ਮਹਿ ਇਕੁ ਜਾਤਾ ॥ ਬਿਨਾ ਪ੍ਰੇਮ ਵਹ ਹੋਇ ਨ ਗਿਆਤਾ ॥
ਭਗਤ ਕਰਉ ਕੋਈ ਇਹਾਕਲੈ ॥ ਬਿਨਾ ਪ੍ਰੇਮ ਭਗਵਾਨੁ ਨ ਮਿਲੈ ॥
ਪ੍ਰੇਮ ਕੀ ਅਕਥ ਕਥਾ ਸਭੁ ਜਾਨੀ ॥ ਸਿੰਮ੍ਰਿਤ ਬੇਦ ਪੁਰਾਨ ਬਖਾਨੀ[15] ॥5॥

ਦੋਹਰਾ ॥ ਜਹ ਰਵ ਪ੍ਰੇਮ ਪ੍ਰਕਾਸਈ[16] ਦੁਬਿਧਾ[17] ਸੀਤੁ ਬਿਲਾਇ ॥
ਤੀਨ ਭਵਨ ਗੁਨ ਭ੍ਰਮੁ ਤਿਮਰ ਖਿਨ ਮਹਿ ਜਾਇ ਸਮਾਇ ॥1॥

ਚੌਪਈ ॥ ਸਭ ਘਟ ਪੂਰਨ ਹੈ ਭਗਵਾਨਾ ॥ ਜਹ ਪ੍ਰਗਟਿਓ ਪ੍ਰੇਮ ਸੁ[18] ਜਗ ਮਹਿ ਜਾਨਾ ॥
ਜਹਾ ਪ੍ਰੇਮ ਕੇ ਹੈ ਬਿਉਪਾਰੀ[19] ॥ ਧੰਨ ਵਹ ਦੇਸੁ ਧੰਨ ਪੁਰਖ ਵਹ ਨਾਰੀ[20] ॥

---

(1) ੲ ਪੋਥੀ 'ਜਬ' (2) ੲ ਪੋਥੀ 'ਵਾਂ' (3) ੲ ਪੋਥੀ 'ਜਾਗੈ'
(4) ੲ ਪੋਥੀ 'ਭਾਗੈ' (5) ੲ ਪੋਥੀ 'ਜਰੇ' (6) ੲ ਪੋਥੀ 'ਪਰਕਾਸੈ'
(7) ਅ ਪੋਥੀ 'ਦੰਦ' (8) ੲ ਪੋਥੀ 'ਟਿਕਨੁ' (9) ੲ ਪੋਥੀ 'ਬਸੈ'
(10) ੲ ਪੋਥੀ 'ਜਿਸੁ' (11) ੲ ਪੋਥੀ ਮਹੈ 'ਤਿਸੈ' (12) ੲ ਪੋਥੀ 'ਦੇਇ'
(13) ੲ ਪੋਥੀ 'ਲਾਗੈ' (14) ਅ ਪੋਥੀ 'ਇਆਕਲੈ', ੲ ਪੋਥੀ 'ਈਯਾਕਲੈ'
(15) ਪਾਠਾਂਤਰ ੲ ਪੋਥੀ 'ਸਿੰਮ੍ਰਿਤ ਸਾਸਤ੍ਰ ਬੇਦ ਬਖਾਨੀ' (16) ਅ ਪੋਥੀ 'ਪ੍ਰਕਾਸਾਈ'
(17) ੲ ਪੋਥੀ 'ਦੁਭਦਾ' (18) ੲ ਪੋਥੀ 'ਸੋ' (19) ੲ ਪੋਥੀ 'ਬੇਪਾਰੀ' (20) ਪਾਠਾਂਤਰ ੲ ਪੋਥੀ 'ਧੰਨੁ ਵਹਿ ਦੇਸੁ ਧੰਨ ਵਹਿ ਪੁਰਖਾ ਨਾਰੀ'

ਹਰਿ ਠਗਿ ਜਗਤ ਠਗਉਰੀ ਲਾਈ ॥ ਸਭ ਮਹਿ ਪ੍ਰੇਮ ਹੋਇ ਰਹਿਓ ਸਮਾਈ ॥
ਧਨੁ ਵਹ ਤਨੁ ਜਹ ਪ੍ਰੇਮੁ ਬਸਾਨਾ ॥ ਧੰਨ ਵਹ ਮਨੁ ਜਹ ਪ੍ਰੇਮੁ ਰਹਾਨਾ ॥
ਧੰਨ ਮੁਖ ਪ੍ਰੇਮ ਕੀ ਕਰੈ ਜੁ ਬਾਤਾ[1] ॥ ਧੰਨ ਵਹ ਬੁਧਿ ਜਿਨ ਪ੍ਰੇਮੁ ਪਛਾਤਾ ॥6॥

ਦੋਹਰਾ ॥ ਧੰਨੁ ਦੇਸੁ ਕੁਲ ਧੰਨ ਸੋ ਧਨ ਮਾਤ ਪਿਤਾ ਕੇ ਭਾਗ ॥[2]
ਜਹ ਪ੍ਰੇਮੀ ਸੁਤੁ ਉਪਜਿਓ ਜਨਮਤ ਪ੍ਰੀਤਮ ਲਾਗ ॥1॥

ਚੌਪਈ ॥ ਜਾਸੁ ਨਗਰ ਪ੍ਰੇਮੀ ਉਪਜਾਨਾ ॥ ਸਕਲ ਖੰਡ ਸੋ ਭਇਓ ਪ੍ਰਧਾਨਾ ॥
ਜਹਾ ਪ੍ਰੇਮ ਕਾ ਸਉਦਾ ਹੋਵੈ ॥ ਜੋਗ ਬੈਰਾਗ ਕੋ ਸੇਤ ਨ ਲੇਵੈ ॥
ਲੇਹਿ[3] ਪ੍ਰੇਮੁ ਤਨੁ ਮਨੁ ਸਭੁ ਦੇਹੀ ॥ ਤਹਾ ਗਿਆਨੁ ਝੂਠੈ[4] ਨਹੀ ਲੇਹੀ ॥
ਪ੍ਰੇਮ ਪਦਾਰਥ ਜਿਨ ਜਨਿ ਪਾਇਆ ॥ ਤਿਨ ਜੋਗੁ ਬੈਰਾਗੁ ਅਕਾਰਥੁ ਭਾਇਆ ॥
ਪ੍ਰੇਮ ਮਗਨ ਪ੍ਰੀਤਮ ਮਿਲਿ ਗਇਆ ॥ ਤਿਨ ਬ੍ਰਹਮਗਿਆਨੁ ਸੁਪਨੈ ਨਹੀ ਚਹਿਆ ॥7॥

ਸੋਰਠਾ ॥ ਭਗਤਿ ਬੈਰਾਗ ਗਿਆਨ ਪ੍ਰੇਮ ਤੇ ਰਹਤ ਜੁ ਰਾਚਹੀ ॥
ਤੇ ਥੋਥੇ ਸਭ ਜਾਨਿ ਪ੍ਰਾਨ ਬਿਨਾ ਹੈ ਦੇਹ ਜਿਵ[5] ॥2॥

ਚੌਪਈ ॥ ਆਦਿ ਪੁਰਖੁ ਪ੍ਰੀਤਮੁ ਭਗਵਾਨਾ ॥ ਪ੍ਰੇਮ ਸੁੰਨ ਮੈ[6] ਹੁਤੋ[7] ਸਮਾਨਾ ॥
ਪੂਰਨ ਬ੍ਰਹਮ ਪ੍ਰੇਮ ਸੋ ਹੋਤਾ ॥ ਬਿਨਾ ਪ੍ਰੇਮ ਕਛੁ ਅਉਰੁ[8] ਨ ਦੋਤਾ ॥
ਪ੍ਰੇਮ ਰੂਪ ਓਅੰਕਾਰੁ ਪ੍ਰਕਾਸਾ ॥ ਤਾ ਤੇ ਉਪਜਿਓ ਪ੍ਰੇਮੁ ਅਕਾਸਾ ॥
ਤਾ ਕੌ[9] ਤਤੁ ਸਬਦ ਬਿਖਿਆਤ[10] ॥ ਜਾ ਕੇ ਪ੍ਰੇਮ ਕਰਨ ਅਨਰਾਤ[11] ॥
ਤਾ[12] ਅਕਾਸ ਤੇ[13] ਪਵਨੁ ਉਪਜਾਨਾ ॥ ਪ੍ਰੇਮ ਪ੍ਰਵਾਹੁ ਹੋਇ ਫਿਰਿਓ ਦਿਵਾਨਾ ॥8॥

ਦੋਹਰਾ ॥ ਤਾ ਕੋ ਤਤੁ ਸਪਰਸੁ ਹੈ ਸੁਨਹੁ ਇਕਾਗਰ ਚਿਤ ॥
ਜਾ ਕੇ ਪ੍ਰੇਮ ਹੈਰਾਨ ਹੈ ਤੁਚਾ ਸਭਸ ਕੀ ਮਿਤ ॥1॥

ਚੌਪਈ ॥ ਹੁਤਾਸਨੁ ਪਵਨ ਤੇ ਪ੍ਰੇਮੁ ਉਪਜਾਇਆ[14] ॥ ਜਿਨ ਪ੍ਰੇਮ ਕੇ ਬਸਿ ਹੋਇ ਆਪੁ ਜਰਾਇਆ[15] ॥
ਤਾ ਕੋ ਤਤੁ ਰੂਪੁ ਹੈ ਗਿਆਨੀ ॥ ਜਾ ਕੈ ਪ੍ਰੇਮੁ ਅਖੀਆ ਦੇਵਾਨੀ ॥
ਪ੍ਰੇਮ ਅਗਨਿ ਤੇ ਅਪੁ[16] ਉਪਜਾਨਾ ॥ ਤਾ ਰਸ ਬਸ[17] ਰਸਨਾ ਆਪੁ ਹਿਰਾਨਾ ॥

---

(1) ਪਾਠਾਂਤਰ ੲ ਪੋਥੀ 'ਧੰਨੁ ਜੋ ਮੁਖਿ ਕਰੈ ਪ੍ਰੇਮ ਕੀ ਬਾਤਾ' (2) ੲ ਪੋਥੀ 'ਧੰਨੁ' (3) ੲ ਪੋਥੀ 'ਲਹੈ' (4) ੲ ਪੋਥੀ 'ਝੂਠੇ' (5) ਅ ਤੇ ੲ ਪੋਥੀ 'ਜਿਉ' (6) ਅ ਪੋਥੀ 'ਮਹਿ' (7) ੲ ਪੋਥੀ 'ਹੋਤ' (8) ੲ ਪੋਥੀ 'ਅਵਰ' (9) ੲ ਪੋਥੀ 'ਤੇ' (10) ੲ ਪੋਥੀ 'ਬਿਖਿਆਤਾ' (11) ੲ ਪੋਥੀ 'ਅਨਰਾਤਾ' (12) ੲ ਪੋਥੀ 'ਤੁਤ' (13) ੲ ਪੋਥੀ 'ਸੁਪ੍ਰੇਮ (14) ੲ ਪੋਥੀ 'ਉਪਜਾਨਾ' (15) ੲ ਪੋਥੀ 'ਜਰਾਨਾ' (16) ੲ ਪੋਥੀ 'ਆਪੁ' (17) ੲ ਪੋਥੀ 'ਬਾਸ'

ਤਿਨ ਅਪ[1] ਪ੍ਰੇਮ ਪ੍ਰਵਾਹੁ ਬਹਾਇਆ ॥ ਪ੍ਰੇਮ ਰੂਪ ਧਰ ਧਰ[2] ਉਪਜਾਇਆ ॥
ਤਾ ਕੋ ਤਤੁ ਗੰਧ ਬਿਖਿਆਤ[3] ॥ ਨਾਸਾ ਜਾ ਕੈ ਪ੍ਰੇਮ ਬੰਧਾਤ[4] ॥9॥

ਦੋਹਰਾ ॥ ਜੋ ਜਾ ਤੇ ਹੈ ਊਪਜਿਓ ਤਾ ਕੋ ਗੁਣੁ ਤਿਹ ਮਾਹਿ ॥
ਸ੍ਰੁਤਿ ਸਿੰਮ੍ਰਿਤਿ ਕੇ ਪ੍ਰੇਮ ਤੇ ਪਰਗਟ ਦੇਖੇ ਜਾਹਿ ॥2॥

ਚੌਪਈ ॥ ਪ੍ਰੇਮ ਰੂਪ ਬ੍ਰਹਮਾ ਉਪਜਾਨਾ ॥ ਤਿਨਿ ਪ੍ਰੇਮ ਬਿਬਸ ਹੋਇ ਜਗਤੁ ਉਠਾਨਾ ॥
ਪ੍ਰੇਮ ਹੀ ਬਿਸਨੁ ਹੋਇ ਪ੍ਰਿਤਿਪਾਲ ॥ ਸੋ ਅੰਤਰਿਜਾਮੀ ਸਭ ਘਟ ਨਾਲ ॥
ਸਿਵ ਸਰੂਪ ਸਭ ਪ੍ਰੇਮੁ[6] ਨਿਹਾਰਿ[7] ॥ ਪ੍ਰੇਮ ਸਤੁ ਦੁਵੈਤ[8] ਕੋ ਕਰੈ ਸੰਘਾਰ[9]॥
ਸਭ ਦੇਵੀ ਦੇਵ ਪ੍ਰੇਮ ਤੇ ਭਏ ॥ ਪ੍ਰੇਮ ਪ੍ਰੀਤ ਕਰਿ ਬਸਿ ਹੋਇ ਗਏ ॥
ਸਾਹਿਬੁ ਸੇਵਕ ਤਾਤ ਅਰੁ ਮਾਤ ॥ ਪ੍ਰੇਮ ਕੇ ਬਾਂਧੇ[10] ਕਰਮ ਕਮਾਤ ॥10॥

ਦੋਹਰਾ ॥ ਨਾਮ ਰੂਪ ਗੁਨ[11] ਜਗਤ ਜੋ ਨਾਨਾ ਭਾਤਿ ਦਿਖਾਇ ॥
ਸਭੁ ਪ੍ਰੇਮੈ[12] ਤੇ ਉਪਜੈ ਪੁਨਿ ਤਿਹ ਮਾਹਿ ਸਮਾਇ ॥2॥

ਚੌਪਈ ॥ ਸੋਈ ਪ੍ਰੇਮੁ ਹੈ ਸਭ ਘਟ ਜਾਗਾ ॥ ਜਹ ਕਰੈ ਪ੍ਰਵਾਹੁ ਸੋਈ ਵਡਭਾਗਾ ॥
ਬਨੁ ਪਰਬਤ ਏ ਸਭ ਅਨੁਰਾਗੀ ॥ ਅੰਤਰ ਧਿਆਨ ਜਿਨਉ ਇਕ ਟਕ ਲਾਗੀ ॥
ਪਾਂਚ[13] ਤਤ ਤੇ ਜੋ ਉਪਜਾਨਾ ॥ ਪ੍ਰੇਮ ਕੈ ਬਸਿ ਹੋਇ ਰਹਿਓ[14] ਦਿਵਾਨਾ ॥
ਚਰਿ ਅਉ ਅਚਰ ਸਕਲ ਜਗ ਮਾਹੀ[15] ॥ ਪ੍ਰੇਮ ਬਿਨਾ ਕੋਈ ਦਿਸੈ[16] ਨਾਹੀ ॥
ਬਿਨੁ ਬਬੇਕ ਆਹਿ ਸਭੁ ਕੋਈ ॥ ਜਹ ਬਬੇਕੁ ਪ੍ਰੇਮੀ ਹੈ ਸੋਈ ॥11॥

ਦੋਹਰਾ ॥ ਸਭੁ ਕੋ ਪ੍ਰੇਮ ਸਿਉ[17] ਪਾਗਿਓ[18] ਜੇਤਾ ਏਹੁ ਆਕਾਰ ॥
ਜੋ ਬਬੇਕ ਸਉ ਰਚਿ ਰਹੈ ਪ੍ਰੇਮੀ ਤਿਨੈ ਬਿਚਾਰੁ ॥1॥

ਚੌਪਈ ॥ ਦਰੁ[19] ਦੇਵਾਰ[20] ਅਉ ਖੋਜ ਪਹਾਰੈ ॥ ਪ੍ਰੀਤਮੁ ਅੰਤਰਿ ਦ੍ਰਿਸਟਿ ਨਿਹਾਰੈ ॥
ਭਾਜਨ ਅਨੇਕ ਬਸਤੁ ਤਹ ਏਕਾ ॥ ਪ੍ਰੇਮ ਪਰਸਪਰ ਸਭ ਮਹਿ ਦੇਖਾ ॥
ਅਰੇ ਪ੍ਰੇਮ ਤੁਹਿ ਕਹਾ ਬਖਾਨਉ ॥ ਸਭ ਘਟ ਪੂਰਨ ਤੋ ਕੋ ਜਾਨਉ[21] ॥
ਪ੍ਰੇਮ ਕੀ ਅਕਹ[22] ਕਹਾਨੀ ਜਾਨੀ ॥ ਸੋ ਮੋ ਮਹਿ ਨਹੀ ਜਾਇ ਬਖਾਨੀ ॥
ਪ੍ਰੇਮ ਨੈ ਇਕੁ ਪ੍ਰੇਮ ਨਹੀ ਮਾਰਾ ॥ ਪ੍ਰੀਤਮ ਕਤੇ ਭੀ[23] ਕਰਤ ਖੁਆਰਾ ॥12॥

---

(1) ਅ ਪੋਥੀ 'ਆਪਾ' (2) ੲ ਪੋਥੀ 'ਜਗੁ' (3) ੲ ਪੋਥੀ 'ਬਿਖਿਆਤਾ' (4) ੲ ਪੋਥੀ 'ਬੰਧਾਤਾ' (5) ਪਾਠਾਂਤਰ ੲ ਪੋਥੀ 'ਸ੍ਰੁਤਿ ਸਿੰਮ੍ਰਿਤਿ ਕੇ ਪ੍ਰੇਮ ਤੇ ਪਰਗਟ ਦੇਖੇ ਜਗ ਮਾਹਿ' (6) ੲ ਪੋਥੀ 'ਬ੍ਰਹਮ' (7) ੲ ਪੋਥੀ 'ਨਿਹਾਰੈ' (8) ਅ ਪੋਥੀ 'ਦਾਤੈ', ੲ ਪੋਥੀ 'ਦਾਤੇ' (9) ੲ ਪੋਥੀ 'ਸੰਘਾਰੇ' (10) ੲ ਪੋਥੀ 'ਬਧੇ' (11) ਅ ਪੋਥੀ 'ਗੁਣ' (12) ੲ ਪੋਥੀ 'ਪ੍ਰੇਮ' (13) ੲ ਪੋਥੀ 'ਪੰਚ' (14) ੲ ਪੋਥੀ 'ਗਹਿਓ' (15) ਪਾਠਾਂਤਰ ਅ ਪੋਥੀ—'ਰਚਿਤ ਅਚਰ ਸਕਲ ਜਗ ਮਾਹੀ', ੲ ਪੋਥੀ 'ਰਚਿਓ ਅਚਾਰ ਸਕਲ ਜਗੁ ਮਾਹੀ' (16) ੲ ਪੋਥੀ 'ਦੀਸ' (17) ੲ ਪੋਥੀ 'ਸੋ' (18) ਅ ਪੋਥੀ 'ਉਪਜਿਓ' (19) ਅ ਪੋਥੀ 'ਦਹ' ੲ ਪੋਥੀ 'ਹਰਿ' (20) ਅ ਤੇ ੲ ਪੋਥੀ 'ਦਿਵਾਰਿ' (21) ਪਾਠਾਂਤਰ ੲ ਪੋਥੀ 'ਸਭ ਘਟ ਅੰਤਰਿ ਤੋਹਿ ਕੋ ਜਾਨਉ' (22) ੲ ਪੋਥੀ 'ਕਥਾ' (23) ੲ ਪੋਥੀ 'ਪੁਨਿ'

ਦੋਹਰਾ ॥ ਅਰੇ ਪ੍ਰੇਮ ਤੁਝ ਕਿਆ ਕਹਉ ਤੂ ਜਗਿ ਬੁਰੀ ਬਲਾਇ ॥
ਪ੍ਰੇਮੀ ਕਉ ਬਉਰਾਇ ਕੈ ਪੁਨਿ ਪ੍ਰੀਤਮੁ ਦੇਹਿ[1] ਬਉਰਾਇ ॥1॥

ਚੌਪਈ ॥ ਜ ਬਉਰਾ ਇਨੁ ਪ੍ਰੇਮੀ ਲੀਨਾ ॥ ਤੋ ਜਹਿ[2] ਪ੍ਰਸਾਦੁ[3] ਪ੍ਰੀਤਮ ਕਉ ਦੀਨਾ ॥
ਜਿਨ ਪ੍ਰੇਮ ਠਗਉਰੀ ਪ੍ਰੇਮੀ ਲਾਈ ॥ ਤਿਨ ਠਗਿ ਪ੍ਰੀਤਮੁ ਠਗਿਓ ਜਾਈ ॥
ਇਨੈ ਪ੍ਰੇਮ ਬਹੁਤੇ ਘਰ ਗਾਲੇ ॥ ਪ੍ਰੇਮ ਪ੍ਰੀਤਮੁ ਕਰੇ ਬਿਹਾਲੇ ॥
ਪਹਿਲੇ ਘਰੁ ਪ੍ਰੇਮੀ ਕਾ ਜਾਰਾ ॥ ਪੁਨਿ ਪ੍ਰੀਤਮ ਕਉ ਕੀਓ[4] ਖੁਆਰਾ ॥
ਪ੍ਰੇਮੀ ਪ੍ਰੀਤਮ ਰੂਪ ਬਿਨਾਸੈ ॥ ਰਹੈ ਪ੍ਰੇਮੁ ਤਹ ਅਉਰ ਨ ਭਾਸੈ ॥13॥

ਸਰੋਠਾ ॥ ਸਭ ਘਟ ਪ੍ਰੇਮੁ ਹੀ ਆਹਿ ਤਾਹਿ ਬਿਨਾ ਜਗਿ ਨਾਹਿ ਕੋ ॥
ਜਹਾ ਕਰੇ ਪਰਵਾਹੁ ਸਭ ਪਰਲਉ ਕਰਿ ਵਹ ਰਹੈ ॥1॥

ਚਪਈ ॥ ਅਰੇ ਪ੍ਰੇਮ ਤੈ ਠਗ ਠਗ ਵਾਰੇ ॥ ਜਿਹ[5] ਘਰਿ ਤੈਨੈ ਆਹਿ ਉਜਾਰੇ ॥
ਤਿਨ ਕੀ ਸੰਖਿਆ[6] ਮੈਂ ਨਹੀ ਜਾਨਉ ॥ ਜਿਵ[7] ਸੁਨੀਓ ਤਿਉ ਆਖਿ ਬਖਾਨਉ ॥
ਜਿਉ ਪ੍ਰੀਤਮ ਸਿਰਿ ਕਠੀ ਖੁਆਰੀ ॥ ਜਿਵ ਸੁਨਿਓ ਸਭ ਕਹਉ ਬਿਚਾਰੀ ॥
ਤਿਨੈ ਖੁਆਰ ਕਰਿ ਤੈ ਕਿਆ ਪਾਵਾ ॥ ਭਲ ਪਰਉਪਕਾਰੀ ਜਗ ਮਹਿ ਆਵਾ ॥
ਮਨ ਚੰਚਲ ਜਗ ਅਤਿ ਚਲਾਈ[8] ॥ ਤੁਮ ਦੇਖਤ ਵਹ ਗਇਓ ਲਜਾਈ ॥14॥

ਦੋਹਰਾ ॥ ਅਰੇ ਪ੍ਰੇਮ ਤੁਝ ਏਕ ਗੁਨ ਅਉਗਨ[9] ਹੈ ਕਈ ਲਾਖ ॥
ਜਿਹ ਘਟ ਤੂ ਪਰਕਾਸਹੀ ਰਖਹਿ ਨ ਕੋ ਅਭਲਾਖ ॥1॥

ਚੌਪਈ ॥ ਜਿਨੋ ਪ੍ਰੇਮੁ ਕਰਿ ਪ੍ਰੀਤਮੁ ਪਾਇਓ ॥ ਤਿਨ ਕੋ ਜਸੁ ਜਗ ਸਗਲੀ[10] ਗਾਇਓ ॥
ਤਿਨ ਕੀ ਉਸਤਤਿ[11] ਹੈ ਜਗ ਮਾਹਿ ॥ ਚੰਦ ਸੂਰ ਜਿਉ ਛਪਤੇ ਨਾਹਿ[12] ॥
ਜਿਉ ਪਰਚਾ ਪ੍ਰੀਤਮ ਸਿਉ ਭਈ ॥ ਤਿਉ ਹੀ ਜਗ ਪਰਗਟ ਹੋਇ ਗਈ[13] ॥
ਤੈਸੇ ਸੁਨਿ ਕਰਿ ਅਛਰ ਜੋਰੇ ॥ ਚੌਪਈ ਦੋਹਰੇ ਸੋਰਠੇ ਥੋਰੇ ॥
ਜਥਾਮਤਿ ਸਿਉ ਨੇ[14] ਪੋਥੀ ਕੀਨੀ ॥ ਹਰਿ ਭਗਤਿ ਭਾਉ ਪ੍ਰੇਮ ਰਸ ਭੀਨੀ ॥15॥

ਦੋਹਰਾ ॥ ਜੇ ਸੁਰਤਾ ਕੋਈ ਪੜੈ ਯਾ[15] ਭਗਤਨ ਕੋ ਪ੍ਰੇਮ ॥
ਬਰਨ ਮਾਤ੍ਰਾ ਹੀਨ ਜਾਨ ਜਿਨ ਭਜਉ ਨ ਆਪਨਾ ਨੇਮ[16] ॥2॥

ਚੌਪਈ ॥ ਬਰਨ ਮਾਤ੍ਰਾ ਹੀਨ ਜਉ ਹੋਈ ॥ ਦੁਏਖ ਦਰਸ ਕਰਿ ਭਜਉ ਨ ਕੋਈ ॥
ਕਰਿ ਕਿਰਪਾ ਅਨੁਗ੍ਰਹੁ ਕਰਉ ॥ ਬਰਨ ਮਾਤ੍ਰਾ ਬਨਾਇ ਤਹ[17] ਧਰਉ ॥

---

(1) ੲ ਪੋਥੀ 'ਦੇਹਿ' (2) ੲ ਪੋਥੀ 'ਸੋਹੀ' (3) ਅ ਪੋਥੀ 'ਪ੍ਰਮਾਦ' (4) ੲ ਪੋਥੀ 'ਕਰਿਓ' (5) ੲ 'ਜੋ' (6) ੲ ਪੋਥੀ 'ਆਸਾਖਾ' (7) ੲ ਪੋਥੀ 'ਜਿਉ' (8) ੲ ਪੋਥੀ 'ਚਲ ਜਾਈ' (9) ੲ ਪੋਥੀ 'ਅਵਗਨ' (10) ੲ ਪੋਥੀ 'ਸਕਲੇ' (11) ਅ ਪੋਥੀ 'ਜਿਨ ਕੋ' (12) ਪਾਠਾਂਤਰ ੲ ਪੋਥੀ 'ਸੂਰ ਚੰਦ ਜਿਉ ਛਪਤੇ ਨਾਹਿ' (13) ਪਾਠਾਂਤਰ ੲ ਪੋਥੀ 'ਤਿਉ ਜਗ ਪਰਗਟੁ ਹੋਇ ਸਭ ਗਈ' (14) ਅ ਪੋਥੀ 'ਲਿਖ' ੲ ਪੋਥੀ 'ਲਿਖਿ' (15) ਅ ਪੋਥੀ 'ਇਆ' (16) ਪਾਠਾਂਤਰ ਅ ਪੋਥੀ 'ਬਰਨ ਮਾਤ੍ਰਾ ਹੀਨ ਜਨਿ ਜਨ ਤਜਉ ਆਪੁਨੇ ਨੇਮ (17) ਅ ਪੋਥੀ 'ਕੋ'

ਕਰਿ ਸਰਧਾ ਇਨੁ ਸੁਨਤੁ ਅਉ ਪਰਤੁ[1] ॥ ਪੁਨਿ ਭਾਉ ਭਗਤਿ ਹਰਿ ਜੀਉ ਸਿਉ ਕਰਉ ॥

ਸੋ ਹਰਿ ਜੀ ਪਰਮਾਤਮ ਦੇਉ ॥ ਦੇਹ ਮਾਹ ਪਾਵੈ ਸੋ ਭੇਉ ॥

ਆਪ ਤੇ ਭਿੰਨ ਨ ਹਰਿ ਜੀਉ ਜਾਨਉ ॥ ਜੀਉ ਆਤਮੁ ਪਰਮਾਤਮੁ[2] ਮਾਨੋ ॥16॥

ਦੋਹਰਾ ॥ ਹਰਿ ਭਗਤਨ ਕੀ ਬਾਰਤਾ ਕਰੀ ਚੌਪਈ ਬੰਦ ॥

ਤਾਂ ਕਉ[3] ਪੜਿ ਸੁਨਿ[4] ਪਾਵਹੀ ਕੇਵਲ ਪਰਮਾਨੰਦ ॥

ਚੌਪਈ ॥ ਕਬੀਰ ਕੀ ਪਰਚੀ ਪ੍ਰਥਮੇ ਜਾਨ ॥ ਦੁਆਦਸ ਚਉਪਈ ਕਰੀ ਬਖਿਆਨ ॥

ਫੁਨਿ ਪਰਚੀ ਧੰਨੇ ਤਿਲੋਚਨ[5] ਚੀਨ ॥ ਉਨੀਸ ਚਉਪਈ ਦਸ ਅਉ ਤੀਨ ॥

ਨਾਮਦੇਵ ਕੀ ਪਰਚੀ ਜਾਨ ॥ ਨਉ ਅਰੁ ਤੀਸ ਚਉਪਈ ਮਾਨ ॥

ਜੈਦੇਵ ਕੀ ਪਰਚੀ ਏਕ ਕਮ ਬੀਸ ॥ ਰਵਿਦਾਸ ਭਗਤ ਕੀ ਹੈ ਉਣਤੀਸ ॥

ਮੀਰਬਾਈ ਕੀ ਤੀਨ ਅਰੁ ਤੀਸ ॥ ਕਰਮਾਬਾਈ ਕੀ ਪਰਚੀ ਪਚੀਸ ॥17॥

ਦੋਹਰਾ ॥ ਪਰਚੀ ਪੀਪੇ ਭਗਤ ਕੀ ਕਰੀ ਪ੍ਰੇਮ ਰਸ ਮਾਨ[6] ॥

ਤ੍ਰੈ ਬੀਸੈ[7] ਚਉਪਈ ਸੰਗ ਦੋਹਰੇ ਜਾਂਨ[8] ॥1॥

ਚੌਪਈ ॥ ਸੈਨ[9] ਭਗਤਿ ਹਰਿ ਪ੍ਰੀਤਿ ਲਗਾਈ ॥ ਬੀਸ ਅਰੁ ਏਕ ਚੌਪਈ ਗਾਈ ॥

ਸਧਨੇ ਕੀ ਪਰਚੀ ਹਰਿ ਜੀ ਅਰਚੀ ॥ ਤੀਸ ਅਰੁ ਖਸਟ ਚਉਪਈ ਚਰਚੀ ॥

ਬਾਲਮੀਕ ਕੀ ਪਰਚੀ ਜਾਨ ॥ ਤੀਨ ਅਧਿਕ ਬੀਸ ਤੇ ਮਾਨ ॥

ਸੁਕਦੇਵ ਪਰਚੀ ਪਾਚ ਅਰੁ[10] ਤੀਸ ॥ ਬਧਕ ਪਰਚੀ ਏਕ ਕਮ ਬੀਸ ॥

ਬਹੁਰਿ ਧ੍ਰੂਅ ਕੀ ਪਰਚੀ ਆਈ ॥ ਖਸਟਿ ਅਉ ਤੀਸ ਚੌਪਈ ਗਾਈ ॥18॥

ਦੋਹਰਾ ॥ ਪ੍ਰਹਲਾਦ ਭਗਤ ਪਰਮਪਦ ਪਾਇਆ ਨਰਸਿੰਘ ਭਏ ਸਹਾਇ[11] ॥

ਤਾ ਕੀ ਪਰਚੀ ਚੌਪਈ ਭਈ ਸਾਠ[12] ਅਰੁ ਏਕ ਸੁਭਾਇ ॥1॥19॥1॥

ੴ ਸਤਿਗੁਰ ਪ੍ਰਸਾਦਿ ॥

ਪਰਚੀ ਕਬੀਰ ਜੀ ਕੀ ॥

ਚੌਪਈ ॥ ਪ੍ਰਥਮ ਕਬੀਰ ਕੀ ਪਰਚੀ ਕਹਉ ॥ ਜਿਉ ਸੁਨਿਓ ਤਿਉ ਭਾਖਿਓ ਚਹਉ ॥

ਕਬੀਰ ਜੁਲਾਹਾ ਕਾਸੀ ਬਾਸ ॥ ਜਗਤ[13] ਪ੍ਰੇਮ ਤਿਸੁ ਬੁਧਿ ਭਈ[14] ਨਾਸ ॥

---

(1) ਪਾਠਾਂਤਰ ੲ ਪੋਥੀ 'ਕਰਿ ਕਿਰਪਾ ਇਸੁ ਨੋ ਜਨ ਪਰਿਓ' (2) ਪਾਠਾਂਤਰ ਅ ਪੋਥੀ 'ਜੀਓ ਪ੍ਰਮਾਤਮ ਕੋ ਹੋ ਮਾਨਉ', ੲ ਪੋਥੀ 'ਜੀਵ ਪਰਮ ਤਾ ਏਕੋ ਹੈ ਮਾਨੋ' (3) ਅ ਪੋਥੀ 'ਕੋਉ' (4) ਅ ਪੋਥੀ 'ਸੁਨਿ'

(5) ਅ ਪੋਥੀ 'ਤਿਰਲੋਚਨ', ੲ ਪੋਥੀ 'ਤ੍ਰਿਲੋਚਨ' (6) ਅ ਪੋਥੀ 'ਰਸਾਨ'

(7) ਅ ਪੋਥੀ 'ਬੀਸ' (8) ਪਾਠਾਂਤਰ ੲ ਪੋਥੀ 'ਤ੍ਰੈ ਬੀਸ ਦੁਇ ਚਉਪਈ ਸੰਗਿ ਦੋਹਰੇ ਜਾਨ'

(9) ਅ ਪੋਥੀ 'ਸੈਣ' (10) ੲ ਪੋਥੀ 'ਅਉ'

(11) ਪਾਠਾਂਤਰ ਅ ਪੋਥੀ 'ਪ੍ਰਹਲਾਦਿ ਭਗਤ ਪਰਮਪਦੁ ਪਾਇਆ ਨਰਸਿੰਘ ਰੂਪ ਹੋਇ ਸਹਾਇ' ੲ ਪੋਥੀ 'ਪ੍ਰਹਲਾਦ ਭਗਤਿ ਹਰਿ ਪ੍ਰੀਤਿ ਲਗਾਈ ਨਰਸਿੰਘ ਭਏ ਸਹਾਇ'

(12) ੲ ਪੋਥੀ 'ਸਠਿ' (13) ੲ ਪੋਥੀ 'ਲਾਗਤ' (14) ੲ ਪੋਥੀ 'ਗਈ'

ਵਾਕੀ ਤ੍ਰਿਆ ਲੋਈ ਸੁਰਗਿਆਤਾ ॥ ਪੂਤ ਕਮਾਲ ਸੁ ਜਗ ਮਹਿ ਜਾਤਾ ॥
ਇਕੁ ਬੇਟੀ ਇਕੁ ਬਹੂ ਰਹਾਈ ॥ ਤਿਨ ਪ੍ਰੇਮੈ ਬਸਿ ਸੁਧਿ ਬਿਸਰਾਈ[1] ॥
ਬੁਧਿ ਬਿਬੇਕ ਜਗ ਕੀ ਚਤੁਰਾਈ ॥ ਪ੍ਰੇਮ ਕੈ ਬਸਿ ਹੋਇ ਸਕਲ[2] ਹਿਰਾਈ ॥1॥

ਦੋਹਰਾ ॥ ਗੈਰਤਿ ਖੁਦੀ ਤਕਬਰੀ ਖੁਨਸ ਘਟੀ ਸਭ ਚਿਤ ॥
ਅਰੇ ਪ੍ਰੇਮ ਤੈ ਕਿਆ ਕੀਆ ਤਨ ਤੇ ਕਢੇ ਪਲੀਤ ॥1॥

ਚੌਪਈ ॥ ਤਨਨਾ ਬੁਨਨਾ ਤਿਨ ਨੈ[3] ਤਿਆਗਾ ॥ ਪ੍ਰੀਤਮ ਸਿਉ ਜਿਸ ਮਨੁ ਰਹੀ ਪਾਗਾ ॥
ਜੌ[4] ਪ੍ਰੀਤਮੁ ਸੁਖ ਸਾਰ ਅਪਾਰੂ ॥ ਸੋ ਮਿਲਿ ਲਹਿਓ ਅਸਾਰ[5] ਸਿਉ ਸਾਰੂ ॥
ਮਨ ਚੰਚਲ ਇਤ ਉਤ ਕਉ ਧਾਵੈ ॥ ਬਿਨੁ ਪ੍ਰੀਤਮ ਸੋ ਨਹ ਠਹਰਾਵੈ ॥
ਬਹੁ ਖੋਜੇ ਜੋਗੀ ਸੰਨਿਆਸੀ ॥ ਨਹ ਤ੍ਰਿਪਤੀ ਰਸਨਾ ਹਰਿ ਰਸ ਪਿਆਸੀ ॥
ਬੈਰਾਗੀ ਤਿਆਗੀ ਅਉ[6] ਬ੍ਰਹਮਚਾਰੀ[7] ॥ ਖੋਜਿ ਫਿਰਿਓ ਕਛੂ ਸਾਂਤਿ ਨ ਧਾਰੀ ॥2॥

ਦੋਹਰਾ ॥ ਪੁਰਬਨ ਉਪਬਨ ਖੋਜਿਓ ਲਹੀ ਨ ਮਨ ਨੈ[8] ਸਾਂਤਿ ॥
ਸਤਿਗੁਰ ਰਾਮਾਨੰਦ ਮਿਲਿ ਮਿਟਿ ਗਈ ਮਨ ਕੀ ਭ੍ਰਾਂਤਿ[9] ॥1॥

ਚੌਪਈ ॥ ਇਕ ਨਿਸਿ ਚੋਰੁ ਨਗਰ ਮਹਿ ਪਰਾ ॥ ਭਈ ਜਾਗ ਚੋਰੁ ਤਬ ਡਰਾ ॥
ਤਾ ਪਾਛੈ ਪਹਰੂਆ ਪਰਿਓ ॥ ਦਉਰ ਚੋਰੁ ਕਬੀਰ ਘਰ ਬਰਿਓ ॥
ਦੁਇ ਦੁਇ ਸੂਤੇ[10] ਹੁਤੇ ਤਿਥਾਈ ॥ ਇਕ ਸਹਿ ਸੁਤਾ ਕਬੀਰ ਬਤਾਈ ॥
ਜਾਇ ਚੋਰੁ ਬਾਲੀ ਸਿਉ ਪਰਾ ॥ ਤਾ ਘਰ ਮਾਹਿ[11] ਲੋਕ ਸਭ ਬਰਾ ॥
ਢੂੰਢਿ ਰਹੀ[12] ਚੋਰੁ ਕਹੀ[13] ਨ ਪਾਇਆ ॥ ਧੀਅ ਜਵਾਈ ਬਹੂ ਪੂਤ ਬਤਾਇਆ ॥3॥

ਦੋਹਰਾ ॥ ਪ੍ਰੇਮ ਪਿਆਲਾ ਪੀਅ ਕੈ ਕਬੀਰਾ ਗਹਿਓ ਬਉਰਾਹਿ ॥
ਗੈਰਤਿ ਤਿਹ ਤੇ ਮਿਟਿ ਗਈ ਰਹਿਓ ਪ੍ਰੇਮ ਘਰੁ ਛਾਇ[14] ॥1॥

ਚੌਪਈ ॥ ਇਕ ਦਿਨ ਵਾ ਘਰ ਪ੍ਰੇਮੀ ਆਏ ॥ ਪ੍ਰੀਤਮ ਸਿਉ ਜਿਨ ਪ੍ਰੇਮੁ ਲਗਾਏ[15] ॥
ਤਾ ਦਿਨ ਵਾ ਘਰ ਕਛੂ ਨ ਰਹਈ ॥ ਭਾਉ ਭਗਤਿ ਕਿਆ ਤਿਨ ਕੀ ਕਰਈ ॥
ਲੋਈ ਤਬ ਮਨ ਮਾਹਿ ਬੀਚਾਰਾ ॥ ਬਨੀਆ ਏਕ ਤਿਸੁ ਦੇਖਨਹਾਰਾ ॥
ਤਹ ਸੀਧਾ ਜਾਇ ਮਾਂਗਿਓ ਉਧਾਰਾ[16] ॥ ਤਿਨ ਰੈਨ ਆਵਨ ਕਾ ਬਚਨ ਉਚਾਰਾ[17] ॥
ਸੋ ਮਾਨ ਬਚਨੁ ਸੀਧਾ ਲੈ ਆਈ ॥ ਕਰਿ ਸਿਧ ਰਸੋਈ ਤਿਨਹਿ ਜਿਵਾਈ ॥4॥

---

(1) ਪਾਠਾਂਤਰ ਅ ਪੋਥੀ 'ਤਿਨਿ ਪ੍ਰੇਮ ਕੈ ਬਸਿ ਸੁਧਿ ਬਿਸਰਾਇ' (2) ਅ ਪੋਥੀ 'ਸਕਲ' (3) ਅ ਪੋਥੀ 'ਤਿਨਹਿ' (4) ਏ ਪੋਥੀ 'ਸੋ' (5) ਅ ਪੋਥੀ 'ਅਸਾਰ', ਏ ਪੋਥੀ 'ਸਾਰ' (6) ਅ ਪੋਥੀ 'ਅਰੁ' (7) ਏ ਪੋਥੀ 'ਬ੍ਰਹਮਚਾਰੀ' (8) ਅ ਪੋਥੀ 'ਮਹਿ' (9) ਪਾਠਾਂਤਰ ਏ ਪੋਥੀ 'ਸਤਿਗੁਰ ਰਾਮਾਨੰਦ ਮਿਲਿਓ ਗਈ ਸੁ ਮਨ ਕੀ ਭ੍ਰਾਂਤਿ' (10) ਏ ਪੋਥੀ 'ਸੋਤੇ'
(11) ਏ ਪੋਥੀ 'ਮੇ' (12) ਏ ਪੋਥੀ 'ਰਹੇ'
(13) ਏ ਪੋਥੀ 'ਕਹੂੰ' (14) ਏ ਪੋਥੀ 'ਛਾਇ'
(15) ਏ ਪੋਥੀ 'ਲਗਾਏ' (16) ਅ ਪੋਥੀ 'ਉਧਾਰ'
(17) ਪਾਠਾਂਤਰ ਏ ਪੋਥੀ 'ਰੈਨ ਆਵਨ ਕਾ ਤਿਨ ਬਚਨ ਉਚਾਰਾ'

ਦੋਹਰਾ ॥ ਕਬੀਰ ਕਹੀ ਤੇ ਆਇਆ ਰਿਮ ਝਿਮ ਪਰਤ ਫੁਹਾਰ ॥
ਦਾਦਰ ਮੋਰ ਪਪੀਹਰਾ ਚਹੁ ਦਿਸ ਪ੍ਰੇਮ[1] ਝੀਗਾਰ ॥1॥

ਚੌਪਈ ॥ ਸੁਨੀ[2] ਕਬੀਰ ਅਉ ਬਚਨ ਬਿਚਾਰਾ ॥ ਭਈ ਰੈਨ ਤਬ ਤ੍ਰੀਆ ਸੀਗਾਰਾ ॥
ਕਾਂਧੇ ਤਾ ਕਉ ਲੀਆ ਉਠਾਈ ॥ ਮਤੁ ਚਰਨ ਚੀਰ ਕੀਚੈ ਭਰਿ ਜਾਈ[3] ॥
ਜਹ[4] ਬਨੀਆ ਦੇਖਤ ਨੈਨ ਉਘਾਰੀ ॥ ਸੂਕੇ ਥਰੈ ਤਿਨ ਜਾਇ ਉਤਾਰੀ ॥
ਵਹ ਦੇਖਿ ਤਮਾਸਾ ਅਚਰਜੁ ਰਹਾ ॥ ਪਾਇ ਮਤਾਤੁ ਉਨਿ ਮਾਤਾ ਕਹਾ ॥
ਜਿਵ ਪੀਆ ਪੀਠ ਤ੍ਰੀਆ ਚੜਿ ਆਈ ॥ ਤਿਉ ਫਿਰਿ ਬਨੀਏ ਘਰਿ ਪਹੁਚਾਈ ॥5॥

ਦੋਹਰਾ ॥ ਇਨ ਪ੍ਰੇਮੈ ਜਗੁ ਬਉਰਾਇਆ ਰਖੀ ਨ ਕੁਲ ਕੀ ਕਾਂਨ ॥
ਸਭ ਬਾਤਨ ਬਉਰਾ ਕਰੈ ਬਉਰਾਈ ਮਹਿ ਸਿਆਨੀ[5] ॥1॥

ਚੌਪਈ ॥ ਕਬੀਰ ਭਈ[6] ਜਬ ਪ੍ਰੇਮ ਅਧਕਾਈ ॥ ਪ੍ਰੇਮ ਕੈ ਬਸਿ ਤਿਸੁ[7] ਬੁਧਿ ਬਉਰਾਈ ॥
ਨਿਰਤ ਕਰਤ ਧੀਰ ਨਹੀ ਧਰਈ ॥ ਮਗਨੁ ਹੋਇ ਮਨ ਕੀਰਤਨੁ ਕਰਈ ॥
ਅਤਿ ਨਿਲਜ[8] ਹੋਇ ਕੂਕ ਪੁਕਾਰੈ ॥ ਮਨੋ ਪਪੀਹਾ ਪੀਉ ਪੀਉ ਧਾਰੈ[9] ॥
ਮਨ ਕੀ ਲਗਨ ਕਹਾ ਲਉ ਰੁਕੈ ॥ ਚੋਲੈ ਚਿਨਗ ਪਰੀ[10] ਕਿਉ ਛਪੈ ॥
ਜਾਹੀ ਓਰ ਵਰ ਨਿਕਸਿ ਸਿਧਾਵੈ ॥ ਸਹੰਸ੍ਰ ਲੋਕ ਤਹਾ ਜੁਰਿ ਜਾਵੈ ॥6॥

ਦੋਹਰਾ ॥ ਕਾਸੀ ਬਾਸੀ ਬਿਪ੍ਰ ਸਭ ਮਨ ਮਹਿ ਖੁਨਸ ਬਢਾਇ ॥
ਤਾਹਿ ਲਜਾਵਨਿ ਕਾਰਨੈ ਮਨ ਮਹਿ ਕਰਹਿ ਉਪਾਇ ॥1॥

ਚੌਪਈ ॥ ਮਿਸ ਮਹੋਛੈ ਸਾਧ ਬੁਲਾਵੈ ॥ ਸਤ[11] ਸਹੰਸ੍ਰ ਲਖ[12] ਜੁਰਿ ਜਾਵੈ ॥
ਤਿਨ ਭੋਜਨੁ ਤਬ ਕਹ ਤੇ ਦੇਹੈ ॥ ਹੋਇ ਸਿਰਮਿੰਦਾ ਨਿਕਸਿ ਸਿਧੈਹੈ ॥
ਲੇ ਕਾਗਦ ਇਹੁ ਲਿਖਿਓ ਬੀਚਾਰਾ ॥ ਭਗਤਿ ਕਬੀਰ ਮਹੋਛਾ ਧਾਰਾ ॥
ਦੇਸ ਦੇਸ ਕਉ ਦੀਨ ਪਠਾਏ ॥ ਬਹੁਤੁ ਮਹੰਤ ਅਤੀਤ ਬੁਲਾਏ ॥
ਜੁਰਿ ਆਏ ਬਹੁ ਵਾਹੀ ਬੇਰਾ ॥ ਆਇ ਕਬੀਰ ਦੁਆਰ[13] ਘੇਰਾ ॥7॥

ਦੋਹਰਾ ॥ ਕਹੂੰ ਕਬੀਰ ਮਤਵਾਰਾ ਪਰਾ ਪੀਐ ਪ੍ਰੇਮ ਮਦ ਸੋਇ ॥
ਤਾ ਕਉ ਸੁਧਿ ਨਹੀ ਦੇਹ ਕੀ ਕਰਤਾ ਕਰੈ ਸੁ ਹੋਇ ॥1॥

ਚੌਪਈ ॥ ਜਿਨ ਪ੍ਰੇਮ ਕਬੀਰੁ ਬਉਰਾਇਆ ॥ ਸੋਈ ਪ੍ਰੇਮੁ ਪ੍ਰੀਤਮ ਮਨਿ ਭਾਇਆ ॥
ਪ੍ਰੀਤਮ ਨਿਰੰਕਾਰੁ ਨਿਰਬਾਨੁ ॥ ਅਜ ਅਕ੍ਰੀ ਨਿਰਗੁਨ ਪ੍ਰਗਿਆਨੁ[14] ॥
ਲਗਤ[15] ਪ੍ਰੇਮ ਅਕਾਰ ਕਉ ਧਾਰਾ ॥ ਅਨੇਕ ਬਾਨ ਲਗ ਪ੍ਰਾਨ ਪ੍ਰਹਾਰਾ ॥
ਅਕ੍ਰੀ ਕਿਰਿਆ ਗਤਿ ਮਹਿ ਆਵਾ ॥ ਬਨਜਾਰੇ ਕਾ ਰੂਪ ਬਨਾਵਾ ॥
ਬਲਦ ਸਹੰਸ੍ਰ ਤਿਨ ਲੀਨ ਬਨਾਏ ॥ ਲਾਦਿ ਸਮਗ੍ਰੀ ਤਹਾ[16] ਲੇ ਆਏ ॥8॥

---

(1) ੲ ਪੋਥੀ 'ਪਰੈ' (2) ੲ ਪੋਥੀ 'ਸੁਨੁ' (3) ਪਾਠਾਂਤਰ ਅ ਤੇ ੲ ਪੋਥੀ 'ਮਤੁ ਵਾ ਚਰਨ ਚੀਰ ਚੀਕਰਿ ਭਰਿ ਜਾਈ' (4) ਅ ਪੋਥੀ 'ਜਹਾ' (5) ਅ ਪੋਥੀ 'ਸਿਆਣ' (6) ਅ ਪੋਥੀ 'ਭਈਆ' (7) ੲ ਪੋਥੀ 'ਤਿਨ' (8) ਅ ਪੋਥੀ 'ਨਿਲਾਜ', ੲ ਪੋਥੀ 'ਨਿਰਲਜੁ' (9) ੲ ਪੋਥੀ 'ਪੁਕਾਰੈ' (10) ਅ ਪੋਥੀ 'ਪਈ' (11) ੲ ਪੋਥੀ 'ਸਤੈ' (12) ਅ ਪੋਥੀ 'ਲਾਖ' (13) ਅ ਪੋਥੀ 'ਦੁਆਰਾ' (14) ਅ ਪੋਥੀ 'ਪ੍ਰਗਿਆਨ' (15) ੲ ਪੋਥੀ 'ਲਾਗਤ' (16) ੲ ਪੋਥੀ 'ਤਿਹ'

ਦੋਹਰਾ ॥ ਘੀਉ ਖਾਂਡ ਮੈਦਾ ਮਧੁ ਦਾਲੈ ਤਦੰਲੁ ਅਨਿਕ ਪ੍ਰਕਾਰ ॥
ਲੋਨ ਹਲਦ ਲਕੜੀ ਬਹੁ ਬਸਤਰ ਲਿਆਓ ਖੇਪ ਅਪਾਰ ॥1॥

ਚੌਪਈ ॥ ਭਾਗ[1] ਤਮਾਕੂ ਫੀਮ[2] ਅਪਾਰਾ ॥ ਦੁਆਰ ਕਬੀਰ ਕੈ ਦੀਨੀ ਢਾਰਾ ॥
ਬਹੁ ਬਿਧਿ ਪਾਲੈ ਤਾਨ[3] ਤਨਾਈ ॥ ਕਬੀਰ ਰੂਪੁ ਧਰਿ ਲੀਓ ਗੁਸਾਈ ॥
ਬਨਜਾਰਾ ਭਇਓ ਅਗਿਆਕਾਰੀ ॥ ਦੋਉ ਸਰੂਪੁ ਧਰਿ ਸੇਵਾ ਧਾਰੀ ॥
ਕਬੀਰ ਭਗਤੁ ਸੇਵਕੁ ਬਨਜਾਰਾ ॥ ਦੋਊ ਗਰੇ ਦੋਉ ਬਾਹੇ ਡਾਰਾ ॥
ਅਤੀਤ ਅਤੀਤ ਪਹਿ ਪੂਛਹਿ ਜਾਇ ॥ ਜੋ ਮਾਗਹਿ ਤਿਨ ਦੇਹਿ ਦਿਵਾਈ ॥9॥

ਦੋਹਰਾ ॥ ਚਾਰੋ ਬਰਨ ਇਕਤਰ[4] ਸਭ[5] ਲੋਕ ਕਾਸੀ ਬਾਸੀ ਜੋਇ ॥
ਦੇਖਿ ਤਮਾਸਾ ਕਛੁ ਕਹਨੁ ਨ ਆਵੈ ਬਿਸਮੈ[6] ਰਹਿ ਗਇਓ ਸੋਇ ॥1॥

ਚੌਪਈ ॥ ਦੁਇ ਦਿਨ ਭਲੀ ਭਾਤਿ ਜਿਵਾਏ ॥ ਸਭਹਨ ਕਉ ਬਸਤਰ ਪਹਿਰਾਏ ॥
ਕੀਏ ਬਿਦਾ ਚਲੇ ਚਹੁ ਦਿਸ ਹੋਈ ॥ ਜੈ ਜੈ ਕਾਰ ਕਰੈ ਸਭੁ ਕੋਈ ॥
ਧੰਨੁ ਕਬੀਰ ਅਉ ਧੰਨੁ ਬਨਜਾਰਾ ॥ ਜਿਨ ਕਛੁ ਅਰਮਾਨੁ ਨ ਰਖਿਓ ਹਮਾਰਾ ॥
ਪੁਨਿ ਪ੍ਰੀਤਮ ਪ੍ਰੇਮੀ ਜਾਇ ਮਿਲਿਆ ॥ ਪ੍ਰੇਮੀ ਹੋਇ ਪ੍ਰੀਤਮ ਜਾਇ ਭਲਿਆ ॥
ਕਹਿਓ ਕਬੀਰ ਉਠਓ ਪ੍ਰਭ ਮੋਰੇ ॥ ਹਉ ਸਦ ਬਲਿਹਾਰੀ ਹੋਵਉ ਤੋਰੇ ॥10॥

ਦੋਹਰਾ ॥ ਕਬੀਰ ਜੁ ਦਰਸਨ ਦੇਖਿਆ ਤਨ ਮਨੁ ਗਇਆ ਬਿਲਾਇ ॥
ਤੂਟੇ ਨਾਤੇ ਦੁਈ ਕੋ ਰਹਿਓ ਪ੍ਰੇਮੁ ਘਰਿ ਛਾਇ[7] ॥1॥

ਚੌਪਈ ॥ ਚਾਰਿ[8] ਨੈਨ ਸਿਉ[9] ਆਪੁ ਨਿਹਾਰੈ ॥ ਸਹੰਸ੍ਰ ਨੈਨ ਕਰਿ ਪ੍ਰੇਮ ਨਹਾਰੈ ॥
ਦੋਊ ਓਰ ਭਏ ਸਮਸਰਾ[10] ॥ ਮਾਨੋ ਦੁਹ ਦਿਸਿ ਦੀਪਕ ਜਰਾ[11] ॥
ਦੋਊ ਓਰ ਵੈ ਪ੍ਰੇਮੁ ਬੀਚਾਰੈ ॥ ਦੋਉ ਓਰ ਪ੍ਰੀਤਮ ਕਉ ਧਾਰੈ ॥
ਦੋਊ ਪ੍ਰੀਤਮ ਪ੍ਰੇਮੀ ਭਏ ॥ ਲੀਲਾ ਪ੍ਰੇਮੁ ਨ ਜਾਈ ਕਹੇ ॥
ਪ੍ਰੇਮ ਕੀ ਲੀਲਾ ਅਗਮ ਅਪਾਰ ॥ ਪ੍ਰੀਤਮ ਪ੍ਰੇਮੀ ਜਾਨਤ[12] ਸਾਰ[13] ॥11॥

ਦੋਹਰਾ ॥ ਪ੍ਰੇਮ ਦੁਹੂੰ ਦਿਸ ਏਕ ਸਾ ਜਾਨਤ ਜੋਈ ਕਮਾਹਿ ॥
ਜਿਉ ਖਾਡੇ ਦੁਹ ਧਾਰ ਕੇ ਆਗੈ ਪਾਛੋ ਨਾਹਿ ॥1॥

---

(1) ਅ ਪੋਥੀ 'ਭੰਗ' (2) ਅ ਪੋਥੀ 'ਹਫੀਮ' (3) ਅ ਤੇ ਏ ਪੋਥੀ 'ਤਨੈ'
(4) ਅ ਤੇ ਏ ਪੋਥੀ 'ਇਤ' (5) ਏ ਪੋਥੀ 'ਸਭੈ' (6) ਅ ਪੋਥੀ 'ਬਿਸਮ'
(7) ਪਾਠਾਂਤਰ ਅ ਪੋਥੀ 'ਹਰਿ ਸੰਤ ਜਨਾ ਕੈ ਕਾਰਨੈ ਜਗੁ ਲੀਲਾ ਰਚੀ ਬਨਾਇ ॥ ਪ੍ਰਭ ਸੰਤ ਜਨਾ ਅਧੀਨੁ ਹੈ ਹਰਿ ਜਨੁ ਕੀ ਟਹਲ ਕਮਾਇ ॥'
ਏ ਪੋਥੀ 'ਜਿਹ ਘਟਿ ਪ੍ਰੇਮੁ ਪ੍ਰਕਾਸਿਓ ਸਭ ਸੁਧਿ ਬੁਧਿ ਗਈ ਬਿਲਾਇ ॥ ਪ੍ਰੇਮ ਸਿਉ ਛਕਿਓ ਛਕਿ ਰਹਿਓ ਸੋ ਏਕ ਟਕਿ ਲਿਵਲਾਇ ॥
(8) ਅ ਪੋਥੀ 'ਚਾਰੋ' (9) ਏ ਪੋਥੀ 'ਕਰਿ'
(10) ਅ ਪੋਥੀ 'ਸਮਸਾਰ' ਏ ਪੋਥੀ 'ਸੰਸਾਰਾ' (11) ਅ ਤੇ ਏ ਪੋਥੀ 'ਧਾਰਾ'
(12) ਅ ਪੋਥੀ 'ਜਾਨਿਸ' (13) ਅ ਪੋਥੀ 'ਤਾਰ'

ਚੌਪਈ ॥ ਬਹੁਰਿ ਭਏ ਹਰਿ ਅੰਤਰ ਧਿਆਨ ॥ ਕਬੀਰਾ ਹਰਿ ਹੀ ਭਇਓ ਨਿਦਾਨ ॥
ਦਿਬ ਦਿਸਟ[1] ਤਿਨ ਨੈ ਅਵਧਾਰੀ[2] ॥ ਸਭ ਘਟ ਆਤਮੁ ਰੂਪ ਨਿਹਾਰੀ ॥
ਜਹ ਜਹ ਦ੍ਰਿਸਟਿ ਪਰੈ ਤਿਸੁ ਜਾਈ ॥ ਬਿਨ ਆਤਮ ਤਿਹ ਦੇ ਨ ਦਿਖਾਈ ॥
ਪ੍ਰੇਮ ਮਗਨ ਮਾਤੋ ਸੋ ਫਿਰੈ ॥ ਮਨ ਕੀ ਬਾਤ ਮਨ ਹੀ ਮੋ ਜਰੈ ॥
ਜਤ ਕਤ ਆਤਮ ਦੇਇ ਦਿਖਾਈ ॥ ਪ੍ਰੇਮ ਜਿਉ ਮਗਨੁ ਹੋਇ ਨਿਰਖਾਈ ॥12॥

ਦੋਹਰਾ ॥ ਘਾਇਲ ਜਿਉ ਘੂਮਤੁ ਫਿਰੈ ਛਡੇ ਅਹੰਮ ਮਪੋਟ ॥
ਤਾ ਕੈ ਸਮਸਰਿ[3] ਨਾਹਿ ਕੋ ਦੇਖੁ ਪ੍ਰੇਮ ਕੀ ਚੋਟ ॥1॥

ਸੋਰਠਾ ॥ ਲੀਲਾ ਅਗਮ ਅਪਾਰ ਹਰਿ ਕਬੀਰ ਜੀ ਜੋ ਕਰੀ ॥
ਤਿਨ ਕੋ ਬਹੁ ਬਿਸਥਾਰ ਸਭ ਐਸੇ[4] ਹੀ ਸਮਝੀ[5] ॥1॥22॥2॥2 (1)

## ੧ਓ ਪਰਚੀ ਧੰਨੇ ਜੀ ਕੀ[6]

ਚੌਪਈ ॥ ਬਿਪ੍ਰ ਤ੍ਰਿਲੋਚਨ ਪ੍ਰੀਤ ਲਗਾਈ ॥ ਸੇਵਾ ਪੂਜਾ ਤਿਸੁ ਮਨਿ ਭਾਈ ॥
ਜਾਇ ਸਰੋਵਰ ਕਰਿ ਇਸਨਾਨਾ ॥ ਸੇਵਾ ਠਾਕੁਰ ਕਰੈ ਪ੍ਰਧਾਨਾ ॥
ਧੂਪ ਦੀਪ ਨਈਵੇਦ ਚੜਾਵੈ ॥ ਮੁਰਲੀ ਘੰਟਾ ਨਾਦੁ ਵਜਾਵੈ ॥
ਧੰਨਾ ਤਹਾ ਜਾਟ ਕੋ ਬਾਲਕੁ ॥ ਤਾ ਕੈ ਨਿਕਟਿ ਗਊ ਸੁਤਾ ਚਰਾਵਕੁ[7] ॥
ਤਾ ਕਉ ਨਾਦੁ ਕਾਨ ਤਿਸੁ ਪਰੈ ॥ ਪ੍ਰੇਮ ਕੇ ਬਸਿ ਹੋਇ ਧੀਰੁ ਨ ਧਰੈ ॥1॥

ਸੋਰਠਾ ॥ ਸੁਨਤ ਨਾਦ ਸੋ ਕਾਂਨ ਮ੍ਰਿਗ ਜਿਉ ਛਕ ਵਹ ਜਾਵਈ ॥
ਬਿਆਕੁਲ ਹੋਇ ਪਰਾਨ ਆਇ ਠਾਢਾ ਤਹਾ ਹੋਇ ਰਹੈ[8] ॥1॥

ਚੌਪਈ ॥ ਇਕ ਟਕ ਜਾਇ ਦਰਸਨ ਮੈ ਲਾਵੈ ॥ ਤਨ ਮਨ ਕੀ ਸੋ ਸੁਧਿ ਬਿਸਰਾਵੈ ॥
ਤ੍ਰਿਲੋਚਨ ਪੂਜਾ ਕਰਿ[9] ਘਰਿ ਜਾਈ ॥ ਪ੍ਰੇਮ ਮਗਨ ਤਹ ਧੰਨਾ ਰਹਾਈ ॥
ਪ੍ਰੇਮ ਕੈ ਬਸਿ ਹੋਇ ਸਰਧਾ ਧਾਰਿ ॥ ਮੈ ਭੀ ਸੇਵਾ ਕਰਉ ਮੁਰਾਰੀ ॥
ਜਬ ਆਇ ਤ੍ਰਿਲੋਚਨ ਪੂਜਾ ਕਰੈ ॥ ਤਬ ਧੰਨਾ ਆਇ ਠਾਢਾ ਹੋਇ ਰਹੈ ॥
ਇਕ ਠਾਕੁਰੁ ਤਿਸ ਤੇ ਓਹੁ ਮਾਗੈ ॥ ਤਾ ਤੇ ਉਸ ਕਾ ਕਛੁ ਨ ਖਾਗੈ ॥2॥

ਦੋਹਰਾ ॥ ਜੋ ਠਾਕੁਰ ਦੇ ਲੈ ਪੂਜ[10] ਕੈ ਕਰੈ ਜਨਮੁ ਸਕਾਰਥੁ ਕੋਇ ॥
ਤਿਸੁ ਜੇਵਡੁ ਸੰਸਾਰ ਮਹਿ ਕੋ ਕੋ ਪਰਉਪਕਾਰੀ ਹੋਇ ॥1॥

ਚੌਪਈ ॥ ਗਰਿ ਡਾਰਿ ਮਦੂਰਾ[11] ਪੈਰੀ ਪਰੈ ॥ ਕਾਢਿ ਦਾਤ ਬਹੁ ਬਿਨਤੀ ਕਰੈ ॥

---

(1) ਅ ਪੋਥੀ 'ਦ੍ਰਿਸਟਿ' (2) ੲ ਪੋਥੀ 'ਅਧਾਰੀ'
(3) ਅ ਪੋਥੀ 'ਸਮਅਹਿ' (4) ਅ ਪੋਥੀ 'ਐਸੇ'
(5) ਅ ਪੋਥੀ 'ਸਮਝੀਐ' (6) ਅ ਤੇ ੲ ਪੋਥੀ 'ਪਰਚੀ ਧੰਨੇ ਤ੍ਰਿਲੋਚਨ ਕੀ'
(7) ਅ ਪੋਥੀ 'ਚਰਾਵਤ' (8) ਪਾਠਾਂਤਰ ਅ ਪੋਥੀ 'ਬਿਕਲ ਹੋਇ ਮਨ ਆਇ ਠਾਢਾ ਤਹਾ ਹੋਇ ਰਹੈ' (9) ਅ ਪੋਥੀ 'ਕਰੈ'
(10) ੲ ਪੋਥੀ 'ਪੂਜਾ' (12) ਅ ਪੋਥੀ 'ਮੰਦੂਰਾ', ੲ ਪੋਥੀ 'ਮੰਦੂਖਰੀ'

ਰੁਦਨੁ ਕਰੈ ਅਉ ਅਤਿ ਬਿਲਲਾਈ ॥ ਝਰਿ ਆਸੂ ਪਰਵਾਹੁ ਬਹਾਈ[1] ॥
ਕਬਹੂ ਊਭਾ ਹੋਇ ਕਰੈ ਸਲਾਮੁ ॥ ਕਬਹੂ ਪਕਰਿ ਪਗ ਮੰਗੈ ਇਨਾਮੁ[2] ॥
ਕਹੈ ਜੁ ਠਾਕੁਰ ਤੁਮ ਤੇ ਪਾਵਉ ॥ ਅਉ ਕਰਿ ਸੇਵਾ ਪੁਨਿ ਤਿਸੈ ਰੀਝਾਵਉ ॥
ਜੋ ਕਿਛੁ ਹੋਵੈ ਲਾਭੁ ਮੁਝ ਤਾਈ ॥ ਸੋ ਤੁਮ ਤੇ ਨਹੀ ਰਖਉ ਦੁਰਾਈ ॥3॥

ਦੋਹਰਾ ॥ ਤ੍ਰਿਲੋਚਨ ਜੀਅ ਵੀਚਾਰਿਆ ਇਹੁ ਬਾਲਕੁ ਜਾਤਿ ਗਵਾਰ ॥
ਬਾਲਕ ਤ੍ਰੀਆ ਗਵਾਰ ਹਠੁ[3] ਕਿਉ ਕਰਿ ਜਾਇ ਨਿਵਾਰਿ ॥1॥

ਚੌਪਈ ॥ ਤਬ ਤ੍ਰਿਲੋਚਨ ਕੀਓ ਬਖਿਆਨਾ ॥ ਸੁਨਿ ਧੰਨਾ ਤੂੰ ਆਹਿ ਨਿਦਾਨਾ ॥
ਤੁਝ ਤੇ ਠਾਕੁਰ ਸੇਵਾ ਨ ਹੋਈ ॥ ਇਸ ਖਿਆਲ ਨ ਪਰਹੁਰ ਸਗੁ[4] ਸਭੁ ਕੋਈ ॥
ਤਬ[5] ਧੰਨੈ ਹੀਏ ਆਹਿ ਨਿਕਾਲਾ ॥ ਖਾਇ ਪਛਾਰ ਪਰਿਓ ਧਰਿ ਬਾਲਾ ॥
ਫਿਰੇ ਤਿਵਰ ਚੰਦਨੁ ਤਿਮੁ ਪਰੀ ॥ ਪ੍ਰਾਨ ਕੋ ਅੰਤਿ ਭਇਓ ਤਿਸੁ ਘਰੀ ॥
ਤਬ ਤ੍ਰਿਲੋਚਨ ਮਨਿ ਦਇਆ ਜਨਾਈ ॥ ਚੰਦਨੁ ਤੋਰ ਮੁਖਿ ਨੀਰੁ ਚੁਆਈ ॥4॥

ਦੋਹਰਾ ॥ ਤ੍ਰਿਲੋਚਨ ਕਾਨ ਕਉ ਲਾਗਿ ਕੈ ਕਹਿਓ ਊਚੇ ਟੇਰ ਪੁਕਾਰ ॥
ਮੈ ਤੁਹਿ[6] ਠਾਕੁਰੁ ਦੇਤ ਹਉ ਤੂ ਉਠਿ ਬੈਠ ਸਮਾਰ ॥1॥

ਚੌਪਈ ॥ ਸੁਨਤ ਸਬਦ ਧੰਨਾ ਉਠਿ ਬੈਠਾ ॥ ਮਾਨੋ ਲਛਮਨ ਮੁਖਿ ਅੰਮ੍ਰਿਤੁ ਪੈਠਾ ॥
ਮੁਖਿ ਕਉ ਪੋਛ ਹੀਏ ਮਹਿ ਲਾਇਆ ॥ ਇਕੁ ਠਾਕਰੁ ਘਰ ਮਾਹਿ ਬਤਾਇਆ[7] ॥
ਅਤਿ ਸੰਦਰ ਇਨ ਤੇ ਹੈ ਬਡਾ ॥ ਤਾ ਤੇ ਮੈ ਘਰ ਮੈ ਹੈ ਛਡਾ ॥
ਤੂ ਲੇ ਰਾਖੁ ਇਹੁ ਆਸਣੁ ਮੇਰਾ ॥ ਮੈ ਆਣਿ ਦੇਉ ਠਾਕੁਰੁ ਇਹ ਬੇਰਾ ॥
ਅਤਿ ਸੁੰਦਰ ਤਿਸੁ ਘਰ ਇਕੁ ਪਾਥਰੁ ॥ ਧੰਨੈ ਆਣਿ[8] ਦੀਓ ਸੋ ਤਾਥਰੁ ॥5॥

ਦੋਹਰਾ ॥ ਧੰਨਹਿ ਪਾਥਰੁ ਦੇਇ ਕੈ ਤ੍ਰਿਲੋਚਨੁ ਗਇਓ ਬਿਦੇਸ ॥
ਤਾ ਕਉ ਤਿਸਹੀ ਕਾਲ ਮਹਿ ਕਿਨੀ ਆਨਿ ਦੀਓ ਸੰਦੇਸੁ ॥1॥

ਚੌਪਈ ॥ ਜਬ ਠਾਕੁਰ ਧੰਨੈ ਨੇ ਪਾਵਾ ॥ ਮਨੁ ਤਨੁ ਮਗਨ ਹੋਇ ਤਬ ਆਵਾ ॥
ਜੁਆਰੀ ਧਨ ਜਿਉ ਹਾਰਿਓ ਪਾਇਆ ॥ ਮਾਨੋ ਸੂਰੁ ਜੀਤ ਰਣੁ ਆਇਆ ॥
ਜਿਵ ਸਾਧਨ ਤੇ ਸਿਧ ਹੋਇ ਆਵੈ ॥ ਅਉ ਬਿਰਧ ਅਵਸਥਾ ਸੁਤੁ ਕੋਊ ਪਾਵੈ[9] ॥
ਜੈਸੇ ਫਿਰਿ ਪਰਵਾਨਾ ਆਮਲ[10] ਪਾਇਆ ॥ ਮਨੁ[11] ਗਇਓ ਪਵਾਰਿ ਫੇਰਿ ਜੀਉ ਆਇਆ ॥
ਕੁਮਲਾਨੀ[12] ਸਾਖ ਮੇਘੁ ਬਰਖਾਨਾ ॥ ਜਗਿਆਸੀ ਕਾਨ ਮਨੋ ਪਰਿਓ ਗਿਆਨਾ ॥6॥

---

(1) ਅ ਪੋਥੀ 'ਬਾਹਾਹੀ' (2) ਅ ਪੋਥੀ 'ਇਹੁਨਾਮ'
(3) ਅ ਪੋਥੀ 'ਹਰੁ' (4) ੲ ਪੋਥੀ 'ਸੰਗ'
(5) ਅ ਪੋਥੀ 'ਤਬਹਿ' (6) ੲ ਪੋਥੀ 'ਤੁਮ'
(7) ਪਾਠਾਂਤਰ ਅ ਪੋਥੀ 'ਤਬਹਿ ਤ੍ਰਿਲੋਚਨ ਭਾਖਿ ਸੁਨਾਇਆ' (8) ਅ ਪੋਥੀ 'ਆਨਿ'
(9) ਅ ਤੇ ੲ ਪੋਥੀ 'ਅਉ ਤ੍ਰਿਆ' (10) ਅ ਪੋਥੀ 'ਅਮਲਿ'
(11) ਅ ਪੋਥੀ 'ਮਾਨੋ' (12) ਅ ਪੋਥੀ 'ਅਕੁਲਮਾਨੀ'

ਦੋਹਰਾ ॥ ਧੰਨੈ ਮਨੁ ਮਾਨੋ ਸੀਪੁ ਥਾ ਸੁਆਤ ਬੂੰਦ ਹਰਿ ਆਹਿ ॥
ਤਾ ਕਉ ਭੇਟਤ ਸਾਤਿ ਸਰਿ ਡੁਬਕੀ ਲੀਨੀ ਤਾਹਿ ॥1॥

ਚੌਪਈ ॥ ਪਾਇਓ ਠਾਕੁਰੁ ਸਾਤਿ ਨ ਪਾਈ[1] ॥ ਤਾ ਸੇਵਾ ਕੀ ਰੁਚਿ ਉਪਜਾਈ ॥
ਲਿਆਉ ਜਾ ਬਛਰਾ ਜਹ ਚਰੈ ॥ ਤਹ ਇਕੁ ਸੁਭਗੁ[2] ਸਰੋਵਰੁ ਰਹੈ ॥
ਕਰਿ ਇਸਨਾਨ ਤਿਨ ਤਿਸਹਿ ਨਵਾਇਆ ॥ ਦੇ ਚਉਕਾ ਬਸਤ੍ਰ ਬੇਛਾਇਆ[3] ॥
ਪ੍ਰੇਮ ਸਿਉ ਪੋਛਿ ਉਪਰਿ ਲੇ ਰਾਖਾ ॥ ਕਰਿ ਨਮਸਕਾਰੁ ਪੁਨਿ ਧੰਨੈ ਭਾਖਾ ॥
ਇਹੁ ਰੋਟੀ ਮਾਤ[4] ਪ੍ਰਾਤ ਮੁਹਿ ਦੀਨੀ[5] ॥ ਸੋ ਤੁਮ ਭੋਗਹੁ ਠਾਕੁਰ ਪਰਬੀਨੀ ॥7॥

ਦੋਹਰਾ ॥ ਮੈ ਅਜਾਨੁ ਜਾਨਉ ਨਹੀ ਸੇਵਾ ਤੋਹਿ ਅਪਾਰ ॥
ਦੀਨ ਛੀਨ ਗਥਹੀਨ[6] ਜਾਂਨ ਕਰਿ ਸਰਧਾ ਰਾਖੁ ਮੁਰਾਰ[7] ॥1॥

ਚੌਪਈ ॥ ਮੈ ਅਜਾਨੁ ਤੁਹਿ ਸੇਵ ਨ ਜਾਨਉ ॥ ਤਾ ਤੇ ਤੇਰੈ ਮਨਿ ਨਹੀ ਮਾਨਉ ॥
ਮੈ[8] ਬਾਲਕੁ ਤੂ ਠਾਕਰੁ ਮੇਰਾ ॥ ਜਨਮ ਜਨਮ ਮੈ ਸੇਵਕੁ ਤੇਰਾ ॥
ਸੋਈ ਠਾਕੁਰੁ ਠਕੁਰਾਈ ਜਾਨੈ ॥ ਪਤਤਨਿ ਪਤਿਤਾਈ ਚਿਤ ਨ ਆਨੈ ॥
ਪਤਿਤ ਉਧਾਰਨ ਬਿਰਦੁ ਵਡਿਆਈ ॥ ਆਦਿ ਜੁਗਾਦੀ ਪੈਜ ਰਖਾਈ ॥
ਜੋ ਅਪਰਾਧ ਦੇਖੋ ਮੋ ਮਾਹ[9] ॥ ਸੋ ਕਿਰਪਾ ਕਰਿ ਛਿਮਾ ਕਰਾਹੁ ॥5॥ (8)

ਦੋਹਰਾ ॥ ਜੋ ਜੋ ਅਉਗਨ ਮੁਝਿ ਮੈ ਸਭ ਬਖਸ ਗੁਪਾਲ ॥
ਆਪਨੀ ਓਰ ਨਿਹਾਰੀਏ ਖਾਇਏ ਪਾਕੁ ਦਇਆਲ[10] ॥1॥

ਚੌਪਈ ॥ ਧੁਨਿ ਧੰਨੇ ਨੈ ਮਨਿ ਐਸੀ ਆਈ ॥ ਬਿਨੁ ਧੂਪ ਦੀਪ ਠਾਕੁਰ ਰੇਸਾਈ ॥
ਲੈ ਕਾਸਟ ਤਿਨ ਅਗਨਿ ਉਪਾਇਆ[11] ॥ ਸੋਰਭ ਲਕਰੀ ਜਾਰਿ ਧੁਪਾਇਆ[12] ॥
ਦੀਪਕ ਤੁਛ ਜੁਆਲਾ ਇਵ ਜਾਨੀ ॥ ਤਾਹਿਉ ਪੇਛ[13] ਬਹੁ ਅਗਨਿ ਜਰਾਨੀ ॥
ਤਉ ਠਾਕੁਰ ਰੋਟੀ ਨਹੀ ਖਾਵੈ ॥ ਅਤਿ ਆਤੁਰੁ[14] ਧੰਨਾ ਬਿਲਲਾਵੈ ॥
ਜੋਈ ਕਪਟੁ ਤ੍ਰਿਲੋਚਨ ਕੀਨਾ ॥ ਹੀਐ ਸੂਧੇ ਧੰਨੇ ਨਹੀ ਚੀਨਾ ॥9॥

ਦੋਹਰਾ ॥ ਪਾਥਰ ਸਭ ਕੋ ਪੂਜਈ ਅੰਧੇ ਮੁਗਧ ਅਗਿਆਨ[15] ॥
ਤਾ ਪਾਥਰ ਮਹਿ ਬ੍ਰਹਮੁ ਜੋ ਵਿਰਲਾ ਲਏ[16] ਪਛਾਨ ॥1॥

ਚੌਪਈ ॥ ਹੇ ਠਾਕੁਰ ਕਿਉ ਭੋਗ ਨ ਖਾਹੀ ॥ ਰੂਖੀ ਰੋਟੀ ਚਿਤਿ ਨ ਪਾਹੀ ॥
ਬੇਰ ਭੀਲਨੀ ਕੇ ਮੀਠੇ ਲਗਾਨੇ ॥ ਬਿਪ ਕੇ ਤੰਦੁਲ ਨੀਕੇ ਜਾਂਨੇ ॥
ਨਹ ਬਿਦਰ ਦਾਸ ਕੀ ਭਾਜੀ ਖਾਈ ॥ ਮੋ ਮੈ ਕਉਨੁ ਅਪਰਾਧ ਜਨਾਈ ॥

---

(1) ਪਾਠਾਂਤਰ ਅ ਪੋਥੀ 'ਪਾਇਓ ਠਾਕੁਰੁ ਸਾਤਿ ਤਿਨਿ ਪਾਈ' (2) ਅ ਤੇ ੲ ਪੋਥੀ 'ਸੁਭਰੁ' (3) ਅ ਪੋਥੀ 'ਵੇਛਾਇਆ' (4) ਅ ਪੋਥੀ 'ਮਾਤਾ' (5) ਪਾਠਾਂਤਰ ੲ ਪੋਥੀ 'ਰੋਟੀ ਪਰਾਤ ਮਾਤਾ ਮੋਹਿ ਦੀਨੀ' (6) ਅ ਪੋਥੀ 'ਗਤਿਹੀਨ' (7) ਪਾਠਾਂਤਰ ੲ ਪੋਥੀ 'ਦੀਨ ਛੀਨ ਗਤਿਹੀਨ ਹਉ ਸਰਧਾ ਰਾਖੁ ਮੁਰਾਰ' (8) ੲ ਪੋਥੀ 'ਹਉ' (9) ਅ ਪੋਥੀ 'ਮਾਹੀ' (10) ਪਠਾਂਤਰ ਅ ਪੋਥੀ 'ਅਪਨੀ ਓਰ ਨਿਹਾਰੀਐ ਬਖਸਹੁ ਆਪਿ ਦਇਆਲ', ੲ ਪੋਥੀ 'ਆਪਨੀ ਓਰ ਨਿਹਾਰੀਐ ਪਤਿਤ ਉਧਾਰਨ ਦਇਆਲ' (11) ੲ ਪੋਥੀ 'ਜਲਾਈ' (12) ੲ ਪੋਥੀ 'ਧੁਪਾਈ' (13) ੲ ਪੋਥੀ 'ਪਾਛੈ' (14) ੲ ਪੋਥੀ 'ਅੰਤਰਿ'
(15) ਅ ਪੋਥੀ 'ਅਜਾਨ' (16) ੲ ਪੋਥੀ 'ਭਏ'

ਇਹੁ ਰੋਟੀ ਅਉਰੁ ਉਪਰ[1] ਨ ਜੋਈ ॥ ਸਭੁ ਸਰਬੰਸੁ ਮੈ ਦੀਆ[2] ਸੋਈ ॥
ਏਕ ਕਛੋਟੀ ਮੋ ਤਨਿ ਆਹੀ ॥ ਜਉ ਚਾਹਉ ਤਉ[3] ਲੀਜੈ ਵਾਹੀ ॥10॥
ਦੋਹਰਾ ॥ ਨਿਹਕਪਟ ਭਗਤਿ ਧੰਨੈ ਅਵਧਾਰੀ ਠਾਕੁਰ ਲਈ ਪਛਾਨ ॥
ਤਉ ਠਾਕੁਰ ਨਹੀ[4] ਰੀਝਈ ਧੰਨੈ ਕਰੈ ਹੈਰਾਨ ॥1॥
ਚੌਪਈ ॥ ਤੀਨ ਪਹਰ ਧੰਨੈ ਇਵ ਬੀਤੇ ॥ ਨੀਰਹੁ ਨੈਨਨ ਹੋਏ ਰੀਤੇ[5] ॥
ਰੁਦਨੁ ਕਰੈ ਅਉ ਅਤਿ ਬਿਲਲਾਈ ॥ ਛਿਨੁ ਛਿਨੁ ਪੈਰੀ ਪਰ ਤਸੁ ਜਾਈ ॥
ਫੇਰ ਉਠੈ ਪਰਦਛਨਾ ਕਰੈ ॥ ਪੁਨਿ ਮਾਥਾ ਚਰਨਨ ਪਰ ਧਰੈ ॥
ਦੁਇ ਘਟਕਾ ਜਬ ਇਨੁ ਆਇ ਰਹਾ ॥ ਬਹੁ ਜਾਰਿ ਅਗਨਿ ਧੰਨੈ ਇਹੁ ਕਹਾ ॥
ਜਉ ਠਾਕੁਰ ਤੂੰ ਭੋਗ ਨ ਖਾਹੀ ॥ ਤਉ ਧ੍ਰਿਗੁ ਜੀਵਨੁ[6] ਮੋ ਜਗ ਮਾਹੀ ॥11॥
ਦੋਹਰਾ ॥ ਦੇਵੀ ਦੇਵ ਕਿੰਨਰ ਸਕਲ ਗੰਧ੍ਰਪ ਜੁਰੇ ਸਭ ਆਇ ॥
ਦੂਰਿ ਦੂਰਿ ਕਉਤਕ ਦੇਖਹੀ ਪ੍ਰੇਮ ਇਹੁ ਬੁਰੀ ਬਲਾਇ ॥1॥
ਚੌਪਈ ॥ ਜਬ ਜਾਰਿ ਅਗਨਿ ਧੰਨੈ ਇਵ ਧਾਰੀ ॥ ਅਬ ਡਾਰਿ ਅਗਨਿ ਯਾ ਤਨ ਕਉ ਜਾਰੀ ॥
ਤਬ ਹਰਿ ਉਠੇ ਗਹੀ ਜਾਇ ਬਾਹਾ ॥ ਦੇ ਦਰਸਨੁ ਦੀਨੋ ਉਤਸਾਹਾ ॥
ਆਨਿ ਬੈਠਾਰਿਓ ਆਸਨ ਊਪਰਿ ॥ ਬਹੁ ਦੁਖੁ ਪਾਇਓ ਮੀਤ ਮਹਾਬਰ ॥
ਦਰਸਨੁ ਦੇਖਿ ਨਦਰਿ[7] ਹੈ ਟਾਰੇ ॥ ਰੀਝ ਰਹੇ ਨੈਨਨ ਕੇ ਤਾਰੇ ॥
ਦੇਵੀ ਦੇਵ ਸਕਲ ਜੁਰਿ ਆਏ ॥ ਤਿਨ ਦਰਸਨੁ ਦੇਖਿ ਬਹੁਤੁ ਸੁਖੁ ਪਾਏ ॥12॥
ਦੋਹਰਾ ॥ ਜੋ ਦਰਸਨੁ ਦੁਰਲੰਭੁ ਹੈ ਲੇਤ ਹੈ ਪ੍ਰੇਮ ਸਵਾਦ ॥
ਸੋ ਦਰਸਨੁ ਸਭ ਦੇਵਤਨ ਪਾਇਓ ਸੰਤ ਪ੍ਰਸਾਦਿ ॥1॥
ਚੌਪਈ ॥ ਸਿਆਮ ਗਾਤ ਬਨਮਾਲ ਸੁਹਾਈ ॥ ਮੋਰ ਮੁਕਟ ਛਬ ਕਹੀ ਨ ਜਾਈ ॥
ਸੰਖ ਚਕ੍ਰ ਗਦਾ ਪਦਮੁ ਬਿਰਾਜੈ ॥ ਕੋਟਿ ਇੰਦ ਜਿਵ ਛਬ ਤਿਸ ਛਾਜੈ ॥
ਕਮਲ ਨੈਨ ਸੁੰਦਰ ਉਜੀਆਰੇ ॥ ਨਿਰਖ ਰਹੈ ਬੂਢੇ ਅਉ[8] ਬਾਰੇ ॥
ਪੀਤਾਬਰ ਸੋਭਾ ਕਹੀ ਨ ਜਾਈ ॥ ਮਾਨੋ ਸਿਆਮ ਘਟਾ ਦਾਮਨ ਚਮਕਾਈ ॥
ਕਨਿਕ ਕੁੰਡਲ ਅਲਿਕੈ ਤਰਿ ਸੋਏ ॥ ਅਤਿ ਸੁੰਦਰ ਰਸਕਨਿ[9] ਮਨੁ ਮੋਹੈ ॥13॥
ਦੋਹਰਾ ॥ ਮੋਰ ਮੁਕਟ ਚੰਦ੍ਰਕਾ[10] ਸੋਹੈ ਮੋਹੈ ਮਨੁ ਸੰਸਾਰ ॥
ਨੈਨਾ ਬੁਧਿ ਚਿਤ ਥਕਤ ਹੁਇ ਰਹੈ ਨਿਹਾਰਿ[11] ਨਿਹਾਰਿ[12] ॥1॥
ਚੌਪਈ ॥ ਲੋਲ ਕਪੋਲ ਦੁਇ ਦਿਪਹਿ ਉਜਾਰੇ ॥ ਭਾਲਿ ਦਿਆਲ ਕੋ ਸਕੈ ਨਿਹਾਰੈ ॥
ਦੁਇ ਭਉਹੈ ਸਿਆਮ ਹੈ ਭਉਰ ਰਸੀਲੇ[13] ॥ ਦੁਇ ਕਮਲਨ ਪਰ ਬਹਿ ਰਹੇ ਰੰਗੀਲੇ ॥
ਦੰਤਨ ਸੋਭਾ ਕਹਤਿ ਨਿ ਆਵੈ ॥ ਮਨ[14] ਮੋਤਨ ਕੀ ਪਾਤ ਸੁਹਾਵੈ ॥
ਨਾਸਾ ਕੀਰੁ ਸੀਤਾਪਤਿ[15] ਬੋਲੈ ॥ ਅੰਤਰਿ ਧਿਆਨ ਹੋਇ ਕਰੈ ਕਲੋਲੈ ॥

(1) ਅ ਪੋਥੀ 'ਉਪਰਾ' (2) ਅ ਪੋਥੀ 'ਦੀਨਾ' (3) ਏ ਪੋਥੀ 'ਉਹੁ' (4) ਅ ਪੋਥੀ 'ਨ' (5) ਪਾਠਾਂਤਰ ਅ ਪੋਥੀ 'ਨੈਨਹੁ ਨੀਰ ਹੋਏ ਰੀਤੇ' (6) ਅ ਪੋਥੀ 'ਜੀਵਣੁ' (7) ਅ ਪੋਥੀ 'ਨਟਰ' (8) ਅ ਪੋਥੀ 'ਅਰੁ' (9) ੲ ਪੋਥੀ 'ਰਸਕਲ' (10) ਅ ਪੋਥੀ 'ਚੰਦ੍ਰਕ' (11) ਅ ਤੇ ੲ ਪੋਥੀ 'ਨਿਰਖ' (12) ੲ ਪੋਥੀ 'ਨਿਰਾਹਰਿ' (13) ੲ ਪੋਥੀ 'ਚਮੀਲੇ' (14) ਅ ਪੋਥੀ 'ਮਾਨੋ'
(15) ਅ ਪੋਥੀ 'ਸੁਤਾਪਤਿ', ੲ ਪੋਥੀ 'ਰਸਨਾਪਤਿ'

ਹਰਿ ਮੁਖਿ ਪੂਰਨ ਇੰਦੁ ਬਿਰਾਜੈ ॥ ਸਿਆਮ ਗਾਤ ਪਰ ਛਬ ਤਿਸੁ ਛਾਜੈ ॥14॥

ਦੋਹਰਾ ॥ ਮੁਨਿ ਜਨ ਰਿਖ ਕਿੰਨਰ[1] ਸਕਲ ਦੇਵੀ ਦੇਵ[2] ਜੋ ਆਹਿ ॥
ਹਰਿ[3] ਮੁਖਿ ਸੋਭਾ ਕਉ ਨਿਰਖ ਚਾਰਿ ਪਦਾਰਥ ਪਾਹਿ ॥1॥

ਚੌਪਈ ॥ ਮੋਰ ਮੁਕਟ ਚੰਦੂਕਾ ਰਾਸਾ ॥ ਕੋਟਿ ਸੂਰ ਮਾਨੋ[4] ਕੀਓ ਪ੍ਰਕਾਸਾ ॥
ਏਕ ਏਕ ਚੰਦੂਕਾ ਸੋਹੈ ॥ ਹਰਿ ਰਸਕਨ[5] ਕੇ ਵੈ ਮਨ ਕਉ ਮੋਹੈ ॥
ਚਾਰਿ ਭੁਜਾ ਬਿਸਾਲ ਅਪਾਰਾ ॥ ਸਭ ਪਰ ਕਿਰਪਾ ਧਰੈ ਪਸਾਰਾ ॥
ਦੀਨਨ ਕੇ ਵੈ ਰਛਿਆਕਾਰੀ ॥ ਕਰੈ ਸਹਾਇ ਭਗਤਿ ਹਿਤਕਾਰੀ ॥
ਚਰਨ ਕਵਲ ਬੰਦਨ[6] ਜਗ ਸਾਰੇ ॥ ਭਗਤਨ ਕੇ ਵੈ ਪ੍ਰਾਨ ਪਿਆਰੇ[7] ॥15॥

ਦੋਹਰਾ ॥ ਚਰਨ ਕਵਲ ਤਾਰਨ ਤਰਨ ਬੰਦਨ[8] ਜਗਤ ਨਿਧਾਨ ॥
ਤੀਨ ਤਾਪ ਤੇ ਜਗ ਸਕਲ ਬਾਚਤ ਧਰਤ ਧਿਆਨ ॥

ਚੌਪਈ ॥ ਇਕ[9] ਕਰ[10] ਰੋਟੀ ਲੀਨ ਉਠਾਏ ॥ ਟੂਕਰੇ ਤੋਰਿ ਹਰਿ ਮੁਖਿ ਮੈ ਪਾਏ ॥
ਮਹਾ ਮਗਨ ਹੋਇ ਤਿਨ ਕਉ ਖਾਵੈ ॥ ਨੈਨ ਸੈਨ ਦੇ ਅਤਿ ਮੁਸਕਾਵੈ ॥
ਵਾਹ ਵਾਹ ਕਹਿ ਅੰਗਿ ਨਮਾਵੈ ॥ ਲੈ ਟੂਕਰਾ ਧੰਨੇ ਮੁਖਿ ਪਾਵੈ ॥
ਰੇ ਪ੍ਰੀਤਮ ਮੈ ਬਹੁ[11] ਕਛੁ ਖਾਇਆ ॥ ਅਰੁ ਸੰਤਨ ਬਹੁ ਭੋਗ ਲਗਾਇਆ ॥
ਇਹੁ ਸੁਆਦ ਮੈ ਕਹੀ ਨ ਪਾਇਓ ॥ ਕਹੁ ਰੋਟੀ ਤੂੰ ਕਹ ਤੇ ਲਿਆਇਓ ॥16॥

ਦੋਹਰਾ ॥ ਧੰਨੁ ਦੇਸੁ ਧੰਨੁ ਗਾਵ[12] ਹੈ ਧੰਨ ਵਹ ਭੂਮ ਸਹਾਇ ॥
ਜਹ ਪ੍ਰੇਮੀ ਮਿਲਿ ਖਾਤ ਕਛੁ ਪ੍ਰੇਮ ਸਿਉ ਸਹਿਜ ਸੁਭਾਇ ॥1॥

ਚੌਪਈ ॥ ਹਰਿ ਖਾਇ ਪ੍ਰਸਾਦੁ ਪ੍ਰੇਮੁ ਉਪਜਾਇਆ ॥ ਵੈ ਦੁਇ ਨੈਨ ਸਜਲ[13] ਭਰ ਆਇਆ ॥
ਰੇ ਧੰਨਾ ਤੈ ਬਹੁ ਦੁਖੁ ਪਾਇਆ ॥ ਇਨ ਚਰਨਨ ਫਿਰਿਓ ਧਾਇਆ[14] ਧਾਇਆ ॥
ਚੂਮੈ ਚਰਨ ਕਹੈ ਬਹੁ ਹਾਰੇ ॥ ਕਰਿ ਸਿਉਦਾ ਬਿਹੀਐ ਮਹਿ ਧਾਰੇ ॥
ਪੁਨਿ ਅੰਕਿਮਾਲ ਦੇ ਅੰਗਿ ਨਮਾਵੈ ॥ ਦੁਇ ਤਨ ਤੇ ਏਕੋ ਹੋਇ ਜਾਵੈ ॥
ਮਸਤਕ ਚੂੰਮ ਦੁਇ ਕਰ ਕਉ ਚੂੰਮੈ ॥ ਅਦਿਭੁਤ ਪ੍ਰੇਮ ਭਇਓ ਹਰਿ ਜੂਮੈ ॥17॥

ਦੋਹਰਾ ॥ ਅਦਿਭੁਤ ਲੀਲਾ ਸਿਆਮ ਕੀ ਧਰਨੀ ਕਾਪੈ ਜਾਇ ॥
ਬਚਨ ਅਗੋਚਰ ਭੇਦ ਸੋ[15] ਬੇਦ ਕਤੇਬ ਬਨ ਪਾਇ ॥1॥

---

(1) ਅ ਪੋਥੀ 'ਕ੍ਰਿਨਰ' (2) ਏ ਪੋਥੀ 'ਦੇਵਨ' (3) ਅ ਪੋਥੀ 'ਹੋਠਿ'
(4) ਏ ਪੋਥੀ 'ਸਸਿ' (5) ਏ ਪੋਥੀ 'ਰਸੀਤਨ'
(6) ਅ ਪੋਥੀ 'ਬ੍ਰੰਦਨ', ਏ ਪੋਥੀ 'ਬਾਛਹਿ'
(7) ਏ ਪੋਥੀ 'ਅਧਾਰੇ' (8) ਏ ਪੋਥੀ 'ਬਾਂਦਤ'
(9) ਅ ਪੋਥੀ 'ਇਕਾ' (10) ਏ ਪੋਥੀ 'ਹਥ'
(11) ਅ ਪੋਥੀ 'ਸਭੁ' (12) ਅ ਪੋਥੀ 'ਗਾਉ'
(13) ਅ ਪੋਥੀ 'ਸੰਜਲ' (14) ਅ ਪੋਥੀ 'ਧਾਇਓ'
(15) ਏ ਪੋਥੀ 'ਰਹਿਤ'

ਚੌਪਈ ॥ ਬਹੁਰਿ ਉਠਿਓ ਧੰਨੇ ਲੀਓ ਉਠਾਈ ॥ ਕਰੈ ਨਿਰਤਿ ਅਤਿ ਪ੍ਰੇਮ ਸੁਹਾਈ ॥
ਜਿਉ ਮਾਤ ਪਿਤਾ ਲੇ[1] ਗੋਦ ਖਿਲਾਵੇ ॥ ਕਬੀ ਕਾਧੇ ਕਬੀ ਸਿਰ ਪਰ ਲਿਆਵੈ ॥
ਲੀਲਾ ਬਹੁਤ ਭਾਂਤਿ ਹਰਿ ਕੀਨੀ ॥ ਬਡ ਠਾਕੁਰੁ ਸੋ ਹੋਇ ਅਧੀਨੀ ॥
ਬਹੁਰਿ ਬੈਠਿ ਧੰਨੇ ਸਮਝਾਨਾ ॥ ਮੈ ਤੈ ਧੰਨਾ ਪ੍ਰੇਮ ਪੁਰਾਨਾ ॥
ਇਹ ਲੀਲਾ ਜੋ ਮੈ ਤੇ ਠਾਨੀ ॥ ਮਤੁ ਕਹੀਓ ਕਿਸੂ ਪਾਸਿ ਬਿਨਾਨੀ[2] ॥18॥

ਦੋਹਰਾ ॥ ਸਭ ਘਟ ਪੂਰਨ ਬ੍ਰਹਮ ਜੋ ਸੋ ਧੰਨੇ ਬੂਝਿ ਬੁਝਾਇ ॥
ਤ੍ਰਿਭਵਣ ਜੋਤਿ ਨਿਹਾਰਈ ਕਾ ਪਹਿ ਕਹੈ ਬਨਾਇ ॥1॥

ਚੌਪਈ ॥ ਹਰਿ ਬੋਲੈ ਧੰਨੈ ਸਿਉ ਬਾਤਾ ॥ ਲੇ ਬਛੁਰੇ ਘਰਿ ਜਾਹੁ ਗਿਆਤਾ ॥
ਪਰਭਾਤਿ ਭਏ ਜਬ ਫਿਰਿ ਲੇ ਆਵੈ ॥ ਸੋ ਬਛੁਰੇ ਲੇਆ ਚਰਾਵੈ[3] ॥
ਲੇ ਬਛਰੇ ਧੰਨਾ ਘਰਿ ਆਇਆ ॥ ਦਿਖ[4] ਮਾਬਾ ਮਾਤਾ ਸੁਖ ਪਾਇਆ[5] ॥
ਪੁਨਹਿ ਪਰਭਾਤੀ ਬਛੁਰੇ ਲਿਆਇਓ ॥ ਹਰਿ ਆਗੈ ਹੋਇ ਤਾ ਕੈ ਧਾਇਓ ॥
ਅੰਕਮਾਲ ਦੇ ਮਿਲੇ ਸੁਜਾਨਾ ॥ ਧੰਨਾ ਭਗਤੁ ਅਉ ਸ੍ਰੀ ਭਗਵਾਨਾ ॥19॥

ਦੋਹਰਾ ॥ ਪੂਰਨ ਗਿਆਨ ਕਉ ਪਾਇਓ ਬੇਦ ਬਤਾਵਤ ਤਾਹਿ ॥
ਭਉ ਪ੍ਰੇਮੁ ਨਹੀ[6] ਜਾਤ ਹੈ ਅਧਿਕ ਹੋਤ ਅਵਗਾਹਿ ॥1॥19॥1॥3॥(2)

ੴ ਪਰਚੀ ਤ੍ਰਿਲੋਚਨ ਜੀ ਕੀ ॥

ਚੌਪਈ ॥ ਐਸੇ ਕਰਿ ਬਹੁ ਅਉਧ ਬੀਤਾਈ ॥ ਦੋਊ ਓਰ ਪ੍ਰੇਮ ਅਧਿਕਾਈ ॥
ਬਹੁਰਿਓ ਤਹਾ ਤ੍ਰਿਲੋਚਨੁ ਆਵਾ[7] ॥ ਕਹਿ ਇਸਨਾਨ ਤਿਨ[8] ਘੰਟੁ ਬਜਾਵਾ ॥
ਸੁਨਤ ਨਾਦ ਧੰਨਾ ਤਹ ਆਇਓ ॥ ਕਰਿ ਨਮਸਕਾਰੁ ਤਿਨ ਬਚਨੁ ਸੁਨਾਇਓ ॥
ਏ[9] ਸੁਆਮੀ ਤੁਝ ਠਾਕੁਰ ਓਈ ॥ ਤੋ ਸਿਉ ਪ੍ਰੇਮੁ ਕਰਿ ਮਿਲੈ ਨ ਕੋਈ ॥
ਮੋ[10] ਠਾਕੁਰੁ ਪਰਪੂਰਨ ਹੋਈ ॥ ਬਛ[11] ਚਰਾਵੈ ਪ੍ਰੇਮ ਸਿਉ ਸੋਈ ॥1॥

ਦੋਹਰਾ ॥ ਸੁਨਤ ਬਚਨ ਬਿਪ੍ਰ ਅਕੁਲਾਨਾ ਰਿਦ[12] ਭਇਓ ਪ੍ਰੇਮ ਪ੍ਰਕਾਸੁ ॥
ਮਾਨੋ ਗੁਰ ਕੇ ਗਿਆਨ ਤੇ ਰਿਜ[13] ਪੰਕਜੁ ਕੀਓ ਬਿਗਾਸੁ[14] ॥

(1) ਅ ਪੋਥੀ 'ਲੈ',
(2) ਅ ਪੋਥੀ 'ਬਿਛਾਨੀ', ੲ ਪੋਥੀ 'ਬਿਗਾਨੀ',
(3) ਪਾਠਾਂਤਰ ੲ ਪੋਥੀ 'ਸੋ ਬਛੁਰੇ ਹਰਿ ਫੇਰਿ ਚਰਾਵੈਂ'
(4) ਅ ਪੋਥੀ 'ਦੇਖ',
(5) ਪਾਠਾਂਤਰ ੲ ਪੋਥੀ 'ਦੇਖ ਮਾਤਾ ਸੁਖ ਪਾਇਆ', (6) ੲ ਪੋਥੀ 'ਨਹੀ',
(7) ਪਾਠਾਂਤਰ ੲ ਪੋਥੀ 'ਬਹੁਰਿਓ ਤਹਾ ਤ੍ਰਿਲੋਚਨ ਉਹਾ ਆਇਆ',
(8) ਅ ਪੋਥੀ 'ਤਨਿ' (9) ਅ ਪੋਥੀ 'ਇ', (10) ੲ ਪੋਥੀ 'ਸੋ',
(11) ਅ ਪੋਥੀ 'ਬਛਰੇ', (12) ਅ ਪੋਥੀ 'ਰਿਦੇ',
(13) ਅ ਪੋਥੀ 'ਰਿਦ' (14) ਅ ਪੋਥੀ 'ਪ੍ਰਕਾਸੁ',

ਚੌਪਈ ॥ ਬਹੁਰਿ[1] ਬਿਪ੍ਰ ਆਸਨੁ ਲੇ ਬਾਧਾ ॥ ਕਛਤਰਿ ਰਾਖਿ[2] ਫੁਲਾਟਿਓ ਕਾਧਾ ॥
ਚਲੁ ਧੰਨਾ ਜਹੇ ਠਾਕੁਰੁ ਤੇਰਾ ॥ ਦਰਸਨ ਲੋਚਤੁ ਹੈ ਮਨੁ ਮੇਰਾ ॥
ਮੋ ਸਿਉ[3] ਬਚਨੁ ਤੈਨੈ ਹੈ ਕੀਨਾ ॥ ਤਾ ਤੇ ਮੈ ਤੁਝ ਠਾਕੁਰੁ ਦੀਨਾ ॥
ਜੋਈ ਲਾਭ ਠਾਕੁਰ ਤੇ ਪਾਵਉ ॥ ਮੈ ਤੇ ਤੋਸੋ ਨਾਹਿ ਦੁਰਾਵਉ[4] ॥
ਦਰਸੁ[5] ਲਾਭੁ ਠਾਕੁਰ ਤੇ ਪਾਇਆ ॥ ਸੋ ਦਰਸਨੁ ਮੋਹਿ ਦੇਇ ਦਿਖਾਇਆ ॥2॥

ਸੋਰਠਾ ॥ ਲੇ ਚਲਿਓ ਜਹ ਸਿਆਮ[6] ਬਛ ਚਰਾਵਤ ਪ੍ਰੇਮ ਸਿਉ ॥
ਮਾਨੋ ਮੂਰਤਿ ਕਾਂਮ ਤ੍ਰਿਲੋਕਨ ਆਗੈ ਹੁਇ ਚਲਿਓ ॥1॥

ਚੌਪਈ ॥ ਬਹੁ ਬਛਰਨ ਮੈ ਹਰਿ ਸੁਖਦਾਈ ॥ ਕਰੈ ਕੇਲ ਵੈ[7] ਕੁਵਰ ਕਨਾਈ ॥
ਤਹ ਧੰਨਾ ਦਰਸਨ ਕਉ ਪਾਵੈ ॥ ਤ੍ਰਿਲੋਚਨ ਕਉ ਨਹੀ ਨੈਨ ਦਿਖਾਵੈ ॥
ਬਾਹ ਪਕਰਿ ਤਿਸੁ ਆਗੈ ਰਾਖੈ ॥ ਦੇਇ[8] ਤ੍ਰਿਲੋਚਨ ਇਉ ਤਿਸੁ ਭਾਖੈ ॥
ਪਕਰਿ ਭੁਜਾ ਤਾ ਕਉ ਪਕਰਾਵੈ ॥ ਪਵਨ ਮੂਠ ਜਿਉ ਕਰਿ ਨਹੀ ਆਵੈ ॥
ਜਬ ਨੀਚੈ ਹੋਇ ਦ੍ਰਿਸਟਿ ਲਗਾਈ ॥ ਪਗ ਪਦਮ ਭੂਮ ਪਰ ਚਿਹਨੁ ਦਿਖਾਈ ॥3॥

ਦੋਹਰਾ ॥ ਚਿਹਨ ਚਰਨ ਦਰਸਨੁ ਭਇਓ ਉਮਗਿਓ ਪ੍ਰੇਮ ਪ੍ਰਵਾਹ ॥
ਮਨੁ ਚਿਤੁ ਬੁਧਿ ਤਹ ਬੂਡਿ ਗਏ ਲਹੈ ਨ ਤਾ[9] ਕੀ ਥਾਹ ॥1॥

ਚੌਪਈ ॥ ਹਾਹਾਕਾਰ ਹੀਏ ਮਹਿ ਆਵਾ[10] ॥ ਆਸੂ ਬਹਿ ਪਰਵਾਹ ਬਹਾਵਾ ॥
ਲੋਟਿਓ[11] ਧਰਨ ਚਿਹਨ ਪਰ ਜਾਈ ॥ ਖਿਨੁ ਜੀਵੈ ਖਿਨੁ ਮਰਿ ਮਰਿ ਜਾਈ ॥
ਆਸਨੁ ਕਹੂ ਕਹੂੰ[12] ਤਿਸੁ ਪਾਗਾ ॥ ਕਹੂੰ ਪਰਿਓ ਤਿਸ ਗਲ ਕਾ ਬਾਗਾ ॥
ਆਸੂ ਨੀਰ ਬਹੁ ਕੀਚ ਮਚਾਈ ॥ ਤਨ ਮੁਖਿ ਮੈ ਵਹ ਲਪਟਿਓ ਆਈ[13] ॥
ਜਬ ਆਖੈ ਖੋਲਿ ਸੁਰਤਿ ਮਹਿ ਆਵੈ ॥ ਠਾਕੁਰੁ ਠਾਕੁਰੁ ਕਰਿ ਗੁਹਰਾਵੈ ॥4॥

ਦੋਹਰਾ ॥ ਤਨ ਮਨ ਕੀ ਤਿਸੁ ਸੁਧਿ ਹਰੀ[14] ਇਨ ਪ੍ਰੇਮੈ ਬੁਰੀ ਬਲਾਇ ॥
ਜੈਸੇ ਮਛੁਲੀ ਨੀਰ ਬਿਨੁ ਤਰਫ ਤਰਫ ਤਰਫਾਇ ॥1॥

---

(1) ਅ ਪੋਥੀ 'ਬਿਪ੍ਰਾ',
(2) ਅ ਪੋਥੀ 'ਫੁਰਾਇਓ',
(2) ਅ ਪੋਥੀ 'ਸਿਓ'
(3) ਪਾਠਾਂਤਰ ੲ ਪੋਥੀ' ਮੈ ਤਾ ਕੋ ਸੋ ਨਾਹਿ ਦੁਰਾਇਓ',
(5) ਅ ਪੋਥੀ 'ਦਰਸਨੁ',
(6) ਅ ਪੋਥੀ 'ਬਛੁਰੇ',
(7) ੲ ਪੋਥੀ 'ਹਰਿ',
(8) ਅ ਪੋਥੀ 'ਦੇਖੁ',
(9) ੲ ਪੋਥੀ 'ਵਾ',
(10) ਅ ਪੋਥੀ 'ਅੰਸੂ',
(11) ਅ ਪੋਥੀ 'ਲੇਟਿਓ'
(12) ਅ ਪੋਥੀ 'ਕਹੂ'
(13) ਪਾਠਾਂਤਰ ੲ ਪੋਥੀ 'ਤਨਿ ਮਨਿ ਵਹਿ ਲਪਟਿਓ ਆਈ',
(14) ੲ ਪੋਥੀ 'ਗਈ',

ਚੌਪਈ ॥ ਜਬਹਿ ਪ੍ਰੇਮ ਨੈ ਖਰਾ ਝੰਝੋਰਾ ॥ ਦੇਹ ਅਭਮਾਨ ਸਕਲ ਤਿਨ ਤੋਰਾ ॥
ਗਲਤ ਭਏ ਦੇਹੀ ਕੇ ਅੰਗਾ ॥ ਸੁਖ ਦੁਖ ਕੋ ਸਭੁ ਮਿਟਿਓ ਪ੍ਰਸੰਗਾ ॥
ਪ੍ਰੇਮ ਅਗਨਿ ਮਨੁ ਤਨੁ ਸਭੁ ਦਹਾ ॥ ਬਿਨਾ ਪ੍ਰੇਮ ਤਹ ਅਉਰ ਨ ਰਹਾ ॥
ਜਬ ਧੰਨੇ ਇਹੁ ਬਚਨੁ ਬਖਾਨਾ ॥ ਦੇਹੁ ਦਰਸੁ[1] ਇਸੁ ਸ੍ਰੀ ਭਗਵਾਨਾ ॥
ਤਬ ਹਰਿ ਦਰਸਨੁ ਦੀਓ ॥ ਤ੍ਰਿਲੋਚਨ ਤਿਨ ਤਿਖਾ ਬੁਝਾਈ[2] ॥5॥

ਦੋਹਰਾ ॥ ਤ੍ਰਿਲੋਚਨ ਦਰਸਨੁ ਦੇਖਿ ਕੈ ਅਤਿ ਸੁਖੁ ਪਾਇਓ ਮੀਤ[3] ॥
ਮਾਨੋ ਮਿਰਤਕ ਮੁਖਿ ਪਰਿਓ ਅਮੀ ਮਹਾਰਸੁ ਮੀਤ ॥1॥

ਚੌਪਈ ॥ ਧੰਨੈ ਆਨਿ ਨੀਰੁ ਸਿਰਿ ਢਾਰਿਆ[4] ॥ ਮੁਖ ਅੰਗੁ ਸਗਰਾ ਹਰੀ ਪਛਾਰਿਆ[5] ॥
ਲੇ ਪੀਤਾਂਬਰ ਮੁਖ ਕਉ ਪੋਛਾ ॥ ਨੈਨਨ ਮਹਿ ਤਿਸੁ ਦਰਸਨ ਲੋਚਾ ॥
ਆਨਿ ਪਾਗ ਸਿਰਿ ਉਪਰਿ ਧਰੀ ॥ ਸ੍ਰੀ ਨਾਰਾਇਨ ਕੇਵਲ ਹਰੀ ॥
ਲੇ ਕੇਸਰ ਹਰਿ ਟੀਕਾ ਧਾਰਾ ॥ ਮਸਤਕ ਮਾਨੋ ਭਾਂਨ ਉਜੀਆਰਾ[6] ॥
ਤੀਨੋ ਮਿਲਿ ਕਰਿ ਕੇਲ ਕਰਾਹੀ ॥ ਤ੍ਰਿਲੋਚਨ ਧੰਨਾ ਹਰੀ ਗੁਸਾਈ ॥6॥

ਦੋਹਰਾ ॥ ਸਕਲ ਦਿਵਸ ਕ੍ਰੀੜਾ ਕਰੀ ਨੈਨ ਪਰਸਪਰਿ ਜੋਰਿ ॥
ਪੂਰਨ ਪ੍ਰੇਮ ਜਨਾਇਆ ਤਹ ਤੀਨੋ ਕੀ ਓਰ[7] ॥1॥

ਚੌਪਈ ॥ ਬਹੁਰਿ ਸੂਰੁ ਅਸਤਾ ਚਲਿ ਗਇਓ ॥ ਹਰਿ ਪ੍ਰਭ ਪਲਕਨ ਮੈ ਕਛੁ ਕਹਿਓ ॥
ਪੁਨਿ ਹੋਇ ਹਰਿ ਅੰਤਰਿ ਧਿਆਨ ॥ ਏ ਸਭ ਘਟ ਦੇਖਹਿ ਸ੍ਰੀ ਭਗਵਾਨ ॥
ਲੇ ਬਛਰੇ ਧੰਨਾ ਘਰਿ ਆਇਆ ॥ ਤ੍ਰਿਲੋਚਨ ਅਪੁਨੇ ਘਰਹਿ ਸਿਧਾਇਆ ॥
ਜਹ ਤਹ ਤਿਨ ਕਉ ਬ੍ਰਹਮੁ ਦਿਖਾਵੈ ॥ ਪ੍ਰੇਮ ਮਗਨ ਪ੍ਰੀਤਮੁ ਤਿਨ[8] ਭਾਵੈ ॥
ਸੋ ਪ੍ਰੀਤਮੁ ਅਪ ਮਾਹਿ ਨਿਹਾਰੈ ॥ ਬਿਨੁ ਪ੍ਰੀਤਮ ਨਹੀ ਅਉਰੁ ਬਿਚਾਰੈ ॥7॥

ਦੋਹਰਾ ॥ ਰੇ ਮਨ ਤੈ ਕਛੁ ਬੂਝਿਆ ਨ੍ਰਿਖੀ ਪ੍ਰੇਮ ਕੀ ਚੋਟ ॥
ਪ੍ਰੇਮ ਬਿਨਾ ਜਗ ਜੀਵਨਾ ਧ੍ਰਿਗੁ ਮੋ ਜੀਵਨ ਖੋਟ ॥1॥

---

(1) ੲ ਪੋਥੀ 'ਦਰਸਨੁ',
(2) ਪਾਠਾਂਤਰ ਅ ਤੇ ੲ ਪੋਥੀ 'ਤ੍ਰਿਲੋਚਨ ਕੀ ਤਨਿ ਤ੍ਰਿਖਾ ਬੁਝਾਈ',
(3) ਅ ਪੋਥੀ 'ਨੀਤ',
(4) ਅ ਪੋਥੀ 'ਡਾਰਾ',
(5) ਅ ਪੋਥੀ 'ਪਖਾਰਾ',
(6) ਅ ਪੋਥੀ 'ਉਜਾਰਾ',
(7) ਪਾਠਾਂਤਰ ੲ ਪੋਥੀ 'ਪੂਰਨ ਪ੍ਰੇਮ ਜਨਾਇਆ ਤਹਾ ਪ੍ਰੇਮ ਕੀ ਠਉਰ',
(8) ੲ ਪੋਥੀ 'ਮਨਿ',

ਚੌਪਈ ॥ ਜੋਈ ਪ੍ਰੇਮ ਤ੍ਰਿਲੋਚਨ ਭਾਗਾ ॥ ਸੋਈ ਪ੍ਰੇਮ ਪੁਨਿ ਹਰਿ ਕਉ[1] ਲਾਗਾ[2] ॥
ਤ੍ਰਿਲੋਚਨ ਘਰ ਇਕ ਨਾਰੀ ਰਹੈ ॥ ਬਿਨਾ ਟਹਲੂਏ ਦੁਖ ਬਹੁ ਸਹੈ ॥
ਹੋਇ ਬਿਰਤੀਆ ਤਹ ਚਲਿ ਆਵਾ ॥ ਬਿਪ੍ਰ ਤ੍ਰੀਆ ਕਉ ਬਚਨੁ ਸੁਨਾਵਾ ॥
ਮੈ ਤੁਮਰੈ ਘਰ ਟਹਲ ਕਮਾਵਉ ॥ ਜੋ ਕਛੁ ਦੇਹ ਸੋਈ ਮੈ ਖਾਵਉ[3] ।
ਨਾਹਿ ਨ ਕਰਉ ਨ ਭੋਜਨ ਮਾਗਉ ॥ ਮਨੁ ਮਲੀਨ ਦੇਖਉ ਉਠਿ ਭਾਗਉ ॥8॥

ਦੋਹਰਾ ॥ ਤ੍ਰੀਆ ਤ੍ਰਿਲੋਚਨ ਸਿਉ ਕਹੈ ਤੁਮ ਇਹੁ ਦੀਨ ਗੁਪਾਲ ॥
ਸਭ ਬਿਧਿ ਕਾਜੁ ਸਵਾਰਿਹੈ ਰਾਖਹੁ ਨਾਹ[4] ਦਇਆਲ ॥1॥

ਚੌਪਈ ॥ ਤ੍ਰਿਲੋਚਨ ਸੋ ਘਰਿ ਮਹਿ ਲੇ ਰਾਖਿਆ ॥ ਅਮ੍ਰਿਤ ਬਚਨ ਸਦਾ ਮੁਖਿ ਭਾਖਿਆ ॥
ਜੋਏ ਮਨਸਾ ਮਨ ਮੈ ਧਾਰੈ ॥ ਸੋ ਪਹਿਲੇ ਹੀ ਹਰਿ ਕਾਜੁ ਸਵਾਰੈ ॥
ਨਿਸ ਬਾਸੁਰ ਸੇਵਾ ਮਹਿ ਰਹੈ ॥ ਭਲੀ ਬੁਰੀ ਕਛੁ ਸੁਨੈ ਨ ਕਹੈ ॥
ਜੋ ਕਛੁ ਪਾਵੈ ਸੋਈ ਖਾਵੈ ॥ ਬਸਿਨ ਕਰੈ ਤ੍ਰੀਆ ਥਕਿ ਜਾਵੈ ॥
ਤਿਰੀਆ ਸੋਚ ਕਰੈ ਮਨ ਅੰਤਰਿ ॥ ਮਤੁ ਇਹੁ ਭੁਖਾ ਰਹੈ ਨਿਰੰਤਰਿ ॥9॥

ਦੋਹਰਾ ॥ ਛੜੈ[5] ਪਛੰਡੈ ਪੀਸਈ ਦਾਲੇ ਦਲੈ ਸੁਭਾਇ[6] ॥
ਸਕਲ ਦਿਵਸ ਤਿਸੁ ਨਾਰ ਕਉ ਪਕਾਵਤ ਜਾਤ ਬਿਹਾਇ ॥1॥

ਚੌਪਈ ॥ ਬਹੁਤ ਅਉਧ ਐਸੇ ਬੀਤਾਈ ॥ ਨਹ ਕਿਸ ਸਿਉ ਤਿਨ ਬਾਤ ਚਲਾਈ ॥
ਪੀਸ ਪਕਾਵਤ ਦਿਵਸ ਗਵਾਵੈ ॥ ਟਹਲੀਆ ਮਤੁ ਭੂਖਾ ਰਹਿ ਜਾਵੈ ॥
ਇਕ ਦਿਨ ਤਿਰੀਆ ਬਹੁ ਅਕੁਲਾਨੀ ॥ ਲੀਏ ਅਟੇਰਣੁ ਨਿਕਸ ਸਿਧਾਨੀ ॥
ਜਾਇ ਪਰੋਸਨ ਕੈ ਭਈ ਠਾਢੀ ॥ ਤਿਨ ਪੂਛੀ ਬਾਤ ਤਾਹਿ ਗਾਢੀ ॥
ਅਤਿ ਦੀਨ ਛੀਨ ਦੇਖਉ ਤਨੁ ਤੇਰਾ ॥ ਕਹੁ[7] ਕਾਰਨ ਸੋਚਤ ਮਨੁ ਮੇਰਾ ॥

ਦੋਹਰਾ ॥ ਛਠੀ ਕਾ ਭੂਖਾ ਟਹਲੂਆ[8] ਰਾਖਿਆ ਨਾਹ ਸੁਭਾਇ ॥
ਪੀਸ ਪਕਾਵਤ ਖੁਆਵਤੇ[9] ਇਹੁ ਤਨੁ ਬਹੁ ਅਕੁਲਾਇ ॥1॥

---

(1) ਅ ਪੋਥੀ 'ਜੀ'
(2) ਪਾਠਾਂਤਰ ੲ ਪੋਥੀ 'ਸੋਈ ਪ੍ਰੇਮੁ ਹਰਿ ਜੀ ਮਨਿ ਲਾਗਾ'
(3) ਅ ਪੋਥੀ 'ਪਾਵਉ'
(4) ੲ ਪੋਥੀ 'ਆਹਿ'
(5) ਅ ਪੋਥੀ 'ਛੜੈ'
(6) ਪਾਠਾਂਤਰ ੲ ਪੋਥੀ 'ਛੜੇ ਪਛਾੜੇ ਪੀਸਈ ਦਾਲੇ ਦਲੈ ਸੁਭਾਇ'
(7) ੲ ਪੋਥੀ 'ਤੁਝਿ',
(8) ਅ ਪੋਥੀ 'ਟਹਲੀਆ'
(9) ਅ ਪੋਥੀ 'ਖਵਾਵਤੇ',

ਚੌਪਈ ॥ ਤਿਨ[1] ਤਿਰੀਆ ਇਹ ਭਾਖੀ ਜਬਹੀ ॥ ਹਰਿ ਅੰਤਰਿ ਧਿਆਨ ਹੋਇ ਗਏ ਤਬਹੀ ॥
ਨਾਰਿ ਆਉ ਪੁਰਖ ਚਹੁ ਦਿਸ ਦੇਖੈ ॥ ਵਹ ਸਿਆਮ ਸੁੰਦਰ ਮੂਰਤ ਨਹੀ ਪੇਖੈ ॥
ਤਬਹਿ ਤ੍ਰਿਲੋਚਨ ਕਰੀ ਸਭਾਰਾ ॥ ਹਰਿ ਨੈ ਏਹੁ ਚਲਿਤ੍ਰ ਧਾਰਾ[2] ॥
ਜਬਹਿ ਤ੍ਰਿਲੋਚਨ ਪ੍ਰੇਮੁ ਬਢਾਇਆ[3] ॥ ਤਬ ਹਰਿ ਆਇ ਇਕੁ ਸਬਦੁ ਬੁਝਾਇਆ[4] ॥
ਹਰਖ ਸੋਗ ਭਗਤਿ ਨਹੀ ਧਾਰੈ ॥ ਜਤ ਕਤ ਆਤਮ ਰੂਪ ਨਿਹਾਰੈ ॥1॥

ਦੋਹਰਾ ॥ ਇਹੁ ਮਾਇਆ ਕਾ ਪਰਕਾਰੁ ਹੈ ਜੇਤਾ ਆਹਿ[5] ਅਕਾਰ ॥
ਰੂਪ ਨਾਮ ਗੁਨ ਰਹਤ ਜੋ ਦੇਖਹੁ ਆਪੁ ਸੁ ਧਾਰ ॥1॥

ਚੌਪਈ ॥ ਦੇਖਹੁ ਲੀਲਾ ਸ੍ਰੀ ਭਗਵਾਨਾਂ ॥ ਸਭ ਘਟ ਮਾਹਿ[6] ਹੈ ਆਪੁ ਲੁਕਾਂਨਾ[7] ॥
ਜਿਵ ਹਿਮ[8] ਬੀਚ ਪਾਨੀ ਦੂਰ[9] ਰਹਾ ॥ ਅਦਭੁਤ ਬਚਨੁ ਨ ਜਾਈ ਕਹਾ ॥
ਭੂਖਨ ਹੇਮ ਦੁਰਾਯੋ ਆਈ[10] ॥ ਤਿਉ ਆਤਮੁ ਬਪੁ ਲੀਓ ਛਪਾਈ ॥
ਜਿਨ ਗੁਰ ਗਿਆਨੁ ਪਰਾਪਤ ਹੂਆ ॥ ਤਿਨਹਿ ਨ ਸੂਝਤ ਏਕ ਅਰੁ ਦੂਆ ॥
ਸਭ ਭੂਤਨ ਮਹਿ ਆਪ ਕਉ ਦੇਖੈ ॥ ਅਉ ਆਪ ਮਾਹਿ ਸਭ ਭੂਤਨ ਪੇਖੈ ॥2॥

ਦੋਹਰਾ ॥ ਖਾਣੀ ਬਾਣੀ ਚਰ ਅਚਰ ਦਿਸਟਮਾਨ ਜੋ ਆਹਿ ॥
ਆਤਮ ਤਤੁ ਨਿਹਾਰਹੀ ਪ੍ਰੇਮ ਰੂਪ ਅਵਗਾਹਿ ॥

ਚੌਪਈ ॥ ਤਤੁ ਗਿਆਨੁ ਹਰਿ ਦੀਓ ਬਤਾਈ ॥ ਪੁਨਿ ਵਾਹੀ ਮਹਿ ਰਹਿਓ ਸਮਾਈ ॥
ਨਿਸਚਲ ਮਤਿ ਤ੍ਰਿਲੋਚਨ ਭਈ ॥ ਬੁਧਿ ਤੋਧਿ ਏਕੋ ਹੋਇ ਗਈ ॥
ਭਾਉ ਦੂਸਰਾ ਗਇਆ ਬਿਲਾਈ ॥ ਏਕੋ ਏਕੁ ਰਹਿਓ ਸਭੁ ਛਾਈ ॥
ਰਾਗੁ ਦੁਏਖ ਤਿਹ ਘਟ ਤੇ ਭਾਗਾ ॥ ਸਮਤਾ ਗਿਆਨੁ ਘਟ ਭੀਤਰਿ ਜਾਗਾ ॥
ਭੇਦ ਭਾਵਨਾ ਤਿਹ ਤੇ ਗਈ[11] ॥ ਸਗਲ ਸਮਗ੍ਰੀ ਏਕਾ ਭਾਈ ॥3॥

ਦੋਹਰਾ ॥ ਅਦਭੁਤ ਅਨਭਵ ਸਾਧਜਨ ਕਿਆ ਕੋ ਕਹੈ ਬਨਾਇ ॥
ਰੂਪ ਨਾਮ ਗੁਨ ਰਹਤ ਤਿਨ ਆਪੁਨਾ[12] ਆਪੁ ਦਿਖਾਇ[12] ॥1॥

---

(1) ਅ ਪੋਥੀ 'ਇਨਿ',
(2) ਪਾਠਾਂਤਰ ਅ ਪੋਥੀ 'ਹਰਿ ਨੈ ਏਹੁ ਚਲਿਤ੍ਰ ਹੈ ਧਾਰਾ'
(3) ਪਾਠਾਂਤਰ ੲ ਪੋਥੀ 'ਜਬ ਤ੍ਰਿਲੋਚਨ ਇਹੁ ਬਚਨੁ ਉਚਾਰਾ'
(4) ਪਾਠਾਂਤਰ ੲ ਪੋਥੀ 'ਤਬਿ ਹਰਿ ਆਇ ਠਾਢੇ ਭਏ ਬਾਰਾ',
(5) ਅ ਪੋਥੀ 'ਅਹਿ',
(6) ਅ ਪੋਥੀ 'ਮਹਿ',
(7) ਪਾਠਾਂਤਰ ੲ ਪੋਥੀ 'ਸਭ ਘਟ ਮੈਹੈ ਆਪੁ ਲੁਕਾਨਾ'
(8) ਅ ਪੋਥੀ 'ਹਿਵ',
(9) ੲ ਪੋਥੀ 'ਦਰ'
(10) ਪਾਠਾਂਤਰ ੲ ਪੋਥੀ 'ਭੂਖਨ ਹੈਮ ਦੁਰਿਯੋ ਜਾਈ',
(11) ਪਾਠਾਂਤਰ ੲ ਪੋਥੀ 'ਭੇਦ ਭਾਵਨਾ ਤਿਹਿ ਤਨ ਤੇ ਗਈ'
(12) ਅ ਪੋਥੀ 'ਅਪੁਨ',
(13) ਪਾਠਾਂਤਰ ੲ ਪੋਥੀ 'ਪੁਨਿ ਮਗਿ ਨਾ ਰਹੈ ਜੋ ਆਪੁ ਮਹਿ ਅਪਨਾ ਆਪੁ ਦਿਖਾਇ'।

ਸੋਰਠਾ ॥ ਪੂਰਨ ਭਈ ਸੁਜਾਨ ਤ੍ਰਿਲੋਚਨ ਧੰਨੇ ਕੀ ਕਥਾ ॥
ਤਿਨ ਕੋ ਅਕਹ ਕਹਾਂਨ ਗੁਰ ਪ੍ਰਸਾਦਿ ਪਰਗਟ ਭਈ ॥14॥1॥4॥(3)

## ੧ਓ ਪਰਚੀ ਨਾਮਦੇਵ ਜੀ ਕੀ

ਚੌਪਈ ॥ ਇਹੁ ਸੁਖ ਸਾਗਰੁ ਪ੍ਰੇਮ ਕਾ ਅਹੈ ॥ ਸਭ ਪ੍ਰੀਤੀ ਨਦੀ ਜਾਇ ਤਿਸੁ ਮਹਿ ਰਹੈ[1] ॥
ਸਭ ਘਟ ਭੀਤਰ ਪ੍ਰੇਮੁ ਰਹਾਈ ॥ ਜਹ ਕਰੈ ਪ੍ਰਵਾਹੁ ਤਾ ਕਉ ਬਲਿ ਜਾਈ ॥
ਜਿਉ ਧਰ ਮਹੋਦਧ ਭਾਈ[2]॥ ਜਹ ਫੂਟ ਬਹੈ ਸਭ ਕੋ ਵਰਸਾਈ ॥
ਤਿਉ ਪ੍ਰੇਮੁ ਰਹਤੁ ਹੈ ਸਭ ਘਟ ਮਾਹਿ ॥ ਜਹ ਪਰਗਟੁ ਹੋਇ ਛਪਤ ਸੋ[3] ਨਾਂਹਿ ॥
ਨਾਮਦੇਉ ਘਟ ਪ੍ਰੇਮੁ ਪ੍ਰਗਾਸਾ ॥ ਸਭੁ ਜਗੁ ਤਾ ਕਉ ਕਰੈ ਉਪਹਾਸਾ ॥1॥

ਦੋਹਰਾ ॥ ਨੀਚ ਬਰਨ ਜਾਤਿ ਕੋ ਛੇਪਾ ਨਾਮਾ ਨਾਉ ਸੁਜਾਣੁ ॥
ਉਪਜਤ ਪ੍ਰੇਮ ਬਉਰਾਇ ਜਿਵ ਹੋਆ ਤਿਵ ਤਿਸੁ ਕਰਉ ਬਖਾਨ ॥1॥

ਚੌਪਈ ॥ ਨਾਮਦੇਵ ਘਟ ਪ੍ਰੇਮੁ ਜਗਾਇਆ ॥ ਪ੍ਰੇਮ ਭੂਤ ਨੇ ਸੋ ਬਉਰਾਇਆ ॥
ਖਾਨ ਪਾਨ ਤਿਨ ਸਕਲ ਬਿਸਾਰੇ ॥ ਲੋਕ ਲਾਜ ਤਿਨ ਦੀਨੀ ਡਾਰੇ ॥
ਹਾਇ ਹਾਇ ਤਿਸੁ ਕਰਤ ਬਿਹਾਇ ॥ ਅਰੇ ਪ੍ਰੇਮ ਤੂ ਬੁਰੀ ਬਲਾਇ ॥
ਕਬਹੀ ਜਾਇ ਤ੍ਰਿਣਨ ਕਉ[4] ਚੁਗਣੇ ॥ ਸਭ ਘਟ ਮਾਹ ਵਹ ਪ੍ਰੀਤਮ ਗਣੇ ॥
ਜੋ ਘਟੁ ਮਟੁ ਤਿਸੁ ਦੇਇ ਦਿਖਾਈ[5] ॥ ਪ੍ਰੇਮ ਸਿਉ ਤਾ ਕੈ ਪਗ ਪਰੈ[6] ਜਾਈ ॥2॥

ਦੋਹਰਾ ॥ ਰੂਖ ਬਿਰਖ ਕੈ ਗਲਿ ਲਗੈ ਅੰਤਰ ਦਰਸ ਪਿਆਸ ॥
ਜੋ ਸਭ ਮਹਿ ਅਨਸੂਤੁ ਹੈ ਤਿਸੁ ਦੇਖਨ ਕੀ ਆਸ[7] ॥1॥

ਚੌਪਈ ॥ ਦੋ ਘੂੰਟਨ ਮਹਿ ਸਿਰੁ ਵਹ ਰਹੈ ॥ ਝਰਿ ਆਸੂ ਸਰਤਾ ਹੋਇ ਬਹੈ ॥
ਸੋ ਪ੍ਰੀਤਮੁ ਅਪ ਮਾਹਿ ਬੀਚਾਰੈ ॥ ਅੰਤਰਿਗਤਿ[8] ਹੋਇ ਤਿਸੈ ਨਿਹਾਰੈ ॥
ਵਹ ਮੂਰਤਿ ਜਉ ਦੇਇ ਨ ਦਿਖਾਈ ॥ ਅਪੁਨੇ ਹੀ ਚਰਨ ਪਰੈ ਸਿਰੁ ਨਿਆਈ[9] ॥
ਜੋ ਦੇਖੈ ਤਿਸੁ ਮੁਖ ਚਿਤੈ[10] ਰਹੈ ॥ ਮਨ ਕੀ ਬਾਤ ਨ ਕਿਸੁ ਸਿਉ ਕਹੈ ॥
ਨੈਨਨ ਓਰ ਵਹ[11] ਰਹੈ ਨਿਹਾਰੀ ॥ ਇਕ ਟਕ ਲਾਵੈ ਨੈਨ ਪਸਾਰੀ ॥3॥

---

(1) ਪਾਠਾਤਰ ੲ ਪੋਥੀ 'ਸਭ ਪ੍ਰੀਤਿ ਨਦੀ ਜਾਇ ਸਮਾਹਿ'
(2) ਪਾਠਾਂਤਰ ਅ ਪੋਥੀ 'ਜਿਵ ਧਰਤਰ ਮਾਹਿ ਮਹੋਦਧ ਭਾਈ', ੲ ਪੋਥੀ 'ਜਿਉ ਧਰਤਹਿ ਮਹਿ ਮਹੋਦਧ ਭਾਈ',
(3) ਅ ਪੋਥੀ 'ਤੁੋ'
(4) ਪਾਠਾਤਰ ਅ ਪੋਥੀ 'ਕਬਹੀ ਤ੍ਰਿਣ ਕਾ ਕਉ ਵਹੁ ਚੁਣੈ', ੲ ਪੋਥੀ 'ਕਬਹੂ ਵਹਿ ਤਿਨਕਾ ਕੇ ਚੁਣੈ',
(5) ਪਾਠਾਂਤਰ ੲ ਪੋਥੀ 'ਜੋ ਘਟੁ ਮਟ ਘਟੁ ਵਾਂਕ ਦੇਇ'
(6) ਅ ਪੋਥੀ 'ਪਰਿ', (7) ਪਾਠਾਂਤਰ 'ਜੋ ਸਭ ਮਹਿ ਜੋਤਿ ਸਰੂਪ ਹੈ ਤਿਸੁ ਦੇਖਨ ਕੀ ਆਸ'
(8) ਅ ਪੋਥੀ 'ਅੰਤਰਮੁਖਿ', (9) ਪਾਠਾਂਤਰ ਅ ਪੋਥੀ 'ਅਪਨੇ ਹੀ ਚਰਨ ਪਰਸਨ ਆਈ'
(10) ਅ ਪੋਥੀ 'ਚਿਤ', (11) ੲ ਪੋਥੀ 'ਰਵਿ'

ਦੋਹਰਾ ॥ ਪ੍ਰੇਮ ਮਗਨ ਮਾਤਾ ਰਹੈ ਸੁਧਿ ਨਹੀ[1] ਲਹੈ[2] ਸਰੀਰ ॥
ਕਹੋ ਚੈਨ ਤਿਨ ਕਿਉ ਪਰੈ ਜਿਹ ਘਟ ਪ੍ਰੇਮ ਸਮੀਰ[3] ॥1॥

ਚੌਪਈ ॥ ਜਾਗ੍ਰਤ ਸੁਪਨ ਸੁਖੋਮਤਿ ਮਾਂਹੀ ॥ ਪ੍ਰੀਤਮੁ ਤਾ ਕਉ ਬਿਸਰੈ ਨਾਹੀ ॥
ਕਬਹੂੰ ਪਾਗ ਮਾਥ[4] ਪਰ ਰਾਖੈ ॥ ਕਬ ਪਟਕ ਧਰਨ ਹਾ ਹਾ ਕਰਿ ਭਾਖੈ ॥
ਨਗਰ ਲੋਕ ਤਿਸੁ ਸਗਰੇ ਭਾਈ ॥ ਤਿਸ ਕੀ ਆਹੈ ਨੀਦ ਨ ਪਾਈ ॥
ਤਾਹਿ ਰੁਦਨ ਜਗੁ ਸਗਰਾ ਰੋਇ ॥ ਬੇਦਨ ਵਾਕੀ ਲਖੈ ਨ ਕੋਇ ॥
ਜਿਹੀ ਓਰ ਵਹ ਨਿਕਸ ਸਿਧਾਵੈ ॥ ਬਾਲਕ ਬਿਰਧ ਤਰਨ ਜੁਰਿ ਜਾਵੈ ॥4॥

ਦੋਹਰਾ ॥ ਵਾਕੀ ਬੇਦਨ ਦੇਖਿ ਕੈ ਬ੍ਰਿਥਾ[5] ਹੋਇ ਸਭ ਲੋਗ ॥
ਸਭ ਘਟ ਪੂਰਨ ਪ੍ਰੀਤਮੋ ਤਾਹਿ ਨ ਕਰੈ ਸੰਜੋਗ ॥1॥

ਚੌਪਈ ॥ ਨਗਰ ਲੋਕ ਸਭ ਕਹ ਹੈ ਜਾਏ ॥ ਧ੍ਰਿਗੁ ਮਾਤ ਪਿਤਾ ਜਿਸੁ ਪੂਤ ਬਉਗਏ ॥
ਮਾਤ ਪਿਤਾ ਕਉ ਕਹੈ ਪੁਕਾਰਾ ॥ ਯਾ ਸੁਤ ਕੋ ਕੀਜੈ ਉਪਚਾਰਾ ॥
ਮਾਤਾ ਇਹੁ ਸੁਨਿ ਅਤਿ ਬਿਲਲਾਵੈ ॥ ਟੋਨਾਂ ਟਾਂਮਨ ਬਹੁਤੁ ਕਰਾਵੈ ॥
ਮੰਤ੍ਰ ਜੰਤ੍ਰ ਅਉਖਦ ਬਹੁਤੇਰੇ ॥ ਕਰਹਿ ਖੁਆਵਹਿ ਤਿਸੈ[6] ਘਨੇਰੇ ॥
ਜੈਸੇ ਘੀਉ ਅਗਨਿ ਮੈ ਪਰੈ ॥ ਤਿਸ[7] ਤੇ ਪ੍ਰੇਮ ਅਧਕਾਈ ਕਰੈ ॥5॥

ਦੋਹਰਾ ॥ ਅਉਖਦ ਮੰਤ੍ਰ ਨ ਮਾਨਈ ਬਿਰਹਾ ਬੁਰੀ ਬਲਾਇ ॥
ਜਿਉ[8] ਅੰਗਿਆਰੀ ਫੂਸ ਮੈ ਬਿਨੁ ਅਭਿਆਸ ਜਰਾਇ ॥1॥

ਚੌਪਈ ॥ ਜੋ ਉਪਚਾਰੁ ਤਿਸੁ ਕੋਈ ਕਰਾਵੈ ॥ ਤਹ[9] ਖੁਨਸ ਪ੍ਰੇਮੁ ਅਧਿਕਾਈ ਭਾਵੈ[10] ॥
ਮਾਤ ਪਿਤਾ ਦੋਉ[11] ਪਚਿਹਾਰੇ ॥ ਤਾਕੀ ਅਉਖਦ ਕਉਨੁ[12] ਬੀਚਾਰੇ ॥
ਪੁਨਿ ਵਹ ਨਿਕਸੁ ਦੁਆਰਕਾ ਗਇਓ ॥ ਦਈਵ ਸੰਜੋਗ ਤੇ ਐਸੇ[13] ਭਇਓ ॥
ਪ੍ਰੇਮ ਪ੍ਰਵਾਹੁ ਪ੍ਰੀਤਮ ਮਨ ਬਹਾ[14] ॥ ਸੋ ਅਤਿ ਅਕੁਲਾਨਾ ਜਾਤਿ ਨ ਸਹਾ ॥
ਰੂਪ ਰੇਖ ਤੇ ਨਿਆਰਾ ਜੋਈ ॥ ਤ੍ਰਿਗੁਣ ਅਤੀਤੁ ਕਹਾਵੈ ਸੋਈ ॥6॥

---

(1) ੲ ਪੋਥੀ 'ਨਾ'
(2) ੲ ਪੋਥੀ 'ਰਹੈ'
(3) ੲ ਪੋਥੀ 'ਸਰੀਰ'
(4) ਅ ਪੋਥੀ 'ਮ ਥੈ'
(5) ਅਤੇ ੲ ਪੋਥੀ 'ਬਿਸਮੁ'
(6) ਅ ਪੋਥੀ 'ਤਾਸ'
(7) ਅ ਪੋਥੀ 'ਤਿਨ',
(8) ਅ ਪੋਥੀ 'ਜਿਵ',
(9) ਅ ਪੋਥੀ 'ਤਹਾ',
(10) ੲ ਪੋਥੀ 'ਆਵੈ',
(11) ਅ ਤੇ ੲ ਪੋਥੀ 'ਦੋਊ',
(12) ਅ ਪੋਥੀ 'ਕਉਣ'
(13) ਅ ਤੇ ੲ ਪੋਥੀ 'ਐਸਾ',
(14) ੲ ਪੋਥੀ' ਬਾਹਾ'

ਸਲੋਕੁ ॥ ਰੂਪ ਨ ਰੇਖ ਨ ਰੰਗ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸ ਹੋਵੈ ਸੁਪ੍ਰਸੰਨ ॥1॥

ਚੌਪਈ ॥ ਨਿਰੰਕਾਰ ਆਕਾਰੁ[1] ਬਨਾਇਆ ॥ ਜਮਣ[2] ਰੂਪ ਧਰਿਤਾ ਪਹਿ[3] ਆਇਆ ॥
ਤਾਜ ਕੁਲਹਿ ਸਿਰ ਪਰਿ ਧਰਿ ਲੀਨੀ ॥ ਚੜਿ ਘੋੜੇ ਅਸਵਾਰੀ ਕੀਨੀ ॥
ਸਬਜ ਕਮਾਨ ਮੋਢੇ ਚਮਕਾਰੀ[4] ॥ ਤਰਕਸ ਕਮਰ ਕਰਿ ਕਮਚੀ ਧਾਰੀ ॥
ਦਪ[5] ਕਰਿ ਘੋਰਾ ਨਾਮੇ ਲਲਕਾਰਾ ॥ ਪਕਰਿ ਬਿਗਾਰ ਪੋਟ ਸਿਰ ਧਾਰਾ ॥
ਨੈਨ ਜੋਰ ਨਾਮਾ[6] ਮੁਸਕਾਈ ॥ ਨਖ ਸਿਖ ਲਉ ਸਭ ਜੋਤਿ ਦਿਖਾਈ ॥7॥

ਦੋਹਰਾ ॥ ਪਾਚ ਤਤੁ ਕੋ ਦੇਹ ਧਰਿ ਤਤ ਕੋ ਤਤੁ ਲੁਕਾਂਨ ॥
ਤਿਸੁ ਦਿਬ ਦਿਸਟ[7] ਸਿਉ ਦੇਖਈ ਨਾਮਾ ਨਾਮੁ ਸੁਜਾਨ ॥1॥

ਚੌਪਈ ॥ ਨਿਰਤ ਕਰਤ ਪਗੁ ਆਗੈ ਧਾਰੇ ॥ ਸਭ ਘਟ ਜੋਤਿ ਜੋਤਿ ਸੈ ਨਿਹਾਰੈ ॥
ਤੀਨ ਭਵਨ ਤਾਹੂ ਮੈ ਪੇਖੈ ॥ ਪ੍ਰੇਮ ਮਗਨ ਹੋਇ ਤਿਰਛੈ[8] ਦੇਖੈ ॥
ਸਕਲ ਰੋਮ ਨੈਨਾ ਹੁਇ[9] ਆਏ ॥ ਨ੍ਰਿਖ ਸੋਭਾ ਹਰਿ ਨਾਹ ਅਘਾਏ ॥
ਦੋਇ ਨੈਨਾ[10] ਹੋਇ ਲਾਖ ਕਰੋਰਾ ॥ ਪ੍ਰੇਮ ਮਗਨ ਹੋਇ ਤਾ ਤਨਿ ਹੇਰਾ[11] ॥
ਨਿਰਖ ਨਿਰਖ ਵਹ ਅਤਿ ਨਿਰਖਾਈ ॥ ਰੀਝ ਰੀਝ ਵਹ ਅਤਿ ਰੀਝਾਈ ॥8॥

ਦੋਹਰਾ ॥ ਹਰਿਜਨ ਭੇਦੁ ਨ ਕੋ ਰਹਾ ਲਖੀ ਕਲਾ ਅਵਗਾਹ ॥
ਪ੍ਰੇਮ ਮਹੋਦਧ ਪੈਠ[12] ਕੈ ਪਾਇਓ ਰੂਪ ਅਥਾਹ ॥1॥

ਚੌਪਈ ॥ ਤਿਹੀ ਕਾਲ ਇਕ ਉਪਜੀ ਬਾਨੀ ॥ ਹਾਲੇ ਯਾਰ[13] ਆਖਿ ਬਖਾਨੀ[14] ॥
ਖੁਸਿਖਬਰੀ ਤਿਨ ਆਖਿ ਸੁਨਾਈ[15] ॥ ਸਭ ਕੈ ਕਾਂਨ ਪਰੀ ਵਹ ਜਾਈ ॥[16]
ਜਹ ਜਹ ਨਾਮਾ ਪਗ ਕਉ[17] ਧਰੈ ॥ ਹਰਿ ਤਹਿ ਤਹਿ ਲਾਗਾ ਪੀਛੈ ਫਿਰੈ ॥
ਅੰਤਰਿ ਬਾਹਰਿ ਸੰਗਿ ਸੰਗਾਤੀ ॥ ਤਾ ਕੀ ਗਤਿ ਕਿਨੈ ਬਿਰਲੈ[18] ਜਾਤੀ ॥
ਜੋ ਕੋ ਪ੍ਰੇਮੁ ਤਾਹਿ ਸਿਉ[19] ਲਾਵੈ ॥ ਨਾਮੇ ਜਿਉ ਸੋ ਦਰਸਨੁ ਪਾਵੈ ॥9॥

---

(1) ਅ ਪੋਥੀ 'ਅਕਾਰ', (2) ੲ ਪੋਥੀ 'ਜਨਮੁ',
(3) ੲ ਪੋਥੀ 'ਪੈ', (4) ਪਾਠਾਂਤਰ ੲ ਪੋਥੀ 'ਸਬਜ ਕਮਾਣ ਮੋਢ ਚਮਕਾਰੀ',
(5) ੲ ਪੋਥੀ 'ਦਬ', (6) ਅ ਤੇ ੲ ਪੋਥੀ 'ਨਾਮਾ',
(7) ਅ ਪੋਥੀ 'ਦ੍ਰਿਸਟਿ', (8) ੲ ਪੋਥੀ 'ਆਤਰੁ',
(9) ਅ ਪੋਥੀ 'ਹੋਇ', (10) ਅ ਪੋਥੀ 'ਨੈਨ',
(11) ੲ ਪੋਥੀ 'ਹੇਰਾ', (12) ੲ ਪੋਥੀ 'ਪੈਰਿ',
(13) ਅ ਤੇ ੲ ਪੋਥੀ 'ਹਲੇ ਯਾਰਾ', (14) ੲ ਪੋਥੀ 'ਬਖਨੀ',
(15) ਅ ਪੋਥੀ 'ਸੁਣਾਈ', (16) ੲ ਪੋਥੀ 'ਜਾਨੀ',
(17) ੲ ਪੋਥੀ 'ਕੋ',
(18) ਅ ਤੇ ੲ ਪੋਥੀ 'ਵਿਰਲੈ',
(19) ੲ ਪੋਥੀ 'ਸੋ'

ਦੋਹਰਾ ॥ ਜੋ[1] ਕੋ ਪ੍ਰੇਮੁ ਲਗਾਵਈ ਹਰਿ ਸਿਉ ਮਨੁ ਚਿਤੁ ਲਾਇ ॥
ਤਾਤਕਾਲ ਵਾ ਭਗਤ ਕਉ ਜਤ ਕਤ ਆਪੁ ਦਿਖਾਇ ॥1॥
ਚੌਪਈ ॥ ਇਕਿ ਦਿਨ ਨਾਮੈ ਰੋਟੀ ਕੀਨੀ ॥ ਭਲੈ[2] ਪਕਾਇ ਧਰ ਪਰ ਧਰਿ ਦੀਨੀ ॥
ਲੇ ਕੂਕਰ ਤਹ ਤੇ ਉਠ ਭਾਗਾ ॥ ਨਾਮਾ ਘੀਉ ਲੇ ਪਾਛੈ ਲਾਗਾ ॥
ਬਿਨਉ ਕਹੈ ਅਤਿ ਆਤੁਰੁ ਹੋਈ ॥ ਬਹੁ ਬਿਧਿ ਭਾਖਿ ਸੁਨਾਵੈ ਸੋਈ ॥
ਰੂਖਾ ਖਾਨਾ ਆਹਿ ਨ ਭਲਾ ॥ ਘੀਉ ਚੋਪਰ ਪਾਵਉ[3] ਬੀਠਲਾ ॥
ਤਬਹਿ ਚਤੁਰਭੁਜ ਦਰਸੁ ਦਿਖਾਇਆ ॥ ਘੀਉ ਸਉ ਚੋਪਰ ਭੋਗ ਲਗਾਇਆ ॥10॥
ਦੋਹਰਾ ॥ ਸਭ ਸਰੂਪੋ[4] ਹਰਿ ਕੇ ਬਨੇ ਜੇਤੇ ਦਿਸਟਾਕਾਰ[5] ॥
ਜਹਿ ਜਹਿ ਹਰਿਜਨ ਨਿਰਖਈ[6] ਤਹਿ ਤਹਿ ਦਰਸੁ ਮੁਰਾਰ ॥1॥
ਚੌਪਈ ॥ ਹਰਿ ਦਰਸਨ ਮੈ ਮਨੁ ਮਗਨਾਨਾ ॥ ਦਿਨ ਦਿਨ ਬਢਤ ਪ੍ਰੇਮੁ ਭਗਵਾਨਾ ॥
ਸਦਹੀ[7] ਫਿਰੈ[8] ਪ੍ਰੇਮ ਮਦਮਾਤਾ ॥ ਜਹਾ ਕਹਾ ਕਉ ਵਹ[9] ਚਲਿ ਜਾਤਾ ॥
ਜਬਹੀ ਪ੍ਰੇਮੁ ਕਰੈ ਅਧਕਾਈ ॥ ਤਬਹੀ ਹਰਿ ਆਇ ਦਰਸੁ ਦਿਖਾਈ ॥
ਹਰਿ ਤੇ ਆਪ ਕਉ ਭਿੰਨ ਨ ਜਾਨੈ ॥ ਸਭ ਘਟ ਪੂਰਨ ਬ੍ਰਹਮ ਹੀ ਮਾਨੈ ॥
ਜੋਈ ਸਰੂਪੁ ਨਾਮੈ ਮਨਿ ਆਵੈ ॥ ਹਰਿ ਸੋਈ ਸਰੂਪੁ ਧਰਿ ਤਿਸੈ ਦਿਖਾਵੈ ॥11॥
ਦੋਹਰਾ ॥ ਪ੍ਰੇਮ ਮਗਨ ਹੋਇ ਸਬਦ ਕਉ ਗਾਵੈ ਰੁਚਿ ਉਪਜਾਇ ॥
ਸੋ ਤੁਮ ਕਉ ਮੈ ਕਹਤੁ ਹਉ ਨੀਕੀ ਭਾਂਤਿ ਬੁਝਾਇ ॥1॥
ਚੌਪਈ ॥ ਆਉ ਕਲੰਦਰ ਕੇਸਵ ਗਾਵੈ ॥ ਕਰਿ ਅਬਦਾਲੀ ਭੇਸੁ ਬੁਲਾਵੈ[10] ॥
ਅਗਮ ਅਗੋਚਰ ਅਲਖ ਅਪਾਰ ॥ ਸਭ ਭੂਤਨ ਕੋ ਪ੍ਰਾਨ ਅਧਾਰ ॥
ਹੋਇ ਕਲੰਦਰੁ ਤਹ ਚਲਿ ਆਇਆ ॥ ਅਬਦਾਲੀ ਭੇਸੁ ਤਿਨ ਆਇ ਦਿਖਾਇਆ॥
ਕਾਂਨਉਨਿ ਕਟਿ ਕਨਉਜੇ ਭਾਰੀ ॥ ਘੂੰਘਰੀਆਲੇ ਬਾਲ ਅਪਾਰੀ ॥
ਸਿਰ ਪਰਿ ਕੁਲਹਿ[11] ਉਸੇ ਪਗ ਧਾਰਿ[12] ॥ ਚਮੜ ਪੋਸ ਅਉ ਚਮੜ ਇਜਾਰ[13] ॥12॥

---

(1) ੲ ਪੋਥੀ 'ਜੋ', (2) ਅ ਪੋਥੀ 'ਤਲੈ',
(3) ੲ ਪੋਥੀ 'ਖਾਉ', (4) ਅ ਪੋਥੀ 'ਰੂਪ',
(5) ੲ ਪੋਥੀ 'ਦ੍ਰਿਸਟਾਕਾਰ',
(6) ੲ ਪੋਥੀ 'ਦੇਖਈ',
(7) ਅ ਪੋਥੀ 'ਸਦਾ ਹੀ',
(8) ੲ ਪੋਥੀ 'ਫੇਰਿ',
(9) ੲ ਪੋਥੀ 'ਓਹ',
(10) ੲ ਪੋਥੀ 'ਦਿਖਾਵੈ',
(11) ਅ ਪੋਥੀ 'ਕਲਹਕ', ੲ ਪੋਥੀ 'ਕਲਾਕਿ',
(12) ਅਤੇ ੲ ਪੋਥੀ 'ਧਾਰੀ',
(13) ੲ ਪੋਥੀ 'ਇਜਾਰੀ'

ਦੋਹਰਾ ॥ ਕਰਿ ਕਾਧੈ ਠੇਗਾ ਧਰੈ ਕਾਛਤਰ ਕਦਹਾ ਲੀਨ ॥[1]
ਭਲੈ ਭਲੈ ਜੁ ਕਹਤ ਹੈ ਸੁਨਿ ਸੁਨਿ ਸਬਦ ਪ੍ਰਬੀਨ ॥1॥

ਚੌਪਈ ॥ ਜਬਹੀ ਭੋਗੁ ਸਬਦ ਕਾ ਪਾਇਆ ॥ ਹਰਿ ਦੇਟਿ ਦਰਸੁ ਪੁਨਿ ਸੁੰਨਿ ਸਮਾਇਆ ॥
ਤਬ ਨਾਮਾ ਆਗੈ ਚਲਿ ਗਇਓ ॥ ਨਗੁ ਏਕ ਆਦਿ ਠਾਢਾ ਭਇਓ ॥
ਕਿਨਹੂ ਦੂਧ ਲੇ ਆਗੈ ਰਾਖਿਆ ॥ ਨਾਮੈ ਤਾ ਕਉ ਕਛੂ ਨ ਭਾਖਿਆ ॥
ਤਹਾ ਦਿਵਾਲਾ[2] ਬਿਪ੍ਰ ਪੂਜਾਰੀ ॥ ਪੂਜੈ ਠਾਕੁਰਿ ਤਹ ਰੁਚਿ ਧਾਰੀ ॥
ਨਾਮੈ ਪੂਜਾ ਸਰਧਾ ਧਾਰੀ ॥ ਕਹੈ ਬਿਪ੍ਰ ਤੂ ਨਹ ਅਧਕਾਰੀ ॥13॥

ਦੋਹਰਾ ॥ ਜਬ ਬਿਪ੍ਰਨ[3] ਐਸੇ ਕਹਿਓ ਨਾਮਾ ਮਨਿ ਸੁਕਚਾਇ ॥
ਜਾਇ ਦਿਵਾਲੈ[4] ਕੈ ਪਿਛੈ ਠਾਢਾ ਰਹਿਓ[5] ਸੁਭਾਇ ॥1॥

ਚੌਪਈ ॥ ਜਹ ਜਨ ਪ੍ਰੇਮੀ ਮਨੁ ਸੁਕਚਾਵੈ ॥ ਤਹ ਹਰਿ ਪ੍ਰੀਤਮ ਅਤਿ[6] ਦੁਖੁ ਪਾਵੈ ॥
ਜੋ[7] ਕੋਈ ਹਰਿਜਨਹਿ ਦੁਖਾਵੈ ॥ ਤਿਸੁ ਹਰਿ ਬੁਧਿ [ਬਧਿ][8] ਹਰਿ ਧੂਰਿ ਮਿਲਾਵੈ ॥
ਜੋ ਜਨ ਕਉ ਅਨਆਦਰੁ ਕਰੈ ॥ ਤਿਸੁ ਮਾਗਤ ਭੀਖ ਨ ਦਾਨਾ ਪਰੈ ॥
ਜੇ ਕੋ ਜਨ[9] ਕਉ ਆਇ ਦੁਖਾਵੈ ॥ ਸੋਈ ਅਧਮ ਨਰਕ ਕਉ ਪਾਵੈ ॥
ਤਬ ਠਾਕੁਰ ਮਨ ਕਰੁਨਾ ਆਈ ॥ ਮੋ ਸੇਵਕੁ ਅਨਾਦਰੁ ਪਾਈ ॥4॥

ਦੋਹਰਾ ॥ ਫਿਰਿ ਮੰਦਰੁ ਸਨਮੁਖ ਭਇਆ ਠਾਕੁਰਿ ਕਿਰਪਾ ਧਾਰਿ ॥
ਨਾਮੈ ਪ੍ਰਤਮਾ ਪੂਜ[10] ਕਰਿ[11] ਪੀਵਾਇਓ ਦੂਧੁ ਮੁਰਾਰਿ ॥1॥

ਚੌਪਈ ॥ ਕਰਿ ਪੈ ਪਾਨ ਹਰਿ ਕੀਓ ਬਖਿਆਨਾ ॥ ਰੰਕਾ ਬੰਕਾ ਦੁਇ ਭਗਤ ਸੁਜਾਨਾ ॥
ਤਿਨ ਕਉ ਦਰਸਨੁ ਦੇਖਉ[12] ਜਾਏ ॥ ਤੇ ਪਰਉਪਕਾਰੀ ਜਗ[13] ਮਹਿ ਆਏ ॥
ਉਨ ਕੋ[14] ਦਰਸਨੁ ਦੁਰਲਭੁ ਆਹੀ ॥ ਨਰ ਦੇਹ ਪਾਇ ਉਨ ਦੇਖਿਓ ਚਾਹੀ ॥
ਜਿਉ ਪਾਰਸੁ ਲੋਹੇ ਕਉ ਕਾਰਨ ॥ ਬਾਵਨ ਚੰਦਨ ਬਿਰਛ ਉਧਾਰਨੁ ॥
ਤਿਵ ਦਰਸਨੁ ਉਨ ਕਾ ਜਗ ਮਾਹਿ ॥ ਦਰਸਨੁ ਦੇਖਤ ਕਿਲਬਿਖ ਜਾਹਿ ॥15॥

---

(1) ਪਾਠਾਤਰ ੲ ਪੋਥੀ 'ਕਰਿ ਕਾਧੈ ਠੇਗ ਧਾਰੇ ਕਾਛਤਰੇ ਕ ਦ ਲੀਨ',
(2) ੲ ਪੋਥੀ 'ਦੇਵਲ,' (3) ੲ ਪੋਥੀ 'ਬਿਪ੍ਰਨੇ',
(4) ੲ ਪੋਥੀ 'ਦੇਹੁਰੇ', (5) ੲ ਪੋਥੀ 'ਹਰਿਓ',
(6) ੲ ਪੋਥੀ 'ਬਹੁ', (7) ੲ ਪੋਥੀ 'ਜਹਾ',
(8) ੲ ਪੋਥੀ ਤੋਂ,
(9) ੲ ਪੋਥੀ 'ਹਰਿਜਨ',
(10) ੲ ਪੋਥੀ 'ਪੁਜਾਇ',
(11) ੲ ਪੋਥੀ 'ਕੈ',
(12) ੲ ਪੋਥੀ 'ਦੇਖਹੁ',
(13) ਅ ਪੋਥੀ 'ਜਾਗ',
(14) ੲ ਪੋਥੀ 'ਕਾ'

ਦੋਹਰਾ ॥ ਸੰਸਾਰ ਸਾਗਰ ਮਹਿ ਸਾਧ ਜਨ ਕਵਲਨ ਜਿਉ ਪਰਕਾਸ ॥
ਭਵਰ ਰੂਪ ਹੋਇ ਨਾਮਦੇਉ ਮੈ ਤਿਨ ਲੇਤ ਸੁਬਾਸ ॥1॥

ਚੌਪਈ ॥ ਤਬ ਨਾਮਦੇਵ ਚਲਿ[1] ਤਹ ਕਉ ਜਾਈ ॥ ਜਹ ਰੰਕਾ ਬੰਕਾ ਦੋਨੋ ਭਾਈ ॥
ਨਾਮਦੇਵ ਘਰਿ ਤਿਨ ਕੇ ਗਇਓ ॥ ਜਾਇ ਆਙਣ ਮਹਿ ਠਾਢਾ ਭਇਓ ॥
ਪੀਸਤ ਹਲਦ ਤ੍ਰੀਆ ਤਿਹ ਤੀਰਾ ॥ ਮਨ ਮਲੀਨ ਨੈਨਨ ਬਹੈ[2] ਨੀਰਾ ॥
ਨਾਮੈ ਤਾ ਕਉ ਬਚਨ ਉਚਾਰਾ ॥ ਕਹੁ ਬੇਟੀ ਕਿਆ ਕਰਹਿ ਬਿਉਹਾਰਾ ॥
ਕਹਾ[3] ਰੰਕਾ ਬੰਕਾ ਦੋਨੋ ਭਾਈ ॥ ਮੈ ਤਿਨ ਦਰਸਨੁ ਦੇਖਉ ਜਾਈ ॥16॥

ਦੋਹਰਾ ॥ ਤਬ ਤ੍ਰੀਆ ਤਾ ਕਉ ਕਹਿਓ ਵੈ ਦੋਨੋ ਮਮ ਭ੍ਰਾਤ ॥
ਲਕਰੀ ਕਉ ਬਨ ਮੈ ਗਏ ਮੈ ਨਾਮੇ ਕਉ ਰੋਵਾਤ ॥1॥

ਚੌਪਈ ॥ ਕਹੁ ਬੇਟੀ ਨਾਮੈ ਕਿਆ ਫੇਰਿਆ[4] ॥ ਤੈ ਦੇਖ[5] ਦ੍ਰਿਸਟਿ ਕਰਿ ਵਾਤ ਨੇ ਫੇਰਿਆ[6] ॥
ਤਿਨ ਨਾਮੇ ਕਉ ਕਹਿਓ ਬੁਝਾਈ ॥ ਉਨ ਫਿਰਾਇ[7] ਮੰਦਰੁ ਹਰਿ ਪੀਠ ਸੁਜਾਈ ॥
ਕਹਿ ਪੀਸਤ ਹਲਦ[8] ਛਿਲਉਰੀ ਪਰੀ ॥ ਕਹੈ ਨਾਮਾ ਵਹ ਕੈਸੇ ਹਰੀ ॥
ਗੁਵਰਧਨ[9] ਧਰਿਓ ਨ ਅੰਗੁਰੀ ਹਾਰਾ ॥ ਨ ਹਾਰੀ ਪੀਠ ਗਿਰਵਰੁ ਜਬ ਧਾਰਾ ॥
ਤੀਨ ਭਵਨ ਕੋ ਅਧਰ ਰਹਾਵੈ[10] ॥ ਮੰਦਰ ਫੇਰਤ ਕਿਉ ਪੀਠ ਸੁਜਾਵੈ[11] ॥17॥

ਦੋਹਰਾ ॥ ਇਹੁ ਕਿਰਿਆ ਭ੍ਰਮ ਕੂੜੁ ਹੈ ਬਾਜੀਗਰ ਕੋ ਖੇਲ ॥
ਬਾਲੀ ਤਾਹਿ ਬਿਚਾਰੀਐ ਸੋ ਸਭ ਕਰਈ[12] ਕੇਲ ॥1॥

ਚੌਪਈ ॥ ਜਬ ਬਾਲੀ[13] ਇਹੁ ਸੁਨਿਓ ਗਿਆਨਾ ॥ ਮਿਟਿ ਗਇਓ ਭ੍ਰਮੁ ਹੀਅਰਾ ਸੀਅਰਾਨਾ॥
ਤਬ[14] ਨਾਮੇ ਕੇ ਚਰਨ ਲਗਾਨੀ ॥ ਪਾਰਸ ਪਰਸ ਭਈ ਬਾਹਰਬਾਨੀ ॥[15]
ਤਬ ਰੰਕਾ ਬੰਕਾ ਵੈ ਦੂਇ[16] ਆਏ ॥ ਤਿਨ ਚਰਨੀ ਨਾਮਾ ਪਰਿਓ ਜਾਏ ॥
ਅੰਕਮਾਲ ਦੇ ਮਿਲਿਓ ਸੁਜਾਨਾ ॥ ਅਤਿ ਅਨੰਦੀ ਪਰਮ ਪ੍ਰਧਾਨਾ ॥
ਕੁਸਲ ਛੇਮ ਕਿਆ ਪੂਛਹਿ ਗਿਆਤਾ ॥ ਜਿਨ ਸਭੁ ਜਗੁ ਆਤਮ ਰੂਪ ਪਛਾਤਾ ॥18॥

---

(1) ੲ ਪੋਥੀ 'ਚਲਿਓ', (2) ੲ ਪੋਥੀ 'ਵਹੈ',
(3) ੲ ਪੋਥੀ 'ਕਹਾ', (4) ੲ ਪੋਥੀ 'ਫੇੜਿਓ',
(5) ੲ ਪੋਥੀ 'ਦੇਖਿ', (6) ੲ ਪੋਥੀ 'ਹੇਰਿਓ',
(7) ੲ ਪੋਥੀ 'ਫਿਰਾਇਉ', (8) ਅ ਪੋਥੀ 'ਹਰਦ',
(9) ੲ ਪੋਥੀ 'ਗਿਰਵਰ', (10) ੲ ਪੋਥੀ 'ਰਹਾਈ',
(11) ੲ ਪੋਥੀ 'ਸੁਜਾਈ',
(12) ਅ ਪੋਥੀ 'ਕਰਿ ਰਹੈ',
(13) ਅਤੇ ੲ ਪੋਥੀ 'ਬਾਣੀ',
(14) ੲ ਪੋਥੀ 'ਜਬ',
(15) ੲ ਪੋਥੀ 'ਬਾੜਬਾਨੀ'
(16) ੲ ਪੋਥੀ 'ਦੋਨੋ'

ਦੋਹਰਾ ॥ ਭਾਉ ਭਗਤਿ ਚਰਚਾ ਹਰੀ ਆਤਮ ਤਤੁ ਬਿਚਾਰੁ ॥
ਸਕਲ ਰੈਨ ਤਿਨ[1] ਨੈ ਕੀਓ[2] ਜੋ ਸੁਖ ਸਾਰ ਅਪਾਰ ॥1॥

ਚੌਪਈ ॥ ਨਾਮੇ ਕੇ ਮਨਿ ਸਹਜੇ ਆਈ ॥ ਏ ਕਰਤ ਮਜੂਰੀ ਬਹੁ ਦੁਖੁ ਪਾਈ ॥
ਕਰੁਨਾ ਜਿਉ ਹਰਿ ਓਰ ਨਿਹਾਰਾ ॥ ਤਬ ਹੀ ਹਰਿ ਨੇ ਬਚਨੁ ਉਚਾਰਾ ॥
ਮੈ ਇਨ ਕਉ ਬਹੁਤ ਕਿਛੁ ਦੀਆ ॥ ਇਨ ਨੇ ਅੰਗੀਕਾਰੁ ਨ ਕੀਆ ॥
ਕੋਈ ਦਿਨ ਰਹਿ ਦੇਖੁ ਤਮਾਸਾ ॥ ਸਾਧ ਸੰਗੁ ਹੈ ਪਰਮ[3] ਬਿਲਾਸਾ ॥
ਸਾਧ ਸੰਗੁ ਜਗ ਮਾਹਿ ਅਪਾਰ ॥ ਆਨ ਸੰਗ ਹੈ ਸਗਲ ਬਿਕਾਰ ॥19॥

ਦੋਹਰਾ ॥ ਸਗਲ ਸੰਗਿਤਾ ਲੇ ਜਗ ਮਾਹੀ ਆਤਮ ਧਰਹਿ ਦੁਰਾਇ ॥
ਸਾਧ ਸੰਗਤਾ ਲੀਕਰ ਉਤਮ ਖੇਲ ਪਰਮਪਦੁ ਪਾਇ ॥1॥[4]

ਚੌਪਈ ॥ ਭੋਰ ਭਏ ਉਠਿ ਬਨਹਿ ਸਿਧਾਰੇ ॥ ਨਾਮਾ ਚਲਿਓ ਤਿਨ ਕੀ[5] ਲਾਰੇ ॥[6]
ਸੋ ਰੰਕਾ ਬੰਕਾ ਬਡੇ ਗਿਆਨੀ ॥ ਬਿਨੁ ਪਰਮਾਤਮ ਅਉਰ ਨ ਜਾਨੀ ॥
ਮਜੂਰੀ ਕਰਿ ਜੋ ਘਰ ਮੈ[7] ਲਿਆਵੈ[8] ॥ ਤੀਨ ਭਾਗ ਸਾਧਉ[9] ਭੋਗਾਵੈ ॥[10]
ਚਤੁਸਟ ਭਾਗ[11] ਲੇ ਉਦਰ ਪੋਖਾਹੀ[12] ॥ ਪ੍ਰਾਤ ਉਠੈ ਪੁਨਿ ਬਨ ਕਉ ਜਾਹੀ ॥
ਸਥਰਾ ਤਿਨ ਕੀ ਸੇਜ ਪ੍ਰਧਾਨਾ ॥ ਕਰੈ ਮਾਟ[13] ਬਾਸਨ ਖਾਨ ਅਰੁ ਪਾਨਾ ॥20॥

ਦੋਹਰਾ ॥ ਕਾਸੀ ਉਪਰਿ ਬੀਜੁਲੀ[14] ਪਰੈ ਅਚਾਨਕ ਆਇ ॥
ਤਾ ਤੇ ਨਿਰਭੈ ਠੀਕਰਾ ਸੰਤਨ[15] ਕਉ ਸੋਹਾਇ[16] ॥1॥

ਚੌਪਈ ॥ ਜਬ ਲਉ ਬਨ ਮੈ ਪਹੁਚੇ ਜਾਈ ॥ ਤਬ ਲਉ ਹਰਿ ਤਹ ਦਇਆ ਜਨਾਈ ॥
ਲਕਰੀ ਕਾਟ ਏਕਠੀ ਕਰੀ ॥ ਤੀਨ ਭਰੀ ਨੀਕੈ ਬੰਧਿ ਧਰੀ ॥
ਕਹੈ ਨਾਮਾ ਇਨ ਲੇਹੁ ਉਠਾਈ ॥ ਹਰਿ ਇਹ ਤੁਮ ਕਉ ਦਇਆ ਜਨਾਈ ॥
ਸਾਧ ਕਹੈ ਹਮਰੈ ਕਿਆ ਕਾਂਮਾ ॥ ਕਰਿ ਅਪੁਨੇ ਚੁਨਿ ਲੇਹੈ[17] ਨਾਮਾ ॥
ਦੀਏ ਹਾਥ ਪਾਵ ਸਿਰੁ ਹਮਹਿ[18] ਮੁਰਾਰ ॥ ਸਹੈ ਕਉਨੁ ਨਿਹੋਰਾ ਕਿਸ ਕਾ ਯਾਰ ॥2.॥

---

(1) ਪੋਥੀ 'ਤਿਸ', (2) ੲ ਪੋਥੀ 'ਕੀਆ',
(3) ੲ ਪੋਥੀ 'ਪ੍ਰੇਮ', (4) ਪਾਠਾਂਤਰ ੲ ਪੋਥੀ 'ਸਾਧ ਸੰਗਤਾ ਲੇ ਕਰਹੁ ਤੁਮ ਖੇਲਹੁ ਉਤਮ ਪ੍ਰੇਮ ਪਦੁ ਪਾਇ',
(5) ੲ ਪੋਥੀ 'ਕੇ',
(6) ੲ ਪੋਥੀ 'ਲਾਗੈ', (7) ੲ ਪੋਥੀ 'ਮਹਿ',
(8) ੲ ਪੋਥੀ 'ਲਿਆਵਹਿ',
(9) ੲ ਪਥੀ 'ਸਾਧਾ', (.0) ੲ ਪੋਥੀ 'ਭੋਗਾਵਹਿ',
(11) ੲ ਪੋਥੀ 'ਭਾਇ', (12) ੲ ਪੋਥੀ 'ਭਰਾਈ',
(13) ਅ ਪੋਥੀ 'ਮਟੀ',
(14) ੲ ਪੋਥੀ 'ਬੀਜਰੀ'
(15) ੲ ਪੋਥੀ 'ਸੰਤ',
(16) ੲ ਪੋਥੀ 'ਜਨਾ',
(1.) ੲ ਪੋਥੀ 'ਲੇਵਹਿ',
(18) ੲ ਪੋਥੀ 'ਹਮੇ'

ਦੋਹਰਾ ॥ ਪਰਾਲਬਧ ਯਾ ਦੇਹ ਕੀ ਐਸੇ ਬਨਿ ਸੁਭਾਇ ॥
ਤਾਂ ਤੇ ਨਾਮਾ ਸਹਿਜ[1] ਹੀ ਕਰਿ ਮਿਹਨਤ ਇਹੁ[2] ਖਾਇ ॥1॥

ਚੌਪਈ ॥ ਹਰਿ ਪੀਛੈ ਲਾਗਾ ਤਿਨ ਕੇ ਫਿਰੈ ॥ ਜੋ ਮਨ ਕਰੈ ਸੋਈ ਕਰਿ ਧਰੈ[3] ॥
ਅੰਗੀਕਾਰੁ ਕਰੈ ਕਿਛੁ ਨਾਹੀ ॥ ਕਰਿ ਮਿਹਨਤ ਕੈ ਉਦਰੁ ਭਰਾਹੀ ॥
ਭੀਖ ਨ ਮਾਗਹਿ ਦਾਨੁ ਨ ਲੇਹੀ ॥ ਕਰਿ ਮਿਹਨਤ ਖਾਹਿ ਅਰੁ ਹਰਿ ਪਗ ਦੇਹੀ ॥
ਤਬ ਹਰਿ ਏਕੁ ਚਲਿਤ੍ਰੁ ਧਾਰਾ ॥ ਅੰਨੁ ਧਨੁ ਲੈ ਤਿਨ ਕੇ ਘਰਿ ਡਾਰਾ ।
ਮਜੂਰੀ ਕਰਿ ਜਬ ਘਰਿ ਵੈ ਆਏ ॥ ਅੰਨ ਧਨ ਘਰ ਮੈ ਬਹੁਤੁ ਦਿਖਾਏ[4] ॥22॥

ਦੋਹਰਾ ॥ ਇਹੁ ਮਾਇਆ ਠਗਨੀ ਜਗਤ ਕੀ ਜਗੁ ਅੰਧਾ ਉਰਝਾਇ ॥
ਜਿਨ ਅਪੁਨਾ ਆਪੁ ਪਛਾਨਿਆ ਤਿਨਾ ਨ ਅਉਰੁ[5] ਸੁਹਾਇ ॥1॥

ਚੌਪਈ ॥ ਕਹੈ ਰੰਕਾ ਇਸੁ ਦੇਹੁ[6] ਲੁਟਾਈ[7] ॥ ਕਹੈ ਬੰਕਾ ਪਰਗਟ ਹੋਇ ਜਾਈ ॥
ਨਾਮਾ ਕਹੈ ਧਰਮਾਹਿ ਛਪਾਵਹੁ ॥ ਭੁੰਚਹੁ ਆਪਿ ਹਰਿਜਨਹਿ ਭੁਗਾਵਹੁ ॥
ਸੁਨਿ ਨਾਮਾ ਹਮਰੈ ਕਿਹ ਕਾਮਾ ॥ ਹਮਰੈ ਧਨ ਹੈ ਹਰਿ ਕੋ ਨਾਮਾ ॥
ਘਰ ਕਉ[8] ਛਾਡਿ ਬਨ ਕਉ ਉਠਿ ਧਾਏ ॥ ਤਹ ਇਕ ਛਪਰੀ ਬਾਧਿ ਰਹਾਏ ॥
ਦੇਖਿ ਚਲਿਤ੍ਰੁ ਨਾਮਾ ਛਕਿ ਰਹਾ ॥ ਤਬ ਹਰਿ ਨਾਮੇ ਸਿਉ[9] ਇਉ ਕਹਾ ॥23॥

ਦੋਹਰਾ ॥ ਪੀਛੈ ਲਾਗਾ ਮੈ ਫਿਰਉ ਸਾਧ ਅਉ ਸੰਤ ਮਨਾਉ ॥
ਮਨੁ ਕਛੁ ਆਗਿਆ ਮੋਹਿ ਕਰੈ ਕ੍ਰਿਤ[10] ਕ੍ਰਿਤ ਹੋਇ ਜਾਉ ॥1॥

ਚੌਪਈ ॥ ਜਬ ਕੀ ਦਿਨ ਨੈ ਸੁਧਿ ਹੈ ਪਾਈ ॥ ਕਛੁ ਆਸਾ ਮਨਸਾ ਮਨਿ ਨਹੀ ਆਈ ॥
ਕੋਈ ਬਾਸਨਾ ਮਨ ਨਹੀ ਧਰੈ ॥ ਅਹੰਮ ਭਾਉ ਪਰਸ ਨਹੀ ਕਰੈ ॥[11]
ਜੋ ਕੋਈ [12]ਸਭ ਕਉ ਆਪਾ ਜਾਨੈ ॥ ਭੇਦ ਭਾਵ ਜੋ ਮਨ ਨਹੀ ਆਨੈ ॥
ਕਹੁ ਮੈਰੋ[13] ਤਿਸੁ ਕਹਾ ਨਿਹੋਰਾ ॥ ਤਾ ਕੈ ਚਰਨ ਲਗਾ ਮਨੁ ਮੋਰਾ ॥
ਤੀਨ ਭਵਨ ਮੋਰੈ ਆਧਾਰਾ ॥ ਮੋਹਿ ਅਧਾਰੁ ਹੈ ਤਿਸੁ ਦਰਸਾਰਾ ॥24॥

---

(1) ਅ ਪੋਥੀ 'ਸਾਜ', (2) ੲ ਪੋਥੀ 'ਹਮ',
(3) ੲ ਪੋਥੀ 'ਧਰੈ', (4) ਪਾਠਾਂਤਰ ੲ ਪੋਥੀ 'ਅੰਨੁ ਘਰੈ ਮੈ ਬਹੁਤੁ ਦਿਖਾਵੈ'.
(5) ੲ ਪੋਥੀ 'ਅਰੁ',
(6) ੲ ਪੋਥੀ 'ਦੇਇ',
(7) ੲ ਪੋਥੀ 'ਮਿਜਇ',
(8) ਅ ਪੋਥੀ 'ਘਰਹਿ',
(9) ੲ ਪੋਥੀ 'ਸੋ',
(9) ੲ ਪੋਥੀ ਕਹਿਜਿ',
(10) ੲ ਪੋਥੀ 'ਹਉ',
(11) ਪਾਠਾਂਤਰ ੲ ਪੋਥੀ 'ਅਹੰਮੇਵ ਬਾਸਨਾ ਗਨਾ ਨਹੀ ਕਰੈ',
(12) ੲ ਪੋਥੀ 'ਕਉ',
(13) ਅ ਪੋਥੀ 'ਮੇਰੋ'

ਦੋਹਰਾ ॥ ਨਾਮਾ ਕਹਣੁ ਨ ਆਵਹੀ ਅਤਭੁਤ [ਅਦਭੁਤ][1] ਬਨਿਓ ਹਾਲ[2] ॥
ਸਭੁ ਕੋ ਮੰਕਉ ਚਾਹਈ ਮੈ ਚਾਹਉ ਸੰਤ ਰਵਾਲ ॥1॥

ਚੌਪਈ ॥ ਹੋਇ ਬਿਦਾ ਨਾਮਾ ਉਠਿ ਚਲਾ ॥ ਪ੍ਰੇਮ ਮਗਨ ਪਰਪੂਰਨ ਕਲਾ ॥
ਪਗ ਪਗ ਨਿਰਤ ਕਰਤ ਵਹ ਜਾਈ ॥ ਸਭ ਘਟ ਆਤਮ ਦੇਇ ਦਿਖਾਈ ॥
ਨਾਮਾ ਬਹੁਰਉ[3] ਸਹਜਿ ਸੁਭਾਇਆ ॥ ਚਲਤ ਫਿਰਤ ਅਪੁਨੈ ਘਰਿ ਆਇਆ ॥
ਮਾਤ ਪਿਤਾ ਅਨੰਦਤ ਭਏ ॥ ਭਗਤੁ ਭਗਤੁ ਸਭ ਕੋਈ ਕਹੈ ॥
ਪ੍ਰੇਮ ਮਗਨ ਬਾਨੀ ਉਪਜਾਵੈ ॥ ਹਰਿ ਕਉ ਸਦਹੀ ਲਾਡ ਲਡਾਵੈ ॥25॥

ਦੋਹਰਾ ॥ ਮੋਨਿ ਧਿਆਨ ਬੋਲਤ ਭਜਨ ਚਲਤ ਨ੍ਰਿਤ ਕ੍ਰਤ[4] ਜਾਤ ॥
ਨਾਮਾ ਮੂਰਤ ਪ੍ਰੇਮ ਕੀ ਦੇਖਤ ਪ੍ਰੇਮੁ ਜਗਾਤ ॥1॥

ਚੌਪਈ ॥ ਘਰੁ ਨਾਮੇ ਕਾ[5] ਤੂਟੀ ਛਾਨ ॥ ਮਾਤ ਪਿਤਾ ਜਹੁ ਰਹੈ ਸੁਜਾਨ ॥
ਅਤਿ ਦੀਨੁ ਤਿਨ ਕੋ[6] ਬੰਧਿ ਦੇਵੈ ॥ ਘਾਮ ਮੇਘ ਸਿਰ ਊਪਰਿ ਖੇਵੈ ॥
ਨਾਮਾ ਪੂਤੁ ਸੁ ਬਡੋ ਖਟਾਊ ॥ ਉਸਨ ਸੀਤ ਕਉ ਸਮ ਦਰਸਾਊ ॥
ਹਰਿ ਲਾਇ ਅਗਨਿ ਸੋ ਦੀਨ ਜਰਾਏ ॥ ਖੜੁ ਕਾਂਨ ਬਾਸ ਮੂੰਜ ਲੇ ਆਏ ॥
ਅਪੁਨੈ ਕਚਿ ਨੀਕੀ ਕਰਿ ਬਾਂਧੀ ॥ ਘਾਮ ਮੇਘ ਡਰੁ ਤਿਸੈ[7] ਨ [8]ਆਂਧੀ ॥26॥

ਦੋਹਰਾ ॥ ਟੂਟੀ ਛਪਰੀ ਜਾਰਿ ਕੈ ਹਰਿ ਬੰਧਿ ਦੀਨੀ ਅਉਰ ॥
ਜੋ ਪ੍ਰੀਤਮ ਸਭ ਜਗਤ ਕਾ ਪ੍ਰੇਮੀ ਨਾਮੇ ਓਰ[9] ॥1॥

ਚੌਪਈ ॥ ਇਕ ਦਿਨ ਨਾਮਾ ਨਾਵਣ ਗਇਆ ॥ ਕਰਿ ਇਸਨਾਨ ਮਗਨ ਸੋ ਭਇਆ ॥
ਪ੍ਰੇਮ ਮਗਾਨ ਸਿਉ ਸਬਦੁ ਉਚਾਰੈ ॥ ਹੋਇ ਗਦਗਦ ਸਭੁ ਬ੍ਰਹਮੁ[10] ਨਿਹਾਰੈ ॥
ਅਹੰ ਮਮ ਹਉ ਤੂ ਬਿਨਸਾਨਾ[12] ॥ ਪ੍ਰੇਮ ਰੂਪ ਹੋਇ ਗਇਓ ਸੁਜਾਨਾ ॥
ਤਹ ਇਕ ਸਤੀ ਹੋਨ ਕਉ ਜਾਈ[11] ॥ ਸੋ ਆਗਿਆ ਪਾਤਸਾਹ ਕੀ ਲਿਆਈ ॥
ਦੇਖਿਓ ਨਾਮਾ ਅਤੀ ਮਗਨਾਨਾ[13] ॥ ਪ੍ਰੇਮ ਭਗਤ ਕਰਤ ਭਗਵਾਨਾ[14] ॥27॥

---

(1) ੲ ਪੋਥੀ ਤੋਂ, (2) ੲ ਪੋਥੀ 'ਜਾਲ',
(3) ੲ ਪੋਥੀ 'ਬਹਰਿਓ', (4) ੲ ਪੋਥੀ 'ਵੈ',
(5) ੲ ਪੋਥੀ 'ਕੇ',
(6) ਅ ਪੋਥੀ 'ਕਉਣੁ',
(7) ੲ ਪੋਥੀ 'ਤਿਹ',
(8) ੲ ਪੋਥੀ 'ਨਹੀ',
(9) ੲ ਪੋਥੀ 'ਅਉਰ',
(10) ੲ ਪੋਥੀ 'ਓਰ',
(11) ਪਾਠਾਂਤਰ ੲ ਪੋਥੀ 'ਮਮ ਤਿਨ ਸਗਲ ਬਿਸਰਾਨਾ',
(12) ਪਾਠਾਂਤਰ 'ਏਕ ਸਤਾਵਤੀ ਦੇਵਨੇ ਜਾਈ',
(13) ੲ ਪੋਥੀ 'ਮਗਨਾਨ',
(14) ੲ ਪੋਥੀ 'ਭਗਵਾਨ'

ਦੋਹਰਾ ॥ ਸੋ ਤਾ ਕੈ ਜਾਇ ਪਗ ਪਰੀ ਅੰਤਰਿ ਕਰਤ ਪ੍ਰਣਾਉ ॥
ਚਿਤ ਬੁਧਿ ਮਨ ਮੁਦਤ ਭਏ ਸਹੁ ਹਾਵਨ ਕਉ ਚਾਉ ॥1॥

ਚੌਪਈ ॥ ਨਾਮੇ ਮਨ ਨਹੀ ਕਛੂ ਧੀਰਾਰੀ ॥ ਪ੍ਰੇਮ ਮਗਨ ਜਿਉ ਰਤੋ ਖੁਮਾਰੀ[1] ॥
ਤ੍ਰਿਅ ਧਾਲੀ ਕਉ[2] ਸਹਜਿ ਸੁਭਾਈ ॥ ਸੁਹਾਗਵੰਤੀ ਆਉ ਕਹਿ[3] ਬੋਲਾਈ ॥
ਸਾਧ ਬਚਨ ਜੋ ਫਿਰੈ ਨ ਫਿਰਾਇਓ ॥ ਸਾਧ ਬਚਨ ਜੁਗੁ ਜੁਗੁ ਅਮਰਾਇਓ ॥
ਧਰਤੀ ਸੂਰ ਗਗਨ ਬਿਨਸਾਈ ॥ ਸਾਧ ਕੇ ਬਚਨੁ ਅਮਰੁ ਹੈ ਭਾਈ ॥
ਜੋ ਕਿਛੁ ਸਾਧ ਕਹੈ[4] ਸੋ ਹੋਵੈ ॥ ਹਰਿਜਨ ਕੇ ਬਸਿ ਸਦਾ[5] ਰਹੋਵੈ[6] ॥28॥

ਦੋਹਰਾ ॥ ਬਿਨਤੀ ਕਰੈ ਸਤਿਆਵਤੀ[7] ਗਰਿ ਮੈ ਪਲੂ ਡਾਰਿ ॥
ਯਾ ਮੁਖਿ ਕੇ ਬਲਿਹਾਰ ਹਉ ਜਿਨ ਸੁਭ ਬਚਨ ਉਚਾਰ ॥1॥

ਚੌਪਈ ॥ ਪੁਨਿ ਆਨਿ ਸਿਰੀ ਚਰਨਨ ਤਰਿ ਰਾਖੀ ॥ ਤਬ ਨਾਮੇ ਸਿਉ ਅੰਤਰਿ ਭਾਖੀ ॥
ਯਾ ਕੋ ਮੁਖੁ ਤੁਮ ਦੇਹੁ ਉਘਾਰੀ[8] ॥ ਕਾਂਨ ਕਉ ਐਠ ਜਗਾਉ[9] ਉਠਾਰੀ ॥
ਨਾਮੈ ਨਿਕਟਿ ਹੋਇ ਮੁਖ ਕਉ ਖੋਲਿਆ ॥ ਐਨਤ[10] ਕਾਂਨ ਸੁ ਹਰਿ ਹਰਿ ਬੋਲਿਆ।
ਉਠਿ ਬੈਠਿਓ ਸਿਮਰਿਓ[11] ਹਰਿ ਰਾਈ ॥ ਸੋ ਨਾਮੈ ਕੈ ਪਗ ਪਰਿਓ ਆਈ ॥
ਜੋ ਭੂਖਨ ਤਿਰਿਆ ਅੰਗ ਧਾਰੇ ॥ ਸਭ ਨਾਮੇ ਕੇ ਸਿਰ ਪਰ ਵਾਰੇ ॥29॥

ਦੋਹਰਾ ॥ ਨਰ ਨਾਰੀ ਪਰਸਤ ਭਏ ਮਿਟ ਗਈ ਸਗਲੀ ਰੰਜ ॥
ਸਭ ਹੀ ਮਨ ਮੁਦਤ ਭਏ ਜਿਵ ਸੂਰ[12] ਉਦੈ ਸਰਿਕੰਜ ॥1॥

ਚੌਪਈ ॥ ਜੋ ਕਿਛੁ ਵਾ ਕੇ ਘਰ ਮਹਿ ਰਹਾ ॥ ਸਭ ਕਰ ਦਾਨੁ ਪ੍ਰੇਮ ਪਦੁ ਲਹਾ ॥
ਨਾਮੇ ਕੇ ਸੋ ਸਿਖੁ ਕਹਾਇਓ ॥ ਨਹੀ[13] ਨਾਮੇ ਕਾਨਿ ਕਛੁ ਫੂਕ ਜਨਾਇਓ ॥
ਜਬ ਪ੍ਰੇਮ ਮੂਰਤਿ ਨਾਮੇ ਕੀ ਪਰਸੀ ॥ ਬਿਨਾ ਪ੍ਰੇਮ ਤਿਸੁ ਅਉਰ ਨ ਦਰਸੀ ॥
ਤ੍ਰੀਆ ਪੁਰਖ ਕਹੇ ਹੋਇ ਚੇਰੇ ॥ ਸਭ ਘਟ ਮਾਹਿ ਤਿਨ ਪ੍ਰੀਤਮੁ ਹੇਰੇ ॥
ਜੈਦੇਵ ਨਾਮ ਕਹਾਵਤ ਸੋਈ ॥ ਜਗ ਬਖਿਆਨ ਕਹਤ[14] ਸਭ ਕੋਈ ॥30॥

---

(1) ਪਾਠਾਂਤਰ ੲ ਪੋਥੀ 'ਪਰੀ ਪਗਹੁ ਹਿਤ ਚਿਤ ਜਿਉ ਬਾਰੀ',
(2) ੲ ਪੋਥੀ 'ਕੋ'. (3) ੲ ਪੋਥੀ 'ਕਹਿਓ',
(4) ੲ ਪੋਥੀ 'ਕਹੈ', (5) ੲ ਪੋਥੀ 'ਸਦ',
(6) ੲ ਪੋਥੀ 'ਹਰਿ ਹੋਵਹਿ',
(7) ੲ ਪੋਥੀ 'ਸਤਾਵਤੀ',
(8) ੲ ਪੋਥੀ 'ਉਘਾਰੀ.
(9) ੲ ਪੋਥੀ 'ਜਗਾਇ',
(10) ੲ ਪੋਥੀ 'ਐਠ',
(11) ੲ ਪੋਥੀ 'ਸੰਮੰਰਿਓ',
(12) ੲ ਪੋਥੀ 'ਸੂਰਿ',
(13) ੲ ਪੋਥੀ 'ਨਾਹੀ',
(14) ਅ ਤੇ ੲ ਪੋਥੀ 'ਕਰਤ'

ਦੋਹਰਾ ॥ ਪਹਿਲੈ ਦੀਜਥ[1] ਨਾਮੁ ਜਿਸੁ ਸਭ ਕੋ ਕਹੈ[2] ਬੁਲਾਇ ॥
ਜਬ ਨਾਮਦੇਵ ਤੈ ਹੀ ਕਹੀ ਜੈਦੇਵ ਕਹੈ ਸੁਭਾਇ[3] ॥1॥

ਚੌਪਈ ॥ ਏਕਹਿ ਬਾਤ ਅੰਬਰ ਮਹਿ ਪਈ ॥ ਪ੍ਰਿਥਮ ਕਹੀ ਜੋ ਥਾਹੀ ਘਈ ॥
ਸਾਹ ਸਲੇਮ ਜਬੈ ਸੁਨਿ ਪਾਈ ॥ ਕਹਿਓ[4] ਅਚਰਜ ਕਛੁ ਕਹਨ ਨ ਜਾਈ ॥
ਨੈਕਉ ਤਿਨ ਕੈ ਲੋਗਿ ਪਠਾਈ[5] ॥ ਜੋ ਬੂਝਿਓ ਸੋ ਕਹਿਓ ਸੁ ਧਾਈ ॥
ਕਹਿਓ ਪਚਾਸ ਜੋਉ ਫਿਰਿ ਆਇਓ ॥ ਨਾਮੇ ਸੋਬੁ[6] ਸਗਲੁ ਜਿਤਾਇਓ ॥
ਮੇਰੀ ਆਉ ਕਰਤ ਕਛੁ ਆਈ ॥ ਸਾ ਤੇ ਤਉ ਅਬ ਬੰਧਉ ਵਾਈ ॥31॥

ਦੋਹਰਾ ॥ ਪਰਾਤਸਮਾ ਕੈ ਸਗਲੁ ਘਰਿ ਜੋਤੇ ਸਲੇਮ ਆਕਾਰ ॥
ਬਿਨੁ ਬੰਜੋ ਨਹੀ ਛੂਟੀਐ ਸਾਹ ਸਲੇਮ ਬਿਚਾਰ ॥1॥

ਚੌਪਈ ॥ ਸਾਹ ਸਲੇਮ ਘਰਿ ਗਊ ਮਰਾਈ ॥ ਜੋ ਸੁਰਤੀ ਸੇਵਾ ਕਹੀ ਨ ਜਾਈ ॥
ਸੋ ਤਾ ਕਉ ਹਤੀ ਅਤਿ ਪਿਆਰੀ ॥ ਨਿਸਦਿਨ ਤਾ ਕਉ ਕਰਤੁ ਨਿਹਾਰੀ ॥
ਵਾ ਕੇ ਦੂਧ ਮਧੁਰ ਅਤਿ ਆਹਾ ॥ ਰਹਿਆ[7] ਅਚਰਜ ਸੁਆਦ ਜਿਨ ਲਹਾ ॥
ਮਧੁਰ ਖਾਡੁ ਮਧੁ ਮਿਸਰੀ ਜੇਹੀ ॥ ਤਾ ਕੈ ਪਟੰਤਰ ਲਹੀ ਨ ਕੇਹੀ ॥
ਸੋ ਕਰਿ ਪਾਨ ਸਾਹੁ ਹੀਡਾਈ ॥ ਕਾਹੀਦ ਸੈਜਾ ਤਿਨ ਪ੍ਰਾਨ ਤਜਾਈ ॥32॥

ਦੋਹਰਾ ॥ ਤਿਸ ਕੇ ਮਰਨੈ ਦੁਖ ਭਇਆ ਸਾਹ ਸਲੇਮੈ ਚਿਤ ॥
ਜੋ ਖਿਖਿਆਨ[8] ਕੀ ਪ੍ਰੀਤਿ ਇਹੁ[9] ਸੋ ਦੁਖਦਾਈ ਮਿਤ ॥1॥

ਚੌਪਈ ॥ ਨਾਮੇ ਕਉ ਤਿਨ ਤਬਹਿ ਬੁਲਾਇਆ[10] ॥ ਬਲੀ ਭਾਂਤਿ ਤਿਸੁ[11] ਕਹਿ[12] ਸਮਝਾਇਆ ॥
ਤੈ ਬਿਪੁ ਜੀਵਾਇ ਹਥਿਓ ਜੀਉ ਧਾਮਾ[13] ॥ ਅਬ ਗਾਇ ਜੀਵਾਇ ਦੇਹ ਮੁਝ ਨਾਮਾ ॥
ਇਹ ਗਊ ਮੁਝ ਕਉ ਹੈ ਪਿਆਰੀ ॥ ਪ੍ਰੀਤਿ ਕੀ ਰੀਤਿ ਤੈ ਭਲੈ[14] ਬੀਚਾਰੀ ॥
ਮੂਈ ਗਊ ਆਗੈ ਲੇ ਡਾਰੀ ॥ ਬਛੁਰਾ ਤਾ ਕਾ ਠਾਢਾ[15] ਦੁਆਰੀ ॥
ਜੀਵਾਇ ਗਊ ਬਛੁਰੇ ਚੰਘਾਵਉ ॥ ਦੂਧੋ ਦੂਹਿ ਕੈ ਮੋਹਿ ਪੀਵਾਵਉ[16] ॥33॥

---

(1) ੲ 'ਪੋਥੀ ਜਦਰਥੁ'. (2) ੲ ਪੋਥੀ 'ਕਹਤ',
(3) ੲ ਪੋਥੀ 'ਸਭਅ ਇ', (4) ੲ ਪੋਥੀ 'ਕਹਿਆ',
(੫) ਅ ਪੋਥੀ 'ਬੁਲਾਈ', (6) ੲ ਪੋਥੀ 'ਸੋਕੰ',
(7) ੲ ਪੋਥੀ 'ਰਹਾ', (8) ੲ ਪੋਥੀ 'ਖਿਖਿਅਨ',
(9) ੲ ਪੋਥੀ 'ਹੈ',
(10) ਪਾਠਾਂਤਰ ੲ ਪੋਥੀ 'ਨਾਮੇ ਕੌ ਤਬ ਤਿਨੈ ਬੁਲਾਇਆ',
( 1) ੲ ਪੋਥੀ 'ਤਿਸੈ',
(12) ੲ ਪੋਥੀ 'ਕਹਿ',
(13) ਅ ਤੇ ੲ ਪੋਥੀ 'ਭਾਮਾ',
(14) ੲ ਪੋਥੀ 'ਭਲੀ',
(15) ੲ ਪੋਥੀ 'ਠਾਕੁਰ',
(16) ੲ ਪੋਥੀ 'ਮੁਝੈ'

ਦੋਹਰਾ ॥ ਜਉ ਗਊ ਮੁਈ ਨਹ ਜੀਵਈ ਤਉ ਤੋ ਕੋ ਇਹ ਬਾਰ ॥
ਕਲਮਾ ਪਾਕ ਪੜਾਇ ਕੈ ਦੀਨ ਮਿਲਾਵਉ ਯਾਰ ॥1॥
ਚੌਪਈ ॥ ਜਉ ਤੂ ਮੁਸਲਮਾਨੁ ਨਹੀ ਹੋਵੈ ॥ ਤਉ ਦੇਹ ਤਿਆਗ ਪ੍ਰਾਨ ਕਉ ਖੋਵੈ ॥
ਜੋ ਇਨ ਮੈ ਭਲੀ ਬਾਤ ਪਛਾਨੈ ॥ ਸੋ ਕਰਿ ਦਿਖਲਾਵਉ ਮੋ ਮਨੁ ਮਾਨੈ ॥
ਨਾਮਾ ਸਭ ਘਟ ਆਤਮੁ ਦੇਖੈ ॥ ਹਿੰਦੂ ਤੁਰਕ ਅਉਰੁ[1] ਨਹੀ ਪੇਖੈ ॥
ਸੰਸਾ ਮਰਨ ਜੀਵਨ ਕਾ ਭੂਲਾ ॥ ਸਦਾ ਰਹੈ ਕਵਲ ਜਿਉ ਫੂਲਾ ॥
ਰਾਉ[2] ਰੰਕ ਕੋ[3] ਭੇਦੁ ਨ ਜਾਨੈ ॥ ਸਭ ਘਟ ਪੂਰਨ ਬ੍ਰਹਮੁ ਪਛਾਨੈ[4] ॥34॥
ਦੋਹਰਾ ॥ ਨਾਮਾ ਹਰਿ ਹਰਿ ਧਿਆਵਈ ਮਨ ਮੈ ਕਰੈ ਬੀਚਾਰੁ ॥
ਜੋ ਪ੍ਰਭ ਭਾਵੈ ਸੋ ਕਰੈ ਹਰਿ ਕੋ ਖੇਲੁ ਅਪਾਰੁ ॥1॥
ਚੌਪਈ ॥ ਨਾਮਾ ਕਹੈ ਸਾਹ ਸਿਉ ਬਾਤਾ ॥ ਮੁਈ ਗਊ ਨਹੀ ਜੀਵੈ ਗਿਆਤਾ ॥
ਬੇਦ ਕਤੇਬ ਮਾਹਿ ਨਹੀ ਪੇਖਿਓ ॥ ਮੂਆ ਜੀਉ ਜੀਵਤ[5] ਨਹੀ ਦੇਖਿਓ ॥
ਜਉ ਮੂਆ ਜੀਉ ਜੀਵਤ ਫਿਰਿ ਹੋਤਾ ॥ ਤਬ ਪੀਰ ਪਿਕੰਬਰ ਕਿਸੂ[6] ਮਰਨ ਨ ਦੇਤਾ ॥
ਜੋ ਮੂਆ ਮੂਆ ਸੋ ਜਾਨੁ ॥ ਜੀਵਤ ਮਰਿਹੈ ਏ ਸੁਲਤਾਨ ॥
ਜੋ ਮਾਰੇ ਸੋਈ ਜੀਵਾਲੇ ॥ ਅਉਰ ਕਾ ਕਾਮੁ ਨਾਹੀ ਸਾਹ ਬਾਲੇ ॥35॥
ਦੋਹਰਾ ॥ ਮੁਇਆ ਜੀਉ[7] ਨ ਜੀਵਈ ਸੁਨੀਐ ਸਾਹ ਸਲੇਮ ॥
ਗੈਰ ਸਰੈ ਕਿਉ ਕਰਤ ਹੈ ਸਮਝੈ ਅਪਨਾ ਨੇਮ ॥1॥
ਚੌਪਈ ॥ ਜਉ ਹਠਿ ਪਰਿ ਆਵੈ ਪਾਤਸਾਹੁ ॥ ਕਉਨ ਆਹਿ ਜੋ ਲਿਆਵੈ ਰਾਹ ॥
ਕੀਓ ਕ੍ਰੋਧੁ ਸਾਹੁ ਅਤਿ ਰਿਸਾਇਆ ॥ ਮਾਤਾ[8] ਹਾਥੀ ਤਿਨਹਿ ਮੰਗਾਇਆ ॥
ਹਾਥ ਪਾਵ[9] ਨਾਮੇ ਕੇ ਬਾਧੇ ॥ ਨਾਮਾ ਸਭ ਮਹਿ ਹਰੀ ਅਰਾਧੇ ॥
ਜਬਹਿ ਮਹਾਵਤੁ ਗਜੁ ਛੋਭਾਏ[10] ॥ ਵਹ ਕਰਿ ਸਲਾਮੁ ਪੀਛੈ ਹਟ ਜਾਏ ॥[11]
ਮਾਰਿ ਅੰਕਸੁ ਵਹ ਫਿਰ ਤਹ ਲਿਆਵੈ ॥ ਮਾਨੋ ਸਿੰਘੁ ਦੇਖਿ ਗਜੁ ਅੰਕੁ ਕੰਪਾਵੈ ॥36॥

---

(1) ੲ ਪੋਥੀ 'ਅਵਰੁ',
(2) ੲ ਪੋਥੀ 'ਰਾਵ',
(3) ੲ ਪੋਥੀ 'ਕੇ',
(4) ੲ ਪੋਥੀ 'ਤੇ ਮਾਨੈ',
(5) ੲ ਪੋਥੀ 'ਜੀਵਿਓ',
(6) ੲ ਪੋਥੀ 'ਕਿਸੀ',
(7) ੲ ਪੋਥੀ 'ਜੀਵ',
(8) ਅ ਪੋਥੀ 'ਮੰਤਾ',
(9) ੲ ਪੋਥੀ 'ਪਾਉ',
(10) ੲ ਪੋਥੀ 'ਛੋਭਾਈ',
(11) ੲ ਪੋਥੀ 'ਜਾਈ'

ਦੋਹਰਾ ॥ ਸੁਲਤਾਨ ਮਹਾਵਤ ਸਿਉ ਕਹੀ ਜਉ ਨਾਮੇ ਪ੍ਰਾਨ ਨ ਲੇਹੁ ॥
ਤਉ ਤਨੁ ਅਪੁਨਾ ਐਸੇ ਹੀ ਗਜ ਕੇ ਪਗ ਤਰ ਦੇਹੁ ॥
ਚੌਪਈ ॥ ਨਾਮੇ ਮਾਤਾ ਇਕ ਜਕ[1] ਲਾਏ ॥ ਕਹੈ ਰਾਮੁ ਤਜਿ ਕਹੋ ਖੁਦਾਏ ॥
ਮਾਨਹੁ ਜੋ ਕਿਛੁ ਹਜਰਤੁ ਕਹੈ ॥ ਈਹਾ ਜੀਉ ਤੁਮਾਰਾ ਰਹੈ ॥
ਰਾਮੁ ਖੁਦਾਇ ਏਕੁ ਦੁਇ ਨਾਹੀ ॥ ਯਾ ਕਹਬੇ ਕਉ[2] ਕਿਆ ਪਛੁਤਾਹੀ ॥
ਨਗਰ ਲੋਕ ਸਭੇ ਜੁਰਿ ਆਵੈ ॥ ਆਪ[3] ਮੈ[4] ਮਿਲਿ ਮਿਲਿ ਬਾਤ ਚਲਾਵੈ ॥
ਯਾ ਕਉ ਹਰਿ ਕਾ ਭਗਤੁ ਕਹਾਹੀ ॥ ਅਬ ਇਹ ਲਾਜਾ ਹਰਿ ਰਾਖੈ ਕਿ[5] ਨਾਹੀ ॥37॥
ਦੋਹਰਾ ॥ ਸਭੁ ਕੋ ਕਉਤਕੁ ਦੇਖਈ ਮੁਖਿ ਮੈ ਅੰਗੁਰੀ ਡਾਰਿ ॥
ਹਾ ਹਾ ਕਰਿ ਬਿਨਤੀ ਕਰੈ ਹਰਿ ਇਹੁ ਲੇਹੁ ਉਬਾਰਿ ॥1॥
ਚੌਪਈ ॥ ਨਾਮੈ ਮਨਿ ਇਹੁ ਕਛੂ ਨ ਆਵੈ ॥ ਵਾਂ ਕਉ ਸਭ ਮਾਹਿ ਬ੍ਰਹਮ ਦਿਖਾਵੈ ॥
ਜਨਮ ਮਰਨੁ ਇਹ ਕਹਨੁ ਕਹਾਨੀ ॥ ਹਰਿ ਸਭ ਮੈ ਜਿਉ ਧਰ[6] ਤਰਿ[7] ਪਾਨੀ ॥
ਹਰਿ ਅਪੁਨਾ ਬਿਰਦੁ ਸਮਾਰਾ ਭਾਈ ॥ ਜਿਨ ਸਦਹੀ ਜਨ[8] ਪੈਜ ਰਖਾਈ ॥
ਜੀਵਾਇ ਗਊ ਤਹ ਠਾਢੀ ਕਰੀ ॥ ਸ੍ਰੀ ਨਾਰਾਇਨ ਕੇਵਲ ਹਰੀ ॥
ਤਬ ਨਾਮੇ ਨੈ ਐਸੀ ਕੀਨੀ ॥ ਬਛੁਰਾ ਛੋਡਿ ਗਊ ਦੁਹਿ ਦੀਨੀ ॥38॥
ਸੋਰਠਾ ॥ ਨਾਮੈ ਬਛੁਰਾ ਛੋਡਿ ਗਊ ਦੁਈ ਅਤਿ ਪ੍ਰੇਮ ਸਿਉ ॥
ਕਹੈ ਯਿਉ[9] ਸਗਰਾ[10] ਲੋਕੁ ਹਰਿ ਕਉ ਜਨ ਕੀ ਲਾਜ ਹੈ[11] ॥1॥
ਚੌਪਈ ॥ ਜੈ ਜੈ ਕਾਰ ਜਗਤ ਮਹਿ ਭਇਆ ॥ ਧਾਮਹਿ[12] ਲੋਕੁ ਅਨੰਦਤ ਗਇਆ ॥
ਮਨ[13] ਮੁਦਤ[14] ਨਾਮਾ ਘਰਿ ਆਇਆ ॥ ਮਾਤ ਪਿਤਾ ਦੋਊ ਸੁਖੁ ਪਾਇਆ ॥
ਪ੍ਰੇਮ ਸੁਭਵ ਕਛੂ ਤੁਮ[15] ਜਾਨਿਓ ॥ ਪ੍ਰੀਤਮੁ ਪ੍ਰੇਮੀ ਹਾਥਿ ਬਿਕਾਨਿਓ ॥
ਪ੍ਰੇਮੀ ਭਗਤ ਜੁ ਆਹਿ ਪਿਆਰੇ ॥ ਤਿਨ ਕੋ ਪ੍ਰੇਮ ਪ੍ਰੀਤ ਮਨ ਧਾਰੇ ॥[16]
ਸਭ ਘਟ ਮੈ ਹਰਿ ਕਰਤ ਕਲੋਲੈ ॥ ਪ੍ਰੇਮ ਸਿਉ ਭਗਤ ਕੇ ਪਾਛੈ ਡੋਲੈ ॥39॥

---

(1) ੲ ਪੋਥੀ 'ਜਾ', (2) ਅ ਪੋਥੀ 'ਕੋ',
(3) ੲ ਪੋਥੀ 'ਆਪਸੁ', (4) ੲ ਪੋਥੀ 'ਮਹਿ',
(5) ਅ ਤੇ ਪੋਥੀ 'ਰਖੈ', (6) ਅ ਪੋਥੀ 'ਧਰਤ',
(7) ਅ ਪੋਥੀ 'ਮਾਹਿ', ੲ ਪੋਥੀ 'ਤਰਿ ਮਹਿ',
(8) ੲ ਪੋਥੀ 'ਹਰਿਜਨ'. (9) ਅ ਪੋਥੀ 'ਇਉ'.
(10) ਅ ਪੋਥੀ 'ਸਗਲਾ',
(11) ਪਾਠਾਂਤਰ ੲ ਪੋਥੀ 'ਕਹੈ ਯਹ ਸਗਲਾ ਲੋਗ ਹਰਿਜਨ ਕੀ ਹਰਿ ਪੈਜ ਹੈ'
(12) ੲ ਪੋਥੀ 'ਖਿਨ ਮਹਿ',
(13) ੲ ਪੋਥੀ 'ਰਾਮ',
(14) ੲ ਪੋਥੀ 'ਕਹਤਿ',
(15) ਅ ਪੋਥੀ 'ਤਿਨਿ',
(16) ਪਾਠਾਂਤਰ ੲ ਪੋਥੀ 'ਤਿਨ ਪ੍ਰੇਮੁ ਪ੍ਰੀਤਮੁ ਅਵਿਧਾਰੇ'

ਦੋਹਰਾ ॥ ਲੀਲਾ ਪ੍ਰੇਮ ਅਬਰਨ ਹੈ ਕਾਂ ਪਹਿ[1] ਬਰਨੀ ਜਾਇ ॥
ਪ੍ਰੇਮੀ ਹੋਇ ਸੁ ਪਾਵਈ ਜਿਉ ਗੂੰਗਾ ਗੁੜ ਖਾਇ ॥1॥3 9॥1॥5॥ [4]

ੴ ਪਰਚੀ ਜੈਦੇਵ ਜੀ ਕੀ ॥

ਚੌਪਈ ॥ ਅਬ ਜੈਦੇਵ ਕੀ ਸੁਨਹੁ ਕਹਾਨੀ ॥ ਜਿਵ ਸੁਨਿਆ ਤਿਵ[2] ਆਖਿ ਬਖਾਨੀ ॥
ਸਾਧ ਸਮਾਗਮੁ ਤਿਸ ਕਉ ਭਇਆ ॥ ਪ੍ਰੇਮ ਕੋ ਸੁਆਦ ਤਹਾ ਤਿਨ ਲਇਆ ॥
ਪ੍ਰੇਮ ਮਗਨ ਮਾਤਾ ਸਦ ਰਹੈ ॥ ਸੋ ਪ੍ਰੀਤਮੁ ਅਪ[3] ਅੰਤਰਿ ਲਹੈ ॥
ਅੰਤਰਿ ਬਾਹਰਿ ਪ੍ਰੀਤਮੁ ਜਾਨੈ ॥ ਅਧਿਕ ਪ੍ਰੇਮ ਸੋ ਤਾ ਸਿਉ ਠਾਨੈ ॥
ਆਪ ਤੇ ਭਿੰਨ ਪ੍ਰੀਤਮ ਨਹੀ ਜਾਤਾ ॥ ਇਹ ਅਧਭੁਤ ਪ੍ਰੇਮ ਕਿਆ ਕਹਉ[4] ਗਿਆਤਾ ॥1॥

ਦੋਹਰਾ ॥ ਪ੍ਰੀਤਮ ਪ੍ਰੇਮੀ ਭਿੰਨ ਨਹਿ ਨਾ ਜਗੁ ਭਿੰਨ ਦਿਖਾਇ ॥
ਅਨਰਵਾਚ[5] ਇਹੁ ਪ੍ਰੇਮੁ ਹੈ ਕਾਂ ਪਹਿ ਬਰਨਿਓ ਜਾਇ ॥1॥
ਚੌਪਈ ॥ ਪ੍ਰੇਮ ਬਨਜ ਤੋਟਾ ਕਛੁ ਨਾਹੀ ॥ ਜੋ ਕਰਤ ਸੋਈ ਜਾਨਤ ਆਹੀ ॥
ਮਨੁ ਮਾਨਕੁ[6] ਤਿਸ ਹੀ ਪਹਿ ਬੇਚਹੁ ॥ ਪਰਪੂਰਨ ਠਾਕੁਰੁ ਜਿਸ ਦੇਖਹੁ ॥
ਮਨੁ ਬੁਧਿ ਚਿਤੁ ਸਭ ਹੀ ਦੇ ਡਾਰਹੁ ॥ ਦੇਹ ਸਹਤ ਅੰਹਕਾਰੁ ਨਿਵਾਰਹੁ ॥
ਤਬ ਹੀ ਪ੍ਰੀਤਮੁ ਤੁਝ[7] ਪਾਲੈ ਪਰੈ ॥ ਸਭ ਬਿਧਿ ਕਾਜੁ ਤੁਹਾਰੋ ਸਰੈ ॥
ਇਹ[8] ਸਉਦੇ ਸਦ ਲਾਹਾ ਹੋਈ ॥ ਭਾਵੈ ਕਰਿ ਦੇਖਉ ਸਭ ਕੋਈ ॥2॥
ਦੋਹਰਾ ॥ ਪ੍ਰੇਮ ਬਨਜ ਤੋਟਾ ਨਹੀ ਜੇ ਕਰਿ ਜਾਨੈ ਕੋਇ ॥
ਮਨੁ ਮਾਨਕੁ ਤਿਹ ਦੀਜੀਐ ਜੋ ਬਡ ਗਾਹਕੁ ਹੋਇ ॥1॥
ਚੌਪਈ ॥ ਜੈਦੇਵ ਮਨੁ ਤਨੁ ਸਗਰਾ ਦੀਨਾ ॥ ਸਿਰ ਸਾਟੈ ਤਿਨ ਪ੍ਰੀਤਮੁ ਲੀਨਾ ॥
ਪ੍ਰੇਮ ਪਦਾਰਥੁ ਤਿਨ ਨੈ ਪਾਇਆ[9] ॥ ਗਿਆਨ ਭਾਨ ਅੰਤਰਿ ਪ੍ਰਗਟਾਇਆ ॥
ਤੀਨ ਭਵਨ ਅਉ ਸਭੁ ਬਿਸਤਾਰਾ ॥ ਪ੍ਰੇਮ ਸਿਉ ਪ੍ਰੀਤਮ ਜਾਇ ਨਿਹਾਰਾ ॥
ਗੀਤ ਗੋਵਿੰਦ ਬਾਣੀ ਸੋ ਕਰੈ ॥ ਲੀਲਾ ਠਾਕੁਰ ਕੀ ਉਚਰੈ ॥
ਕ੍ਰਿਸਨਾ ਅਉਤਾਰ ਲੀਲਾ ਜੋ ਕਰੀ ॥ ਪਰਮ[11] ਪੁਰਖ ਨਾਰਾਇਨ ਹਰੀ ॥3॥

(1) ੲ ਪੋਥੀ 'ਪੈ',
(2) ੲ ਪੋਥੀ 'ਤਿਉ',
(3) ੲ ਪੋਥੀ 'ਆਪਿ',
(4) ਅ ਪੋਥੀ 'ਕਰਹੁ', ੲ ਪੋਥੀ 'ਕਹਿਹੈ',
(5) ੲ ਪੋਥੀ 'ਅਨਰਿਵਚਨੁ',
(6) ੲ ਪੋਥੀ 'ਮਾਨ ਕਰ',
(7) ੲ ਪੋਥੀ 'ਤਿਸੁ',
(8) ਅ ਪੋਥੀ 'ਇਤੁ',
(9) ੲ ਪੋਥੀ 'ਉਨਿ',
(10) ੲ ਪੋਥੀ 'ਹੈ',
(11) ੲ ਪੋਥੀ 'ਪ੍ਰਕ੍ਰਿਤ',

ਦੋਹਰਾ ॥ ਜੋ ਜੋ ਲੀਲਾ ਪ੍ਰਭੁ ਕਰੀ ਮਨ ਤਨ ਪ੍ਰੇਮੁ ਉਪਜਾਇ ॥
ਸੋ ਸੋ ਜੈਦੇਵ ਪ੍ਰੇਮ ਬਸਿ ਬਰਨੀ ਸਹਜਿ ਸੁਭਾਇ ॥1॥

ਚੌਪਈ ॥ ਲੇ ਕਾਗਦ ਪੋਥੀ ਤਿਨ ਕੀਨੀ ॥ ਕਲਮ ਦਵਾਤ ਪ੍ਰੇਮ ਸਿਉ[1] ਲੀਨੀ ॥
ਜਬ ਹੀ ਪ੍ਰੇਮੁ ਪ੍ਰਵਾਹੁ ਬਹਾਵੈ ॥ ਅਉ[2] ਪ੍ਰੇਮ ਅਛਰ ਹੋਇ ਰਸਨਾ ਆਵੈ ॥
ਲੇ ਪੋਥੀ ਤਾ[3] ਪਰ ਲਿਖ ਧਰੈ ॥ ਪ੍ਰੇਮ ਮਗਨ ਹੋਇ ਤਾ ਕਉ ਪਰੈ ॥[4]
ਗੋਪੀ ਹਰਿ ਜੀਉ ਪ੍ਰੇਮ ਕਮਾਇਆ ॥ ਬੇਦ ਬਿਆਸ ਭਾਰਥ ਮਹਿ ਗਾਇਆ ॥
ਸ੍ਰੀ ਭਾਗਵਤ[5] ਮਾਹਿ ਕਹਿਆ ਜਿਵ[6] ਜਾਨਾ ॥ ਸੋ ਜੈਦੇਵ ਨੈ ਕੀਆ ਬਖਿਆਨਾ ॥4॥

ਦੋਹਰਾ ॥ ਜਬ ਪ੍ਰੇਮ ਮਹੋਦਧ ਬਹਿ[7] ਚਲੈ ਜਿਵ[8] ਜਲ ਪਰਲੈ ਹੋਇ ॥
ਸ੍ਰੀ ਰਾਧਾ ਅਉ ਕ੍ਰਿਸ਼ਨ ਕਾ ਪ੍ਰੇਮੁ ਬਖਾਨੈ ਸੋਇ ॥1॥

ਚੌਪਈ ॥ ਉਠਿਓ ਪ੍ਰਾਤਹੀ ਪੋਥੀ ਲੀਨੀ ॥ ਪ੍ਰੇਮ ਤਹਾ ਅਧਿਕਾਈ ਕੀਨੀ ॥
ਸ੍ਰੀ ਰਾਧਾ ਕ੍ਰਿਸਨ ਕ੍ਰੀੜਾ ਅਨੁਸਾਰੀ[9] ॥ ਸੋਈ ਬਰਨ ਅਸਟਪਦੀ ਧਾਰੀ ॥
ਤੁਕ ਪਰਸੰਗੁ ਐਸੋ ਤਬ[10] ਆਵੈ ॥ ਮਾਨਨੀ ਰਾਧਾ[11] ਕ੍ਰਿਸਨੁ ਮਨਾਵੈ ॥
ਸ੍ਰੀ ਰਾਧਾ ਜੂ ਸਿਉ ਬਿਨਤੀ ਕਰਈ ॥ ਕਾਮ ਅਗਨਿ ਮਮ ਛਾਤੀ ਜਰਈ ॥
ਏ[12] ਚਰਨ ਕਮਲ ਮੋ ਹਿਰਦੈ ਧਾਰਹੁ ॥ ਧਰਿ ਸਿਰ ਪਰ ਸਭੁ ਦਾਹੁ ਨਿਵਾਰਹੁ ॥5॥

ਦੋਹਰਾ ॥ ਪ੍ਰੇਮ ਮਗਨ ਬਾਨੀ ਉਮਗਾਨੀ[13] ਮਨੁ ਸੁਕਚਿਓ ਲਖਿਓ ਅਜੋਗ ॥
ਚਤੁਰਾਨਨ ਕੋ[14] ਜੋ ਗਰਬ ਪ੍ਰਹਾਰੀ ਸੋ ਇਉ ਕਹਨਨ ਜੋਗ ॥1॥

ਚੌਪਈ ॥ ਜੋ ਠਾਕੁਰੁ ਤ੍ਰਿਭਵਣ ਕੋ ਰਹਈ[15] ॥ ਸੋ ਹੋਇ ਅਧੀਨ ਐਸੇ ਕਿਉ ਕਹਈ ॥
ਜਿਨ ਸੁਰਪਤਿ ਕੋ ਮਰਦਿਓ ਮਾਨੁ ॥ ਅਉਰੁ ਰੁਕਮ[16] ਕੋ ਹਰਿਓ ਗੁਮਾਨੁ ॥
ਕੇਸੀ[17] ਕੰਸ ਜਿਨ ਧਰਨ ਪਛਾਰੇ ॥ ਇਉ ਤਿਰੀਆ ਸਿਉ ਕਿਵ ਬਿਨਤੀ ਧਾਰੈ ॥
ਤਿਨ ਬਾਲ ਅਵਸਥਾ ਗਾਡਾ ਦਾਰਿਓ ॥ ਕਾਟਿ ਦਸਾਨਨ ਬਾਨਨ ਮਾਰਿਓ ॥
ਜੋ ਸਭ ਘਟ ਭੀਤਰਿ ਭੋਗੈ ਭੋਗ ॥ ਤ੍ਰੀਆ ਮਾਨੁ ਕਿਰਪਾ ਹਰਨਨ ਜੋਗ ॥6॥

---

(1) ੲ ਪੋਥੀ ਸੋ',
(2) ੲ ਪੋਥੀ 'ਉਆ',
(3) ਅ ਪੋਥੀ 'ਤ',
(4) ੲ ਪੋਥੀ 'ਉਚਰੈ',
(5) ੲ ਪੋਥੀ 'ਭਗਵਾਨਤੁ',
(6) ੲ ਪੋਥੀ 'ਜਿਉ',
(7) ੲ ਪੋਥੀ 'ਬਹੁ',
(8) ੲ ਪੋਥੀ 'ਜਿਉ',
(9) ੲ ਪੋਥੀ 'ਆਨਿਸਾਰੀ',
(10) ੲ ਪੋਥੀ 'ਹੀ',
(11) ਅ ਪੋਥੀ 'ਮਨਿਕਰਿ', ੲ ਪੋਥੀ 'ਮਾਨਿ ਕਰੀ',
(12) ਅ ਪੋਥੀ 'ਜੇ',
(13) ਅ ਪੋਥੀ 'ਉਪਜਾਨੀ', ੲ ਪੋਥੀ 'ਉਨਿਗਾਨੀ',
(14) ੲ ਪੋਥੀ 'ਕ'
(15) ੲ ਪੋਥੀ 'ਰੱਹਈ',
(16) ੲ ਪੋਥੀ 'ਰੁਕਾਮਾ',
(17) ੲ ਪੋਥੀ 'ਕੇਸ'

ਦੋਹਰਾ ॥ ਹਨ ਭਰਨ ਸਭ ਬਿਸੁ ਕੋ ਮਰਦਨ ਸਕਲ ਕੋ ਮਾਨ ॥
ਸੋ ਤਿਰੀਆ ਸਿਉ ਇਉ ਕਹੈ ਕਿਉ ਬੁਝੀਐ ਮਨ ਅਗਿਆਨ ॥1॥

ਚੌਪਈ ॥ ਤੁਕ ਕਉ ਫੇਰੈ ਅਉਰ[1] ਬਨਾਵੈ ॥ ਤਹ ਅਛਰ ਕੋਈ ਅਉਰ[2] ਨਿ ਆਵੈ ॥
ਬਿਬ[3] ਘਟਕਾ ਲਉ ਮਨੁ ਭਰਮਾਇਓ ॥ ਤਹਾ ਪ੍ਰਭਾਉ ਅਉਰ ਨਹੀ ਆਇਓ ॥
ਵਹੀ ਭਾਵ ਅਰਥੁ ਤਹ ਬਨੈ ॥ ਬਹੁਤੀ ਗਨਤੀ ਤਾ[4] ਪਰ ਗਨੈ ॥
ਤਾ ਕਉ ਤਹ ਵਹ ਲਿਖ ਨਹੀ ਸਕੈ ॥ ਅਤਿ ਸੁਕਚਾਵੈ ਨੀਚੈ ਤਕੈ ॥
ਮਨੁ ਚਿਤ ਬੁਧਿ ਤਹਾ ਪਚਿਹਾਰੇ ॥ ਤਾ ਕੀ ਲੀਲਾ ਕਉਨ ਬਿਚਾਰੇ ॥7॥

ਦੋਹਰਾ ॥ ਤੋਰ ਜੋਰ ਅਛਰ ਰਹਿਓ ਬਨੈ ਨ ਅਉਰੁ ਬਨਾਉ ॥
ਜਿਉ ਚੁੰਮਕ ਸਨਮੁਖ ਫਿਰੈ ਲੋਹੁ ਸੋ ਤੁਕ ਤਿਉ ਆਉ[5] ॥1॥

ਚੌਪਈ ॥ ਤਬ[6] ਜੈਦੇਵ ਅਧਿਕ ਅਕੁਲਾਇਓ ॥ ਪੋਥੀ ਬਾਂਧਿ ਸੁ ਬਾਹਰਿ ਆਇਓ ॥
ਲੇ ਆਸਨ ਸਰਤਾ ਢਿਗ ਗਇਓ ॥[7] ਕਰਿ ਇਸਨਾਨੁ ਮਨੁ ਤਪ ਤਪ ਦਇਓ[8] ॥
ਮਨ ਚਿਤੁ ਬੁਧਿ ਭਏ ਲਿਵਲੀਨ ॥ ਪ੍ਰੇਮੀ ਪ੍ਰੀਤਮ ਕੇ ਰੰਗੁ ਲੀਨ ॥
ਜੈਦੇਵ ਰੂਪ ਤਬ ਧਰਿਓ ਗੁਸਾਈ ॥ ਘਰ ਮਹਿ ਆਇ ਤ੍ਰੀਆ ਬੋਲਾਈ ॥
ਦਾਵਾਤ ਕਲਮ ਪੋਥੀ ਮੰਗਿ ਲੀਨੀ ॥ ਸੋਈ ਤੁਕ ਤਾ ਪਰ ਲਿਖ ਦੀਨੀ ॥8॥

ਦੋਹਰਾ ॥ ਇਹੁ ਪੋਥੀ ਪਰ ਹਰਿ ਤੁਕ ਲਿਖੀ ਹਉ ਰਾਧੇ ਬਲਿ ਬਲਿ ਤੋਰ ॥
ਚਰਨ ਧਾਰ ਸੀਅਰੀ ਕਰੋ ਛਾਤੀ ਜਰਤ ਜੁ ਮੋਰ[9] ॥1॥

ਚੌਪਈ ॥ ਹਰਿ ਲਿਖਿ ਕੈ ਉਠਿ ਬਾਹਰਿ ਧਾਇਆ ॥ ਜੈਦੇਵ ਨਾਇ ਧੋਇ ਘਰਿ ਆਇਆ ॥
ਬਾਹਰਿ ਪੋਥੀ ਪਰੀ[10] ਦਿਖਾਇ ॥ ਤਬ ਤਿਰੀਆ ਕਉ ਪੂਛਿਓ ਆਈ ॥
ਇਹ ਪੋਥੀ ਕਿਨ ਨੈ ਹੈ ਕਾਢੀ ॥ ਕਾ ਕਉ ਪ੍ਰੇਮ ਪੜਨ ਰੁਚਿ ਬਾਢੀ ॥
ਤ੍ਰੀਆ ਕਹੈ ਮੈ ਅਚਰਜੁ ਦੇਖਾ ॥ ਬਨਿ ਆਇਓ ਕੋਈ ਤੁਮਰੇ[11] ਭੇਖਾ ॥
ਕਿਆ ਜਾਨਉ ਤੁਮ ਹੀ ਥੇ ਸੋਈ ॥ ਕੈ ਤੁਝਿ ਭੇਖ ਲੇ ਆਇਓ ਕੋਈ ॥9॥

---

(1) ੲ ਪੋਥੀ 'ਅਵਰ',
(2) ੲ ਪੋਥੀ 'ਅਵਰੁ',
(3) ੲ ਪੋਥੀ 'ਬਿਬਰ',
(4) ਅ ਪੋਥੀ 'ਤ',
(5) ਪਾਠਾਂਤਰ ੲ ਪੋਥੀ 'ਜਿਉ ਚੈਮਕ ਧਨਮੁਖਿ ਫਿਰੈ ਤਿਉ ਹੈ ਫਿਰੈ ਸੁਭਾਇ',
(6) ਅ ਪੋਥੀ 'ਜਬ',
(7) ਪਾਠਾਂਤਰ ੲ ਪੋਥੀ 'ਇਕ ਤੁਕ ਰਹੀ ਲਖਾ ਨਹੀ ਕੀਓ',
(8) ੲ ਪੋਥੀ 'ਦੀਓ''
(9) ਪਾਠਾਂਤਰ ੲ ਪੋਥੀ 'ਚਰਨ ਧਾਰ ਕਰਉ ਛਾਤੀ ਜਲਤ ਹੈ ਮੋਰਿ',
(10) ੲ ਪੋਥੀ 'ਉਪਰਿ',
(11) ੲ ਪੋਥੀ 'ਕੇ'

ਦੋਹਰਾ ॥ ਮੁਝਿ ਤੇ ਪੋਥੀ ਮਾਗਿ ਕੈ ਇਕ ਤੁਕ ਲਿਖੀ ਬਨਾਇ ॥
ਸੋ ਤੁਮ ਦੇਖਹੁ ਦਇਆਲ ਜੀ ਬੂਝਹੁ ਹਰਿ ਜੁ ਬੁਝਾਇ ॥1॥

ਚੌਪਈ ॥ ਬਾਮਨ ਕਉ ਅਚਰਜੁ ਇਹ ਭਇਆ ॥ ਸੁਨਤ ਬਚਨ ਬਿਸਮੈ ਹੁਇ[1] ਗਇਆ ॥
ਲੇ ਪੋਥੀ ਵਹ ਤੁਕ ਜੁ ਨਿਹਾਰੈ ॥ ਗਿਆਨ ਅੰਜਨ ਮਾਨੋ ਨੈਨਨ[2] ਧਾਰੈ[3] ॥
ਨੈਨਨ ਮੋ ਪੁਤਰੀ ਮਨੋ ਬਨੀ[4] ॥ ਅਥਵਾ ਧਨ ਨੈ ਪਾਇਓ ਧਨੀ ॥
ਜੈਦੇਵ ਨੈ ਇਹੁ ਕਲਾ ਪਛਾਨੀ ॥ ਮੋ ਪ੍ਰੀਤਮ ਪਿਆਰੈ ਆਇ ਲਿਖਾਨੀ ॥
ਤਾ ਦਰਸਨ ਕੀ ਮਨ ਬਾਢੀ ਆਸਾ॥ਰੋਮ ਰੋਮ ਮਤਿਸੁ [ਤਿਸ[5] ਪ੍ਰੇਮੁ ਪ੍ਰਗਾਸਾ ॥10॥

ਦੋਹਰਾ ॥ ਪ੍ਰੇਮ ਅਗਨਿ ਘਟ ਊਪਜੀ ਸਭ ਪਰ ਲਉ ਕੀਏ ਆਇ ॥
ਜੈਸੇ ਪਰਲਉ ਅਗਨਿ ਕੀ ਬਿਨੁ ਅਗਨੀ ਨ ਦਰਸਾਇ[6] ॥1॥

ਚੌਪਈ ॥ ਜੋ ਜੋ ਅਛਰੁ ਤਹਾ ਸੁਹਾਈ ॥ ਤਿਸੁ ਪ੍ਰੀਤਮੁ ਸਭੁ ਦੇਇ ਦਿਖਾਈ ॥
ਖੈਚਿ ਦਿਸਟਿ ਜਬ[7] ਅੰਤਰਿ ਧਾਰੈ ॥ ਤਹ ਹੀ ਪ੍ਰੀਤਮੁ ਜਾਇ ਨਿਹਾਰੈ ॥
ਊਚ ਨੀਚ ਇਤ ਉਤ ਜਬ ਦੇਖੈ ॥ ਬਿਨੁ ਪ੍ਰੀਤਮ ਸੋ ਅਉਰ ਨ ਪੇਖੈ ॥
ਤਉ ਹੀਐ ਮੈ ਸਾਤਿ ਨਿ ਆਵੈ ॥ ਜੋਤਿ ਸਰੂਪੁ ਬ੍ਰਹਮੰਡੁ[8] ਦਿਖਾਵੈ ॥
ਵਹ ਮੂਰਤਿ ਜੋ ਉਸ ਸੀ ਆਹੀ ॥ ਸੋਹੰ ਅਭੇਦ[9] ਦੇਖਨ ਕਉ ਚਾਹੀ ॥11॥

ਦੋਹਰਾ ॥ ਮੈ ਤੂੰ ਤੂੰ ਮੈ ਭੇਦੁ ਨਹਿ ਅਖਲਖ [ਅਲਖ][10] ਅਖੰਡ ਸੁਹਾਇ ॥
ਤੀਨ ਭਵਨ ਤਾ ਰੂਪ ਮਹਿ ਤਾ ਕੋ ਤਾਕੁ ਦਿਖਾਇ ॥1॥

ਚੌਪਈ ॥ ਉਮਗਿਓ[11] ਪ੍ਰੇਮ ਦੇਹ ਸੁਧਿ ਗਈ ॥ ਮਨੁ ਚਿਤੁ ਬੁਧਿ ਥਕਤ ਤਹ ਭਈ ॥
ਰਸਨਹੁ ਗੁੰਗ ਭਈ ਤਬ ਬਾਨੀ ॥ ਅਖੀਅਨ ਜੋਤਿ ਕਹੀ ਜਾਇ ਲੁਕਾਣੀ ॥
ਸਿਥਲ[12] ਭਏ ਦੇਹ ਕੇ ਅੰਗ ॥ ਮਾਨੋ ਸੰਨਪਾਤ ਕੇ ਰੰਗ ॥
ਪ੍ਰੇਮ ਭੂਤ ਨੈ ਬੁਧਿ ਬਉਰਾਈ[13] ॥ ਬਿਦੇਹ ਕੈਵਲਿ [ਕੇਵਲਿ][14] ਮੁਕਤਿ ਮਾਨੋ[15] ਪਾਈ ॥
ਦੇਹੀ ਦੇਹ ਭੇਦੁ ਨ ਰਹਾ ॥ ਪ੍ਰੇਮ ਸਮੁਦ੍ਰ ਮੈ ਜਲੁ ਹੋਇ ਬਹਾ ॥12॥

---

(1) ੲ ਪੋਥੀ 'ਹੋਇ', (2) ਅ ਪੋਥੀ 'ਨੈਨ',
(3) ਪਾਠਾਂਤਰ ੲ ਪੋਥੀ 'ਗਿਆਨ ਅੰਜਨ ਮਨ ਨੈਨ ਨਿਰਧਾਰੈ',
(4) ਪਾਠਾਂਤਰ ੲ ਪੋਥੀ 'ਨੈਨ ਮਹਿ ਪੁਤਰੀ ਮਾਨੋ ਬਨੀ',
(5) ਅ ਤੇ ੲ ਪੋਥੀ ਤੋਂ (6) ਅ ਤੇ ੲ ਪੋਥੀ 'ਦੁਰਾਇ',
(7) ੲ ਪੋਥੀ 'ਜੋ', (8) ੲ ਪੋਥੀ 'ਬ੍ਰਹਮ',
(9) ੲ ਪੋਥੀ 'ਅਭੇਵ', (10) ਅ ਤੇ ੲ ਪੋਥੀ ਤੋਂ,
(11) ੲ ਪੋਥੀ ਮਾਗਿਓ', (12) ਅ ਪੋਥੀ 'ਸਥਲ',
(13) ੲ ਪੋਥੀ 'ਬਉਰਾਨੀ',
(14) ਅ ਤੇ ੲ ਪੋਥੀ ਤੋਂ,
( 5) ੲ ਪੋਥੀ 'ਮਨਿ'

ਦੋਹਰਾ ॥ ਦੇਖਿ ਅਵਸਥਾ ਪੀਅ ਕੀ ਤ੍ਰੀਆ ਗਈ ਮੁਰਝਾਇ ॥
ਛਾਤੀ ਪੀਟੈ ਸਿਰੁ ਖੋਹੈ[1] ਕਰਿ ਹਾਇ ਹਾਇ ਬਿਲਲਾਇ ॥1॥

ਚੌਪਈ ॥ ਪੀਅ ਕਉ ਦੇਖ ਤ੍ਰੀਆ ਧੀਰੁ ਨ ਧਰਾ[2] ॥ ਸਿਰ ਕਉ ਖੋਹਿ ਹਥਾਰੀ[3] ਕਰਾ[4] ॥
ਛਾਤੀ ਪੀਟ ਤਿਨ ਦੀਨ ਸੁਜਾਇ ॥ ਮਾਨੋ ਬਿਰਹੈ ਜੋਗੀ ਮਟੁ ਬੰਧਿਓ ਆਇ ॥
ਦੋਉ ਨੈਨ ਦੁਇ ਘਟਾ ਸੁਰਾਹੀ ॥ ਮੂਸਲਧਾਰ ਜਿਵੈ ਬਰਖਾ[5] ਖਾਹੀ ॥
ਮਸਤਕੁ ਫੇਰਿ[6] ਦੀਓ ਤਿਨ ਬਾਲਾ ॥ ਰਕਤ ਫੂਟਿ ਬਹਿ ਚਲਿਓ ਪ੍ਰਨਾਲਾ ॥
ਜੋ ਪ੍ਰੇਮ ਕਿਆਰੀ ਪੀਅ ਸੰਗਿ ਬੋਈ ॥ ਬਿਰਹੁ ਕਰੋਰੀ[7] ਮੰਗੈ ਹਾਸਲੁ ਸੋਈ ॥13॥

ਦੋਹਰਾ ॥ ਇਕੁ ਭਰਤਾ ਪੁਨਿ ਹਰਿ ਭਗਤੁ ਤ੍ਰਿਤੀਏ ਬ੍ਰਹਮ[8] ਸਰੂਪ ॥
ਤਾ ਨਾਰੀ ਕਉ ਪ੍ਰੇਮ ਤਿਸੁ[9] ਦੇਖਹੁ ਭਇਓ ਅਨੂਪ ॥1॥

ਚੌਪਈ ॥ ਜਬ ਤ੍ਰੀਆ ਬਹੁ ਚੀਕੈਂ ਮਾਰੀ ॥ ਅਰੁ ਆਹੈ ਤਿਨ ਉਚ ਪੁਕਾਰੀ ॥
ਤਬ ਹਮਸਾਏ ਜੁਰਿ ਸਭ ਆਏ ॥ ਨਾਰ ਪੁਰਖ ਬਹੁ ਭੀਰ ਮਚਾਏ ॥
ਤਾ ਨਾਰੀ ਕਉ ਕਹੈ ਬੁਝਾਇ ॥ ਤੁਮਰੇ[10] ਪੁਰਖ ਕਛੁ ਲਗੀ ਬਲਾਇ ॥
ਝਾਰਿ[11] ਫੂਕਿ ਨੀਕਾ ਇਸੁ ਕਰੀਐ ॥ ਬਿਨੁ[12] ਉਪਚਾਰ ਕੀਏ ਪਚਿਮਰੀਐ ॥
ਜਉ ਉਪਚਾਰ ਤੇ ਹੋਇ ਨ ਨੀਕਾ ॥ ਤਬ ਕਉਨ ਮਿਟਾਵੈ ਦੁਖ ਤੁਹਿ ਜੀਅ ਕਾ ॥14॥

ਦੋਹਰਾ ॥ ਤਾ ਨਾਰੀ ਕੇ ਕਰ ਪਕਰ ਬਹੁ ਬਿਧਿ ਕਹਿਓ ਬੁਝਾਇ ॥
ਹਮ ਇਸੁ ਨੀਕਾ ਕਰਤ ਹੈ ਮਨ ਸੰਤੋਖੁ ਦਿੜਾਇ ॥1॥

ਚੌਪਈ ॥ ਮੁਲਾ ਪਾਧੇ ਓਝੇ ਜੇਤੇ ॥ ਝਰਿ ਫੂਕਿ ਪਚਿਹਾਰੇ ਤੇਤੇ ॥
ਸਭ ਪਚਿਹਾਰੇ ਘਰਹਿ ਸਿਧਾਰੇ ॥ ਤਹ ਤ੍ਰੀਆ ਪੀਉ ਦੁਇ ਰਹੇ ਬਿਚਾਰੇ ॥
ਬਹਿ[13] ਪ੍ਰੇਮ[14] ਅੰਧੇਰੀ ਪਰੀ ਪ੍ਰੇਮ ਫੁਹਾਰਾ ॥ ਉਮਗਿਓ[15] ਗਿਆਨੁ ਮਿਟਿਓ[16] ਅੰਧਿਆਰਾ ॥
ਤਬ ਨਾਰੀ ਮਨਿ ਯਹੀ ਬਿਚਾਰੀ ॥ ਇਹੁ ਪਰਮ[17] ਭਗਤੁ ਹਰਿ ਹਰੀ ਮੁਰਾਰੀ ॥
ਇਸ ਕੈ ਜੋ ਕਿਛੁ ਸੰਸਾ ਭਇਆ ॥ ਹਰਿ ਤਾਹਿ ਨਿਵਾਰਨ ਤੁਕ ਲਿਖ ਗਇਆ॥15॥

---

(1) ਏ ਪੋਥੀ 'ਖੂਨੇ',
(2) ਏ ਪੋਥੀ 'ਪਰਈ',
(3) ਏ ਪੋਥੀ 'ਹਥੀਰੀ',
(4) ਏ ਪੋਥੀ 'ਕਰਈ',
(5) ਏ ਪੋਥੀ 'ਮੀਹ',
(6) ਏ ਪੋਥੀ 'ਫੋਰਿ',
(7) ਏ ਪੋਥੀ 'ਕਰੋਸੀ',
(੮) ਏ ਪੋਥੀ 'ਬ੍ਰਹਮਣ',
(੯) ਏ ਪੋਥੀ 'ਅਤਿ',
(10) ਏ ਪੋਥੀ 'ਤੁਹਾਰੀ',
(11) ਅ ਪੋਥੀ 'ਝਰਿ',
(12) ਏ ਪੋਥੀ 'ਜਬ',
(13) ਏ ਪੋਥੀ 'ਬਿਰ'
(14) ਏ ਪੋਥੀ 'ਹੀ',
(15) ਅ ਤੇ ਏ ਪੋਥੀ 'ਉਪਜਿਓ',
(16) ਅ ਪੋਥੀ ਮਿਟਿਓ',
(17) ਅ ਪੋਥੀ 'ਪ੍ਰੇਮ'

ਦੋਹਰਾ ॥ ਜਬ ਤਿਰੀਆ ਐਸੇ ਬੂਝਿਓ ਵਾ ਮੂਰਤਿ ਧਰਿਓ ਧਿਆਨੁ ॥
ਬਹੁਰਿ ਪ੍ਰੇਮ ਤਾ ਤ੍ਰੀਆ ਕਉ ਰੋਮ ਰੋਮ ਸੰਚਰਾਨੁ ॥1॥

ਚੌਪਈ ॥ ਪੁਨਿ ਤਿਸੁ ਪ੍ਰੇਮ ਕਰੀ ਅਧਿਕਾਈ ॥ ਮਾਨੋਂ ਮਛੁਲੀ ਜਾਲ ਫਸਾਈ ॥
ਅੰਤਰਿ ਧਿਆਨ ਹੋਇ ਬਿਨਤੀ ਕਰਈ ॥ ਪ੍ਰਭ ਚਰਨਨ ਪਰ ਮਾਥਾ ਧਰਈ ॥
ਦੀਨ ਦਇਆਲ ਦੀਨਨ ਕੇ ਨਾਥਾ ॥ ਅੰਤਰਿ ਬਾਹਰਿ ਸਭ ਕੇ ਸਾਥਾ ॥
ਜੋ ਦਰਸਨੁ ਦੇ ਪੋਥੀ ਮੰਗ[1] ਲੀਨੀ ॥ ਸੰਸ ਨਿਵਾਰਨ ਤੁਕ ਲਿਖ ਦੀਨੀ ॥
ਸੋਈ ਦੇ ਦਰਸੁ ਸੰਤਾਪੁ ਨਿਵਾਰਹੁ ॥ ਜੈਦੇਵ ਬਾਂਹ ਪਕਰਿ ਉਧਾਰਹੁ[2] ॥16॥

ਦੋਹਰਾ ॥ ਜਿਤੁ ਘਟਿ ਪ੍ਰੇਮੁ ਪ੍ਰਗਾਸਿਓ[3] ਪ੍ਰੀਤਮੁ ਪ੍ਰਗਟਿਓ ਜਾਨੁ ॥
ਸਾਸਤ੍ਰ ਬੇਦ ਕਤੇਬ ਮਿਲ ਕਰਤ ਹੈ ਸਭੇ[4] ਬਖਿਆਨੁ ॥1॥

ਚੌਪਈ ॥ ਪੂਰਨ ਪ੍ਰੇਮੁ ਨਾਰੀ ਮਹਿ ਦੇਖਾ[5] ॥ ਜੈਦੇਵ ਕੋ ਹਰਿ ਧਰਿਓ ਭੇਖਾ[6] ॥
ਆਇ ਤਿਰੀਆ ਕਉ ਦਰਸੁ ਦਿਖਾਇਆ ॥ ਬਾਹ ਪਕਰਿ ਜੈਦੇਵ ਉਠਾਇਆ ॥
ਨਾਰਿ ਪੁਰਖ ਦੋਊ ਮਗਨਾਨੇ ॥ ਅੰਗ ਸੰਗ ਪ੍ਰੀਤਮ ਤਿਨ ਜਨ ਜਾਨੇ ॥
ਦੋਊ ਮੂਰਤਿ ਇਕ ਸੀ[7] ਵਹ ਦੇਖੈ ॥ ਤਾ ਮਹਿ ਭੇਦੁ ਭਾਉ ਨਹੀ ਪੇਖੈ ॥
ਭੇਦ ਭਾਉ ਜਉ ਹੋਇ ਦਿਖਾਵੈ ॥ ਤਾ ਕੀ ਲੀਲਾ ਤਿਸੁ ਬਨਿ ਆਵੈ ॥17॥

ਦੋਹਰਾ ॥ ਹਰਿ ਜੈਦੇਵ ਜੈਦੇਵ ਹਰਿ ਨਾਰੀ ਰਹੀ ਨਿਹਾਰ ॥
ਮਾਨੋ ਭੂਖਨ ਹੇਮ ਕੇ ਕਰੇ ਏਕੈ ਸਾਂਚੇ[8] ਢਾਰਿ ॥1॥

ਚੌਪਈ ॥ ਤਬ ਤਿਰੀਆ ਮਨਿ ਚਿੰਤਾ ਭਈ ॥ ਸੋ ਚਿੰਤਾ ਵਹ ਜਾਇ ਨ ਕਹੀ ॥
ਤਿਨ ਮਨ ਮੈ ਜਬ ਇਹੀ ਬਿਚਾਰਾ ॥ ਇਨ ਮੈ ਕੋ ਭਰਤਾ ਕੋ ਹੈ ਕਰਤਾਰਾ ॥
ਜੋ ਇਨ ਮੈ ਮੈ ਹਰਿ ਲਖਿ[9] ਪਾਵਉ ॥ ਕਰ ਬਿਨਤੀ ਤਿਸੁ ਆਖਿ ਸੁਨਾਵਉ ॥
ਜੋ ਸਰੂਪੁ ਹਰਿ ਗੋਕਲ ਧਾਰਾ ॥ ਸ੍ਰੀ ਰਾਧਾ ਕੋ ਪ੍ਰਾਨ ਪਿਆਰਾ ॥
ਸੋਈ ਦਰਸੁ[10] ਦੇਖਨ ਮਨ ਚਾਉ ॥ ਕਰਿ ਕਿਰਪਾ ਮੋਹਿ ਸੋਈ ਦਿਖਾਉ ॥18॥

---

(1) ੲ ਪੋਥੀ 'ਸੰਗਿ',
(2) ੲ ਪੋਥੀ 'ਉਠਾਵਹੁ,'
(3) ੲ ਪੋਥੀ 'ਪ੍ਰਕਾਸਈ',
(4) ੲ ਪੋਥੀ 'ਸਭ',
(5) ੲ ਪੋਥੀ ਦੇਖਿਆ',
(6) ੲ ਪੋਥੀ 'ਭੇਖਿਆ'.
(7) ਅ ਪੋਥੀ 'ਸੇ',
(8) ੲ ਪੋਥੀ ਸੰਚੈ",
(9) ੲ ਪੋਥੀ 'ਜੀ',
(10) ੲ ਪੋਥੀ 'ਦਰਸਨੁ'

ਦੋਹਰਾ ॥ ਅੰਤਰਿਜਾਮੀ ਹਰਿ ਤਬੈ ਸੋਈ ਸਰੂਪੁ ਬਨਾਇ ॥
ਨਾਰਿ ਪੁਰਖ ਦਿਖਾਇ[1] ਕੈ ਲੀਨੋ ਸੁੰਨ ਸਮਾਇ ॥1॥

ਚੌਪਈ ॥ ਰੇ ਮਨ ਦੇਖਹੁ ਪ੍ਰੇਮ ਬਡਾਈ ॥ ਜਿਨ ਬਿਨ ਸਾਧਨ[2] ਹੀ ਸਿਧ ਕਰਾਈ ॥
ਜੋਗ ਬੈਰਾਗ ਨ ਤਪਸਿਆ ਕੀਨੀ ॥ ਨਹਿ ਦੇਹੀ ਕਾਟਿ ਹੁਤਾਸਨ ਦੀਨੀ ॥
ਮੁਡਾਇ ਮੂੰਡ ਨਹੀ ਕੰਨ ਫਰਾਏ ॥ ਨਹੀਂ ਚੇਲੇ ਜੋਰਿ ਨ ਸਿਙੇ ਵਾਏ ॥
ਤਟ ਤੀਰਥ ਜਾਇ ਗੁਫਾ ਨਹੀ ਬਸਾ[4] ॥ ਨਹੀ ਪਉਨ ਸਾਧ ਪ੍ਰਾਣਾਇਮੁ ਕਰਾ[5] ॥
ਜਟਾ ਬਧਾਇ ਨ ਨਗਨ ਫਿਰਿਤੋ[6] ਹੈ ॥ ਨਹੀ ਹੋਮੁ ਜਗੁ ਜਪੁ ਦਾਨੁ ਕਰਿਓ[7] ਹੈ ॥19॥

ਦੋਹਰਾ ॥ ਪ੍ਰੇਮ ਤੇ[8] ਪ੍ਰੀਤਮੁ ਪਾਇਆ ਨਿਰੰਕਾਰੁ ਸੁਖ ਸਾਰੁ ॥
ਆਨ ਕਰਮ ਭਰਮ[9] ਜਗ ਮਾਹੀ ਸਭ ਮਹਿ ਪ੍ਰੇਮ ਅਪਾਰੁ ॥1॥
ਸੋਰਠਾ ॥ ਪੂਰਨ ਕਹੀ ਦਇਆਲ ਦਿਜ ਕੀ ਪਰਚੀ ਜਿਉ ਸੁਨੀ ॥
ਜਉ ਸਰਧਾ ਦੇਇ ਗੁਪਾਲ ਰਵਿਦਾਸ ਕੀ ਪਰਚੀ ਅਬ ਸੁਨੋ ॥2॥19॥1॥6॥[5]

ੴ ਪਰਚੀ ਰਵਿਦਾਸ ਜੀ ਕੀ ॥

ਚੌਪਈ ॥ ਅਬ ਰਵਿਦਾਸ ਕੀ ਕਥਾ ਸੁਹਾਈ ॥ ਜਿਉ ਸੁਨਿਓ ਤਿਉ ਬਰਨੋ ਭਾਈ ॥
ਰਵਿਦਾਸੁ ਜਾਤਿ ਚਮਾਰੁ ਕਹਾਵੈ ॥ ਜਾਤਿ ਧਰਮ ਕੁਲ ਕਰਮ ਕਮਾਵੈ ॥
ਨਿਸਿ ਬਾਸੁਰ ਅਪਕਰਮ ਨ ਮਾਹੀ ॥ ਲਗਾ ਰਹੈ ਕਿਛੁ ਸਮਝੈ ਨਾਹੀ ॥
ਸਾਸਤ੍ਰ ਬੇਦ ਕੋ ਨਹੀ ਅਧਕਾਰੁ ॥ ਤਤੁ ਗਿਆਨ ਕਿਵ[10] ਲਹੈ ਚਮਾਰੁ ॥
ਜਾਤਿ ਬਰਨ ਕੁਲ ਕਰਮ ਕਾ ਹੀਨਾ॥ ਨਿਰਗੁਨ[11] ਰੂਪ ਹੋਇ ਰਹਿਓ ਅਧੀਨਾ॥1॥
ਦੋਹਰਾ ॥ ਪ੍ਰੇਮੁ ਰਤਨੁ ਸਭ ਕੀ ਗਿਰਹ[12] ਸਭ[13] ਕਉ ਤਿਸ[14] ਕੀ ਆਸ ॥
ਕਹੁ ਪ੍ਰੀਤਮੁ ਕਿਨ ਪਾਇਆ ਬਿਨਾ ਪ੍ਰੇਮ ਪ੍ਰਗਾਸ ॥1॥

---

(1) ੲ ਪੋਥੀ 'ਦਿਖਰਾਇ', (2) ਅ ਪੋਥੀ 'ਸਾਧੇ',
(3) ਪਾਠਾਂਤਰ ੲ ਪੋਥੀ 'ਜਿਨ ਬਿਨ ਸਾਧਨਿ ਸੁਧ ਕੈ ਪਾਈ',
(4) ੲ ਪੋਥੀ 'ਬਾਧੀ', (5) ਪਾਠਾਂਤਰ ੲ ਪੋਥੀ 'ਪਵਨ ਸਾਧ ਨ ਨਾੜੀ ਸਾਧੀ',
(6) ੲ ਪੋਥੀ 'ਫਿਰੋ', (7) ਅ ਤੇ ੲ ਪੋਥੀ 'ਕਰੋ',
(8) ਅ ਪੋਥੀ 'ਤੂ' (9) ੲ ਪੋਥੀ 'ਸਭ',
(10) ੲ ਪੋਥੀ 'ਕੋ',
(11) ਅ ਪੋਥੀ 'ਨਿਰਘੁਨਿ',
(12) ੲ ਪੋਥੀ ਗ੍ਰਹਾ',
(13) ੲ ਪੋਥੀ 'ਕੋ',
(14) ਅ ਤੇ ੲ ਪੋਥੀ 'ਤਾ ਕੀ'

ਚੌਪਈ ॥ ਜਿਸ[1] ਘਟ ਪ੍ਰੀਤਮੁ ਜੋਤਿ ਦਿਖਾਵੈ ॥ ਤਿਸੁ ਘਟ ਮਾਹਿ ਪ੍ਰੇਮ ਉਮਗਾਵੈ ॥
ਉਮਗੈ ਪ੍ਰੇਮੁ ਪ੍ਰੀਤਮ ਕਉ ਪਾਵੈ ॥ ਪ੍ਰੇਮੀ ਪ੍ਰੀਤਮ ਏਕ ਹੁਇ ਜਾਵੈ ॥
ਰਹੈ ਪ੍ਰੇਮੁ ਤਹ ਅਉਰ[2] ਨ ਬੀਆ ॥ ਪ੍ਰੇਮ ਰੂਪ ਘਟ ਘਟ ਵਰਤੀਆ ॥
ਪ੍ਰੇਮ ਕੀ ਬਾਤ ਕਾਨ ਜਿਸੁ ਪਰੈ ॥ ਉਮਗ ਪ੍ਰੇਮ ਤਿਸੁ ਬਉਰਾ ਕਰੈ ॥
ਕਰਿ ਬਉਰਾ ਪੁਨਿ ਕਰੈ ਸਿਆਨਾ ॥ ਤੀਨ ਲੋਕ ਮਹਿ ਪ੍ਰੇਮੁ ਪ੍ਰਧਾਨਾ ॥2॥

ਦੋਹਰਾ ॥ ਪ੍ਰੇਮੁ ਪ੍ਰੇਮੁ ਸਭ ਕੋ ਕਹੈ ਪ੍ਰੇਮੁ ਨ ਜਾਨੈ ਕੋਇ ॥
ਪ੍ਰੇਮ ਪੁਰਖੁ ਪਰਮਾਤਮਾ ਜਲਿ ਥਲਿ ਮਹੀਅਲ ਸੋਈ ॥1॥

ਚੌਪਈ ॥ ਪ੍ਰੇਮ ਪੁਰਖੁ ਪ੍ਰੀਤਿ[3] ਪਰਕਿਰਤਿ ॥ ਇਹੁ ਜਗੁ ਹੈ ਤਾ ਕੀ ਪਰਵਿਰਤਿ ॥
ਪਰਕਿਰਤ ਕੈ ਬਸਿ ਹੋਇ ਕਰਮ ਕਮਾਵੈ ॥ ਕਰਮ ਕਾ ਬਾਂਧਾ ਆਵੈ ਜਾਵੈ ॥
ਪ੍ਰੇਮੁ ਭਾਉ ਜਬ ਘਟ ਮੈ ਲਾਗੈ ॥ ਤ੍ਰਿਗੁਣ ਨੀਦ ਤੇ ਸੋਇਆ ਜਾਗੈ ॥
ਜਾਗਿ ਪਰੈ ਫਿਰਿ ਨੀਦ ਨਿ ਆਵੈ ॥ ਪ੍ਰੇਮੀ ਪ੍ਰੇਮੁ ਪ੍ਰੀਤਮੁ ਹੋਇ ਜਾਵੈ ॥
ਕਹਨ ਸੁਨਨ ਕੀ ਸੋ ਬਿਧਿ ਨਾਹਿ ॥ ਦੇਖੇ ਹੂੰ[4] ਤੇ ਮਨ ਪਤੀਆਹਿ ॥3॥

ਦੋਹਰਾ ॥ ਘਾਟ ਬਾਟ ਨਹੀ ਪਾਈਐ ਪ੍ਰੇਮ ਨ ਹਾਟ ਬਿਕਾਇ ॥
ਜਉ ਪ੍ਰੀਤਮ ਕਿਰਪਾ ਕਰੈ ਘਟ ਹੀ ਮਹਿ[5] ਉਮਗਾਇ ॥1॥

ਚੌਪਈ ॥ ਰਵਿਦਾਸੁ ਰੈਨ ਸੁਖੋਪਤਿ ਸੋਤਾ ॥ ਤਬ ਬਿਨੁ ਪ੍ਰੇਮੁ ਅਉਰ ਨ ਦੋਤਾ ॥[6]
ਤਿਨ ਤਹ ਅਪਨਾ ਆਪੁ ਨਿਹਾਰਾ ॥ ਇਹੁ ਜਗੁ ਜਾ ਕਾ ਆਹਿ ਪਸਾਰਾ ॥
ਚਮਕ ਪਰਿਓ ਸੋ ਸੁਧ ਮਹਿ ਆਇਓ ॥ ਪੁਨਿ ਪ੍ਰੇਮੁ ਮਹੋਦਧ ਗੋਤਾ ਖਾਇਓ ॥
ਕਬੀ[7] ਡੂਬੈ ਕਬੀ[8] ਊਪਰਿ ਆਵੈ ॥ ਪ੍ਰੇਮ ਸਮੁੰਦੁ ਥਾਹ ਨ ਪਾਵੈ ॥
ਬਿਨੁ ਦਰਸਨ ਤਿਸੁ ਚੈਨੁ[9] ਨ ਪਰੈ ॥ ਅਹਿਨਿਸ ਪ੍ਰੇਮ ਅਗਨਿ ਮਹਿ ਜਰੈ ॥4॥

ਦੋਹਰਾ ॥ ਮੁਖ ਤੇ ਗੂੰਗਾ ਹੋਇ ਗਇਆ ਮਨ ਜਾਇ ਰਹਿਓ ਨੈਨ ॥[10]
ਬੋਲਨ[11] ਅਉਸਰੁ ਨਾਲ[12] ਹੈ[13] ਜਿਉ ਚੰਦ ਚਕੋਰਾ ਰੈਨ ॥1॥

---

(1) ੲ ਪੋਥੀ 'ਜਿਤੁ', (2) ੲ ਪੋਥੀ 'ਅਵਰ',
(3) ਅ ਤੇ ੲ ਪੋਥੀ 'ਪ੍ਰੀਤਮ', (4) ਪਾਠਾਂਤਰ ੲ ਪੋਥੀ 'ਦੇਖਹਿ ਜਸੋ ਮਨਿ ਪਤਿਆਇ',
(5) ੲ ਪੋਥੀ 'ਮਾਹਿ', (6) ਪਾਠਾਂਤਰ ੲ ਪੋਥੀ 'ਤਹਾ ਬਿਨਾ ਪ੍ਰੇਮ ਕਛੁ ਅਵਰੁ ਨ ਦੋਤਾ',
(7) ੲ ਪੋਥੀ 'ਕਬ', (8) ੲ ਪੋਥੀ 'ਕਬ',
(9) ੲ ਪੋਥੀ 'ਚੈਨੈ',
(10) ਪਾਠਾਂਤਰ ੲ ਪੋਥੀ 'ਮੁਖ ਤੇ ਗੂੰਗਾ ਹੋਇ ਰਹਿਓ ਮਨਸਾ ਬਾਚਾ ਜਾਨਿ',
(11) ੲ ਪੋਥੀ 'ਬੋਲਾ',
(12) ੲ ਪੋਥੀ 'ਨਾ'
(13) ੲ ਪੋਥੀ 'ਰਹੈ'

ਚੌਪਈ ॥ ਕਰਿ ਨੀਚੇ ਵਹ ਗਰਦਨ ਰਹੈ ॥ ਸੀਤ ਉਸਨ ਸਮ ਕਰਿ[1] ਸਹੈ ॥
ਨਹੀ ਕਿਸ ਕੋ ਤਿਸੁ ਰਹਿਓ ਨਿਹੋਰਾ[2] ॥ ਸਗਲ [ਲਗਤਿ][3] ਪ੍ਰੇਮ ਸਿਉ ਹੋਇ ਗਇਓ ਬਉਰਾ ॥
ਬੁਰਾ ਭਲਾ ਕੋਊ ਕਹਿ ਜਾਵੈ ॥ ਕਰਿ ਊਚੇ ਤਿਸੁ ਨਦਰਿ ਨ ਲਿਆਵੈ[4] ॥
ਕੋਈ ਆਨਿ ਖਾਕੁ ਸਿਰ ਡਾਰੈ ॥ ਕੋਈ ਪਰਮ ਦਇਆ ਕਰਿ ਚੰਦਨੁ ਧਾਰੈ ॥
ਇਹੁ ਬਉਰਾ ਕਿਛੁ ਮਨ ਨਹੀ ਆਨੈ ॥ ਰਾਚ ਰਹਿਓ ਪੂਰਨ ਭਗਵਾਨੈ ॥5॥

ਦੋਹਰਾ ॥ ਮਨ ਪਰਕਾਸ[5] ਦੇਹ ਕਾ ਸਭ ਇੰਦ੍ਰੀ ਕੀ ਦੇਹ ਸਾਰ ॥
ਸੋ ਜਾਇ ਰਚਿਓ ਨਿਜ ਪ੍ਰੀਤਮੈ ਕੋ ਕਰੇ ਦੇਹ ਸੰਭਾਰ ॥1॥

ਚੌਪਈ ॥ ਅਰੇ ਪ੍ਰੇਮ ਤੂੰ ਬੁਰੀ ਬਲਾਇ ॥ ਜਹ ਤੂੰ ਰਹੈ ਤਹਕੋ ਨ ਰਹਾਇ ॥
ਆਸਾ ਮਨਸਾ ਦੇਹਿ ਨਿਕਾਰੀ ॥ ਪ੍ਰੇਮ ਅਗਨਿ ਜਾਹੀ[6] ਤਨਿ ਜਾਰੀ ॥
ਦੂਖ ਦਰਦ ਭਉ ਤਿਸੈ ਨ ਬਿਆਪੈ ॥ ਅਭੈ ਪਦਾਰਥੁ ਪ੍ਰੇਮ ਹੀ ਜਾਪੈ ॥
ਜੋਗ ਬੈਰਾਗ ਗਿਆਨ ਜੋ ਦੀਸੈ ॥ ਪ੍ਰੇਮ ਗੁਰੂ ਪਹਿ[8] ਚੇਲੇ[7] ਦੀਸੈ ॥
ਸਭ ਦੇਖੇ ਹਮ ਲਾਰਿ ਪਛਾਰਿ ॥ ਪ੍ਰੇਮ ਪ੍ਰਮਾਤਮੁ ਤ੍ਰਿਭਵਨ ਸਾਰ ॥6॥

ਦੋਹਰਾ ॥ ਪ੍ਰੇਮ ਬੀਜ ਅੰਕੂਰ[9] ਜਗੁ ਸੰਸਾ ਸੋਚ ਨ ਕਾਇ ॥
ਜਿਸ ਘਟਿ ਪ੍ਰੇਮੁ ਪ੍ਰਕਾਸਈ ਸੋ ਪ੍ਰੀਤਮ ਹੋਇ ਜਾਇ ॥1॥

ਚੌਪਈ ॥ ਅਧਿਕ ਪ੍ਰੇਮੁ ਰਵਿਦਾਸ ਲਗਾਨਾ ॥ ਜਗਤ ਕੀ ਓਰ ਤੇ ਭਇਆ ਦਿਵਾਨਾ ॥
ਬੈਠਿ ਬਜਾਰ ਪਨੀਆ ਸੋ ਗਾਂਢੇ ॥ ਅਉ ਪ੍ਰੇਮ ਮਗਨ ਇਤ ਉਤ ਕਉ ਹਾਂਢੇ ॥
ਜੋ ਕੋਈ ਕਛੁ ਦੇਇ ਸੁ ਲੇਇ ॥ ਜੋ ਦੇਇ ਨਹੀ ਇਉ ਗਢਿ ਦੇਇ ॥
ਊਚੈ ਕਰਿ ਨਹੀ ਨੈਨ ਪਸਾਰੇ ॥ ਭਾਵੈ ਕੋ ਜਾਵੈ ਸਿਰ ਮਾਰੈ ॥
ਕਛੁ ਇਕ ਗਿਆਨੁ ਤਿਨ ਗੁਰ ਤੇ ਪਾਇਆ ॥ ਪੁਨਿ ਦੇਖਿ ਦਰਸੁ ਪ੍ਰੇਮ ਅਧਿਕਾਇਆ ॥7॥

ਦੋਹਰਾ ॥ ਕਹਾ ਹੋਤ ਗੁਰ ਗਿਆਨ ਤੇ ਜਉ ਘਟ ਪ੍ਰੇਮ ਨ ਹੋਇ ॥
ਪ੍ਰੇਮ ਤਬੈ ਘਟ ਹੋਤ ਹੈ ਜਉ[10] ਨੈਨ ਲਖਾਵੈ ਕੋਇ ॥1॥

---

(1) ਏ ਪੋਥੀ 'ਸਰਿ',
(2) ਪਾਠਾਂਤਰ ਏ ਪੋਥੀ 'ਨਹੀ ਕਿਸੀ ਕਾ ਤਿਸਹਿ ਨਿਹੋਰਾ',
(3) ਅ ਤੇ ਏ ਪੋਥੀ ਤੋਂ,
(4) ਅ ਪੋਥੀ 'ਆਵੇ', ਏ ਪੋਥੀ 'ਲਾਵੈ',
(5) ਅ ਤੇ ਏ ਪੋਥੀ 'ਪ੍ਰਕਾਸਕੁ',
(6) ਏ ਪੋਥੀ 'ਭੀਤਰਿ',
(7) ਏ ਪੋਥੀ 'ਲੇ'
(8) ਏ ਪੋਥੀ 'ਪਹੁਚੇ',
(9) ਏ ਪੋਥੀ 'ਅੰਗੂਰ',
(10) ਏ ਪੋਥੀ 'ਜਬ'

ਚੌਪਈ ॥ ਕੋਈ ਏਕ ਪਤਬ੍ਰ ਤਹੁ ਆਇਆ ॥ ਗੰਗਾ ਨਾਵਣ ਸੰਗੁ ਸਿਧਾਇਆ ॥
ਇਕ ਸੰਗੀ ਨੇ ਜੁਤੀ ਗੰਢਾਈ ॥ ਬਧੀ[1] ਦਮਰੀ ਤਿਨੈ ਦਿਵਾਈ ॥
ਸੋ ਦਮਰੀ ਪੁਨਿ ਤਿਸ ਕਉ ਦੀਨੀ ॥ ਸ੍ਰੀ ਗੰਗਾ ਜੀ ਕੀ ਭੇਟ ਸੋ[2] ਕੀਨੀ ॥
ਇਵ[3] ਕਹਿਓ ਤਿਸ ਕਉ ਸਮਝਾਈ ॥ ਗੰਗਾ ਕਉ ਇਹ ਲੇ ਦਿਖਰਾਈ ॥[4]
ਜਉ ਗੰਗਾ ਕਰੁ ਆਗੈ ਕਰੈ । ਤਬ ਦੇਹ ਇਸੈ[5] ਵਾਹੀ[6] ਅਉਸਰੈ ॥8॥

ਦੋਹਰਾ ॥ ਜੋ ਦਮਰੀ ਵਾ ਨੇ[7] ਦਈ[8] ਪੁਨਿ ਵਾਹੀ ਕਉ ਦੀਨ ॥
ਸਹਜਿ ਸੁਭਾਇ ਰਵਿਦਾਸ ਨੇ ਭੇਟ ਗੰਗਾ ਕੀ ਕੀਨ ॥1॥

ਚੌਪਈ ॥ ਜਬ ਜਾਤ੍ਰੀ ਗੰਗਾ ਪਰ ਗਇਆ ॥ ਜਾਇ ਤੀਰਥ ਪਰ ਠਾਢਾ ਭਇਆ ॥
ਸ੍ਰੀ ਗੰਗਾ ਜੀ ਸਿਉ ਬਿਨਤੀ ਕੀਨੀ ॥ ਇਹ ਭੇਟ ਤੁਮੈ[9] ਰਵਿਦਾਸ ਨੇ ਦੀਨੀ ॥[10]
ਬਾਹ ਕਾਢਿ ਕਰਿ ਦੀਓ ਪਸਾਰੀ ॥ ਤਿਨ ਦਮਰੀ ਤਾ[11] ਊਪਰਿ ਧਾਰੀ ॥
ਤਾ ਕਰਿ ਕਙਣ ਲਾਲ ਜਰਾਏ ॥ ਧਰ ਪਰ ਗਿਰਿਓ ਲੀਓ ਉਠਾਏ ॥
ਦੇਇ ਭੇਟ ਇਨਮੁ [ਇਨਾਮੁ][12] ਲੇ ਆਏ ॥ ਅਚਰਜ ਕਥਾ ਕਛੁ ਕਹਨੁ ਨ ਜਾਏ॥9॥

ਦੋਹਰਾ ॥ ਗੰਗਾ ਤਿਸੁ ਕਙਨੁ ਦੀਓ ਜਰਿਓ ਜਰਾਉ[13] ਅਨੂਪ ॥
ਜਿਉ ਹਰਿ ਤੰਦਲਿ ਚਾਬਿ ਕੈ ਕੀਓ ਬਿਪ੍ਰ ਕਉ ਭੂਪ ॥ 1 ॥

ਚੌਪਈ ॥ ਪਾਇ ਕੰਙਣ ਤਿਨ ਨਉਨਿਧਿ ਪਾਈ ॥ ਕਿਸਹੂੰ ਸਿਉ ਨਹੀ ਬਾਤ ਚਲਾਈ॥
ਲੇ ਆਇਓ ਅਪੁਨੈ ਘਰਿ ਤਾਈ ॥ ਧਰ ਰਾਖਿਓ ਤਿਨ[14] ਗੁਹਜੈ ਬਾਈ ॥
ਤਾ ਕੀ ਤ੍ਰੀਆ ਪੀਅ ਸਿਉ ਇਹ ਕਹਈ ॥ ਘਰ ਹੋਤੇ ਧਨ[15] ਭੂਖਾ ਕਿਉ ਰਹਈ ॥
ਕੰਙਨ ਬੇਚ ਕੈ ਦਾਮ ਕਰੀਜੈ । ਅੰਨ ਬਸਤਰ ਲੇ ਸੁਖੀ ਰਹੀਜੈ ॥
ਸੋ ਲੇ ਕੰਙਨ ਜਉਹਰੀ[16] ਦਿਖਾਇਆ ॥ ਵਹ ਤਾਹਿ ਦੇਖਿ ਬਿਸਮੈ ਹੋਇ ਆਇਆ ॥10॥

ਦੋਹਰਾ ॥ ਜਾਇ ਕਹਿਓ ਕਟਵਾਰ ਸਿਉ ਜਉਹਰੀ[17] ਲਗਿ ਕੈ ਕਾਂਨ ॥
ਇਕੁ ਕੰਙਨ ਚੋਰੀ ਕੀ ਲੀਐ ਠਾਢਾ ਹੈ[18] ਦੋਕਾਨ ॥ 1 ॥

---

1) ੲ ਪੋਥੀ 'ਬਾਂਧੀ',
(2) ੲ ਪੋਥੀ 'ਤਿਸ',
3) ੲ ਪੋਥੀ 'ਇਉ',
(4) ਪਾਠਾਂਤਰ ੲ ਪੋਥੀ 'ਗੰਗਾ ਕੋ ਏ ਦੇਹਿ ਬੁਲਾਇ',
5) ੲ ਪੋਥੀ 'ਦਮਰੀ,'
(6) ੲ ਪੋਥੀ 'ਵਹੀ',
7) ੲ ਪੋਥੀ 'ਉਨਹੁ'.
(8) ਅ ਪੋਥੀ 'ਦੀਈ',
9) ਅ ਪੋਥੀ 'ਤੁਮਾਰੇ', ੲ ਪੋਥੀ 'ਤੁਮਰੇ',
(10) ਪਾਠਾਂਤਰ ਪੋਥੀ 'ਇਹ ਭੇਟ ਤੁਮਾਰੀ ਰਵਿਦਾਸੇ ਦੀਨੀ',
11) ਅ ਪੋਥੀ 'ਤ',
(12) ਅ ਤੇ ੲ ਪੋਥੀ ਤੋਂ,
13) ੲ ਪੋਥੀ 'ਜਰਾਇ',
(14) ੲ ਪੋਥੀ 'ਉਨ',
15) ੲ ਪੋਥੀ 'ਵਸਤੁ',
(16) ੲ ਪੋਥੀ 'ਜਵਾਹਰੀ',
17) 'ਜਵਾਹਰੀ',
(18) 'ਮੋਹਿ'

ਚੌਪਈ ॥ ਕੋਤਵਾਰ[1] ਕਾ ਮਨੁ ਲੋਭਾਇਆ ॥ ਬਹੁ ਕੰਚਨੁ ਲੈ ਘਰਾ[2] ਲੈ ਧਾਇਆ ॥
ਰਾਖਸ ਕੈ ਭਾਗਿ ਕਿਨ ਕਹਿ ਦੀਆ ॥ ਸੋ ਗੰਗਾ ਤੇ ਕੰਚਨੁ ਲੀਆ ॥
ਰਵਿਦਾਸ ਮੰਗਿ ਇਕ ਚਮਰੀ ਲੀਨੀ[3] ॥ ਪਹਿ ਸਰਧਾ ਭੇਟ ਗੰਗਾ ਕਉ ਦੀਨੀ[4] ॥
ਸੋ ਗੰਗਾ ਨੈ ਬਾਹ ਪਸਾਰ ॥ ਚਮਰੀ ਲੀਨੀ ਇਕ ਪਰਿਕੁਆਰ ॥
ਕਿਹ ਕਰ ਤੇ ਇਹੁ[5] ਕੰਚਨੁ ਗਿਰਿਓ ॥ ਸੋ[6] ਪਾਇ ਇਨਾਮੁ ਜੋ ਸਿਰ ਧਰਿ ਧਰਿਓ ॥1॥

ਦੋਹਰਾ ॥ ਇਹੁ ਗੰਗਾ ਕੀ ਬਖਸੀਸ ਹੈ ਸੋ ਮਹੁ ਕੀਓ[7] ਇਨਾਮੁ ॥
ਰਵਿਦਾਸ ਪ੍ਰਸਾਦਿ[8] ਤੇ ਪਾਇਓ ਨਹੀ ਕੰਠੀ ਕੋ ਕਾਮੁ ॥1॥

ਚੌਪਈ ॥ ਤਬ ਕੁਤਵਾਰ ਮਨ ਐਸੀ ਆਈ ॥ ਘਰ ਬੈਸੇ[9] ਸਾਧੂ ਜਨਾਇਓ[10] ਜਾਈ ॥
ਰਵਿਦਾਸ ਭਗਤ ਘਰੁ ਕੰਚਨੁ ਥਾਲੀ ॥ ਲਿਆਇਓ ਕਰ ਨਿਕਟ ਭੂਪਾਲੈ ॥
ਭੂਪਤਿ ਦੇਖਿ ਬਿਸਮੈ ਹੋਇ ਰਹਾ ॥ ਅਚਰਜ ਬਾਤ ਕੁਛ ਜਾਇ ਨ ਕਹਾ ॥
ਤਬ ਰਾਜਾ ਰਵਿਦਾਸ ਸਿਉ ਕਹਈ ॥ ਸਾਧੂ ਕਹੋ ਇਹੁ ਕਿਉ ਕਰਿ ਅਹਈ ॥
ਰਵਿਦਾਸ ਕਹੈ ਇਹੁ ਕੰਚਨ ਜਿਸ ਕਾ ॥ ਸੋਈ ਨਿਆਉ ਕਰੈਗੀ[11] ਇਸ ਕਾ ॥2॥

ਦੋਹਰਾ ॥ ਰਾਜੇ ਮਨ ਮੈ ਕੋਪੁ ਕਰਿ ਹੁਕਮੁ ਕੀਆ ਕੁਟਵਾਰ ॥
ਇਨ ਦੀਹਾ ਹੀ ਰਾਖਹੁ ਜਉ ਨ ਹੋਹਿ[12] ਸਚਿਆਰ ॥1॥

ਚੌਪਈ ॥ ਤਬ ਰਵਿਦਾਸ ਨੈ ਕੀਓ ਬਖਿਆਨਾ ॥ ਸੁਨਿ ਹੋ ਰਾਜਾ ਸੁਘਰ ਸੁਜਾਨਾ ॥
ਗੰਗਾ ਜਲੁ ਲਿਆਵਹੁ ਭੂਪਾਲ ॥ ਗੰਗਾ ਜਲੁ ਗੰਗਾ ਇਹੁ ਕਾਲ ॥
ਲਘ [ਲਘੁ][13] ਦੀਰਘ ਕਾ ਭਰਮੁ ਤਿਆਗਹੁ ॥ ਸਮਤਾ ਗਿਆਨ ਘਟ ਭੀਤਰ ਰਾਖਹੁ ॥
ਸਭ ਘਟ ਭੀਤਰ ਬ੍ਰਹਮੁ ਹੈ ਏਕੁ ॥ ਬਸਤੁ ਏਕ ਹੈ ਭਾਜਨ ਅਨੇਕ ॥
ਜਿਸ ਕਾ ਮਨੁ ਸਿਤੂਹੇ ਅਤਿ ਚੰਗਾ ॥ ਤਿਸ ਕਉ ਅਹਿ ਕਠਉਤੀ ਗੰਗਾ ॥3॥

ਦੋਹਰਾ ॥ ਗੰਗਾ ਜਲੁ ਮੰਗਾਇ ਕੈ ਦੀਓ ਕਠਉਤੀ ਡਾਰਿ ॥[14]
ਤਬ ਤਾ ਸਿਉ ਬਿਨਤੀ ਕਰੀ ਊਪਰਿ ਬਸਤਰ ਡਾਰਿ ॥1॥

(1) ੲ ਪੋਥੀ 'ਕੋਟਵਾਰ', (2) ੲ ਪੋਥੀ 'ਕਰਾ',
(3) ਪਾਠਾਂਤਰ ੲ ਪੋਥੀ 'ਰਵਿਦਾਸੈ ਇਕ ਚਮਰੀ ਲੀਨੀ',
(4) ੲ ਪੋਥੀ 'ਕੀਨੀ', (5) ੲ ਪੋਥੀ 'ਇਕ',
(6) ੲ ਪੋਥੀ 'ਜੋ', (7) ਅ ਪੋਥੀ 'ਦੀ',
(8) ੲ ਪੋਥੀ 'ਕ੍ਰਿਪਾ', (9) ਅ ਪੋਥੀ 'ਬੈਸੇ',
(10) ੲ ਪੋਥੀ 'ਜਾਨਿਓ',
(11) ੲ ਪੋਥੀ 'ਕਰੈਗਾ',
(12) ੲ ਪੋਥੀ 'ਹੋਇ',
(13) ਅ ਤੇ ੲ ਪੋਥੀ ਤੋਂ,
(14) ਪਾਠਾਂਤਰ ੲ ਪੋਥੀ 'ਗੰਗਾ ਜਲ ਗੰਗਾ ਏਕੁ ਹੈ ਦੀਓ ਕਠੌਤੀ ਡਾਰਿ'

ਚੌਪਈ ॥ ਹੇ ਗੰਗਾ ਤੂੰ ਹਰਿ ਜਨ ਭਾਵੈ ॥ ਰਾਜ[1] ਤੀਰਥ ਤੋਂ ਕਉ ਬਤਲਾਵੈ ॥
ਜਗ ਮਹਿ ਤੀਰਥ ਬਹੁਤੁ ਪ੍ਰਧਾਨ ॥ ਕਲਿਜੁਗ ਮਾਹਿ ਨਹੀ ਤੋਹਿ ਸਮਾਨਿ ॥
ਜਉ ਇਹੁ ਕੰਙਨੁ ਤੈਨੇ ਦੀਆ ॥ ਨਹ ਚੋਰਾਇ ਇਨ ਕਹ ਤੇ ਲੀਆ ॥
ਤਉ ਦੂਸਰੋ ਤੁਮ ਕਰ ਹੋਈ ॥ ਕਰਿ ਕਿਰਪਾ ਦੀਜੈ ਵਹ ਸੋਈ ॥
ਜਾ ਤੇ ਝਗਰਾ ਇਨ ਕਾ ਮਿਟੈ ॥ ਛੋਹਿ ਦਇਆ ਤੇ ਪ੍ਰਾਨੀ[2] ਛੂਟੈ ॥14॥

ਦੋਹਰਾ ॥ ਜਬ ਰਵਿਦਾਸ ਬਿਨਤੀ ਕਰੀ ਅਉ ਬਸਤਰ ਲੀਓ ਉਤਾਰਿ ॥
ਕੰਙਨ ਦੂਜਾ ਪਾਇਆ[3] ਰਾਜਾ ਰਹਿਆ[4] ਨਿਹਾਰ ॥1॥

ਚੌਪਈ ॥ ਦੇਖਿ ਚਲਿਤ੍ਰ ਬਿਸਮੇ ਭਇਓ ਰਾਜਾ ॥ ਏਹੁ ਭਗਤ ਪਰਪੂਰਨ ਕਾਜਾ ॥
ਜਬ ਰਾਜੈ ਨੈ ਪਰਚੌ ਪਾਇਆ ॥ ਦੇ ਕੰਙਨ ਵੈ ਬਿਦਾ ਕਰਾਇਆ ॥
ਏਹੁ ਬਾਤ ਸਭਨ ਸੁਨਿ ਪਾਈ ॥ ਰਵਿਦਾਸਹਿ[5] ਸਭੁ ਜਗੁ ਪੂਜੈ ਆਈ ॥
ਰਵਿਦਾਸ ਭਗਤੁ ਸਕਲ ਜਗੁ ਜਾਨਾ ॥ ਚਾਰਿ ਬਰਨ ਤਾ ਕੀ ਮਨੈ[6] ਆਨਾ ॥
ਜੋ ਕੋ ਹਰਿ ਸਿਉ ਪ੍ਰੀਤਿ ਲਗਾਵੈ ॥ ਦੁਹੂੰ[7] ਜਗ ਮਾਹਿ ਬਡਾਈ[8] ਪਾਵੈ ॥15॥

ਦੋਹਰਾ ॥ ਮਨ ਬਚ ਕਰਮ ਹਰਿ ਧਿਆਈਐ ਸਭ ਘਟ ਅੰਤਰਿ ਹੇਰ[9] ॥
ਪ੍ਰੇਮ ਪਦਾਰਥੁ ਪਰਸ ਕੇ ਤ੍ਰਿਣ ਤੇ ਹੋਇ ਸੁਮੇਰੁ ॥1॥

ਚੌਪਈ ॥ ਮੀਰਾਬਾਈ ਰਾਜਕੁਮਾਰੀ ॥ ਬਿਸਨ ਭਗਤ ਪਰਮ ਹਿਤਕਾਰੀ ॥
ਤਿਸ ਸਾਧ ਸੰਗ ਕੀ ਇਛਾ ਹੋਈ ॥ ਰਵਿਦਾਸ ਪਾਸਿ[10] ਚਲਿ ਆਈ ਸੋਈ ॥
ਤਾ ਕੇ ਚਰਨ ਜਾਇ ਤਿਨ[11] ਪਕਰੇ ॥ ਖੁਨਸੇ ਬਿਪ੍ਰ ਤਹਾ ਕੇ ਸਗਰੇ ॥
ਜਉ ਚਮਾਰ[12] ਦੀਖਿਆ ਕਉ ਦੇਈ ॥ ਤਉ[13] ਦਿਜ ਨਾਮ ਕਹਾ[14] ਕੋ ਲੇਈ ॥
ਇਹੁ ਅਨੀਤਿ ਦੇਖਿ ਦੁਖੁ ਪਾਵਹਿ ॥ ਹੋਇ ਸਰਮਿੰਦੇ ਮਰਿ ਮਰਿ ਜਾਵਹਿ ॥16॥

ਦੋਹਰਾ ॥ ਰਵਿਦਾਸੁ ਭਗਤੁ ਭਗਵਾਨ ਕੋ ਪੂਜੇ ਸਾਲਗਿਰਾਮ ॥
ਪ੍ਰੇਮ ਮਗਨ ਅਹਿਨਿਸ ਰਹੈ ਸਭ ਬਿਧਿ ਪੂਰਨ ਕਾਮ ॥1॥

---

(1) ਅ ਪੋਥੀ 'ਗੁਰ', (2) ਏ ਪੋਥੀ 'ਪ੍ਰਾਣੀ',
(3) ਏ ਪੋਥੀ 'ਪਾਇਓ', (4) ਏ ਪੋਥੀ 'ਰਹਿਓ',
(5) ਏ ਪੋਥੀ 'ਰਵਿਦਾਸੁ',
(6) ਏ ਪੋਥੀ 'ਮਾਨੇ',
(7) ਏ ਪੋਥੀ 'ਦੋਂ',
(8) ਏ ਪੋਥੀ 'ਵਡਿਆਈ',
(9) ਏ ਪੋਥੀ 'ਹੇਰਿ',
(10) ਏ ਪੋਥੀ 'ਪਰਸਨਿ',
(11) ਏ ਪੋਥੀ 'ਤਿਹ',
(12) ਏ ਪੋਥੀ 'ਚੰਮਿਆਰ',
(13) ਅ ਪੋਥੀ 'ਤੋਂ',
(14) ਏ ਪੋਥੀ 'ਕਹੰ'

ਚੌਪਈ ॥ ਜਬ ਬਿਪ੍ਰਨ[1] ਕੀ ਕਛੁ ਨ ਬਸਾਈ ॥ ਜਾਇ ਰਾਜਾ ਪਹਿ ਚੁਗਲੀ ਲਾਇ[2] ।
ਸਾਸਤ੍ਰ ਬੇਦ ਪੁਰਾਨ ਨ ਭਾਖੀ ॥ ਇਹੁ ਕਾਹੂ ਕੇ ਮਤਿ ਨੀਤ ਨ[3] ਆਖੀ ॥
ਸਾਲਗਿਰਾਮੁ ਪੂਜੈ ਰਵਿਦਾਸੁ ॥ ਚਾਰ ਬਰਨ ਕਉ ਹੋਇ ਉਪਹਾਸੁ ॥
ਜਾ ਕੇ ਦੇਸ ਅਨੀਤ ਜੋ ਹੋਈ॥ ਤਾ ਕੇ ਦੇਸ ਸੁਖ ਬਸੈ ਨ ਕੋਈ ॥
ਜੋ ਕੋਊ ਅਨੀਤ ਚਲਾਵੈ ॥ ਰਾਜਾ ਤਾ ਕਉ ਡੰਨੁ[4] ਦਿਵਾਵੈ[5] ॥17॥

ਦੋਹਰਾ ॥ ਰਾਜਾ ਕਉ ਇਉ ਬੂਝੀਐ ਜੋ ਉਸ ਕੈ[6] ਕੋਈ ਦੇਸ ॥
ਬੇਦ ਅਬਿਹਤ ਕਰਮ ਨ ਕਰੈ ਡੰਡੈ ਤਿਸੈ ਨਰੇਸ[7] ॥1॥

ਚੌਪਈ ॥ ਤਬ ਰਾਜੈ ਰਵਿਦਾਸੁ ਬੁਲਾਇਆ ॥ ਜਬ ਬਿਪ੍ਰ ਬਰਨਿ ਸਭੇ ਜੁਰਿ ਆਇਆ ॥
ਰਾਜੇ ਤਾ ਕਉ ਬਾਤ ਬੁਝਾਈ ॥ ਠਾਕੁਰ ਪੂਜਾ ਤੁਝਿ ਕਿਨੈ ਬਤਾਈ ॥
ਬੇਦ ਅਉ ਬਿਹਤ ਚਾਲ ਜੋ ਚਲਹੈ ॥ ਡੰਨ ਲੀਏ ਪਗੁ ਤਹਾ ਨ ਧਰਹੈ ॥
ਚਾਰ ਬਰਨ ਆਸ੍ਰਮ ਹੈ ਚਾਰ ॥ ਤਿਨ ਕੋ ਭਿੰਨ ਭਿੰਨ ਅਚਾਰ[8] ॥
ਇਤਰ[9] ਜਾਤਿ ਮੈ ਜੋ ਕੋਈ ਹੋਈ[10] ॥ ਕੁਲੁ ਕਰਮੁ ਧਰਮੁ ਕਰੇ ਸਭ ਕੋਈ ॥18॥

ਦੋਹਰਾ ॥ ਬਰਨ ਆਸ੍ਰਮ ਕੁਲ ਕਰਮ ਧਰਮ ਤੇ ਜੋ ਪਗੁ ਬਾਹਰਿ ਰਾਖੁ ॥
ਤਾ ਕਉ ਡੰਨੁ[11] ਉਭੈ ਦੇਉ ਮਾਰਿ ਮਿਲਾਵਉ ਰਾਖ ॥1॥

ਚੌਪਈ ॥ ਸਤਿ ਬਚਨ ਰਵਿਦਾਸ ਉਚਾਰਾ ॥ ਹਰਿ ਭਗਤ ਮਾਰਿ ਸਭ ਕੋ ਅਧਿਕਾਰਾ ॥
ਜੀਉ ਪਿੰਡੁ ਜਿਨ ਹਰਿ ਤੇ ਪਾਇਆ ॥ ਪੁਨਿ ਕਉਲੁ ਬਚਨੁ ਦੇਈ ਜਗ ਮਹਿ ਆਇਆ ॥
ਜਗਤਿ ਜਾਇ ਹਰਿ ਭਗਤਿ ਕਮਾਊ ॥ ਬਿਨ ਹਰਿ ਸੇਵ ਨ ਦੂਜਾ ਭਾਊ ॥
ਸਾਲਗਿਰਾਮ ਜਊ ਹਰਿ ਬਪੁ ਧਾਰਾ ॥ ਤਉ ਸਭ[12] ਕਉ[13] ਪੂਜਨ ਕਾ ਅਧਿਕਾਰਾ ॥
ਸਾਲਗਿਰਾਮ ਜਉ ਪਾਥਰ ਆਹੀ ॥ ਤਿਸੁ ਕਛੁ ਕਰਉ[14] ਬਿਬਰਜਤ ਨਾਹੀ ॥19॥

ਦੋਹਰਾ ॥ ਸਾਲਗਿਰਾਮ ਸਭੁ ਕੋ ਧਰੈ ਇਨ ਮੈ ਬਡਾ[15] ਬਿਬੇਕ ॥
ਬਿਸਵਾਸੁ ਬਿਨਾ ਸਭ ਪੂਜਹੀ ਵਿਰਲੇ ਠਾਕੁਰ ਟੇਕ ॥1॥

---

(1) ਅ ਤੇ ੲ ਪੋਥੀ 'ਬਿਪਨ', (2) ੲ ਪੋਥੀ 'ਖਾਈ',
(3) ਅ ਤੇ ੲ ਪੋਥੀ 'ਨਹੀ', (4) ੲ ਪੋਥੀ 'ਡੰਡੁ',
(5) ੲ ਪੋਥੀ 'ਦਿਖਾਵੈ', (6) ੲ ਪੋਥੀ 'ਕੋ',
(7) ੲ ਪੋਥੀ 'ਰਾਜੇਸ', (8) ੲ ਪੋਥੀ' ਅਵਿਚਾਰਿ',
(9) ਅ ਪੋਥੀ 'ਇਤਰਾ',
(10) ਪਾਠਾਂਤਰ ੲ ਪੋਥੀ 'ਇਕ ਮਿਰਜਾਦਾ ਮੈ ਜੋ ਕੋਈ',
(11) ੲ ਪੋਥੀ 'ਡੰਡ',
(12) ਅ ਪੋਥੀ 'ਸਾਭ',
(13) ਅ ਪੋਥੀ 'ਕੋ',
(14) ੲ ਪੋਥੀ 'ਕਰੋ',
(15) ੲ ਪੋਥੀ 'ਬਡੋ'

ਚੌਪਈ ॥ ਜਬ ਬਿਪ੍ਰਨ[1] ਕੀ ਕਛੁ ਨ ਬਸਾਈ ॥ ਜਾਇ ਰਾਜਾ ਪਹਿ ਚੁਗਲੀ ਲਾਇ[2] ।
ਸਾਸਤ੍ਰ ਬੇਦ ਪੁਰਾਨ ਨ ਭਾਖੀ ॥ ਇਹੁ ਕਾਹੂ ਕੈ ਮਤਿ ਨੀਤ ਨ[3] ਆਖੀ ॥
ਸਾਲਗਿਰਾਮੁ ਪੂਜੈ ਰਵਿਦਾਸੁ ॥ ਚਾਰ ਬਰਨ ਕਉ ਹੋਇ ਉਪਹਾਸੁ ॥
ਜਾ ਕੈ ਦੇਸ ਅਨੀਤ ਜੋ ਹੋਈ॥ ਤਾ ਕੈ ਦੇਸ ਸੁਖ ਬਸੈ ਨ ਕੋਈ ॥
ਜੋ ਕੋਊ ਅਨੀਤ ਚਲਾਵੈ ॥ ਰਾਜਾ ਤਾ ਕਉ ਡੰਨੁ[4] ਦਿਵਾਵੈ[5] ॥17॥

ਦੋਹਰਾ ॥ ਰਾਜਾ ਕਉ ਇਉ ਬੂਝੀਐ ਜੋ ਉਸ ਕੈ[6] ਕੋਈ ਦੇਸ ॥
ਬੇਦ ਅਬਿਹਤ ਕਰਮ ਨ ਕਰੈ ਡੰਡੈ ਤਿਸੈ ਨਰੇਸ[7] ॥1॥

ਚੌਪਈ ॥ ਤਬ ਰਾਜੈ ਰਵਿਦਾਸੁ ਬੁਲਾਇਆ ॥ ਜਬ ਬਿਪ੍ਰ ਬਰਨਿ ਸਭੇ ਜੁਰਿ ਆਇਆ ॥
ਰਾਜੇ ਤਾ ਕਉ ਬਾਤ ਬੁਝਾਈ ॥ ਠਾਕੁਰ ਪੂਜਾ ਤੁਝਿ ਕਿਨੈ ਬਤਾਈ ॥
ਬੇਦ ਅਉ ਬਿਹਤ ਚਾਲ ਜੋ ਚਲਹੈ ॥ ਡੰਨ ਲੀਏ ਪਗੁ ਤਹਾ ਨ ਧਰਹੈ ॥
ਚਾਰ ਬਰਨ ਆਸ੍ਰਮ ਹੈ ਚਾਰ ॥ ਤਿਨ ਕੋ ਭਿੰਨ ਭਿੰਨ ਅਚਾਰ[8] ॥
ਇਤਰ[9] ਜਾਤਿ ਮੈ ਜੋ ਕੋਈ ਹੋਈ[10] ॥ ਕੁਲੁ ਕਰਮੁ ਧਰਮੁ ਕਰੇ ਸਭ ਕੋਈ ॥18॥

ਦੋਹਰਾ ॥ ਬਰਨ ਆਸ੍ਰਮ ਕੁਲ ਕਰਮ ਧਰਮ ਤੇ ਜੋ ਪਗੁ ਬਾਹਰਿ ਰਾਖੁ ॥
ਤਾ ਕਉ ਡੰਨੁ[11] ਉਭੈ ਦੇਉ ਮਾਰਿ ਮਿਲਾਵਉ ਰਾਖ ॥1॥

ਚੌਪਈ ॥ ਸਤਿ ਬਚਨ ਰਵਿਦਾਸ ਉਚਾਰਾ ॥ ਹਰਿ ਭਗਤ ਮਾਰਿ ਸਭ ਕੋ ਅਧਿਕਾਰਾ ॥
ਜੀਉ ਪਿੰਡੁ ਜਿਨ ਹਰਿ ਤੇ ਪਾਇਆ ॥ ਪੁਨਿ ਕਉਲੁ ਬਚਨੁ ਦੇਈ ਜਗ ਮਹਿ ਆਇਆ ॥
ਜੋਗਤਿ ਜਾਇ ਹਰਿ ਭਗਤਿ ਕਮਾਊ ॥ ਬਿਨ ਹਰਿ ਸੇਵ ਨ ਦੂਜਾ ਭਾਊ ॥
ਸਾਲਗਿਰਾਮ ਜਊ ਹਰਿ ਬਪੁ ਧਾਰਾ ॥ ਤਉ ਸਭ[12] ਕਉ[13] ਪੂਜਨ ਕਾ ਅਧਿਕਾਰਾ ॥
ਸਾਲਗਿਰਾਮ ਜਉ ਪਾਥਰ ਆਹੀ ॥ ਤਿਸੁ ਕਛੁ ਕਰਉ[14] ਬਿਬਰਜਤ ਨਾਹੀ ॥19॥

ਦੋਹਰਾ ॥ ਸਾਲਗਿਰਾਮ ਸਭੁ ਕੋ ਧਰੈ ਇਨ ਮੈ ਬਡਾ[15] ਬਿਬੇਕ ॥
ਬਿਸਵਾਸੁ ਬਿਨਾ ਸਭ ਪੂਜਹੀ ਵਿਰਲੇ ਠਾਕੁਰ ਟੇਕ ॥1॥

---

(1) ਅ ਤੇ ੲ ਪੋਥੀ 'ਬਿਪਨ', (2) ੲ ਪੋਥੀ 'ਖਾਈ',
(3) ਅ ਤੇ ੲ ਪੋਥੀ 'ਨਹੀ', (4) ੲ ਪੋਥੀ 'ਡੰਡੁ',
(5) ੲ ਪੋਥੀ 'ਦਿਖਾਵੈ', (6) ੲ ਪੋਥੀ 'ਕੋ',
(7) ੲ ਪੋਥੀ 'ਰਾਜੇਸ', (8) ੲ ਪੋਥੀ' ਅਵਿਚਾਰਿ',
(9) ਅ ਪੋਥੀ 'ਇਤਰਾ',
(10) ਪਾਠਾਂਤਰ ੲ ਪੋਥੀ 'ਇਕ ਮਿਰਜਾਦਾ ਮੈ ਜੋ ਕੋਈ',
(11) ੲ ਪੋਥੀ 'ਡੰਡ',
(12) ਅ ਪੋਥੀ 'ਸਾਭ',
(13) ਅ ਪੋਥੀ 'ਕੋ',
(14) ੲ ਪੋਥੀ 'ਕਰੋ',
(15) ੲ ਪੋਥੀ 'ਬਡੋ'

ਚੌਪਈ ॥ ਮੰਤ੍ਰੀ ਤਿਸ[1] ਕਾ ਅਸੁਰ ਸੁਭਾਈ ॥ ਤਿਨ ਨੈ ਤਹ ਇਹੁ ਬਾਤ ਚਲਾਈ ॥[2]
ਹਰਿ ਕੋ ਨਿਆਉ ਹਰਿ ਹੀ ਤੇ ਹੋਈ ॥ ਹਰਿ ਬਿਨੁ ਅਉਰੁ ਨ ਜਾਨੈ ਕੋਈ ॥
ਲੇ ਸਾਲਗਿਰਾਮ ਸਭ ਸਰਤਾ ਡਾਰਉ ॥ ਅਪੁਨੇ ਠਾਕੁਰ ਸਭੇ ਹਕਾਰਉ[3] ॥
ਜੋ ਪੂਜਾ ਕਾ ਅਧਿਕਾਰੀ ਹੋਈ ॥ ਤਾ ਪਹਿ ਆਇ ਪੂਜਾਵੈ ਸੋਈ ॥
ਜੇ ਕੋ ਪਾਥਰ ਪੂਜਿਆ ਲੋਰੇ ॥ ਤਉ ਜਗ ਮਾਹਿ ਨ ਪਾਥਰ ਥੋਰੇ ॥20॥

ਦੋਹਰਾ ॥ ਧਰਮ ਨਿਆਉ ਹਰਿ ਹੀ ਅਬਿ ਕਰਿਹੈ ਜੋ ਹਰਿ ਸੇਵਕੁ ਹੋਇ ॥
ਤਾ ਪਹਿ ਠਾਕੁਰੁ ਆਇ ਕੈ ਆਪੁ ਪੂਜਾਵੈ ਸੋਇ ॥1॥

ਚੌਪਈ ॥ ਇਹ ਭੂਪਤਿ ਮਨਿ ਨੀਕੀ ਮਾਨੀ ॥ ਰਵਿਦਾਸ ਹੂੰ ਨੈ ਉਤਮ ਕਰਿ ਜਾਨੀ ॥
ਬਾਮਨ ਤਾ ਮਹਿ ਰਹੇ ਖਿਸਾਈ ॥ ਭੂਪਤਿ ਸਿਉ ਕਿਛੁ ਨਾਹਿ ਬਸਾਈ ॥
ਲੈ ਸਾਲਗਿਰਾਮ ਸਰਤਾ ਮੈ ਡਾਰੈ ॥ ਆਵਾਹਨ[4] ਠਾਕੁਰ ਸਭੈ ਉਚਾਰੈ ॥
ਭਾਉ ਭਗਤਿ ਹੋਵੈ ਤਾਂ ਆਵੈ ॥ ਡਾਰਤ ਹੀ ਸਰਤਾ ਡੁਬ ਜਾਵੈ ॥
ਐਸੇ ਹੀ ਸਭ ਦੀਏ ਡੁਬਾਈ ॥ ਤਬ ਬਾਰੀ ਰਵਿਦਾਸ ਕੀ ਆਈ ॥21॥

ਦੋਹਰਾ ॥ ਰਵਿਦਾਸ ਤੇ ਠਾਕੁਰੁ ਲੇ ਕਰਿ ਡਾਰਿਓ ਸਰਤਾ ਮਾਹਿ ॥
ਮੁਰਗਾਈ ਜਿਉ ਤਰ[5] ਫਿਰਿਓ ਬਾਂਮਨ ਦੇਖਿ ਖਿਸਾਹਿ ॥1॥

ਚੌਪਈ ॥ ਮੁਰਗਾਈ ਜਿਉ ਜਲ ਮਹਿ ਫਿਰੈ ॥ ਭਗਤਿ ਹੇਤ ਹਰਿ ਕ੍ਰੀੜਾ ਕਰੈ ॥
ਸਿਆਮ ਕਵਲ ਜਿਉ ਦੇਇ ਦਿਖਾਈ ॥ ਮਾਨੋ ਆਖੀਅਨ ਪੁਤਰੀ ਸਿਆਮ ਨ੍ਹਾਈ ॥
ਰਾਜਾ ਦੇਖਿ ਬਹੁਤੁ ਸੁਖੁ ਪਾਵੈ ॥ ਬਾਂਮਨ ਸਗਲੇ ਅਧਿਕ ਖਿਸਾਵੈ ॥
ਚੁਗਲਖੋਰ ਮੁਹੁ ਕਾਲਾ ਭਇਆ ॥ ਰਵਿਦਾਸ ਭਗਤਿ ਕਾ ਆਦਰੁ ਰਹਿਆ ॥
ਜਬ ਰਵਿਦਾਸ ਭਗਤਿ[6] ਬੁਲਾਇਆ ॥ ਪ੍ਰੇਮ ਮਗਨ ਹਰਿ ਦਉਰਿਆ ਆਇਆ[7] ॥22॥

ਦੋਹਰਾ ॥ ਲੇ ਤੁਲਸੀ[8] ਰਵਿਦਾਸ ਨੈ ਕਰਿ ਭਾਵ ਭਗਤਿ ਪਰਨਾਮ ॥
ਧੂਪ ਦੀਪ ਨਈਵੇਦ ਸਿਉ ਪੂਜਿਓ ਸਾਲਗਿਰਾਮ ॥1॥

---

(1) ਅ ਪੋਥੀ 'ਤਿਨ'
(2) ਪਾਠਾਂਤਰ ੲ ਪੋਥੀ 'ਤਿਨ ਨੈ ਤਹਾ ਬਾਤਿ ਚਲਾਈ'
(3) ੲ ਪੋਥੀ 'ਹਕਾਰਿਓ',
(4) ਅ ਪੋਥੀ 'ਆਵਹੁ',
ੲ ਪੋਥੀ 'ਅਵਾਹਨ'
(5) ੲ ਪੋਥੀ 'ਜਿਓ'
(6) ੲ ਪੋਥੀ 'ਠਾਕੁਰ',
(7) ਪਾਠਾਂਤਰ ੲ ਪੋਥੀ 'ਠਾਕੁਰ ਸਰਤਾ ਤੇ ਦਉਰਾ ਆਇਆ',
(8) ੲ ਪੋਥੀ 'ਤੁਲਸੀ ਦਲ'

ਚੌਪਈ ॥ ਦੇਇ ਦਿਲਾਸਾ ਵਿਦਾ ਕਰਾਏ ॥ ਜਬ ਬਾਮਨ ਵੈ ਅਧਿਕ ਖਿਸਾਏ ॥
ਭਾਉ ਭਗਤਿ ਜੋ ਕੋਈ ਕਰੈ ॥ ਤਿਸ ਤੇ ਠਾਕੁਰੁ ਦੂਰਿ ਨ ਪਰੈ ॥
ਰਵਿਦਾਸ ਭਗਤਿ ਕਉ ਕਰਿ ਪ੍ਰਨਾਮ ॥ ਪੁਨਿ ਭੂਪਾਲ ਆਇਓ ਨਿਜਾ[1] ਧਾਮ ॥
ਰਵਿਦਾਸ ਭਗਤੁ ਅਪੁਨੈ ਘਰਿ ਆਇਆ ॥ ਪ੍ਰੇਮ ਪ੍ਰਭਾਉ[2] ਨ ਜਾਇ ਛਪਾਇਆ ॥
ਪ੍ਰੇਮ ਮਗਨ ਝੂਲਤ ਸਦ[3] ਰਹੈ ॥ ਸੁ ਅੰਤਰਿ ਬਾਹਰਿ ਪ੍ਰੀਤਮੁ ਲਹੈ ॥23॥

ਦੋਹਰਾ ॥ ਕਰਮ ਧਰਮ ਸਭ ਰਹਿ ਗਏ ਉਮਗਿਓ[4] ਅਧਿਕ ਪ੍ਰੇਮੁ ॥
ਮਨਸਾ ਬਾਚਾ ਕਰਮ ਨਾ ਬਿਨਸਿਆ ਸਗਲਾ ਨੇਮੁ ॥1॥

ਚੌਪਈ ॥ ਕਰਮ ਧਰਮ ਪੂਜਾ ਆਚਾਰਾ ॥ ਦੇਹ ਸਹਤ ਬਿਸਰਿਓ ਬਿਉਹਾਰਾ ॥
ਜਉ ਊਭਾ ਤਉ ਊਭਾ ਰਹੈ ॥ ਊਠ ਚਲੈ ਤਬ ਇਤ ਉਤ ਬਹੈ ॥
ਕਬਹੂੰ ਹਸੈ ਕਬਹੂੰ ਬਹੁ ਰੋਵੈ ॥ ਕਬਹੂ ਕਵਲ ਜਿਉ ਬਿਗਸਿ ਖੜੋਵੈ ॥
ਜਉ ਲੇਟੈ ਲੇਟਿਆ ਹੀ ਰਹੈ ॥ ਜਉ ਬੋਲੈ ਜਾਵਤ ਤਾਵਤ ਕਹੈ ॥
ਪ੍ਰੇਮ ਭੂਤ ਨੇ ਅਤਿ ਬਉਰਾਇਆ ॥ ਤਾ ਕਉ ਕਉਨੁ ਕਰੈ ਉਪਾਇਆ ॥24॥

ਦੋਹਰਾ ॥ ਪ੍ਰੇਮ ਪ੍ਰਵਾਹ ਜਾ ਘਟ ਬਹੈ ਮਨ ਬੁਧਿ ਚਿਤੁ ਅਹੰਕਾਰੁ ॥
ਛਿਨ ਮਹਿ ਪਰਲੈ ਕਰਿ ਰਹੈ ਜਿਉ ਇਕ ਪਰਲੈ ਬਾਰ ॥1॥

ਚੌਪਈ ॥ ਪ੍ਰੇਮ ਕੈ ਬਸਿ ਬੁਧਿ ਬਿਸਰਾਈ ॥ ਬਿਸਰਿ ਗਈ[5] ਜਗ ਕੀ ਚਤੁਰਾਈ ॥
ਮਤਵਾਰੇ ਜਿਉ ਘੂਮਤਿ ਫਿਰੈ ॥ ਅਚਲ ਬਿਚਲ ਬਾਂਨੀ ਉਚਰੈ[6] ॥
ਸਭ ਕਉ ਦੇਖਿ ਅਧਰਨ[7] ਮੈ ਹਸੈ ॥ ਜਾਨੈ ਸਭ ਘਟ ਪ੍ਰੀਤਮੁ ਬਸੈ ॥
ਰੋਇ ਪਰੈ ਜਬ ਬਿਰਹੁ ਸੰਤਾਵੈ ॥ ਦਰਸ[8] ਪਿਆਸ[9] ਕੇ ਤ੍ਰਿਖਾ ਬੁਝਾਵੈ ॥
ਤਬ ਲੋਕ ਕਰਤ ਥੇ[10] ਮਾਨ ਬਡਾਈ ॥ ਅਬ ਕਮਲਾ ਜਾਨਿ ਸਭ ਕੋ ਹਸਿ ਜਾਈ ॥25॥

ਦੋਹਰਾ ॥ ਦੇਹ ਦ੍ਰਿਸਟਿ ਯਾ[11] ਜਗਤਿ ਕੀ ਪੂਜਹਿ ਬਾਹਰਿ ਭੇਸ ॥
ਪ੍ਰੇਮੀ ਕਉ ਸੋਈ ਲਖੈ ਜਾ ਘਟ ਪ੍ਰੇਮ ਪ੍ਰਵੇਸ ॥1॥

---

(1) ੲ ਪੋਥੀ 'ਅਪਨੇ',
(2) ੲ ਪੋਥੀ 'ਭਾਉ',
(3) ੲ ਪੋਥੀ 'ਸੋ',
(4) ੲ ਪੋਥੀ 'ਛਕਿਓ'
(5) ੲ ਪੋਥੀ 'ਗਰਾਈ'
(6) ਪਾਠਾਂਤਰ ੲ ਪੋਥੀ 'ਬਚਲਿ ਸੇ ਬੈਨ ਉਚਰੈ',
(7) ਅ ਪੋਥੀ 'ਅਹਿ',
(8) ੲ ਪੋਥੀ 'ਦਰਸਨ',
(4) ੲ ਪੋਥੀ 'ਧਿਆਨ',
(10) ੲ ਪੋਥੀ 'ਬੇ',
(11) ੲ ਪੋਥੀ 'ਹੈ'

ਚੌਪਈ ॥ ਬਾਹਰਿ ਜਗ ਮਹਿ ਫਿਰੈ ਉਦਾਸਾ[1] ॥ ਅੰਤਰਿ ਪ੍ਰੇਮ ਰਵਿਦਾਸ ਪਿਆਸਾ[2] ॥
ਬਾਹਰਿ ਬਉਰਾ ਸਭ ਕੋਈ ਕਹੈ ॥ ਅੰਤਰਿ ਸਭ ਘਟ ਪ੍ਰੀਤਮੁ ਲਹੈ ॥
ਬਾਹਰਿ ਬਹੁ ਬਿਧਿ ਬਾਦ ਬਖਾਨੈ ॥ ਅੰਤਰਿ ਮੋਨਿ ਹੋਇ ਰਹੈ ਧਿਆਨੈ ॥
ਬਾਹਰਿ ਦੁੰਦ ਮਚਾਵਨਹਾਰ ॥ ਅੰਤਰ ਸੀਤਲ ਪਰਮ ਅਪਾਰ ॥
ਇਕ ਦਿਨ ਮਨੁ ਚਿਤੁ ਬੁਧਿ ਥਕਿ ਸਈ ॥ ਦੇਹ ਭੀਤ ਕੋ[3] ਚਿਤੁ ਸੋ ਭਈ ॥26॥
ਦੋਹਰਾ ॥ ਪ੍ਰੇਮ ਮਗਨ ਮਨ ਮੂਰਛਤ[4] ਬੁਧਿ ਅਹੰਕਾਰ ਅਉ ਚਿਤੁ ॥
ਗਲਤ ਮਹੋਦਧ[5] ਪ੍ਰੇਮ ਮਹਿ ਤਨੁ[6] ਜਿਉ ਭੀਤ ਕੋ ਚਿਤੁ[7] ॥1॥
ਚੌਪਈ ॥ ਅੰਤਰਿ ਪ੍ਰੇਮ ਸਿਉ ਨੈਨ ਉਘਾਰੈ ॥ ਪ੍ਰੀਤਮੁ ਅੰਤਰਿ ਦ੍ਰਿਸਟਿ ਨਿਹਾਰੈ ॥
ਸੋਈ ਪ੍ਰੀਤਮੁ ਤ੍ਰਿਭਵਣ ਸਾਰ ॥ ਨਿਰੰਕਾਰ ਵਹ ਸਰਬ ਅਕਾਰ ॥
ਅੰਤਰਿ ਜੋਤਿ ਸਰੂਪੁ ਪ੍ਰਕਾਸਾ[8] ॥ ਤੀਨ ਭਵਨ ਮਹਿ ਤਾ ਕਾ ਬਾਸਾ[9] ॥
ਸੁਖੋਪਤਿ ਮੈ ਜੋ ਰੂਪੁ ਦਿਖਾਇਆ ॥ ਪੁਨਿ ਸੋ ਰੂਪੁ ਦ੍ਰਿਸਟਿ ਮਹਿ ਆਇਆ ॥[10]
ਸੋਈ ਸਰੂਪੁ ਸੁ ਬਾਹਰਿ ਆਇਓ ॥ ਦਰਸਨੁ ਦੇਖਿ ਚਰਨੀ ਲਤਰਾਇਓ ॥17॥
ਦੋਹਰਾ ॥ ਠਾਕੁਰ ਤਬ ਪਰਸਨ ਭਇਓ ਰਵਿਦਾਸ ਜੁ ਮੰਗਹੁ ਲੇਹੁ ॥
ਰਿਧਿ ਸਿਧਿ ਨਉਨਿਧਿ ਸਭ ਲੇ ਸੁਖ ਭੋਗ ਕਰੇਹੁ ॥1॥
ਚੌਪਈ ॥ ਰਵਿਦਾਸਹਿ[11] ਠਾਕੁਰਿ ਕਹਿਓ ਬੁਝਾਈ ॥ ਇਹ ਰਿਧਿ ਸਿਧਿ ਜੋ ਤੋਹਿ ਬਤਾਈ ॥
ਤਾ ਕਉ ਅਬ ਨੀਕੇ ਸੁਨਿ ਲੀਜੈ ॥ ਜਾ ਤੇ ਤੇਰਾ ਸੁਮਨੁ[12] ਪਤੀਜੈ ॥
ਜਿਹ ਅਸਥਾਨ ਤੂੰ ਪਗਹਿ ਲਗਾਵੈ ॥ ਰੂਪਤੀਯੇ ਮੁਹਰਾ ਤਹਾ ਉਪਜਾਵੈ ॥
ਦ੍ਰਿਸਟਿ ਕੀ ਮੀਆ ਜਹ[13] ਭਰਿਤਾ[14] ਤਾਕੈ ॥ ਸਭ ਧਾਤੁਹਿ[15] ਕੰਚਨੁ ਕਰਿ ਸਾਕੈ॥
ਬਚਨ ਸਿਧ ਤੇਰੈ ਸਭ ਹੋਵੈ[16] ॥ ਸਭ ਕੋ ਚਰਨ ਤੁਮਾਰੇ ਧੋਵੈ ॥28॥
ਦੋਹਰਾ ॥ ਸਪਤ ਲੋਕ ਸੁਰਲੋਕ ਲਉ ਨਵਖੰਡ ਪ੍ਰਿਥਮੀ ਰਾਜ ॥
ਜੋ ਮਾਗਉ ਸੋ ਦੇਤ ਹਉ ਸਕਲ ਸਵਾਰ ਸਮਾਜੀ ॥1॥

---

(1) ੲ ਪੋਥੀ 'ਉਦਾਸ', (2) ੲ ਪੋਥੀ 'ਪਿਆਸ',
(3) ੲ ਪੋਥੀ 'ਇਕ', (4) ੲ ਪੋਥੀ 'ਮੂਰਛਾ',
(5) ੲ ਪੋਥੀ 'ਹੋਦਧ', (6) ਅ ਪੋਥੀ 'ਤਿਨਿ',
(7) ੲ ਪੋਥੀ 'ਚੀਤ', (8) ੲ ਪੋਥੀ 'ਪ੍ਰਕਾਸ',
(9) ੲ ਪੋਥੀ 'ਬਾਸ',
(10) ਪਾਠਾਂਤਰ ੲ ਪੋਥੀ, 'ਪੁਨਿ ਸੋਈ ਸਰੂਪ ਦ੍ਰਿਸਟਿ ਮੈ ਆਇਆ'
(11) ੲ ਪੋਥੀ 'ਰਵਿਦਾਸੇ',
(12) ੲ ਪੋਥੀ 'ਮਨਿ',
(13) ੲ ਪੋਥੀ 'ਜੇ',
(14) ੲ ਪੋਥੀ 'ਭਰਿ',
(15) ੲ ਪੋਥੀ 'ਧਾਤ',
(16) ਪਾਠਾਂਤਰ 'ਬਚਨੁ ਸਿਧ ਜੋ ਸੋ ਭਾਖ ਹੋਵੈ'

ਚੌਪਈ ॥ ਰਵਿਦਾਸ ਕਹੈ ਹੇ ਪ੍ਰਾਨ ਪਿਆਰੇ ॥ ਸਕਲ ਜਗਤ ਹੈ ਤੋਹਿ ਅਧਾਰੇ ॥
ਤੂ ਆਤਮੁ ਪਰਮਾਤਮੁ ਸੋਈ ॥ ਤੁਮ ਤੇ ਭਿੰਨ ਨਾਹਿ ਕਛੁ ਕੋਈ ॥
ਜੋ ਤੁਮ ਤੇ ਭਿੰਨ ਕੋਈ ਕਿਛੁ ਕਹੈ ॥ ਭਰਮ ਭੂਤ ਨਸੁਰ ਸੋ ਅਹੈ[1] ॥
ਅਬਿ ਰਵਿਦਾਸ ਅਤ੍ਰਿਤ ਜਗੁ ਸਾਰਾ ॥ ਯਾ ਘਟ ਮਾਹਿ ਨ ਫੁਰਨੈਹਾਰਾ ॥
ਕੋ ਮਾਗੈ ਕਾ ਕਉ ਤੁਮ ਦੇਹੁ ॥ ਜਾ[2] ਤੁਮ ਬਿਨੁ ਦੂਜਾ ਆਹਿ ਨ ਕੇਹੁ ॥29॥
ਦੋਹਰਾ ॥ ਪ੍ਰੇਮੀ ਪ੍ਰੀਤਮੁ ਰੂਪੁ ਦੁਇ ਦੋਨੋ ਗਏ ਬਿਲਾਇ ॥
ਜੋਤੀ ਸਰੂਪੀ ਆਤਮਾ ਰਹਿਓ ਪ੍ਰੇਮੁ ਛਕ ਛਾਇ ॥1॥
ਸੋਰਠਾ ॥ ਭਾਖਿ ਸੁਨਾਇਓ ਪ੍ਰੇਮ ਜਿਵ ਰਵਿਦਾਸ ਘਟ ਊਪਜਿਓ ॥
ਜਉ ਸੁਨਿ ਕਹਿ ਪਕਰਉ ਨੇਮੁ ਹਰਿ ਐਸੇ ਹੀ ਤੁਮ ਮਿਲੈ ॥3॥29॥1॥2॥[6]

ੴ ਪਰਚੀ ਮੀਰਾਬਾਈ[3] ਕੀ ॥

ਚੌਪਈ ॥ ਮੀਰਾਬਾਈ ਕੀ ਸੁਨਹੁ ਕਹਾਨੀ ॥ ਜਿਉ ਪ੍ਰੇਮ ਲੀਏ ਉਪਜੀ[4] ਸੁਰ ਗਿਆਨੀ[5] ॥
ਭਾਉ ਭਗਤਿ ਪ੍ਰੇਮ ਸਿਉ ਕਰੈ ॥ ਬਿਨੁ ਹਰਿ ਸੇਵਾ ਮਨ ਅਉਰ[6] ਨ ਧਰੈ ॥
ਪੁਨਿ ਰਵਿਦਾਸ ਕੀ ਸੰਗਤਿ ਧਾਈ ॥ ਤਾ ਚਰਨ ਕਮਲ ਸਿਉ ਪ੍ਰੀਤਿ ਲਗਾਈ ॥
ਅਉ ਗਿਰਧਰ ਸਉ ਭਇਓ ਬਿਵਾਹਾ ॥ ਜੋ ਰਾਜਪੁਤ੍ਰ ਪਰਗਟ ਜਗ ਮਾਹਾ ॥
ਸੋ ਗਿਰਧਰ ਮੁਖ ਤੇ ਰਾਮ ਨ ਭਾਖੈ ॥ ਤਿਸੁ ਪਸੁ ਜਾਨਿ ਪਗੁ ਸੇਜ ਨ ਰਾਖੈ ॥1॥
ਦੋਹਰਾ ॥ ਜੀਉ ਧਰੈ[7] ਜੋ[8] ਦੇਹ ਹੈ ਤਿਨ ਮੈ ਉਤਮ ਦੇਹ ॥
ਮਾਨੁਖ ਮਨ ਬਚ ਕਰਮ ਕਰਿ ਹਰਿ ਹਰਿ ਨਾਮੁ ਜਪੇਹ[9] ॥1॥
ਚੌਪਈ ॥ ਸੋ ਗਿਰਧਰ ਗਿਰਧਰ ਹੀ ਬਨਾ ॥ ਮੀਰਾਬਾਈ ਬਨੀ ਵਹ ਬਨਾ ॥
ਮੀਰਾਬਾਈ ਪ੍ਰੇਮ ਕੀ ਮੂਰਤਿ ॥ ਬਨਿਓ ਗਿਰਧਰ ਪ੍ਰੀਤਮ ਸੂਰਤਿ ॥
ਮੀਰਾਬਾਈ ਭਗਤਿ ਕੈ ਰੰਗਿ ॥ ਵਹ ਗਿਰਧਰੁ ਪ੍ਰੀਤਮੁ ਸਭ ਅੰਗ ॥
ਮੀਰਾਬਾਈ ਪ੍ਰੇਮੀ ਕਹੀਐ ॥ ਵਹ ਗਿਰਧਰ ਪ੍ਰੀਤਮੁ ਹੀ ਲਹੀਐ ॥
ਮੀਰਾਬਾਈ ਭਗਤਿ ਕਮਾਵੈ ॥ ਪ੍ਰੀਤਮੁ ਗਿਰਧਰ ਨਹੀ ਅਪੁ ਲਖਾਵੈ ॥2॥

---

(1) ਪਾਠਾਂਤਰ ਅ ਪੋਥੀ 'ਭਰਮ ਭੂਤਨਾ ਅਸੁਰੁ ਸੋ ਅਹੈ', ੲ ਪੋਥੀ 'ਭਰਮ ਭੂਤ ਮਰਮੁ ਨਹੀ ਲਹੈ',
(2) ੲ ਪੋਥੀ 'ਪਾ',
(3) ੲ ਪੋਥੀ ਸ੍ਰੀ ਮੀਰਾਬਾਈ',
(4) ਅ ਪੋਥੀ 'ਉਪ',
(5) ਪਾਠਾਂਤਰ ੲ ਪੋਥੀ 'ਜਿਉ ਪ੍ਰੇਮ ਲੀਓ ਪਸਾਰਿ ਗਿਆਨੀ',
(6) ਅ ਪੋਥੀ 'ਆਉ',
(7) ੲ ਪੋਥੀ 'ਪਰੈ',
(8) ੲ ਪੋਥੀ 'ਜਬਿ',
(9) ਪਾਠਾਂਤਰ ੲ ਪੋਥੀ 'ਮਾਨੁਖ ਜਨਮੁ ਕਰਮੁ ਹਰਿ ਹਰਿ ਨਾਮੁ ਜਪੇਹ',

ਦੋਹਰਾ ॥ ਮੀਰਾਬਾਈ ਪ੍ਰੇਮ ਅੰਗ ਗਿਰਧਰੁ ਪ੍ਰੀਤਮੁ ਰੂਪੁ ॥
ਸੋ ਤਿਰੀਆ ਲਖਿ ਸਕੈ ਨਹੀ ਅਧਭੁਤ ਕਥਾ ਅਨੂਪੁ ॥1॥

ਚੌਪਈ ॥ ਸੋ ਗਿਰਧਰ ਭਗਵਾਨ ਸਰੂਪਾ ॥ ਦੂਰ ਰਹਿਓ ਧਰ ਨਰ ਬਪ ਰੂਪਾ[1] ॥
ਮਨ ਮੋ[2] ਅਗਨਿ ਗਿਆਨ ਕੀ ਜਰੈ ॥ ਬਾਹਰਿ ਧੂਪ[3] ਦਿਸਟਿ[4] ਨਹੀ ਪਰੈ ॥
ਅੰਤਰਿ ਅਪੁਨਾ ਆਪ ਪਛਾਨੈ ॥ ਬਾਹਰਿ ਕੋਈ ਨ ਤਿਸ ਕਉ[5] ਜਾਨੈ ॥
ਅੰਤਰਿ ਪ੍ਰੀਤਮੁ ਪੂਰਨੁ ਸੋਈ ॥ ਬਾਹਰਿ ਮੁਗਧ ਲਖੈ ਸਭੁ ਕੋਈ ॥
ਅੰਤਰਿ ਤ੍ਰਿਭਵਣ ਜੋਤਿ ਬਿਰਾਜੈ ॥ ਬਾਹਰਿ ਸੰਸਾਰੀ ਸੋ ਛਾਜੈ ॥3॥

ਦੋਹਰਾ ॥ ਅੰਤਰ ਪਰਪੂਰਨ ਬ੍ਰਹਮ ਪਰਪੂਰਨ ਜਗਤੁ ਦਿਖਾਇ[6] ॥
ਬਾਹਰਿ ਜਗ ਕੀ ਰੀਤ ਸਭੁ ਕਿਉ ਕਰਿ ਕੋ ਪਤੀਆਇ ॥1॥

ਚੌਪਈ ॥ ਅੰਤਰਿ ਜਿਉ ਕਾ ਤਿਉ ਸਭੁ ਜਾਨੈ ॥ ਬਾਹਰਿ ਅਹੰ ਮਮ ਸਭ ਕਛੁ ਮਾਨੈ ॥
ਅੰਤਰਿ ਯਹ ਵਹ ਕਛੂ ਨ ਬਿਆਪੈ[7] ॥ ਬਾਹਰਿ ਮੈ ਤੂ ਯਹ ਵਹ ਥਾਪੈ ॥
ਅੰਤਰਿ ਅਕ੍ਰੀ ਅਜ ਅਬਿਨਾਸੀ ॥ ਬਾਹਰਿ ਕਿਰਿਆ ਕਰਤ ਸਭ ਭਾਸੀ[8] ॥
ਅੰਤਰਿ ਕਲਾ ਅਨੂਪੁ ਬਿਰਾਜੈ ॥ ਬਾਹਰਿ ਮਾਇਆ ਮੋਹੁ ਸਭੁ ਛਾਜੈ ॥
ਅੰਤਰਿ ਮਹਾ ਮਹੋਦਧ ਗਿਆਨ ॥ ਬਾਹਰਿ ਲਹਰਿ[9] ਨ ਦੇਵੈ[10] ਜਾਨ ॥4॥

ਦੋਹਰਾ ॥ ਜੈਸੇ ਘਟ ਘਟ ਪਰਮਗੁਰ[11] ਪਰਮਾਤਮ ਪੁਰਖੁ ਪੁਰਾਨ ॥
ਤੈਸੈ ਗਿਰਧਰ ਗਿਰਧਰੁ ਦੇਹ ਮੈ ਨਹੀ ਕੋਇ ਸਕੈ ਪਛਾਨ ॥1॥

ਚੌਪਈ ॥ ਮੀਰਾਬਾਈ ਭਗਤਿ ਅਪਾਰਾ ॥ ਭਗਤਿ ਕਰੈ ਖੰਡੇ ਕੀ ਧਾਰਾ ॥
ਸੋ ਪੀਅ ਮੈ ਕਛੁ ਭਗਤਿ ਨ ਦੇਖੈ ॥ ਬਿਨਾ ਭਗਤਿ ਤਿਸੁ ਸੇਜ ਨ ਪੇਖੈ ॥
ਮਨ ਮਹਿ ਅਤਿਆਤਰੁ ਸੋ ਹੋਵੈ ॥ ਮਤ ਇਹੁ ਰਾਮੁ ਬੀਜ ਮੁਖ ਬੋਵੈ ॥
ਜਬ ਰਾਮ ਨਾਮ ਇਸ ਤੇ ਸੁਨਿ ਪਾਵਉ ॥ ਵਾਰ ਫੇਰ ਸਰਬੰਸੁ ਲੁਟਾਵਉ ॥
ਸਾਧ ਸੰਗ[12] ਜਉ[13] ਬੈਠੇ ਜਾਈ ॥ ਰਾਮ ਨਾਮੁ ਤਹਾ ਸੁਨਿ ਪਾਈ ॥5॥

---

(1) ਪਾਠਾਂਤਰ ਅ ਪੋਥੀ 'ਦੂਰ ਰਹਿਓ ਧਰਨ ਬਪ ਰੂਪਾ',
(2) ੲ ਪੋਥੀ 'ਮੈ', (3) ੲ ਪੋਥੀ 'ਧੂਮ',
(4) ੲ ਪੋਥੀ 'ਦ੍ਰਿਸਟਿ', (5) ੲ ਪੋਥੀ 'ਕੋ',
(6) ਪਾਠਾਂਤਰ ੲ ਪੋਥੀ 'ਅੰਤਰ ਪਰਪੂਰਨ ਬ੍ਰਹਮ ਸੋ ਪੂਰਨ ਜਗਤੁ ਦਿਖਾਇ',
(7) ਪਾਠਾਂਤਰ ੲ ਪੋਥੀ 'ਬਾਹਰਿ ਅਹੰਮਮ ਸਭੁ ਕਿਛੁ ਨ ਹੀ ਬਿਆਪੈ',
(8) ਪਾਠਾਂਤਰ ਅ ਪੋਥੀ 'ਬਾਹਰਿ ਕਿਰਤ ਸਭ ਅਭਾਸੀ', ੲ ਪੋਥੀ 'ਬਾਹਰਿ ਦ੍ਰਿਸਟਿ ਕਰਤ ਅਭਾਸੀ',
(9) ੲ ਪੋਥੀ 'ਨਿਸ਼ਕਸ',
(10) ੲ ਪੋਥੀ 'ਦੇਈ',
(11) ੲ ਪੋਥੀ 'ਪ੍ਰੇਮ ਗੁਰ',
(12) ੲ ਪੋਥੀ 'ਸਾਂਗੁ',
(13) ੲ ਪੋਥੀ 'ਜਬੂ'

ਦੋਹਰਾ ॥ ਰਾਮ ਸੁਨਿ ਪਾਇ ਕੈ ਰਸਨਾ ਕਰੈ ਉਚਾਰ ॥
ਤਉ ਮੀਰਾਬਾਈ ਧਨੁ ਸਕਲ[1] ਤਾ ਪਰ ਡਾਰੈ ਵਾਰ ॥1॥

ਚੌਪਈ ॥ ਪੁਨਿ ਹਰਿ ਸਿਉ ਵਹ ਬੇਨਤੀ ਕਰਈ ॥ ਰੋਇ ਰੋਇ ਮੰ ਤਨ ਗਦ ਭਰਈ ॥[2]
ਮੋ ਮੈ ਕਉਨ ਅਪਰਾਧ ਜਨਾਏ ॥ ਮੂਰਖ ਸਿਉ ਮੈ ਪ੍ਰਾਨ ਬੰਧਾਏ ॥
ਕਹਾ ਵਿਹੁ ਜੋ ਚਤੁਰ ਬਬੇਕੀ ॥ ਬਿਸਨ ਭਗਤ ਬਿਨੁ ਮੂਰਖੁ ਦੇਖੀ ॥
ਮਾਥਾ ਠੋਕੈ ਕਰਮ ਬੀਚਾਰੀ ॥ ਕਹਾ ਦੋਸੁ ਤੁਝੁ ਹਰੀ ਮੁਰਾਰੀ ॥
ਅਬ ਕੇ ਬੋਏ ਹੋਹਿ[3] ਨ ਬਾਰੀ ॥ ਮਾ[4] ਬਾਝ[5] ਨ ਭਈ ਕਿਉ ਜਮ ਤਨ ਮਾਰੀ ॥6॥

ਦੋਹਰਾ ॥ ਕਰਮ ਮੇਰੇ ਏਹੋ ਪਰਿਓ ਤਾ ਤੇ ਭਇਓ ਸੰਜੋਗੁ ॥
ਮੈ[6] ਕਰਮਹੀਨ ਕਉ ਹਰਿ ਦੀਓ ਵਿਚਿ ਸੰਜੋਗ[7] ਵਿਯੋਗ[8] ॥4॥

ਚੌਪਈ ॥ ਅਧਿਕ ਅਉਧ ਐਸੇ ਬੀਤਾਈ ॥ ਭਾਉ[9] ਭਗਤਿ ਨਹੀ ਤਿਸੁ ਮੁਖਿ ਆਈ ॥
ਨਹੀ ਮੀਰਾਬਾਈ ਤਿਸੁ ਸੰਗੁ ਕੀਨਾ ॥ ਨਾਕਾਮੀ[10] ਬਰੁ ਹੋਇ ਤਇਓ ਅਧੀਨਾ ॥
ਪੁਰਖ ਸੰਗਿ ਤਿਸੁ ਬਿਰਹੁ ਸੰਤਾਵੈ ॥ ਤਾ ਕੀ ਬੇਦਨ ਕੋਇ ਨ ਪਾਵੈ ॥
ਸਕਲ ਰੈਨ ਜਾਗਤ ਸੋ ਨਾਰੀ ॥ ਮਤੁ ਸੁਪਨ[11] ਮਾਹਿ[12] ਹਰਿਨਾਮੁ ਉਚਾਰੀ ॥
ਦਿਨ ਕੇ ਚਉਕੀ ਚੇਰਾ ਰਹੈ ॥ ਮਤੁ ਸੁਨਿ ਪਾਇਆ ਇਵੈ ਕਹੈ ॥7॥

ਦੋਹਰਾ ॥ ਪੀਅ[13] ਸੋਵੈ ਤ੍ਰੀਆ ਜਾਗਈ ਦੇ ਕਾਨ ਵਾ ਮੁਖ ਕੀ ਓਰ ॥
ਮਤ ਸੁਪਨੈ ਬਰਰਾਇ ਕੈ ਰਾਮ ਕਹੈ ਪੀਅ ਮੋਰ ॥1॥

ਚੌਪਈ ॥ ਦਈਵ ਸੰਜੋਗ ਇਕ ਰੈਨ ਸੁਭਾਏ ॥ ਸੁਪਨੈ ਗਿਰਧਰ ਰਾਮ ਬੁਲਾਏ ॥
ਕਲੀ ਤ੍ਰਿਆ ਵਹ ਫੂਲ ਜਿਉ ਖਿਰੀ ॥ ਪ੍ਰੇਮ ਸੁਬਾਸੁ ਮਹਕੀ ਉਹ[14] ਘਰੀ ॥
ਫੂਲੇ ਅੰਗ ਚੋਲੀ[15] ਦਰਿਰਾਨੀ ॥ ਮਾਨੋ ਤਿਸੁ ਪਰੀ ਚੜੀ ਜੁਆਨੀ ॥[16]
ਅਤਿ ਬਿਓਗ ਤੇ ਜੋ ਦੁਖੁ ਪਾਇਆ ॥ ਸੁਨਿ ਹਰਿਨਾਮੁ ਸੋ ਸੁਖੁ ਹੋਇਆ ॥
ਅਪ ਕਰਿ ਕਾਂਨ ਰਾਖਿ ਕੈ ਚੁਮੈ ॥ ਪੀਅ ਮੁਖਿ ਦੇਖਿ ਸਿਰੁ ਰਾਖੈ ਭੂਮੈਂ[17] ॥8॥

---

(1) ੲ ਪੋਥੀ 'ਸਗਲਾ', (2) ੲ ਪੋਥੀ 'ਰੋਇ ਰੋਇ ਮੁਤੀਅਨ ਗਦ ਭਰਈ',
(3) ੲ ਪੋਥੀ 'ਹੋਇ' (4) ੲ ਪੋਥੀ 'ਮਾਇ',
(5) ੲ ਪੋਥੀ 'ਬੰਝਿ', (6) ੲ ਪੋਥੀ 'ਮੋ',
(7) ਅ ਪੋਥੀ 'ਸੰਜੁਗਤਿ', (8) ਅ ਪੋਥੀ 'ਵਿਜੋਗੁ',
(9) ੲ ਪੋਥੀ 'ਭਾਇ', (10) ੲ ਪੋਥੀ 'ਨਿਹਕਾਮੀ',
(11) ੲ ਪੋਥੀ 'ਸਹੁ',
(12) ੲ ਪੋਥੀ 'ਮੇਰੋ',
(13) ੲ ਪੋਥੀ 'ਪੀਆ',
(14) ੲ ਪੋਥੀ 'ਓਤਹ',
(15) ੲ ਪੋਥੀ 'ਚਲੀ',
(16) ਪਾਠਾਂਤਰ ੲ ਪੋਥੀ 'ਮਾਨੋ ਫਿਰ ਤਿਸੁ ਚਰੀ ਜੁਆਨੀ',
(17) ਪਾਠਾਂਤਰ ੲ ਪੋਥੀ 'ਪੀਅ ਮੁਖਿ ਦੇਖਿ ਸਿਰ ਰਾਖ ਨ ਭੂਮੈ'

ਦੋਹਰਾ ॥ ਵਾਰ ਫੇਰ ਨੇ ਬਹੁਲੀਏ ਰਹੀ ਮੁਖ ਕੀ ਓਹ ਨਿਹਾਰ ॥
ਚੂਮਿਓ ਚਾਹੈ ਪ੍ਰੇਮ ਬਸ ਰੋਕੈ ਲਾਜ ਬੀਚਾਰ[1] ॥1॥

ਚੌਪਈ ॥ ਭਈ ਪ੍ਰਭਾਤ ਨੀਸਾਨ ਬਜਾਏ ॥ ਬਿਪ੍ਰ ਅਤੀਤ ਅਥਿਤ ਬੁਲਾਏ ॥
ਟਾਡਾਂ ਮਾਲਾ ਜੇਹਰ ਨੂਪਰ[2] ॥ ਵਾਰ ਫੇਰ ਭਰਤਾ ਸਿਰ ਊਪਰਿ ॥
ਦੀਏ ਦਿਵਾਏ ਭੂਖਨ ਸਾਰੇ ॥ ਚੀਰ ਦਾਮਨ ਹੀ ਘਰ ਮੈ ਧਾਰੇ ॥
ਸਭ ਸਰਬੰਸ ਜਬ ਦੀਓ ਲੁਟਾਈ ॥ ਤਉ ਭਰਤੈ ਇਹੁ ਬਾਤ ਚਲਾਈ ॥
ਅਤਿ ਉਤਸਾਹੁ ਜੋ ਆਹਿ ਪਿਆਰੀ ॥ ਤੁਝ ਘਤ ਹੈ ਕਛੁ ਮੰਗਲਚਾਰੀ ॥9॥

ਦੋਹਰਾ ॥ ਤ੍ਰੀਅ ਪੀਅ ਸਿਉ ਐਸੇ ਕਹਿਓ ਹੇ ਪ੍ਰਭ ਪ੍ਰਾਨ ਅਧਾਰ ॥
ਮੈ ਤੁਝ ਮੁਖ ਤੇ ਰੈਨ ਮਹਿ ਹਰਿ ਹਰਿ[3] ਸੁਨਿਓ ਅਪਾਰ ॥1॥

ਚੌਪਈ ॥ ਜਬ ਤਿਰੀਆ ਇਹ ਬਚਨ ਸੁਨਾਇਓ ॥ ਤਬ ਗਿਰਧਰ ਬਿਸਮੈ ਹੋਇ ਆਇਓ ॥
ਮੋ ਮੁਖ ਤੇ ਅਬ[4] ਨਿਕਸਿਓ ਰਾਮ ॥ ਅੰਤਰਿ ਬਿਤਤ ਬਾਹਰਿ ਭਈ ਬਾਮ ॥
ਆਖਿ ਮੀਚ ਕਰਿ ਕੀਓ ਉਪਾਇਆ ॥ ਹੁਇ ਦਸਵੈ ਦੁਆਰੈ ਪਵਨ ਸਿਧਾਇਆ॥
ਤਿਸ ਕੀ ਅਨਭਉ ਮੈ ਨਹੀ ਜਾਨਉ ॥ ਕਾਹਾ ਬਰਨਿ ਤੁਝਿ ਆਖਿ ਬਖਾਨਉ ॥
ਤਬ ਤਿਰੀਆ ਇਹ ਕਲਾ ਪਛਾਨੀ ॥ ਪੀਅ ਪ੍ਰਾਨ ਗਏ ਕਿਆ ਕਤੇ ਅਜਾਨੀ ॥10॥

ਦੋਹਰਾ ॥ ਪਿਆਨਾ ਪ੍ਰਾਨ ਪੀਅ ਕਰਿ ਰਾਏ ਤੂਵੀ ਰਹਿ ਗਈ ਦੇਹ[5] ॥
ਬਹੁਰਉ ਅਉਸਰ ਨਾ ਮਿਲੇ ਮਨ ਪਛੁਤਾਵਾ ਇਹ[6] ॥1॥

ਚੌਪਈ ॥ ਮੈ ਅਜਾਨ ਪੀਅ ਕਉ[7] ਨਹੀ ਜਾਨਾ ॥ ਮੋ ਪੀਉ ਅਹਿ ਪੂਰਨ ਭਗਵਾਨਾ ॥
ਜਿਉ ਆਤਮ ਸਭ ਮਹਿ ਰਹਿਓ ਛਪਾਈ ॥ ਤਿਉ ਗਿਰਧਰ ਨੈ ਬਾਤ ਬਤਾਈ[8] ॥
ਅਬ ਧ੍ਰਿਗੁ ਜੀਵਨੁ ਜਗ ਮੋ[9] ਮੇਰਾ ॥ ਮੋਹਿ[10] ਪਛੁਤਾਵਾ[11] ਨਾਹਿ ਨ ਥੋਰਾ ॥
ਜਿਨ ਹੋਤ ਨਹੀ ਕਲਾ ਜਨਾਈ[12] ॥ ਅਬ ਦੇਹ ਤਜੈ ਕਿਵ[13] ਕਰਤ ਸਹਾਈ ॥
ਜਉ ਲਾਖ ਬਾਰ ਹਰਿ ਮਾਰਿ ਜੀਵਾਵੈ[14] ॥ ਤਉ ਇਹੁ ਭਰਤਾ ਹਾਥਿ ਨ ਆਵੈ ॥11॥

---

(1) ੲ ਪੋਥੀ 'ਚੁਮੇ ਚਾਹੇ ਮੋਹਿ ਬਸਿ ਹਰਿ ਕੇ ਲਾਜਿ ਬੀਚਾਰਿ',
(2) ੲ ਪੋਥੀ 'ਨੂਪਰਾ', (3) ਅ ਪੋਥੀ 'ਹੁਰਿ',
(4) ੲ ਪੋਥੀ 'ਜਬ', (5) ਪਾਠਾਂਤਰ ੲ ਪੋਥੀ 'ਪ੍ਰਿਆ ਨ ਪ੍ਰਾਨ ਪੀਆ ਗਏ ਸੁਞੀ ਰਹਿ ਗਈ ਦੇਹਿ',
(6) ੲ ਪੋਥੀ 'ਕਹੇ',
(7) ੲ ਪੋਥੀ 'ਕੋ', (8) ੲ ਪੋਥੀ 'ਬਨਾਈ',
(9) ੲ ਪੋਥੀ 'ਮੈ', (10) ੲ ਪੋਥੀ 'ਮੋ',
(11) ੲ ਪੋਥੀ 'ਪਛਤਾਨਾ',
(12) ਪਾਠਾਂਤਰ ਅ ਪੋਥੀ 'ਜਿਨ ਦੇਹ ਹੋਤ ਨਹੀ ਕਲਾ ਜਨਾਈ, ੲ ਪੋਥੀ 'ਜਉ ਦੇਹ ਹੋਤ ਨਰ ਕਲਾ ਜਨਾਈ',
(13) ੲ ਪੋਥੀ 'ਕਿਉ'
(14) ਪਾਠਾਂਤਰ ੲ ਪੋਥੀ 'ਜੋ ਲਾਖ ਬਾਰ ਰਹਿ ਮਰਿ ਜੀਵਾਵੈ'

ਦੋਹਰਾ ॥ ਮੈ ਭਾਗ ਬਡੇ ਤੇ ਪਾਇਓ[1] ਪਿਆਰਾ ਪ੍ਰੀਤਮੁ ਸੋਇ ॥
ਜਉ ਮਸਤਕਿ ਤੇ ਕਿਆੜੀ ਗਏ ਬਹਿ ਕਰਮਾ ਕਉ ਰੋਇ ॥1॥

ਚੌਪਈ ॥ ਜਬ ਗਿਰਧਰ ਨੇ ਐਸੀ ਕਰੀ ॥ ਤਬ[2] ਮੀਰਾਬਾਈ ਜਪਿ ਹਰਿ ਹਰੀ ॥
ਘਰ ਮੈ ਜਾਇ ਦੇਇ ਲੀਏ ਕਿਵਾਰਾ ॥ ਨਹ ਕਾਹੂ ਸਿਉ ਬਚਨੁ ਉਚਾਰਾ ॥
ਸਗਲ ਕੁਟੰਬ ਪੁਰਖ ਅਉ[3] ਨਾਰੀ ॥ ਦੇਹ ਗਿਰਧਰ ਕੀ ਲੇ ਸਸਕਾਰੀ ॥
ਬਾਈ ਕਉ ਜੇਤਾ ਸਮਝਾਵੈ ॥ ਕਰਮ ਧਰਮ ਕੁਲ ਆਖਿ[4] ਬੁਝਾਵੈ ॥
ਵਹ ਖੋਲਿ ਕਿਵਾਰ ਬਾਤ ਨਹੀ ਕਰੈ[5] ॥ ਮਨੁ ਅਸਥਿਰੁ ਤਹ ਕਛ ਨਾਹੀ[6] ਫੁਰੈ[7] ॥
॥12॥

ਸੋਰਠਾ ॥ ਮਨੁ ਚਿਤੁ ਬੁਧਿ ਹੈਰਾਨੁ ਪਲਕਨ ਪਲਕਨ ਸਿਉ ਲਗੇ ॥[8]
ਜਿਉ ਮੂਰਤਿ ਕਾਠ ਪਖਾਨ ਦੇਹ ਗ੍ਰੇਹ ਸੁਧਿ ਨ ਰਹੀ ॥

ਚੌਪਈ ॥ ਸਕਲ ਕੁਟੰਬੁ ਅਰੁ ਚੇਰੀ ਚੇਰਾ ॥ ਜੁਰਿ ਆਏ ਪੁਨਿ[9] ਵਾਹੀ ਬੇਰਾ ॥
ਤਿਸੁ ਬਾਈ ਕਉ ਆਖਿ ਬੁਝਾਵੈ ॥ ਬਹੁਤੁ ਭਾਂਤਿ ਕਰਿ ਮਨੁ ਹਥਿ ਲਿਆਵੈ ॥
ਜੋ ਨਾਰੀ ਕੋ ਆਹਿ ਅਚਾਰਾ ॥ ਰੋਵਨ ਪੀਟਨ ਜਗ ਬਿਉਹਾਰਾ ॥
ਅਰੁ ਜੋ ਸਤਵੰਤੀ[10] ਕਹਲਾਵੈ ॥ ਪੀਅ ਸੰਗਿ ਅਪੁਨਾ ਆਪੁ ਜਰਾਵੈ ॥
ਸੋ ਤੈ ਮੈ ਨਹੀ ਦੇਇ ਦਿਖਾਈ ॥ ਬੇਦਨ ਤੇਰੀ ਜਾਇ ਨ ਪਾਈ ॥13॥

ਦੋਹਰਾ ॥ ਜੀਵ ਸੀਵ ਅਰੁ ਪੀਅ ਕੋ ਏਕੈ ਭਇਓ ਮਿਲਾਂਨ ॥
ਜਉ ਸੁਧਿ ਹੋਇ ਸਰੀਰ ਕੀ ਤਉ ਕਛੁ ਕਰੈ ਬਖਿਆਨ ॥1॥

ਚੌਪਈ ॥ ਪ੍ਰੇਮ ਮਹੋਦਧ ਤਾ ਘਟ ਮਾਹਿ ॥ ਤਬ ਲਹਰਿ ਅਨੇਕ ਤਿਸੁ ਮਾਹਿ ਉਠਾਹਿ ॥
ਅਬ ਦੇਖਿ ਚਲਿਤ੍ਰ[11] ਪੀਅ ਕੋ ਥਿਰੁ ਭਇਓ ॥ ਹਿਸ ਜਿਉ ਘਟ ਮੈ ਸੋ ਬੰਧਿ[12] ਗਇਓ ॥
ਇੰਦ੍ਰੀ ਸਕਲ ਸੰਨ ਹੋਇ ਗਈ ॥ ਸੁਧ ਦੇਹ ਕੀ ਕਛੁ ਨ ਰਹੀ ॥
ਦੀਪ ਕੇ ਚਿਤ ਜਿਉ ਮਨੁ ਤਿਜਾ[13] ਭਇਆ[14] ॥ ਬੁਧਿ ਬਿਬੇਕ ਤਹ ਕਛੁ ਨ ਰਹਿਆ[15] ॥
ਭਿਰਤ[16] ਕੁਟੰਬ ਅਰੁ ਚੇਰੀ ਚੇਰਾ ॥ ਕਹਿ[17] ਪਚਿਹਾਰੇ ਵਾਹੀ ਬੇਰਾ ॥14॥

---

(1) ੲ ਪੋਥੀ 'ਪਾਇਆ', (2) ੲ ਪੋਥੀ 'ਤਉ',
(3) ੲ ਪੋਥੀ 'ਅਰ', (4) ਅ ਤੇ ੲ ਪੋਥੀ 'ਆਇ',
(5) ਪਾਠਾਂਤਰ ਅ ਪੋਥੀ 'ਤਾ ਕੋ ਤਿਨ ਕੋ ਮੁਖੋ ਨ ਉਦਰੈ', ੲ ਪੋਥੀ, 'ਤਾ ਤੇ ਤਿੰਨ ਕਉ ਮੁਖਹੁ ਨ ਉਦਰੈ',
(6) ਅ ਪੋਥੀ 'ਨਹੀ',
(7) ਪਾਠਾਂਤਰ ੲ ਪੋਥੀ 'ਮਨਿ ਅਸਥਿਰ ਤੇ ਕਛੂ ਨ ਜਰੇ',
(8) ਪਾਠਾਂਤਰ ੲ ਪੋਥੀ 'ਮਨੁ ਚਿਤੁ ਬੁਧਿ ਹੈਰਾਨੁ ਪਲਕ ਲਕ ਸਿਉ ਨਹਿ ਲਗੈ',
(9) ੲ ਪੋਥੀ 'ਫੁਨਿ', (10) ੲ ਪੋਥੀ 'ਸਤਾਵਤੀ',
(11) ੲ ਪੋਥੀ 'ਚਲਿਤੁ', (12) ਅ ਪੋਥੀ 'ਬਿਧਿ', (13) ੲ ਪੋਥੀ 'ਹੈ',
(14) ੲ ਪੋਥੀ 'ਰਹਾ', (15) ੲ ਪੋਥੀ 'ਗਇਆ', (16) ਅ ਤੇ ੲ ਪੋਥੀ 'ਭ੍ਰਾਤ',
(17) ੲ ਪੋਥੀ 'ਕਾਹਿ'

ਦੋਹਰਾ ॥ ਇਕ[1] ਆਸਨ[2] ਬੈਠੀ ਰਹੇ ਅਡੋਲ ਅਟਲ ਨਿਰਧਾਰ ॥
ਮਾਨਉ ਕਾਗਦ ਪਰ ਲਿਖੀ ਮੂਰਤਿ ਅਧਿਕ ਸਵਾਰ[3] ॥1॥

ਚੌਪਈ ॥ ਅਰਧ ਰੈਨ ਲਉ ਇਉ ਤਿਸੁ ਬੀਤਾ ॥ ਤਬ ਅਕੁਲਾਨਾ ਜਗ ਕੋ ਮੀਤਾ ॥
ਆਇ ਦੁਆਰੈ ਠਾਢਾ ਭਇਆ ॥ ਪਰਮ ਪੁਰਖ ਅਦੂਐ ਕਰਿ ਮਇਆ ॥
ਤਬ ਹਰਿ ਨੈ ਇਉ[4] ਬਚਨੁ ਉਚਾਰਾ ॥ ਮੀਰਾਬਾਈ ਖੋਲਿ ਕਿਵਾਰਾ ॥
ਜੋ ਦਰਸਨ ਮੁਨਿ ਜਨ ਨਹੀ ਪਾਵੈ ॥ ਸੋ ਅਬ ਰੀਝ ਕੈ ਤੁਝੈ ਦਿਖਾਵੈ ॥
ਹਰਿ ਕੋ ਬਚਨੁ ਮਰਮ ਤਿਸੁ[5] ਲਾਗਾ ॥ ਸੁੰਨ ਮੰਡਲ ਤੇ ਮਨੁ ਵਹੁ ਜਾਗਾ ॥15॥

ਸੋਰਠਾ ॥ ਹਰਿ ਕੋ ਬਚਨ ਜਿਵ ਭਾਂਨੁ ਹੀ ਆਹਿ ਮਾਲਾ ਤ੍ਰੀਅ ਕੋ ॥[6]
ਪਰਤ ਹੀ ਕਿਰਨ ਘੁਲਾਂਨ ਪ੍ਰੇਮ ਪ੍ਰਵਾਹੁ ਹੋਇ ਬਹਿ ਚਲਿਓ[7] ॥1॥

ਚੌਪਈ ॥ ਉਪਜਿਓ ਪ੍ਰੇਮੁ ਨ ਜਾਇ ਸਮਾਲਾ ॥ ਹੀਐ ਹੂਕ ਉਠੀ ਤਿਸੁ ਬਾਲਾ[8] ॥
ਹਰਿ ਸਿਉ ਬਚਨੁ ਤਿਨ ਕਹਿਓ ਰਿਸਾਈ ॥ ਤੈ ਠਗ ਮੋਹਿ ਠਗਉਰੀ ਲਾਈ ॥
ਤੈ ਹੀ ਗਿਰਧਰ ਰੂਪੁ ਬਨਾਇਆ ॥ ਤੈ ਹੀ ਮੈ ਤੇ ਆਪੁ ਛਪਾਇਆ ॥
ਸੋ[9] ਠਾਕੁਰੁ ਸਮਝੈ ਠਕੁਰਾਈ ॥ ਨਹੀ ਸੇਵਕ ਤੇ ਕਛੁ ਰਖੈ ਦੁਰਾਈ ॥[10]
ਜਉ ਪੁਤ੍ਰੀ ਕਉ ਬਿਖੁ ਦੇਇ ਮਾਈ ॥ ਤਉ ਪੁਤ੍ਰੀ ਕੋ ਕਹਾ ਬਸਾਈ ॥16॥

ਦੋਹਰਾ ॥ ਤਬ ਤੁਮ ਹਮ ਸਿਉ ਕਪਟੁ ਕਰਿ ਹਿਰਿ ਲੀਏ ਜੀਅ ਪਰਾਨ ॥
ਅਬ ਕਿਆ ਕਾਟੇ ਹੀਐ ਪਰ ਆਏ ਲੋਨੁ ਲਗਾਨ ॥1॥

ਚੌਪਈ ॥ ਜਉ ਤੁਮ ਹਰਿ ਕਿਰਪਾ ਪਰ[11] ਆਏ ॥ ਦੀਨ ਦੇਖ ਮਨ ਦਇਆ ਜਨਾਏ ॥
ਜੈਸੇ ਪਵਨੇ ਅਹਿ ਪੀਅ ਜਾਈ ॥ ਫਿਰਿ ਤਿਵ[12] ਤੈਸੇ ਘਟ ਮਹਿ ਪਾਈ ॥
ਜੋ ਸਰੂਪੁ ਧਰਿ ਕੀਓ ਅਕਾਜਾ ॥ ਧਰਿ ਸੋਈ ਰੂਪੁ[13] ਸਵਾਰਹੁ ਕਾਜਾ ॥
ਜਉ ਦਇਆਲ ਹੋਏ[14] ਇਹ ਬੇਰੀ ॥ ਤਉ ਕਿਰਪਾ ਮੈ ਤੁਮਰੀ ਚੇਰੀ ॥[15]
ਜਉ ਗਿਰਧਰ ਬਪੁ ਧਰਹੁ ਗੁਸਾਈ ॥ ਤਉ ਖੋਲਿ ਕਿਵਾਰ ਤਵ ਦਰਸਨੁ ਪਾਈ ॥17॥

---

(1) ਅ ਪੋਥੀ 'ਇਕਤ', (2) ੲ ਪੋਥੀ 'ਅਸਥਾਨ',
(3) ੲ ਪੋਥੀ 'ਅਪਾਰ', (4) ੲ ਪੋਥੀ 'ਇਹੁ',
(5) ੲ ਪੋਥੀ 'ਤਿ' (6) ਪਾਠਾਂਤਰ ੲ ਪੋਥੀ 'ਹਰਿ ਕੋ ਬਚਨੁ ਜਿਵ ਭਾਨੁ ਹੀ ਆਹਿ ਮਿਲਾ ਤ੍ਰਿਆ ਕੋ ਮਿਲੋ',
(7) ੲ ਪੋਥੀ 'ਚਲੋ',
(8) ੲ ਪੋਥੀ 'ਬਾਰਾ', (9) ੲ ਪੋਥੀ 'ਜੋ',
(10) ਪਾਠਾਂਤਰ ੲ ਪੋਥੀ 'ਸੋ ਨਹੀ ਸੇਵਕ ਤੇ ਰਖੈ ਦੁਰਾਈ',
(11) ੲ ਪੋਥੀ 'ਤੇ',
(12) ੲ ਪੋਥੀ 'ਤਿਵੈ',
(13) ੲ ਪੋਥੀ 'ਸਰੂਪ',
(14) ੲ ਪੋਥੀ 'ਹੋਇਓ',
(15) ੲ ਪੋਥੀ 'ਤਉ ਕਰਉ ਕ੍ਰਿਪਾ ਮੈ ਤੁਮਰੀ ਚੇਰੀ'

ਦੋਹਰਾ ॥ ਦੀਨ ਬੰਧ ਅਨਾਥ ਕੇ ਨਾਥਾ ਸਭ ਬਿਧਿ ਪੂਰਨ ਕਾਜ ॥
ਭਗਤਿ ਹੇਤਿ ਨਾਚਤ ਹਰਿਜਨ ਜਿਵੈ ਨਚਾਵੈ ਨਾਚ ॥1॥

ਚੌਪਈ ॥ ਤਬ ਹਰਿ ਗਿਰਧਰ ਰੂਪੁ ਬਨਾਇਆ ॥ ਖੋਲਿ ਕਿਵਾਰ ਇਉ ਆਖਿ ਸੁਨਾਇਆ ॥
ਅਤਿ ਪ੍ਰਸੰਨ ਹੋਇ ਖੋਲਿਓ ਕਿਵਾਰਾ ॥ ਦਰਸਨ ਦੇਖਿ ਸਿਰਿ ਚਰਨਨ ਧਾਰਾ ॥
ਹਰਿ ਪ੍ਰੇਮ ਸਿਉ ਤਾ ਕਉ ਲੀਓ ਉਠਾਈ ॥ ਅੰਕਮਾਲ ਦੇ ਤ੍ਰਿਖਾ ਬੁਝਾਈ ॥
ਸੋਗ ਸੰਤਾਪ ਬਾਈ ਕੋ ਗਇਓ ॥ ਪੁਰਖੁ ਪੁਰਾਤਨੁ ਤਿਨ ਨੈ ਲਹਿਓ ॥
ਅਹੰਭਾਵ ਤਿਸੁ ਸਕਲ ਹਿਰਾਇਆ ॥ ਤ੍ਰਿਭਵਣ ਆਤਮ ਰੂਪੁ ਦਿਖਾਇਆ ॥18॥

ਦੋਹਰਾ ॥ ਤੀਨ ਤਾਪ ਤੇ ਤਪਤ ਹੈ ਏ ਸਭ ਬਿਖਈ ਲੋਕ ॥
ਕੋ ਪ੍ਰੇਮ ਪਿਆਲਾ ਪੀਅ ਕੈ[1] ਭੋਗਤ ਅੰਮ੍ਰਿਤ ਭੋਗ ॥1॥

ਚੌਪਈ ॥ ਭੋਰ ਹੋਤ ਲਉ ਕ੍ਰੀੜਾ ਕਰੀ ॥ ਮਾਨੋ ਇਕ ਦੀਪ[2] ਦੁਇ ਬਾਤੀ ਜਰੀ ॥
ਪ੍ਰੇਮ ਪਵਨ ਤਹ ਦੋਇ ਝਕੋਰੇ ॥ ਦੋਉ ਜੋਤਿ ਹੋਹਿ ਇਕ ਠਉਰੇ ॥
ਏਕ ਦੋਇ ਤਹ ਕਹਨੁ ਕਹਾਨਾ[3] ॥ ਸਾਰ ਅਸਾਰ ਬਬੇਕੁ ਹਿਰਾਨਾ ॥[4]
ਪ੍ਰੇਮ ਪ੍ਰਵਾਹ ਦੋਊ ਓਰ ਚਲੈ ॥ ਬਹੁਰਿ ਪ੍ਰੇਮ ਸਿਉ ਏਕ ਹੋਇ ਮਿਲੈ ॥
ਸੇਵਕ ਸੁਆਮੀ ਭਾਵ ਬਿਲਾਇਆ ॥ ਦੋਊ ਓਰ ਤੇ ਆਪੁ ਹਿਰਾਇਆ ॥1॥9॥
[19]

ਦੋਹਰਾ ॥ ਅਧਿਭੁਤ ਲੀਲਾ ਪ੍ਰੇਮ ਕੀ ਬਰਨੈ ਕਉਨ ਬਨਾਇ ॥
ਇਕ ਤਾ ਦੂਐ ਤਾ ਅਨੇਕ ਤਾ ਸਭ ਤਾ ਮਹਿ ਲਖੀ ਜਾਇ ॥1॥

ਚੌਪਈ ॥ ਭੋਰ ਭਏ ਹਰਿ ਅੰਤਰਿ ਧਿਆਨ[5] ॥ ਨਹਿ ਬਾਈ ਕੋ ਤਹ ਰਹਿਓ ਮਾਨ[6] ॥
ਬਿਸਨ ਪਦ ਜੋਰ ਕੀਰਤਨੁ ਕਰੈ ॥ ਪ੍ਰੇਮ ਛਕੀ ਰਹੈ ਨਿਸਬਾਸਰੈ ॥
ਸਭ ਘਟ ਆਤਮੁ ਰੂਪੁ ਦਿਖਾਵੈ ॥ ਚਾਰ ਬਰਨ ਕਉ ਪੂਜ ਪੂਜਾਵੈ ॥
ਅਹਿਨਿਸ ਸਦਾ ਰਹੈ ਰੰਗਿ ਰਾਤੀ ॥ ਪ੍ਰੇਮ ਪਿਆਲਾ ਪੀਅ ਮਦਮਾਤੀ[7] ॥
ਭੇਦ ਭਾਵ ਤਿਸ ਤੇ ਉਠਿ ਗਇਆ ॥ ਸਭ ਜਗੁ ਦੇਖੈ ਏਕੈ ਮਇਆ ॥20॥

---

(1) ੲ ਪੋਥੀ 'ਕਾ',
(2) ੲ ਪੋਥੀ 'ਦੀਪਕ',
(3) ੲ ਪੋਥੀ 'ਕਹਾਨੀ',
(4) ੲ ਪੋਥੀ 'ਹਿਰਾਨੀ',
(5) ੲ ਪੋਥੀ 'ਧਿਆਨਾ',
(6) ੲ ਪੋਥੀ 'ਅਰਮਾਨਾ',
(7) ਪਾਠਾਂਤਰ ੲ ਪੋਥੀ 'ਪ੍ਰੇਮ ਪਿਆਲਾ ਸਦ ਪੀਵੈ ਮਾਤੀ'

ਦੋਹਰਾ ॥ ਜਿਉ ਸਰਵਰ ਨੀਰਾ ਨਹੀ ਨਿਹ ਤਰਵਰ ਫਲ ਫੂਲ ॥[1]
ਬਿਨਾ ਪ੍ਰੇਮ ਨਰ ਦੇਹ ਤ੍ਰੈ[2] ਬਿਧਨਾ[3] ਰਚੇ[4] ਹੈ ਭੁਲ ॥1॥

ਚੌਪਈ ॥ ਜਬ ਬਾਈ ਹੋਈ ਪੂਜਾਰੀ ॥ ਲਾਜਿ ਕਾਂਨਿ ਕੁਲ ਸਗਲੀ ਡਾਰੀ ॥
ਮਾਤ ਪਿਤਾ ਕੁਲ ਬੰਧਪ ਭਾਈ ॥ ਨਿਰਲਜ[5] ਦੇਖਿ ਤਿਨੋ ਖੁਨਸ ਬਢਾਈ ॥
ਰੋਕ ਰਹੇ ਤਿਸੁ ਕਿਉ ਕਰਿ ਰੁਕੈ ॥ ਧੀਅ ਜਾਨ ਕਛੁ ਕਹਿ ਨ ਸਕੈ ॥
ਇਕ ਦਿਨ ਏਕੁ ਅਤੀਤ ਬੈਰਾਗੀ ॥ ਚਲਿ ਆਇਓ ਸੋ ਬਡੋ ਅਭਾਗੀ ॥
ਅੰਤਰਿ ਬਾਹਰਿ ਦੁਇ[6] ਬ੍ਰਤ ਧਾਰੈ ॥ ਕਪਟ ਸੁਭਾਵ ਤਿਸੁ ਪ੍ਰਗਟ ਨਿਹਾਰੇ ॥21॥

ਦੋਹਰਾ ॥ ਧ੍ਰਿਗੁ ਜੀਵਨੁ ਹੈ ਜਗਤ ਮੈ ਕਪਟ ਭਗਤਿ ਜਿਨ ਧਾਰਿ ॥
ਦਰਪਨ ਦੁਬਿਧਾ ਕੇ ਧਰੇ ਪਰਤ ਜੁ ਮੁਖ ਮੈ ਛਾਰ ॥1॥

ਚੌਪਈ ॥ ਬਾਹਰਿ ਜਪ ਤਪ ਸੰਜਮੁ ਨੇਮ ॥ ਅੰਤਰਿ ਅਤਿ ਕਠੋਰ ਬਿਨੁ[7] ਪ੍ਰੇਮ ॥
ਬਾਹਰਿ ਸੁਆਮੀ ਰੂਪ ਮਹੰਤ ॥[8] ਅੰਤਰਿ ਅਗਿਆਨੀ ਮਦਮੰਤ[9] ॥
ਬਾਹਰਿ ਪੰਡਿਤ ਮਹਾ ਸੁਜਾਨੁ ॥ ਅੰਤਰਿ ਤ੍ਰਿਸਨਾ ਅਤਿ ਹੈਰਾਨੁ ॥
ਬਾਹਰਿ ਕਥਾ ਕੀਰਤਨੁ ਕਰੈ ॥ ਅੰਤਰਿ ਚਾਹ ਅਗਨਿ ਮਹਿ ਜਰੈ ॥
ਬਾਹਰਿ ਧੋਤੀ ਟੀਕਾ ਮਾਲਾ ॥ ਅਤਿ ਉਜਲ ਅੰਤਰਿ ਤਿਸੁ ਕਾਲਾ ॥22॥

ਦੋਹਰਾ ॥ ਬਾਹਰਿ ਜਪ ਤਪ ਕੀਰਤਨੁ ਅੰਤਰਿ ਕਾਮ ਬਿਕਾਰ ॥
ਸੋ ਕੰਚਨੁ ਕਿਉ ਦੂਰੈ ਜਿਹੁ ਭੀਤਰਿ ਲੋਹ ਭੰਗਾਰ ॥1॥

ਚੌਪਈ ॥ ਸੋ ਅਤੀਤ ਬਾਈ ਪਹਿ ਆਇਆ ॥ ਤਾਂ ਕਉ ਬਹੁ ਬਿਧਿ ਪੂਜ ਪੁਜਾਇਆ ॥
ਸੋ ਦੇਖਿ ਇਕਾਂਤ ਬੇਨਤੀ ਕਰੈ ॥ ਸੋ ਮਨੁ ਕਾਮ ਅਗਨਿ ਮਹਿ ਜਰੈ ॥
ਬਿਸਨ ਪਰੀਤ ਇਹੁ ਅਗਨਿ ਬੁਝਾਵਹੁ ॥ ਤਨ ਮਨ ਜਰਤੇ ਕਉ ਸੀਅਰਾਵਹੁ ॥
ਕਰਹੁ ਦਇਆ ਸਰਧਾ ਮੋਹਿ ਰਾਖਹੁ ॥ ਅੰਮ੍ਰਿਤ ਬਚਨ ਰਸਨਾ ਤੇ ਭਾਖਹੁ ॥
ਜਉ ਕਰਹਿ ਕਰੋਧੁ ਮੰਦਾ[10] ਤੁਹਿ[11] ਲਾਗੈ ॥ ਤਉ ਦੇਹ ਤਿਆਗਿ ਦੇਉ ਤੁਝਿ ਆਗੈ ॥23॥

(1) ਪਾਠਾਂਤਰ ਅ ਪੋਥੀ 'ਜਿਉ ਸਰਵਰ ਨੀਰਾ ਨਹੀ ਨਹ ਤਰਵਣ ਫਲ ਫੂਲਿ', (2) ੲ ਪੋਥੀ 'ਤੈ'.
(3) ਅ ਪੋਥੀ 'ਬਿਧਨ',
(4) ੲ ਪੋਥੀ 'ਰਚਿਹੈ',
(5) ਅ ਪੋਥੀ ਨਿਰਲਾਜ'
(6) ੲ ਪੋਥੀ 'ਦੋ,
(7) ੲ ਪੋਥੀ 'ਬਿਨਾ',
(8) ੲ ਪੋਥੀ 'ਮਹੰਤਾ',
(9) ੲ ਪੋਥੀ 'ਮੰਦਮੰਤਾ',
(10) ੲ ਪੋਥੀ 'ਮੰਦਾ',
(11) ੲ ਪੋਥੀ 'ਤਓ'

ਦੋਹਰਾ ॥ ਮੀਰਾਬਾਈ ਆਪ ਹੀ ਮਨ ਮੈ ਕੀਓ ਬੀਚਾਰ ॥
ਇਹੁ ਦੇਹੀ ਅਗਨੀ ਜਰੈ[1] ਕੈ[2] ਕ੍ਰਮ ਕਰੈ ਖੁਆਰ ॥1॥

ਚੌਪਈ ॥ ਇਹੁ ਦੇਹ ਖੇਹ ਕਛੂ ਨਾਹਿ[3] ਅਨੂਪਾ[4] ॥ ਨਸੁਰ ਝੂਠੀ ਆਉ ਭ੍ਰਮ ਭੂਤਾ ॥[5]
ਤਿਸੁ ਬਿਸਨ ਪ੍ਰੀਤਿ ਮਾਗਤ ਹੈ ਸਾਧਕ ॥ ਤਹਾ ਬਿਲੰਬ ਧਰਮ ਕੀ ਬਾਧਕ ॥
ਮੀਰਾਬਾਈ ਬਚਨ ਉਚਾਰਾ ॥ ਤੋਹਿ ਮਨੋਰਥ ਹਰਿ ਪੂਜਨਹਾਰਾ[6] ॥
ਜੋ ਇਛਾ ਤੇਰੈ ਮਨਿ ਆਹੀ ॥ ਪ੍ਰਭ ਜੀ ਆਇ ਪੂਜਾਵਹੁ ਤਾਹੀ ॥
ਹਰਖ ਬਿਖਾਦ ਨ ਹਮਰੈ ਰਾਈ[7] ॥ ਪੂਰਉ ਤੁਮਰੀ ਆਸ ਗੁਸਾਈ ॥24॥

ਦੋਹਰਾ ॥ ਜਬ ਕਪਟੀ ਤਹ ਤੇ ਉਡਿਓ ਮਨ ਤਨ ਅੰਤਰਿ ਚਾਉ ॥
ਚਰਨ ਧਰਤ ਧਰਤੀ ਗਿਰਿਓ ਹਰਿ ਕੈ ਧਰਮ ਨਿਆਉ ॥1॥

ਚੌਪਈ ॥ ਫੂਟੀ ਦੇਹ ਕੁਸਟੁ ਬਹਿ ਚਲਿਓ ॥ ਜੁਬਾ ਪਰਾਕ੍ਰਮ ਤਨ[8] ਕੋ ਗਲਿਓ ॥
ਕਾਢਿ ਦਾਤ ਤਿਨ ਬਿਨਤੀ ਠਾਨੀ ॥ ਹੇ ਮਾਤਾ ਮੈ ਭਇਓ ਅਗਿਆਨੀ ॥
ਤੁਮ ਬਖਸੰਦ ਪਤਿਤਨ[9] ਉਪਕਾਰੀ ॥ ਦਇਆ ਦ੍ਰਿਸਟਿ ਮੋ ਓਰ[10] ਨਿਹਾਰੀ ॥
ਪਤਿਤ ਉਧਾਰਨ ਸੰਤ ਕਹਾਵੈ ॥ ਡੂਬਤ ਅਧਮ ਤੀਰ ਲੇ ਲਾਵੈ ॥
ਬਹੁ ਕਰੁਣਾ ਤੇ ਦਇਆ ਜਨਾਈ ॥ ਪਤਿਤ ਉਧਾਰਨ ਸੰਤ ਬਡਾਈ ॥25॥

ਦੋਹਰਾ ॥ ਭਲਿਆਨ ਸਿਉ ਭਲਾ ਕਰਹਿ ਜੋ ਸੋ[11] ਜਗ ਕੋ ਬਿਉਹਾਰ ॥
ਬੁਰਿਅਨ ਸਿਉ ਭਲਾ ਕਰੈ ਤੇ ਵਿਰਲੇ ਸੰਸਾਰ ॥1॥

ਚੌਪਈ ॥ ਦਇਆ ਦਿਸਟਿ ਸਿਉ ਨਾ ਤਨਿ ਹੇਰਾ ॥ ਭਲਿਓ ਅਰੋਗ ਗਿਆਨੀ ਤਿਹ ਬੇਰਾ ॥
ਕੰਚਨ ਸੀ ਭਈ ਵਾਕੀ ਦੇਹਾ ॥ ਉਪਜਿਓ ਗਿਆਨੁ ਸ੍ਰੀ ਨਾਰਦ[12] ਜੇਹਾ ॥
ਤਤੁ ਗਿਆਨੁ ਤਾ ਘਟ ਪਰਗਾਸਾ ॥ ਮਿਟਿ ਗਈ ਮਰਨ ਜੀਵਨ ਕੀ ਆਸਾ ॥
ਸਸਿ ਜਿਵ ਕੀਰਤਿ ਜਗ ਬਿਸਥਾਰੀ ॥ ਫੈਲ ਗਈ ਮਨੋ ਨਿਸਿ ਉਜੀਆਰੀ ॥
ਐਸੀ ਬਾਤ ਕਿਉ ਛਪੈ ਛਪਾਈ ॥ ਜੋ ਤੀਨ ਲੋਕ ਮੈ ਕੀਰਤਿ ਗਾਈ[13] ॥26॥

---

(1) ਅ ਪੋਥੀ 'ਜਾਰਿ',
(2) ੲ ਪੋਥੀ 'ਇਕੇ',
(3) ੲ ਪੋਥੀ 'ਨਾ',
(4) ੲ ਪੋਥੀ 'ਨੀਤਾ',
(5) ਪਾਠਾਂਤਰ 'ਨਾਮ ਹੀਨੁ ਭ੍ਰਮੁ ਭੀਤਾ'.
(6) ੲ ਪੋਥੀ 'ਪੂਰਨਹਾਰਾ',
(7) ਪਾਠਾਂਤਰ ੲ ਪੋਥੀ 'ਹਰਖ ਖੁਦੀ ਹਮਰੇ ਰਾਈ',
(8) ੲ ਪੋਥੀ 'ਤਿਨ',
(9) ੲ ਪੋਥੀ 'ਪਤਿਤ',
(10) ਅ ਪੋਥੀ 'ਅਉਰਾ', ੲ ਪੋਥੀ 'ਅਉਰ',
(11) ੲ ਪੋਥੀ 'ਯਹਿ',
(12) ੲ ਪੋਥੀ 'ਨਾਰਦ ਮੁਨਿ',
(13) ਪਾਠਾਂਤਰ ੲ ਪੋਥੀ 'ਤੀਨ ਭਵਨ ਮਹਿ ਕੀਰਤਨਿ ਗਾਈ'

ਦੋਹਰਾ ॥ ਰਾਣਾ ਸੁਨਿ ਮੁਨਿ ਮਨਿ ਖਪੈ ਕਰੈ ਕ੍ਰੋਧੁ ਬਹੁ ਭਾਇ ॥
ਪੁਤ੍ਰੀ ਮਾਰਨ ਕਾਰਨੈ ਕਰੈ ਅਨੇਕ ਉਪਾਇ ॥1॥

ਚੌਪਈ ॥ ਭੀਮ ਸੈਣੀ ਕਾਪੂਰ ਮੰਗਾਇਆ ॥ ਜਲ ਮਿਸਰੀ ਘੋਲਿ ਤਾ ਅੰਤਰਿ ਪਾਇਆ ॥
ਇਕ ਦੁਇ ਤੁਲਸੀ ਦਲ ਵਿਚਿ ਪਾਏ ॥ ਕਨਿਕ ਕਚੋਲਾ ਤਿਸੁ ਭਰਿ ਲਿਆਏ ॥
ਕਹਿ ਨਈਵੇਦ ਰਾਣੈ ਨੇ ਦੀਆ ॥ ਰੁਚਿ ਸਿਉ ਮੀਰਾਬਾਈ ਪੀਆ ॥[1]
ਪ੍ਰੇਮ ਮਗਨ ਪੁਨਿ[2] ਕੀਰਤਨੁ ਕਰੈ ॥ ਰਾਣਾ ਅਉਹੁ ਕਚੋਲਾ ਭਰੈ ॥
ਬਾਈ ਅਹਿ[3] ਦੇਵੈ ਸੋ ਤਿਸੁ ਪੀਵੈ ਮਨੁ ਬਿਅਕਲੁ ਇਕ ਰਤੀ ਨ ਥੀਵੈ ॥
ਰਾਣਾ ਬਿਸਮੈ ਹੋਇ ਖਿਸਾਇਓ[4] ॥ ਅਚਰਜੁ ਦੇਖਿ ਵਹ ਧਾਮਹਿ ਧਾਇਓ[5] ॥27॥

ਸੋਰਠਾ ॥ ਜਾ ਕੈ ਭੀਤਰਿ ਗਿਆਨੁ ਤਾਂ ਕਉ ਬਿਖੁ ਕਹੁ ਕਿਆ ਕਰੈ ॥
ਪਰੈ ਜੋ ਲੋਨ ਕੀ ਖਾਨ ਸੋ ਤਉ ਲੋਨ ਹੀ ਹੋਇ ਰਹੈ ॥1॥

ਚੌਪਈ ॥ ਸਕਲ ਲੋਕ ਬਾਈ ਘਰਿ ਜਾਵੈ ॥ ਦਰਸਨੁ ਦੇਖਿ ਅਧਿਕ ਸੁਖੁ ਪਾਵੈ ॥
ਤੀਨ ਤਾਪ ਤੇ ਤਪੈ ਜੁ ਕੋਈ[6] ॥ ਤਾ ਕੈ ਦਰਸਨਿ ਸੀਅਰਾ[7] ਹੋਈ ॥
ਜੋ ਇਛਾ ਕਰਿ ਤਾ ਪਹਿ ਜਾਵੈ ॥ ਹਰਿ ਇਛਾ ਵਾ ਕੀ ਸਕਲ ਪੁਜਾਵੈ ॥
ਅਰ ਥੀ ਦੁਖੀ ਜਗਿਆਸੀ ਜੋਈ ॥ ਊਹਾ ਗਏ ਬਿਨੁ ਰਹੈ ਨ ਕੋਈ ॥
ਉਹੁ ਚਾਰ ਬਰਨ ਕੀ ਪੂਜਾ ਕਰੈ ॥ ਇਹੁ ਅਜਰੁ ਰਾਣਾ ਕਿਉ ਜਰੈ ॥28॥

ਦੋਹਰਾ ॥ ਰਾਣੈ ਮਨ ਮਹਿ ਕੋਪੁ ਕਰਿ ਲੀਨੋ ਖੜਗੁ ਸੰਭਾਰ ॥
ਅਰਧ ਰੈਨ ਕੈ ਉਠਿ ਚਲਿਓ ਬਾਈ ਕਰਨ ਪ੍ਰਹਾਰ ॥1॥

ਚੌਪਈ ॥ ਘਰਿ ਬਾਈ ਕੈ ਜਾਇ ਰਾਨਾ[8] ॥ ਅਚਰਜੁ ਦੇਖਿਓ ਭਇਓ ਹੈਰਾਨਾ ॥
ਬਾਈ ਘਰ ਮੈ ਕੀਰਤਨੁ ਗੁਨੈ[9] ॥ ਆਂਗਨਿ ਠਾਢਾ ਠਾਕੁਰੁ ਸੁਨੈ ॥
ਜਿਉ ਮ੍ਰਿਗ ਘੰਡੇ[10] ਹੇਡੈ[11] ਆਵੇ ॥ ਤਿਉ ਹਰਿ ਸਬਦੁ ਸੁਨਤ ਸੁਖੁ ਪਾਵੈ ॥
ਪ੍ਰੇਮ ਬਾਨ ਹਰਿ ਹੀਐ ਲਾਗੈ ॥ ਸਕਲ ਰੈਨ ਨਹੀ ਆਗਨੁ ਤਿਆਗੈ ॥
ਜੈਸੇ ਭਉਰੁ ਸੁਬਾਸੁ ਲੁਭਨਾ ॥ ਤੈਸੈ ਹਰਿ ਸੁਨਿ ਧੁਨਿ ਮਗਨਾਨਾ ॥29॥

---

(1) ਪਾਠਾਂਤਰ ੲ ਪੋਥੀ 'ਰੁਚਿ ਸਿਉ ਮੀਰਾਬਾਈ ਨੇ ਲੇ ਪੀਆ', (2) ੲ ਪੋਥੀ 'ਨਿਤ',
(3) ੲ ਪੋਥੀ 'ਆਇ',
(4) ੲ ਪੋਥੀ 'ਸਿਧਾਇਆ',
(5) ੲ ਪੋਥੀ 'ਧਾਇਆ',
(6) ਪਾਠਾਂਤਰ ੲ ਪੋਥੀ 'ਤੀਨ ਭਾਂਤ ਗੁਣ ਤਪੈ ਜੋ ਕੋਈ',
(7) ੲ ਪੋਥੀ 'ਸੀਤਲ',
(8) ਪਾਠਾਂਤਰ ਅ ਪੋਥੀ' 'ਘਰਿ ਬਾਈ ਕੈ ਜਾਇਨਿ ਗਨਾ', ੲ ਪੋਥੀ 'ਘਰਿ ਬਾਈ ਕੇ ਜਾਇ ਜਬ ਰਾਣਾ',
(9) ੲ ਪੋਥੀ 'ਗੁਣੈ',
(10) ੲ ਪੋਥੀ 'ਘਟੇ',
(11) ਅ ਪੋਥੀ 'ਹੇੜੈ', ੲ ਪੋਥੀ 'ਨੇੜੇ'

ਦੋਹਰਾ ॥ ਭਉਰ ਪਤੰਗ ਖਗ ਮ੍ਰਿਗ ਪ੍ਰੀਤਮ[1] ਲਉ ਤਿਨ ਪ੍ਰੇਮੁ ॥
ਸਭ ਅੰਗ ਪੂਰਨ ਸਦ[2] ਸਦਾ ਹਰਿ ਕੋ ਉਤਮੁ ਨੇਮੁ ॥1॥

ਚੌਪਈ ॥ ਚਤੁਰਭੁਜ ਦਰਸਨੁ ਰਾਣੇ ਦੇਖਿਆ ॥ ਅਉ ਚਕ੍ਰ ਸੁਦਰਸਨ ਤਿਸ ਕਰ ਪੇਖਿਆ ॥
ਮੋਰ ਮੁਕਟ ਸੋਭਾ ਅਤਿ ਦੇਈ ॥ ਮਾਨੋ ਚੰਦ ਸੂਰ ਕੀ ਦੁਤ[3] ਹਿਰ ਲੇਈ ॥
ਪੀਤੰਬਰ ਬਿਜੁਲ[4] ਚਮਕਾਰਾ ॥ ਸਿਆਮ ਰੈਨ ਮਹਿ ਕੀਓ ਉਜੀਆਰਾ[5] ॥
ਸਿਆਮ ਉਰੂ[6] ਬਨਮਾਲ ਸੁਹਾਈ ॥ ਸੁਬਾਸ ਧਾਮਹਿ ਅਤਿ ਮਹਕਾਈ ॥
ਜਿਵ ਵਹ ਬਾਈ ਪ੍ਰੇਮ ਸਿਉ ਗਾਵੈ ॥ ਤਿਉ ਮਧੁਰ[7] ਮੁਰਲੀ ਧੁਨਿ ਉਪਜਾਵੈ ॥30॥

ਸੋਰਠਾ ॥ ਨਿਮਖ ਇਕ[8] ਦਰਸਨੁ[9] ਦੇਖਿ ਭੈ ਮਨ[10] ਕਰਿ ਪੀਛੈ ਫਿਰਿਓ ॥
ਲਖਿਓ ਨ ਤਾ ਕੋ ਭੇਖੁ ਬਿਨੁ ਪ੍ਰੇਮੀ ਕੋ ਪਾਵਈ ॥1॥

ਚੌਪਈ ॥ ਜਬ ਫਿਰਿ ਆਇਆ ਪੁਨਿ ਪਛੁਤਾਇਆ ॥ ਕਹੈ ਮੈ ਦਰਸਨੁ ਠਾਕੁਰ ਪਾਇਆ ॥
ਠਹਰਾਇ ਸਕਿਓ ਨਹੀ ਨੈਨ ਲਗਾਏ ॥ ਦਰਸਨ ਨੀਕੇ ਸਕਿਓ ਨ ਪਾਏ ॥
ਫਿਰਿ ਆਇਓ ਜਾ ਬਹੁ[11] ਪਛਤਾਇਓ[12] ॥ ਚਕ੍ਰ ਸੁਦਰਸਨ[13] ਤਹਾ ਡਰਾਇਓ[14]॥
ਭੈ ਕਰਿ ਡੇਵਢੀ[15] ਬਰਿ ਨਹੀ ਸਾਕੈ ॥ ਜਬਹਿ ਸਦਰਸਨੁ ਤਿਸੁ ਬਲ ਤਾ ਕੈ ॥
ਬਹੁਰਿ ਫਿਰੈ ਫਿਰਿ ਸਰਧਾ ਧਾਰੈ ॥ ਕਹੁ ਭੈ[16] ਤਿਸ ਕਾ ਕਉਨੁ ਨਿਵਾਰੈ ॥ 31 ॥

ਦੋਹਰਾ ॥ ਰਾਣਾ ਮਨ ਪਛੁਤਾਇ ਕੈ ਘਰ ਮੈ ਬੈਠਿਓ ਆਇ ॥
ਸਕਲ ਰੈਨ ਭੈ ਭੀਤ ਤੇ ਤਾ[17] ਕਉ ਨੀਦ ਨ ਪਾਇ ॥1॥

ਚੌਪਈ ॥ ਭੋਰ ਭਏ ਰਾਨੀ ਸੰਗਿ ਲੀਨੀ ॥ ਜਾਇ ਬਾਈ ਪਹਿ[18] ਬਿਨਤੀ ਕੀਨੀ ॥
ਤੂੰ ਮੀਰਾਬਾਈ ਪਰਮ ਸੁਜਾਨ ॥ ਭਗਤਾ ਮੈ ਤੂ ਹੈ ਪਰਧਾਨ ॥
ਹਰਿ ਮੈ ਅਰੁ ਤੋ ਮੈ ਨਹੀ ਭੇਦ[19] ॥ ਭਿੰਨ ਭਾਉ ਨਹੀ ਅਤੋ ਅਛੇਦ[20] ॥
ਹਮ ਪੁਤ੍ਰੀ ਕਰਿ ਜੋ[22] ਅਵਗਿਆ ਕਰੀ ॥ ਤੁਮ ਹਉ ਬਖਸੀਦ ਸੰਤ ਨਰਹਰੀ ॥
ਅਬ ਪੁਤ੍ਰੀ ਭਾਉ ਹਮਾਰੈ ਨਾਹੀ ॥ ਤੂੰ ਹਰਿ ਸੇਵਕ ਹਰਿ ਹੀ ਆਹੀ ॥32॥

---

(1) ਏ ਪੋਥੀ 'ਪ੍ਰੀਤ'
(2) ਅ ਪੋਥੀ 'ਸਦਾ',
(3) ਏ ਪੋਥੀ 'ਜੋਤਿ',
(4) ਏ ਪੋਥੀ 'ਬਿਜਲੀ',
(5) ਅ ਪੋਥੀ 'ਉਆਰਾ',
(6) ਅ ਪੋਥੀ 'ਅਉਰ',
(7) ਏ ਪੋਥੀ 'ਮਧਮ',
(8) ਅ ਪੋਥੀ 'ਏਕ',
(9) ਅ ਪੋਥੀ 'ਦ੍ਰਸੁ',
(10) ਏ ਪੋਥੀ 'ਕੈ ਰਾਜਾ',
(11) ਏ ਪੋਥੀ 'ਪੁਨ',
(12) ਏ ਪੋਥੀ 'ਪਛੁਤਾਇਆ',
(13) ਏ ਪੋਥੀ 'ਦਰਸਨੁ',
(14) ਏ ਪੋਥੀ 'ਡਰਾਇਆ',
(15) ਅ ਪੋਥੀ 'ਡੇਉਢੀ',
(16) ਏ ਪੋਥੀ 'ਡਰੁ',
(17) ਅ ਪੋਥੀ 'ਤ',
(18) ਏ ਪੋਥੀ 'ਪਰਿ',
(19) ਪਾਠਾਂਤਰ 'ਹਰਿ ਅਰ ਤੋਂ ਮਹਿ ਨਾਹਿ ਭੇਦੁ',
(20) ਏ ਪੋਥੀ 'ਅਹਿਓ',
(21) ਅ ਤੇ ਏ ਪੋਥੀ 'ਅਭੇਦ',
(22) ਏ ਪੋਥੀ 'ਕੋ'

ਦੋਹਰਾ ॥ ਤੂੰ ਬਾਵਨ ਚੰਦਨ ਬਿਰਛ ਹਮ ਤੂੰ ਪਾਰਸ ਹਮ ਲੋਹ ॥
ਤੂੰ ਠਾਕੁਰ ਕਉ ਪੂਜਹੀ ਅਬ ਹਮ ਪੂਜਹਿ ਤੋਹਿ ॥1॥

ਚੌਪਈ ॥ ਤਬ ਮੀਰਾਬਾਈ ਚਤੁਰ ਪ੍ਰਬੀਨਾ ॥ ਮਾਤ ਪਿਤਾ ਕਉ ਹੋਇ ਅਧੀਨਾ ॥
ਕਰਿ ਬਿਨਤੀ ਘਰਿ ਦੀਏ ਪਠਾਇ ॥[1] ਹੋਇ ਪ੍ਰੇਮ ਮਗਨ ਹਰਿ ਕੀਰਤਿ ਗਾਇ ॥
ਅਭੇਦ ਦ੍ਰਿਸਟਿ ਜਿਉ ਹਰਹਿ[2] ਨਿਹਾਰੈ ॥[3] ਸਭ ਘਟ ਆਤਮ ਰੂਪ ਬਿਚਾਰੈ ॥
ਪ੍ਰੇਮ ਮਗਨ ਮਨੁ ਛਕਿਆ ਰਹੈ ॥ ਪਰਮਾਤਮ ਨਿਰਖੈ ਜਹਾ ਤਹ ਬਹੈ ॥
ਤਿਸ ਕੀ ਉਪਮਾ ਕਉਨ ਬਖਾਨੈ ॥ ਸਾਧ ਉਪਮਾ ਕਉ ਹਰਿ ਹੀ ਜਾਨੈ ॥33॥

ਦੋਹਰਾ ॥ ਹਰਿ ਅਰੁ ਸਾਧ ਜੁ ਏਕ ਹੈ ਭੇਦ ਭਾਵ ਕਛੁ ਨਾਹਿ ॥
ਉਨ ਦਰਸਨੁ ਦੇਖਹੁ ਨੈਨ ਭਰਿ ਨਿਰਖਹੁ[4] ਹਿਰਦੇ ਮਾਹਿ ॥1॥

ਦੋਹਰਾ ॥ ਜਿਵ ਮੀਰਾਬਾਈ ਕੀ ਕਥਾ ਕਹਿ ਅੰਮ੍ਰਿਤ ਕੀਨੋ[5] ਪਾਨ ॥
ਤਿਉ ਕਰਮਾਬਾਈ ਕੀ ਕਥਾ ਆਗੈ ਸੁਨੋ ਸੁਜਾਨ ॥2॥3॥33॥8॥ [7]

## ੧ਓ ਪਰਚੀ ਕਰਮਾਬਾਈ ਕੀ

ਚੌਪਈ ॥ ਜਿਸ ਨਗਰੀ ਮੀਰਾਬਾਈ ਰਹੈ ॥ ਉਦੈਪੁਰ[6] ਨਾਮੁ ਤਿਸ ਸਭ ਕੋ ਕਹੈ ॥
ਤਹ[7] ਹੀ ਉਪਜੀ ਕਰਮਬਾਈ ॥ ਸੋ [ਸੰਸਕਾਰੁ][8] ਭਗਤਿ ਕੀ[9] ਲਿਆਈ ॥
ਸੋ ਪ੍ਰੇਮ ਭਰੀ ਅਤਿ ਬਾਲੀ ਰਹੈ ॥ ਮੀਰਾਬਾਈ ਮਹਿ ਜਾਇ ਸੋ ਬਹੈ ॥
ਮਾਤ ਪਿਤਾ ਤਿਸੁ ਜਾਤਿ ਗਵਾਰ ॥ ਉਸ ਸਕਲ ਦਿਵਸ ਖੇਲਨ ਬਿਉਹਾਰ ॥
ਜਬ ਜੁਬਾ[10] ਭਈ ਤਿਨ ਆਪੁ ਸਮਾਲਾ ॥ ਉਪਜਿਓ ਪ੍ਰੇਮੁ ਤਿਸੁ ਸੁੰਦਰ ਬਾਲਾ ॥1॥

ਸੋਰਠਾ ॥ ਨਿਤ ਉਠਿ ਤਹ ਚਲਿ ਜਾਇ ਜਹ ਮੀਰਾਬਾਈ ਹਰਿ ਭਗਤਿ ॥
ਨਹੀ ਦਰਸਨੁ ਦੇਖਿ ਅਘਾਇ ਲਗੀ ਰਹੈ ਤਿਸੁ ਲਾਲਸਾ ॥1॥

---

(1) ਪਾਠਾਂਤਰ ੲ ਪੋਥੀ 'ਕਰਿ ਬਿਨਤੀ ਘਰਹਿ ਪਠਾਈ',
(2) ਅ ਪੋਥੀ 'ਰਹਿ',
(3) ਪਾਠਾਂਤਰ ੲ ਪੋਥੀ 'ਅਭੇਦ ਦ੍ਰਿਸਟਿ ਸੋ ਹਰਿ ਹਰਿ ਨਿਹਾਰੈ',
(4) ੲ ਪੋਥੀ 'ਨਿਹਾਰੋ',
(5) ੲ ਪੋਥੀ 'ਕੀਨੋ',
(6) ੲ ਪੋਥੀ 'ਉਚੇਪੁਰ',
(7) ਅ ਪੋਥੀ 'ਤਹਾ',
(8) ਅ ਤੇ ੲ ਪੋਥੀ ਵਿਚੋਂ,
(9) ਅ ਪੋਥੀ 'ਕਾ',
(10) ੲ ਪੋਥੀ 'ਜੁਆਨਿ'

ਚੌਪਈ ॥ ਦਈਵ ਸੰਜੋਗ ਤਿਸੁ ਭਇਓ ਬਿਹਾਵਾ ॥ ਸਾਸਤ੍ਰ ਬੇਦ ਕੌ ਜੋ ਹੈ ਰਾਹਾ ॥
ਸੋ ਪੀਅ[1] ਕੈ ਘਰ ਮੈ ਆਇ ਬਸੀ ॥ ਪੀਅ ਪਿਆਰੇ ਕੇ ਰੰਗਿ ਰਸੀ ॥
ਪੀਅ ਕਉ ਅਹਿਨਿਸ ਭਗਤਿ ਦਿੜਾਵੈ ॥ ਭਗਤਿ ਮਾਹਿ ਤਿਸੁ ਮਨੁ ਠਹਰਾਵੈ ॥
ਤਾ ਕਉ ਇਉ ਸੋ ਕਹੈ ਬੁਝਾਇ ॥ ਅੰਮ੍ਰਿਤੁ ਤਜਿ ਕਾਹੇ ਬਿਖੁ ਖਾਇ ॥
ਬਿਖੈ ਬਾਸਨ ਅਧੁਗਤਿ[2] ਹੋਇ ॥ ਹਰਿ ਭਜ ਜਨਮੁ ਸਵਾਰੇ ਕੋਈ ॥2॥

ਦੋਹਰਾ ॥ ਹਰਿ ਭਜਿ ਜਨਮੁ ਸਵਾਰੀਐ ਇਹ ਅਉਸਰ ਇਹ ਬਾਰ ॥
ਫਿਰਿ ਪਛੁਤਾਵਨਾ ਮਿਟੈ ਚੂਕੇ ਦਾਉ ਅਪਾਰ ॥1॥

ਚੌਪਈ ॥ ਐਸੇ ਹੀ ਸਾਸੈ[3] ਸਮਝਾਵੈ ॥ ਜਿਉ ਤਿਉ ਹਰਿ ਕੋ ਭਜਨੁ ਬਤਾਵੈ ॥
ਊਠਤ ਬੈਠਤ ਸੋਵਤ ਨਾਮ ॥ ਹਰਿ ਹਰਿ ਜਪੀਐ ਆਠੋ ਜਾਮ ॥
ਸਕਲ ਕਾਜੁ ਗ੍ਰਿਹ ਕਾ ਭੀ ਕਰੀਐ ॥ ਮਨੁ ਅਪੁਨਾ ਹਰਿ ਚਰਨੋ ਧਰੀਐ ॥
ਜਿਹਬਾ ਨਾਮੁ ਹਰਿ ਹਿਰਦੈ ਧਿਆਨੁ ॥ ਸਾਸਿ ਗਿਰਾਸਿ ਭਜੀਐ ਭਗਵਾਨੁ ॥[4]
ਬਿਖੈ ਰੋਗ ਰੋਗੀ ਸੰਸਾਰੁ ॥ ਅਉਖਧ ਤਾ ਕਾ ਹਰਿਨਾਮੁ ਅਪਾਰੁ ॥3॥

ਦੋਹਰਾ ॥ ਤੀਨ ਤਾਪ ਤੇ ਜਗੁ ਤਪਤ ਬਿਖਮੀ ਹੋਇ[5] ਅਸਾਧ ॥
ਤਾ ਕੀ ਅਉਖਧ ਨਾਮੁ ਹਰਿ ਕਰਿ ਕਿਰਪਾ ਦੇਵੈ ਸਾਧ ॥1॥

ਚੌਪਈ ॥ ਜੋ ਅਉਖਧ ਕਉ ਸੇਵਤ ਰਹੈ ॥ ਖਾਨ ਪਾਨ ਸੰਜਮ ਕਾ ਲਹੈ ॥
ਅਲਪ ਕਾਲ ਮਹਿ ਨੀਕਾ ਹੋਈ ॥ ਅਪੁਨਾ ਆਪੁ ਪਛਾਨੇ ਸੋਈ ॥
ਗੁਰ ਕਿਰਪਾ ਤੇ ਸਭ ਸੁਧਿ ਆਵੈ[6] ॥ ਸਾਧ ਸੰਗਿ ਨਹੀ ਬਿਰਥਾ ਜਾਵੈ ॥
ਸਾਧ ਸੰਗੁ ਨਿਰਮਲ ਤਤੁ ਸਾਰੁ ॥ ਭਾਗ ਵਡੈ ਪਾਵਤ[7] ਸੰਸਾਰੁ ॥
ਕਰਮਾਬਾਈ ਸਾਸੁ ਭਤਾਰੈ ॥ ਨਿਤ[8] ਪਰਬੋਧੈ ਬਿਨਤੀ ਧਾਰੈ ॥4॥

ਦੋਹਰਾ ॥ ਜਗਿਆਸਾ ਤਿਨ ਕੈ ਬਢੀ ਮਨ ਮਹਿ ਉਪਜਿਓ ਚਾਉ ॥
ਤਿਸੁ ਗੁਰਜਨ ਹੋਇ ਪੂਜਹੀ ਅਹਿਨਿਸ ਭਗਤਿ ਪ੍ਰਭਾਉ ॥1॥

---

(1) ੲ ਪੋਥੀ 'ਪੀਆ',

(2) ਅ ਪੋਥੀ 'ਅੰਧੁਗਤਿ', ੲ ਪੋਥੀ 'ਅੰਧਿਗਤਿ',

(3) ੲ ਪੋਥੀ 'ਸਸੇ',

(4) ਪਾਠਾਂਤਰ ੲ ਪੋਥੀ 'ਗਿਰਾਸਿ ਭਜੀਐ ਏਕ ਭਗਵਾਨ',

(5) ੲ ਪੋਥੀ 'ਭਇਓ',

(6) ੲ ਪੋਥੀ 'ਹੋਇ',

(7) ਅ ਪੋਥੀ 'ਪਾਵਹੁ',

(8) ੲ ਪੋਥੀ 'ਤਾ'

ਚੌਪਈ ॥ ਕਰਮਾਬਾਈ ਭਗਤਿ ਕਹਾਵੈ ॥ ਆਪਿ ਜਪੈ ਹਰਿ ਉਨੈ[1] ਜਪਾਵੈ ॥
ਸਦਾ ਰਹੈ ਹਰਿ ਕੈ ਰੰਗਿ ਰਾਤੀ ॥ ਹਰਿ ਹਰਿ ਭਜੈ ਸਦਾ ਦਿਨੁ ਰਾਤੀ ॥
ਪੀਅ ਸਾਸ ਕੀ ਸੇਵਾ ਕਰੈ ॥ ਅੰਤਰਿ ਧਿਆਨ ਪਰਮਾਤਮੁ ਧਰੈ ॥
ਬ੍ਰਹਮਾ ਆਦਿ ਕੀਟ ਲਉ ਜੋਈ ॥ ਸਭ ਮੈ ਬ੍ਰਹਮੁ ਪਛਾਨੈ ਸੋਈ ॥
ਬ੍ਰਹਮੁ ਏਕ ਸਮਸਰਿ ਸਭ ਮਾਹੀ ॥ ਜਿਵ[2] ਕਾ ਤਿਵੈ[3] ਪਛਾਨਤੁ ਆਹੀ ॥5॥

ਸੋਰਠਾ ॥ ਸਭ ਘਟ ਆਤਮ ਪੂਰ ਬਿਨਾ ਪ੍ਰੇਮ ਕੋਈ ਨ ਲਹੈ ॥
ਕਹੁ ਕਿਸ ਤੇ ਹੈ ਦੂਰ ਜਾ ਸਭ ਕਿਛੁ ਆਪ ਹੀ ਬਨਿ ਰਹਿਓ ॥1॥

ਚੌਪਈ ॥ ਉਠਿ[4] ਪਰਭਾਤਿ ਪੀਉ ਕਿਰਤਿ ਸਿਧਾਵੈ ॥ ਸਾਸੁ ਕਹੂ ਸੂਤੀ ਰਹਿ ਜਾਵੈ ॥
ਕਰਮਾਬਾਈ ਅੰਤਰਿ ਧਿਆਨ ॥ ਇਕ ਟਕ ਲਾਗੀ ਰਹੈ ਸੁਜਾਨ ॥
ਇਕ ਦਿਨ ਮਨ ਮਹਿ ਤਿਨ[5] ਬੀਚਾਰੀ ॥ ਕਛੁ ਭੋਗ ਭੁਗਾਵਉ ਹਰੀ ਮੁਰਾਰੀ ॥
ਜਦਪ ਸਭ ਘਟ ਭੋਗਤ[6] ਭੋਗ ॥ ਤਦਪ ਸਰਧਾ ਹਰਿ ਪੂਰਨ ਜੋਗ ॥
ਬ੍ਰਹਮ ਮਹੂਰਤਿ ਸਰਧਾ ਧਾਰੀ ॥ ਨਾਵਨੁ ਧੋਵਨੁ ਸਕਲ ਬਿਸਾਰੀ ॥6॥

ਦੋਹਰਾ ॥ ਜਿਤੁ ਘਟ ਪ੍ਰੇਮ ਪ੍ਰਕਾਸਈ ਸੁਚ ਸੰਜਮੁ ਜਪੁ[7] ਨੇਮੁ ॥
ਸਕਲ ਬਿਸਰਤ ਬਜਾਤੁ ਹੈ ਰਹਤੁ ਪ੍ਰੇਮੁ ਹੀ ਪ੍ਰੇਮੁ ॥1॥

ਚੌਪਈ ॥ ਪ੍ਰੇਮ ਸਿਉ ਉਠੀ ਸੁ[8] ਸੁੰਦਰ ਨਾਰੀ ॥ ਹਾਡੀ ਚਾੜਿ ਸਮਧਾ ਬਹੁ ਜਾਰੀ ॥
ਦਧ ਕਉ ਕਾਢੀ ਬਿਲੋਵਨ ਲਾਗੀ ॥ ਪ੍ਰੇਮ ਭਰੀ ਪ੍ਰੀਤਮ ਰਸਿ ਪਾਗੀ ॥
ਜਬ ਜਲ ਅਉਟ ਅੰਨ ਕਉ ਚਾਹਾ ॥[9] ਖਿਚਰੀ ਲੋਨ ਲੇ ਤਾ ਮਹਿ ਬਾਹਾ ॥
ਸਹਜਿ ਸੁਭਾਇ ਤਬ ਖਿਚਰੀ ਸੀਝੈ ॥ ਵਹ ਜਤ ਕਤ ਹੇਰ ਹਰਿ ਪ੍ਰੀਤਮੁ ਰੀਝੈ[10] ॥
ਭਰਿ ਖਿਚਰੀ ਥਾਲੀ ਮਾਖਨੁ ਬਹੁ ਡਾਰਾ ॥ ਭਰਿਓ ਦਹੀ ਮਲਾਈ ਛੰਨਾ ਭਾਰਾ ॥7॥

ਦੋਹਰਾ ॥ ਜਬ ਬਾਈ ਸਰਧਾ ਕਰੀ ਹਰਿ ਇਹੁ[11] ਭੋਗਹੁ ਭੋਗ ॥
ਤਬ ਹਰਿ ਆਇ ਭੋਗਨ ਲਗੇ ਬਪੁ ਸਿਉ ਧਾਰਿ[12] ਸੰਜੋਗੁ ॥1॥

---

(1) ੲ ਪੋਥੀ 'ਉਨੇ',
(2) ੲ ਪੋਥੀ 'ਜਿਉ',
(3) ੲ ਪੋਥੀ 'ਤਿਉ',
(4) ੲ ਪੋਥੀ 'ਉਰਿ',
(5) ੲ ਪੋਥੀ 'ਤਿਨੈ',
(6) ਅ ਪੋਥੀ 'ਭੋਗੈ',
(7) ੲ ਪੋਥੀ 'ਜਹਿ',
(8) ਅ ਪੋਥੀ 'ਸੰਦਰ',
(9) ਪਾਠਾਂਤਰ ੲ ਪੋਥੀ 'ਜਬ ਜਲ ਅਉਟਾ ਇਕਿ ਕੋ ਚਾਹਾ',
(10) ੲ ਪੋਥੀ 'ਸੀਝੈ',
(11) ੲ ਪੋਥੀ 'ਜੋ',
(12) ੲ ਪੋਥੀ 'ਧਰਿ'

ਚੌਪਈ ॥ ਰੁਚਿ ਸਿਉ ਤਦ ਹਰਿ ਖਿਚਰੀ ਖਾਵੈ ॥ ਕਰਿ ਬੀਜਨਾ[1] ਬਾਈ ਸੁਖ ਪਾਵੈ ॥
ਚਾਰਉ ਨੈਨਾ ਇਕ ਟਕ ਜੋਵੈ ॥ ਬਿਹਸ ਅਧਰ ਨੈਨਨ ਕਉ ਮੋਹੈ ॥[2]
ਅਤਿਭੁਤਿ ਸਮਝ ਬਾਈ ਕੀ ਭਾਈ ॥[3] ਤਾ ਕਉ ਹਰਿ ਨਹੀ ਭਿੰਨ ਦਿਖਾਈ ॥
ਜੋ ਹਰਿ ਮੈ ਤੈ ਮਾਹਿ ਬਿਆਪਕ ॥ ਤੀਨ ਭਵਨ ਸਭ ਲੋਕ ਪ੍ਰਕਾਸਕ ॥
ਅਗਮ ਅਗੋਚਰ ਅਲਖ ਅਰੂਪ ॥ ਬਪ ਧਰਿ ਭੇਗਤ ਜੋਤ ਸਰੂਪ ॥8॥

ਦੋਹਰਾ ॥ ਪਾਚ ਤਤ ਕੋ[4] ਦੇਹ ਨਹਿ ਨਹੀ ਤੀਨ ਗੁਨਾ ਪਰਭਾਉ ॥
ਜੋ ਤ੍ਰਿਭਵਨ ਜੋਤਿ ਬਿਰਾਜਈ[5] ਸੋਈ ਬਨਿਓ ਬਨਾਉ ॥1॥

ਚੌਪਈ ॥ ਪਾਚ ਤਤ ਕੋ ਦੇਹ ਨਹੀ ਭੇਸਾ[6] ॥ ਤੀਨ ਗੁਨਾ ਨਹੀ ਪਰਵੇਸਾ[7] ॥
ਰੂਪ ਨਾਮ ਗੁਨ ਰਹਤ ਅਪਾਰਾ ॥ ਜੋਤਿ ਸਰੂਪ ਧਰਿਓ ਅਕਾਰਾ ॥
ਦਿਸਟਿ ਮੁਸਟਿ ਤੇ ਨਿਆਰਾ ਜੋਈ ॥ ਸਭ ਘਟ ਰਹ ਲਖੈ ਨਹੀ ਕੋਈ ॥
ਅਲਖ ਨਿਰੰਜਨ ਅਜ ਅਬਿਨਾਸੀ ॥ ਆਕਾਰ ਧਰੇ ਬਾਈ ਕਉ ਭਾਸੀ ॥
ਤਾ ਪਹਿ ਤਿਨ ਇਕ ਬਿਨਤੀ ਕੀਨੀ । ਸੁਨਹੁ ਜਗਿਆਸੀ[8] ਚਤੁਰ ਪ੍ਰਬੀਨੀ ॥9॥

ਦੋਹਰਾ ॥ ਤੀਨ ਭਵਨ ਕੋ ਬਪੁ ਧਰੇ ਸਭ ਘਟ ਜੋਤਿ ਦਿਖਾਇ ॥
ਰੂਪ ਨਾਮ ਗੁਨ ਭੀਤਰੇ ਕਾਹੇ ਰਹੇ ਛਪਾਇ ॥1॥

ਚੌਪਈ ॥ ਤਬ ਹਰਿ ਅਤਭੁਤ ਬਚਨੁ ਉਚਾਰਾ ॥ ਸਭ ਕਛੁ ਦੇਖਹੁ ਮੋਹਿ ਪਸਾਰਾ ॥
ਏ ਰੂਪ ਨਾਮ ਮੇਰੇ ਹੀ ਆਹੀ ॥ ਮੋ ਤੇ ਭਿੰਨ ਆਨ ਕਿਛੁ ਨਾਹੀ ॥
ਦਿਸਟਿਮਾਨ ਜੋ ਦੇਇ ਦਿਖਾਈ ॥ ਸਭ ਮੈ ਹੀ ਹਉ ਕਰਮਾਬਾਈ ॥
ਰੂਪ ਨਾਮ ਗੁਨ ਮੋਹ[9] ਪਸਾਰਾ ॥ ਸੋ ਮੋ ਤੇ ਨਹੀ ਆਹਿ ਨਿਆਰਾ ॥
ਜਉ ਮੋ ਤੇ ਕਛੁ ਨਿਆਰਾ ਹੋਈ ॥ ਆਇ ਦੁਰਾਵੈ ਮੋ ਕਉ ਸੋਈ ॥10॥

ਦੋਹਰਾ ॥ ਗੁਪਤ ਪ੍ਰਗਟ ਕੀ ਕਉ ਕਹੈ ਕਿਸ ਤੇ ਕਰਉ ਦੁਰਾਉ ॥
ਮੋ ਬਿਨ ਦੂਸਰੁ[10] ਨਾਹਿ ਕੋ ਐਸੋ ਬਨਿਓ ਬਨਾਉ ॥1॥

---

(1) ਏ ਪੋਥੀ 'ਬੀਜਨ',
(2) ਪਾਠਾਂਤਰ ਏ ਪੋਥੀ 'ਬਹੁ ਮਿਆਮ ਅਧਰ ਨੈਨਨ ਕੋ ਮੋਹੈ',
(3) ਪਾਠਾਂਤਰ ਏ ਪੋਥੀ 'ਅਦਿਭੁਤ ਸਸਝ ਬਾਈ ਭਾਈ',
(4) ਏ ਪੋਥੀ 'ਕੀ',
(5) ਅ ਪੋਥੀ 'ਬਿਰਾਜਤੀ',
(6) ਏ ਪੋਥੀ 'ਭੇਸ',
(7) ਏ ਪੋਥੀ 'ਪਰਵੇਸੁ',
(8) ਏ ਪੋਥੀ 'ਜਗਦੀਸ',
(9) ਏ ਪੋਥੀ 'ਸਗਲ',
(10) ਏ ਪੋਥੀ 'ਦੂਜਾ'

ਚੌਪਈ ॥ ਖਾਇ ਪ੍ਰਸਾਦਿ ਚੁਲੀ ਹਰਿ ਕੀਨੀ ॥ ਲਉਗ[1] ਲਾਇਚੀ ਬਾਈ ਦੀਨੀ ॥
ਪੁਨਿ ਦੁਇ ਕਰਿ ਜੋਰਿ ਨਿੰਮ੍ਰ ਹੋਈ ਭਾਖੀ ॥ ਪ੍ਰਭ ਸਰਧਾ ਜੈਸੇ ਅਬ ਤੁਮ ਰਾਖੀ ॥
ਐਸੇ ਹੀ ਸਦ ਕਿਰਪਾ ਕਰੀਐ[2] ॥ ਦਇਆ ਮਇਆ[3] ਦਾਸੀ ਪਰ ਧਰੀਐ ॥
ਖਿਚਰੀ ਮਾਖਨ ਸਭ ਕਿਛੁ[4] ਤੇਰਾ[5] ॥ ਕਰਿ ਕਿਰਪਾ ਭੋਗਹੁ ਇਹ ਬੇਰਾ ॥
ਮੈ ਦਾਸੀ ਤੂ ਠਾਕੁਰ ਮੇਰਾ ॥ ਦੀਨ ਬੰਧੁ ਬਿਰਦੁ ਹੈ ਤੇਰਾ ॥11॥

ਦੋਹਰਾ ॥ ਸਭ ਘਟ ਤੂੰ ਹੀ ਭੋਗਹੀ ਹੇ ਪ੍ਰਭ ਦੀਨ ਦਇਆਲ ॥
ਇਸੁ ਦਾਸੀ ਕੀ ਐਸੇ ਹੀ ਸਰਧਾ ਰਾਖੁ[6] ਗੁਪਾਲ ॥1॥

ਚੌਪਈ ॥ ਤਬ ਹਰਿ ਕੋਮਲ ਬਚਨ ਉਚਾਰਾ ॥ ਮੈ ਸਭ ਘਟ ਭੋਗ ਭੋਗੋ ਅਪਾਰਾ ॥
ਮੋ ਸੁਆਦੁ ਨ ਆਵੈ ਤ੍ਰਿਪਤੀ ਨ ਹੋਈ ॥ ਇਹੁ ਕਲਾ ਲਖੈ ਨ ਕੋਈ ॥
ਜਲ ਦਲ ਤੁਲਸੀ ਕੁਸਮ ਕੈ[7] ਸੰਦਲ ॥ ਸਰਧਾ ਕਰਿ ਮੋ ਦੇਇ ਜੁ ਤੰਦੁਲ ॥
ਅਥਵਾ ਪ੍ਰੀਤ ਸਿਉ ਸਾਧੁ ਭੋਗਾਵੈ ॥ ਕੈ ਰੁਚਿ ਸਿਉ ਸਾਧੂ ਹੀ ਭੋਗੁ ਲਗਾਵੈ ॥
ਅਤਿ ਪ੍ਰਸੰਨ ਹੋਇ ਮਨੁ ਮੇਰਾ ॥ ਅਧਿਕ ਤ੍ਰਿਪਤਾਵੈ ਵਾਹੀ ਬੇਰਾ ॥12॥

ਦੋਹਰਾ ॥ ਸਭ ਘਟ ਭੋਗ ਕਉ ਭੋਗਤੇ ਪ੍ਰਾਨ[8] ਤ੍ਰਿਪਤੀ ਨਹੀ ਹੋਤ ॥
ਸਰਧਾ ਸਿਉ ਜੋ ਦੇਇ ਮੁਝਿ ਤਿਸੁ ਖਾਇ ਭੂਖ ਕਉ ਖੋਤ ॥1॥

ਚੌਪਈ ॥ ਹਰਿ ਕਹਿਜਿਉ[9] ਪੁਨਿ ਸੁੰਨ ਸਮਾਇਆ ॥ ਕਰਮਾਬਾਈ ਅਤਿ ਸੁਖੁ ਪਾਇਆ ॥
ਸਕਲ ਦਿਵਸ ਗ੍ਰਿਹ ਕਾ ਕਰੈ ਕਾਜਾ ॥ ਅੰਤਰਿ ਹਰਿ ਹਰਿ ਧਰੇ ਸਮਾਜਾ ॥
ਰੈਨ ਭਏ[10] ਸੁਖ ਸਿਉ[11] ਪਰਿ ਸਵੈ ॥ ਪੀਅ ਪਿਆਰੇ ਸਹਜੇ ਰਵੈ ॥
ਰੈਨ ਰਹੈ ਜਬ ਘਟਕਾ ਚਾਰ ॥ ਕਰਿ ਖਿਚਰੀ ਮਾਖਨੁ ਦੇਇ ਡਾਰ ॥
ਸੁਰਤਿ ਕਰੇ ਹਰਿ ਦਉਰਿਓ ਆਵੈ ॥ ਭੋਗ ਭੁਗਾਵੈ ਆਨਦੁ[12] ਪਾਵੈ[13] ॥13॥

ਦੋਹਰਾ ॥ ਨਿਤ ਪ੍ਰਤ ਹਰਿ ਤਹ ਰੂਪ ਧਰਿ ਭੋਗੇ ਰੁਚਿ ਸਿਉ ਭੋਗ ॥
ਗ੍ਰਿਹ ਮੈ ਕੋਈ ਨ ਲਖੈ ਐਸੋ ਬਨਿਓ ਸੰਜੋਗ ॥1॥

---

(1) ਅ ਪੋਥੀ 'ਲਉ',
(2) ੲ ਪੋਥੀ 'ਕੀਜੈ',
(3) ੲ ਪੋਥੀ 'ਭਇਆ',
(4) ੲ ਪੋਥੀ 'ਹਰਿ',
(5) ੲ ਪੋਥੀ 'ਤੇਗਾ',
(6) ੲ ਪੋਥੀ 'ਰਾਮ ਗੁਪਾਲ',
(7) ੲ ਪੋਥੀ 'ਕੀ'.
(8) ੲ ਪੋਥੀ 'ਪ੍ਰਾਨੀ',
(9) ਅ ਤੇ ੲ ਪੋਥੀ 'ਕਹਿਓ',
(10) ੲ ਪੋਥੀ 'ਪਰੀ',
(11) ੲ ਪੋਥੀ 'ਸੇਜਿ',
(12) ੲ ਪੋਥੀ 'ਅਨਾਦੁ',
(13) ਪਾਠਾਂਤਰ ਅ ਪੋਥੀ 'ਭੋਗ ਭੁਗਾਵੈ ਅਨਾਦ ਖਾਵੈ'

ਚੌਪਈ ॥ ਸੂਰਜ ਉਦੇ ਹੋਨ ਨਹੀ ਪਾਵੈ ॥ ਭੋਗ ਭੋਗਿ[1] ਹਰਿ ਸੁੰਨ ਸਮਾਵੈ ॥
ਕਰਮਾਬਾਈ ਪ੍ਰੇਮ[2] ਪਿਆਰੀ ॥ ਛਕੀ ਰਹੈ ਵਹ ਨਿਹ ਹੀ ਨਾਰੀ ॥[3]
ਤਾ ਕੈ ਪ੍ਰੇਮ ਰੰਗਿਓ ਮਨੁ ਵਾਂ ਕੋ ॥ ਅਉਰ ਰੰਗ ਕੋਈ ਚਰੈ ਨ ਤਾਂ ਕੋ ॥
ਸਭ ਅੰਗ ਪੂਰਨ ਪ੍ਰੀਤਮੁ ਪਿਆਰਾ ॥ ਭੇਦ ਭਾਵ ਨਹੀ ਕਿਸ ਸਿਉ ਧਾਰਾ ॥
ਪਾਂਚ ਤੀਨ ਆਪੇ ਬਨਿ ਆਇਓ ॥ ਪੁਨਿ ਵਾਹੀ ਮੈ ਆਪੁ ਦੁਰਾਇਓ ॥14॥

ਦੋਹਰਾ ॥ ਜਾ ਕੋ ਮਨੁ ਰੰਗਿਓ ਪ੍ਰੇਮ ਰੰਗ ਤਿਸੁ[4] ਰੰਗ ਚਰੈ ਨ ਅਉਰ ॥
ਤਨੁ ਮਨੁ ਇੰਦ੍ਰੀ ਸਹਜਿ ਹੀ ਸਕੈ ਨ ਕੋਈ ਦਉਰ ॥1॥

ਚੌਪਈ ॥ ਘਰ ਕਰਮਾਬਾਈ ਜੋ ਕੋਈ ਆਵੈ ॥ ਭਾਉ ਭਗਤਿ ਕਰਿ ਤਾਹਿ ਰੀਝਾਵੈ ॥
ਨਰ ਨਾਰੀ ਅਰ ਥੀ ਜਨ ਭਾਈ ॥ ਤਿਸ ਤੇ ਬਿਰਥਾ ਕੋਈ ਨ ਜਾਈ ॥
ਭੂਖੇ ਅੰਨੁ ਪਿਆਸੇ ਪਾਨੀ ॥ ਭਾਉ ਭਗਤਿ ਕਰਿ ਦੇਇ ਬਿਨਾਨੀ ॥
ਰੈਨ ਬਸੇਰਾ ਕਿਸੈ ਨ ਦੇਵੈ ॥ ਮਤੁ ਗੋਪ ਮਤੋ ਕੋਈ ਲਖਿ ਲੈਵੈ ॥
ਇਹੁ ਗੁਹਜ ਕਹਾਨੀ ਕਿਨੂ ਨ ਜਾਨੀ ॥ ਪ੍ਰੇਮੀ ਪ੍ਰੀਤਮ ਕੈ ਮਨਿ ਮਾਨੀ[5] ॥15॥

ਦੋਹਰਾ ॥ ਪ੍ਰੇਮ ਖੇਲ ਇਉ ਖੇਲੀਐ ਜਾ ਮੈ ਲਖੈ ਨ ਨੈਨ[6] ॥
ਬਾਤ ਨ ਇਉ ਬਤਰਾਈਐ ਭੇਦ ਨ ਪਾਵੈ ਬੈਨ ॥1॥

ਚੌਪਈ ॥ ਇਕ ਦਿਨ ਵਾ ਘਰ ਸਾਧੂ ਆਇਆ ॥ ਜਾਨਿ ਬੈਸਨੋ ਮਨਿ ਤਨਿ ਭਾਇਆ ॥
ਨੈਨਾ ਰਕਤ ਪ੍ਰੇਮ ਮਦਮਾਤੇ ॥ ਅੰਤਰਿ ਫੁਰੈ ਬਿਖੈ ਕੀ ਘਾਤੇ ॥[7]
ਪਲਕ ਪਲਕ ਮਾਹਿ ਕੀਰਤਨੁ ਕਰੈ ॥[8] ਪਲਕ ਏਕ ਨਹੀ ਬਿਰਥੀ ਪਰੈ ॥
ਸਗਲ ਅੰਗੁ ਪ੍ਰੇਮ ਸਿਉ ਭੀਨਾ ॥ ਪ੍ਰੇਮ ਕੋ ਰਸੁ ਤਿਨਹੀ ਜਨ[9] ਲੀਨਾ ॥
ਪੂਜਾ ਅਰਚਾ ਬੰਦਨ ਕਰਈ ॥ ਅਹਿਨਿਸ ਧਿਆਨੁ ਧੇਅ[10] ਕਾ ਧਰਈ ॥16॥

ਦੋਹਰਾ ॥ ਧਿਆਤਾ ਧਿਆਨੈ ਰਚਿ ਰਹਿਓ ਧੇਅ ਕਉ ਜਾਨੈ ਭਿੰਨ ॥
ਬਿਨ ਸਤਿਗੁਰ ਨਹੀ ਪਾਵਈ ਅਕਥ ਕਥਾ ਪਰਛਿੰਨ ॥1॥

---

(1) ੲ ਪੋਥੀ 'ਭੁਗਇ',
(2) ੲ ਪੋਥੀ 'ਪ੍ਰੇਮ ਬਸਿ',
(3) ਪਾਠਾਂਤਰ ਅ ਪੋਥੀ 'ਛਕੀ ਰਹੈ ਵਹ ਨਿਤ ਨਾਰੀ',
(4) ੲ ਪੋਥੀ 'ਸੋ ਤਿਸ',
(5) ੲ ਪੋਥੀ 'ਮਾਹੀ',
(6) ੲ ਪੋਥੀ 'ਕੋਇ',
(7) ਪਾਠਾਂਤਰ ੲ ਪੋਥੀ 'ਅੰਤਰਿ ਫੁਰੈ ਪ੍ਰੇਮ ਕੀ ਬਾਤੇ',
(8) ਪਾਠਾਂਤਰ ਅ ਪੋਥੀ ਤੇ ੲ ਪੋਥੀ 'ਪਲ ਪਲ ਮਾਹਿ ਕੀਰਤਨੁ ਕਰੇ',
(9) ੲ ਪੋਥੀ 'ਜਿਨ',
(10) ੲ ਪੋਥੀ 'ਧੇਇ'

ਚੌਪਈ ॥ ਸੋ ਅਤੀਤੁ ਬਾਈ ਘਰ ਰਹਿਓ ॥ ਸਕਲ ਦਿਵਸ ਲਉ[1] ਕੀਰਤਨੁ ਕਹਿਓ ॥
ਕਰਮਾਬਾਈ ਅਤਿ ਮਗਨਾਨੀ ॥ ਰਖਿਓ[2] ਰੈਨ ਤਿਸੁ ਦੀਓ ਨ ਜਾਨੀ ॥
ਚਾਰ ਜਾਮ ਨਿਸਿ ਕੇ ਬੀਤਾਏ ॥ ਕੀਰਤਨੁ ਕਰਤ ਅਰਣੋਦੇ ਆਏ ॥
ਜਬ ਬਾਈ ਉਠਿ ਤਪਲੀ ਚਾੜੀ ॥ ਕਰਿ ਖਿਚਰੀ ਤਿਨ ਲੀਨ ਉਤਾਰੀ ॥
ਭਰਿ ਥਾਲੀ[3] ਮਾਖਨੁ ਬਹੁ ਡਾਰਾ ॥ ਭੋਗਿਓ ਠਾਕੁਰ ਅਗਮ ਅਪਾਰਾ ॥17॥

ਦੋਹਰਾ ॥ ਕਰਮਾਬਾਈ ਕੀ ਕ੍ਰਿਆ ਸਭ ਦੇਖੀ ਪੁਰਖ ਸੁਜਾਨ ॥
ਪਰਮਾਤਮ ਦਰਸਨੁ ਕਿਉ ਹੋਵੈ ਬਿਨੁ ਸਤਿਗੁਰ ਕੇ ਗਿਆਨ ॥1॥

ਚੌਪਈ ॥ ਤਿਨ ਬਿਨ ਸੋਚ ਗਿਲਾਨ ਜਨਾਈ ॥ ਤਬ ਪੂਛਿਓ ਤਿਨ ਕਰਮਾਬਾਈ ॥
ਉਠਿ ਪਰਭਾਤੀ ਨ ਮੰਜਨੁ ਕੀਨਾ ॥ ਨਹੀ ਕਰ ਪਾਦ[4] ਧੋਇ ਆਚਮਨੁ ਲੀਨਾ ॥
ਨਹੀ ਹਾਡੀ ਤੈ ਨੀਕੈ ਧੋਈ ॥ ਨਹੀ ਚਉਕਾ ਦੇ ਤੈ ਕਰੀ ਰਸੋਈ ॥
ਅਤਿ ਅਪਵਿਤ੍ਰ ਤੇ ਕਰਮਾਬਾਈ ॥ ਕਰਿ ਖਿਚਰੀ ਤੈ ਕਿਸੈ ਖਵਾਈ ॥
ਤਬ ਬਾਈ ਨੈ ਬਚਨੁ ਉਚਾਰਾ ॥ ਭੋਗਤ ਹਰਿ ਜਿਨ ਤ੍ਰਿਭਵਨੁ ਧਾਰਾ ॥18॥

ਦੋਹਰਾ ॥ ਕਰਮਾਬਾਈ ਇਵ ਕਹਿਓ ਹਮ ਜਾਤ ਗਵਾਰ ਅਜਾਨ ॥
ਠਾਕੁਰ ਅਤਿ ਬਖਸਿੰਦੁ ਹੈ ਮਨ ਨਹੀ ਧਰੈ ਗਿਲਾਨ ॥1॥

ਚੌਪਈ ॥ ਤਬ ਅਤੀਤ ਮੁਖਿ ਅੰਗੁਰੀ ਡਾਰੀ ॥ ਐਸ ਤੋਹਿ[5] ਨ ਬੂਝੀਐ[6] ਬਾਰੀ ॥
ਜਉ ਠਾਕੁਰੁ ਹੈ ਪਤਿਤ ਉਧਾਰਨ ॥ ਤਉ ਪਤਿਤ ਕਰਮ ਨਹੀ ਸੇਵਕ ਕਾਰਨ ॥
ਜਉ ਠਾਕੁਰ ਅਪਰਾਧੁ ਨ ਦੇਖੈ ॥ ਤਉ ਸੇਵਕ ਅਪ[7] ਮਿਰਜਾਦਾ ਪੇਖੈ ॥
ਬੇਦ ਸਾਸਤ੍ਰ ਕਾ ਮਤੁ ਹੈ ਜੋਈ ॥ ਹਰਿ ਨਿਜ ਮੁਖਿ ਭਾਖਿ ਸੁਨਾਇਆ ਸੋਈ ॥
ਤਿਵ[8] ਪੂਜਾ ਤਿਵ ਹੀ ਆਚਾਰਾ ॥ ਕਰੁ ਕਰਮਾਬਾਈ ਤਿਉ ਸਭ ਸਾਰਾ ॥19॥

ਦੋਹਰਾ ॥ ਸੁਰਤਿ[9] ਸਿੰਮ੍ਰਿਤਿ ਕੋ[10] ਮਤਿ ਲੀਏ ਸਭ ਬਿਧਿ ਕਹਿਓ ਸੁ ਧਾਰ ॥
ਸੁਚ ਸੰਜਮ ਸਿਉ ਪੂਜੀਐ ਹਰਿ ਕਉ ਸਰਧਾ ਧਾਰ ॥1॥

---

(1) ੲ ਪੋਥੀ 'ਉਸ',
(2) ੲ ਪੋਥੀ 'ਰਾਖਿਓ',
(3) ੲ ਪੋਥੀ 'ਥਾਰੀ',
(4) ਅ ਪੋਥੀ 'ਪਦ',
(5) ੲ ਪੋਥੀ 'ਤੁਝ',
(6) ੲ ਪੋਥੀ 'ਬੂਝਈ',
(7) ੲ ਪੋਥੀ 'ਆਪੁ',
(8) ਅ ਤੇ ੲ ਪੋਥੀ 'ਜਿਵ',
(9) ੲ ਪੋਥੀ 'ਸਾਸਤ੍ਰ',
(10) ੲ ਪੋਥੀ 'ਕ੍ਰੇ'

ਚੌਪਈ ॥ ਇਹ ਕਹਿ ਸਾਧੂ ਕੀਓ ਪਇਆਨਾ[1] ॥ ਸਭ ਸੁਚ ਸੰਜਮੁ ਬਾਈ ਜਾਨਾ ॥
ਤਬ[2] ਫਿਰਿ ਬ੍ਰਹਮ ਮਹੂਰਤੁ ਭਇਆ ॥ ਤਬ ਬਾਈ ਉਠਿ ਦਾਤਨੁ ਕੀਆ ॥
ਕਰਿ ਮਜਨ ਤਿਨ ਚਉਕਾ ਪਾਇਆ ॥ ਕੋਰਾ ਬਾਸਨੁ ਚੁਲੈ ਚਰਾਇਆ ॥
ਕਰਿ ਖਿਚਰੀ ਪੁਨਿ ਦਹੀ ਬਿਲੋਇਆ ॥ ਮਾਖਨੁ ਕਾਢਤ ਦਿਨ ਤਿਸੁ ਹੋਇਆ ॥
ਦੁਇ ਘਟਕਾ ਘਰੀਆਲ ਕੀ ਮਾਰੀ ॥ ਅਤਿ ਅਕੁਲਾਇ ਪਰੋਸੀ ਥਾਰੀ ॥20॥

ਦੋਹਰਾ ॥ ਹਰਿ ਕੋ ਧਿਆਨੁ ਸੁ ਧਰਿ ਰਹੀ ਹਰਿ ਨਹੀ ਕਰੀ ਸਭਾਰਿ ॥
ਤੀਅ ਕੋ ਹੀਓ ਊਛਲਿਓ ਲਾਗੀ ਪਰਨ ਫੁਹਾਰ[3] ॥1॥

ਚੌਪਈ ॥ ਦੁਇ ਨੈਨਾ ਬਹਿ ਚਲੇ ਪਰਨਾਰੇ ॥ ਜਬ[4] ਰੋਕੈ ਤਬ ਫੂਟਹਿ ਫੁਹਾਰੇ ॥
ਬਿਨੁ ਪ੍ਰੀਤਮੁ ਤਿਸੁ ਬਿਰਹੁ ਸੰਤਾਵੈ ॥ ਤਾ ਕੀ ਬੇਦਨ ਕੋਈ ਨ ਪਾਵੈ ॥
ਹਰਿ ਪਹਿ ਬਹੁ ਬਿਧਿ ਬਿਨਤੀ ਕੀਨੀ ॥ ਸਾਧ ਤੁੰਮਾਰੈ ਸਿਛਾ ਦੀਨੀ ॥
ਸੋ ਮੈ ਕਰੀ ਤੋ ਕਉ ਨਹੀ ਭਾਈ ॥ ਮੋ[5] ਮੈ ਕਉਨੁ ਅਪ੍ਰਾਧੁ ਜਨਾਈ ॥
ਹਰਿ ਧਾਵਤੁ ਮੈ ਜੋ ਸ੍ਰਮੁ ਪਾਇਓ॥ ਅਪਨਾ ਦੁਖ ਸਭੁ ਆਇ ਸੁਨਾਇਓ ॥21॥

ਦੋਹਰਾ ॥ ਫਿਰਿ ਫਿਰਿ ਭੂਖਾ ਆਵਉ ਬਿਲਮ ਦੇਖਿ ਉਠਿ ਜਾਉ[6] ॥
ਛੁਧਾਮੰਦ ਅਬ ਹੋਇ ਗਈ ਕਿਉ ਕਰਿ ਭੋਜਨ ਖਾਉ ॥1॥

ਚੌਪਈ ॥ ਤਬ ਬਾਈ ਉਠਿ ਚਰਨਨ ਪਰੀ ॥ ਅਬ ਛਿਮਾ ਕਰਹੁ ਪ੍ਰੀਤਮ ਨਰਹਰੀ ॥
ਹੋਈ ਦਇਆਲ ਕ੍ਰਿਪਾਲ ਮੁਰਾਰੀ ॥ ਭੋਗ ਲਈ[7] ਸਭ ਖਿਚਰੀ ਸਾਰੀ ॥
ਹਰਿ ਖਿਚਰੀ ਖਾਇ ਅਧਰ ਮੁਸਕਾਏ ॥ ਦੇ ਨੈਨ ਸੈਨ ਆਨੰਦ ਬਧਾਏ ॥
ਤਬ ਕਰਮਾਬਾਈ ਦੁਇ ਕਰ ਜੋਰਿ ॥ ਬਿਨਉ ਕਰੀ ਇਹੁ ਤਨ ਮਨੁ ਤੋਰ ॥
ਜੋ ਆਗਿਆ ਹੋਇ ਸੋਈ ਹਉ ਕਰਉ ॥ ਤਾ[8] ਤੇ ਤੁਮ ਤੇ ਦੂਰਿ ਨ ਪਰਿਉ[9] ॥22॥

ਸੋਰਠਾ ॥ ਤਬ ਹਰਿ ਤਤ ਗਿਆਨੁ ਕਰਮਾਬਾਈ ਕਉ ਕਹਿਓ ॥
ਤਜੁ ਆਗ੍ਰਹੁ[10] ਅਉ ਅਭਮਾਨੁ ਸਹਜੇ ਹੋਇ ਸੁ ਹੋਇ ਰਹੇ ॥21॥

---

(1) ੲ ਪੋਥੀ 'ਧਿਆਨਾ',
(2) ਅ ਪੋਥੀ 'ਜਬ',
(3) ਪਾਠਾਂਤਰ ੲ ਪੋਥੀ 'ਤ੍ਰੀਆ ਹੀਓ ਊਛਲੋ ਲਾਗੀ ਪਰਨ ਫੁਹਾਰ',
(4) ਅ ਪੋਥੀ 'ਕਬ',
(5) ਅ ਪੋਥੀ 'ਸੋ',
(6) ੲ ਪੋਥੀ 'ਆਇ',
(7) ੲ ਪੋਥੀ 'ਲਗਾਈ',
(8) ੲ ਪੋਥੀ 'ਜਾ',
(9) ੲ ਪੋਥੀ 'ਪਰੋ',
(10) ੲ ਪੋਥੀ 'ਅਗਹ'

ਚੌਪਈ ॥ ਜੋ ਮਮ ਮੂਰਤਿ ਦੇਇ ਦਿਖਾਈ ॥ ਛਾਇ ਰਹੀ ਤ੍ਰਿਭਵਨ ਕਉ ਬਾਈ ॥
ਜੋ ਕੋਈ ਕਛੁ ਕਰੈ ਕਰਾਵੈ ॥ ਮੋ ਤੇ ਭਿੰਨ ਨਾਹਿ[1] ਦਰਸਾਵੈ[2] ॥
ਸਾਧ ਉਪਦੇਸ ਬਿਰਲਾਪ ਜੁ ਤੇਰਾ ॥ ਸਭ ਇਹੁ ਕਰਨ ਕਹਾਵਨ ਮੇਰਾ[3] ॥
ਤੂ ਜਾਨਤ ਹੈ ਏ ਬਬੇਕਾ ॥ ਮੈ ਤੂੰ ਤੂ ਮੈ ਇਹੁ ਸਭੁ ਏਕਾ ॥
ਅਬ ਮਗਨੁ ਰਹੋ ਅਪਨੇ ਘਟ ਮਾਹੀ ॥ ਕਛੁ ਸਰਧਾ ਮਨ ਰਾਖਉ ਨਾਹੀ[4] ॥23॥

ਸੋਰਠਾ ॥ ਹਰਿ ਤਤੁ ਗਿਆਨੁ ਬਤਾਇ[5] ਜਿਵ ਕਾ ਤਿਵ ਤਿਸੁ ਥਾਪਿਆ ॥[6]
ਪੁਨਿ ਵਾ ਕਉ ਦੇਇ ਦਿਖਾਇ ਤਾ ਕੇ ਘਟ ਮੈ ਰਵਿ ਰਹਿਆ ॥1॥

ਚੌਪਈ ॥ ਜਬ ਸਾਧੂ ਵਾ ਗ੍ਰਿਹ ਤੇ ਗਇਓ ॥ ਮਨੁ ਉਦਿਬਿਗਨੁ[7] ਸੋਕ ਤਨੁ ਭਇਓ ॥
ਮਾਰਗਿ ਮੈ ਵਹੁ ਚਲਿਓ ਜਾਵੈ ॥ ਚੰਚਲੁ ਚਿਤੁ ਠਉਰ ਨਹੀ ਆਵੈ ॥
ਮਨ ਉਦਿਬਿਗਨ[8] ਸਾਧ ਜਬ ਦੇਖਿਆ ॥ ਹਰਿ ਕੋ ਕੋਪੁ ਹੀਐ ਮੈ ਪੇਖਿਆ[9] ॥
ਇਹੁ ਬਿਉਹਾਰੁ ਮਨਹੀ ਨੈ ਮਾਨ ॥ ਮੈ ਕਰਮਾਬਾਈ ਕਰੀ ਹੈਰਾਨ ॥
ਸਾਧੁ ਦੁਖਾਇਆ ਮੈ ਦੁਖੁ ਪਾਇਆ ॥ ਤਿਸੁ ਸਰਨਿ ਪਰੈ ਹੋਇ ਸੁਖੁ ਸਬਾਇਆ ॥24॥

ਦੋਹਰਾ ॥ ਸੋ ਸਾਧੂ ਫਿਰਿ ਆਇਓ ਕਰਮਾਬਾਈ ਪਾਸ ॥
ਮਾਨੋ ਪਾਰਸ ਪਰਸ ਕਰਿ[10] ਭਇਓ ਲੋਹਾ ਕੰਚਨ ਰਾਸ ॥1॥

ਚੌਪਈ ॥ ਜਬ ਸਾਧੂ ਨੇ ਦਰਸਨੁ ਪਾਇਓ ॥ ਸਭੁ ਕਛੁ ਸਾਧਿ ਸਾਧੁ ਹੋਇ ਆਇਓ ॥
ਸਾਧੁ ਭਇਓ ਸਾਧਨੁ ਨਹੀ ਰਹਿਓ ॥ ਬਿਨੁ ਸਾਧਨ ਹੀ ਸਿਧ ਕਉ ਲਹਿਓ ॥
ਸਾਧ ਸਮਾਗਮ ਜਗ ਮੈ ਸਾਰੁ ॥ ਸਾਧ ਸੰਗ ਬਿਨੁ ਸੰਗ ਬਿਕਾਰ ॥
ਅਉਰ ਸੰਗ ਬੰਧਨ ਜਗ ਮਾਹਿ ॥ ਸਾਧ ਸੰਗ ਮੋਛਪਦੁ ਪਾਹਿ[11] ॥
ਹਰਿ ਅਰੁ ਸਾਧ ਭੇਦੁ ਕਛੁ ਨਾਹੀ ॥ ਹਰਿ ਸਾਧੂ ਸਾਧੂ ਹਰਿ ਆਹੀ ॥25॥

ਦੋਹਰਾ ॥ ਦਰਸਨ ਪਰਸੁਨ ਸਾਧ ਕੋ ਦੁਰਲਭ ਹੈ ਇਹਲੋਕ ॥
ਸਾਧ ਸੰਗੁ ਦ੍ਰਿੜ ਨਾਉ ਹੈ ਭਉਜਲ ਤਾਰਨ ਜੋਗ ॥1॥

---

(1) ੲ ਪੋਥੀ 'ਨਹੀ', (2) ੲ ਪੋਥੀ 'ਦ੍ਰਿਸਟਾਵੈ',
(3) ੲ ਪੋਥੀ 'ਮੋਰਾ',
(4) ਪਾਠਾਂਤਰ 'ਕਛੁ ਸਹਸਾ ਮਨਿ ਮਹਿ ਰਾਖੋ ਨਾਹੀ',
(5) ਅ ਪੋਥੀ 'ਬਤਾਇ ਕੈ',
(6) ਪਾਠਾਂਤਰ ੲ ਪੋਥੀ 'ਹਰਿ ਤਤੁ ਗਿਆਨੁ ਬਤਾਇ ਕੇ ਜਿਉ ਕਾ ਤਿਉ ਤਿਸ ਥ ਪਿਆ',
(7) ੲ ਪੋਥੀ 'ਉਦੇਬਿਗਿਆਨ',
(8) ਅ ਪੋਥੀ 'ਉਨਬਿਗਨ', ੲ ਪੋਥੀ 'ਉਨਬਿਗ਼ਾਨ',
(9) ਪਾਠਾਂਤਰ ੲ ਪੋਥੀ 'ਹਠ ਕੋ ਕੋਪ ਹਏ ਮੈ ਪੇਖਿਆ',
(10) ੲ ਪੋਥੀ 'ਕੈ',
(11) ੲ ਪੋਥੀ 'ਲਭਾਹਿ',

ਸੋਰਠਾ ॥ ਭਾਉ ਭਗਤਿ ਭਗਵਾਨ ਜਿਵ ਕਰਮਾਬਾਈ ਨੈ ਕਰੀ ॥[1]
ਪੁਨਿ ਕਹਿਓ ਤਤੁ ਗਿਆਨੁ ਸੋ ਸਭ ਭਾਖਿ ਸੁਨਾਇਓ ॥2॥25॥1॥9॥(8)

ੴ ਪਰਚੀ ਪੀਪੇ ਜੀ ਕੀ ॥

ਚੌਪਈ ॥ ਪੀਪਾ ਪਰਮੇਸਰ ਕਾ ਪਿਆਰਾ ॥ ਹਰਿ ਕੀ ਭਗਤਿ ਮਾਹਿ ਅਧਿਕਾਰਾ ॥
ਮਹਾਮਾਈ ਕੀ ਪੂਜਾ ਕਰੈ ॥ ਅਹਿਨਿਸ[2] ਧਿਆਨੁ ਤਾਹੂ[3] ਕੋ[4] ਧਰੈ ॥
ਕਰਿ ਇਸਨਾਨ ਜਬ[5] ਪੂਜਾ ਧਾਰੈ ॥ ਧੂਪ ਦੀਪ ਨਈ ਵੇਦ ਸੁ ਧਾਰੈ ॥
ਤਬ ਹੀ ਦੇਵੀ ਸਿੰਘ ਸੁਵਾਰ[6] ॥ ਆਇ ਠਾਢੀ ਹੋਇ ਵਾਹੀ ਬਾਰ[7] ॥
ਕਰਿ ਆਪੁਨੇ ਪੀਪਾ ਤਿਲਕੁ ਲਗਾਵੈ[8] ॥ ਫੂਲਨ ਹਾਰ ਗਰੇ ਮੋ[9] ਪਾਵੈ ॥1॥

ਦੋਹਰਾ ॥ ਪ੍ਰੀਤ ਪਰਸਪਰ ਜਗਤ ਮੈ ਸਭ ਅੰਗ ਪੂਰਨ ਸੋਇ ॥
ਸੇਵਕ ਸੁਆਮੀ ਜੁਗਤਿ[10] ਇਹ ਭਾਗ ਵਡੇ ਤੇ ਹੋਇ[11] ॥1॥

ਚੌਪਈ ॥ ਪੀਪਾ ਟਾਕ[12] ਟੋਡੇ ਕਾ ਰਾਜਾ ॥ ਹਰਿ ਕੀ ਭਗਤਿ ਕੋ[13] ਧਰੇ ਸਮਾਜਾ ॥
ਜਹ ਕਹ[14] ਸਾਧੋ ਕਉ ਸੁਨਿ ਪਾਵੈ ॥ ਕਰਿ ਸਰਧਾ ਵਹ ਤਹ ਚਲਿ ਜਾਵੈ ॥
ਕਥਾ ਕੀਰਤੁਨ ਤਿਸੁ ਗ੍ਰਿਹ ਹੋਈ ॥ ਅਧਿਕ ਸਨੇਹੀ ਸਕਤ ਕੋ ਸੋਈ ॥
ਇਕ ਦਿਨ ਸਾਧ ਸਮਾਗਮੁ ਭਇਆ ॥ ਉਦਿਓ ਭਾਗ ਤਿਨਿ ਕੀਨੀ ਮਇਆ ॥
ਤਹ ਸਕਤ ਕੀ ਚਰਚਾ ਹੋਈ ॥ ਪੀਪਹਿ ਭਾਖਿ ਸੁਨਾਈ ਸੋਈ ॥2॥

ਦੋਹਰਾ ॥ ਦੇਵੀ ਤੇ ਸਭ ਪਾਇਐ ਉਤਮ ਭੋਗ ਅਪਾਰ ॥
ਤਿਨ ਭੋਗਨ[15] ਤੇ ਰੋਗ ਪੁਨਿ[16] ਮਨ ਤਨਿ ਉਠਹਿ ਵਿਕਾਰ[17] ॥1॥

ਚੌਪਈ ॥ ਦੇਵੀ ਮੁਕਤਿ ਕਰਿ ਕਰੈ ਨ ਨੀਕਾ ॥ ਜਿਸੁ ਮੁਕਤਿ ਹੋਇ ਸੁਖੁ ਹੋਵੈ ਜੀ ਕਾ ॥
ਮੁਕਤਿ ਪਦਾਰਥ ਤ੍ਰਿਭਵਣ ਸਾਰ ॥ ਨਿਰਭੈ ਪਦਵੀ ਅਪਰ ਅਪਾਰ ॥
ਸੋਈ ਮੁਕਤਿ ਹੈ ਹਰਿਜਨ ਪਾਸਾ[18] ॥ ਹਰਿ ਸਿਉ ਮੇਲੁ ਕਰਿ ਹਰਿਦਾਸਾ[19] ॥
ਪੀਪਾ ਇਹੁ ਸੁਨਿ ਬਿਸਮੈ ਭਇਓ ॥ ਅਤਿ ਅਕੁਲਾਨਾ ਬਚਨੁ ਇਉ ਕਹਿਓ ॥
ਬ੍ਰਹਮਾ ਬਿਸਨੁ ਮਹਾਦੇਵ ਦੇਵ ਦੇਵਾ ॥ ਸਭੁ ਕੋ ਦੈਵੀ ਕੀ ਕਰੈ ਸੇਵਾ ॥3॥

---

(1) ਪਾਠਾਤਰ ਏ ਪੋਥੀ 'ਭਾਉ ਭਗਤਿ ਭਗਵਾਨ ਸਿਉ ਕਰਮਾਬਾਏ ਜੋ ਕਰੀ',
(2) ਅ ਪੋਥੀ 'ਆਹਿਨਿਸਿ',
(3) ਏ ਪੋਥੀ 'ਤਾਹੀ',
(4) ਏ ਪੋਥੀ 'ਕਾ',
(5) ਅ ਪੋਥੀ 'ਜੋ'.
(6) ਅ ਪੋਥੀ 'ਸੁਆਰ', ਏ ਪੋਥੀ 'ਅਸਵਾਰੀ',
(7) ਏ ਪੋਥੀ 'ਬਾਰੀ',
(8) ਏ ਪੋਥੀ 'ਚੜਾਵੇ',
(9) ਅ ਪੋਥੀ 'ਮਹਿ',
(10) ਅ ਪੋਥੀ 'ਜਗਤਿ',
(11) ਅ ਪੋਥੀ 'ਹੋਵੇ',
(12) ਅ ਪੋਥੀ 'ਟੰਕ', ਏ ਪੋਥੀ 'ਟੀਕ',
(13) ਏ ਪੋਥੀ 'ਕਾ',
(14) ਅ ਪੋਥੀ 'ਜਹ',
(15) ਏ ਪੋਥੀ 'ਭੋਗ',
(16) ਏ ਪੋਥੀ 'ਸਭ'
(17) ਅ ਪੋਥੀ 'ਬਿਕਾਰ',
(18) ਏ ਪੋਥੀ 'ਪਾਸੀ',
(19) ਏ ਪੋਥੀ 'ਹਰਿਦਾਸੀ',

ਦੋਹਰਾ ॥ ਦੇਵੀ ਮੂਰਤਿ ਸਰੂਪ ਹੈ ਸਭ ਦੇਵਨ ਕੌ ਦੇਵ ॥
ਸਕਤਿ ਬਿਨਾ ਕਹੂ[1] ਪੁਰਖ ਕਉ[2] ਕਿਉ ਕਰਿ ਪਾਈਐ ਭੇਉ[3] ॥1॥

ਚੌਪਈ ॥ ਜਹ ਜਹ ਭੀਰ ਬਿਸਨ ਕਉ ਪਰੀ ॥ ਤਹਾ ਉਪਾਸਨਾ ਸਕਤਿ ਕੀ ਕਰੀ ॥
ਸਕਤਿ ਸਰੂਪ ਦੇਵੀ ਹੋਇ ਆਈ ॥ ਸਭ ਦੇਵਨ ਕੀ ਕਰੀ ਸਹਾਈ ॥
ਇਹ ਬਾਤ ਅਬ[4] ਸੁਨਿ ਪਾਈ ॥ ਜੌ ਮੂਰਤਿ ਨ ਕਰਹੀ ਫਿਰ ਮਹਾਮਾਈ ॥
ਤਬ ਸਾਧੋਂ ਨੈ[5] ਕਹਿਓ ਬੁਝਾਇ ॥ ਦੇਵੀ ਜੀ ਕਉ ਪੂਛਹੁ ਜਾਇ ॥[6]
ਜੋ ਕਛੁ[7] ਸਾਚ[8] ਹੋਇ ਸੋ ਕਹੈ ॥ ਤਾ ਤੈ[9] ਭਰਮੁ ਨ ਤੁਮਰੈ ਰਹੈ ॥4॥

ਦੋਹਰਾ ॥ ਤੂ ਦੇਵੀ ਕਾ ਸੇਵਕੋ ਦੇਵੀ ਸੁਆਮੀ ਤੋਹਿ ॥
ਅਬ ਵਾਹੀ ਕਉ ਪੂਛਿ[10] ਲੈਹੁ ਕਹਹੁ ਨ ਹਮ ਸੋ ਰੋਹੁ ॥1॥

ਚੌਪਈ ॥ ਗਨਿ[11] ਤਾਰੇ ਨਿਸ ਰੂਪ ਬੀਤਾਈ ॥ ਪ੍ਰਾਤਿ ਇਸਨਾਨੁ ਕੀਓ ਤਿਨ ਜਾਈ ॥
ਅਤਿ ਆਤੁਰੁ ਹੋਇ ਮਾਤ ਬੁਲਾਵੈ ॥ ਭਰਿ ਆਸੂ ਪਰਵਾਹੁ ਬਹਾਵੈ ॥
ਦੇਵੀ ਆਇ ਕ੍ਰਿਪਾ ਬਹੁ ਕਰੀ ॥ ਕਿਵ ਰੋਵਹਿ ਪੀਪਾ ਇਹ ਘਰੀ ॥
ਜਿਨਿ ਕਿਨੈ ਹੋਇ ਤੁਝੈ ਦੁਖਾਇਆ ॥ ਤਿਸੈ ਮਾਰਿ ਦੇਉ ਦਪ ਸਬਾਇਆ ॥[12]
ਅਉ[13] ਰਿਧਿ ਸਿਧਿ ਜੋਉ ਤੂ ਚਾਹੀ ॥ ਸੋ ਮੋ ਤੇ ਤੁਮ ਲੇਵਹੁ ਵਾਹੀ ॥5॥

ਦੋਹਰਾ ॥ ਬਹੁਤੁ ਪੁਕਾਰਿ ਕਰਿ ਪਾਵਹੀ ਸੁਰਪੁਰ ਕੌ ਸਮਾਜ ॥[14]
ਜਉ ਚਾਹਉ ਮੋ ਦੇਉ ਤੁਮ ਸਕਲ ਸੁਰਗ ਕੌ ਰਾਜ ॥1॥

ਚੌਪਈ ॥ ਅਰੁ ਜੋਇ ਮਨਿ ਇਛਾ ਹੋਈ ॥ ਮਾਗ ਲੇਹੁ ਮੋ ਤੈ ਤੂੰ ਸੋਈ ॥
ਤਬ ਹਾਥਿ ਜੋਰਿ ਪੀਪੇ ਨੇ ਭਾਖੀ ॥ ਮਨ ਕੀ ਬਿਰਥਾ ਸਭੁ ਤਿਸੁ ਆਖੀ ॥
ਏ ਮਾਤਾ ਜੋ ਮੋ ਕਉ ਦੇਵਹਿ ॥ ਕਿਆ ਜਗ ਮਾਹਿ ਜੁ ਫੇਰਿ ਨ ਲੇਵਹਿ ॥
ਪ੍ਰਾਨ ਗਏ ਪਛੁਤਾਵਾ ਰਹੈ ॥ ਸੋ ਕਛੁ ਦੇਹੁ ਨਸੁਰ ਨ ਅਹੈ ॥[15]
ਬਿਨਸਿ ਜਾਇ ਜੋ ਦਾਤਿ ਨ ਹੋਇ ॥ ਜੋ ਦੇਹਿ[16] ਫਿਰਿ ਲੇਇ ਨ ਦਾਤਾ ਸੋਈ ॥6॥

---

(1) ਏ ਪੋਥੀ 'ਕਾਹੇ', (2) ਏ ਪੋਥੀ 'ਕੋਇ',
(3) ਅ ਪੋਥੀ 'ਭੇਵ', (4) ਏ ਪੋਥੀ 'ਅਬਹਿ',
(5) ਅ ਪੋਥੀ 'ਨੇ', (6) ਪਾਠਾਂਤਰ ਏ ਪੋਥੀ 'ਦੇਵੀ ਕੋ ਤੁਮ ਪੂਛਿਉ ਜਾਈ',
(7) ਅ ਪੋਥੀ 'ਜੋ', (8) ਏ ਪੋਥੀ 'ਸਾਚੋ',
(9) ਏ ਪੋਥੀ 'ਤੋ', (10) ਅ ਪੋਥੀ 'ਪੂਛੀਐ',
(11) ਏ ਪੋਥੀ 'ਗਨਤਿ', (12) ਪਾਠਾਂਤਰ ਏ ਪੋਥੀ 'ਮਾਰਿ ਦੇਉ ਛਿਣੁ ਰਹਣੁ ਨ ਪਾਇਆ',
(13) ਅ ਪੋਥੀ 'ਆਉਰੁ',
(14) ਪਾਠਾਂਤਰ ਅ ਪੋਥੀ 'ਬਹੁਤ ਪਕਰਿ ਕਰਿ ਮਾਵਹੀ ਪੁਰਪੁਰ ਕੌ ਸਮਾਜ',
(15) ਪਾਠਾਂਤਰ ਅ ਪੋਥੀ, 'ਸੋ ਕਛੁ ਦੇਵਹੁ ਜੁ ਫਿਰਿ ਅਵਸਰੁ ਨ ਰਹੈ', ਏ ਪੋਥੀ 'ਜੋ ਕਛੁ ਦੇਵਹੁ ਮੋ ਫੁਨਿ ਮਰਨ ਨ ਰਹੈ',
(16) ਅ ਪੋਥੀ 'ਦੇਵੈ'

ਦੋਹਰਾ ॥ ਮੁਕਤਿ ਪਦਾਰਥ ਦੇਹ ਮੁਝ ਜਉ ਤੂ ਭਈ ਦਇਆਲ[1] ॥
ਜਨਮ ਮਰਨ ਜਾ[2] ਤੇ ਮਿਟੈ ਟੂਟੈ ਭ੍ਰਮ ਕੋ ਜਾਲ ॥1॥

ਚੌਪਈ ॥ ਪੀਪਾ ਪੂਤ ਸਾਚੁ ਤੋਹਿ ਕਹਉ ॥ ਤੋਂ[3] ਤੇ ਸਾਚੁ ਦੁਰਾਇ ਨ ਧਰਉ ॥[4]
ਬਿਨਾ ਗਿਆਨ ਮੁਕਤਿ ਨਹੀ ਹੋਈ ॥ ਦੇਵੀ ਦੇਵ ਮਨਾਵਉ ਕੋਈ ॥
ਜੋ ਕਿਛੁ ਅਹੈ ਬ੍ਰਹਮੁ ਹੈ ਸੋਈ ॥ ਬਿਨੁ ਬ੍ਰਹਮ-ਗਿਆਨ ਮੁਕਤਿ ਕੋ ਹੋਇ ॥
ਸੋ ਤੋ ਕਉ ਮੈ ਦੇਉ ਬਤਾਈ ॥ ਸਾਧ ਸੰਗ ਤੇ ਤਿਸ ਕਉ ਪਾਈ ॥
ਜੋ ਸਤਿਗੁਰ[5] ਕਉ ਸੇਵੈ[6] ਜਾਇ ॥ ਸੋ ਮੁਕਤਿ ਸਰੂਪ ਆਪ ਕਉ ਪਾਇ ॥7॥

ਦੋਹਰਾ ॥ ਜਬ ਦੇਵੀ ਐਸੇ ਕਹਿਓ ਮਨ ਮੈ ਬਹੁ ਪਛਤਾਇ ॥
ਤਬੈ ਬਿਦੈ[7] ਤਿਨ ਕਰਿ ਦਈ ਮਨਿ ਬੈਰਾਗ ਜਨਾਇ ॥1॥

ਚੌਪਈ ॥ ਪੂਜਾ ਅਰਚਾ ਬਿਸਰ ਤਬ ਗਈ ॥ ਸਕਲ[8] ਬਿਕਲ[9] ਮਤਿ ਤਾ ਕੀ ਭਈ ॥
ਉ ਪਰਨਾ ਫਾਰਿ ਗਰੇ ਮੋ ਡਾਰਾ ॥ ਸਿਰੁ ਤਾ ਕਾ ਰਹਿ ਗਇਓ ਉਘਾਰਾ ॥
ਜਿਨ ਸਾਧਉ[10] ਤੇ ਸਿਛਾ ਲਹੀ ॥ ਤਿਨ ਕੇ ਨਾਮ ਕੀ ਜਕ[11] ਲਗਿ ਰਹੀ ॥
ਰਾਜ ਕਾਜ ਤਿਨ ਸਕਲ ਬਿਸਾਰੇ ॥ ਬਿਕਰਾਲ[12] ਰੂਪ ਹੋਇ ਗਇਓ ਪਿਆਰੇ ॥
ਖਾਨ ਪਾਨ ਤਿਸ ਕਾ ਸਭ ਰਹਾ ॥ ਪ੍ਰੇਮ ਪ੍ਰਵਾਹ ਘਟ ਤਾ ਕੈ ਬਹਾ ॥8॥

ਦੋਹਰਾ ॥ ਦੇਖਉ ਰੀਤ ਪਲਾਸ ਕੀ ਪਾਤ ਪਾਤ ਦੇ ਡਾਰਿ ॥
ਮੁਖੁ[13] ਕਾਲਾ ਕਰਿ ਜਗਤ ਮੈ ਲਾਲ ਕੀ ਲਾਲੀ ਧਾਰ ॥

ਚੌਪਈ ॥ ਮੀਏ ਮਹਤੇ ਅਉਰ ਸਿਆਨੇ ॥ ਰਾਜਹਿ ਦੇਖਿ ਹੋਇ ਰਹੇ ਹੈਰਾਨੈ ॥
ਸਾਧਉ[14] ਕਉ[15] ਬੋਲਾਇ ਲੈ ਆਏ ॥ ਰਾਜਾ ਪਾਸਿ ਸੋ ਆਨਿ ਬੈਠਾਏ ॥
ਰਾਜਾ ਚਰਨ ਪਕਰ ਤਿਨ ਰਹਾ ॥ ਗਦ ਗਦ ਹੋਇ ਬਚਨੁ ਇਉ ਕਹਾ ॥
ਮੈ ਉਨਿ[16] ਰਾਂਡ ਮੈ ਠਗਿਓ ਆਈ ॥ ਅਬ ਲਉ ਬਿਰਥੀ ਆਉ[17] ਗਵਾਈ ॥
ਮੈ ਮੂਰਖ ਜਨਮੁ ਅਮੋਲਕੁ ਹਾਰਾ[18] ॥ ਗਈ ਆਯੁ[19] ਕੋ ਦੇਵਨਹਾਰਾ ॥9॥

---

(1) ਅ ਪੋਥੀ 'ਕ੍ਰਿਪਾਲ', (2) ੲ ਪੋਥੀ 'ਤਾ',
(3) ਅ ਪੋਥੀ 'ਤਾ', (4) ਪਾਠਾਂਤਰ ੲ ਪੋਥੀ 'ਤੋਰੇ ਸਾਚ ਦੁਰਾਇ ਨ ਧਰਉ',
(5) ਅ ਪੋਥੀ 'ਤਿਸੁ ਗੁਰ', (6) ੲ ਪੋਥੀ 'ਸੇਵੈਗਾ',
(7) ਅ ਪੋਥੀ 'ਬਿਦਾ', (8) ਅ ਤੇ ੲ ਪੋਥੀ 'ਅਕਲ',
(9) ੲ ਪੋਥੀ 'ਬਿਅਕਲਿ', (10) ਅ ਪੋਥੀ 'ਸਾਧੋ',
(11) ਅ ਪੋਥੀ 'ਟਕ', (12) ੲ ਪੋਥੀ 'ਬਿਕਲ',
(13) ੲ ਪੋਥੀ 'ਮਾਥਾ', (14) ੲ ਪੋਥੀ 'ਸਾਧਾ',
(15) ੲ ਪੋਥੀ 'ਕੋ', (16) ੲ ਪੋਥੀ 'ਇਨ',
(17) ਅ ਪੋਥੀ 'ਆਉਧ',
(18) ੲ ਪੋਥੀ 'ਕੁਹਾਰਾ',
(19) ਅ ਪੋਥੀ 'ਅਯਾ', ੲ ਪੋਥੀ 'ਅਉਧ'

ਦੋਹਰਾ ॥ ਇਨ ਸਰਪਨ ਮੈ ਖਾਇਆ ਸਭ ਅੰਗ ਬਿਖੁ ਗਈ ਧਾਇ ॥
ਗਾਰੜੂ ਤੁਮ ਹਰਿ ਸਾਧ ਹਉ[1] ਮੈ ਤੁਮਰੀ ਸਰਨਾਇ ॥1॥
ਚੌਪਈ ॥ ਜਿਉ ਜਾਨਹੁ ਤਿਉ ਇਸਹਿ ਬਚਾਵਹੁ ॥ ਬੂਡਤ ਅਧਮ ਕਉ ਤੀਰ ਲਗਾਵਹੁ ॥
ਮੋਹਿ ਕਾਲ ਕਾ ਡਰੁ ਹੈ ਭਾਰਾ ॥ ਮਤੁ ਅਬ ਹੀ ਆਇ ਅਚਾਨਕ ਮਾਰਾ ॥
ਜਬ ਗਲਿ ਫਾਸ ਜਮਉ[2] ਕੀ ਪਰੈ ॥ ਤਬ ਕਉਨੁ ਛਡਾਵੈ ਵਾ ਅਉਸਰੈ ॥
ਕਫ ਬਾਇ ਪਿਤ ਕੰਠ ਕਉ ਰੋਕੈ ॥ ਆਸਾ ਮਨਸਾ ਅਪ ਅਪ ਕਉ ਭਉਕੈ ॥
ਇਸੁ ਜੀਅ ਅਨਾਥ ਕੋ ਤਬ ਕੌਨੁ[3] ਸਾਖੀ ॥ ਜਬ ਬਾਸਨਾ ਫਾਹੀ ਗਰੈ ਮੋ ਫਾਸੀ ॥10॥
ਦੋਹਰਾ ॥ ਇਹ ਅਉਸਰ ਤਬ[4] ਛਲਿ ਜਾਤਿ ਹੈ ਮੋਹਿ ਭਰੋਸਉ[5] ਨਾਹਿ ॥
ਗੁਰ ਕੈ ਅਮਰ ਵਾਸਤੇ ਹਰਿ ਕੈ ਪਕਰਉ ਮੇਰੀ ਬਾਂਹ[6] ॥1॥
ਚੌਪਈ ॥ ਜਬ[7] ਉਨਿ ਅਮਰੁ ਗੁਰੂ ਕਾ ਪਾਇਆ ॥ ਤਬ ਸਾਧਉ ਨੇ ਸਬਦੁ ਸੁਨਾਇਆ ॥
ਜਉ[8] ਮੁਕਤੀ ਕਉ ਬਾਂਛਤ ਆਹੀ ॥ ਤਬ ਬਿਨੁ ਗੁਰ ਗਿਆਨ ਮੁਕਤਿ ਕੋ ਨਾਹੀ ॥
ਸੋ ਸਤਿਗੁਰੂ ਤੁਮ ਦੇਉ ਬਤਾਈ ॥ ਤਾਂ ਕੀ ਸਰਨਿ ਪਰਉ ਤੁਮੈ ਜਾਈ ॥
ਜਉ ਆਗਿਆ ਕਰੈ ਸੋਈ ਸੋਈ ਕਰੀਐ ॥ ਸਿਰ ਕਾ ਸਰਫਾ ਜੀਅ[9] ਨ ਧਰੀਐ ॥
ਹਾਨ ਲਾਭ ਲਾਜ ਕਉ ਡਾਰਹੁ ॥ ਮਾਨ ਅਪਮਾਨ ਦੋਊ ਨਿਵਾਰਹੁ[10] ॥11॥
ਦੋਹਰਾ ॥ ਮਨੁ ਤਨੁ ਧਨੁ ਸਭੁ ਡਾਰਿ ਕੈ ਪਕਰਹੁ ਸਤਿਗੁਰ ਪਾਇ ॥
ਮੁਕਤਿ ਪਦਾਰਥੁ ਸਹਜ ਹੀ ਤੁਮਰੈ ਪਲੈ ਪਾਇ ॥1॥
ਚੌਪਈ ॥ ਜੋ ਸਤਿਗੁਰ ਰਾਮਾਨੰਦ ਹੈ ਰਾਜਾ ॥ ਮੁਕਤਿ ਸਰੂਪ ਕੋ ਧਰੈ ਸਮਾਜਾ ॥
ਬੰਧ ਮੁਕਤਿ ਦੋਊ ਤੇ[11] ਨਿਆਰਾ ॥ ਪਰਮਾਤਮ[12] ਰੂਪੁ ਆਪੁ ਬੀਚਾਰਾ ॥
ਸਭੁ ਜਗੁ ਤਾ ਕਉ ਬ੍ਰਹਮੁ ਦਿਖਾਵੈ ॥[13] ਜੋ[14] ਉਸ ਮਿਲੈ ਸੁ ਬ੍ਰਹਮੁ ਹੋਇ ਆਵੈ ॥
ਦੁਤੀਆ ਭਾਉ ਸੁਪਨੈ ਨਹੀ ਦਰਸੈ ॥ ਚਿਦਾਨੰਦ ਮੂਰਤੀ ਸੋ[15] ਪਰਸੈ ॥
ਜੀਵਨ ਮੁਕਤਿ ਸਰੂਪ ਬਿਰਾਜੈ ॥ ਜੋ ਕਛੁ ਕਰੈ ਸੋਈ ਉਸੁ[16] ਛਾਜੈ ॥12॥

---

(1) ੲ ਪੋਥੀ 'ਹੈ', (2) ੲ ਪੋਥੀ 'ਜਾਮ',
(3) ਅ ਪੋਥੀ 'ਕੋ', (4) ਅ ਤੇ ੲ ਪੋਥੀ 'ਅਬ',
(5) ਅ ਪੋਥੀ 'ਭਰੋਸਾ,' (6) ਪਾਠਾਂਤਰ ੲ ਪੋਥੀ 'ਗੁਰ ਕੇ ਅਮਰ ਵਾ ਤੇ ਗਹਿ ਪਕਰੋ ਮੇਰੀ ਬਾਂਹਿ',
(7) ੲ ਪੋਥੀ 'ਜਬ ਤੂੰ', (8) ਅ ਪੋਥੀ 'ਜੋ', ੲ ਪੋਥੀ 'ਜੀਉ',
(9) ੲ ਪੋਥੀ 'ਜੀਉ', (10) ੲ ਪੋਥੀ 'ਨਿਰਵਾਹੋ',
(11) ੲ ਪੋਥੀ 'ਸੋ', (12) ਅ ੲ ਪੋਥੀ 'ਪਰਮ',
(13) ਪਾਠਾਂਤਰ ੲ ਪੋਥੀ 'ਸਭ ਜਗਤ ਕੋ ਬ੍ਰਹਮੁ ਦਿਖਾਵੈ',
(14) ੲ ਪੋਥੀ 'ਕੋ',
(15) ੲ ਪੋਥੀ 'ਕੋ',
(16) ਅ ਪੋਥੀ 'ਤ੍ਰਿਸੈ'

ਕਬਿਤੁ ॥ ਜੋਗ ਭੋਗ ਡਾਰਿ ਦੀਏ ਹਾਨ ਲਾਭ ਸਮ ਕੀਏ ॥
ਗਿਆਨ ਧਿਆਨ ਦੋਊ ਲੀਏ ਮਨ ਕੇ ਕਮੰਦ ਹੈ ॥
ਦੁਖ ਕੋ ਪ੍ਰਵੇਸੁ ਕਹਾ ਦਇਖ ਕੋ ਨ ਲੇਸੁ ਜਹਾ
ਰਾਗ ਭਾਗਿ ਗਇਓ ਤਿਸ ਤੇ ਪੂਰਨ ਆਨੰਦੁ ਹੈ ।
ਜੋਗੀ ਨ ਬੈਰਾਗੀ ਸੰਨਿਆਸੀ ਬ੍ਰਹਮਚਾਰੀ
ਨਹੀ ਕਾਹੂ ਕੋ ਨਿ ਅਭਿਮਾਨੁ ਬੈਸਨਰੋ ਮਨਿੰਦ ਹੈ ॥
ਕਹਾ ਰੇ ਤੇ ਜਾਨੀ ਬਰ ਦੇਹਾ ਅਭਿਮਾਨੀ
ਨਰ ਰੂਪ ਨਾਮ ਗੁਨ ਤੇ ਨਿਆਰਾ ਰਾਮਾਨੰਦ ਹੈ ॥1॥

ਚੌਪਈ ॥ ਸੋ ਸਤਿਗੁਰ ਰਾਮਾਨੰਦ ਜੋ[1] ਆਹੀ[2] ॥ ਰਹਤ ਪੁਰੀ ਬਨਾਰਸ ਮਾਹੀ ॥[3]
ਬਹੁ[4] ਚੇਲੇ ਤਾ ਕੇ ਸੰਗਿ ਰਹੈ । ਤਿਸੁ ਗੁਰ ਅਭਮਾਨੁ ਨ ਮਨ ਮੈ[5] ਆਹੈ[6] ॥
ਪੂਜਾ ਅਰਚਾ ਬੰਦਨਾ ਕਰੈ ॥ ਠਾਕੁਰ ਸੇਵਾ ਮੈ[7] ਅਨੁਸਰੈ ॥[8]
ਜਗ ਮਹੋਛੇ ਤਿਸੁ ਘਰਿ[9] ਹੋਵੈ ॥ ਪਾਇ ਪ੍ਰਸਾਦੁ ਕਿਲਬਿਖ[10] ਸਭ ਖੋਵੈ ॥
ਦੁਰਲਭ ਦਰਸਨੁ ਹੈ ਤਿਸੁ ਕੇਰਾ ॥ ਦੇਖ ਹੀ ਮਿਟਿਹੈ[11] ਉਰਝੇਰਾ[12] ॥13॥

ਦੋਹਰਾ ॥ ਸਾਧ ਜੁ ਤਿਸੈ ਬੁਝਾਇ ਕੈ ਉਠਿ ਗਏ ਵਾਹੀ ਬਾਰ ॥[13]
ਇਨ ਬਉਰੈ ਹੋਇ ਕੈ ਬਿਰਹੁ ਬਸਿ ਸਿਰਿ[14] ਮਹਿ ਡਾਰੀ ਛਾਰ ॥1॥

ਚੌਪਈ ॥ ਜਬ ਪੀਪੇ ਸਿਰਿ ਪਾਈ ਛਾਰਾ[15] ॥ ਤਬ ਮਹਲਾ ਮਾਹਿ ਪਰਿਓ ਝੀਗਾਰਾ[16] ॥

---

(1) ਅ ਤੇ ਏ ਪੋਥੀ 'ਜੀ',
(2) ਅ ਤੇ ਏ ਪੋਥੀ 'ਅਹੈ',
(3) ਪਾਠਾਂਤਰ ੲ ਪੋਥੀ 'ਅਨਦਿਨ ਇਕ ਰੰਗਿ ਰਾਤੌ ਛਕਿਉ ਰਹੈ',
(4) ਅ ਤੇ ੲ ਪੋਥੀ 'ਵਹੁ',
(5) ੲ ਪੋਥੀ 'ਮਹਿ',
(6) ਅ ਤੇ ੲ ਪੋਥੀ 'ਗਹੈ',
(7) ਅ ਪੋਥੀ 'ਮਹਿ',
(8) ਪਾਠਾਂਤਰ ੲ ਪੋਥੀ 'ਨਾਕੁਰ ਸੇਵਾ ਮੈ ਅਨੰਨ ਸਤੈ',
(9) ੲ ਪੋਥੀ 'ਗ੍ਰਹਿ',
(10) ਅ ਤੇ ੲ ਪੋਥੀ 'ਕਿਲਵਿਖ',
(11) ਅ ਪੋਥੀ 'ਮਿਟਵੈ',
(12) ਪਾਠਾਂਤਰ ੲ ਪੋਥੀ 'ਦੇਖਤ ਹੀ ਮਿਟਾਵੈ ਓਹ ਝੇਰਾ'
(13) ਪਾਠਾਂਤਰ ਅ ਪੋਥੀ 'ਸਾਧੁ ਜਗਤਿ ਮੈ ਬੁਝਾਇ ਕੇ ਉਠਿ ਗਏ ਵਾਹੀ ਬਾਰ',
ੲ ਪੋਥੀ 'ਸਾਧੁ ਜੁਗਤਿ ਤਿਉ ਸੈ ਬੁਝਇ ਕੈ ਉਠਿ ਗਈ ਵਾਹੀ ਖਾਰ',
(14) ੲ ਪੋਥੀ 'ਸਿਕਾ',
(15) ੲ ਪੋਥੀ 'ਛਾਰ',
(16) ਅ ਪੋਥੀ 'ਝਾਗਾਰਾ', ੲ ਪੋਥੀ 'ਝੀਗਾਰ'

ਪਾਇਗਹ[1] ਮਾਹਿ[2] ਸਭ ਹੋਵਹਿ ॥ ਸੁਨਿ ਸੁਨਿ ਲੋਕ ਤਹਾ ਆਇ ਖਲੋਵਹਿ ॥
ਜੋ ਦੇਖੈ ਰੋਵਨ ਸੋ ਲਾਗੈ ॥ ਹਾਇ ਹਾਇ ਕਰਿ ਘਰਿ ਕਉ ਭਾਗੈ ॥
ਇਕ ਠਾਢੇ ਹੋਇ ਰਹਈ ਲੋਗਾ[3] ॥ ਦੁਖਿ ਰਾਜੈ ਕੈ ਭਇਓ ਬਿਓਗਾ[4] ॥
ਘਰਿ ਘਰਿ ਮਾਹਿ ਦੁਖ ਬਹੁ ਭਇਓ ॥ ਰਾਜ[5] ਕੋ ਦੁਖੁ ਨ ਜਾਇ ਸਹਿਓ ॥14॥

ਦੋਹਰਾ ॥ ਬੈਰਾਗੁ ਬੁਰੀ ਬਲਾਇ ਹੈ ਕੁਲ ਘਰ ਤੇ ਦੇਇ ਬਿਡਾਰਿ ॥
ਧਾਰਾ ਉਜੈਨ ਉਜਾਰਿ ਕੈ ਕੀਓ ਪੀਪੈ ਦੇਸੁ ਉਜਾਰ ॥1॥

ਚੌਪਈ ॥ ਜਬ ਰਾਜੈ ਪਗੁ ਬਾਹਰਿ ਪਾਇਆ ॥ ਤਬ ਸਭ ਰਨਵਾਸੁ ਤਹਾ ਜੁਰਿ ਆਇਆ ॥
ਇਕ ਰੋਵੈ ਇਕ ਚੀਕੇ[6] ਮਾਰੈ ॥ ਇਕ ਹਾਇ ਹਾਇ ਕਰਿ ਮਾਥਾ ਫਾਰੈ ॥
ਨੈਨਨ ਨੀਰ ਜਿਉ ਚਲੈ ਪ੍ਰਨਾਰੇ ॥ ਸਭ ਕੇ ਬਸਤਰ ਹੋਇ ਗਏ ਕਾਰੇ[7] ॥
ਕਹੂੰ ਚੀਰ ਕਹੂੰ ਗਿਰਿ[8] ਪਰਾਦਾ ॥ ਛੁਟੈ[9] ਕੇਸ ਸੀਸੁ ਭਇਆ ਵਾਦਾ ॥
ਸਭਹੂੰ ਮਿਲਿ ਕਰਿ ਰਾਜਾ ਘੇਰਿਓ ॥ ਮਾਨੋ ਚੰਦੁ ਰਾਹ ਕੇਤ ਨੇ ਹੇਰਿਓ ॥15॥

ਦੋਹਰਾ ॥ ਰਾਜਾ ਪੂਰਨ ਇੰਦ[10] ਜਿਵ[11] ਰਾਹ ਕੇਤ ਜਿਵ ਨਾਰ ॥
ਮਾਸੋ ਰਾਜੀਵ ਅਰੁਨ[12] ਮਧੁਕਰ ਲੁਬਧ ਹਜਾਰ ॥1॥

ਚੌਪਈ ॥ ਪੁਨਿ ਸਭਹੂੰ ਨੈ ਬਿਨਤੀ ਠਾਂਨੀ ॥ ਜਉ ਰਾਜਾ ਹਮ ਤੁਮਰੀ ਰਾਨੀ ॥
ਜਉ ਤੂ ਜੋਗੀ ਹਮ ਜੋਗਨ ਹੋਵਹਿ ॥ ਹਮ ਸਭ ਤੇਰੈ ਸੰਗਿ ਰਹੋਵਹਿ ॥
ਮੂੰਡ ਮੂੰਡਾਵੈ ਭਗਵੇ ਪਾਰੈ ॥ ਜੋ ਭੇਖੁ ਤੁਮਾਰਾ ਹਮ ਸੱਈ[13] ਧਾਰੈ ॥
ਬਿਨੁ ਅਪਰਾਧ ਛੋਡਿ ਜਉ ਜਾਹੀ ॥ ਹਮ ਸਭ ਤੋਹਿ ਬਿਨਾ ਬਿਲਲਾਹੀ ॥
ਜੇ ਸਭਹੂੰ ਕਉ ਦੁਖ ਦੇ ਜਾਵਹੁ ॥ ਕਹੁ ਕੈਸੈ ਤੁਮ ਸੁਖ ਕਉ ਪਾਵਹੁ ॥16॥

---

(1) ੲ ਪੋਥੀ 'ਪਹਗਾ',
(2) ਅ ਤੇ ੲ ਪੋਥੀ 'ਮਹਿ',
(3) ੲ ਪੋਥੀ 'ਲੋਗ',
(4) ੲ ਪੋਥੀ 'ਬਿਓਗ',
(5) ੲ ਪੋਥੀ 'ਰਾਜੇ',
(6) ੲ ਪੋਥੀ 'ਚੀਕਾਂ',
(7) ੲ ਪੋਥੀ 'ਕਾਲੇ',
(8) ਅ ਪੋਥੀ 'ਗਿਰਿਓ',
(9) ੲ ਪੋਥੀ 'ਛੂਟ',
(10) ੲ ਪੋਥੀ 'ਚੰਦ',
(11) ੲ ਪੋਥੀ 'ਜਿਉ',
(12) ਅ ਪੋਥੀ 'ਅਰ',
(13) ੲ ਪੋਥੀ 'ਭੀ'

ਦੋਹਰਾ ॥ ਹਮ ਕਉ ਕਿਉ ਛਡਿ ਜਾਤਿ ਹਉ ਕਹਾ ਹਮਾਰੋ ਫੇੜੁ ॥[1]
ਜੈਸਾ ਬੀਜਹੁ ਸੋ ਲੁਣਹੁ ਹਾਥੋ ਹਾਥ ਨਿਬੇੜੁ[2] ॥11॥

ਚੌਪਈ ॥ ਸਭ ਮੀਏ ਤਹਾ ਜੁਰਿ ਆਏ ॥ ਸ੍ਰੁਤਿ[3] ਸਿੰਮ੍ਰਿਤ ਕੇ ਬਚਨ ਸੁਨਾਏ ॥
ਸਭ ਪੰਡਿਤ ਸਭ ਹੀ ਵੈ[4] ਗਿਆਤਾ ॥ ਸਾਸਤ੍ਰ ਬੇਦ ਕੀ ਜਾਨੈ ਬਾਤਾ ॥
ਰਾਜਾ ਸਿਉ ਤਿਨ ਬਿਨਤੀ ਕੀਨੀ ॥ ਸੁਰਤਿ ਸਿੰਮ੍ਰਿਤਿ ਕੀ ਸਾਖੀ ਦੀਨੀ ॥
ਰਾਜਾ ਜਨਕੁ ਗਿਆਨੀ ਭਇਆ ॥ ਰਾਜ ਜੋਗ ਜਿਨ ਦੋਨੋ[5] ਕੀਆ ॥
ਅਮਰੀਕ ਰਾਜਾ ਕੀ ਬਾਤਾ ॥ ਬਹੁ ਬਿਧਿ ਭਾਖਿ ਸੁਨਾਈ ਗਿਆਤਾ ॥17॥

ਦੋਹਰਾ ॥ ਮਯੂਰ[6] ਧੁਜ ਜਦੁ ਪਹਿਲਾਦ ਕੀ ਜੋ ਕਥਾ ਜੁਧਿਸਟਰ ਆਹਿ[7] ॥
ਰਾਜ ਜੋਗ ਜੈਸੇ ਕੀਓ ਸਭ ਭਾਖਿ ਸੁਨਾਇਓ ਤਾਹਿ ॥1॥

ਚੌਪਈ ॥ ਰਾਜਾ ਸਿਉ ਜਬ ਬਾਤ ਬੁਝਾਹੀ ॥ ਬੇਦ ਸਾਸਤ੍ਰ ਕੀ ਰੀਤ ਜੁ ਆਹੀ ॥[8]
ਜਿਸ ਗੁਰ ਤੇ ਤੁਮ ਸਿਛਾ[9] ਪਾਵਹੁ ॥ ਦੀਖਿਆ ਵਾ ਤੇ ਹਮਹਿ ਦਿਵਾਵਹੁ ॥
ਤੁਮਰੇ ਸੰਗਿ ਹੋਵੈ ਉਧਾਰੁ ॥ ਤੋਹਿ ਪਰਤਾਪ ਹਮ ਪਾਵਹਿ ਪਾਰੁ ॥
ਤੁਮਰਾ ਨਾਉ ਜਗਤ ਮੈ ਹੋਈ ॥ ਜੈ ਜੈ ਕਾਰੁ ਕਰੈ ਸਭੁ ਕੋਈ ॥
ਹਮਰੈ ਅਬ ਸਰਧਾ ਅਤਿ ਬਾਢੀ ॥ ਤੁਮਰਾ ਸੰਗੁ ਨ ਕੋਈ ਛਾਡੀ ॥18॥

ਦੋਹਰਾ ॥ ਆਪਿ ਮੁਕਤਿ ਕੋ ਜਾਤਿ ਹਉ ਹਮ ਮੋਹ[10] ਕੂਪ ਮਹਿ ਡਾਰਿ ॥
ਸਾਧਉ ਕੀ ਇਹ ਰੀਤ ਨਹੀ ਮਨ ਮਹਿ ਲੇਹੁ ਬੀਚਾਰ ॥1॥

ਚੌਪਈ ॥ ਤਬ ਰਾਜੈ ਮਨਿ ਐਸੀ ਆਈ ॥ ਈਰਖਾ[11] ਕਰਨੀ ਨਾਹਿ ਭਲਾਈ ॥
ਸਾਧ ਉਪਦੇਸ ਦੇ ਬੰਧਨੁ ਕਾਟੈ ॥ ਸੁਮਾਰਗ[12] ਚਲਤ ਕਉ ਨਹੀ ਹਾਏ ॥
ਹਰਿ ਇਨ ਪਰ ਅਬ ਭਇਓ ਦਿਆਲਾ ॥ ਪੀਓ ਚਾਹੇ[13] ਪ੍ਰੇਮ ਪਿਆਲਾ ॥
ਤਬ ਤਿਨ ਸਿਉ[14] ਉਨ[15] ਕਹਿਓ ਬੁਝਾਈ ॥ ਤੁਮ ਚਲਹੁ ਸੰਗਿ ਹਮਾਰੈ ਭਾਈ ॥
ਏ ਤਿਰੀਆ ਸਭ ਮੋਹ ਕਉ ਪਾਵੈ[16] ॥ ਇਨੈ ਛਾਡਿ ਹਮ ਪ੍ਰਾਤ ਸਿਧਾਵੈ ॥19॥

---

(1) ਪਾਠਾਂਤਰ ੲ ਪੋਥੀ 'ਹਮ ਕੋ ਕਿਉ ਛੋਡ ਜਾਤ ਹੋ ਕਹਾ ਹਮਾਰੋ ਟੇਰ', (2) ੲ ਪੋਥੀ 'ਨਿਬੇਰ',
(3) ੲ ਪੋਥੀ 'ਸਾਸਤ੍ਰ', (4) ੲ ਪੋਥੀ 'ਹੈ',
(5) ੲ ਪੋਥੀ 'ਦੋਊ', (6) ਅ ਤੇ ੲ ਪੋਥੀ 'ਮਧੁਰ',
(7) ੲ ਪੋਥੀ 'ਆਹੀ', (8) ਪਾਠਾਂਤਰ ਅ ਪੋਥੀ 'ਹਮ ਸਭ ਤੇਰੇ ਸੰਗਿ ਚਲਾਹੀ',
(9) ੲ ਪੋਥੀ 'ਸਿਛਿਆ', (10) ਅ ਪੋਥੀ 'ਮੋਰ',
(11) ੲ ਪੋਥੀ 'ਹੀਰਖਾ', (12) ੲ ਪੋਥੀ 'ਸੋਮਾਰਗ',
(13) ਅ ਪੋਥੀ 'ਚਾਹਹਿ'.
(14) ੲ ਪੋਥੀ 'ਸੋ',
(15) ਅ ਪੋਥੀ 'ਤਿਨ',
(16) ਪਾਠਾਂਤਰ ੲ ਪੋਥੀ 'ਏ ਤਿਰੀਆ ਸਭ ਮੋਹ ਉਪਜਾਵੈ'

ਦੋਹਰਾ ॥ ਨਾਰੀ ਕਉ ਸਮਝਾਇ ਕੈ ਛਾਡਿ ਚਲੇ ਪਰਧਾਨ ॥
ਹੈਦਲ ਪੈਦਲ ਸੰਗਿ ਖਹੁ ਪੀਪਾ ਅਸੰਗ[1] ਸੁਜਾਨ ॥1॥

ਚੌਪਈ ॥ ਨਗ੍ਰ ਲੋਕ ਤਬ ਸਬ ਜੁਰਿ ਆਏ ॥ ਦੇਇ ਦਿਲਾਸਾ ਵਿਦਾ ਕਰਾਏ ॥
ਸਕਲ ਦਿਵਸ ਮਾਰਗ ਮੈ ਚਲੈ ॥ ਰੈਨ ਪਰੈ ਤੇ ਡੇਰਾ ਕਰੈ ॥
ਸਮਸਤ[2] ਰੈਨਿ ਕੀਰਤਨੁ ਹੋਈ ॥ ਹਰਿ ਹਰਿ ਕਰਤ ਬਿਹਾਵਤ[3] ਸੋਈ ॥
ਐਸੇ ਹੀ ਮਜਲੀ ਚਲਿ ਆਏ ॥ ਆਇ ਬਨਾਰਸਿ ਡੇਰੇ ਪਾਏ ॥
ਸ੍ਰੀ ਰਾਮਾਨੰਦ ਗੁਸਾਈ ਜਹਾ ॥ ਕੀਈ ਖਬਰਿ ਜਾਇ ਕੈ ਤਹਾ ॥20॥

ਦੋਹਰਾ ॥ ਪੀਪਾ ਰਾਜਾ ਆਇਆ ਬਹੁ ਭਾਈ ਤਿਹ ਸਾਥ ॥
ਸਭ ਦੀਖਿਆ ਕਉ ਚਾਹ ਹੈ ਕਰਹੁ ਦਇਆ ਦਇਆਨਾਥ[4] ॥1॥

ਚੌਪਈ ॥ ਤਬ ਸ੍ਰੀ ਰਾਮਾਨੰਦ ਗੁਸਾਈ ॥ ਬਾਤੈ ਭਲੀ ਤਿਸੁ ਆਖਿ ਪਠਾਈ ॥
ਜੋ ਗੁਰੂ[5] ਕੋਈ ਗੜਪਤੀ[6] ਹੋਈ ॥ ਤਾ[7] ਕਉ ਦੀਖਿਆ ਦੇਇ ਨ ਸੋਈ ॥
ਜੋਰੁ[8] ਸੂਰ ਜਾਇ ਗੜ ਕਉ ਤੋਹਉ ॥[9] ਲੇ ਦੀਖਿਆ ਮਾਥਾ ਘਰ ਕਉ ਮੋਰਉ ॥
ਜਹਾ ਦੇਹ ਕੋ ਨਾਹੀ ਕਾਮਾ ॥ ਤਹਾ ਦਲ ਜੋਰਿ ਲੇ ਆਇਓ ਖਾਮਾ ॥
ਜੋ ਸਿਰ ਕਉ ਕੋਈ[10] ਸੰਗਿ ਲੇਆਵੈ ॥ ਈਹਾਂ ਠਉਰ ਨ ਕਬਹੂੰ ਪਾਵੈ ॥21॥

ਦੋਹਰਾ ॥ ਰਾਜ ਮਾਹਿ ਜੋ ਜੋਗਹਿ ਚਾਹੈ ਮੂਰਖ ਕਹੀਐ ਸੋਇ ॥
ਜੋਗੁ ਪਾਇ ਭਾਵੈ ਕਛੁ ਕਰੋ ਤਾਹਿ ਨ ਬਰਜੈ[11] ਕੋਇ ॥1॥

ਚੌਪਈ ॥ ਜਉ ਤੁਮ ਸਰਨਿ ਹਮਾਰੀ ਚਾਹੋ ॥ ਏਕਾ ਏਕੀ ਹੋਇ[12] ਨਿਬਾਹੋ[13] ॥
ਇਨ ਕਉ[14] ਬਿਦਾ ਕਰਿ ਘਰਹਿ ਪਠਾਇਐ ॥ ਆਪ ਕੋਈ ਦਿਨੁ ਇਹ ਰਹਾਈਐ ॥
ਤੁਮ ਦੇ ਦੀਖਿਆ ਪੁਨਿ ਘਰਹਿ ਪਠਾਵੈ ॥ ਹਮ ਭੀ ਬਹੁਰਿ ਤਹਾ ਚਲਿ ਆਵੈ ॥
ਜਿਸ ਕੈ ਸਰਧਾ ਗੁਰ ਕੀ ਹੋਇ ॥ ਸਾਧ ਸੰਗੁ ਕਰੋ ਸਭੁ ਕੋਇ ॥
ਅਤਿ ਜਗਿਆਸਾ[15] ਜਿਸ ਕੈ ਜਾਨੈ ॥ ਤਿਸੁ ਹਮ ਪਰਬੋਧਹਿ ਜਉ ਮਨੁ ਮਾਨੈ ॥22॥

---

(1) ਅ ਤੇ ਪੋਥੀ 'ਸੰਗੁ'.
(2) ੲ ਪੋਥੀ 'ਸਮਸਤ',
(3) ੲ ਪੋਥੀ 'ਬਿਹਾਵੈ',
(4) ੲ ਪੋਥੀ 'ਦਇਆਲਨਾਥ',
(5) ਅ ਪੋਥੀ 'ਗ਼ਨ',
(6) ੲ ਪੋਥੀ 'ਗਣਿਪਤਿ',
(7) ਅ ਪੋਥੀ 'ਤੇ'
(8) ੲ ਪੋਥੀ 'ਜੋੜਿ',
(9) ਪਾਠਾਂਤਰ ਅ ਪੋਥੀ 'ਜੋਰ ਸੂਰਾ ਗੜ ਕਉ ਤੋਰਓ',
(10) ਅ ਤੇ ੲ ਪੋਥੀ 'ਜੋਗੁਹੈ',
(11) ਅ ਪੋਥੀ 'ਬਰਾਜੈ',
(12) ੲ ਪੋਥੀ 'ਤੁਮ',
(13) ੲ ਪੋਥੀ 'ਨਿਬਾਹਹੁ',
(14) ੲ ਪੋਥੀ 'ਕੋ',
(15) ੲ ਪੋਥੀ 'ਜਿਗਿਆਸੀ'

ਦੋਹਰਾ ॥ ਗੁਰ ਕੀ ਆਗਿਆ ਪਾਇ ਕੈ ਸਭੋ[1] ਵਿਦਾ ਕਰਿ ਦੀਨ ॥
ਏਕਾ ਏਕੀ ਹੋਇ ਕਰਿ[2] ਗੁਰੂਦੁਆਰਾ ਲੀਨ ॥1॥

ਚੌਪਈ ॥ ਇਹੁ ਬਿਰਤਾਤੁ[3] ਗੁਸਾਈ ਪਾਇਓ ॥ ਜਿਉ ਕਾ ਤਿਉ ਸਭ ਆਖਿ ਸੁਨਾਇਓ ॥
ਤਹ ਬਿਪ ਅਤੀਤ ਕਾਜੀ ਕੋ ਜੋਈ ॥ ਵਾ ਦਿਨ ਪਾਵਹਿ ਪਾਕਰ ਸੋਈ ॥
ਪਾਇ ਪ੍ਰਸਾਦੁ ਪਨਵਾਰਾ ਡਾਰਾ[4] ॥ ਦਬਿ[5] ਗਾਇਓ ਤਹ ਪੀਪਾ ਬੇਚਾਰਾ[6] ॥
ਜਬ ਸਮਾਚਾਰ ਪੀਪੇ ਕਾ ਲੀਆ ॥ ਬਿਡਾਰ ਪਨਵਾਰ ਬਾਹਰਿ ਕੀਆ ॥
ਤਬ ਤਿਨ ਨੈ ਬਿਨਤੀ ਆਖਿ ਪਠਾਈ ॥ ਮੋ[7] ਦੀਖਿਆ ਦੀਜੈ ਦਇਆਲ ਗੁਸਾਈ ॥23॥

ਦੋਹਰਾ ॥ ਰਾਮਾਨੰਦੁ ਆਨੰਦ ਮੈ ਕਹਿਓ ਸਹਜਿ ਸੁਭਾਇ ॥
ਜਉ ਪੀਪਾ ਇਤਰਾਤ[8] ਹੈ ਤਉ ਕੂਐ ਪਰਉ[9] ਜਾਇ ॥1॥

ਚੌਪਈ ॥ ਜਬ ਭੀਤਰਿ ਰਾਮਾਨੰਦ ਉਚਾਰਾ ॥ ਤਬ ਪੀਪੈ ਬਾਹਰਿ ਸ੍ਰਵਨ ਅਵਧਾਰਾ[10] ॥
ਸੁਨਤ[11] ਬਚਨ ਕੂਏ ਕਉ ਧਾਇਆ ॥ ਕੂਦ[12] ਪਰਿਓ ਤਿਨ ਬਿਲਮੁ ਨ ਲਾਇਆ ॥
ਤਬ ਰਾਮਾਨੰਦੁ ਤਹਾ ਚਲਿ ਜਾਵੈ ॥ ਤਿਸੁ ਡਾਰਿ ਜੇਵਰੀ ਬਾਹਰਿ ਲਿਆਵੈ ॥
ਸੋ ਪੀਪਾ ਚਰਨੀ ਪਰਿਓ ਆਈ ॥ ਗੁਰਿ ਛਾਤੀ ਲਾਇ ਤਿਸੁ ਤ੍ਰਿਖਾ ਬੁਝਾਈ ॥
ਲੇ ਆਇਓ ਅਪੁਨੇ ਘਰ ਤਾਈ ॥ ਭਾਉ ਭਗਤਿ ਤਿਨ ਦੀਨ ਬਤਾਈ ॥24॥

ਦੋਹਰਾ ॥ ਸਤਿਗੁਰ ਚਤੁਰ ਪ੍ਰਬੀਨ ਹੈ ਅਉ[13] ਬਡੇ ਬਬੇਕੀ ਆਹਿ ॥
ਜੈਸੋ[14] ਅਬਿਕਾਰੀ ਦੇਖਹੀ ਦੇਹ[15] ਉਪਦੇਸ ਤੈਸਾਹ ॥1॥

ਚੌਪਈ ॥ ਪੀਪੈ ਮਾਹਿ ਬਡੋ[16] ਬੈਰਾਗਾ[17] ॥ ਪੂਰਨ ਭਾਗ ਵਾ ਮਸਤਕਿ ਜਾਗਾ ॥
ਹਰਿ ਕੀ ਭਗਤਿ ਕਾ ਰਹੈ ਅਧਿਕਾਰਾ ॥ ਬਿਨੁ ਭਗਤਿ ਲਹ ਤਿਨਹੀ[18] ਗਿਆਨ ਅਪਾਰਾ ॥
ਜਬ ਪੂਰਨੁ ਪ੍ਰੇਮੁ ਕਰਿ ਭਗਤਿ ਕਮਾਵੈ[19] ॥ ਤਬ ਅੰਤਰਿ ਬਾਹਰਿ ਹਰਿ ਕੋ ਪਾਵੈ ॥
ਬਿਮਾ ਭਗਤਿ ਗਿਆਨੁ ਨਹੀ ਪਾਈਐ ॥ ਬਿਨਾ ਬੈਰਾਗ ਭਗਤਿ ਨਹੀ ਹੋਈਐ[20] ॥
ਜਬ ਜਗਤ ਓਰ ਤੇ ਹੋਇ ਬੈਰਾਗੀ ॥ ਤਬ ਪਾਵੈ ਗਿਆਨੁ ਭਗਤਿ ਅਨੁਰਾਗੀ ॥25॥

---

(1) ਅ ਪੋਥੀ 'ਮਭੇ', ੲ ਪੋਥੀ 'ਸਭ',
(2) ੲ ਪੋਥੀ 'ਕੈ',
(3) ਅ ਪੋਥੀ 'ਬਿਰਤੰਤ', ੲ ਪੋਥੀ 'ਬਰਤੰਤ',
(4) ੲ ਪੋਥੀ 'ਡਾਰੈ',
(5) ੲ ਪੋਥੀ 'ਦੁਬਿ',
(6) ਅ ਪੋਥੀ 'ਬੇਚਾਰੈ',
(7) ੲ ਪੋਥੀ 'ਮੈ',
(8) ੲ ਪੋਥੀ 'ਅਤਿ',
(9) ੲ ਪੋਵੀ 'ਪਰੋ',
(10) ਅ ਪੋਥੀ 'ਅਉਧਾਰ',
(11) ੲ ਪੋਥੀ 'ਸੁਨਿ ਕਰਿ',
(12) ਅ ਪੋਥੀ 'ਕੂਨਿ',
(13) ੲ ਪੋਥੀ 'ਅਰੁ',
(14) ਅ ਤੇ ੲ ਪੋਥੀ 'ਜਿਸੁ',
(15) ੲ ਪੋਥੀ 'ਦੇਇ',
(16) ਪੋਥੀ 'ਬੜਾ',
(17) ਅ ਪੋਥੀ 'ਬੈਰਾਗੀ',
(18) ਅ ਪੋਥੀ 'ਤਨਹੀ',
(19) ੲ ਪੋਥੀ 'ਕੰਪਾਵੈ',
(20) ੲ ਪੋਥੀ 'ਆਈਐ'

ਦੋਹਰਾ ॥ ਬਿਨੁ ਬੈਰਾਗ ਭਗਤਿ ਨਹੀ ਹਰਿ ਕੀ ਭਗਤਿ ਬਨੁ ਹੋਤ[1] ਨ ਗਿਆਨ ॥
ਸਿੜੀ ਸਿੜੀ ਜੋ ਨਰੁ[2] ਚੜੈ ਪਾਵੈ ਪਦੁ ਨਿਰਬਾਨੁ[3] ॥1॥

ਚੋਪਈ ॥ ਤਬ ਪੀਪੇ ਕਉ ਹਰਿ ਭਗਤਿ ਦਿੜਾਈ ॥ ਸਾਧ ਸੇਵਾ ਤਿਨ ਦੀਨ ਬਤਾਈ ॥
ਕਹਿਓ ਅਪੁਨੇ ਘਰ ਮਹਿ ਜਾਇ ॥ ਹਰਿ ਸਾਧਹਿ ਸੇ ਵਹੁ ਮਨੁ ਚਿਤੁ ਲਾਇ ॥
ਜਬ ਸਾਧਾ ਕੀ ਸੇਵਾ ਕਰਿਹੈ ॥ ਕਿਲਵਿਖ ਮਨ ਕੇ ਸਭ ਪਰਿਹਰਿਹੈ ॥
ਅੰਤਹਿਕਰਨ ਸੁਧੁ[4] ਤਬ ਹੋਈ ॥ ਹਮ ਕਉ ਆਨਿ ਸੁਨਾਵੈ ਕੋਈ ॥
ਤਬ ਹੀ ਹਮ ਉਹਾ[5] ਚਲਿ ਆਵਹਿ ॥ ਤਤ ਗਿਆਨੁ ਆਇ ਤੋਹਿ ਸੁਨਾਵਹਿ[6]॥26॥

ਦੋਹਰਾ ॥ ਪਰਮਾਤਮੁ ਰੂਪੁ ਦਿਖਾਇ ਕੈ ਮੁਕਤਾ[7] ਕਰੈ ਸੰਸਾਰ ॥
ਅਭੇਦ ਦ੍ਰਿਸਟਿ ਸਿਉ ਦੇਖਹੈ[8] ਸਭ ਜਗ ਕੋ ਬਿਉਹਾਰ ॥1॥

ਚੌਪਈ ॥ ਲੇ ਦੀਖਿਆ ਪੀਪਾ ਘਰਿ ਆਇਆ ॥ ਸਕਲ ਦੇਸ ਆਨੰਦੁ ਬਧਾਇਆ[9] ॥
ਮਨ ਮੁਦਤ ਭਇਆ ਸਭ ਪਰਵਾਰਾ ॥ ਘਰਿ ਘਰਿ ਪਰਜਾ ਮੰਗਲਚਾਰਾ ॥
ਬਾਗੁ ਏਕੁ ਰਾਜਾ ਕੈ ਰਹੈ ॥ ਸੁਰਗ ਸਮਾਨ[10] ਉਹ ਸਭ ਕੋ ਕਹੈ ॥[11]
ਤਹ ਅਨਿਕ ਭਾਂਤਿ ਕੇ ਮਹਲਿ ਬਨਾਏ ॥ ਸਾਧ ਸਮਾਗਮ ਚਿਤ੍ਰ[12] ਲਿਖਾਏ ॥
ਭੀਤਿ ਭੀਤਿ ਪਰ ਲਿਖੀਓ ਚਿਤੇਰੇ ॥ ਰਾਸੇ ਮੰਡਲ ਸੰਤ ਬਸੇਰੇ ॥27॥

ਦੋਹਰਾ ॥ ਠਉਰ ਠਉਰ ਮੈ ਸੋਭਹੀ[13] ਰਾਸੈ ਕ੍ਰੀੜਾ ਕਾਨ ॥
ਸਾਧ ਸਮਾਗਮੁ ਕੀਰਤਨੁ ਲੀਲਾ ਸ੍ਰੀ ਭਗਵਾਨ ॥1॥

ਚੌਪਈ ॥ ਜੋ ਕੋਈ ਸਾਧੁ ਨਗਰ ਮਹਿ ਆਵੈ ॥ ਤਿਸੁ ਭਾਉ[14] ਭਗਤਿ ਕਰਿ ਤਹਾ ਲੇ ਆਵੈ ॥
ਚਰਨ ਧੋਇ ਚਰਨਾਮ੍ਰਤੁ ਲੇਈ ॥ ਇਕ ਪਗ ਠਾਢਾ ਸੇਵ ਕਰੇਈ ॥
ਲੇ ਚਰਨਾਮਤੁ ਕਲਸੇ ਭਰੇ ॥ ਖਾਨ ਖਾਨ ਸਭ ਤਿਸ ਸਿਉ[15] ਕਰੈ ॥
ਅਹਿਨਿਸ ਤਹਾ ਕੀਰਤਨੁ ਹੋਈ ॥ ਮਨ ਮਲੀਨ ਤਹ ਰਹੈ ਨ ਕੋਈ ॥
ਸਾਧ ਸਮਾਗਮੁ ਸਦਹੀ[16] ਰਹੈ ॥ ਰਾਜਾ ਭਗਤਿ ਭਾਉ ਬਹੁ ਕਰੈ ॥28॥

---

(1) ੲ ਪੋਥੀ 'ਹੋਇ'.
(2) ਅ ਪੋਥੀ 'ਨਰੁ ਮੰਦਰਿ',
(3) ਪਾਠਾਂਤਰ ੲ ਪੋਥੀ 'ਸਿੜੀ ਸੋ ਨਰੁ ਚੜਿ ਪਾਵਹੀ ਪੂਰਨ ਪਦਿ ਨਿਰਬਾਨੁ',
(4) ਅ ਪੋਥੀ 'ਸਾਧੁ',
(5) ੲ ਪੋਥੀ 'ਈਹਾ',
(6) ੲ ਪੋਥੀ 'ਬਤਾਵਹਿ',
(7) ਅ ਤੇ ੲ ਪੋਥੀ 'ਮੁਕਤਿ',
(8) ਅ ਪੋਥੀ 'ਦੇਖੀ ਹੀ', ੲ ਪੋਥੀ 'ਦੇਖ ਹੈ',
(9) ਅ ਪੋਥੀ 'ਬਢਾਇਆ',
(10) ੲ ਪੋਥੀ 'ਮਾਨ',
(11) ਪਾਠਾਂਤਰ ਅ ਪੋਥੀ 'ਸੁਰਗ ਮਾਨੋ ਸਭ ਕੋਈ ਕਹੈ',
(12) ੲ ਪੋਥੀ 'ਕੇ ਚਿਤ੍ਰ',
(13) ਅ ਤੇ ੲ ਪੋਥੀ 'ਸੋ ਸਹੀ',
(14) ੲ ਪੋਥੀ 'ਕੋ',
(15) ੲ ਪੋਥੀ 'ਕੌ',
(16) ੲ ਪੋਥੀ 'ਦਹੀ'

ਚੌਪਈ ॥ ਚਹੂ[1] ਓਰ ਏ ਆਵਹੀ ਸਾਧ ਸੰਤ ਸਭ[2] ਲੋਗ ॥
ਜਹਾ[3] ਭਾਉ ਭਗਤਿ ਕਰੈ ਪ੍ਰੇਮ ਸਿਉ[4] ਮਧੁਰ[5] ਭੁਗਾਵੈ ਭੋਗ ॥1॥
ਚੌਪਈ ॥ ਦੇਸ ਦੇਸ ਪਰ ਭਈ ਕਹਾਨੀ ॥ ਪੀਪੈ ਰਾਜੈ ਭਈ[6] ਠਾਂਨੀ ॥
ਸਹਜਿਹਿ[7] ਕੇ ਕੋ ਹੋਇ ਬਿਉਪਾਰੀ ॥ ਤਹ ਸੋਈ ਮਾਲੁ ਸਭੁ ਆਨ ਉਤਾਰੀ ॥
ਸਾਧ ਭਗਤਿ ਅਉ ਸੰਤ ਪਿਆਰੇ ॥ ਸਭ ਚਲਿ ਆਵੈ ਤਿਸ ਕੇ ਦੁਆਰੇ ॥
ਸਾਧਉ[8] ਕੈ ਕਛੁ ਇਛਾ ਨਾਹੀ ॥ ਪ੍ਰੇਮੁ[9] ਜਹੀ ਤਹਿ[10] ਸਹਜਿ ਬਸਾਹੀ ॥
ਭਉਰਾ ਲੋਭੀ ਬਾਸੁ ਭ੍ਰਮਾਈ ॥ ਜਹ ਭਾਉ ਭਗਤਿ ਸੰਤ ਚਲਿ ਆਈ ॥29॥
ਦੋਹਰਾ ॥ ਹਰਿਜਨ ਭੂਖੇ ਭਾਵ ਕੇ ਭੋਜਨ ਭੂਖੇ ਨਾਹਿ ॥
ਭੋਜਨ ਭੂਖੇ ਜੋ ਫਿਰਹਿ ਤੇ[11] ਤੇ ਹਰਿਜਨ ਨਾਹਿ ॥1॥

ਚੌਪਈ ॥ ਤਬ[12] ਰਾਮਾਨੰਦ ਇਹ ਸਭ[13] ਸੁਨਿ ਪਾਈ ॥ ਉਮਗਿਓ ਪ੍ਰੇਮ ਕਰੀ ਅਧਿਕਾਈ ॥
ਜਬ ਚਾਤ੍ਰਿਕ ਕੋ ਪਿਆਸ ਜਨਾਵੈ ॥ ਤਬ ਸੁਆਤ ਬੂੰਦ ਅਕਾਸ ਤੇ ਆਵੈ ॥
ਰਵਿਦਾਸ ਕਬੀਰ ਨਾਮਾ ਸੰਗਿ ਲੀਆ ॥ ਸ੍ਰੀ ਰਾਮਾਨੰਦ ਪਇਆਨਾ ਕੀਆ ॥
ਤਾ ਸਿਉ ਖਬਰਿ[14] ਕਿਨੀ ਕਹਾ ॥ ਚਲਿ ਆਇਓ ਪੀਪਾ ਜਹ ਰਹਾ ॥
ਨਾਗੇ ਪਾਏ ਤਹ ਕਉ ਧਾਇਆ ॥[15] ਪਰਸਤ ਚਰਨ ਪਿਆਸ ਬੁਝਾਇਆ ॥30॥
ਦੋਹਰਾ ॥ ਜਉ[16] ਗੁਰ ਕਿਰਪਾ ਕਰਿ ਆਵਹਿ ਧਨ ਸੇਵਕ ਕੇ ਭਾਗ ॥
ਆਲਸੀਆ ਘਰਿ ਗੰਗ[17] ਜਿਉ ਆਇ ਲੋਹੈ ਪਾਰਸ ਲਾਗ ॥1॥

ਚੌਪਈ ॥ ਛਿਰਕਾਵ[18] ਹੋਵਤ ਆਗੇ ਕਉ ਜਾਈ ॥ ਇਟ ਬਾਟ ਉਠਾਵਤ ਪੀਪਾ ਜਾਈ ॥
ਤਾਂ ਪਾਛੈ ਹੰਸਨ ਕੀ ਪਾਤ ॥ ਹਰਿ ਹਰਿ ਕਰਤੇ ਸੰਤ ਜਨ ਜਾਤ ॥
ਲੇ ਆਇਓ ਤਿਨ[19] ਬਾਂਗੈ [ਬਾਗੈ][20] ਮਾਹਿ ॥ ਦਰਸਨੁ ਦੇਖਿ ਸਭੈ ਸੁਖ ਪਾਂਹਿ ॥
ਨਾਰੀ ਪੁਰਖ ਸਗਲ[21] ਜੇ ਕੋਈ ॥ ਦਰਸਨੁ ਦੇਖਿ[22] ਅਖਾਵੈ ਸੋਈ ॥
ਸਕਲ ਨਗਰ ਆਨੰਦੁ ਬਧਾਈ ॥ ਬਾਂਗ [ਬਾਗ][23] ਬਹਾਰ ਬਹੁਰਿ ਮਨੋ ਆਈ॥31॥

---

(1) ਅ ਪੋਥੀ 'ਚਹੁੰ',
(2) ੲ ਪੋਥੀ 'ਬਹੁ',
(3) ੲ ਪੋਥੀ 'ਜੋ',
(4) ੲ ਪੋਥੀ 'ਸੋ',
(5) ੲ ਪੋਥੀ 'ਸਧਰ',
(6) ਅ ਤੇ ੲ ਪੋਥੀ 'ਸੇਵਾ',
(7) ਅ ਪੋਥੀ 'ਜਿਹਿ ਜਿਹਿ',
(8) ੲ ਪੋਥੀ 'ਸਾਧੋ',
(9) ਅ ਤੇ ੲ ਪੋਥੀ 'ਤਹੀ',
(10) ੲ ਪੋਥੀ 'ਤਹਾ'.
(11) ੲ ਪੋਥੀ 'ਸੋ',
(12) ਅ ਤੇ ੲ ਪੋਥੀ 'ਜਬ',
(13) ੲ ਪੋਥੀ 'ਇਹ',
(14) ੲ ਤੇ ਪੋਥੀ 'ਖਬਰਾ',
(15) ਪਾਠਾਂਤਰ ੲ ਪੋਥੀ 'ਨਾਗੇ ਪਾਏ ਤੇ ਉਠਿ ਸਿਧਾਇਆ',
(16) ੲ ਪੋਥੀ 'ਜੋ',
(17) ੲ ਪੋਥੀ 'ਰੰਗਿ',
(18) ੲ ਪੋਥੀ 'ਛਿਰਕਾਉ',
(19) ੲ ਪੋਥੀ 'ਤਿਹ',
(20) ਅ ਤੇ ੲ ਪੋਥੀ ਤੋਂ,
(21) ਅ ਪੋਥੀ 'ਸਕਲ',
(22) ਅ ਪੋਥੀ 'ਦੇਨੁ',
(23) ਅ ਤੇ ੲ ਪੋਥੀ ਤੋਂ

ਦੋਹਰਾ ॥ ਜਿਉ ਬਾਹਰ ਬਨਾਸਪਤਿ ਮੇਘਾ ਧਰਤਿ ਸੁਹਾਈ ॥[1]
ਤਿਉ ਸੰਤ ਚਰਨ ਤੇ ਨਗਰੁ ਸਭੁ ਪਰਫੁਲਤ ਦੇਖਾਇ[2] ॥1॥

ਚੌਪਈ ॥ ਚਰਨ ਧੋਇ ਨੈਨ ਮਸਤਕ ਲਾਇਆ ॥ ਚਰਨਾਮਤ ਲੈ ਕਰਿ ਸਿਰ ਮੁਖਿ ਪਾਇਆ ॥
ਮਗਨੁ ਭਇਓ[3] ਪ੍ਰੇਮ[4] ਮਦਮਾਤਾ ॥ ਭਾਗਿ ਉਦਿਓ ਤਿਨ ਅਪਨਾ[5] ਜਾਤਾ ॥
ਸੇਵਾ ਪੂਜਾ ਬਹੁ ਬਿਧਿ ਠਾਨੈ ॥ ਇਕ ਟਕ ਲਾਗਾ ਰਹੈ ਧਿਆਨੈ ॥
ਕਰਿ ਸਿਧ ਰਸੋਈ ਤਿਨੈ ਜਿਵਾਇਆ ॥ ਪਾਨ ਫੂਲ ਘਸ ਚੰਦਨੁ ਲਿਆਇਆ ॥
ਕਹੈ ਆਜੁ ਬਡਭਾਗੁ[6] ਹਮਾਰੇ । ਸਤਿਗੁਰ ਚਰਨ ਹਮਾਰੇ ਧਾਰੇ ॥32॥

ਦੋਹਰਾ ॥ ਸਕਲ ਦਿਵਸ ਸੇਵਾ ਕਰੀ ਨਿੰਮ੍ਰ ਭੂਤ ਹੋਇ ਦਾਸੁ ॥
ਜੋ ਸੇਵੈ ਤਿਸੁ ਹੋਤ ਹੈ ਊਧਾ[7] ਕਵਲ ਬਿਗਾਸੁ ॥1॥

ਚੌਪਈ ॥ ਭਈ ਰੈਨ ਤਬ ਇੰਦੂ[8] ਪ੍ਰਕਾਸਾ ॥ ਪਾਚੋ ਏਕ ਹੋਇ ਬੈਠੇ ਪਾਸਾ ॥
ਤਹ[9] ਬ੍ਰਹਮਗਿਆਨ ਕੀ ਚਰਚਾ ਭਈ ॥ ਜਥਾ[10] ਸੁਨੀ ਸੋਈ[11] ਈਹਾਂ ਕਹੀ ॥
ਪਹਿਲੈ ਰਾਮਾਨੰਦ ਬਿਨਾਨੀ[12] ॥ ਨਾਮੇ ਪ੍ਰਤਿ ਤਿਨ ਆਖਿ ਵਖਾਨੀ ॥
ਇਕ ਆਤਮ ਕੋ ਹੈ ਇਹ ਪਸਾਰਾ ॥ ਦਿਸਟਿਮਾਨ ਜੋ ਦੀਸੈ ਸਾਰਾ ॥
ਦੇਹੀ ਦੇਹ[13] ਏਕ ਦੂਇ ਨਾਹੀ ॥ ਏਕਮੇਵ ਅਦੁਤੀਅ ਕਹਾਹੀ[14] ॥33॥

ਦੋਹਰਾ ॥ ਸਰਬੰ ਖਲੁ ਇਦੰ ਬ੍ਰਹਮੁ ਹੈ ਤਾ ਤੇ ਭਿੰਨ ਨ ਕੋਈ ॥[15]
ਰਾਮਾਨੰਦ ਆਨੰਦ ਮੈ ਏਕੋ ਆਤਮੁ ਸੋਇ ॥1॥

ਚੌਪਈ ॥ ਨਾਮਾ ਕਹੈ ਹੇ[16] ਸਤਿਗੁਰ ਪਿਆਰੇ ॥ ਤੀਨ ਭਵਨ ਇਕ ਆਤਮ ਧਾਰੇ ॥
ਜਿਉ ਜਲ ਮਾਹਿ ਬੁਦਬੁਦੇ[17] ਲਹਰੀ ॥ ਤਿਉ ਤੀਨ ਭਵਨ ਆਤਮ ਮਹਿ ਫੁਰਹੀ ॥
ਪਾਂਚ ਤਤ ਕੋ ਏਹੁ ਪਸਾਰਾ । ਸੋ ਪਾਚ[18] ਤਤੁ ਪਰਮਾਤਮੁ ਪਿਆਰਾ ॥
ਜਿਉ ਕੰਚਨ ਕੇ ਭੂਖਨ ਸਾਰੇ ॥ ਕੰਚਨ ਤੇ ਵੈ ਨਾਹਿ ਨਿਆਰੇ ॥
ਸਭ ਭਾਜਨ ਮੈ ਇਕ[19] ਮਾਟੀ ਗਨੀ ॥ ਤਿਉ ਪਰਮਾਤਮਾ ਸੋਭਾ ਬਨੀ ॥34॥

---

(1) ਪਾਠਾਂਤਰ ਅ ਪੋਥੀ 'ਜਿਓ ਬਾਗ ਬਨਾਸਪਤ ਧਰਤਰੀ ਮੇਘ ਪਰਤ ਸੁਹਾਇ', ੲ ਪੋਥੀ 'ਜਿਉ ਬਾਗੁ ਬਨਾਸਪਤਿ ਮੇਘੁ ਪਰੇ ਤੇ ਸੁਹਾਇ',
(2) ਅ ਪੋਥੀ 'ਦੇਖ ਲਇ',
(3) ੲ ਪੋਥੀ 'ਭਏ'.
(4) ਅ ਪੋਥੀ 'ਪ੍ਰਮ',
(5) ੲ ਪੋਥੀ 'ਉਦੇ',
(6) ੲ ਪੋਥੀ 'ਬਡੇਭਾਗਿ',
(7) ਅ ਤੇ ੲ ਪੋਥੀ 'ਊਧ',
(8) ਅ ਪੋਥੀ 'ਚੰਦੂ',
(9) ੲ ਪੋਥੀ 'ਤਬ',
(10) ਅ ਪੋਥੀ 'ਜੋਥਾ',
(11) ੲ ਪੋਥੀ 'ਹੈ',
(12) ਅ ਪੋਥੀ 'ਬਿਨਾਈ',
(13) ੲ ਪੋਥੀ 'ਦੇਵ',
(14) ਪਾਠਾਂਤਰ ੲ ਪੋਥੀ 'ਏਕਮੇਕ ਕਰ ਕਿ ਅਦੁਤੀਆ ਕੋ ਕਹਾਹੀ',
(15) ਪਾਠਾਂਤਰ ਅ ਤੇ ੲ ਪੋਥੀ 'ਸਰਬ ਖੇਲੁ ਇਦ ਬ੍ਰਹਮ ਹੈ ਤਾ ਤੇ ਭਿੰਨ ਨ ਕੋਇ',
(16) ੲ ਪੋਥੀ 'ਏ',
(17) ੲ ਪੋਥੀ 'ਬੁਦਬਦਾ ਹੈ',
(18) ੲ ਪੋਥੀ 'ਪੰਚ',
(19) ੲ ਪੋਥੀ 'ਇਕਾ'

ਦੋਹਰਾ ॥ ਸਭੁ ਪਰਮਾਤਮੁ ਰੂਪੁ[1] ਹੈ ਰਾਉ ਰੰਕ ਕੋ ਨਾਹਿ ॥
ਚਰ ਅਚਰ ਨਾਮਾ ਸਕਲ ਪਰਮਾਤਮੁ ਰੂਪੁ[2] ਦਿਖਾਹਿ ॥1॥

ਚੌਪਈ ॥ ਬਹੁਰਿ ਕਬੀਰ ਕੀਓ[3] ਬਖਿਆਨੁ ॥ ਸਭ ਘਟ ਪੂਰਨ ਹੈ ਭਗਵਾਨੁ ॥
ਪਰਮਾਤਮੁ ਪੁਰਖ ਅਜ ਅਕ੍ਰੀ[4] ਸੋਈ ॥ ਤਿਸ ਬਿਨੁ ਦੂਜਾ ਅਵਰੁ ਨ ਕੋਈ ॥
ਨਿਰੰਕਾਰ ਨਿਹਗੁਨੁ ਨਿਰਰੂਪ ॥ ਸਭੁ ਅਕਾਰੁ ਤਿਨ ਧਰਿਓ ਅਨੂਪ ॥
ਰੂਪ ਨਾਮ ਤਿਨ ਲੀਲਾ ਠਾਨੀ ॥ ਪਾਰਬ੍ਰਹਮ ਕੇਵਲ ਨਿਰਬਾਨੀ ॥
ਰੂਪ ਨਾਮ ਗੁਨ ਥਾਪਿਉ ਥਾਪੈ ॥ ਏਕ ਪਰਮਾਤਮ ਸਭੁ ਕਿਛੁ ਜਾਪੈ ॥35॥

ਦੋਹਰਾ ॥ ਸਭ ਪਰਮਾਤਮੁ ਦੀਸਈ ਜੇਤਾ ਏਹੁ ਅਕਾਰੁ ॥
ਅਛਰ ਅਰਥ ਹੀ ਭਾਸਹੀ[5] ਕਹਤ ਕਬੀਰ ਬੀਚਾਰੁ ॥1॥

ਚੌਪਈ ॥ ਅਬ ਰਵਿਦਾਸੁ ਬਖਾਨੈ ਭਾਈ ॥ ਜਿਸੁ ਸਭ ਕਿਛੁ ਆਤਮ ਰੂਪ ਦਿਖਾਈ ॥
ਦੇਹ ਇੰਦ੍ਰੀ ਅਉ ਮਨ ਬੁਧਿ ਜੋ ਹੈ ॥ ਸਭੈ ਸੁਭਾਵ ਜੋ ਉਨ[6] ਤੇ ਹੋਵੈ ॥[7]
ਸੀਤ ਉਸਨ ਅਉ ਬਿਖੈ ਬਿਕਾਰਾ ॥ ਬਸਨਾ[8] ਰੂਪੀ ਸਭੁ ਸੰਸਾਰਾ ॥
ਪੁਤ੍ਰ ਕਲਤ੍ਰ ਰਾਜ ਧਨੁ ਮਾਲੁ ॥ ਦੇਹ ਅਵਸਥਾ ਹਾਲੁ ਬੇਹਾਲੁ ॥
ਸਭੁ ਸੁਪਨਾ ਸਾ ਦੇਇ ਦਿਖਾਇ ॥ ਇਕ[9] ਪਰਮਾਤਮੁ ਹੀ ਬਨਿਓ ਆਈ ॥36॥

ਦੋਹਰਾ ॥ ਬਿਨੁ[10] ਪਰਮਾਤਮ ਨਾਹਿ ਕਛੁ ਮ੍ਰਿਗ ਤ੍ਰਿਸਨਾ ਕੀ ਭਾਤਿ ॥
ਰਵਿਦਾਸ ਭਗਤਿ ਕੀ ਬੇਨਤੀ ਬੂਝੈ ਆਵੈ ਸਾਂਤਿ ॥1॥

ਚੌਪਈ ॥ ਪੀਪੈ ਇਹੁ ਚਰਚਾ ਜਬ ਸੁਨੀ ॥ ਤਬ ਪੀਪੇ ਕੀ ਸਹਜੇ ਬਨੀ ॥
ਸੋ ਚਰਚਾ ਰਵਿ ਜਿਉ ਪਰਕਾਸੀ ॥ ਨਿਰਮਲ ਮੁਕਰ ਹੀਐ ਪੀਪੈ ਭਾਸੀ ॥
ਗਿਆਨੁ ਹੁਤਾਸਨ ਘਟ ਮਹਿ ਜਾਗਾ ॥ ਅਗਿਆਨੁ ਤਿਣਰੁ ਤਹ[11] ਤੇ ਭਾਗਾ ॥
ਕ੍ਰਿਤ ਕ੍ਰਿਤ ਤਨੁ ਮਨੁ[12] ਤਿਸੁ[13] ਭਇਆ ॥ ਮਾਨ ਬਾਵਨ ਪਰਬਤ ਚੰਦਨੁ ਭਇਆ ॥
ਹਿਮ ਅਉ ਬੁਦਬੁਦਾ ਫੂਟ ਸਮਾਨਾ ॥ ਜਲ ਮਹਿ ਜਲੁ ਹੋਇ ਆਇ[14] ਮਿਲਾਨਾ ॥37॥

---

(1) ੲ ਪੋਥੀ 'ਸਰੂਪ',
(2) ੲ ਪੋਥੀ 'ਸਰੂਪ',
(3) ੲ ਪੋਥੀ 'ਕੀਆ',
(4) ਅ ਪੋਥੀ 'ਅਕ੍ਰ',
(5) ੲ ਪੋਥੀ 'ਸਾਸਹੀ',
(6) ੲ ਪੋਥੀ 'ਇਨ',
(7) ੲ ਪੋਥੀ 'ਹੋਹੈ',
(8) ਅ ਪੋਥੀ 'ਬਾਸਨ',
(9) ੲ ਪੋਥੀ 'ਏਕ',
(10) ੲ ਪੋਥੀ 'ਬਿਨਾ',
(11) ੲ ਪੋਥੀ 'ਤਹਾ',
(12) ੲ ਪੋਥੀ 'ਸਭੁ',
(13) ੲ ਪੋਥੀ 'ਸਭਹੂੰ',
(14) ੲ ਪੋਥੀ 'ਜੋ'

ਦੋਹਰਾ ॥ ਪਰਮਾਤਮੁ ਰੂਪੁ ਨਿਹਾਰਿ[1] ਪੀਪੈ ਗੁਰ ਪਰਸਾਦਿ ॥
ਸਭੁ ਜਗੁ ਆਪੁ ਦਿਖਾਵਈ ਮਿਟਿ ਗਇਓ ਬਾਦ ਬਿਬਾਦ ॥1॥

ਚੌਪਈ ॥ ਪਾਚਉ[2] ਇਕ ਸਉ[3] ਆਹਿ ਬਬੇਕਾ ॥ ਤਿਨ ਦੇਹ ਪਾਚ ਆਤਮੁ ਹੈ ਏਕਾ ॥
ਏਕ ਨੇਸਟਾ ਏਕ ਹੀ ਬੂਝਾ[4] ॥ ਤਿਨ ਏਕੋ[5] ਏਕ ਸਕਲ ਜਗੁ ਸੂਝਾ[6] ॥
ਏਕਾ[7] ਮਤਿ ਏਕਾ ਨਿਰਖਾਹੀ ॥ ਵੈ ਪਾਚਉ ਇਕ ਸੋ ਹੀ ਆਹੀ ॥
ਜਦਪ ਸਭ ਕਿਛੁ ਏਕ ਪਸਾਰਾ ॥ ਤਦਪ ਬੁਧਿ ਬਬੇਕੁ ਹੈ ਨਿਆਰਾ ॥
ਈਹਾ ਭੇਦ ਭਾਵ ਕਛੁ ਨਾਹੀ ॥ ਤ੍ਰਿਗੁਨ ਅਤੀਤ ਏ ਪਾਚੋ ਆਹੀ[8] ॥38॥

ਦੋਹਰਾ ॥ ਜੈਸੇ ਇੰਦ੍ਰੀ ਭਿੰਨ ਭਿੰਨ ਹੈ ਏਕੋ ਬੂਝਿ ਬੁਝਾਉ ॥
ਤੈਸੇ ਪਾਚਉ ਪੁਰਖ ਕਾ ਏਕੋ ਬਨਿਓ ਬਨਾਉ ॥1॥

ਚੌਪਈ ॥ ਕੋਈ ਕਾਲ ਊਹਾ ਬੀਤਾਇਆ ॥ ਪੁਨਿ ਪਰਾਲਬਧ[9] ਉਦਾਸ[10] ਕਰਾਇਆ ॥
ਜਬੈ ਰਾਣੀਏ[11] ਇਹ ਸੁਧ ਪਾਈ ॥ ਰਾਜਾ ਇਸ ਕੈ ਸੰਗਿ ਸਿਧਾਈ ॥
ਇਕੁ ਬਾਮਣੁ ਲੋਭੀ ਲੋਭਾਇਆ[12] ॥ ਕਿਸ ਕਉ ਲੋਭੁ ਅਧਿਕ ਦਿਖਲਾਇਆ ॥
ਜਉ ਰਾਜਾ ਕਉ ਤੂ ਕਿਵੈ ਰਾਖੈ ॥ ਤਉ ਸਗਲੇ ਭੂਖਨ ਮੋਲ ਕਟੀ ਲਾਖੈ ॥
ਏਕ ਗਾਉ ਜੋ ਤੂ ਚੁਨਿ ਲੇਹੀ ॥ ਸੰਤਾਨ ਪ੍ਰਜੰਤ ਤੋ ਕਉ ਹਮ ਦੇਹੀ ॥39॥

ਦੋਹਰਾ ॥ ਤਬ ਬਾਮਨ ਦੁਰਬੁਧ ਕਰੀ ਲਿਆਇਓ ਬਿਖੁ ਉਹੀ ਬਾਰ ॥
ਰਾਜਾ ਸਿਉ ਝਗਰਾ ਕੀਆ ਮਤ ਪਗੁ ਬਾਹਰਿ ਧਾਰਿ ॥1॥

ਚੌਪਈ ॥ ਹੇ ਰਾਜਾ ਜੇ ਪਗੁ ਬਾਹਰਿ ਧਰੈ[13] ॥ ਤਉ ਸਭ ਰਾਨੀ ਬਿਰਹੇ ਸਿਉ ਮਰੈ ॥[14]
ਮੈ ਬਿਖੁ ਖਾਇ ਪ੍ਰਾਨ ਕਉ ਤਿਆਗੋ ॥ ਭੂਤੁ ਹੋਇ ਕੈ ਤੋ ਕਉ ਲਾਗਉ ॥
ਜਾਨਿ ਨ ਦੇਵਉ ਬਉਰਾ ਕਰਿ ਡਾਰਉ ॥ ਅਤਿ ਹੈਰਾਨੁ ਕਰਿ ਤੋ ਕਉ ਮਾਰਉ ॥
ਤਿਹੀ ਕਾਲ ਸੀਤਾ ਇਕੁ ਰਾਨੀ ॥ ਤਿਨ ਨੈ ਆਇ ਬੇਨਤੀ ਠਾਨੀ ॥
ਹੋਇ ਦਇਆਲ ਮੋਹਿ ਸੰਗਿ ਚਲਾਵਹੁ ॥ ਮੋ ਕਉ ਇਹਾ ਛੋੜਿ[15] ਨ ਜਾਵਹੁ ॥40॥

---

(1) ਦ ਪੋਥੀ 'ਨਿਹਾਰਿਆ', (2) ਅ ਤੇ ਦ ਪੋਥੀ 'ਪਾਚੋ',
(3) ਅ ਤੇ ਦ ਪੋਥੀ 'ਸੇ', (4) ਅ ਪੋਥੀ 'ਏਕ ਨੇਸਟਾ ਏਕੋ ਬੂਝ', ਦ ਪੋਥੀ 'ਏ ਨਿਸੇਧਾ ਏਕੋ ਬੂਝਾ',
(5) ਅ ਪੋਥੀ 'ਏਕੁ', (6) ਦ ਪੋਥੀ 'ਬੂਝਾ',
(7) ਦ ਪੋਥੀ 'ਏਕੈ', (8) ਪਾਠਾਂਤਰ ਦ ਪੋਥੀ 'ਤ੍ਰਿਗੁਨ ਅਤੀਤ ਇਉ ਪਛਨਤਿ ਨਾਹੀ',
(9) ਅ ਪੋਥੀ 'ਪਾਰਲਭਦਿ', ਦ ਪੋਥੀ 'ਪ੍ਰਲਬ',
(10) ਦ ਪੋਥੀ ਉਸਦਾਸ', (11) ਅ ਪੋਥੀ 'ਰਾਨੀ ਨੈ',
(12) ਦ ਪੋਥੀ 'ਬ੍ਰਹਮ ਮਨਿ ਲੋਭੀ ਲੋਭਾਇਆ',
(13) ਦ ਪੋਥੀ 'ਧਾਰੈ', (14) ਦ ਪੋਥੀ 'ਮਾਰੈ',
(15) ਦ ਪੋਥੀ 'ਛਾਡਿ'

ਦੋਹਰਾ ॥ ਇਕ ਓਰ ਬਾਮਨੁ ਝਗਰਈ ਇਕ ਓਰ ਤ੍ਰੀਆ ਰੋਆਇ[1] ॥
ਪੀਪੈ ਮਨ ਬਿਆਪੈ ਨਹੀ ਬ੍ਰਹਮ ਬਿਲਾਸ ਦਿਖਾਇ ॥1॥

ਚੌਪਈ ॥ ਜਬ ਰਾਜਾ ਨੇ ਪਾਇਆਨ[2] ਕੀਆ ॥ ਬਿਖੁ ਕਉ ਖਾਇ ਬਾਂਮਨੁ ਮਰਿ ਗਇਆ ॥
ਅਉ[3] ਤਿਰੀਆ ਉਠਿ ਪੀਛੈ ਲਾਗੀ । ਪ੍ਰੇਮ ਭਰੀ ਪ੍ਰੀਤਮ ਰਸ ਪਾਗੀ ॥
ਸ੍ਰੀ ਰਾਮਾਨੰਦ ਜੋ ਚਤੁਰ ਬਬੇਕੀ ॥ ਸਭਹੂ ਕੈ ਵਹ[4] ਜਾਨੈ ਜੀਅ ਕੀ ॥
ਲਾਤ ਮਾਰਿ ਬਾਮਨੁ ਜੀਵਾਇਆ ॥ ਅਉ[5] ਤਿਰੀਆ ਕਉ ਇਹੁ ਬਚਨੁ ਸੁਨਾਇਆ॥
ਜਉ ਨਗਨ ਹੋਇ ਹਮਰੈ ਸੰਗਿ ਆਵੈ ॥ ਤਉ ਸਾਥਿ ਹਮਾਰੈ ਮਾਰਗੁ ਪਾਵੈ ॥41॥

ਦੋਹਰਾ ॥ ਬਾਂਮਨ ਉਠਿ ਝਗਰਨ[6] ਗਇਓ ਮੁਹਿ ਖੋਟੀ ਬਿਖੁ ਤਿਨ ਦੀਨ ॥
ਨਗਨ ਹੋਇ ਸੀਤਾ ਚਲੀ ਉਢਾਇ[7] ਚੀਰ ਸੰਗਿ ਲੀਨ[8] ॥1॥

ਚੌਪਈ ॥ ਪੁਨਿ ਬਾਂਮਨ ਵਹ ਸੁਧਿ ਮੈ ਆਇਆ ॥ ਚਰਨ ਪ੍ਰਤਾਪੁ ਤਿਸੁ ਆਇ ਜਨਾਇਆ ॥
ਸਾਧ ਚਰਨ ਹੈ ਪਤਿਤ ਉਧਾਰਨ ॥ ਸਾਧ ਚਰਨ ਕਿਲਬਿਖ ਅਘ ਟਾਰਨ ॥
ਚਰਨ ਪ੍ਰਤਾਪ ਅਹਿਲਿਆ ਤਰੀ[9] ॥ ਚਰਨ ਛੁਹਾਇ ਨਿਰਬਿਖੁ ਅਹਿ ਕਰੀ ॥[10]
ਤਿਸੁ ਚਰਨ ਪ੍ਰਤਾਪ ਪ੍ਰੇਮ ਉਮਗਾਨਾ ॥ ਉਪਜਿਓ ਭਾਉ ਭਗਤ ਭਗਵਾਨਾ ॥
ਨਾਵ ਨੂਹ ਕੀ ਅਕਾਸ ਲਗਾਨੀ ॥ ਚਰਨ ਧੂਰਿ ਫਿਰਿ ਧਰ ਪਰ ਆਨੀ ॥42॥

ਦੋਹਰਾ ॥ ਮਜਨੂੰ ਹੋਇ ਕੈ ਜਗਿ ਫਿਰਿਓ ਲੇਲਾਂ ਸਾਧੂ ਸੰਗੁ ॥
ਬਨ ਪੁਰਿ ਢੂੰਢਤ ਡੋਲਈ ਪ੍ਰੇਰੈ[11] ਪ੍ਰੇਮੁ ਨਿਸੰਕੁ[12] ॥1॥

ਚੌਪਈ ॥ ਵੈ ਸਾਧੂ ਮਾਰਗ ਮੈ ਜਾਵੈ ॥ ਪ੍ਰੇਮ ਮਗਨ ਹਰਿ ਕੀਰਤਿ[13] ਗਾਵੈ ॥
ਤਹ ਪੀਪੈਂ ਇਕ ਬਿਨਤੀ ਕੀਨੀ ॥ ਨੰਮ੍ਰ[14] ਭੂਤ ਹੋਇ ਅਤਿ ਅਧੀਨੀ ॥
ਹੇ ਸਤਿਗੁਰ ਪਉਨ ਸਕਲ ਘਟ ਮਾਹੀ ॥ ਨਿਜ ਅਸਥਾਨ ਨਾਭ ਮਹਿ ਆਹੀ ॥
ਏਕੁ ਭਾਨੁ ਤ੍ਰਿਭਵਨ ਪਰਗਾਸੈ ॥ ਅਕਾਸ ਮੰਡਲ ਸੋ ਨੀਕੈ ਭਾਸੈ ॥[15]
ਤਿਉ ਆਤਮੁ ਸਭ ਮਾਹਿ ਬਿਆਪਕੁ ॥ ਨਿਜ ਅਸਥਾਨੁ ਕਹਾ ਤਿਸੁ ਜਾਪਕੁ ॥43॥

---

(1) ਏ ਪੋਥੀ 'ਰੋਵਇ',
(2) ਏ ਪੋਥੀ 'ਪਿਆਨਾ',
(3) ਏ ਪੋਥੀ 'ਅਓ',
(4) ਏ ਪੋਥੀ 'ਉਹ',
(5) ਏ ਪੋਥੀ 'ਅਓ',
(6) ਏ ਪੋਥੀ 'ਝਗਰਿ ਓਨ',
(7) ਅ ਪੋਥੀ 'ਓਢਾਇ',
(8) ਪਾਠਾਂਤਰ ਏ ਪੋਥੀ 'ਨਗਨ ਹੋਇ ਸੀਤਾ ਚਲੀ ਓਢਾ ਚੀਰ ਰਕੁ ਪੀਤ ਸੰਗਿ ਲੀਨ',
(9) ਅ ਪੋਥੀ 'ਤਾਰੀ',
(10) ਅ ਤੇ ਏ ਪੋਥੀ 'ਅਹੰਕਾਰੀ',
(11) ਏ ਪੋਥੀ 'ਪ੍ਰੇਮੀ',
(12) ਏ ਪੋਥੀ 'ਨਿਸੰਗੁ',
(13) ਏ ਪੋਥੀ 'ਕੀਰਤਨਿ',
(14) ਅ ਪੋਥੀ 'ਨਮ੍ਰ',
(15) ਪਾਠਾਂਤਰ ਏ ਪੋਥੀ 'ਅਕਾਸ ਮੰਡਲ ਨੀਕੇ ਕਰਿ ਭਾਸੈ'

ਦੋਹਰਾ ॥ ਅੰਤਰਜਾਮੀ ਸਤਿਗੁਰੂ ਸਭਿ ਬਿਧਿ ਪੂਰਨ ਕਾਮ ॥
ਪੀਪਾ ਤਹਾ ਪਠਾਇਓ[1] ਜੋ ਪੁਰੀ[2] ਦੁਆਰਕਾ ਨਾਮ ॥1॥

ਚੌਪਈ ॥ ਪੁਰੀ ਦੁਆਰਕਾ ਜਾਦਉ[3] ਰਾਈ ॥ ਤਹ[4] ਕੇਲ ਕਰਤ ਹੈ ਕੁਅਰ[5] ਕਨਾਈ ॥
ਸਭ ਬਿਰਤਾਤੁ[6] ਤਹਾ ਤੂੰ ਪਾਵਹਿ ॥ ਦਰਸਨੁ ਦੇਖਿ ਪਿਆਸ ਬੁਝਾਵਹਿ ॥
ਗੁਰ ਕਾ ਬਚਨੁ ਲੈ ਸਿਰਿ ਪਰਿ ਧਰਿਆ ॥ ਸੀਤਾ ਸਹਤ ਪਇਆਨਾ[7] ਕਰਿਆ ॥
ਖਾਨ ਪਾਨ ਵੈ ਸਹਜੇ ਕਰੈ ॥ ਅਹਿਨਿਸ ਧਿਆਨੁ ਪ੍ਰਾਤਮ[8] ਧਰੈ ॥
ਮਾਰਗ ਬਹਤ[9] ਦੇਹ ਉਨ ਜਾਈ ॥ ਮਨੁ ਸਤਿਗੁਰ ਚਰਨ ਪਾਸਿ ਰਹਾਈ ॥44॥

ਦੋਹਰਾ ॥ ਪੁਰੀ ਦੁਆਰਕਾ ਸੁਭ ਰਸ[10] ਰਜਹ ਚਰਨ ਕਮਾਲ ਹਰਿ ਦੇਉ ॥
ਚਲੇ ਭਉਰੀ ਭਉਰਾ ਬਾਸ ਕਉ ਹਰਿ ਬਿਲੈ[11] ਲਗਾਵੈ ਸੇਵ ॥1॥

ਚੌਪਈ ॥ ਧਨ ਪੀਉ ਦੁਇ ਮਾਰਗ ਪੈ ਜਾਏ ॥ ਮਾਨੋ ਇਕ ਬਿਨਛੀ ਬਿਬ[12] ਮੀਨ ਫਹਾਏ[13] ॥
ਘਾਮ ਮੇਘ ਸਿਰ ਊਪਰਿ ਸਹੈ ॥ ਪਰਾਲਬਧ ਸਿਉ ਤ੍ਰਿਪਤੀ ਹੋਇ ਰਹੈ ॥
ਕੋਊ ਅੰਨ[14] ਕੋਊ ਪਾਨੀ ਦੇਈ ॥ ਦੋਊ ਭਾਉ ਭਗਤਿ ਕਰਿ ਮਨੁ ਹਥਿ ਲੇਈ ॥
ਜਉ[15] ਅਧਿਕ ਪਿਆਸੇ[16] ਹੋਇ ਜਾਵੈ ॥ ਤਉ ਬਨ ਕੈ[17] ਖਗ ਮ੍ਰਿਗ ਨੀਰੁ ਦਿਖਾਵੈ ॥
ਜਬਹਿ[18] ਘਾਮ ਹੋਵੈ ਦੁਖਦਾਈ ॥ ਤਬਹਿ[19] ਇੰਦ੍ਰ ਤਿਨ[20] ਹੋਇ[21] ਸਹਾਈ॥45॥

ਦੋਹਰਾ ॥ ਜਹਾ ਅੰਨ ਤਿਨ ਨਾ ਜੁਰੈ[22] ਕੰਦਮੂਲੁ ਚੁਨਿ ਖਾਹਿ ॥
ਜਿਨ ਕੈ ਧਨੁ ਸੰਤੋਖ ਹੈ ਤਿਨਾ ਕਮੀ ਕਛੁ ਨਾਹਿ ॥1॥

ਚੌਪਈ ॥ ਇਕ ਦਿਨ ਸਿੰਘ ਸਨਮੁਖੁ ਤਿਸੁ[23] ਆਇਆ ॥ ਦੇਖਿ ਤ੍ਰੀਆ ਮਨਿ ਤ੍ਰਾਸੁ ਜਨਾਇਆ ॥
ਪੁਨਹਿ ਸਮਾਝਿ ਮਨੁ ਅਸਥਿਰੁ ਕੀਆ ॥ ਬੇਗਿ ਦਉਰਿ ਹਰਿ[24] ਆਗਾ ਲੀਆ ॥
ਤਿਰੀਆ ਤਾ ਸਿਉ ਬਿਨਤੀ ਕਰੀ ॥ ਮੋ ਪੀਉ ਆਸਾਗਾਤਿ[25] ਨਰਹਰੀ ॥
ਮੋਰੀ ਇਨ ਸਭ ਆਸ ਪੁਜਾਈ[26] ॥ ਮੋਹਿ ਅਭਲਾਖ ਰਹੀ ਨ ਕਾਈ ॥
ਮੁਹਿ ਖਾਵਉ ਨਹੀ ਪੀਅ ਦੁਖਾਵਉ ॥ ਇਸ ਕੀ ਆਸ ਗੋਬਿੰਦ ਪੁਜਾਵਉ ॥46॥

---

(1) ਏ ਪੋਥੀ 'ਪਠਾਇਆ', (2) ਅ ਪੋਥੀ 'ਪਰੀ', (3) ਏ ਪੋਥੀ 'ਜਾਦੋਂ',
(4) ਏ ਪੋਥੀ 'ਤਹਾਂ', (5) ਏ ਪੋਥੀ 'ਕਵਲ', (6) ਏ ਪੋਥੀ 'ਬਰਤੰਤੁ',
(7) ਅ ਤੇ ਏ ਪੋਥੀ 'ਪਿਆਨਾ', (8) ਏ ਪੋਥੀ 'ਪਰਮਾਤਮ', (9) ਅ ਪੋਥੀ 'ਬਹਤੇ
(10) ਏ ਪੋਥੀ 'ਗਸ', (11) ਏ ਪੋਥੀ 'ਬੇਲ', (12) ਏ ਪੋਥੀ 'ਬਿਬ',
(13) ਏ ਪੋਥੀ 'ਫਰਾਏ', (14) ਏ ਪੋਥੀ 'ਆਂਨ', (15) ਅ ਪੋਥੀ 'ਜੋ'.
(16) ਏ ਪੋਥੀ 'ਪਿਆਸਾ', (17) ਏ ਪੋਥੀ 'ਕੋ', (18) ਏ ਪੋਥੀ 'ਜਬੁ',
(19) ਏ ਪੋਥੀ 'ਤਬੁ', (20) ਅ ਪੋਥੀ 'ਤਿਨਾ ਕਉ', (21) ਏ ਪੋਥੀ 'ਕੋ ਕਹੈ',
(22) ਏ ਪੋਥੀ 'ਆਵਈ', (23) ਏ ਪੋਥੀ 'ਤਿਨ', (24) ਏ ਪੋਥੀ 'ਆਇ',
(25) ਅ ਤੇ ਏ ਪੋਥੀ 'ਸੰਗਤਿ', (26) ਪਾਠਾਂਤਰ ਏ ਪੋਥੀ 'ਮੋਰੀ ਆਸ ਇਨ ਸਗਲ ਪੁਜਾਈ'

ਦੋਹਰਾ ॥ ਆਸਾਗਤਿ ਨਰ ਦੇਹ ਧਰਿ ਮਰਿ ਮਰਿ[1] ਜਨਮੈ ਸੋਇ ॥
ਕੋਈ ਪ੍ਰੇਮੀ ਆਸਾ[2] ਤੇ ਰਹਤ ਜੀਵਤ ਮਿਰਤਕੁ ਹੋਇ ॥1॥
ਚੌਪਈ ॥ ਤਬਹਿ ਸਿੰਘ ਜੋਰੇ ਦੋਉ ਕਰਾ ॥ ਪੁਨਿ ਮਾਥਾ ਚਰਨਨ ਪਰ ਧਰਾ ॥
ਪੁਨਿ ਮਸਤਕ ਪੀਪੇ ਪਗਉ[3] ਰਾਖਿਆ ॥ ਕਾਢਿ ਜੀਭ ਪਗੁ ਤਿਸ[4] ਕਾ ਚਾਟਿਆ॥
ਖੇਖਨ ਕਰਿ[5] ਬਹੁ ਪੂਛਿ ਹਿਲਾਵੈ ॥ ਪਗ ਗਹਿ ਰਹਿਓ[6] ਨ ਬਨ ਕਉ ਜਾਵੈ ॥
ਪੀਪੇ ਮਾਲਾ ਗਲਹੁ ਨਿਕਾਰੀ[7] ॥ ਹਰਿ ਕਉ ਅਰਾਧਿ ਸਿੰਘ ਡਾਰੀ[8] ॥
ਕੀਓ ਵਿਦਾ[9] ਇਵ ਬਾਤ[10] ਬੁਝਾਈ ॥ ਭਖੁ ਅਭਖੁ ਸਮਝ ਕੈ ਖਾਈ ॥47॥
ਦੋਹਰਾ ॥ ਚਰਨ ਪੀਪੇ ਕੈ ਲਾਗ ਤੇ ਮਨ ਤਿਸ ਉਪਜਿਓ ਗਿਆਨ ॥
ਹਿੰਸਾ ਕਰਮ ਵਹ ਨ ਕਰੈ ਜਿਵ[11] ਕਿਵ[12] ਪੋਖੈ ਪ੍ਰਾਨ ॥1॥
ਚੌਪਈ ॥ ਪੁਨਿ ਪੀਪਾ ਦੁਆਰਕਾ ਆਇਓ ॥ ਦਰਸਨੁ ਪ੍ਰਾਤਮਾ ਕਾ ਤਿਨ ਪਾਇਓ ॥
ਜੋ ਸੰਕਾ ਉਸ ਕੈ ਮਨਿ ਆਈ ॥ ਕਿਸੁ ਪੂਛੈ ਕੋ ਦੇਇ ਚੁਕਾਈ[13] ॥
ਤਬ ਪੰਡਾ ਕਉ ਪੂਛਿਓ ਜਾਇ ॥ ਕਹਾ ਦੁਆਰਕਾ ਜਹ ਜਾਦਉ ਰਾਇ ॥
ਜਾ ਕੀ ਪ੍ਰਤਮਾ[14] ਲੇ[15] ਪੂਜਹੁ[16] ਦੇਵਾ ॥ ਤਿਸੈ ਜਾਇ ਬਿਨਵਉ[17] ਕਰਿ ਸੇਵਾ ॥
ਬਾਮਨ ਹਸਤਿ ਬਤਾਵਹਿ ਤਾਹਿ ॥ ਦੁਆਰਕਾ ਆਹਿ ਮਹੋਦਧ ਮਾਹਿ ॥48॥
ਦੋਹਰਾ ॥ ਪੀਪਾ ਮਨਿ ਅਨੰਦੁ ਕਰਿ ਦਧ ਮੈ ਕੁਦਿਓ ਜਾਇ ॥
ਤਾ ਪਾਛੈ ਸੀਤਾ ਪਰੀ ਮਨਿ ਬਿਸਵਾਸੁ ਬਢਾਇ ॥1॥
ਚੌਪਈ ॥ ਸੂਕੇ ਪਗੁ ਤਿਨ ਕਾ ਜਾਇ[18] ਲਾਗਾ ॥ ਪ੍ਰੇਮ ਦਰਸ ਤਿਨ[19] ਮਨੁ ਰਹੈ ਪਾਗਾ ॥
ਪਾਨੀ ਪਰਸ ਤਹਾ ਨਹੀ ਕਰੈ ॥ ਸਿਰ ਪਰ ਸਮੁਦ੍ਰ ਨਦਰਿ ਸੋ ਪਰੈ ॥[20]
ਕੰਚਨ ਕੇ ਬਹੁ ਮਹਲ ਅਪਾਰਾ ॥ ਜਰੇ ਜਰਾਵ ਰਵਿ ਕੋਟਿ ਉਜੀਆਰਾ ॥
ਦੂਰਹੁ[21] ਤੇ ਵੈ ਨਦਰੀ ਆਏ ॥ ਮਨ ਤਨ ਹਰਖ ਹੋਇ ਸੀਤ ਲਾਏ ॥[22]
ਧੁਜਾ ਪਤਾਕਾ[23] ਅਤ ਸੁਹਾਵੈ ॥ ਮਨ ਕੇ ਕਲਸ ਰਵਿ ਮੰਡਲ ਛਾਵੈ ॥49॥

---

(1) ੲ ਪੋਥੀ 'ਕਰਿ', (2) ਅ ਪੋਥੀ 'ਅਸੰ', (3) ੲ ਪੋਥੀ 'ਪਗ ਉਨ',
(4) ੲ ਪੋਥੀ 'ਤਾ', (5) ੲ ਪੋਥੀ 'ਕਰੈ', (6) ੲ ਪੋਥੀ 'ਰਹਾ',
(7) ਪਾਠਾਂਤਰ ੲ ਪੋਥੀ 'ਪੀਪੈ ਮਾਲਾ ਗਲ ਮਹਿ ਧਾਰੀ',
(8) ਪਾਠਾਂਤਰ ੲ ਪੋਥੀ 'ਹਰਿ ਕੇ ਭਜੋ ਤੂ ਹੈ ਅਧਿਕਾਰੀ', (9) ੲ ਪੋਥੀ 'ਬਿਦਾ',
(10) ਅ ਪੋਥੀ 'ਬਾਥ', (11) ਅ ਤੇ ੲ ਪੋਥੀ 'ਜਿਉ', (12) ਅ ਪੋਥੀ 'ਤਿਉ',
(13) ਪਾਠਾਂਤਰ ੲ ਪੋਥੀ 'ਕਿਸ ਪੂਛੇ ਜੋ ਸੰਕਾ ਚੁਕ ਜਾਈ' (14) ਅ ਪੋਥੀ 'ਪਰਮਾਤਮ',
(15) ੲ ਪੋਥੀ 'ਤੁਮ', (16) ੲ ਪੋਥੀ 'ਪੂਛਹੁ', (17) ਅ ਪੋਥੀ 'ਬਿਨਤੀ',
(18) ਅ ਪੋਥੀ 'ਆਇ', (19) ੲ ਪੋਥੀ 'ਸਿ',
(20) ਪਾਠਾਂਤਰ ੲ ਪੋਥੀ 'ਸਰ ਪਰ ਸਮੁੰਦ੍ਰ ਪਾਰਿ ਉਤਰੈ',
(21) ੲ ਪੋਥੀ 'ਦੂਰੋ',
(22) ਪਾਠਾਤਰ ੲ ਪੋਥੀ 'ਮਨੁ ਤਨੁ ਸੀਤਲੁ ਹੋਇ ਦਿਖਾਏ',
(23) ੲ ਪੋਥੀ 'ਤਾ ਪਰਿ'

ਸੋਰਠਾ ॥ ਹਰਿ ਕੇ ਮੰਦਰ ਅਨੂਪ ਗਿਆਨ ਭਾਨ ਜਿਵ[1] ਭਾਸਹੀ ॥
ਸਾਤ ਅਉ ਤੇਜ ਸਰੂਪ ਦਿਸਟ ਪਰਤਤੇ[2] ਦੁਖ ਹਰੈ ॥1॥

ਚੋਪਈ ॥ ਹਰਿ ਅਕੁਲਾਇ ਬਲਭਦ੍ਰ ਬੁਲਾਇਆ ॥ ਰਥ ਅਪਨੇ ਕਉ ਬੇਗ ਮੰਗਾਇਆ ॥
ਜਉ ਲਉ ਰਥ ਸਵਾਰਥੀ [ਸਾਰਥੀ][3] ਲਿਆਵੈ ॥ ਹਰਿ ਪ੍ਰੇਮ ਬਿਬਸ[4] ਹੋਇ ਆਗੈ ਧਾਵੈ ॥
ਸੋਰ ਪਰਿਓ ਨਗਰ ਮੈ ਭਾਰੀ ॥ ਨਾਰ ਪੁਰਖ ਇਹ[5] ਬਾਤ ਬੀਚਾਰੀ ॥
ਕੋਈ ਭਗਤੁ ਹਰਿ ਦਰਸਨ ਆਇਓ ॥ ਤਿਸੁ ਦਰਸ[6] ਪਿਆਸ ਹਰਿ ਪਿਆਦਾ ਧਾਇਓ ॥
ਸ੍ਰੀ ਬਲਭਦ੍ਰ ਅਉਰ ਬਸੁਦੇਵਾ ॥ ਉਠਿ ਦਉਰੇ ਜਿਨੀ ਪਾਇਓ ਭੇਵਾ ॥50॥

ਦੋਹਰਾ ॥ ਮੂਰਖ ਲੋਗ ਨ ਜਾਨਹੀ ਹਰਿ ਭਗਤਿਜਨਾ[7] ਪਰਭਾਉ ॥
ਜੇ ਇਕੁ ਪਗੁ ਹਰਿ ਪਥ[8] ਦੇਤ ਹੈ ਹਰਿ ਸਉ ਪਗੁ ਆਗੈ ਆਉ ॥1॥

ਚੋਪਈ ॥ ਪੀਪਾ ਦਰਸਨੁ ਦੇਖਿ ਅਘਾਇਆ ॥ ਦਉਰ ਚਰਨ ਪਰ ਮਾਥਾ ਲਾਇਆ ॥
ਸੀਤਾ ਆਇ ਬਾਂਮ ਪਗ ਲਾਗੀ ॥ ਮਸਤਕੁ ਚਰਨ[9] ਧਰਤ[10] ਅਨੁਰਾਗੀ ॥
ਹਰਿ ਹੀਐ ਲਾਇ ਪੀਪਾ ਉਠਾਇਆ ॥ ਮੁਖ ਪਗ ਝਾਰ ਰਥ ਪਰ ਬੈਠਾਇਆ॥
ਬਲਿ ਦੇਉ ਸੀਤਾ ਗੋਦ ਉਠਾਈ ॥ ਦੁਇ ਪਗ ਚੂਮ[11] ਰਥ ਪਰ ਬੈਠਾਈ ॥
ਪ੍ਰੇਮ ਕੀ ਲੀਲਾ ਅਗਮ ਅਪਾਰ ॥ ਤਹ[12] ਊਚ ਨੀਚ ਕਾ ਨਾਹ ਬੀਚਾਰ ॥51॥

ਦੋਹਰਾ ॥ ਆਨਿ ਉਤਾਰੇ ਨਾਰਬਹੁ ਜਹ ਰੁਕਮਨ ਕੋ ਧਾਮ ॥
ਦੇਖਿ[13] ਪ੍ਰੇਮ ਕਮਾਲਾ[14] ਛਿਕੋ[15] ਬਿਸਮੈ ਹੋਇ ਗਈ ਬਾਮ ॥1॥

ਚੋਪਈ ॥ ਐਸੋ ਠਾਕੁਰਿ ਹਰੀ ਮੁਰਾਰੀ ॥ ਜੋ ਤੀਨ ਭਵਨ ਕੋ ਆਹਿ ਅਧਾਰੀ ॥
ਸਕਲ ਲੋਕ ਤਿਸੁ ਜਪਿ ਸੁਖੁ ਪਾਵੈ ॥ ਸਭ ਦੇਵੀ ਦੇਵਾ ਤਿਸਹਿ[16] ਧਿਆਵੈ ॥
ਜਾ ਕੀ ਮਾਇਆ ਤ੍ਰਿਭਵਣ ਛਾਇਆ॥ ਤ੍ਰਿਗੁਨ ਅਤੀਤ ਕਉ ਜਿਨ ਬਿਰਮਾਇਆ॥
ਸੋ ਭਗਤਿ ਭਾਇ ਪ੍ਰੇਮ ਹਿਤਕਾਰੀ[17] ॥ ਭਗਤਨ ਕੀ ਤਿਨ ਸੇਵਾ ਧਾਰੀ ॥
ਸਭ ਕੋ[18] ਤਾਂ ਕੋ ਪ੍ਰੀਤਮੁ ਜਾਨੈ ॥ ਸੋ ਪ੍ਰੇਮੀ ਕਉ ਵਹ ਪ੍ਰੀਤਮੁ ਮਾਨੈ ॥52॥

---

(1) ੲ ਪੋਥੀ 'ਜਿਓ', (2) ੲ ਪੋਥੀ 'ਖਰੇਤੇ', (3) ਅ ਤੇ ੲ ਪੋਥੀ ਤੋਂ,
(4) ੲ ਪੋਥੀ 'ਬਸਿ', (5) ੲ ਪੋਥੀ 'ਇਉ', (6) ਅ ਤੇ ੲ ਪੋਥੀ 'ਦਰਸਨ',
(7) ੲ ਪੋਥੀ 'ਸੰਤਜਨਾ' (8) ਅ ਤੇ ੲ ਪੋਥੀ 'ਪੰਥ'. (9) ੲ ਪੋਥੀ 'ਧਰਨ',
(10) ੲ ਪੋਥੀ 'ਧਾਰ', (11) ੲ ਪੋਥੀ 'ਚੂਮ ਕਰਿ'. (12) ੲ ਪੋਥੀ 'ਤਾਹਿ',
(13) ੲ ਪੋਥੀ 'ਦੇਖੈ',
(14) ਅ ਪੋਥੀ 'ਕਮਲਾ',
(15) ੲ ਪੋਥੀ 'ਛਕੀ',
(16) ੲ ਪੋਥੀ 'ਤਿਸੈ',
(17) ੲ ਪੋਥੀ 'ਅਧਿਕਾਰੀ',
(18) ੲ ਪੋਥੀ 'ਕੋਈ'

ਦੋਹਰਾ ॥ ਜੋ ਠਾਕੁਰ ਤਿਹੁ ਲੋਕ ਕੋ ਸਭ ਕਉ ਅਪਕਰਿ ਕੀਨ ॥
ਸੋ ਆਗਿਆਕਾਰੀ ਭਗਤ ਕੋ ਅਹਿਨਿਸਿ ਰਹੈ ਅਧੀਨ ॥1॥

ਚੌਪਈ ॥ ਜਬ ਦਰਸਨੁ ਪਰਸਨੁ ਪੀਪੈ ਕੀਆ ॥ ਤਨੁ ਮਨੁ ਗਲਤ ਤਾਸ ਮੈ[1] ਭਇਆ[2] ॥
ਸੁਧਿ ਨ ਰਹੀ ਜਗਤ ਬਿਉਹਾਰੂ[3] ॥ ਮਨੁ ਹਰਿਓ ਮਾਨੋ ਖੋਰ ਸਿਧਾਰੂ ॥[4]
ਜਬ ਮੰਦਰ ਪੈਠਿ[5] ਬੁਧਿ ਤਬ ਆਖੀ ॥ ਕਛੁ ਤੁਮ ਹਰਿ ਕਉ ਭੇਟ ਨ ਰਾਖੀ ॥
ਤਬ ਉਠਿ[6] ਹਰਿ ਪਹਿ ਬਿਨਤੀ ਕਰਈ[7] ॥ ਮਨੁ ਤਨੁ ਧਨ ਤੇਰਾ ਸਭੁ ਅਹਈ ॥
ਜਬ ਤੁਮਰੈ ਸਾਧੂ ਸਿਛਾ ਦੀਨੀ ॥ ਤਬ ਮਮਤਾ ਭੇਟ[8] ਤੁਮਾਰੀ ਕੀਨੀ ॥53॥

ਦੋਹਰਾ ॥ ਇਹੁ ਜੀਉ ਪਿੰਡੁ ਤੇਰਾ ਪ੍ਰਭੁ ਮੈ ਮੇਰਾ ਕਛੁ ਨਾਹਿ ॥
ਪੁਨਿ ਤੇਰੀ ਇਹੁ ਭੇਟ ਹੈ ਰਾਖਹੁ ਸਰਨੀ ਮਾਹਿ ॥1॥

ਚੌਪਈ ॥ ਠਾਕੁਰ ਕਹੀ ਪੀਪਾ ਸਿਉ ਬਾਤਾ ॥ ਤੂ ਭਗਤਨ ਮਾਹਿ ਹੈ ਬਡੋ ਗਿਆਤਾ ॥
ਜਿਨ ਕੈ ਭੇਦ ਭਾਵ ਮਨ ਹੋਈ ॥ ਸੋ ਇਹੁ ਬਿਉਹਾਰ ਕਰੋ ਸਭੁ ਕੋਈ ॥
ਜਿਨ ਏਕ ਬਾਰ ਤਨੁ ਮਨੁ ਦੇ ਡਾਰਾ ॥ ਸੋ ਕਿਆ ਜਾਨੈ ਏਹੁ ਬਿਉਹਾਰਾ ॥
ਬਾਂਹ[9] ਪਕਰ ਆਸਨ ਬੈਠਾਰਾ ॥ ਅਤਿ ਸੁਖੁ ਪਾਇਆ ਅਪਰ ਅਪਾਰਾ ॥
ਜੋ ਸੰਸੈ ਮਨ ਮੈ ਕੁਛ ਰਹੀ ॥ ਸੋ ਗਲਤ ਗਈ[10] ਫੁਰੈ ਨਹੀ ਤਹੀ ॥54॥

ਦੋਹਰਾ ॥ ਸੋਲਹ ਸਹਸ ਠਕੁਰਾਨੀਆ ਜੁਰਿ ਆਈ ਹੋਇ ਹੋਇ ਪਾਤਿ[11] ॥
ਦਰਸਨੁ ਦੇਖੇ[12] ਪਗ ਪਰੈ ਪਰਦਛਨਾ ਕਰਿ ਜਾਤ ॥1॥

ਚੌਪਈ ॥ ਇਹੁ ਮਾਇਆ ਠਾਕੁਰ ਕੀ ਜਾਪੈ ॥ ਜੋ ਅਨਿਕ ਭਾਂਤਿ ਉਹ ਥਾਪਿ ਉਥਾਪੈ ॥
ਖਿਨ ਮਹਿ ਤੀਨ ਭਵਨ ਉਪਜਾਵੈ ॥ ਖਿਨ ਮਹਿ ਕੋਟ ਕਲਪ ਬੀਤਾਵੈ ॥
ਖਿਨ ਮਹਿ ਨਿਰੰਕਾਰ ਨਿਰਬਾਨ ॥ ਖਿਨ ਮਹਿ ਸਕਲ ਬਿਕਾਰ ਉਪਾਨ ॥
ਖਿਨ ਮਹਿ ਉਤਪਤਿ[13] ਕਰੈ ਕਰਾਵੈ ॥ ਖਿਨ ਮਹਿ ਪ੍ਰਲੈ ਕਰਿ ਸੁੰਨਿ ਸਮਾਵੈ ॥
ਖਿਨ ਮਹਿ ਛੂਛਮ ਖਿਨ ਮਹਿ ਅਸਥੂਲਾ ॥ ਕੋਈ ਨ ਜਾਨੈ ਤਾ ਕੀ ਲੀਲਾ ॥55॥

---

(1) ੲ ਪੋਥੀ 'ਮਹਿ'. (2) ਅ ਪੋਥੀ 'ਬੀਆ', (3) ਅ ਪੋਥੀ 'ਬਿਹਾਰੂ',
(4) ਪਾਠਾਂਤਰ ੲ ਪੋਥੀ 'ਮਨੁ ਹਾਰਿਓ ਹਰਿ ਖਰਾ ਸੁਧਾਰੂ',
(5) ਅ ਪੋਥੀ 'ਪੈਠਿਓ',
(6) ਅ ਤੇ ੲ ਪੋਥੀ 'ਉਨਿ',
(7) ਅ ਪੋਥੀ 'ਕਹਣੀ',
(8) ੲ ਪੋਥੀ 'ਭੇਰਿ',
(9) ਅ ਪੋਥੀ 'ਨਾ',
(10) ਅ ਪੋਥੀ 'ਪਾਹਿ',
(11) ੲ ਪੋਥੀ 'ਭਈ',
(12) ੲ ਪੋਥੀ 'ਦੇਖਤਿ',
(13) ੲ ਪੋਥੀ 'ਉਪਤਿ'

ਦੋਹਰਾ ॥ ਇਹ ਮਾਇਆ ਪ੍ਰਜੰਤ ਹੈ ਅਗਿਆਨ[1] ਦ੍ਰਿਸਟਿ ਦ੍ਰਿਸਟਾਇ ॥
ਹਰਿਚੰਦਉਰੀ ਨਗਰ ਜਿਉ ਹਰਿ ਰਚਿ[2] ਰਚੀ ਬਨਾਇ ॥1॥

ਚੌਪਈ ॥ ਜੌ ਸੰਸੈ ਪੀਪੈ ਮਨਿ ਹੋਈ ॥ ਗੁਰ ਪਾਸਉ ਪੂਛੀ ਥੀ ਸੋਈ ॥
ਇਹ ਨਿਵਰਤ[3] ਹੋਇ ਸੋ ਸੋਈ ॥ ਸੋ[4] ਰੁਕਮਨਿ[5] ਮਨਿ ਪਰਗਟੁ ਭਈ ॥
ਰੁਕਮਨਿ ਪੂਛੇ ਸ੍ਰੀ ਜਾਦ ਉਰਾਇ ॥ ਤੁਮ ਸਭ ਘਟ ਭੀਤਰਿ ਰਹੇ ਸਮਾਇ ॥
ਨਿਜ ਅਸਥਾਨ ਕਹਾ ਹੈ ਤੋਰਾ ॥ ਤਾ ਕਉ ਸਮਝ ਰਹੈ ਮਨੁ ਮੋਰਾ ॥
ਮਨ ਮਹਿ ਸਮਝ ਤਹੀ ਕਉ ਲਾਗਉ ॥ ਮਨੁ ਤਨੁ ਅਪਨਾ ਵਾ ਰਸ ਮਾਗਉ[6]॥56॥

ਦੋਹਰਾ ॥ ਸਰਬ ਬਿਆਪਕ ਏਕ ਰਸ ਭੇਦ ਭਾਵ ਤਹ[7] ਨਹਿ ॥
ਚੀਟੀ ਬ੍ਰਹਮਾ ਆਦਿ ਲੇ ਸਭ ਬ੍ਰਹਮੁ ਸਭਨਾ ਮਾਹਿ ॥1॥

ਚੌਪਈ ॥ ਇਹੁ ਤਤੁ ਬਿਚਾਰ ਜਿਨ ਕੈ[8] ਪਰਗਾਸਾ ॥ ਤਾ ਕਉ ਦੁਤੀਆ ਭਾਉ ਨ ਭਾਸਾ ॥
ਸੋਈ ਭਗਤ ਸੋਈ ਸੰਤੁ ਪਿਆਰਾ ॥ ਸੋਈ ਸਾਧੂ ਗਿਆਨੀ ਸਾਰਾ ॥
ਸੋ ਮਮ ਸਰੂਪ[9] ਹੈ ਰੁਕਮਨਿ ਰਾਨੀ ॥ ਇਹ ਗੁਹਜ ਕਹਾਨੀ ਵਿਰਲੇ ਜਾਨੀ ॥
ਤਾ ਮੈ ਨਿਜ ਅਸਥਾਨ ਹੈ ਚਾਰ ॥ ਦ੍ਰਿਗ ਰਸਨਾ ਹੀਆ ਚਰਨ[10] ਬਿਚਾਰ ॥
ਤਰਾ ਸਾਛਿ ਅਤ ਮੇਰੋ ਪਰਗਾਸੁ ॥ ਮਮ ਦਾਸੁ ਸਾਧ ਮੈ ਦਰਸਨ[11] ਦਾਸੁ ॥57॥

ਦੋਹਰਾ ॥ ਨਿਜ ਅਸਥਾਨ ਮੋ ਚਾਰ ਹੈ ਸਾਧ ਸਰੀਰੇ ਮਾਹਿ ॥
ਰੋਮ ਰੋਮ ਮੈ ਰਚਿ ਰਹਿਓ ਮੋ ਬਿਨੁ ਨਾ ਦਰਸਾਹਿ ॥1॥

ਚੌਪਈ ॥ ਚਛੁ ਅਸਥਾਨੁ ਪ੍ਰਤਛ ਦਿਖਾਊ ॥ ਸਭ ਘਟ ਮਾਹਿ ਪਰਛਿਨ[12] ਨ ਰਹਾਊ ॥
ਸਾਧ ਦਿਸਟ ਮੈ ਦੁਐਤ ਨ ਭਾਸਾ ॥ ਜਾਗ੍ਰਤ ਸੁਪਨ ਮੈ ਬ੍ਰਹਮ ਬਿਲਾਸਾ ॥
ਜਾ ਕੀ ਓਟ ਦਇਆ ਕਰਿ[13] ਤਾਕੈ ॥ ਆਪਸ[14] ਮਾਨ ਤਾਹਿ[15] ਕਰਿ ਸਾਕੈ ॥
ਰਸਨਾ ਮੈ ਮੈ ਸਦਾ ਰਹਾਊ ॥ ਮੈ ਹੀ ਸਭੁ ਕਿਛੁ ਕਰਉ ਕਰਾਊ ॥
ਹੀਐ ਮਾਹਿ ਪਰਕਾਸ ਸਰੂਪੀ ॥ ਰਾਚਿ ਰਹਿਓ ਹਉ ਰੂਪ ਅਰੂਪੀ ॥58 ॥

---

(1) ਅ ਪੋਥੀ 'ਅਗਿਆਨੀ', (2) ਅ ਪੋਥੀ 'ਰਚਨਾ', ੲ ਪੋਥੀ 'ਚਰਚਾ',
(3) ੲ ਪੋਥੀ 'ਨਿਰਵਾਰਤਿ', (4) ਅ ਤੇ ੲ ਪੋਥੀ 'ਸਭ',
(5) ਅ ਪੋਥੀ ਕਾਮਨਾ', (6) ਅ ਤੇ ੲ ਪੋਥੀ 'ਪਾਗਹੁ',
(7) ੲ ਪੋਥੀ 'ਕਹੁ', (8) ੲ ਪੋਥੀ 'ਮਨਿ'.
(9) ੲ ਪੋਥੀ 'ਰੂਪ',
(10) ੲ ਪੋਥੀ 'ਚਾਰਨ',
(11) ੲ ਪੋਥੀ 'ਸਾਧਨ',
(12) ੲ ਪੋਥੀ 'ਪ੍ਰਤਛ',
(13) ੲ ਪੋਥੀ 'ਕਾਰਿ',
(14) ੲ ਪੋਥੀ 'ਆਪਨਿ',
(15) ੲ ਪੋਥੀ 'ਡਾਰਿ'

ਦੋਹਰਾ ॥ ਚਰਨ ਕਵਲ ਜੋ ਸਾਧ ਕੇ ਮਕਰੰਦ ਸਿਉ ਭਰਪੂਰਿ ॥
ਮੈ ਮਧੁਕਰੁ ਹੋਇ ਪ੍ਰੇਮ ਬਸਿ ਹੋਤ ਨ ਤਿਨ ਤੇ ਦੂਰਿ ॥1॥

ਚੌਪਈ ॥ ਸਾਧ ਚਰਨ ਕਉ[1] ਸੇਵੈ ਜੋਈ[2] ॥ ਛਿਨ ਮਹਿ ਆਇ ਪਰਾਪਤਿ ਹੋਈ ॥
ਸਾਧ ਚਰਨ ਚਰਨਾਮ੍ਰਿਤੁ ਪਾਵੈ ॥ ਤਤਕਾਲ ਮਨੁ ਸੁਧੁ[3] ਹੋਇ ਆਵੈ ॥
ਸਾਧ ਚਰਨ ਜੋ ਧਰੈ ਧਿਆਨੁ ॥ ਤੁਰਤ ਹੀ ਤਾਹਿ[4] ਮਿਲੈ ਭਗਵਾਨੁ ॥
ਸਾਧ ਚਰਨ ਜੋ ਰਾਖੈ ਮਾਸਾ ॥ ਪਰਸਤ ਚਰਨ ਸੋ ਹੋਇ ਸਨਾਥਾ ॥
ਜਹ ਜਹ ਸਾਧ ਚਰਨ ਅਵਧਾਰੈ ॥ ਕੋਟਿ ਤੀਰਥ ਵਾ ਧਰ ਪਰ[5] ਵਾਰੇ ॥59॥

ਦੋਹਰਾ ॥ ਸਾਧ ਚਰਨ ਕੀ ਆਸ ਮੋਹਿ ਅਹਿਨਿਸ ਧਰਉ ਧਿਆਨੁ ॥
ਤਾਸ ਬਿਲਾਸ ਕੇ ਕਾਰਨੈ ਨਾਨਾ ਰਚਉ ਬਿਧਾਨੁ ॥1॥

ਚੌਪਈ ॥ ਪੁਨਿ ਅਨਿਕ ਪ੍ਰਕਾਰ ਪ੍ਰਸਾਦ ਅਪਾਰਾ[6] ॥ ਪੀਪੈ ਭੋਗਾਏ ਹਰੀ ਮੁਰਾਰਾ[7] ॥
ਸਾਤ ਦਿਵਸ ਲਉ ਲੀਲਾ ਠਾਨੀ ॥ ਤਾ ਕੀ ਉਪਮਾ ਕਿਨੂ ਨ ਜਾਨੀ ॥
ਪ੍ਰੇਮ ਪ੍ਰਭਾਉ ਜਾ ਘਟ ਮੈ ਆਵੈ ॥ ਏਕ[8] ਸੁਆਮੀ ਭਾਉ ਬਿਲਾਵੈ ॥
ਏਕੋ ਏਕੁ ਆਪਾ ਦਰਸਾਵੈ ॥ ਭੇਦ ਭਾਵ ਤਹ ਨਦਰਿ ਨ ਆਵੈ ॥
ਜਬ ਬਿਦਿਆ ਕੀ ਪ੍ਰਭ ਆਗਿਆ ਦੀਨੀ ॥ ਤਬ ਪੀਪੈ ਨੈ ਬਿਨਤੀ ਕੀਨੀ॥60॥

ਦੋਹਰਾ ॥ ਰੋਮ ਹਰਖ ਮਨੁ ਗਦ ਗਦ ਭਇਓ ਨੈਨਾ ਜਲ ਸਿਉ ਪੂਰ ॥
ਕਰ ਚਰਨ ਕਮਲ ਪਰ ਰਾਖਿ ਕੈ ਕਹੈ ਇਨ[9] ਤੇ[10] ਕਰਹੁ ਨ ਦੂਰਿ ॥1॥

ਚੌਪਈ ॥ ਤੂੰ ਠਾਕੁਰ ਮੈ ਤੁਮਰੋ ਦਾਸ ॥ ਮੋਹਿ ਈਹਾ ਰਾਖਹੁ ਚਰਨਾ ਪਾਸਿ ॥
ਜਉ ਪੀਪਾ ਤੂ ਈਹਾ ਰਹੈ ॥ ਤਉ ਲੋਕ ਐਸੇ ਤੁਮ ਕਹੈ ॥[11]
ਪੀਪਾ ਭਗਤੁ ਜਾਇ ਦਧ ਮੈ ਡੂਬਾ ॥ ਹਰਿ ਭੇਟਿਓ ਨਹੀ ਬਡੋ ਅਜੂਬਾ ॥
ਲੇ ਛਾਪਾ ਧਰ ਪਰ ਅਬ ਜਾਈਐ ॥ ਭਾਉ ਭਗਤਿ ਹਰਿ ਸਭਉ[12] ਦਿੜਾਈਐ ॥
ਤਬ ਆਗਿਆ ਪਾਇ ਵੈ ਉਠਿ ਸਿਧਾਏ ॥ ਪੀਪਾ ਸੀਤਾ ਦੋਊ ਬਾਹਰਿ ਆਏ
॥61॥

---

(1) ੲ ਪੋਥੀ 'ਜੋ',
(2) ੲ ਪੋਥੀ 'ਕੋਈ',
(3) ੲ ਪੋਥੀ 'ਸਿਧਿ',
(4) ੲ ਪੋਥੀ 'ਤਾਕੋ',
(5) ੲ ਪੋਥੀ 'ਪਹਿ',
(6) ੲ ਪੋਥੀ 'ਅਪਾਰੀ',
(7) ੲ ਪੋਥੀ 'ਮੁਰਾਰੀ',
(8) ੲ ਪੋਥੀ 'ਸੇਵਕ',
(9) ੲ ਪੋਥੀ 'ਏਹ',
(10) ੲ ਪੋਥੀ 'ਰਿ',
(11) ਪਾਠਾਂਤਰ ਅ ਤੇ ੲ ਪੋਥੀ 'ਤਿਉ ਸਗਲ ਲੋਕ ਐਸੇ ਤੁਮ ਕਹੈ',
(12) ੲ ਪੋਥੀ 'ਸਗਲਿ'

ਦੋਹਰਾ ॥ ਲੋਕ ਦੁਆਰਕਾ ਨਗ੍ਰ ਕੋ ਕਉਤਕੁ ਦੇਖੈ ਆਇ ॥
ਦੰਪਤ ਦਧ ਤੇ ਨੀਕਸੇ[1] ਸਾਤ ਦਿਵਸ ਬੀਤਾਇ ॥1॥

ਚੌਪਈ ॥ ਪ੍ਰੇਮ ਸਿਉ ਪੀਪਾ ਛਕਿਆ ਰਹੈ ॥ ਸੁਹਕਪਾਨ ਜਿਉ ਬਹਿਆ ਫਿਰੈ ॥
ਪਰਾਲਬਧ ਜਹਾ ਲੇ ਜਾਵੈ[2] ॥ ਸੀਤਾ ਸਹਤ ਤਹਾ ਉਠਿ ਜਾਵੈ ॥
ਨਿਰਬਾਸੀ ਦੋਊ ਪੁਰਖ ਵੈ ਨਾਰੀ ॥ ਇਹੁ ਜਗੁ ਆਤਮੁ ਤਿਨ ਦੇਈ ਦਿਖਾਰੀ ॥
ਜਗ ਮਹਿ ਬਿਚਰਤ[3] ਫਿਰਤ ਸੁਜਾਨਾ ॥ ਅਪਨਾ ਆਪੁ ਤਿਨ ਸਭੁ ਜਗੁ[4] ਜਾਨਾ ॥
ਦੁਤੀਆ ਭਾਉ ਤਿਸ ਗਇਓ ਬਿਲਾਈ ॥ ਜਿਨ ਪਰਮਾਤਮ ਪਰਚਾ ਪਾਈ॥62॥

ਦੋਹਰਾ ॥ ਪਰਮਾਤਮ ਆਤਮ ਏਕੁ ਹੈ ਏਕੋ ਜਗਤੁ ਆਕਾਰ ॥
ਤ੍ਰਿਭਵਨ ਏਕਾ ਜੋਤਿ ਹੈ ਜੇਤਾ ਇਹੁ ਅਸਾਰੁ [ਪਸਾਰਿ][5] ॥1॥

ਸੋਰਠਾ ॥ ਬਹੁ ਬਿਧਿ ਅਨਿਕ ਪ੍ਰਕਾਰ ਪੀਪਾ ਜੂ ਹਰਿ ਦੇਵ[6] ਸਿਉ[7] ॥
ਕ੍ਰੀੜਾ ਕਰੀ ਅਪਾਰ ਕਹਿ ਨੀਕੈ ਪੂਰਨ ਕਰੀ ॥2॥62॥10॥[9]

## ੧ਓ ਪਰਚੀ[8] ਸੈਨ[9] ਜੀ ਕੀ

ਚੌਪਈ ॥ ਸੈਨ ਨਾਈ ਕਾ ਸੁਨਿ ਇਤਹਾਸੁ ॥ ਜਿਵ ਤਿਸੁ ਪ੍ਰੇਮੁ ਭਇਓ ਪਰਗਾਸੁ ॥
ਸਾਧ ਸੰਗ ਮੈ ਅਹਿਨਿਸ ਜਾਵੈ ॥ ਹਰਿ ਚਰਚਾ ਸਿਉ ਪ੍ਰਿਤਿ ਲਗਾਵੈ ॥
ਜਹਾ ਕਥਾ ਵਾਰਤਾ ਹਰਿ ਕੀ ਹੋਈ ॥ ਸ੍ਰਵਨ ਕਰੈ ਪ੍ਰੇਮ ਸਿਉ ਸੋਈ ॥
ਜਹ ਕਹ[10] ਸਾਧਉ[11] ਕਉ ਸੁਨਿ ਪਾਵੈ ॥ ਜਾਇ ਭਾਉ ਕਰਿ ਗ੍ਰਿਹ ਮੈ ਲਿਆਵੈ ॥
ਚਰਨ ਧੋਇ ਚਰਨਾਮਤੁ ਲੇਵੈ ॥ ਬਿਤ ਤੇ ਬਾਹਰਿ ਸਾਧਉ ਸੇਵੈ ॥1॥

ਦੋਹਰਾ ॥ ਜਬ ਬਿਤ ਤੇ ਬਾਹਰਿ ਸੇਵਈ ਸਾਧ ਚਰਨ ਕੋਈ ਲੋਕ ॥
ਕਾਰਜੁ ਤਾ ਕੋ[12] ਤਬ ਸਰੈ[13] ਲੇਖੈ ਸਦਾ ਬਿਜੋਗ ॥1॥

---

(1) ਅ ਪੋਥੀ 'ਨੀਕਲੇ',
(2) ੲ ਪੋਥੀ 'ਆਵੈ',
(3) ੲ ਪੋਥੀ 'ਖ੍ਰਿਤਿ',
(4) ੲ ਪੋਥੀ 'ਮੋ',
(5) ਅ ਤੇ ੲ ਪੋਥੀ ਤੋਂ,
(6) ੲ ਪੋਥੀ 'ਸੋ',
(7) ੲ ਪੋਥੀ 'ਕਹੈ',
(8) ੲ ਪੋਥੀ 'ਪਰਪੀ',
(9) ੲ ਪੋਥੀ 'ਸੈਣ',
(10) ੲ ਪੋਥੀ 'ਵਹਿ',
(11) ਅ ਤੇ ੲ ਪੋਥੀ 'ਸਾਧੋ',
(12) ੲ ਪੋਥੀ 'ਕੇ',
(13) ੲ ਪੋਥੀ 'ਸਕੇ'

ਚੌਪਈ ॥ ਜਉ ਲੇਖੈ ਮਹਿ ਵਰਤੈ ਪ੍ਰਾਨੀ ॥ ਤਿਸੁ ਪ੍ਰੇਮੁ ਕੋ ਲੇਸੁ ਨਾਹਿ[1] ਅਗਿਆਨੀ ॥
ਲੇਖੈ ਮੈ ਹੈ ਇਹੁ ਜਗੁ ਸਾਰਾ ॥ਪ੍ਰੇਮੁ ਨ ਲੇਖੈ ਕਉ ਬੀਚਾਰਾ ॥
ਜਉ ਲਉ ਗਣਤੀ ਇਸ ਕੈ ਅਹੈ ॥ ਤਉ ਲਉ ਪ੍ਰੇਮੁ ਨ ਤਾ[2] ਘਟ ਰਹੈ ॥
ਜਬਹਿ ਪ੍ਰੇਮੁ ਰੇ[3] ਘਟ ਮੈ ਬਸੈ ॥ ਤਬ ਲੇਖਾ ਜਾਇ ਅਲੇਖੈ ਰਸੈ ॥
ਅਲੇਖ ਪੁਰਖ ਸਿਉ ਮਿਲਿ ਜਾਈ ॥ ਜਿਨ ਲੇਖੇ ਕੀ ਸਭ ਬਾਤ ਚੁਕਾਈ ॥2॥

ਦੋਹਰਾ ॥ ਸਭ ਕੇ ਸਿਰ ਪਰ ਲੇਖੁ ਹੈ ਪ੍ਰੇਮੀ ਡਾਰਿਓ ਧੋਇ[4] ॥
ਤਉ ਪ੍ਰੇਮੀ ਕੇ ਸਿਰ ਪਰ ਰਹੈ ਜਉ ਪ੍ਰੀਤਮ ਸਿਰਿ ਹੋਇ ॥1॥

ਚੌਪਈ ॥ ਸੈਨੈ ਸਾਧ ਸੰਗਤਿ[5] ਜਬ ਪਾਈ ॥ ਤਿਨ ਤੇ ਤਿਸ[6] ਕਉ ਇਹੁ ਮਤਿ ਆਈ ॥
ਇਹੁ ਜਗੁ ਸਗਲਾ ਬਿਖੈ ਬਿਉਹਾਰਾ ॥ ਆਤਮ ਤਿਨ ਤੇ ਆਹਿ ਨਿਆਰਾ ॥
ਸਾਰ ਅਸਾਰ ਮਿਲੇ ਦੁਇ ਜਾਨੈ ॥ ਕਰਿ ਬਿਬੇਕ ਸੋ ਨਾਹਿ ਪਛਾਨੈ[7] ॥
ਅਹਿਨਿਸ ਚਿੰਤਾ ਮਨ ਮਹਿ ਰਹੈ ॥ ਦੇਖਿ ਸਾਧ ਸੋ ਤਿਨ ਪਹਿ ਕਹੈ ॥
ਜਉ ਲਉ ਇਹੁ ਚਿੰਤਾ ਨਹੀ ਜਾਈ ॥ ਤਉ ਲਉ ਇਸ ਕਉ ਚੈਨ ਨ ਪਾਈ॥3॥

ਦੋਹਰਾ ॥ ਜਿਨ ਕਉ[8] ਚਿੰਤਾ ਰੋਗੁ ਹੈ ਤਿਨੈ ਨ ਸੁਖ ਕੋ ਲੇਸੁ ॥
ਇਕੁ ਚਿੰਤਾ ਚਿੰਤਾ ਕਰੈ ਇਕ ਚਿੰਤਾ ਗਿਆਨ ਪ੍ਰਵੇਸੁ ॥1॥

ਚੌਪਈ ॥ ਇਕੁ ਦਿਨੁ ਸਾਧੁ ਤਿਸੁ ਗ੍ਰਿਹਿ ਆਇਆ ॥ ਅਧਿਕ ਪ੍ਰੇਮ ਸਿਉ ਤਾ ਕਉ ਭਾਇਆ॥
ਕਰਿ ਪੂਜੀ [ਪੂਜਾ][9] ਤਿਨ ਬਿਨਤੀ ਕਰੀ ॥ ਸੋ ਅਜਰ ਜਿਵ ਜਾਇ ਨ ਜਰੀ ॥
ਇਹੁ ਦਿਸਟਿਮਾਨ ਜੋ ਦੀਸੈ ਸਾਰਾ ॥ ਤਹ[10] ਕਉਨ ਸਾਰ ਕਿਆ ਆਹਿ ਅਸਾਰਾ॥
ਹੇ ਪ੍ਰਭ ਮੋਕਉ ਦੇਹੁ ਬਤਾਈ ॥ ਅਹਿਨਿਸ ਮਨ ਮੋ ਚਿੰਤ ਰਹਾਈ ॥
ਜਉ ਸਾਰ ਅਸਾਰ ਕਉ[11] ਸੁਨਿ ਪਾਵਉ ॥ ਛੋਡਿ ਅਸਾਰ ਸਾਰ ਚਿਤੁ ਲਾਵਉ॥4॥

ਦੋਹਰਾ ॥ ਸਾਧ ਬਡੇ ਪਰਸੁਆਰਥੀ ਘਨ ਜਿਉ[12] ਬਰਸਹਿ[13] ਆਇ ॥
ਦਾਹੁ ਮਿਟਾਵਹਿ ਜੀਅ ਕਾ ਅੰਮ੍ਰਿਤ ਕਉ ਚਵਾਇ [ਅਚਵਾਇ][14] ॥1॥

---

(1) ੲ ਪੋਥੀ 'ਨਹਿ', (2) ੲ ਪੋਥੀ 'ਤਿਨ ਕੇ', (3) ੲ ਪੋਥੀ 'ਇਸ',
(4) ੲ ਪੋਥੀ 'ਮੋਇ', (5) ੲ ਪੋਥੀ 'ਸੰਗੁ',
(6) ਅ ਪੋਥੀ 'ਤਿਨ',
(7) ੲ ਪੋਥੀ 'ਪਹਛਾਨੈ',
(8) ੲ ਪੋਥੀ 'ਕੈ',
(9) ਅ ਤੇ ੲ ਪੋਥੀ ਤੋਂ,
(10) ੲ ਪੋਥੀ 'ਕਹੁ',
(11) ੲ ਪੋਥੀ 'ਮੈ',
(12) ਅ ਪੋਥੀ 'ਜਿਬ',
(13) ੲ ਪੋਥੀ 'ਬਰਖੈ',
(14) ੲ ਪੋਥੀ ਤੋਂ

ਚੌਪਈ ॥ ਸਾਧ ਅਹੈ ਜੋ ਪਰਮ ਬਬੇਕੀ ॥ ਜਾਨਤ ਹੈ ਵੈ ਸਭ ਕੇ ਜੀਅ ਕੀ ॥
ਇਵ[1] ਤਿਸੁ ਕਉ ਕਹਿਓ ਸਮਝਾਈ ॥ ਬਿਖਿ ਆਵਿਖਿ ਸਮ ਜਾਨੋ ਭਾਈ ॥
ਤਿਸਹਿ ਤਿਆਗ ਅੰਮ੍ਰਿਤ ਕਰਿ ਪਾਨਾ[2] ॥ ਛਿਮਾ ਆਦਿ ਜੋ ਬਿਪ੍ਰ[3] ਬਖਿਆਨਾ[4]॥
ਤਬ ਸਾਰ ਅਸਾਰ ਬੂਝਿਓ ਜੋ ਚਹੈ ॥ ਜਾਨਿ ਅਧਿਕਾਰੀ ਤੋ ਕਉ ਕਹੈ ॥
ਰਾਜਾ ਜਨਕ ਕਉ ਜੋ ਮੁਨਿ ਆਖੀ ॥ ਤਾ ਕੀ ਤਿਨ ਨੈ ਦੀਨੀ ਸਾਖੀ ॥5॥
ਦੋਹਰਾ ॥ ਸਬਦ ਸਪਰਸ ਰੂਪ ਰਸ ਬਾਸਹਿ ਬਿਖੁ ਸਮ ਜਾਨਿ ਤਿਆਗ ॥
ਛਿਮਾ ਆਰ ਜਵ ਦਇਆ ਤੋਖ ਸਤਿ ਅੰਮ੍ਰਿਤੁ ਲਾਗ[5] ॥1॥
ਚੌਪਈ ॥ ਸੈਨ ਕਹੈ ਇਹ ਬਿਖਿਆ ਜੋਈ ॥ ਸੋ[6] ਕੈਸੇ ਤਜਿ ਸਕਿ ਹੈ ਕੋਈ ॥
ਜਉ ਇੰਦ੍ਰੀ[7] ਕਓ ਮੂੰਦ ਰਖਾਈ ॥ ਤਊ ਪ੍ਰਾਨ ਕਉ[8] ਅੰਤ ਹੋਇ ਜਾਈ ॥
ਜਉ ਪ੍ਰਾਨ ਕੀ ਧਰੈ ਨਿ ਆਸਾ ॥ ਤਊ ਏ ਮਨ ਮਹਿ ਕਰਹਿ ਬਿਲਾਸ ॥
ਮਨ ਮਹਿ[9] ਫੁਰਹਿ[10] ਤਜੀ ਨ ਜਾਂਹੀ[11] ॥ ਤਿਨ ਕੋ ਸੰਜਮੁ ਕੈਸੈ ਕਰਾਹੀ ॥[12]
ਰਾਗੁ ਦੁਏਖ ਬਿਖੈ ਮਾਹਿ ਰਹਾਈ ॥ ਤਿਹ ਤਜੁ ਜਉ[13] ਬਿਖੈ ਤਜੀ ਨਹੀ ਜਾਈ ॥6॥
ਦੋਹਰਾ ॥ ਜਬ ਲਗੁ ਮਨ ਮਹਿ ਕਾਮਨਾ ਤਬ ਲਗੁ ਦੁਏਖ ਅਰੁ ਰਾਗ ॥
ਹੋਇ ਨਿਹਕਾਮੀ[14] ਬਿਰਾਜੀਐ ਪ੍ਰੀਤਮੁ ਰਹੀਐ ਲਾਗ ॥1॥
ਚੌਪਈ ॥ ਪੁਤ੍ਰ ਕਲਤ੍ਰ ਮਿਤ੍ਰ ਬਿਉਹਾਰਾ ॥ ਕਰਮ ਧਰਮ ਜਗਤ ਆਚਾਰਾ ॥
ਸੁਖ ਸੰਪੈ ਸਗਲੀ ਜੋ ਆਹੀ ॥ ਇਹਲੋਕ ਪਰਲੋਕ ਦੋਨੋ ਮਾਹੀ ॥
ਬ੍ਰਹਮਾ ਆਦਿ ਚੀਟੀ ਲਉ ਕੋਈ ॥ ਰੂਪ ਨਾਮ ਗੁਨ ਧਰੈ ਜੋ ਕੋਈ ॥
ਲਘੁ[15] ਦੀਰਘੁ ਜੋ ਦੇਇ ਦਿਖਾਈ ॥ ਸਭੁ ਅਸਾਰੁ ਹੈ ਸੈਨਾ ਭਾਈ ॥
ਹੈ ਨਾਹੀ ਪਰਤਛਿ ਦਿਖਾਵੈ ॥ ਸੁਪਨ ਪਦਾਰਥ ਜਿਉ ਦਰਸਾਵੈ ॥7॥
ਦੋਹਰਾ ॥ ਤਤੁ ਆਤਮੁ ਨਿਰਮਾਲੁ ਸਾਰੁ ਹੈ ਸਭ ਘਟਿ ਜੋਤਿ ਪ੍ਰਕਾਸ ॥
ਤਾ ਕੀ ਸਤਿਆ ਪਾਇ ਕੈ ਇੰਦ੍ਰੀ ਕਰੈ ਬਿਲਾਸ ॥1॥
ਚੌਪਈ ॥ ਆਤਮੁ ਨਿਰਮਲੁ ਸਾਰੁ ਥਿਰਾਜੈ ॥ ਸਭ ਘਟ ਪੂਰਨ ਛਬ ਤਿਸੁ ਛਾਜੈ ॥
ਘਟ ਮਟ ਫੂਟ ਬਿਨਸਿ ਸਭ ਜਾਵੈ ॥ ਜਲ ਤਰੰਗ ਜਿਉ ਜਲਹਿ ਸਮਾਵੈ ॥

---

(1) ਅ ਪਥੀ 'ਤਿਵ', (2) ਇ ਪੋਥੀ 'ਪਾਨ', (3) ਅ ਪੋਥੀ 'ਪ੍ਰਿਆ, ਇ ਪੋਥੀ 'ਧਰਮੁ',
(4) ਇ ਪੋਥੀ 'ਬਖਿਆਨੁ', (5) ਪਾਠਾਂਤਰ ਅ ਪੋਥੀ 'ਛਿਮਾ ਅਰ ਦਇਆ ਸੰਤੋਖ ਸਤਿ ਬੋਲਨਾ ਅਮ੍ਰਿਤੁ ਲਾਗ', ਇ ਪੋਥੀ ਛਿਮਾ ਅਰ ਜਿਉ ਦਇਆ ਸੰਤੋਖ ਤਬ ਬੋਲਨਿ ਅੰਮ੍ਰਿਤ ਲਾਗੁ',
(6) ਇ ਪੋਥੀ 'ਜੋ', (7) ਅ ਤੇ ਇ ਪੋਥੀ 'ਇੰਦ੍ਰੀਆ' (8) ਇ ਪੋਥੀ 'ਕੋ',
(9) ਇ ਪੋਥੀ 'ਇਹ', (10) ਇ ਪੋਥੀ 'ਫੇਰਿ', (11) ਇ ਪੋਖੀ 'ਜਾਈ',
(12) ਅ ਪੋਥੀ 'ਕਰਹਾਈ',
(13) ਇ ਪੋਥੀ 'ਜਾਉ',
(14) ਇ ਪੋਥੀ 'ਨਿਹਕਾਮ',
(12) ਅ ਪੋਤੀ 'ਲਘ'.
(16) ਇ ਪੋਥੀ 'ਮਟ'

ਆਤਮ ਜਿਵੈ[1] ਮਹੋਦਧ ਭਾਈ ॥ ਬਿਸੁ[2] ਲਹਰੀ ਬੁਦਬੁਦ ਉਪਜ ਸਮਾਈ ॥
ਜੀਅ ਤਰੰਗ ਉਠਹਿ ਤਿਹ ਸਾਗਰ ॥ ਸਾਰ ਸਰੂਪ ਆਤਮ ਉਜੀਆਗਰ[3] ॥
ਕਰਿ ਕ੍ਰੀੜਾ ਤਾਂ ਮਹਿ ਮਿਲਿ ਜਾਵਹਿ ॥ ਤਜੈ ਸਰੂਪ ਅਸਾਰ ਕਹਾਵਹਿ ॥8॥

ਦੋਹਰਾ ॥ ਆਤਮੁ ਨਿਰਮਲੁ ਸਾਰੁ[4] ਹੈ[5] ਤਾਂ ਕੋ ਜਗਤੁ ਬਿਕਾਰੁ[6] ॥
ਰੂਪ ਨਾਮ ਗੁਨ ਸਕਲ[7] ਕਉ ਤਾਂ ਤੇ ਕਹੈ ਅਸਾਰੁ ॥1॥

ਚੌਪਈ ॥ ਸੋ ਰੂਪ ਨਾਮੁ ਤਾ ਤੇ ਨਹੀ ਨਿਆਰਾ ॥ ਇਕ ਆਤਮ ਕੋ ਹੈ ਇਹੁ ਪਸਾਰਾ ॥
ਜਬ ਸਾਧਉ ਨੇ ਏਹ ਬੁਝਾਈ ॥ ਤਬ ਸੈਨ ਭਗਤਿ ਮਨਿ ਨਿਸਚੈ ਆਈ ॥
ਰੂਪ ਨਾਮ ਗੁਨ ਰਹਤ ਬੀਚਾਰੈ ॥ ਇਕੁ ਆਤਮੁ ਸਭੁ ਰੂਪੁ ਨਿਹਾਰੈ ॥
ਦੁਤੀਆ ਭਾਉ ਮਨ[8] ਤੇ ਮਿਟਿ ਗਇਆ ॥ ਸਕਲ ਜਗਤੁ ਭਇਓ ਏਕੈ ਮਇਆ ॥
ਸਾਧ ਸੰਗ[9] ਸਿਉ ਅਤਿ ਰੁਚਿ ਮਾਨੈ ॥ ਲਾਭ ਅਸਥਾਨ ਤਾਹਿ ਕਉ ਜਾਨੈ ॥9॥

ਦੋਹਰਾ ॥ ਰੂਪ ਨਾਮ ਗੁਨ ਜਗਤ ਕਉ ਜਾਨਿਓ ਸਕਲ ਅਸਾਰ ॥
ਤਾਹਿਓ ਪੇਛ[10] ਮਾਨਿਆ ਪਰਮਾਤਮ ਸਾਰ ਬਿਚਾਰ ॥1॥

ਚੌਪਈ ॥ ਕਰੈ ਸਕਲ ਦਿਵਸ ਸਧਾਉ ਕੀ ਸੇਵਾ ॥ ਸਭ ਘਟ ਪੂਜੈ ਅਲਖ ਅਭੇਵਾ ॥
ਹੋਇ ਰੈਨ[11] ਰਾਜਾ ਪਹਿ ਜਾਵੈ ॥ ਚਾਕੁਰ ਰਾਜਾ ਕਾ ਕਹਿਲਾਵੈ ॥
ਤਨੁ ਉਸ ਕਾ ਪਰਾਲਬਧ ਅਧੀਨਾ ॥ ਮਨੁ ਰਹੈ ਆਤਮ ਰਸ ਸਿਉ ਭੀਨਾ ॥
ਤਨੁ ਤਿਸੁ ਜਾਇ ਰਾਜਾ ਕਉ ਸੇਵੈ ॥ ਮਨੁ ਨਹੀ ਭਾਇ[12] ਦੂਸਰੈ ਦੇਵੈ ॥
ਤ੍ਰਿਗੁਣ ਅਤੀਤ ਅਵਸਥਾ ਪਾਈ ॥ ਜੀਵਨ ਮੁਕਤਿ ਸੋ ਸੈਨ ਸੁਹਾਈ ॥10॥

ਦੋਹਰਾ ॥ ਜੀਵਨ ਮੁਕਤਿ ਹੈ ਸਾਧਜਨ ਤਨ[13] ਕਾ[14] ਕਰੈ ਬਿਉਹਾਰ ॥
ਜਿਸੁ[15] ਆਸ੍ਰਮ ਮੈ ਵੈਰ ਹੈ ਆਨੁ ਬਾਰਜ[16] ਜਿਉ ਬਾਰ ॥1॥

ਚੌਪਈ ॥ ਇਕ ਦਿਨ ਸਧਨਾ[17] ਭਗਤੁ ਗਿਆਨੀ ॥ ਵਾ ਘਰ ਆਇ ਰੈਨ ਗੁਜਰਾਨੀ ॥
ਸੇਵਾ ਪੂਜਾ ਬਹੁ ਬਿਧਿ ਠਾਨੀ ॥ ਪ੍ਰੇਮ ਮਗਨ ਹੋਇ ਸੈਨ ਗਿਆਨੀ ॥
ਬ੍ਰਹਮ ਨਿਰੂਪਨਿ ਚਰਚਾ ਹਰੀ[18] ॥ ਸਕਲ ਰੈਨ ਬੈਠੇ ਤਿਨ ਕਰੀ ॥
ਮਨ ਚਿਤ ਬੁਧਿ ਥਕਤ ਹੋਈ ਗਈ ॥ ਸੇਵਾ ਭੂਪਤਿ ਭੂਲਤ ਭਈ ॥
ਸਾਧ ਸੇਵਾ ਮੈ ਮਨੁ ਮਗਨਾਨਾ ॥ ਤਨ[19] ਕਉ ਭੂਲਿਓ ਜਗਤ ਗਿਆਨਾ ॥11॥

ਦੋਹਰਾ ॥ ਤਨੁ ਇੰਦ੍ਰੀ ਮਨੁ ਅਧੀਨੁ ਹੈ ਜਹ ਮਨੁ ਤਹ ਵੈ ਜਾਹਿ ॥
ਜਬ ਗਿਆਨ ਅਗਨਿ ਮਨ ਮੈ ਜਗੈ ਪਟ[20] ਦਾਧੇ ਜਿਉ ਨਿਰਖਾਹ[21] ॥1॥

---

(1) ੲ ਪੋਥੀ 'ਤਿਵੇ', (2) ੲ ਪੋਥੀ 'ਬਿਮ', (3) ੲ ਪੋਥੀ 'ਉਪਜਿਆ ਆਗਰ', (4) ਅ ਤੇ ੲ ਪੋਥੀ 'ਤਾਸੁ', (5) ਅ ਤੇ ੲ ਪੋਥੀ 'ਤੇ', (6) ੲ ਪੋਥੀ 'ਬਿਸਾਰ', (7) ੲ ਪੋਥੀ 'ਸਗਲ', (8) ੲ ਪੋਥੀ 'ਮਨਹਿ', (9) ੲ ਪੋਥੀ 'ਸੰਗਤਿ', (10) ਅ ਪੋਥੀ 'ਪਿਛੈ', ੲ ਪੋਥੀ ਪਾਛੈ', (11) ੲ ਪੋਥੀ 'ਰਨੇ', (12) ੲ ਪੋਥੀ 'ਭਾਉ', (13) ੲ ਪੋਥੀ 'ਤਹ', ੲ ਪੋਥੀ 'ਤਿਹਿ', (14) ਅ ਤੇ ੲ ਪੋਥੀ 'ਕਰਿ'' (15) ਅ ਪੋਥੀ 'ਤਿਸੁ', ੲ ਪੋਥੀ 'ਜਿਹ', (16) ਅ ਪੋਥੀ 'ਬ੍ਰਜ', (17) ੲ ਪੋਥੀ 'ਸਨਾ', (18), ਪਾਠਾਤਰ ੲ ਪੋਥੀ 'ਪ੍ਰੇਮ ਸਰੂਪ ਮੇ ਚਰਚਾ ਹਰੀ', (19) ੲ ਪੋਥੀ 'ਤਿਨ', (20) ਅ ਪੋਥੀ 'ਪੇਟ' (21) ੲ ਪੋਥੀ 'ਦਿਖਰਾਇ',

ਚੌਪਈ ॥ ਜੋ ਪ੍ਰਾਨੀ ਹਰਿ ਸਿਉ ਰਤੁ[1] ਆਹੈ[2] ॥ ਹਰਿ ਕਾਰਜੁ ਤਿਨ ਕੋ ਓਰ ਨਿਬਾ ਹੈ[3] ॥
ਭਾਵਨਾ ਹਰਿਜਨ ਹਰਿ ਜਿਉ ਕਰੈ ॥ ਹਰਿ ਤਿਸੁ ਕਾਜੁ ਸਵਾਰਤ ਫਿਰੈ ॥
ਜੋ ਜਨੁ ਹਰਿ ਕੀ ਸੇਵਾ ਲਾਗੈ ॥ ਹਰਿ ਸਹਾਇ ਤਿਸੁ ਕਾਜੁ ਨ ਖਾਗੈ ॥
ਜੋ ਇਹੁ ਤਨਕੁ ਹਰਿ ਜੀਉ ਓਰ ਆਵੈ ॥ ਹਰਿ ਜਗਤ ਤੇ ਖੈਚਿ ਆਪ ਮਾਹਿ ਮਿਲਾਵੈ ॥[4]
ਸੈਨ ਭਗਤਿ ਹਰਿ ਸਿਉ ਮਨੁ ਲਾਇਆ ॥ ਹਰਿ ਹੋਇ ਸੈਨ ਰਾਜਾ[5] ਪਹਿ ਆਇਆ ॥12॥

ਦੋਹਰਾ ॥ ਵਹੀ ਰੂਪ ਬੋਲਨ ਵਹੀ ਵਹੀ ਲਟਪਟੀ ਚਾਲ ॥
ਸੈਨੇ ਹੀ ਕੀ ਭਾਂਤਿ ਸਭ ਕਰਤ ਹੈ ਹਰੀ[6] ਖਿਆਲ ॥1॥

ਚੌਪਈ ॥ ਕਬਹੀ ਚਰਨ ਰਾਜਾ ਕੇ ਦਾਬੈ ॥ ਕਬਹੂ ਅੰਗੁਰੀਆ[7] ਚਰਨ ਮਟਕਾਵਨ ਲਾਗੈ ॥
ਤਲੀਆ ਝਨੈ[8] ਅਉ ਦਾਬੈ ਸੋਈ ॥ ਪੁਨਿ ਜੰਘਹਿ ਦਾਬਿਹਿ[9] ਤਾ[10] ਵੈ ਸੋਈ ॥
ਜਬ ਮੁਕੀਆ ਮਾਰੈ ਧੁਨਿ ਉਪਜਾਵੈ ॥ ਮਾਨੋ ਸਬਦੁ ਅਨਾਹਦੁ ਵਾਵੈ ॥
ਸਭ ਅੰਗਨ ਕਰਿ ਕੋਮਲ ਪਿਆਰੈ ॥ ਲਗਤ ਜੁ ਸੁਖੁ ਹੋਇ ਕਉਨ ਬੀਚਾਰੈ ॥
ਰਾਜਾ ਰੀਝ ਬਹੁਤੁ ਸੁਖੁ ਪਾਵੈ ॥ ਜਿਉ ਮੂਕ ਮਿਠਾਈ ਕਹਨੁ[11] ਨ ਆਵੈ ॥13॥

ਦੋਹਰਾ ॥ ਬਹੁ ਬਿਧਿ ਸੇਵੈ ਪ੍ਰਭ ਕਰੀ ਭਗਤਿ ਹਿਤਕਾਰੀ ਸਿਆਮ ॥
ਕਰਿ ਭਾਉ ਭਗਤਿ ਬੀਤਾਇਆ ਜਾਮਨੀ ਚਾਰੋ ਜਾਮ ॥1॥

ਚੌਪਈ ॥ ਜਬ ਹੀ ਸਮੈ[12] ਅਰਣੋਦੈ ਆਇਆ ॥ ਆਨਿ ਅਗਨਿ ਜਲ ਕਉ ਅਉਟਾਇਆ ॥
ਪੁਨਿ ਰਾਜਾ ਨੈ ਆਗਿਆ ਕਰੀ ॥ ਸੁਗੰਧ ਤੇਲ ਲਿਆਵਉ ਇਹ ਘਰੀ ॥
ਚਰਨ[31] ਸਿਉ[14] ਵਾ ਤੇਲੁ ਲਗਾਵਉ ॥ ਪਾਉ ਸੇਰੁ ਅੰਗ ਮਾਹਿ ਪਚਾਵਉ ॥
ਜਿਵ ਰਾਜਾ ਕੀ ਆਗਿਆ ਆਈ ॥ ਤੈਸੈ ਹੀ ਹਰਿ ਸੈਨ ਕਮਾਈ ॥
ਆਨਿ ਤੇਲ ਮਰਦਨੁ ਕਰੈ[15] ਲਾਗਾ ॥ ਲਗਤ ਚਰਨ ਸੋ ਭਇਓ ਸਭਾਗਾ ॥14॥

---

( ) ਏ ਪੋਥੀ 'ਰਾਤਿਆ', (2) ਏ ਪੋਥੀ 'ਅਹੈ', (੩) ਏ ਪੋਥੀ 'ਨਿਬਹੈ',
(4) ਪਾਠਾਂਤਰ ਏ ਪੋਥੀ 'ਜਗ ਤੇ ਖਿੰਚ ਆਪਿ ਉਰ ਲਿਆਵੈ', (5) ਏ ਪੋਥੀ 'ਰਾਜੇ',
(6) ਏ ਪੋਥੀ 'ਪੂਰਨ', (7) ਅ ਪੋਥੀ 'ਅੰਗਰੀ', ਏ ਪੋਥੀ 'ਅੰਗੁਰੀ',
(8) ਏ ਪੋਥੀ 'ਝਾਲੈ',
(9) ਏ ਪੋਥੀ 'ਦਾਬੈ',
(10) ਏ ਪੋਥੀ 'ਭਾ',
(11) ਏ ਪੋਥੀ 'ਕਹਿ',
(12) ਅ ਪੋਥੀ 'ਸਮ'.
(13) ਏ ਪੋਥੀ 'ਚਰਨਨ',
(14) ੲ ਪੋਥੀ 'ਕੌ',
(15) ਅ ਪੋਥੀ 'ਕਉ'

ਦੋਹਰਾ ॥ ਚਰਨ ਕਵਲ[1] ਜਿਹ ਪਰਸਹੀ ਤਨੁ ਮਨੁ ਸੀਅਰਾ ਹੋਇ ॥
ਮਾਸੋ ਪਾਰਸ ਪਰਸ[2] ਕਰਿ ਲੋਹਾ ਕੰਚਨ ਹੋਇ ॥1॥

ਚੌਪਈ ॥ ਘਟੀ ਰੈਨਿ ਜਗ ਦਿਨੀ[3] ਅਰੁ[4] ਛਾਇਆ ॥ ਦਿਖਾਇ ਮੁਕਰੁ ਹਰਿ ਸੈਨੁ ਸਿਧਾਇਆ॥
ਚਮਤਕਾਰੁ ਰਾਜਾ ਕੈ ਭਇਆ ॥ ਚਰਨ ਪ੍ਰਤਾਪ ਤਿਮਰੁ ਮਿਟਿ ਗਇਆ ॥
ਰਾਜੈ ਜਾਨੀ ਇਹ ਕਲਾ ਪਛਾਨੀ ॥ ਸੈਨ ਭਗਤੁ ਹੈ ਬਡੋ ਗਿਆਨੀ ॥
ਤਾ ਕੇ ਚਰਨ ਛੁਹਤ ਮਨੁ ਮੇਰਾ ॥ ਨਿਰਮਲ ਹੋਇ ਓਹੈ[5] ਇਹ ਬੇਰਾ ॥
ਸੈਨ ਚਰਨ ਮੋ ਹਿਰਦੈ ਧਾਰੇ ॥ ਰਿਦ ਪਦਮੁ ਪ੍ਰਗਾਸ ਗਿਆਨ ਉਪਚਾਰੇ[6] ॥15॥

ਦੋਹਰਾ ॥ ਜਿਹ ਚਰਨਨ ਅਹਿ ਬਿਖੁ ਹਰੀ ਅਹਿਲੀਆ ਕੀਓ ਉਧਾਰੁ ॥
ਤੇਈ ਚਰਨ ਹਰਿ ਸੈਨ ਧਾਰਿ ਕਰ ਮੋ ਮਨ ਕਟਿਓ ਬਿਕਾਰੁ ॥1॥

ਚੌਪਈ ॥ ਬ੍ਰਹਮ ਮਹੂਰਤਿ ਸੈਨੁ ਉਠਾਇਆ ॥ ਸਧਨਾ ਅਪੁਨੇ ਘਰਹਿ ਸਿਧਾਇਆ ॥
ਏਕ ਕੋਸ ਲਉ ਸੈਨਾ ਗਇਓ ॥ ਕਰਿ ਪਰਨਾਮੁ ਬਿਦਾ ਤਬ ਭਇਓ ॥
ਅਤਿ ਸੁਕਚਾਇ ਰਾਜਾ ਪਹਿ ਆਇਆ ॥ ਰਾਜਾ ਦੇਖਿ ਪਗ ਨਾਗੇ ਧਾਇਆ ॥
ਅਸਟਾਂਗ ਡੰਡਉਤੇ ਕਰਿ ਪਗ ਪਕਰੇ ॥ ਅਤਿ ਹੈਰਾਨੁ ਲੋਕ ਭਏ ਸਗਰੇ ॥
ਸੈਨ ਬਿਸਮੈ ਹੋਇ ਮਨਹਿ ਨਿਹਾਰੀ॥ ਇਹੁ ਉਲਟੀ ਗਤਿ[7] ਕਿਆ ਜਾਇ ਬਿਚਾਰੀ ॥16॥

ਦੋਹਰਾ ॥ ਸੈਨ ਅਨਭਉ[8] ਤੇ ਜਾਨਿਆ ਹਰਿ ਕਛੁ ਕੀਆ ਖਿਆਲ ॥
ਅਬ ਰਾਜਾ ਭੂਪਤਿ ਭਇਓ[9] ਜਬ ਹਰਿ ਕੀਓ ਨਿਹਾਲ ॥1॥

ਚੌਪਈ ॥ ਪੁਨਿ ਰਾਜਾ ਉਸਤਤਿ ਬਹੁ ਕਰੈ ॥ ਦੀਨੁ ਹੋਇ ਕੈ ਬਚਨੁ ਉਚਰੈ ॥
ਮੈ ਅਜਾਨਿ ਤੋਂ ਕਉ ਨਹੀ ਜਾਨਾ[10] ॥ ਤੂ ਹੈ[11] ਭਗਤੁ ਤੁਮ ਬਡੋ ਗਿਆਨਾ ॥
ਜਬ ਹੀ ਚਰਨ ਮੋਹਿ ਹਿਰਦੈ ਧਾਰਾ ॥ ਚਰਨ ਪ੍ਰਤਾਪ ਭਇਓ ਉਜੀਆਰਾ ॥
ਅਬ ਤਤੁ ਗਿਆਨ ਮੋਹਿ ਦੇਹੁ ਬਤਾਈ ॥ ਦੇਹ ਅਭਮਾਨੁ ਜਾ ਤੇ ਛੁਟਿ ਜਾਈ ॥
ਇਨ ਦੇਹ ਅਭਮਾਨ ਮੈ ਕੀਓ ਖੁਆਰਾ ॥ ਤੁਮ ਬਿਨ ਕਉਨ ਨਿਵਾਰਨਹਾਰਾ ॥17॥

---

(1) ਅ ਪੋਥੀ 'ਸਕਲ', (2) ੲ ਪੋਥੀ 'ਲਾਗ', (3) ਅ ਪੋਥੀ 'ਦਨੀ',
(4) ਅ ਪੋਥੀ 'ਅ',
(5) ਅ ਪੋਥੀ 'ਓਥੈ',
(6) ਪਾਠਾਂਤਰ ੲ ਪੋਥੀ 'ਰਿਦੇ ਪਕਜਿ ਪਰਗਾਸਿ ਤਿ ਗਿਆਨੁ 'ਓਚਾਰੈ',
(7) ਅ ਪੋਥੀ 'ਕਲਾ',
(8) ਅ ਪੋਥੀ 'ਭੈ',
(9) ਵ ਪੋਥੀ 'ਭਇਆ',
(10) ੲ ਪੋਥੀ 'ਜਾਨੀ',
(11) ੲ ਪੋਥੀ 'ਤੋਂ'

ਦੋਹਰਾ ॥ ਦੇਹ ਅਭਮਾਨ ਸਿਆਮ[1] ਅਹਿ ਡਸਿਓ ਮਨਿ ਬੁਧਿ[2] ਬਿਖੁ ਗਈ ਧਾਇ ॥
ਗਾਰੜੂ ਤੁਮ ਹਰਿ ਸਾਧ ਹਉ ਮੋ ਕਉ ਲੇਹੁ ਬਚਾਇ ॥1॥

ਚੌਪਈ ॥ ਤਬ ਸੈਨੈ ਬਿਰਤਾਤੁ ਸੁਨਾਇਆ ॥ ਮਮ ਗ੍ਰਿਹਿ ਰੈਨ ਸਾਧੂ ਥਾ ਆਇਆ ॥
ਮੈ ਤਿਸ ਕੀ ਸੇਵਾ ਮਹਿ ਰਹਿਓ ॥ ਤੁਮਰੀ ਸੇਵਾ ਰਹਿ ਆਇ[3] ਕਹਿਓ[4] ॥
ਤੂ ਬਡਭਾਗੀ ਹੈ ਮਹਾਰਾਜਾ ॥ ਜਿਨਿ ਬਿਨੁ ਸਾਧਨ ਲਹਿਓ ਸਿਧ ਸਮਾਜਾ ॥
ਅਬ ਤੁਮ ਕਿਰਪਾ ਤੇ ਦਰਸਨੁ ਪਾਊ ॥ ਸੰਤ ਪ੍ਰਤਾਪ ਸੰਤਾਪ ਗਵਾਊ ॥
ਤੂ ਰਾਜਾ ਮੈ ਸੇਵਕ ਤੋਰਾ ॥ ਇਨ ਚਰਨਨ ਲਗਿ ਰਹੋ ਮਨੁ ਮੋਰਾ ॥18॥

ਦੋਹਰਾ ॥ ਸਭਸ ਹੀ ਆਹੈ ਪੀਅ ਕੀਆ ਹਰਿ ਸਭਨਾ ਕਾ ਪੀਉ ॥
ਤੂ ਬਡਭਾਗੀ ਜਗਤ ਮੈ ਤੁਮ ਹਰਿ ਸੇਵਕੁ ਥੀਉ ॥1॥

ਚੌਪਈ ॥ ਸੈਨ ਰਾਜਾ ਕੀ ਉਸਤਤਿ ਕਰੈ ॥ ਰਾਜਾ ਸੈਨ ਸੋਭਾ[5] ਉਚਰੈ ॥
ਦੁਹੂ ਓਰ ਤੇ ਕੀਰਤਿ ਹੋਇ ॥ ਸੋ ਮੋ ਪੈ ਜਾਤਿ ਕਹੀ ਨ ਸੋਇ ॥
ਜਬ ਅਧਿਕ ਪ੍ਰੇਮੁ ਰਾਜਾ ਮਹਿ ਦੇਖਾ ॥ ਤਬ ਸੈਨ ਲਖਾਇਓ ਬਚਨੁ ਅਲੇਖਾ ॥
ਹੇ ਰਾਜਾ ਅਧਨਾ ਆਪੁ ਬੀਚਾਰਹੁ ॥ ਦੇਹੀ ਦੇਹ ਝਗਰਾ ਨਿਰਵਾਰਹੁ[6] ॥
ਸੁਖ ਦੁਖੁ ਆਹਿ ਦੇਹ ਕੇ ਅੰਗਾ ॥ ਤੂੰ ਨਹੀ ਦੇਹਨ ਵਾ ਕੋ ਸੰਗਾ ॥19॥

ਦੋਹਰਾ ॥ ਤੂ ਅਸੰਗ ਹੈ[7] ਅਕਾਸਵਤੁ ਘਟ ਮਟੁ ਤਿਸੈ[8] ਉਪਾਧ ॥
ਦੇਹ ਇੰਦ੍ਰੀ ਅੰਤਿਹਿਕਰਨ[9] ਜੋ ਜਾਨੋ ਸਗਲੇ[10] ਬਾਦ ॥

ਚੌਪਈ ॥ ਤੂ ਨਹੀ ਇੰਦ੍ਰੀ ਨਹੀ ਬਿਖੈ ਬਿਕਾਰੀ ॥ ਨਹੀ ਤੂ ਬਰਨ ਆਸ੍ਰਮ ਆਚਾਰੀ ॥
ਦਿਸਟਮਾਨ[11] ਜੋ ਦੇਇ ਦਿਖਾਈ ॥ ਸਬਦਿ ਆਦਿ ਜੋ ਸੁਨਿਓ ਜਾਈ ॥
ਸੋ ਸਭਨ[12] ਸੁਰ[13] ਤਤੁ ਬੀਚਾਰੇ ॥ ਤੋ ਬਿਨੁ ਝੂਠੇ ਜਾਹਿ[14] ਨਿਹਾਰੇ ॥
ਤੂੰ ਅਰੂਪ ਰੂਪ ਸਰਬੰਗੀ[15] ॥ ਤੂ ਅਸੰਗ ਵਰਤਹਿ ਸਭ ਸੰਗੀ ॥
ਹਰਿ ਅਰੁ ਸਾਧ ਅਰੁ ਏਹੁ ਪਸਾਰਾ ॥ ਤੋ ਬਿਨੁ ਆਨਨ ਦਰਸਨਹਾਰਾ ॥20॥

---

(1) ਅ ਪੋਥੀ 'ਸਿੰਘਮ', (2) ੲ ਪੋਥੀ 'ਚਿਤਿ', (3) ੲ ਪੋਥੀ 'ਕਰਿ',
(4) ੲ ਪੋਥੀ 'ਗਹਿਓ', (5) ਅ ਪੋਥੀ 'ਸੋਉਭਾ',
(6) ਪਾਠਾਂਤਰ ੲ ਪੋਥੀ 'ਦੇਹੀ ਦੇਹ ਝਗਰਾ ਸਗਰ ਨਿਵਾਰਹੁ', (7) ੲ ਪੋਥੀ 'ਹੈ',
(8) ੲ ਪੋਥੀ 'ਵੀ',
(9) ੲ ਪੋਥੀ 'ਆਤਹਿਕਰਨ',
(10) ੲ ਪੋਥੀ 'ਸਗਰੈ',
(11) ੲ ਪੋਥੀ 'ਦ੍ਰਿਸਟਿਮਹਿ',
(12) ੲ ਪੋਥੀ 'ਸਭਨਾ',
(13) ੲ ਪੋਥੀ 'ਸਾਰਿ',
(14) ਅ ਪੋਥੀ 'ਆਹਿ',
(15) ੲ ਪੋਥੀ 'ਸਤਸੰਗੀ'

ਦੋਹਰਾ ॥ ਤੂ ਪਰਮਾਤਮੁ ਅਜ ਅਮਰ[1] ਇਹੁ ਸਭੁ ਤੋਹਿ ਪਸਾਰੁ ।
ਸਭ ਘਟ ਆਤਮ ਏਕ ਹਉ ਅਪਨਾ ਆਪੁ ਬੀਚਾਰੁ ॥1॥

ਚੌਪਈ ॥ ਜਨਕ ਜਿਵੈ ਸੈਨ[2] ਬਖਿਆਨਾ[3] ॥ ਸੁਖਦੇਵ ਜਿਉ ਰਾਜੇ ਮਨੁ ਮਾਨਾ ॥
ਤਤਕਾਲਿ ਤਿਸ ਭਇਓ ਗਿਆਨਾ ॥ ਸਭ ਘਟ ਪੂਰਨ ਆਪਾ[4] ਜਾਨਾ ॥
ਮਿਲਿ ਦੀਪਕ ਦੀਪਕੁ ਪਰਗਾਸਾ ॥ ਅਗਿਆਨ ਪਤੰਗ ਖਿਨ ਮਾਹਿ ਬਿਨਾਸਾ ॥
ਗਿਆਨ ਭਾਨ ਘਟ ਉਦਿਓ ਆਇ ॥ ਅਗਿਆਨ ਤਿਮਰ ਤਹ ਗਇਓ ਬਿਲਾਇ॥
ਸਕਲ ਸਰੂਪ ਆਤਮ ਬੀਚਾਰੈ ॥ ਆਪ ਤੇ ਭਿੰਨ ਨ ਮਨ ਮਹਿ ਧਾਰੈ ॥21॥

ਦੋਹਰਾ ॥ ਸਹਜਿ ਅਵਸਥਾ ਤਿਨਿ ਲਹੀ ਜੋਗ ਰਾਜ ਕੈ ਸੰਗਿ ॥
ਕਰਿ ਕਰਿ ਆਨੰਦੁ ਬਾਦਈ[5] ਮਿਟਿ ਗਇਓ[6] ਕਥਾ ਪਰਸੰਗੁ ॥1॥

ਦੋਹਰਾ ॥ ਅਬ ਸੈਨੇ ਕੀ ਕਥਾ ਕਉ ਪੂਰਨ ਕੀਓ ਸੁਭਾਇ ॥
ਆਗੈ ਸਧਨੇ ਭਗਤ ਕੀ ਪਰਚੀ ਸੁਨਿ ਮਨੁ ਲਾਇ[7] ॥2॥21॥1॥11॥[10]

## ੧ਓ ਪਰਚੀ ਸਧਨੇ ਜੀ ਕੀ

ਚੌਪਈ ॥ ਅਬ ਸਧਨਾ ਜੀ ਕੀ ਕਥਾ ਸੁਹਾਈ ॥ ਤੁਮਹਿ ਸੁਨਾਵਉ ਹਿਤੁ ਚਿਤੁ ਲਾਈ ॥
ਮਨੁ ਇਕਾਗਰ ਕਰਿ ਕਥਾ ਸੁਨੀਜੈ ॥ ਇਹੁ ਅਮੀ ਮਹਾਰਸੁ ਪ੍ਰੇਮ ਸਿਉ ਪੀਜੈ ॥
ਅਸਟਾਂਗ[8] ਜੋਗ ਕਾ ਫਲੁ ਹੈ ਜੋਈ ॥ ਇਸੁ ਸੁਨਿਐ ਤੁਮਹਿ ਪਰਾਪਤਿ ਹੋਈ ॥
ਭਾਉ ਭਗਤਿ ਹਰਿ ਕੀ ਨਿਤ ਬਾਢੈ[9] ॥ ਕਾਟਿ ਭਰਮੁ ਮੂਲ ਤੇ ਕਾਢੈ ॥
ਬ੍ਰਹਮ ਗਿਆਨ ਕੀ ਹੋਇ ਅਧਿਕਾਈ ॥ ਸੁਨਤਿ ਸਾਤ[10] ਮਨ ਮੋ[11] ਆਇ ਜਾਈ ॥1॥

ਸੋਰਠਾ ॥ ਬਕਰ ਕਸਾਈ ਜਾਤਿ ਸਧਨਾ ਜੀ ਕਉ ਆਖਿਹੀ ॥
ਹਰਿ ਭਗਤਾ ਜਾਤਿ ਨ ਪਾਤਿ ਹਰਿ ਕੀ ਜਾਤਿ ਹੈ ਹਰਿ ਭਗਤਿ ॥1॥

---

(1) ਅ ਪੋਥੀ 'ਅਕਮਰ',
(2) ਬ ਪੋਥੀ 'ਸੇਨਾ',
(3) ੲ ਪੋਥੀ 'ਬਿਗਸਾਨਾ',
(4) ਅ ਤੇ ੲ ਪੋਥੀ 'ਆਤਮ',
(5) ੲ ਪੋਥੀ 'ਬਡਾਈਐ',
(6) ੲ ਪੋਥੀ 'ਗਏ',
(7) ਪਾਠਾਂਤਰ ੲ ਪੋਥੀ 'ਆਗੈ ਸਧਨੈਂ ਭਗਤ ਕੀ ਪਰਚੀ ਸੁਨਹੁ ਸੁਭਾਇ',
(8) ਅ ਤੇ ੲ ਪੋਥੀ 'ਸਾਰ',
(9) ਅ ਪੋਥੀ 'ਬਾਢੈ',
(10) ੲ ਪੋਥੀ ਸੀਤ',
(11) ੲ ਪੋਥੀ 'ਮਹਿ'

ਚੌਪਈ ॥ ਤਿਸ ਸੰਸਕਾਰੁ ਪੂਰਬ ਕਾ ਆਹਾ ॥ ਸਾਧ ਸੇਵ ਤੇ ਲਏ ਸੁ ਲਾਹਾ ॥
ਘਰ ਤੇ ਸੁਖੀ ਰਹੈ ਸੋ ਸਧਨਾ ॥ ਕਾਮੇ ਤਿਸ ਕੇ ਕੁਲ ਕੇ ਕ੍ਰਮ ਕਰਨਾ ॥
ਸਦਾ ਰਹੈ ਵਹ ਸਾਧਉ ਮਾਹੀ ॥ ਸਾਧ ਸੇਵ ਮੈ ਤਤੁ ਫੁਰ[1] ਆਹੀ ॥
ਜੋ ਸਾਧਉ ਕਉ ਸੇਵਤ ਰਹੈ ॥ ਪਖਾਣ ਨਾਵ ਚੜਿ ਮਾਨੋ ਸਾਗਰੁ ਤਰੈ ॥
ਪਾਰਸ[2] ਪਰਸ[3] ਕੰਚਨ ਹੋਇ ਲੋਹਾ ॥ ਤਿਵ ਸਾਧ ਸੰਗ ਮਨੁ ਆਤਮੁ ਹੋਹਾ ॥2॥

ਦੋਹਰਾ ॥ ਮੋਹ ਕੀ ਫਾਸੀ ਜਗਤ ਗਰਿ ਚਉਰਾਸੀ ਲਖ ਭਰਮਾਇ ॥
ਸਾਧ ਸੰਗੁ ਕਾਤੀ ਕਰਿ ਵਿਰਲੈ ਤਿਸੁ ਕਟਿ[4] ਕਰਿ[5] ਸਰਣਾਇ ॥1॥

ਚੌਪਈ ॥ ਅਰਧ ਰੈਨ ਸਾਧੂ ਇਕੁ ਆਇਆ ॥ ਸਧਨੇ ਸੇਵਾ ਮੈ ਮਨੁ ਲਾਇਆ ॥
ਤਿਸੁ ਘਰਿ ਮਾਸੁ ਰਹਿਓ ਨਹੀ ਭਾਈ ॥ ਜੋ ਵਾ ਕਉ ਕਰਿ ਸਿਧ ਖਵਾਈ ॥
ਸੋ ਮੋ ਤੇ ਅਜ ਕੇ ਕਾਟਨ ਲਾਗਾ ॥ ਅਜੁ ਦੇਖਿ ਦਰਸੁ[6] ਬਿਹਸ ਕਰਿ ਭਾਗਾ ॥
ਸਧਨਾ ਬਿਸਮੈ ਹੋਇ ਹਿਰਾਇਆ ॥ ਥਕਤ ਰਹਾ ਕਛੁ ਸਮਝ ਨ ਪਾਇਆ ॥
ਤਬ ਅਜ ਸਿਉ ਸਧਨੈ ਬਹੁ ਬਿਧਿ ਕਹਾ ॥ ਸੋ ਅਜ ਜਾਤੀ ਸੁੰਦਰੁ ਅਹਾ ॥3॥

ਦੋਹਰਾ ॥ ਸਧਨਾ ਅਜ ਸਿਉ ਪੂਛਈ ਅਚਰਜੁ ਬਡੋ[7] ਦਿਖਾਇ ॥
ਦੁਖੁ ਦੇਤੇ ਤੂੰ ਹਸਤੁ ਹੈ ਕਾਰਨ ਕਉਨੁ ਬਤਾਇ ॥1॥

ਚੌਪਈ ॥ ਸੋ ਅਜ ਬਤਲਾਵਨੁ[8] ਨਹੀ ਕਰੈ ॥ ਸਧਨਾ ਤਾ ਕੈ ਪੈਰੀ ਪਰੈ ॥
ਤੂੰ ਹਰਿਜਨੁ ਸਭੁ ਤੈ ਦੇਇ ਦਿਖਾਈ ॥ ਅਪ੍ਰਾਧ ਛਿਮਾ ਕਰਿ ਦੇਹੁ ਬਤਾਈ ॥
ਬੋਲੇ ਅਜ ਸੁਨਿ ਸਧਨ ਕਸਾਈ ॥ ਤੁਮ ਕਉ ਕਿਆ ਇਨ ਬਾਤਨ ਤਾਈ ॥
ਜੋ ਤੁਮਰੀ ਇਛਾ ਸੋ[9] ਕਰਹੁ ॥ ਜੈਸਾ ਕਰਹੁ ਫਲੁ ਤੈਸਾ ਲਹਹੁ ॥
ਇਸ ਜਗ ਮਾਹਿ ਬਿਉਹਾਰੁ ਬਨਿਓ ਹੈ ॥ ਤਿਨ ਜੋ ਬੀਜਿਓ ਸੋਈ ਲੁਨਿਓ ਹੈ ॥4॥

ਦੋਹਰਾ ॥ ਮੈ ਗਲ ਤੇਰਾ ਕਾਟਿਆ ਦੇ ਬਦਲਾ ਛੂਟਨ ਆਸ ॥
ਨਏ ਸਿਰ ਸਉਦਾ ਕਰਤ ਹਉ ਤਾ ਤੇ ਆਵੈ[10] ਹਾਸ ॥1॥

---

(1) ੲ ਪੋਥੀ 'ਫਰਿ',
(2) ੲ ਪੋਥੀ 'ਪਰਸੁ',
(3) ੲ ਪੋਥੀ 'ਪਰਸੇ',
(4) ੲ ਪੋਥੀ 'ਕਾਟੀ',
(5) ੲ ਪੋਥੀ 'ਹਰਿ',
(6) ਅ ਪੋਥੀ 'ਦਰਸਤ',
(7) ੲ ਪੋਥੀ 'ਬਤਾ',
(8) ੲ ਪੋਥੀ 'ਖਤਰਾਵਨ',
(9) ੲ ਪੋਥੀ 'ਕਛੁ',
(10) ੲ ਪੋਥੀ 'ਆਵਤ'

ਚੌਪਈ ॥ ਤਬ[1] ਸਧਨੈ ਮਨਿ ਹਰਿ ਭਉ ਆਇਆ ॥ ਕਾਪੀ ਦੇਹ ਤ੍ਰਾਸ[2] ਜਨਾਇਆ ॥
ਜੋ ਅਜ ਮਾਹਿ ਅਪ੍ਰਾਧ ਥੇ ਸਗਰੇ[3] ।। ਸੋ ਬਖਸ[4] ਆਇ ਸਾਧੂ ਪਗ ਤਕਰੇ [ਪਕਰੇ][5] ॥
ਸਭੁ ਚਲਿਤ੍ਰ ਜੋ ਹਰਿ[6] ਦਿਖਾਖਿਆ ॥ ਸੋ ਸਧਨੇ ਸਾਧ ਪਹਿ ਆਇ ਸੁਨਾਇਆ॥
ਸਰਨਿ ਸਰਨਿ ਕਰਿ ਮੁਖ ਤੇ ਭਾਖੈ ॥ ਤਿਸੁ ਤਤੁ ਗਿਆਨੁ ਸਾਧੂ ਅਬ ਆਖੈ ।।
ਹਰਿ ਪਾਵਨ ਕੇ ਰਾਹ ਜੋ ਆਹੀ ॥ ਹਰਿ ਪਾਰਥ ਪ੍ਰਤਿ[7] ਕਹੈ ਗੀਤਾ ਮਾਹੀ ॥5॥

ਦੋਹਰਾ ॥ ਗੀਤਾ ਸਾਰੁ ਅਪਾਰੁ ਜੋ ਸਭੁ ਸਧਨੇ ਦੀਓ ਬਤਾਇ ॥
ਸੋ ਈਹਾ ਮੈ[8] ਕਹਤ ਹਉ ਸੁਨੀਐ ਮਨੁ ਚਿਤੁ ਲਾਇ ॥1॥

ਚੌਪਈ ॥ ਪਾਚ ਜੋਗ ਸੁਭ[9] ਜੋਗ ਬਤਾਏ ॥ ਮਾਰਗ ਪਾਚ ਤਿਸ ਕਉ ਬਤਲਾਏ ॥
ਜੋ ਕੋਊ ਉਨ ਮਾਰਗ ਧਾਵੈ ॥ ਹਰਿ ਕਉ ਆਪ ਮਾਹਿ ਸੋ ਪਾਵੈ ॥
ਹਰਿ ਅਰੁ ਆਪ ਮਹਿ ਭੇਦੁ ਨ ਰਹੈ ॥ ਅਭੇਦ ਦਿਸਟ ਸਿਉ ਆਪਾ ਲਹੈ ॥
ਅਪਨਾ[10] ਆਪੁ ਤਿਸੁ ਦੇਇ ਦਿਖਾਈ ॥ ਸਤਿਗੁਰੁ ਜਾ ਕਉ ਹੋਹਿ ਸਹਾਈ ॥
ਬਿਨੁ ਸਤਿਗੁਰ ਮਾਰਗੁ ਕੋਊ ਨ ਪਾਵੈ ॥ ਬਿਨੁ ਆਗੂ ਕੈਸੇ ਮਗੁ[11] ਜਾਵੈ ॥6॥

ਦੋਹਰਾ ॥ ਬਹੁਤੁ ਘਾਟ ਏਕੈ ਨਦੀ ਪਾਰ ਉਤਰ ਬੰਸਾਰ ॥
ਜੋ ਉਤਰੇ ਜਿਹ ਘਾਟ ਤੇ ਹੋਇ ਰਹੈ ਸੋ ਪਾਰ ॥1॥

ਚੌਪਈ ॥ ਕਰਮ ਜੋਗ ਕਾ ਕੀਅ ਬਖਿਆਨ ॥ ਹਿਤੁ ਚਿਤੁ ਲਾਇ ਤੁਮ ਸੁਨਹੁ ਸੁਜਾਨ ॥
ਬਰਨ ਆਸ੍ਰਮ ਕੇ ਧਰਮ ਜੁ ਕਰਮਾ[12] ॥ ਕੁਲ ਕਰਮ ਆਚਾਰ ਅਨੁਸਾਰੀ ਧਰਮਾ[13] ॥
ਸਭ ਕਛੁ[14] ਕਰੈ ਅਰਪੈ ਭਗਵਾਨ ॥ ਫਲ ਮਹਿ ਮਨੁ ਦੇਵੈ ਨਹੀ ਜਾਨ ॥
ਬਿਸਨ ਪ੍ਰੀਤਿ ਸੁਭ ਕਰਮਨ ਕਰੈ ॥ ਫਲ ਕੀ ਬਾਸਨਾ ਮਨ ਨਹੀ ਧਰੈ ॥
ਅਸੁਭ ਕਰਮਨ ਕੋ ਕਰੈ ਤਿਆਗੁ ॥ ਜੇ ਮਸਤਕਿ ਹੋਵੈ ਤਿਸ ਕੈ ਭਾਗੁ ॥7॥

ਦੋਹਰਾ ॥ ਅਸੁਭ ਕਰਮਨ ਮਨੁ ਦੇਇ ਨਹਿ ਸੁਭ ਕਰਮਨ ਰਹੈ ਲਾਗ ॥
ਫਲ ਕੀ ਇਛਾ ਨ ਕਰੈ ਬਿਸਨ ਪ੍ਰੀਤਿ ਅਨੁਰਾਗ[15] ॥1॥

---

(1) ੲ ਪੋਥੀ 'ਤਦ',
(2) ੲ ਪੋਥੀ 'ਅਤਿ ਤ੍ਰਾਸ',
(3) ਪਾਠਾਂਤਰ ੲ ਪੋਥੀ 'ਜੋ ਅਪਰਾਧ ਅਜਾ ਮੋਹਿ ਸਮਹਿ ਗਰੇ',
(4) ੲ ਪੋਥੀ 'ਬਖਸੰਦ',
(5) ੲ ਪੋਥੀ ਤੋਂ,
(6) ੲ ਪੋਥੀ 'ਰਰਿਹਿ',
(7) ਅ ਤੇ ੲ ਪੋਥੀ 'ਪ੍ਰਭ',
(8) ੲ ਪੋਥੀ 'ਤੁਮਹਿ',
(9) ੲ ਪੋਥੀ 'ਸਭ',
(10) ੲ ਪੋਥੀ 'ਸੋ',
(11) ੲ ਪੋਥੀ 'ਮਾਰਗੁ',
(12) ਅ ਪੋਥੀ 'ਕਰਮ',
(13) ਅ ਪੋਥੀ 'ਧਰਮ',
(14) ੲ ਪੋਥੀ 'ਜੋ',
(15) ਅ ਪੋਥੀ 'ਅਤਰਾਗੁ'

ਚੌਪਈ ॥ ਇਹ ਸਰੀਰ ਪਰਾਲਬਧ ਅਧੀਨਾ ॥ ਤੀਨ ਗੁਨਾ ਕਰਿ ਰਚਿਓ[1] ਪਰਬੀਨਾ ॥
ਤੀਨ ਗੁਨਾ ਪਰਭਾਉ ਅਨੰਤ ॥ ਸਮੈ ਸਮੈ ਓਇ ਆਇ ਬਰਤੰਤੁ ॥
ਸਹਜਿ ਸੁਭਾਇ ਦੇਹ ਤੇ ਹੋਈ ॥ ਸੁਭ ਅਸੁਭ ਕਰਮ ਜੋ ਕੋਈ ॥
ਤਿਸ[2] ਕਾ ਫਲੁ ਦੁਖ ਸੁਖੁ ਜੋ ਆਹਿ ॥ ਤਾ ਕੀ ਭਾਵਨਾ[3] ਮਨੈ[4] ਨ ਚਾਹਿ ॥
ਕਰਮ ਕਰਤੁ ਨਿਹਕਰਮੁ ਹੈ ਸੋਈ ॥ ਜੋ ਸਭ[5] ਕਰਮਨ ਹਰਿ ਅਰਪਤਿ[6] ਹੋਈ ॥8॥

ਦੋਹਰਾ ॥ ਪਰਾਲਬਧ ਕੇ ਭੋਗ ਭੋਗ ਕੈ ਸਹਜੇ ਹੀ ਛੁਟਿ ਜਾਇ ॥
ਆਗੈ ਆਸਾ ਨਾ ਕਰੈ ਹੋਇ ਨਿਰਾਸੁ ਕਮਾਇ ॥1॥

ਚੌਪਈ ॥ ਨਿਰਆਸ[7] ਕਰਮ ਜੋ ਕਰੈ ॥ ਕਿਸੂ ਕਰਮ ਕਾ ਸੰਗੁ ਨ ਧਰੈ ॥
ਬਿਸਨ ਪ੍ਰੀਤਿ ਹਿਰਦੈ ਅਵਧਾਰੈ ॥ ਸੋਈ ਪ੍ਰੀਤਿ ਪੁਨਿ ਵਾ ਕਉ ਤਾਰੈ ॥
ਅਪੁਨਾ ਧਰਮੁ ਨੀਕੈ ਪਹਿਚਾਨੈ ॥ ਬਰਨ ਆਸ੍ਰਮ ਕਾ ਮਤੁ ਸਭੁ ਠਾਨੈ ॥
ਅਪਨੇ ਧਰਮ ਕਉ ਨਹੀ ਤਿਆਗੈ ॥ ਪਰਧਰਮੁ ਸੋਨਿਸਟਤ[8] ਤਿਸਹਿ ਨ ਲਾਗੈ ॥
ਬੇਦ ਬਿਹਤ ਸੁਭ ਕਰਮ ਕਮਾਵੈ ॥[9] ਰਹੈ ਅਸੰਗ ਪਰਮਪਦੁ ਪਾਵੈ ॥9॥

ਸੋਰਠਾ ॥ ਸਰੀਰ ਕ੍ਰਿਆ ਕੇ ਕਰਮ ਅਵਸ ਤਿਸ ਤੇ ਹੋਤ ਹੈ ॥
ਤਿਨ ਨੈ ਧਰਮੁ ਅਧਰਮੁ ਸੁ ਕੈਸੇ ਹਰਿ ਅਰਪੀਐ ॥1॥

ਚੌਪਈ ॥ ਸਧਨਾ ਕਹੈ ਹੇ ਪ੍ਰਾਨੀ[10] ਪਿਆਰੇ ॥ ਸਭ ਕਰਮ ਅਰਪੀਐ ਹਰੀ ਮੁਰਾਰੇ ॥
ਧਰਮੁ ਕਰਮੁ ਜੋ ਹੋਇ ਗਿਆਤਾ ॥ ਸੋ ਸਹਜੇ ਹੀ ਹਰਿ ਅਰਪਿਓ[11] ਜਾਤਾ ॥
ਜੋ ਦੁਸਟ[12] ਕਰਮ ਪਰਾਲਬਧ ਕਰਾਵੈ ॥ ਵਹ ਕੈਸੇ ਹਰਿ ਅਰਪਿਓ ਜਾਵੈ ॥
ਖਾਨ ਪਾਨ ਆਦਿ ਬਿਉਹਾਰਾ ॥ ਸੁਖੋਪਤਿ ਜਾਗ੍ਰਤ ਸੁਪਨ ਅਚਾਰਾ ॥
ਤੇ ਸਭ ਹਰਿ ਕਉ ਜਿਉ ਅਰਪੇ ਜਾਹੀ ॥ ਜੁਗਤਿ[13] ਬਤਾਵਹੁ ਸੁ ਮੋ ਪਾਹੀ॥10॥

ਦੋਹਰਾ ॥ ਤਨੁ ਮਨੁ ਧਨੁ ਪੂੰਜੀ ਸਾਹ ਕੀ ਵਰਤੈ ਸਗਲ ਜਹਾਨੁ ॥
ਹਾਨ ਲਾਭ ਤਿਸ ਹੀ ਕਾ ਸਧਨਿਆ ਤੂੰ ਮਨਿ ਆਨ[14] ਨ ਆਨੁ ॥1॥

---

(1) ਅ ਪੋਥੀ 'ਰਚਿ', (2) ਏ ਪੋਥੀ 'ਤਾ', (3) ਏ ਪੋਥੀ 'ਭਾਵਨ',
(4) ਏ ਪੋਥੀ 'ਮਨਹਿ', (5) ਏ ਪੋਥੀ 'ਸੁਭ', (6) ਏ ਪੋਥੀ 'ਅਪਰਹਿ',
(7) ਏ ਪੋਥੀ 'ਨਿਰਾਸੁ ਆਸੁ',
(8) ਅ ਪੋਥੀ 'ਸੁਨਿਮਟਤ', ਏ ਪੋਥੀ 'ਸੁਨਿਮਤੁ',
(9) ਪਾਠਾਂਤਰ ਏ ਪੋਥੀ 'ਬੇਦ ਬਹਤ ਸਭ ਕ੍ਰਿਆ ਕਮਾਵੈ',
(10) ਏ ਪੋਥੀ 'ਪ੍ਰਾਨ',
(11) ਅ ਪੋਥੀ 'ਆਪਿਓ',ਏ ਪੋਥੀ 'ਆਪੇ',
(12) ਏ ਪੋਥੀ 'ਦੂਰ',
(13) ਏ ਪੋਥੀ 'ਜਗਤ',
(14) ਅ ਪੋਥੀ 'ਜਾਨ'

ਚੌਪਈ ॥ ਜੋ ਕਰਮ ਜੋਗੁ ਇਹੁ ਜੁਗਤਿ ਕਮਾਵੈ ॥ ਤਿਸੁ ਮਨੁ ਮਲੀਨੁ ਨਿਰਮਲ ਹੋਇ ਆਵੈ॥
ਆਤਮੁ ਨਿਰਮਲੁ ਅਤਿ ਉਜੀਆਰਾ ॥ ਸੰਕਲਪ ਬਿਕਲਪ ਪਟਲੁ ਤਿਨਿ ਧਾਰਾ॥
ਜਬ ਕਰਮ ਜੋਗ ਕਰਿ[1] ਮੁਕਰਿ ਨਿਆਈ ॥ ਹੋਇ ਨਿਰਮਲੁ ਆਪਾ ਦਰਸਾਈ ॥
ਹਰਿ ਅਰੁ ਆਪ ਮਹਿ ਭੇਦੁ ਨ ਰਹੈ ॥ ਸਕਲ ਜਗਤ ਆਪਾ ਸੋ ਚਹੈ ॥
ਐਸੀ ਜਗਤਿ ਸਿਉ ਜੋਗ ਕਮਾਵਹੁ ॥ ਸਭੁ ਕਛੁ ਏਕੁ[2] ਆਪਾ ਦਰਸਾਵਹੁ॥11॥

ਦੋਹਰਾ ॥ ਕਰਮ ਜੋਗ ਜੁਗਤਾ ਪੁਰਖੁ ਪਾਵੈ ਪਦੁ ਨਿਰਬਾਨ ॥
ਗੀਤਾ ਮੈ ਬਿਸਥਾਰ ਸਿਉ ਕਹਿਓ ਸ੍ਰੀ[3] ਭਗਵਾਨ ॥1॥

ਚੌਪਈ ॥ ਅਸਟਾਂਗ ਜੋਗ ਕਾ ਏਹੁ ਬੀਚਾਰੁ ॥ ਤਨੁ ਮਨੁ ਅਪਨਾ ਸਗਲ ਸੁਧਾਰੁ ॥[4]
ਜਾਮ ਅਰੁ ਨੇਮੁ ਆਸਣੁ ਭਲਿ ਸਾਧੈ ॥ ਪ੍ਰਾਣਾਯਾਮ ਕਰਿ ਓ [ਓਅੰ][2] ਆਰਾਧੈ॥
ਪ੍ਰਤਿਆਹਾਰ ਸਿਉ ਸੰਜਮੁ ਕਰੈ ॥ ਧਿਆਨ ਧਾਰਣਾ ਮਨ ਮਨ ਮੋ ਧਰੈ ॥
ਕਰ ਸਮਾਧ ਮਨੁ ਚਿਤਿ ਬਿਲਾਇ ॥ ਬੁਧਿ ਅਹੰਕਾਰੁ ਤਹਿ ਨਾਹਿ ਨਾਹਿ ਰਹਾਇ॥
ਅਹੰ ਮਮ ਦੋਨੋ ਕਉ ਖੋਵੈ ॥ ਜਗਤ ਓਰ ਸੈ ਅਹਿਨਿਸ ਸੋਵੈ ॥12॥

ਦੋਹਰਾ ॥ ਤੀਨ ਅਵਸਥਾ ਦੇਹ ਕੀ ਜਾਨਿ ਕਰੈ ਬੈਰਾਗ ॥
ਚਉਥੇ ਪਦ ਮੈ[6] ਬਿਲਮ[7] ਕੈ ਪ੍ਰਮਾਤਮ ਰਹੈ ਲਾਗ ॥1॥

ਚੌਪਈ ॥ ਆਦਿ ਹੀ ਇੰਦ੍ਰੀ ਨੇਮੁਨ[8] ਕਰੈ ॥ ਜਾ ਤੇ ਚੰਚਲਤਾ ਨਹੀ ਧਰੈ ॥
ਜਉ ਇੰਦ੍ਰੀ ਬਿਖਿਆ ਕਉ ਧਾਵੈ ॥ ਤਊ ਤਹਾ ਤੇ ਖੈਚਿ[9] ਲੇ ਆਵੈ ॥
ਅਨਾਸਕਤ ਸਿਉ ਕਰੈ ਬਿਉਹਾਰਾ ॥ ਰਾਗ ਦੂਏਖ ਨਹੀ ਮਨ ਮੈ ਧਾਰਾ ॥
ਅਹਾਰ ਬਿਉਹਾਰ ਆਦਿ ਜੋ ਕਰਮਾ ॥ ਕਰੈ ਜੁਗਤਿ ਸਿਉ ਧਰੈ ਨ ਸੂਮਾ ॥
ਚਾਰ[10] ਅੰਤਰਕਰਨ ਕਉ ਸਾਧੈ ॥ ਸਤਗੁਰ ਸੇਵ ਸਬਦ ਸਿਉ ਬਾਂਧੈ[11] ॥13॥

ਦੋਹਰਾ ॥ ਇਤੁ ਸੰਜਮਿ ਜੋ ਜੋਗ ਕਉ ਅਹਿਨਿਸ ਕਰੈ ਅਭਿਆਸ ॥
ਘਟ ਹੀ ਆਤਮ ਪਾਵਈ ਸਤਿਗੁਰ ਬਾਕ ਬਿਸਵਾਸ ॥1॥

---

(1) ੲ ਪੋਥੀ 'ਕਰੈ'.
(2) ੲ ਪੋਥੀ 'ਏਕਾ',
(3) ਅ ਪੋਥੀ 'ਸਰੀ',
(4) ਪਾਠਾਂਤਰ ਅ ਪੋਥੀ 'ਨੀਕੇ ਸੁਨਹੁ ਮਨਿ ਚਿਤ ਉਰਿ ਬਾਰਿ',
(5) ਅ ਤੇ ੲ ਪੋਥੀ ਤੋਂ,
(6) ੲ ਪੋਥੀ 'ਤੋਂ',
(7) ਅ ਪੋਥੀ 'ਬਿਸਮ'
(8) ੲ ਪੋਥੀ 'ਦਮਨਿ',
(9) ਅ ਤੇ ੲ ਪੋਥੀ 'ਫੇਰਿ',
(10) ਅ ਪੋਥੀ 'ਦਾਉਉ',
(11) ਪਾਠਾਂਤਰ ਅ ਪੋਥੀ 'ਸਤਗੁਰ ਸੇਵ ਸਬਦੁ ਅਰਾਧੇ'

ਚੌਪਈ ॥ ਪਵਿਤ੍ਰ ਨਿਹ ਉਪਾਧ ਅਸਥਾਨਾ ॥ ਸਮੀ[1] ਭੂਮ[2] ਹੋਵੈ ਪਰਧਾਨਾ ॥
ਕਸਾ ਡਾਰਿ ਬਸਤਰ ਕਉ ਡਾਰੈ ॥ ਤਾ ਊਪਰਿ ਮਿਰਗਾ ਨਹਿ ਧਾਰੈ ॥
ਆਸਨੁ ਬਾਂਧਿ ਕੈ ਸਰਲ ਰਹਾਈ ॥ ਸਿਰੁ ਗ੍ਰੀਵਾ ਕਉ ਨਾਹਿ ਡੁਲਾਈ ॥
ਮਨ ਕਉ ਚੰਚਲ ਹੋਨ ਨ ਦੇਵੈ ॥ ਪੁਰਖ ਪ੍ਰਮਾਤਮੁ ਹਿਰਦੈ ਸੇਵੈ ॥
ਨਾਸਾ[3] ਅਗ੍ਰ ਦ੍ਰਿਸਟਿ ਲਗਾਵੈ ॥ ਇਕ ਟਕ ਆਤਮ ਕਉ ਦਰਸਾਵੈ ॥14॥

ਦੋਹਰਾ ॥ ਜਬ ਦ੍ਰਿੜਤਾ ਪਾਵੈ[4] ਜੋਗ ਮੈ ਕਰੈ ਅੰਤਰਿ[5] ਨਿਰਮਲੁ ਹੋਇ ॥
ਤਬ ਸਹਜੇ ਹੀ ਜਿਵ ਮੁਕਰ ਮਹਿ ਆਤਮ ਦਰਸਨੁ ਹੋਇ ॥1॥

ਚੌਪਈ ॥ ਜੋ ਸੰਜਮੁ ਊਪਰਿ ਹੈ ਕਹਾ ॥ ਤੈਸੈ ਹੀ ਲੈ ਮਨ ਮੈ ਗਹਾ ॥
ਦੁਇ ਨੈਨਾ ਕਉ ਇਕ ਟਕ ਲਾਏ ॥ ਬਿਬਭ ਉਹਾ ਕੇ ਬਿਚ ਨਿਰਖਾਏ ॥
ਓਅੰ ਏਕ ਅਛਰ ਉਚਰੈ ॥ ਹਿਰਦੈ ਮੈ ਇਹ ਕਲਾ ਬੀਚਾਰੈ ॥
ਪਰਮਾਤਮ ਪੁਰਖ ਕਾ ਧਰੈ ਧਿਆਨ ॥ ਪ੍ਰਾਨ ਚਲਾਵੈ ਉਰਧ ਅਸਥਾਨ ॥
ਐਸੀ ਜੁਗਤਿ ਕਰਿ ਦੇਖ [ਦੇਹ][6] ਤਜਾਈ ॥ ਪੁਰਖ ਪ੍ਰਮਾਤਮ ਜਾਇ ਮਿਲਾਈ ॥15॥

ਦੋਹਰਾ ॥ ਪੁਰਖ ਪ੍ਰਮਾਤਮ ਸਿਉ ਮਿਲੈ ਜੋ ਇਹੁ ਜੁਗਤਿ ਕਮਾਇ ॥
ਸੋ ਪਾਤਜੰਲ ਮੈ ਕਹਿਓ ਨੀਕੀ ਭਾਂਤਿ ਬੁਝਾਇ ॥1॥

ਚੌਪਈ ॥ ਇੰਦ੍ਰੀ ਜਿਤ ਇਹੁ ਸੰਜਮੁ ਕਰੈ ॥ ਉਲਟਿ ਅਪਾਨਿ ਪ੍ਰਾਨ ਸੰਚਰੈ[7] ॥
ਅਰਧ ਉਰਧ ਨਹੀ ਪਉਨਾ ਜਾਵੈ ॥ ਪਸਚਮ ਵਾਟ ਨਗਰ ਸੁਧ[8] ਪਾਵੈ ॥
ਮੇਰ ਡੰਡ ਕੀ ਬਿਖੜੀ[9] ਵਾਟ ॥ ਤਿਤੁ ਚੜਿ ਮਨੂਆ ਉਤਰੈ ਘਾਟ ॥
ਜਾਇ ਤ੍ਰਿਬੇਣੀ ਕਰੈ ਇਸਨਾਨਾ ॥ ਹੋਇ ਨਿਰਮਲ ਤਬ ਗਗਨ ਸਮਾਨਾ ॥
ਤਹ ਨਿਰੰਕਾਰ ਜੋਤਿ ਅਸਥਾਨ ॥ ਜਲ ਮਹਿ ਜਲ ਜਿਉ ਜਾਇ ਬਿਲਾਨ ॥16॥

ਦੋਹਰਾ ॥ ਜਿਵ ਜਲੁ ਗੰਗਾ ਤੇ ਬਿਛਰਿ[10] ਘਟ ਉਪਾਧ ਕਉ ਧਾਰਿ ॥
ਪੁਨਿ ਗੰਗਾ ਮਿਲਿ ਗੰਗਾ[11] ਭਇਓ ਕੋ ਤਿਸੁ ਸਕੈ ਨਿਵਾਰ ॥1॥

---

(1) ੲ ਪੋਥੀ 'ਸਮੀਪ', (2) ਅ ਪੋਥੀ 'ਭ੍ਰਮ',
(3) ੲ ਪੋਥੀ 'ਨਾਸਕਾ',
(4) ਅ ਪੋਥੀ 'ਪਵੈ',
(5) ੲ ਪੋਥੀ 'ਓਅੰ ਨਿਰਮਲ',
(6) ਅ ਤੇ ੲ ਪੋਥੀ ਤੋਂ
(7) ੲ ਪੋਥੀ 'ਸੰਜਰੈ',
(8) ੲ ਪੋਥੀ 'ਸੁ',
(9) ਅ ਪੋਥੀ 'ਬਿਖਮੀ',
(10) ੲ ਪੋਥੀ 'ਬਿਛੁਰ ਕੈ',
(11) ੲ ਪੋਥੀ 'ਗੰਗ'

ਚੌਪਈ ॥ ਅਬ ਬੁਧਿ ਜੋਗ ਕਾ ਸੁਨਹੁ ਬੀਚਾਰੁ ॥ ਜਿਵ ਪੁਰਖ ਪਰਕ੍ਰਿਤਿ ਬਨਿਓ ਬਿਹਾਰੁ॥
ਸਾਂਖ ਸਾਰ ਮਤਿ ਤਿਸੈ ਕਹਤੁ ਹੈ ॥ ਬੇਦਾਂਤੀ ਨਿਜ ਮਤੁ ਏਹੁ ਲਹਤੁ ਹੈ ॥
ਪੁਰਖ ਪੁਰਾਤਨ ਜੋਤਿ ਸਰੂਪੀ ॥ ਦ੍ਰਿਸਟਿ ਮੁਸਟਿ ਤੇ ਰਹੈ ਅਰੂਪੀ ॥
ਸਕਲ ਦੇਹਨ ਮੈ ਵਹ ਇਕੁ ਦੇਹੀ ॥ ਨਿਰੰਕਾਰ ਅਜ ਅਮਰੁ ਅਭੇਵੀ ॥
ਤੀਨ ਭਵਨ ਇਕ ਡਾਟ[1] ਬਿਰਾਜੈ ॥ ਏਕੈ ਜੋਤਿ ਸਰਬ ਘਟ ਛਾਜੇ ॥17॥

ਦੋਹਰਾ ॥ ਏਕੁ ਪ੍ਰਮਾਤਮੁ ਅਜ ਅਮਰੁ ਨਿਰੰਕਾਰੁ ਨਿਹਰੂਪੁ[2] ॥
ਤ੍ਰਿਗੁਣ ਅਤੀਤ ਬਿਰਾਜਈ ਸਭ ਘਟ ਸਾਰ ਅਨੂਪੁ[3] ॥1॥

ਚੌਪਈ ॥ ਸਾਰ ਪ੍ਰਮਾਤਮੁ ਆਖਿ ਸੁਨਾਇਓ[4] ॥ ਅਸਾਰ ਕਹਤ ਹਉ ਤੁਝਿ ਮਨਿ ਭਾਇਓ[5]॥
ਪਰਮਾਤਮ[6] ਪਰਕਿਰਤਿ ਉਪਾਈ ॥ ਜਲ[7] ਤਰੰਗ ਜਿਉ ਤ੍ਰਿਗੁਨ ਹੋਇ ਆਈ ॥
ਸਾਤਕ ਰਾਜਸ ਤਾਂਮਸ ਸੋਹੈ ॥ ਤਿਨ[8] ਕੀ ਰਚਨਾ ਸਭ ਇਹੁ ਸੋਹੈ ॥
ਮਹਾਭੂਤ ਤਾਮਸ ਤੇ ਭਏ ॥ ਆਕਾਸ ਆਦਿ ਕ੍ਰਮ ਕ੍ਰਮ ਨਿਰਮਏ ॥[9]
ਦਿਵ ਬਾਇ ਅਗਨਿ ਅਪ ਭੂਮ ਸੁਜਾਨ ॥ ਏਕ ਏਕ ਤੇ ਉਪਜੇ ਜਾਨ ॥18॥

ਦੋਹਰਾ ॥ ਅਕਾਸ ਪਵਨੁ ਅਗਨਿ ਜਲ ਪ੍ਰਿਥਵੀ ਤਿਨ ਕੇ ਤਤੁ ਪਛਾਂਨੁ ॥
ਸਬਦ ਸਪਰਸ ਰੂਪ ਰਸ ਬਾਸਹਿ ਕ੍ਰਮ[10] ਤੇ ਤਿਨ ਕਉ ਜਾਂਨ ॥

ਚੌਪਈ ॥ ਵਾਕ ਸ੍ਰੋਤ ਅਕਾਸ ਤੇ ਭਏ ॥ ਬਚਨੁ ਸਬਦੁ ਬਿਖੈ ਤਿਸ ਕੀ ਕਹੇ ॥
ਪਾਨ ਅਰੁ ਤੁਚਾ ਬਾਇ[11] ਉਪਜਾਨਾ ॥ ਗਹਨ ਸਪਰਸ ਤਿਸੁ ਬਿਖੈ ਪ੍ਰਧਾਨਾ ॥
ਪਾਦ ਚਛੁ ਹੁਤਾਸਨ ਕੀਨੇ ॥ ਗਵਨ ਰੂਪ ਬਿਖੈ ਤਿਸ ਕੀ ਚੀਨੇ ॥
ਉਪਸਤਿ ਜਿਹਬਾ ਦੁਇ ਜਲ ਤੇ ਹੋਈ ॥ ਆਨੰਦ ਬਿਖੈ ਰਸ ਤਿਸ ਕੀ ਸੋਈ ॥
ਗੁਦਾ ਘ੍ਰਾਨ ਪ੍ਰਿਥਵੀ ਤੇ ਭਏ ॥ ਬਿਸਰਗ ਗੰਧ ਬਿਖੈ ਤਿਸ ਕੀ ਲਹੇ ॥19॥

ਦੋਹਰਾ ॥ ਸਾਤਕ ਭਾਨ[12] ਤੇ ਦੇਵਤਾ ਉਪਜੇ ਕਹਤੁ ਹੈ ਬੇਦ ॥
ਜੋ ਇੰਦ੍ਰੀ ਜਿਸੁ[13] ਆਧੀਨ ਹੈ ਬਰਨ ਸੁਨਾਵਤ ਭੇਦ ॥1॥

---

(1) ਅ ਪੋਥੀ 'ਡਾਡ', (2) ੲ ਪੋਥੀ 'ਨਿਜ ਰੂਪ', (3) ੲ ਪੋਥੀ 'ਅਰੂਪ',
(4) ਪਾਠਾਤਰ ਅ ਪੋਥੀ 'ਸਾਰ ਪਰਮਾਤਮ ਅਖ੍ਹਿ ਪਾਇਓ', ੲ ਪੋਥੀ 'ਪਰਮਾਤਮ ਅਖਰ ਤਤੁ ਪਾਈ',
(5) ੲ ਪੋਥੀ 'ਭਾਈ',
(6) ੲ ਪੋਥੀ 'ਉਆਤਮ',
(7) ੲ ਪੋਥੀ 'ਜਾਲਿ',
(8) ਅ ਪੋਥੀ 'ਤੀਨ',
(9) ਪਾਠਾਂਤਰ ਅ ਪੋਥੀ 'ਆਕਾਸ ਆਦਿ ਭੂਮ ਨਿਰਮਏ',
(10) ੲ ਪੋਥੀ 'ਕਮ',
(11) ੲ ਪੋਥੀ 'ਬਾਉ',
(12) ੲ ਪੋਥੀ 'ਗੁਨ',
(13) ੲ ਪੋਥੀ 'ਜਿਤ'

ਚੌਪਈ ॥ ਸ੍ਰੋਤ ਦੇਵਾ ਦਿਗ[1] ਹੈ ਭਾਈ ॥ ਵਾਕ ਕੋ ਅਗਨਿ ਦੇਵ ਬਤਲਾਈ ॥
ਤੁਚਾ ਕੋ ਦੇਵ ਬਾਤ[2] ਹੈ ਜਾਨੁ ॥ ਪਾਨ ਕੋ ਇੰਦ੍ਰ ਦੇਵ ਪਹਿਚਾਨ ॥
ਚਛ ਕੋ ਦੇਵ ਸੂਰ ਸੁਰਗਿਆਤਾ[3] ॥ ਪਾਦ[4] ਉਪਿੰਦ੍ਰ ਦੇਵਤਾ ਜਾਤਾ[5] ॥
ਜਿਹਬਾ ਕਾ ਦੇਵਤਾ ਬਰਨੁ ਕਹਾਈ ॥ ਲਿੰਙ ਕਾ ਦੇਵਤਾ ਬ੍ਰਹਮਾ ਭਾਈ ॥
ਅਸੁਨੀ ਕੁਮਾਰ ਦੇਵਤਾ ਘ੍ਰਾਨ ॥ ਗੁਦਾ ਕਾ ਦੇਵਤਾ ਜਮ ਕਉ ਜਾਨ ॥20॥

ਦੋਹਰਾ ॥ ਅੰਤਹਿਕਰਨ ਰਾਜਸ ਤੇ ਉਪਜੇ ਮਨ ਬੁਧਿ ਚਿਤੁ ਅਹੰਕਾਰ ॥
ਇੰਦ੍ਰ ਬ੍ਰਹਮਾ ਬਿਸਨੁ ਮਹਾਦੇਉ ਤਿਨ ਕੇ ਦੇਉ[6] ਬੀਚਾਰ[7] ॥1॥

ਚੌਪਈ ॥ ਇਸ ਸਭਨੋ ਕਰਿ ਦੇਹ ਬਨਾਈ ॥ ਤੀਨ ਗੁਨਾ ਕਰਿ ਰਚਨੁ ਰਚਾਈ ॥
ਤੀਨ ਗੁਨਾ ਪਰਭਾਉ ਅਨੰਤ ॥ ਸਮੈ ਸਮੈ ਵੈ ਆਇ ਬਰਤੰਤ ॥
ਕਾਮ ਕ੍ਰੋਧ ਲੋਭ ਮੋਹ ਅਭਿਮਾਨ ॥ ਪਾਚ[8] ਦੁਸਟ ਜੋ ਹੈ ਪਰਧਾਨ ॥
ਛੁਧਾ ਪਿਆਸਾ ਸੋਕ ਅਰੁ ਮੋਹੁ ॥ਜਮਨ ਮਰਨ ਖਟ ਉਰਮੀ ਓਹੁ ॥
ਅੰਨ[9] ਪ੍ਰਾਨ ਬਿਗਿਆਨ[10] ਅਨੰਦ ॥ ਮੈ ਅੰਤ ਕਹੈ ਪਾਸ[11] ਕੋ ਸਹੋਵੰਤ ॥21॥

ਦੋਹਰਾ ॥ ਤੀਨ ਗੁਨਾ ਪਰਭਾਵ ਦੇਹ ਮੈ ਵਰਤਹਿ ਆਇ ॥
ਸਭ ਨਸਰ ਝੂਠ ਅਸਾਰੁ ਹੈ ਸੁਪਨ ਪਦਾਰਥ ਨਿਆਇ ॥1॥

ਚੌਪਈ ॥ ਇਨ[12] ਝੂਠੇ ਕਉ ਝੂਠੇ ਜਾਨੈ ॥ ਸਾਰ ਪ੍ਰਮਾਤਮ ਸਿਉ ਮਨੁ ਮਾਨੈ ॥
ਜਬ ਝੂਠ ਤਿਆਗ ਸਾਚ ਰੰਗ ਰਾਤਾ ॥ ਸਾਚ ਹੋ ਇਸ ਮਾਹਿ ਸਮਾਤਾ ॥
ਆਦਿ ਮਧਿ ਅੰਤ ਹੈ ਸਾਚੁ[13] ॥ ਜੋ ਜਨਮ ਮਰੈ ਸੋ ਕਾਚੋ ਕਾਚੁ ॥
ਜਨਮ ਮਰਨ ਕਉ ਦੇਹ ਬਨਾਈ ॥ ਦੇਹੀ ਤਿਨ ਮਹਿ ਉਪਜਿ ਸਮਾਈ ॥
ਜਿਸੁ ਜਿਸੁ ਬਪ ਕੀ ਬਾਸਨਾ ਕਰੈ ॥ ਦੇਹ ਬਸਤਰ ਜਿਉ ਤਿਆਗੈ ਪਹਿਰੈ ॥22॥

ਦੋਹਰਾ ॥ ਜੋ ਇਸੁ ਝੂਠਾ ਜਾਨਿ ਕਰਿ ਸਦਾ ਰਹੈ ਅਸੰਗ[14] ॥
ਸੋ ਪਰਮਾਤਮ ਮਿਲਿ ਰਹੈ ਯਾ ਮੈ ਕੋਈ ਨ ਸੰਕ ॥1॥

---

(1) ਏ ਪੋਥੀ 'ਦ੍ਰਿਗ', (2) ਏ ਪੋਥੀ 'ਖੁਧ', (3) ਏ ਪੋਥੀ 'ਸੁਰੰਗਿਆਨ',
(4) ਅ ਤੇ ਏ ਪੋਥੀ 'ਪਦ', (5) ਏ ਪੋਥੀ 'ਜਾਨ',
(6) ਏ ਪੋਥੀ 'ਦੇਵ',
(7) ਏ ਪੋਥੀ 'ਵਚਾਰ',
(8) ਏ ਪੋਥੀ 'ਪੰਚ',
(9) ਏ ਪੋਥੀ 'ਓਅੰ',
(10) ਅ ਤੇ ਏ ਪੋਥੀ 'ਮਨੁਵਿਗਿਆਨ',
(11) ਏ ਪੋਥੀ 'ਪੰਚੇ',
(12) ਅ ਪੋਥੀ 'ਨਿਰਖਿ', ਏ ਪੋਥੀ 'ਜਗ',
(13) ਏ ਪੋਥੀ 'ਸਾਚਿ',
(14) ਏ ਪੋਥੀ 'ਅਸੰਕ'

ਚੌਪਈ ॥ ਅਬ ਭਗਤਿ ਜੋਗ ਕਾ ਸੁਨਿ ਪਰਭਾਉ ॥ ਜਿਸ[1] ਸੁਨਤੇ[2] ਮਨਿ ਉਪਜੈ ਚਾਉ ॥
ਪ੍ਰਭ ਕੀ ਭਗਤਿ ਕਰਹੁ ਚਿਤੁ ਲਾਇ ॥ ਤਿਸ ਕਾ ਸੰਜਮੁ ਦੇਉ ਬਤਾਇ ॥
ਤਿਆਗ ਸਮ[3] ਬੂਝ ਗ੍ਰਹਨ ਜਿਵ ਕਰੈ ॥ ਜਿਸ ਹਰਿ ਕੋ ਧਿਆਨੁ ਹੀਏ ਮੈ[4] ਧਰੈ ॥
ਭਿੰਨ ਭਿੰਨ ਤਿਹ ਆਖਿ ਬਖਾਨਾ ॥ ਹਿਤ ਚਿਤੁ ਲਾਇ ਤੁਮ ਸੁਨਹੁ ਸੁਜਾਨਾ ॥
ਜੋ[5] ਸੁਨਿ ਕੈ ਇਹੁ ਜੋਗ ਕਮਾਵੈ ॥ ਤਿਸੁ ਤਤਕਾਲ ਆਪਾ ਦਰਸਾਵੈ ॥23॥

ਦੋਹਰਾ ॥ ਸੰਜਮ ਸਿਉ ਗੋਬਿੰਦੁ ਭਜੈ ਪਾਵੈ ਪਦੁ ਨਿਰਬਾਨੁ ॥
ਜਾਤਿ[6] ਤਹਿ[7] ਆਪੁ ਦਿਖਾਵਈ ਰਹੈ ਨ ਕੋਈ ਆਨ ॥1॥

ਚੌਪਈ ॥ ਲੋਕ ਲਾਜ ਕੁਲਿ ਕੀ[8] ਵਡਾਈ ॥ ਪਰਨਿੰਦਾ[9] ਉਸਤਤਿ ਦੁਸਟ ਮਿਤ੍ਰਾਈ ॥
ਡਿੰਭ ਅਭਮਾਨ ਮਮਤੁ[10] ਪਸਾਰਾ ॥ ਅਹੰਕਾਰ ਸਹਤ ਦਸ ਤਜਹੁ ਬਿਕਾਰਾ ॥
ਅਬ ਸਮਤਾ[11] ਕਉ ਕਹਉ ਸੁਨਾਈ ॥ ਇਨ ਕਉ ਸਮ ਕਰਿ ਜਾਨਹੁ ਭਾਈ ॥
ਸੁਖੁ ਦੁਖੁ ਲਾਭ ਅਰੁ ਹਾਨ ॥ ਸੀਤ ਉਸਨ ਮਾਨ ਅਪਮਾਨ ॥
ਜਸੁ ਅਪਜਸੁ ਭਾਵੈ ਕਰੈ ਕੋਈ ॥ ਏ ਭੀ ਦਸ ਸਮ ਜਾਨਤ ਹੋਈ ॥24॥

ਦੋਹਰਾ ॥ ਦਇਆ ਧਰਮੁ ਧੀਰਜੁ ਬੈਰਾਗਾ ਸੇਵਾ[12] ਸਾਤਿ ਬਿਬੇਕ ॥
ਅਹਿੰਸਾ ਸੋਚ[13] ਕੋਮਲ ਉਚਾਰਨ ਦਸ[14] ਗਹਿ ਰਾਖੈ ਟੇਕ ॥1॥

ਚੌਪਈ ॥ ਜਬ ਇਹੁ ਜੁਗਤਿ ਭਗਤਿ ਕੀ ਪਾਵੈ ॥ ਤਬ ਅਹਿਨਿਸਿ ਹਰਿ ਚਰਨਨ ਚਿਤੁ ਲਾਵੈ॥
ਪੁਨਿ ਹਰਿ ਮੂਰਤਿ ਹਿਰਦੈ ਧਾਰੈ ॥ ਸਦ ਹੀ ਏਕਾ ਦਿਸਟਿ ਨਿਹਾਰੈ ॥
ਜਿਉ ਸੁਰਤਿ ਪਨਿਹਾਰੀ ਕਲਸੇ ਮਾਹੀ ॥[15] ਮਾਰਗ ਜਾ ਤੀ ਬਾਤ ਕਰਾਹੀ[16] ॥
ਨੈਨ ਸੈਨ ਬਿਸਨੀ ਸਿਉ ਕਰੈ ॥ ਸੁਰਤਿ ਅਡੋਲ ਕਲਸ ਮੈ ਧਰੈ ॥
ਨਟ[17] ਕੀ ਕਲਾ ਤੁਮ ਲੇਹੁ ਬੀਚਾਰੀ ॥ ਅੰਤਰਿ ਧਿਆਨੁ ਰਖਹੁ ਮਨੁ ਮਾਹੀ॥25॥

ਦੋਹਰਾ ॥ ਆਤਮ ਰੂਪੁ ਨਿਹਾਰੀਐ ਸਦ ਹੀ ਹਿਰਦੈ[18] ਮਾਹਿ ॥
ਤਾ ਕੀ ਸਤਿਆ ਪਾਇ ਕੈ ਸਭ ਇੰਦ੍ਰੀ ਕਰਮ ਕਮਾਹਿ ॥1॥

---

(1) ਅ ਤੇ ਏ ਪੋਥੀ 'ਜਾਸੁ', (2) ਅ ਤੇ ਏ ਪੋਥੀ 'ਸੁਨਤਿ', (3) ਏ ਪੋਥੀ 'ਸਮਝਿ',
(4) ਏ ਪੋਥੀ 'ਸੋ', (5) ਏ ਪੋਥੀ 'ਸੋ', (6) ਏ ਪੋਥੀ 'ਜਹਾ',
(7) ਏ ਪੋਥੀ 'ਤਹਾ'. (8) ਏ ਪੋਥੀ 'ਕਾਨ', (9) ਏ ਪੋਥੀ 'ਪ੍ਰਾਨਦਾ',
(10) ਏ ਪੋਥੀ 'ਮਮਤਾ', (11) ਏ ਪੋਥੀ 'ਸਤਮਤਾ',
(12) ਅ ਪੋਥੀ 'ਸੇਵ',
(13) ਏ ਪੋਥੀ 'ਪੋਚ'.
(14) ਏ ਪੋਥੀ 'ਚਸ',
(15) ਪਾਠਾਂਤਰ ਏ ਪੋਥੀ 'ਜਿਉ ਸੁਰਤਿ ਪਨਿਹਾਰੀ ਕਲਸ ਮਹਿ ਠਾਣੀ',
(16) ਏ ਪੋਥੀ 'ਕਹਾਨੀ',
(17) ਅ ਪੋਥੀ 'ਨਵਟਰ',
(18) ਏ ਪੋਥੀ 'ਹਿਰਦੇ',

ਚੌਪਈ ॥ ਹਰਿ ਕਉ ਸਭ ਘਟ ਮਾਹਿ ਬਿਚਾਰੈ ॥ ਹਰਿ ਆਤਮ ਰੂਪ ਸਭ ਠਉਰ ਨਿਹਾਰੈ ॥
ਜੋ ਵਡਿਆਈ ਭਗਤਨਿ ਗਾਈ ॥ ਕਰੈ ਕੀਰਤਨੁ ਪ੍ਰੇਮ ਲਗਾਈ ॥
ਨਿਰਤਿ ਕਰੈ ਹਰਿਨਾਮੁ ਧਿਆਵੈ ॥ ਨਉਧਾ ਭਗਤਿ ਮਾਹਿ ਠਹਰਾਵੈ ॥[1]
ਜੋ ਕਛੁ ਹੋਵਤ ਹੈ ਜਗ ਮਾਹੀ ॥ ਸਭ ਆਗਿਆ ਹਰਿ ਕੀ ਵਰਤਾਹੀ ॥
ਤਾ ਮਹਿ ਇਹੁ ਰਾਜੀ ਸਦ ਰਹੈ ॥ ਮਨ ਮਲੀਨ ਮਗ[2] ਕਬਹੂ ਨ ਬਹੈ ॥26॥

ਦੋਹਰਾ ॥ ਭਗਤਿ ਅਨੇਕ ਪਰਕਾਰ ਹੈ ਤੁਮ ਦੇਵਉ ਤਤੁ ਬਤਾਇ ॥
ਜਬ ਆਗਿਆ ਤੇ ਮਨੁ ਫਿਰੈ ਅੰਤਰਾਇ[3] ਹੋਇ ਜਾਇ ॥1॥

ਚੌਪਈ ॥ ਭਗਤਿ ਕਰਤੁ ਹੈ ਸਭ ਕੋ ਭਾਈ ॥ ਭਗਤਿ ਪ੍ਰਭਾਵ[4] ਕਿਸੁ ਹਾਥਿ ਨ ਆਈ ॥
ਜਗ ਤੇ[5] ਨਿਆਰਾ ਹਰਿ ਕਉ ਜਾਨੈ ॥ ਜਗ ਸਿਉ ਬੁਰਾ ਭਲਾ ਸਭੁ ਠਾਨੈ ॥
ਹਰਿ ਜਗ ਰੂਪੀ ਖੇਲ ਖਿਲਾਰੀ ॥ ਆਪ ਹੀ ਸਭੁ ਕਛੁ ਬਨਿਓ ਮੁਰਾਰੀ ॥
ਅਲਪ ਭਗਤਿ ਹਰਿ ਸਿਉ ਇਹੁ ਕਰੈ ॥ ਬਹੁ ਬੈਰ ਬਿਰੋਧ ਵਾਹੀ ਸਿਉ ਧਰੈ ॥
ਜੈਸਾ ਬੀਜੈ ਤੈਸਾ ਲੁਣੈ ॥ ਬੇਦ ਕਤੇਬ ਸਾਧ ਸਭ ਭਣੈ ॥27॥

ਦੋਹਰਾ ॥ ਸਭ ਘਟ ਹਰਿ ਕਉ ਜਾਨਿ ਕੈ ਸਭ ਕੋ ਹੋਵੈ ਦਾਸ ॥
ਭਗਤਿ ਪ੍ਰਭਾਵ ਸੋ ਪਾਵਈ ਹਰਿ ਘਟ ਹੀ ਹੋਇ ਪ੍ਰਗਾਸ ॥1॥

ਚੌਪਈ ॥ ਅਬ ਗਿਆਨ ਜੋਗੁ ਸੁਨਹੁ ਚਿਤੁ[6] ਲਾਇ ॥ ਜਿਤੁ ਸੁਨਿਐ ਮਨੂਆ ਸੀਤ ਲਾਇ॥
ਨਹੀ ਕਰਮ ਧਰਮ ਨਹੀ ਚਜ ਅਚਾਰਾ ॥ ਤਹ ਨਹੀ ਫੁਰੈ ਜਗ ਕੋ ਬਿਉਹਾਰਾ ॥
ਜਗ ਜਗਦੀਸ ਏਕ ਹੀ ਭਾਸੈ ॥ ਏਕਮੇਵ[7] ਅਦੁਤੀਆ ਪ੍ਰਕਾਸੈ ॥
ਸਰਬੰ ਖਲੁ[8] ਇੰਦ[9] ਬ੍ਰਹਮੁ ਜੋ ਜਾਨ ॥ ਬੇਦ[10] ਮਾਹਿ ਹਰਿ ਕੀਓ ਬਖਿਆਨ ॥
ਮੈ ਤੂੰ ਤਹਾ ਜਗਤੁ ਨਹੀ ਹੋਈ ॥ ਆਪੇ[11] ਆਪਿ ਆਪਿ ਹੈ ਸੋਈ ॥28॥

ਦੋਹਰਾ ॥ ਜਿਵ ਮਾਟੀ ਕੇ ਪਰਕਾਰ ਸਭ ਕੰਚਨ ਭੂਖਨ ਨਿਆਇ ॥
ਤਿਉ ਅਰੂਪ ਹੀ ਰੂਪ ਸਭ ਆਪੇ ਬਨਿਓ ਆਇ[12] ॥1॥

---

(1) ਪਾਠਾਂਤਰ ੲ ਪੋਥੀ 'ਮਹਾ ਅਨੰਦ ਉਚੇ ਸੁਰ ਗਾਵੈ', (2) ਅ ਤੇ ੲ ਪੋਥੀ 'ਸੰਗੁ',
(3) ਅ ਪੋਥੀ 'ਅੰਤਰੁ', ੲ ਪੋਥੀ 'ਅੰਤਾਰ',
(4) ੲ ਪੋਥੀ 'ਭਾਉ',
(5) ੲ ਪੋਥੀ 'ਸਿਉ',
(6) ੲ ਪੋਥੀ 'ਮਨੁ',
(7) ੲ ਪੋਥੀ 'ਏਕ ਸੇਵ',
(8) ੲ ਪੋਥੀ 'ਖੇਲ',
(9) ੲ ਪੋਥੀ 'ਇੰਦ੍ਰ',
(10) ੲ ਪੋਥੀ 'ਬੇਦਨ',
(11) ੲ ਪੋਥੀ 'ਆਪਿ',
(12) ੲ ਪੋਥੀ 'ਬਨਾਇ'

ਝੂਲਨਾ ॥ ਬੇਰੰਗ ਨੇਰੰਗ ਅਨੂਪ[1] ਕੀਏ
ਕਹੂੰ ਕਾਲਾ ਹੈ ਕਹੂੰ ਪੀਲਾ ਹੈ ॥
ਵਹ ਏਕੁ ਹੀ ਹੈ ਤੂੰ ਭੇਦ ਬਿਨਾ[2]
ਧਰੈ[3] ਭੇਦ ਅਨੇਕ ਸਿਉ ਲੀਲਾ ਹੈ ॥
ਯਹ ਪੁਰਖ ਪ੍ਰਕਿਰਤ ਕੋ ਖੇਲੁ ਧਰਾ ।
ਬੇਸੰਗ ਨੈਸੰਗੁ ਸੰਗੀਲਾ ਹੈ ॥
ਸੁਧਿ ਬੁਧਿ ਸਿਉ ਆਪੁ ਬੀਚਾਰੀਐ ਜੀ
ਬੇਰੰਗ ਹੀ ਰੰਗ ਰੰਗੀਲਾ ਹੈ ॥29॥

ਦੋਹਰਾ ॥ ਆਤਮ ਏਕ ਅਦੁਤੀ ਹੈ ਰਹਤ ਭੇਦ ਤੂੰ ਜਾਨ ॥
ਵਾ ਬਿਨੁ ਦੂਜਾ ਜਾਨਨਾ ਯਹੀ[4] ਅਗਿਆਨ ਪ੍ਰਮਾਨ ॥1॥

ਝੂਲਨਾ ॥ ਕਹੂ ਚੋਹ ਅਉ ਜਾਰ ਬਿਕਾਰ ਬਨਾ
ਉਪਕਾਰੀ ਹੈ ਕਹੂੰ ਦੋਹੀ ਹੈ ॥
ਕਹੂੰ ਜੋਗ ਅਉ ਜਗ ਸਮਾਧ[5] ਧਰੈ
ਕਹੂੰ ਮੋਹਨ ਹੈ ਕਹੂੰ ਮੋਹੀ ਹੈ ॥
ਇਹੁ ਲਖ ਚਉਰਾਸੀਹ ਖੇਲੁ ਤੇਰਾ
ਕਛੁ ਤੁਝ ਬਿਨਾ ਕਹੂੰ ਸੋਹੀ ਹੈ ॥
ਜਿਨਉ ਗਿਆਨ ਕੇ ਨੈਨ ਉਘਾਰ ਦੇਖਿਆ
ਤਿਨਉ ਦੇਖਿਆ ਸਭ ਕਿਛੁ ਓਹੀ ਹੈ ॥30॥

ਦੋਹਰਾ ॥ ਜਉ ਕੰਚਨ ਭੂਖਨ ਭਇਓ ਧਰਿਓ ਰੂਪ ਅਪਾਰ ॥
ਤਉ ਵਾ ਕੀ ਕੰਚਨ ਤਾ[6] ਬਿਖੈ ਕਛੁ ਘਟਤੀ ਹੋਈ ਯਾਰ[7] ॥1॥

ਚੌਪਈ ॥ ਜਬ ਹੀ ਸਧਨੈ ਸਿਛਾ[8] ਪਾਈ ॥ ਮਨ ਬਚ ਕ੍ਰਮ ਕਰਿ ਤਿਸੁ ਲਿਵ ਲਾਈ ॥
ਪਾਚ ਜੋਗ ਲੇ ਮਨ ਮਹਿ ਧਾਰਾ ॥ ਸੋ ਤੋ ਕਉ ਮੈ ਕਹਉ ਬੀਚਾਰਾ ॥
ਜੋ ਸਹਜਿ ਸੁਭਾਇ ਕਰਮ ਹੋਇ ਆਵੈ ਰਹੈ ॥ ਰਹੈ ਅਸੰਗ ਕਰਮ ਜੋਗੁ ਕਹਾਵੈ ॥

---

(1) ੲ ਪੋਥੀ 'ਅਨੇਕ',
(2) ੲ ਪੋਥੀ 'ਬਿਨ',
(3) ੲ ਪੋਥੀ 'ਧਰ',
(4) ੲ ਪੋਥੀ 'ਯਾਹੀ',
(5) ਅ ਪੋਥੀ 'ਸਸਯਾ',
(6) ੲ ਪੋਥੀ 'ਵਾ',
(7) ੲ ਪੋਥੀ 'ਸਾਰ',
(8) ੲ ਪੋਥੀ 'ਸੁਧਿ'

ਇੰਦ੍ਰੀਅਨ ਕੋ ਤਿਸੁ[1] ਨਿਗ੍ਰਹੁ ਰਹੈ ॥ ਅਸਟਾਂਗ ਜੋਗ ਸੋ ਸਹਜੈ ਅਹੈ ॥
ਸਾਰ ਅਸਾਰ ਬਬੇਕੁ ਜੋ ਜਾਨੈ ॥ ਕਰਿ ਬੁਧਿ ਜੋਗ ਸਾਰ ਮਨੁ ਮਾਨੈ ॥31॥

ਦੋਹਰਾ ॥ ਜੋ ਕਛੁ ਵਰਤੈ ਜਗਤ ਮੈ ਹਰਿ ਕਰਤ[2] ਕਰਾਵਤ[3] ਜਾਨ ॥
ਤਾਹੀ ਮੈ ਪਰਸਨ ਰਹੈ ਇਵ ਪਾਇਓ ਭਗਤਿ ਗਿਆਨ ॥1॥

ਚੌਪਈ ॥ ਸਧਨਾ ਅਹਿਨਿਸ ਮਾਤਾ[4] ਫਿਰੈ ॥ ਰਾਗ ਦੁਏਖ ਨਹੀ ਮਨ ਮਹਿ ਧਰੈ ॥
ਭਾਉ ਭਗਤਿ ਹਿਰਦੈ ਮਹਿ ਲਿਆਵੈ ॥ ਜੋਰਿ ਬਿਸਨਪਦ ਪ੍ਰੇਮ ਸਿਉ ਗਾਵੈ ॥
ਨਾ ਵਹ ਦੁਖੈ ਨ ਕਿਸੈ ਦੁਖਾਵੈ ॥ ਸੁਖ ਸਰੂਪ ਹੋਇ ਅਉਧ ਬੀਤਾਵੈ ॥
ਭਗਤੁ ਭਗਤੁ ਤਿਸੁ ਜਗਤੁ ਬਖਾਨੈ ॥ ਪੂਜਾ ਅਰਚਾ ਬੰਦਨਾ[5] ਠਾਨੈ ॥
ਸੁਖ ਰੂਪੀ ਸੁਖਦਾਈ ਸਾਧ ॥ ਤਿਨ ਕੋ ਮਤੋ[6] ਹੈ ਅਗਮ ਅਗਾਧ ॥32॥

ਦੋਹਰਾ ॥ ਚਰਚਾ ਪਿਆਰੇ ਪ੍ਰੀਤਮੈ ਠੀਕ ਠਾਕ ਨਹੀ ਹੋਤ ॥
ਸ੍ਰਵਨੋ ਕੋ ਰਸਨਾ ਨਹੀ ਨਹੀ ਰਸਨਾ ਕੋ ਸ੍ਰੋਤ ॥1॥

ਚੌਪਈ ॥ ਸਧਨਾ ਪ੍ਰੇਮ ਪਦੁ [ਮਦਿ][7] ਪੀ ਛਕ ਗਇਆ ॥ ਸੋ ਸਕਲ ਲੋਕ ਮੈ ਪਰਗਟੁ ਭਇਆ ॥
ਪਾਤਿਸਾਹ ਬਾਤ ਸੁਨਿ ਪਾਈ ॥ ਸਧਨਾ ਜੀ ਕਉ ਲੀਓ ਬੁਲਾਈ ॥
ਬਹੁ ਆਦਰੁ ਕਰਿ ਢਿਗ[8] ਬੈਠਾਇਆ[9] ॥ ਪੁਨਿ ਰਕਤ ਪੀਤ ਕਰਿ ਨੈਨ ਦਿਖਾਇਆ[10] ॥
ਤੂੰ ਤੋ ਹਰਿ ਕਾ ਭਗਤੁ ਕਹਾਵੈ ॥ ਤਬ ਛੋਡਉ ਜਬ ਕਰਾਮਾਤਿ ਦਿਖਾਵੈ ॥
ਸਧਨਾ ਸਭ ਘਟ ਬ੍ਰਹਮੁ ਬੀਚਾਰੈ ॥ ਹਰਖ ਸੋਗ ਨਹੀ ਮਨ ਮੈ ਧਾਰੈ ॥33॥

ਦੋਹਰਾ ॥ ਹਰਖ ਸੋਗੁ ਨਹੀ ਧਾਰਈ ਗਇਓ ਦੁਤੀਆ ਭਾਉ ਬਿਲਾਇ ॥
ਪਰਮਾਤਮ ਰੂਪ[11] ਬਿਚਾਰ ਕੈ ਰਹਿਓ ਵਾਹੀ[12] ਉਰਝਾਇ ॥1॥

---

(1) ੲ ਪੋਥੀ 'ਕੋ',
(2) ੲ ਪੋਥੀ 'ਕਰਨ',
(3) ੲ ਪੋਥੀ 'ਕਰਾਵਨ',
(4) ਅ ਪੋਥੀ 'ਮਾਤ',
(5) ੲ ਪੋਥੀ 'ਬੰਦਨ',
(6) ੲ ਪੋਥੀ 'ਮਤਿ',
(7) ਅ ਤੇ ੲ ਪੋਥੀ ਤੋਂ,
(8) ੲ ਪੋਥੀ 'ਨਿਕਟ',
(9) ੲ ਪੋਥੀ 'ਬੈਠਾਏ',
(10) ੲ ਪੋਥੀ 'ਦਿਖਾਇ',
(11) ੲ ਪੋਥੀ 'ਸਰੂਪ',
(12) ੲ ਪੋਥੀ 'ਵਹੀ'

ਚੌਪਈ ॥ ਰਾਵ ਰੰਕ ਸੋ ਨਾਹਿ ਬੀਚਾਰੈ ॥ ਪੂਰਨ ਬ੍ਰਹਮੁ ਸਭ ਘਟਹਿ[1] ਨਿਹਾਰੈ ॥
ਕਰਾਮਾਤਿ ਹੈ ਕਹਰ ਕੋ ਨਾਉ ॥ ਭਗਤ ਜਨਾ ਕਉ ਨਾਹਿ ਸੁਆਉ ॥
ਬਿਨੁ ਪਰਮਾਤਮ ਤਿਸੁ ਅਉਰ ਨ ਸੂਝੇ ॥ ਸਭ ਕਾਰਜ ਕਾਰਨ ਨਹੀ ਬੂਝੇ ॥
ਜਬ ਭੂਪਤ ਕਛੁ[2] ਬਾਤ ਬਖਾਨੈ ॥ ਤਬ ਹਸ ਪਰੈ ਕਛੁ ਅਉਰ ਨ ਆਨੈ ॥
ਤਿਨ ਕਰਤ ਕਰਾਵਤ ਹਰਿ ਹੀ ਜਾਤਾ ॥ ਭਾਉ ਦੂਸਰਾ ਧਰੈ ਨ ਗਿਆਤਾ॥34॥

ਦੋਹਰਾ ॥ ਭੂਪਤਿ ਮਨ ਮੈ ਕੋਪੁ[3] ਕਰਿ ਸਧਨੈ ਦੀਓ ਬਿਡਾਰਿ ॥
ਕਹਿਓ ਯਾ ਕਉ ਬੁਰਜ ਮੈ ਚਿਨ ਲੇਵਉ ਯਾਹੀ ਬਾਰ ॥1॥

ਚੌਪਈ ॥ ਹਸਤ ਹਸਤ ਸਧਨਾ ਉਠਿ ਚਲਾ[4] ॥ ਦੇਖਹੁ ਗਿਆਨ ਕੀ ਅਦਭੁਤ ਕਲਾ ॥
ਲੇ ਜਾਇ ਬੁਰਜ ਵਿਚਿ ਕੀਆ[5] ਠਾਢਾ ॥ ਹੁਕਮੁ ਪਛਾਨ ਮਨ ਆਨਦੁ ਬਾਢਾ ॥
ਏਹ ਸਰੀਰ ਬਸਤਰ ਕੀ ਨਿਆਏ ॥ ਪੁਰਖ ਪੁਰਾਤਨ[6] ਪਹਿਰਤ ਆਏ ॥
ਇੰਦ੍ਰੀ ਸਭੈ ਅਪਕਰਮੁ ਕਰਤ ਹੈ[7] ॥ ਪਰਮਾਤਮ ਸਤਿਆ ਪਾਇ ਫੁਰਤੁ ਹੈ ॥[8]
ਰਾਜ ਮਜੂਰ ਲਗਿ ਤਿਸੁ[9] ਚਿਨਿ ਲਾਇਆ ॥ ਈਟ ਮਾਟੀ ਸਿਉ ਪਗਛਿਨ [ਪ੍ਰਛਿਨ][10] ਕੀਆ ॥35॥

ਦੋਹਰਾ ॥ ਸਗਲ ਅੰਗੁ ਜਬ ਢਾਪਿਆ ਗਰਦਨ ਲਉ ਤਿਸੁ ਜਾਟਿ[11] ॥
ਬਾਕ ਬਿਲਾਸ ਇਕੁ ਸਬਦੁ ਕਰਿ ਪ੍ਰੇਮ ਸਿਉ ਉਠਿਓ ਗਾਟਿ ॥1॥

ਚੌਪਈ ॥ ਕਾਂਪੀ ਧਰਨ ਬੁਰਜੁ ਫਟਿ ਗਇਆ ॥ [ਰਾਜ][12] ਮਜੂਰ ਕੂਦ ਤਬ ਪਰਿਆ [ਪਇਆ][13] ॥
ਸਧਨਾ ਤਹਾ ਠਾਢਾ ਹੋਇ ਰਹਾ ॥ ਕਰੈ ਕੀਰਤਨੁ ਪ੍ਰੇਮ ਸਿਉ ਸਹਾ ॥[14]
ਮਾਟੀ ਈਟ ਕਹੂ ਜਾਇ ਹੈ ਪਰੀ ॥ ਬਸਤਰ ਅੰਗ ਸਪਰਸ ਨ ਕਰੀ ॥
ਭੂਪਤਿ ਇਹੁ ਜਬ ਪਰਚਾ ਪਾਇਆ ॥[15] ਹੋਇ ਅਧੀਨ ਚਰਨੀ ਲਟਪਾਇਆ[16] ॥
ਦੇਖਹੁ ਹਰਿ ਭਗਤਨ ਵਡਿਆਈ ॥ ਆਦਿ ਜੁਗਾਦਿ ਹਰਿ ਲਾਜ[17] ਰਖਾਈ॥31॥

ਦੋਹਰਾ ॥ ਹਰਿ ਕੀ ਪੈਜ ਪ੍ਰਧਾਨ ਹੈ ਜਾਨਤ ਸਕਲ ਜਹਾਨ ॥
ਜੋ ਨਰ ਹਰਿ ਕਉ ਧਿਆਵਹੀ ਹਰਿ ਤਿਸੁ ਭਜੈ ਨਿਦਾਨ ॥1॥

---

(1) ੲ ਪੋਥੀ 'ਘਟਿਓ', (2) ਅ ਪੋਥੀ 'ਮਨਿ', (3) ਅ ਪੋਥੀ ਕੋਪਾ,
(4) ਪਾਠਾਂਤਰ ੲ ਪੋਥੀ 'ਸਹਤਿ ਸਹਤਿ ਸਧਨਾ ਉਠਿ ਚਾਲਾ', (5) ੲ ਪੋਥੀ 'ਕੀਓ',
(6) ੲ ਪੋਥੀ 'ਰਾਤਨ,' (7) ਪਾਠਾਂਤਰ ੲ ਪੋਥੀ 'ਜੋ ਇੰਦ੍ਰ ਆਕਰਮੁ ਕਰਤਿ ਹੈ',
(8) ਪਾਠਾਂਤਰ ੲ ਪੋਥੀ 'ਆਪਾਇ ਪਰਮਾਤਮ ਸਤਿ ਸੋ ਫੁਰਤਿ ਹੈ', (9) ੲ ਪੋਥੀ 'ਸੋ',
(10) ੲ ਪੋਥੀ ਤੋਂ (11) ੲ ਪੋਥੀ 'ਜਾਤਿ', (12) ਅ ਤੇ ੲ ਪੋਥੀ ਤੋਂ,
(13) ਅ ਤੇ ੲ ਪੋਥੀ ਤੋਂ (14) ਪਾਠਾਂਤਰ ੲ ਪੋਥੀ 'ਹਰਿ ਕਰੀ ਸਹਾਇ ਸਭਾ ਲੋਕਲ ਕਹਾ,'
(15) ਪਾਠਾਂਤਰ ੲ ਪੋਥੀ 'ਭੂਪਤਿ ਇਹ ਜਬ ਬਾਤਿ ਸੁਨਿ ਪਾਈ',
(16) ੲ ਪੋਥੀ 'ਲਪਟਾਈ',
(17) ੲ ਪੋਥੀ 'ਪੈਜ'

ਦੋਹਰਾ ॥ ਸਧਨੇ ਕੀ ਕਥਾ ਅਬ ਪੂਰਨ ਭਈ ਸੁਜਾਨ ॥
ਪੁਨਿ ਬਾਲਮੀਕ ਕੀ ਕਥਾ ਕਉ ਸ੍ਰੋਤਾ ਹੈ[1] ਸਾਉਧਾਨ ॥1॥36॥1॥12॥[11]

ੴ ਪਰਚੀ ਬਾਲਮੀਕ ਕੀ ॥

ਚੌਪਈ ॥ ਅਬ ਬਾਲਮੀਕ ਕੀ ਕਥਾ ਸੁਨਾਊ ॥ ਗੁਨ ਸਾਧ ਸਮਾਗਮ ਭਾਖਿ ਰੀਝਾਊ ॥
ਸੁਪਚ ਗ੍ਰਿਹ ਜਨਮੁ ਤਾਸ ਕਾ ਭਇਆ ॥ ਕੁਲ ਕਰਮ ਛੋਡਿ ਅਨੀਤ[2] ਮਗੁ ਗਹਿਆ ॥
ਤਾ ਕੈ ਗ੍ਰਿਹ ਇਕ ਨਾਰੀ ਆਹੀ ॥ ਪਤ ਕੋ ਬ੍ਰਤ ਸੋ ਓਰ ਨਿਬਾਹੀ ॥
ਇਕੁ ਬੇਟੀ ਇਕ ਬੇਟਾ ਰਹਾ ॥ ਮਹਾਪ੍ਰਬੀਨ ਕਛੁ ਜਾਇ ਨ ਕਹਾ ॥
ਇਕ ਮਾਤਾ ਮਾਨੋ ਮੈਣਾਵੰਤੀ ॥ ਗਿਆਨ ਬਿਗਿਆਨ ਸੀਲ ਸਤਵੰਤੀ ॥1॥

ਦੋਹਰਾ ॥ ਬਾਲਮੀਕੁ ਮਗੁ ਮਾਰਈ ਪੈਡੈ ਹੀ ਖੋਹੈ ਜਾਇ ॥
ਧਰਮ ਅਧਰਮੁ ਨ ਬੂਝਈ ਅਹਿਨਿਸ ਪਾਪੁ ਕਮਾਇ ॥1॥

ਚੌਪਈ ॥ ਪਾਪ ਕਰਮ ਜੋ ਕੋਈ ਕਰੈ ॥ ਸੋ ਤੋ ਅਧਮ ਨਰਕ ਮੈ ਪਰੈ ॥
ਪਾਪ ਕਰਮ ਤਉ ਲਉ ਇਹੁ ਕਰੈ ॥ ਜਉ ਲਉ ਸਾਧ ਸੰਗੁ ਨਹੀ ਧਰੈ ॥
ਜਬ ਸਾਧ ਸੰਗ ਮੈ ਬੈਠੈ ਜਾਇ ॥ ਧਰਮ ਅਧਰਮ ਕੀ ਸਭ ਸੁਧਿ[3] ਪਾਇ ॥
ਅਧਰਮੁ ਤਜੈ ਧਰਮ ਪਗ [ਮਗ][4] ਲਾਗੈ ॥ ਤ੍ਰਿਗੁਣ ਨੀਦ ਤੇ ਸੋਇਆ ਜਾਗੈ ॥
ਤਾਤਕਾਲ ਧਰਮੀ ਹੋਇ ਆਵੈ ॥ ਪਾਪ ਕਰਮ ਛਿਨ ਮਾਹਿ ਗਵਾਵੈ ॥2॥

ਦੋਹਰਾ ॥ ਜਿਵ ਤਿਲ ਕਉ ਫੂਲ ਤਰਵਰ ਕਉ[5] ਚੰਦਨ ਲੋਹ ਕਉ ਪਾਰਸ ਸੰਗੁ ॥
ਤਿਉ ਬਿਖੀਅਨ ਕਉ ਸਾਧ ਸਮਾਗਮ ਕਾਟੈ ਕੋਟ ਕਲੰਕ ॥1॥

ਚੌਪਈ ॥ ਇਕ ਦਿਨ ਪ੍ਰਾਤ ਹੀ ਮਗੁ ਜਾਇ ਰੋਕਾ ॥ ਮਿਲਿਓ ਸਗਨੁ ਲਹੈ[6] ਉਤਮੁ ਥੋਕਾ [ਲੋਕਾ][7] ॥
ਤਹ ਦੁਇ ਸਾਧ ਆਏ ਵੀਚਾਰੀ ॥ ਅਤਿ ਪ੍ਰਸੰਨ ਹੋਇ ਤਿਨਹਿ ਨਿਹਾਰੀ ॥
ਮਾਤ੍ਰਾ ਤਿਨ[8] ਕੀ ਖੋਹਨ ਲਾਗਾ ॥ ਦਰਸਨੁ ਦੇਖਿ ਭਾਗੁ ਮਸਤਕਿ ਜਾਗਾ ॥
ਸਾਧ ਕਹੈ ਹੇ ਪਾਨ ਪਿਆਰੇ ॥ ਕਵਨ ਕਰਮ ਤੁਮ ਨੈ ਅਵਧਾਰੇ ॥
ਹਰਿ ਕਾ ਭੈ ਤੁਮ ਮਨਿ ਨਹੀ ਆਵੈ ॥ ਕਾਹੇ ਪਰਹਰਿ ਸਾਧ ਦੁਖਾਵੈ ॥3॥

---

(1) ਅ ਪੋਥੀ 'ਹੋਇ',
(2) ਅ ਪੋਥੀ 'ਨੀਧ', ੲ ਪੋਥੀ 'ਅਨੀਧ',
(3) ੲ ਪੋਥੀ 'ਸੁਨਿ',
(4) ਅ ਤੇ ੲ ਪੋਥੀ ਤੋਂ
(5) ੲ ਪੋਥੀ 'ਕੋ',
(6) ਅ ਪੋਥੀ 'ਲਹਿ',
(7) ਅ ਤੇ ੲ ਪੋਥੀ ਤੋਂ
(8) ਅ ਪੋਥੀ 'ਤਾ',
(9) ੲ ਪੋਥੀ ਭੇਦ'

ਦੋਹਰਾ ॥ ਏਕ ਉਦਰ ਕੇ ਕਾਰਨੈ ਕਰਤ ਹਉ[1] ਇਹੁ ਬਿਉਹਾਰੁ ॥
ਧਰਮਰਾਇ ਤੇ ਡਰਤ ਨਹਿ ਲੇਅ ਲੇਖਾ[2] ਠੰਗਾ[3] ਮਾਰ[4] ॥1॥

ਚੌਪਈ ॥ ਤਬ ਬਾਲਮੀਕ ਨੈ ਬਚਨ ਉਚਾਰਾ ॥ ਅਪ ਉਦਰੈ[5] ਕਾਰਨ ਇਹ ਕਰਮੁ ਨ ਧਾਰਾ॥
ਗ੍ਰਿਹ ਤਿਰੀਆ ਬੇਟੀ ਬੇਟਾ ਰਹੈ ॥ ਮਾਤਾ ਬਿਰਧਿ ਤਿਸੁ ਸੇਵਕੁ[6] ਅਹੈ[7] ॥
ਇਤੁ ਬਿਉਹਾਰ ਜੁ ਹਰਿ ਮੁਹਿ ਦੇਇ ॥ ਤਿਨ ਕੀ ਉਦਰ ਪੂਰਨਾ ਹੋਈ[8] ॥
ਸਾਧ ਕਹੈ ਜੋ ਕਰਮ ਕਮਾਵੈ ॥ ਤਿਸ ਕੇ ਫਲ ਕਉ ਤੂੰ ਹੀ ਪਾਵੈ ॥
ਅਪਕਰਮ ਕਰਹਿ ਕੁਟੰਬ ਕੈ ਕਾਰਨ ॥ ਸੁ ਨਾਹਿ ਸਰੀਕ[9] ਤਿਸੁ ਦੂਖ ਨਿਵਾਰਨ ॥4॥

ਸੋਰਠਾ ॥ ਮੂਰਖ ਲੋਕ ਅਗਿਆਨ ਬੁਰਾ ਭਲਾ ਨਹੀ ਬੂਝਹੀ ॥
ਖੋਟਾ ਖਾਹਿ ਨਿਦਾਨ ਜੋ ਧਨ ਕਾਰਨ ਪਰਧਨੁ[10] ਹਿਰਹਿ ॥1॥

ਚੌਪਈ ॥ ਜਬ ਬਾਲਮੀਕ ਨੈ ਇਹ ਸੁਧਿ ਪਾਈ ॥ ਤਬ ਸਾਧਉ ਸਿਉ ਬਾਤ ਜਨਾਈ ॥
ਮੈ ਜਾਨਉ ਜੋ ਇਹ ਧਨ ਖਾਹੀ ॥ ਸਭ ਸਰੀਕ ਇਨ ਪਾਪਨ ਮਾਹੀ ॥
ਅਬ ਤੁਮ ਤੇ ਮੈ ਇਹੁ ਸੁਨਿ ਪਾਇਆ ॥ ਜਿਨਿ ਕਰਮੁ ਕੀਆ ਸੋਈ ਫਲੁ ਉਰਝਾਇਆ ॥
ਜਉ ਤੁਮਰੀ ਮੈ ਆਗਿਆ ਪਾਵਉ ॥ ਇਹ ਬਾਤ ਬੂਝ ਕੁਟੰਬ ਕਉ[11] ਆਵਉ ॥
ਤੁਮ ਬਿਸਨ ਪਰੀਤਿ ਈਹਾ ਰਹਉ[12] ਠਾਢੇ ॥ ਮੈ ਆਵਉ ਬੂਝਿ[13] ਏ ਬਚਨ ਜੁ ਗਾਢੇ ॥5॥

ਦੋਹਰਾ ॥ ਸਾਧ ਬਿਤੁ [ਬਸਤੁ][14] ਸਭੁ ਦੇ ਰਹੇ ਬਾਲਮੀਕ ਨਹੀ ਲੀਤ ॥
ਕੁਟੰਬਹਿ ਪੂਛਨ ਉਠਿ ਚਲਿਓ ਮਨੁ ਤਿਸੁ ਅਤਿ ਭੈ ਭੀਤ ॥1॥

ਚੌਪਈ ॥ ਸਾਧ ਤਹਾ ਬੈਠ ਰਹੇ ਭਾਈ ॥ ਬਾਲਮੀਕ ਜਾਇ ਤ੍ਰੀਆ ਬੁਲਾਈ ॥
ਤੂੰ ਮੇਰੀ ਹੈ ਅਰਧ ਸਰੀਰੀ ॥ ਅਨੇਕ ਜਤਨ ਕਰਉ ਤੁਝ ਕੇਰੀ ॥
ਇਹੁ ਪਾਪ[15] ਕਰਮ ਕਰਿ ਜੋ ਮੈ ਲਿਆਵਉ ॥ ਸਭੁ ਆਗੈ ਤੇਰੈ ਆਨਿ ਰਾਖਾਵਉ॥
ਜਬ ਧਰਮਰਾਇ ਇਹੁ ਲੇਖਾ ਲੇਵੈ ॥ ਆਇ ਸਰੀਕ ਹੋਇ ਲੇਖਾ ਦੇਵੈ ॥
ਤ੍ਰੀਆ ਕਹਿਓ ਇਹਿ ਭੂਲਨ ਭੂਲੁ[16] ॥ ਜੋ ਦੁਖ ਦੇਇ ਸੋਈ ਸਹੈ ਸੂਲੁ[17] ॥6॥

---

(1) ੲ ਪੋਥੀ 'ਹੈ', (2) ਅ ਪੋਥੀ 'ਲੇਖੇ', (3) ਅ ਪੋਥੀ 'ਠੇਗੇ',
(4) ਪਾਠਾਂਤਰ ੲ ਪੋਥੀ 'ਧਰਮਰਾਇ ਤੇ ਡਰਤ ਨਹਿ ਲੇਖਾ ਮਾਂਗੈ ਯਾਰੁ',
(5) ੲ ਪੋਥੀ 'ਉਦਰ', (6) ਅ ਤੇ ੲ ਪੋਥੀ 'ਸੇਵਾ', (7) ਅ ਤੇ ੲ ਪੋਥੀ 'ਕਰੈ',
(8) ੲ ਪੋਥੀ 'ਹੋਵੈ', (9) ੲ ਪੋਥੀ ਸਕੈ', (10) ੲ ਪੋਥੀ 'ਪਰਦ੍ਰਬੁ',
(11) ੲ ਪੋਥੀ 'ਸੋ', (12) ੲ ਪੋਥੀ 'ਹੋਇ', (13) ਅ ਪੋਥੀ 'ਬੂਝਾ',
(14) ੲ ਪੋਥੀ ਤੋਂ (15) ਅ ਪੋਥੀ 'ਪਰ', ੲ ਪੋਥੀ 'ਅਪ',
(16) ੲ ਪੋਥੀ 'ਭੂਲਾ',
(17) ੲ ਪੋਥੀ 'ਸੂਲਾ'

ਦੋਹਰਾ ॥ ਮੈ ਤੁਮਹਰਿ ਲੜਿ ਲਾਇਆ ਜਿਵ ਕਿਵ ਕਰਉ[1] ਸਹਾਈ ॥
ਜੋ ਪਾਪ ਪੁੰਨ ਤੁਮ ਕਰਹੁ ਪੀਅ ਸੋ ਆਪ[2] ਹੀ ਭੋਗਹੁ ਜਾਇ ॥1॥

ਚੌਪਈ ॥ ਬਹੁਰਿ[3] ਜਾਇ ਤਾਤ[4] ਕਉ ਬੂਝੈ ॥ ਤੋ ਬਡੋ ਭਰੋਸੇ ਸੂਝੈ ॥
ਮਮ ਆਤਮ ਤੂੰ ਆਹਿ ਪਿਆਰੇ॥ ਤੋਹਿ ਨਿਮਿਤ ਮੈ ਕਰਮ ਏ ਧਾਰੇ ॥
ਅੰਤਿ ਕਰਮ ਏ ਜੋ ਫਲ ਦੇਹੀ ॥ ਹੋਇ ਸਰੀਕੁ ਤੂ ਹੀ[5] ਕਛ ਲੇਹੀ ॥
ਪੂਤ ਕਹੈ ਸੁਨਿ ਪਿਤਾ ਸੁਜਾਨਾ ॥ ਜੋ[6] ਪਾਪ ਕਰੈ ਸੋਈ ਭੋਗੈ ਨਿਦਾਨ ॥
ਜੋ ਕਰੁ ਕਰੈ ਸੋਈ ਕਰੁ ਪਾਵੈ ॥ ਅੰਤਿਕਾਲੀ ਸੋਈ[7] ਕਾਮਿ ਨ ਆਵੈ ॥7॥

ਦੋਹਰਾ ॥ ਜੈਸੇ ਅੰਧੁਲੀ ਗਊ ਹੈ ਤੈਸਾ[8] ਇਹੁ ਸੰਸਾਰੁ ॥
ਵਹ ਚਮੜਾ ਚਾਟੈ ਮੋਹ ਬਾਸ ਇਹੁ ਪਰਹਿਤ[9] ਪਾਪ ਬਿਉਹਾਰੁ ॥1॥

ਚੌਪਈ ॥ ਬਹੁਰਿ ਮਾਤ ਸਿਉ ਬਾਤ ਜਨਾਈ ॥ ਬਿਨੁ ਜਨਨੀ ਮੋਹਿ ਕਵਨੁ ਛਡਾਈ ॥
ਜਿਉ ਬਾਲ ਅਵਸਥਾ ਦੁਖੁ ਦੇ[10] ਪਾਲਿਆ ॥ ਮੋਹਿ ਸੁਖੁ ਦੀਆ ਤੈ ਦੁਖੁ ਘਾਲਿਆ॥
ਅਬ ਪਾਪ ਕਰਮ ਕਰਿ ਮੈ ਤੁਮ ਸੇਵਉ ॥ ਤੋਹਿ ਨਿਮਿਤਿ[11] ਲੋਕਲ[12] ਦੁਖੁ ਦੇਵਉ॥
ਅੰਤਿਕਾਲ[13] ਜਬ ਲੇਖਾ ਹੋਈ ॥ ਤਬ ਆਇ ਵੰਡਾਵਹਿ[14] ਤੂ ਦੁਖੁ ਕੋਈ ॥
ਤਬ ਮਾਤ ਨੈਨ ਤੇ ਆਸੂ ਬਹੀ ॥ ਇਕ ਘਟਕਾ ਲਉ ਰੋਵਤ ਰਹੀ[15] ॥8॥

ਦੋਹਰਾ ॥ ਮੂਰਖ ਮਨ ਤਾਰੂ ਜਗਤੁ ਸਿਰਿ ਲੇਵੈ ਪੋਟ ਉਠਾਇ ॥
ਜਬ ਸਰਤਾ ਡੂਬਤ ਲਾਗੈ ਗਹੈ ਸਿਵਾਲਹਿ ਜਾਇ[16] ॥1॥

ਚੌਪਈ ॥ ਪੁਨਿ ਵਹ ਮਾਤਾ ਕੀਰਨੇ ਪਾਵੈ ॥ ਅਉ ਸੁਤ ਆਪਨੇ ਕਉ ਸਮਝਾਵੈ ॥
ਦਸ ਮਾਸ ਰਾਖਿ ਕਰਿ ਜਬ ਤੂੰ ਜਾਇਆ ॥ ਹਰਿ ਸਾਖੀ ਜੋ ਦੁਖ ਮੈ ਪਾਇਆ ॥
ਮੋਹਿ ਅਭਲਾਖਾ ਏਹੋ ਪੂਤਾ ॥ ਤੂ ਹਰਿ ਕੀ ਭਗਤਿ ਕਇ ਹੋਹਿ ਪੁਨੀਤਾ ॥
ਆਪਿ ਤਰਹਿ ਅਰੁ ਮੋ ਕਉ ਤਾਰਹਿ ॥ ਨਹੀ ਪਾਪ ਕਰਮ ਕਰਿ ਮੋ ਕਉ ਸਾਰਹਿ॥[17]
ਜੋ ਪਾਪ ਕਰੈ ਪਿਤਰੀ ਦੁਖੁ ਦੇਵੈ ॥ ਸੋ ਕੋਟਿ ਕਲਪ ਲਉ ਨਰ ਕਹਿ ਸੇਵੈ ॥9॥

---

(1) ੲ ਪੋਥੀ 'ਕੇਰਹੁ', (2) ੲ ਪੋਥੀ 'ਆਪੇ', (3) ੲ ਪੋਥੀ 'ਬਾਹਰਿ',
(4) ਅ ਪੋਥੀ 'ਪੂਤ', (5) ਅ ਪੋਥੀ 'ਭੀ', (6) ੲ ਪੋਥੀ 'ਸੋ',
(7) ੲ ਪੋਥੀ 'ਕੋਈ', (8) ਅ ਪੋਥੀ 'ਤੈਸੈ', (9) ੲ ਪੋਥੀ 'ਪਹਿਰਤ',
(10) ਅ ਪੋਥੀ 'ਲੇ',
(11) ਅ ਪੋਥੀ 'ਮਨਤਿ',
(12) ਅ ਪੋਥੀ 'ਕੋਕਨ',
(13) ੲ ਪੋਥੀ 'ਅੰਤਕਾ',
(14) ਅ ਪੋਥੀ 'ਛਡਾਵਹਿ',
(15) ਪਾਠਾਂਤਰ ੲ ਪੋਥੀ 'ਏਕ ਬਿਨਾ ਬੇਲੀ ਨਹੀ ਸਹੀ',
(16) ਪਾਠਾਂਤਰ ੲ ਪੋਥੀ 'ਮਨ ਤਾਰੂ ਬੂਡਨਿ ਲਗੈ ਗਹੈ ਸਿਲਾਵੈ ਜਾਇ',
(17) ੲ ਪੋਥੀ 'ਮਾਰਹਿ'

ਦੋਹਰਾ ॥ ਪਾਪ ਕਰਮ ਜੇ ਕੋ ਕਰੈ ਸੋ ਪੂਤ ਕਪੂਤ ਅਜਾਇ ॥
ਧ੍ਰਿਗ ਤਿਹ ਜੀਵਨੁ ਜਗਤ[1] ਮੈ ਕਿਉ ਬਾਂਝ ਨ ਹੋਵੈ ਮਾਇ ॥1॥

ਚੌਪਈ ॥ ਦੇਖਹੁ ਜਗ ਬਿਉਹਾਰ ਬਨਿਓ ਹੈ ॥ ਸੋ ਮੋ ਪਹਿ ਨਹੀ ਜਾਇ ਗਨਿਓ ਹੈ ॥
ਭਉਜਦਾਰ ਸਿਕਦਾਰ[2] ਅਮੀਨ ॥ ਜੋ ਕਰੈ ਆਮਲੀ ਹੋਇ ਪ੍ਰਬੀਨ ॥
ਮਰਦ ਕਸਾਈ ਕਾ ਜੋ ਕਰਹਿ ਬਿਉਹਾਰੁ ॥ ਮਾਨੁਖ ਰੁਧਰ ਕਾ ਕਰਹਿ ਆਹਾਰੁ॥
ਸਭ ਬਨੀਏ ਘਟ ਤੋਲਨਹਾਰੇ ॥ ਗਾਹਕਾ ਮੂਸਹਿ ਛਲ ਬਲ ਧਾਰੇ ॥
ਜੋਈ ਸਰਾਫ ਕਹਾਵੈ ਮੀਤਾ ॥ ਸਭੈ ਕਮਾਵੈ ਸਕਲ ਅਨੀਤਾ ॥10॥

ਦੋਹਰਾ ॥ ਝੂਠੁ ਸਾਰੁ ਸੋ ਬੋਲਿ ਕੈ ਸਭ ਕੋ ਕਰੈ ਬਿਉਹਾਰ ॥
ਪਾਪਨ ਪੋਟ ਉਠਾਵਹੀ ਤ੍ਰੀਆ ਸੁਤ ਪੋਖਨਹਾਰ ॥1॥

ਚੌਪਈ ॥ ਜਬ ਬਾਲਮੀਕ ਕਉ ਮਾਤ ਸੁਨਾਇਆ ॥ ਪੂਛਿਨ ਸੁਤਾ[3] ਨ ਅਉਸਰੁ ਪਾਇਆ ॥
ਉਠਿ ਦਉਰਿਓ ਸਾਧਨ ਪਹਿ ਗਇਓ ॥ ਚਰਨਨ ਕਉ ਤਿਨ ਗਹੁ ਕਰਿ ਗਹਿਓ॥
ਰੁਦਨ ਕਰੈ ਅਉ ਅਤਿ ਬਿਲਲਾਈ ॥ ਧੋਖੈ ਮਾਖਨ ਤੂਲ[4] ਮੈ ਪਾਈ ॥
ਏ ਬਿਖ ਲਾਡੂ ਮੋਹਿ ਮੀਨ ਲਗਾਨੇ ॥ ਅਬ ਵਾ ਕੀ ਅਉਖਧ ਤੁਮ ਕਰਿ ਜਾਨੇ ॥
ਮੈ ਵਡਪਾਪੀ[5] ਬਹੁ ਪਾਪ ਕਮਾਇਆ ॥ ਤੁਮ ਮੇਰੀ ਅਬ ਕਰਹੁ ਸਹਾਇਆ॥11॥

ਦੋਹਰਾ ॥ ਜਿਉ ਸੂਆ ਸਿੰਬਲੁ ਸੇਵ ਕੈ ਬਹੁਰਿ ਬਹੁਰਿ ਪਛਾਤਾਇ ॥
ਤਿਉ ਜਗੁ ਸਗਰਾ ਗਿਰਹ ਹਿਤੰ ਦੁਹ ਜਗ ਧੋਖਾ ਖਾਇ ॥1॥

ਚੌਪਈ ॥ ਜਿਹ ਕੁਟੰਬ ਹਿਤ ਜਨਮੁ ਗਵਾਇਆ ॥ ਦੁਖ ਕੈ ਕਾਮਿ ਨ ਆਇਆ ॥
ਜਬ ਜੀਅ ਕਉ ਪਰਿਹੈ ਅਤਿ ਭਾਰੀ ॥ ਆਨ ਕੁਨਾਰ ਸਿਰ ਮਹਿ ਜਮੁ ਮਾਰੀ[6] ॥
ਤਬ ਕਉਨ ਛਡਾਵੈ ਜੀਅ ਵੀਚਾਰਹੁ ॥ ਕਾਹੇ ਹਰਿ ਸਿਉ ਹੇਤੁ ਨ ਧਾਰਹੁ ॥
ਆਖੀ ਦੇਖਿ ਅੰਧੇਰੀ ਡਾਲਹੁ ॥ ਜਾਨ ਬੂਝ ਉਲਟੈ ਮਾਰਗ[7] ਚਾਲਹੁ ॥
ਸੁਨਤ ਸਬਦ ਬਉਰਾ ਹੋਇ ਜਾਵੈ ॥ ਹਰਿ ਮਗੁ ਛਾਡਿ ਪਾਪਨ[8] ਪਥ[9] ਧਾਵੈ ॥12॥

---

(1) ਅ ਪੋਥੀ 'ਜਗ',
(2) ਅ ਪੋਥੀ 'ਸਿਰਦਾਰ',
(3) ੲ ਪੋਥੀ 'ਸੁਖਿ',
(4) ਅ ਤੇ ੲ ਪੋਥੀ 'ਭੂਲ',
(5) ਅ ਪੋਥੀ 'ਬਡਪਾਪ',
(6) ੲ ਪੋਥੀ 'ਪਾਰੀ',
(7) ਅ ਤੇ ੲ ਪੋਥੀ 'ਮਗ'.
(8) ੲ ਪੋਥੀ 'ਪਾਪ',
(9) ੲ ਪੋਥੀ 'ਪੰਥ',

ਦੋਹਰਾ ॥ ਜੇ ਕੋ[1] ਹਰਿ ਮਗੁ ਛਾਡਿ ਕੈ ਪੜਤ ਹੈ ਅਉਝੜ ਬਾਟ ॥
ਲਖ ਚਉਰਾਸੀਹ ਭਰਮਈ ਸਹੈ ਜਮ ਦੂਤਨ ਕੀ ਸਾਟ ॥1॥

ਚੌਪਈ ॥ ਜਬ ਬਾਲਮੀਕ ਬਹੁ ਕਰਨਾ ਧਾਰੀ[2] ॥ ਤਬ ਸੁਪ੍ਰਸੰਨ[3] ਭਏ ਸਾਧ ਮੁਰਾਰੀ ॥
ੳ ਨਮੋ ਨਾਰਾਇਣਾਇ ਮੰਤ੍ਰ ਦਿੜਾਇਆ ॥ ਪਦਮ ਆਸਨ ਬੈਠਨ ਸਿਖਲਾਇਆ॥
ਧਿਆਨ ਧਾਰਨਾ ਦੀਹੀ[4] ਬਤਾਏ ॥ ਤਬ ਤਿਸੁ ਪੂਰਨ ਪ੍ਰੇਮ ਜਨਾਏ ॥
ਸਾਧ ਸਿਛਾ ਦੇਇ ਮਾਰਗਿ ਪਰੇ ॥ ਇਨ ਆਸਨ ਬਾਧਿ ਧਿਆਨ ਕਉ ਧਰੇ ॥
ਮੰਤ੍ਰ ਹਿਰਦੈ ਮਾਹਿ ਉਚਾਰੈ ॥ ਨਾਰਾਇਣ ਮੂਰਤਿ[5] ਹਿਰਦੈ ਧਾਰੈ ॥13॥

ਦੋਹਰਾ ॥ ਨਾਰਾਇਣ ਪਰਪੂਰਣੋ ਸ੍ਰਬ ਪ੍ਰਕਾਸਕ ਜਾਨ ॥
ਸਤਿਗੁਰ ਬਾਕ ਬਿਸਵਾਸੁ ਕਰਿ ਹਿਰਦੈ ਧਰਿਓ[6] ਧਿਆਨ ॥1॥

ਚੌਪਈ ॥ ਇਕ ਆਸਨ ਬੈਠੇ ਅਉਧ ਬੀਤਾਈ ॥ ਬਾਰਹ[7] ਬਰਸ ਦੂਬ ਜਮਿ ਆਈ ॥
ਸਕਲ ਸਰੀਰ ਦੀਵਕ ਫਿਰਿ ਗਈ ॥ ਬਧੀ ਦੂਬ ਦੇਹ ਪਰਛਿੰਨੀ ਭਈ ॥
ਬਹੁਰਿ ਸਾਧ ਵਾਹੀ ਪਥਿ ਆਏ ॥ ਤਹਾ ਆਇ ਇਹੁ ਬਾਤ ਚਲਾਏ ॥
ਇਕੁ ਬਟਪਾਰਾ ਈਹਾ ਮਿਲਾ ॥ ਤਿਸੁ ਰਿਦੈ ਪ੍ਰਕਾਸੀ ਗਿਆਨ ਕੀ ਕਲਾ ॥
ਜਬ ਪਗੁ[8] ਲਾਇਆ[9] ਮਾਟੀ ਝਰਿ ਗਈ ॥ ਦੇਹ ਸਾਧ ਕੀ ਨਦਰੀ ਪਈ ॥14॥

ਦੋਹਰਾ ॥ ਸਾਧਉ ਬਚਨੁ ਉਚਾਰਿਆ ਸੁਨਿ ਬਾਲਮੀਕ ਗਹੇ ਪਾਇ ॥
ਪੂਰਨ ਗਿਆਨ ਪ੍ਰਕਾਸ ਜਗੁ[10] ਪਰਮਾਤਮੁ ਰੂਪ ਦਿਖਾਇ ॥1॥

ਚੌਪਈ ॥ ਸਭ ਘਟ ਮਾਹਿ ਪ੍ਰਮਾਤਮੁ ਦੇਖੈ ॥ ਬਿਨੁ ਪਰਮਾਤਮੁ ਅਉਰ ਨ ਪੇਖੈ ॥
ਜੋ ਨਾਮ ਰੂਪ ਕੋ ਏਹੁ ਪਸਾਰਾ[11] ॥ ਤਿਨ ਪਰਮਾਤਮੁ ਪੁਰਖੁ ਬੀਚਾਰਾ ॥
ਭਾਉ ਦੁਸਰਾ ਗਇਆ ਬਿਲਾਈ ॥ ਬਿਨੁ ਨਾਰਾਇਣ ਦੇਇ ਨ ਦਿਖਾਈ ॥
ਜੋ ਨਾਰਾਇਣੁ ਬਨਿਓ ਆਪ ॥ ਮਾਨੋ ਕੀਟ[12] ਭ੍ਰੰਗ [ਭ੍ਰਿੰਗ][13] ਕੀ ਭਾਂਤ ॥
ਕੀਟ ਭ੍ਰਿੰਗ ਦੁਇ ਜਿਨਸ ਕਹਾਹੀ ॥ ਆਦਿ ਅੰਤਿ ਹਰਿ ਹੀ ਆਹੀ ॥15॥

---

(1) ਅ ਤੇ ੲ ਪੋਥੀ 'ਨਰੁ', (2) ਪਾਠਾਤਰ ੲ ਪੋਥੀ 'ਜਬ ਬਾਲਮੀਕ ਬਿਨਤੀ ਬਹੁ ਧਾਰੀ',
(3) ਅ ਤੇ ੲ ਪੋਥੀ 'ਪ੍ਰਸੰਨ', (4) ੲ ਪੋਥੀ 'ਦੀਏ',
(5) ੲ ਪੋਥੀ'ਸੂਰਤਿ',
(6) ਅ ਤੇ ੲ ਪੋਥੀ 'ਧਾਰਿਉ',
(7) ੲ ਪੋਥੀ 'ਬਾਹਰਿ',
(8) ੲ ਪੋਥੀ 'ਦਬ',
(9) ੲ ਪੋਥੀ 'ਲਗਾਇਆ',
(10) ੲ ਪੋਥੀ 'ਜੋਗ',
(11) ਪਾਠਾਤਰ ੲ ਪੋਥੀ 'ਉਸ ਸਰੂਪੋ ਕੋ ਏਹੁ ਪਸਾਰਾ',
(12) ਅ ਪੋਥੀ 'ਕੀਟ',
(1·) ਅ ਪੋਥੀ ਤੋਂ

ਦੋਹਰਾ ॥ ਅਹਮਾਤਮਾ ਗੁੜਾਕੇਸ ਕਉ ਸਤਿਗੁਰਿ ਦੀਓ ਬਤਾਇ ॥
ਸ੍ਰੀ ਗੀਤਾ ਮਾਹਿ ਸਲੋਕ[1] ਹੈ ਬੀਸਮੁ[2] ਦਸਵੈ ਧਿਆਇ ॥1॥

ਚੌਪਈ ॥ ਪੁਨਿ ਸਾਧਉ ਕਉ ਘਰ ਮੈ ਲਿਆਇਆ ॥ ਮਾਤ ਤ੍ਰੀਆ ਲੈ ਆਨੰਦੁ ਪਾਇਆ॥
ਭਾਉ ਭਗਤਿ ਮਨ ਬਚ ਕ੍ਰਮ ਕਰੀ ॥ ਕੋਸ ਲਉ ਜਾਇ ਵਿਦਾਇਗੀ ਧਰੀ ॥
ਕਰਿ ਪਰਨਾਮੁ ਵਿਦਾ[3] ਹੋਇ ਆਇਆ ॥ ਘਰ ਮੈ ਰਹਈ ਸਹਜਿ ਸਭਾਇਆ ॥
ਧਰਮ ਕੀ ਕਿਰਤ ਕਰਿ ਅਉਧ ਬੀਤਾਵੈ ॥ ਹਰਖੁ ਸੋਗੁ ਨਹੀ ਮਨ ਮੈ ਲਿਆਵੈ ॥
ਜੀਵਨ ਮੁਕਤਿ ਸਰੂਪੁ ਬਿਰਾਜੈ ॥ ਜੋ ਕਛੁ ਕਰੈ ਸੋਈ ਉਸੁ ਛਾਜੈ ॥16॥

ਦੋਹਰਾ ॥ ਜੀਵਨ ਮੁਕਤਿ ਹੈ[4] ਸਾਧਜਨ ਰਹਤ ਹੈ ਜਗ ਹੀ ਮਾਹਿ ॥
ਆਪ ਛਪਾਏ ਵਰਤਹੀ ਤਿਨੈ ਲਖਤ ਕੋਈ ਨਾਹਿ ॥1॥

ਚੌਪਈ ॥ ਤਹ ਰਾਜੈ ਜੁਧਿਸਟਰ[5] ਜਗੁ ਰਚਾਇਆ ॥ ਰਿਖ[6] ਅਉ ਬਿਪ੍ਰ ਤਹ ਅਨੇਕ ਬੁਲਾਇਆ ॥
ਦੇਸ ਦੇਸ[7] ਤੇ ਸਭ ਜੁਰਿ ਆਏ ॥ ਅਥਿਤ ਅਭਿਆਗਿਤ ਅਤੀਤ ਸਬਾਏ ॥
ਰਾਜਾ ਪਰਜਾ ਮੇਲਾਪੀ[8] ਜੋਈ ॥ ਕਿਸਹੂ ਦੇਸ ਮਹਿ ਰਹਿਓ ਨ ਕੋਈ ॥
ਸ੍ਰੀ ਕ੍ਰਿਸਨ ਕਿਰਪਾ ਕਰਿ ਆਏ ॥ ਚਰਨ ਧੋਵਨ ਕੀ ਟਹਲ ਆਵੈ ॥
ਭੂਰ ਭੋਜਨ ਬਹੁ ਦਛਨਾ ਦੀਨੀ ॥ ਮਨ ਬਚ ਕ੍ਰਮ ਕਰਿ ਸੇਵਾ ਕੀਨੀ ॥17॥

ਦੋਹਰਾ ॥ ਲਾਖ ਕਰੋੜਿ ਧਨੁ ਖਰਚਿਐ ਜਗੁ ਸਾਰਾ ਉਪਾਗ ਨ ਹੋਇ ॥
ਸਾਂਗ ਉਪਾਗ ਤਬ ਜਾਨੀਐ ਜਬ ਸਬਦੁ ਅਨਾਹਦੁ ਹੋਇ ॥1॥

ਚੌਪਈ ॥ ਲਾਖ ਕਰੋਰ ਜੀਉ ਜੇਵਿ ਗਇਆ ॥ ਸਬਦੁ ਅਨਾਹਦੁ ਧੁਨਿ ਨਹੀ ਭਇਆ ॥
ਸ੍ਰੀ ਕ੍ਰਿਸਨ ਸਿਉ ਬਿਨਤੀ ਕਰੀ ॥ ਇਹ ਕਿਆ ਭਇਓ ਹੇ ਪ੍ਰੀਤਮ ਹਰੀ ॥[9]
ਤਬ ਹਰਿ ਕਰਿਓ ਜੁਧਿਸਟਰ[10] ਰਾਜਾ ॥ ਸਬਦੁ ਅਨਾਹਦੁ ਇਉ ਨਹੀ ਬਾਜਾ ॥
ਕੋਈ ਬ੍ਰਹਮਗਿਆਨੀ ਸਾਧੁ ਨ ਆਇਆ ॥ ਜਗੁ ਪ੍ਰਸਾਦਿ ਤਿਨ ਮੁਖ ਪਾਇਆ॥
ਜਬ ਜਗੁ ਭਾਗੁ ਸਾਧੂ ਮੁਖਿ ਪਾਈ ॥ ਤਬ ਘੋਰ ਅਨਾਹਦੁ ਸਬਦੁ ਬਜਾਈ॥18॥

---

(1) ਅ ਤੇ ੲ ਪੋਥੀ 'ਸਕਲਿ',
(2) ੲ ਪੋਥੀ 'ਬੀਜ ਦਸ',
(3) ੲ ਪੋਥੀ 'ਵਿਦਿਆ',
(4) ਅ ਪੋਥੀ' ਹਰਿ',
(5) ੲ ਪੋਥੀ 'ਦੁਰਜੋਧਨਿ',
(6) ਅ ਪੋਥੀ 'ਜਖ',
(7) ੲ ਪੋਥੀ 'ਦਿਸੰਤਰਿ',
(8) ੲ ਪੋਥੀ 'ਲੇਪੀ',
(9) ਪਾਠਾਂਤਰ ੲ ਪੋਥੀ 'ਇਹ ਕਿਆ ਭਇਆ ਪ੍ਰੀਤਮ ਨਰਿਹਰੀ',
(10) ੲ ਪੋਥੀ 'ਦੁਰਜੋਧਨ'

ਦੋਹਰਾ ॥ ਜੋ ਕਨਿਕਾ ਮੁਖਿ ਪਾਵਈ ਆਤਮ ਦਰਸੀ ਸਾਧ ॥
ਅਸੰਖ ਗੁਨਾ ਹੋਇ ਸੋ ਫਲੈ ਅਨਾਹਦੁ ਵਾਜੈ[1] ਅਗਾਧ ॥1॥

ਚੌਪਈ ॥ ਰਾਜਾ ਹਰਿ ਸਿਉ ਬਿਨਤੀ ਕਰੈ ॥ ਸੋ ਸਾਧੂ ਹਮ ਨਦਰਿ ਨ ਪੜੈ ॥
ਸੋ ਹਮ ਕਉ ਤੁਮ ਦੇਹੁ ਬਤਾਈ ॥ ਕਰਿ ਆਦਰੁ ਹਮ ਤਿਸ ਕਉ ਲਿਆਈ ॥
ਹਰਿ ਸੋਈ[2] ਸਾਧੂ ਨਿਕਟਿ ਬਤਾਇਆ ॥ ਵਾਹੀ[3] ਨਗਰ ਮਹਿ ਗੁਪਤੁ ਰਹਾਇਆ॥
ਬਾਲਮੀਕ ਨਾਮੁ ਸੁਪਚ[4] ਕਹਾਵੈ ॥ ਤਿਸੁ ਸਭੁ ਜਗੁ ਆਤਮੁ ਰੂਪ ਦਿਖਾਵੈ ॥
ਜਉ ਵਹਿ ਆਇ ਭੋਜਨ ਕਉ ਪਾਵੈ ॥ ਤਉ ਸਾਗ ਉਪਾਗ ਜਗੁ ਹੋਇ ਆਵੈ॥19॥

ਦੋਹਰਾ ॥ ਰਾਜੈ ਤਿਸੁ ਗ੍ਰਿਹਿ ਜਾਇ ਡੰਡਉਤੈ ਦੀਰਘ ਕੀਨ ॥
ਸੋ[5] ਹਰਿ[6] ਅਮਰੁ ਪਛਾਨਿ ਕੈ ਆਇ ਭਇਓ ਅਧੀਨ ॥1॥

ਚੌਪਈ ॥ ਚਰਨ ਕਵਲ ਗਹਿ ਕਰੁ ਕਰਿ ਲੀਨਾ ॥ ਲੇ ਆਇਓ ਗ੍ਰਿਹ ਹੋਇ ਅਧੀਨਾ ॥
ਚਰਨ ਸੋਇ ਦੋ ਕਰ ਧੋਵਾਏ ॥ ਆਸਣੁ ਡਾਰਿ ਤਾ ਪਰ ਬੈਠਾਏ ॥
ਦ੍ਰੋਪਤੀ ਥਾਲ ਪਰੋਸ ਲੇ ਆਈ ॥ ਛਤੀਹ ਅੰਮ੍ਰਿਤ ਸਭ ਖਟਿਆਈ ॥
ਕਰਿ ਬੀਜਨਾ ਲੀਏ ਡੋਲਾਵੈ[7] ॥ ਰਾਜਾ ਭਾਉ ਭਗਤਿ ਬਹੁ ਭਾਵੈ ॥
ਬਾਲਮੀਕ ਸਭ ਪਾ ਕਰ ਲਾਏ ॥ ਭੋਗੁ ਲਗਾਵੈ ਹਰੀ ਧਿਆਏ[8] ॥20॥

ਦੋਹਰਾ ॥ ਜੋਈ ਗਿਰਾਸੁ ਮੁਖਿ ਪਾਵਈ ਸਬਦੁ ਅਨਾਹਦੁ ਹੋਇ ॥
ਮੰਦ ਮੰਦ ਧੁਨਿ ਬਾਜਈ[9] ਪ੍ਰਗਟ ਸੁਨੀਜੈ ਸੋਇ[10] ॥1॥

ਚੌਪਈ ॥ ਖਾਇ ਪ੍ਰਸਾਦੁ ਸਾਧੁ ਘਰਿ ਆਇਆ ॥ ਰਾਜੈ ਹਰਿ ਸਿਉ ਬਿਰਤਾਤੁ ਜਨਾਇਆ॥
ਅਮੋਘ ਸਬਦੁ ਨਹੀ ਭਇਓ ਪਿਆਰੇ ॥ ਕਾਰਨੁ ਕਉਨੁ ਇਹੁ ਜਾਇ ਬੀਚਾਰੈ ॥
ਤਬ ਠਾਕੁਰ ਇਹ ਬਾਤ ਬੁਝਾਈ ॥ ਕਾਹੂ ਕੈ ਮਨਿ ਸੰਕਾ ਆਈ ॥
ਨਾ ਤਰ ਘੋਰ ਸਬਦੁ ਘਰਰਾਤਾ[11] ॥ ਸੀਤ ਸੀਤ ਪਰ ਨਾਦੁ ਵਜਾਤਾ ॥
ਰਾਜਾ ਕਹੈ ਮੈ ਸੰਕ[12] ਨ ਧਾਰੀ ॥ ਹਰਿ ਕਹੈ ਦ੍ਰੁਪਦ[13] ਸੁਤਾ[14] ਬੀਚਾਰੀ ॥24॥

---

(1) ੲ ਪੋਥੀ 'ਵਜੈ', (2) ੲ ਪੋਥੀ 'ਵੈ', (3) ੲ ਪੋਥੀ 'ਵਹੀ',
(4) ੲ ਪੋਥੀ 'ਸੁਪਚਾਰੁ', (5) ੲ ਪੋਥੀ 'ਜੋ',
(6) ੲ ਪੋਥੀ 'ਗੁਰ',
(7) ੲ ਪੋਥੀ 'ਝੁਲਾਵੈ',
(8) ਪਾਠਾਂਤਰ ੲ ਪੋਥੀ 'ਭੋਗੁ ਲਗਾਵੈ ਹਰਿ ਹਰਿ ਧਿਆਵੈ',
(9) ਅ ਪੋਥੀ 'ਬਜਾਈ',
(10) ਪਾਠਾਂਤਰ ੲ ਪੋਥੀ 'ਪੰਚੁ ਸੰਬਦੁ ਧੁਨਿ ਬਾਜਈ ਪ੍ਰਗਟੁ ਸੁਨੀਜੈ ਸੋਇ',
(11) ੲ ਪੋਥੀ 'ਘਰੋਰਾਤਾ',
(12) ੲ ਪੋਥੀ 'ਸੰਕਾ',
(13) ੲ ਪੋਥੀ 'ਧ੍ਰੁਪਤੀ',
(14) ੲ ਪੋਥੀ 'ਸੁਤ'

ਦੋਹਰਾ ॥ ਹਰਿ ਸਾਧ ਜਨਾ ਕੇ ਕਰਮੁ ਮਹਿ ਜਿਨ ਜਿਨ ਸੰਕਾ ਕੀਨ ॥
ਤਿਨ ਆਪਨਾ ਕਾਜੁ ਬਿਗਾਰਿਆ ਭਗਤਿ ਪ੍ਰਭਾਉ ਨ ਚੀਨ ॥1॥

ਚੋਪਈ ॥ ਤਬਹਿ ਦ੍ਰੋਪਤੀ ਲਈ ਬੁਲਾਇ ॥ ਤਿਨ ਮਨ ਕੀ ਬਿਰਥਾ ਦੀਈ ਬਤਾਇ ॥
ਜਬ ਸਭ ਬਿੰਜਨ ਉਨ ਲੀਏ ਮਿਲਾਈ ॥ ਤਬ ਮੇਰੈ ਮਨਿ ਐਸੀ ਆਈ ॥
ਮਧੁਰ ਸਲੋਨਾ ਸੁਆਦੁ ਥਾ ਸੋਈ ॥ ਇਨ ਜਾਤਿ ਸੁਭਾਉ ਤੇ ਲੀਅ ਨ ਕੋਈ ॥
ਹਰਿ ਭਗਤਾ ਕੋ ਜਾਤਿ ਨ ਪਾਤ[1] ॥ ਜੋ ਜਾਤ ਪਾਤ ਬੂਝੈ ਅਗਿਆਤ[2] ॥
ਹਰਿ ਕੀ ਜਾਤਿ ਹੈ ਹਰਿਜਨ ਭਾਈ ॥ ਤਿਨ ਬਰਨੁ ਨ ਆਸ੍ਰਮ ਅਹੇ ਮਮ ਕਾਈ ॥22॥

ਦੋਹਰਾ ॥ ਪਰਮਾਤਮ ਰੂਪੀ ਸਾਧਜਨ ਬਾਲਮੀਕ ਕੀ ਭਾਂਤਿ ॥
ਜਗ ਮੈ ਬਿਚਰੈ ਆਨੰਦ ਸਿਉ ਰੰਗੁ[3] ਨ ਰੋਸੁ ਗਨਾਤ ॥1॥

ਚੋਪਈ ॥ ਸੋ ਬਾਲਮੀਕ ਐਸੋ ਤਤੁ ਗਿਆਨੀ ॥ ਜਿਸ ਕੀ ਉਪਮਾ ਹਰੀ ਬਖਾਨੀ ॥
ਬੇਦ ਕਤੇਬ ਭੇਦੁ ਨਹੀ ਆਵੈ ॥ ਜਨ ਕੀ ਸੋਭਾ ਹਰਿਜਨੁ ਪਾਵੈ ॥
ਜੈਸੇ ਚੋਰ ਚੋਰ ਕਉ ਜਾਨੈ ॥ ਤੈਸੇ ਸਾਧ ਸਾਧੁ ਪਹਿਚਾਨੈ ॥
ਸਾਧ ਭਗਤਿ ਜੋ ਸੰਤ ਪਿਆਰੇ ॥ ਹਰਿ ਤਿਨ ਨਿਮਤਿ ਅਕਾਰ ਕਉ ਧਾਰੇ ॥
ਸੰਤ ਪ੍ਰਸਾਦਿ ਪਸਰੈ ਪਾਸਾਰਾ[4] ॥ ਕੋ ਵਿਰਲਾ ਗੁਰਮੁਖਿ ਬੂਝਨਹਾਰਾ[5] ॥23॥

ਦੋਹਰਾ ॥ ਕੋਈ ਵਿਰਲਾ ਗੁਰਮੁਖਿ ਬੂਝਈ ਸੰਤਜਨਾ ਪਰਭਾਉ ॥
ਹਰਿ ਆਪੇ ਰੂਪ ਬਨਾਇ ਕੈ ਸਾਧੂ ਸੰਤੁ ਕਹਾਉ ॥1॥

ਦੋਹਰਾ ॥ ਅਬ ਬਾਲਮੀਕ ਕੀ ਕਥਾ ਕੋ ਪੂਰਨ ਭਇਓ ਪ੍ਰਸੰਗੁ ॥
ਪੁਨਿ ਅਉਰ ਕਥਾ ਕੋ ਸੁਨਤ[6] ਕਉ ਹਰਿ ਪਹਿ ਸਰਧਾ ਮੰਗੁ[7] ॥1॥24॥2॥13॥[12]

## ੴ ਪਰਚੀ ਸੁਖਦੇਵ ਜੀ ਕੀ

ਚੋਪਈ ॥ ਸੁਖਦੇਉ ਰਾਜਾ ਜਨਕੁ ਗਿਆਨੀ ॥ ਦੁਹੁ ਭਗਤਾ ਮਿਲਿ ਗੋਸਟਿ ਠਾਨੀ ॥

---

(1) ੲ ਪੋਥੀ 'ਪਾਤਾ'.
(2) ੲ ਪੋਥੀ 'ਅਗਿਆਤਾ',
(3) ਅ ਪੋਥੀ 'ਰਾਗੁ',
(4) ੲ ਪੋਥੀ 'ਪਸਾਰੈ',
(5) ੲ ਪੋਥੀ 'ਬੂਝਨਹਾਰੈ',
(6) ਅ ਪੋਥੀ 'ਸੁਨਨ',
(7) ਪਾਠਾਂਤਰ ੲ ਪੋਥੀ 'ਪੁਨਿ ਅਉਰ ਕਥਾ ਕੇ ਸੁਨਨ ਕੋ ਹਰਿ ਪੈ ਅਉਰੁ ਧਰੁ ਮੰਗਾ'

ਜਿਵ ਸੁਨਿਓ ਤਿਵ ਕਹਉ ਸੁਨਾਈ ॥ ਹਿਤੁ ਚਿਤੁ ਦੇ ਕਰਿ ਸੁਨੀਐ ਭਾਈ ॥
ਬਹੁ ਤਪੁ[1] ਕਰਿ[2] ਜਿਸੁ ਫਲ ਕਉ ਪਾਏ ॥ ਜੋ ਫਲ ਪਾਵੈ ਸਭੁ ਤੀਰਥ ਨਾਏ ॥
ਪ੍ਰਹਮ ਪਰਦਛਨਾ ਤੇ ਜੋ ਫਲੁ ਹੋਈ ॥ ਇਸੁ [ਕਥਾ][3] ਸੁਨੇ[4]ਤੇ ਸਭੁ ਲਹੈ ਸੋਈ ॥
ਭਗਤਿ ਪ੍ਰਭਾਉ[5] ਰਿਦ ਅੰਤਰਿ ਬਾਢੇ ॥ ਦੁਸਟ ਸੁਭਾਵ ਸਭ ਮਨ ਤੇ ਕਾਢੈ॥1॥

ਦੋਹਰਾ ॥ ਹਰਿ ਭਗਤਜਨਾ ਕੀ ਬਾਰਤਾ ਸਰਧਾ ਸਿਉ ਸੁਨਿ ਮੀਤ ॥
ਮਨ ਕੀ ਚੰਚਲਤਾ ਮਿਟੈ ਹੋਇ ਇਕਾਗਰ ਚੀਤ ॥1॥

ਚੌਪਈ ॥ ਸੁਖਦੇਵ ਭਗਤੁ ਗਿਆਨੀ ਭਇਆ ॥ ਹਰ ਗੁਰ ਜਿਉ ਤਿਸੁ ਕੀਨੀ ਮਇਆ ॥
ਬੇਦ ਪੁਰਾਨਨ ਮੈ ਇਹ[6] ਕਥਾ ॥ ਸੁਨਿ ਸੁਨਿ ਹਮਰਾ ਭ੍ਰਮੁ ਭਉ ਲਥਾ ॥
ਜਿਉ ਸੁਨਿਓ ਤਿਉ ਭਾਖਾ ਕਰੀ ॥ ਦਇਆਲ ਭਏ ਸਤਿਗੁਰ ਨਰਹਰੀ ॥
ਰਿਖ ਨਾਰਦ ਗਿਰਜਾ ਸੰਬਾਦੁ ॥ ਇਕ ਦਿਨ ਭਇਓ ਉਪਜਿਓ ਅਹਿਲਾਦੁ ॥
ਰਿਖ ਪਾਰਬਤੀ ਸਿਉ ਪੂਛੀ ਬਾਤਾ ॥ ਇਹੁ ਰੁੰਡ ਮਾਲ ਹਰ ਗਰ ਕਿਆ ਗਿਆਤਾ ॥2॥

ਦੋਹਰਾ ॥ ਇਹੁ ਰੁੰਡ ਮਾਲ ਜੋ ਹਰਿ ਗਰੈ ਸੁੰਦਰ ਸੁਭਗ ਸੁਹਾਇ ॥
ਤੂੰ ਗਿਰਜਾ ਕਿਛੁ ਜਾਨਹੀ ਹਰਿ ਕਿਉ ਰਾਖੀ ਉਰ ਲਾਇ ॥1॥

ਚੌਪਈ ॥ ਗਿਰਜਾ[7] ਕਹੈ ਇਹੁ ਮੈ ਨਹੀ ਜਾਨਉ ॥ ਤੁਮ ਕਰਿ ਕਿਰਪਾ ਰਿਖ ਆਖਿ ਬਖਾਨਉ ॥
ਰਿਖ ਨਾਰਦ ਤਬ ਭੇਦੁ ਬਤਾਇਆ ॥ ਗੁਹਜ ਬਚਨੁ ਤਿਸੁ[8] ਆਖਿ ਸੁਨਾਇਆ ॥
ਜਬ ਦੇਹ ਤਿਆਗ ਦੇਹ ਤਰ ਜਾਹੀ ॥ ਤਬਿ ਸਿਰਿ ਤੁਝਿ ਲੇ ਰੁੰਡ ਮਾਲ ਕਰਾਹੀ॥
ਬਿਨਾ ਗਿਆਨ ਮੁਕਤਿ ਨਹੀ ਹੋਵਹਿ ॥[9] ਫਿਰਿ ਫਿਰਿ ਜਨਮੈ ਹਰ ਪ੍ਰਿਆ ਹੋਵਹਿ॥
[ਕਈ ਅਸੰਖ ਜਨਮ ਤੁਹਿ ਧਾਰੇ ॥ ਵਹ ਜਿਉ ਕੇ ਤਿਉਂ ਹਰਿ ਅਪਰ ਅਪਾਰੈ][10] ॥3॥

---

(1) ਅ ਪੋਥੀ 'ਤੁਪ', ੲ ਪੋਥੀ 'ਤੁਪੁ',
(2) ਅ ਤੇ ੲ ਪੋਥੀ 'ਕਾਰਿ',
(3) ਅ ਤੇ ੲ ਪੋਥੀ ਤੋਂ,
(4) ਅ ਤੇ ੲ ਪੋਥੀ 'ਸੁਨੇ',
(5) ਅ ਪੋਥੀ 'ਭਾਉ',
(6) ੲ ਪੋਥੀ 'ਦੇ',
(7) ਅ ਪੋਥੀ 'ਗਉਰਜਾ',
(8) ੲ ਪੋਥੀ 'ਤਿਨ',
(9) ਅ ਤੇ ੲ ਪੋਥੀ 'ਜੋਵਹਿ',
(10) ਅ ਤੇ ੲ ਪੋਥੀ ਤੋਂ

ਦੋਹਰਾ ॥ ਬਿਨਾ ਗਿਆਨ ਨਾ ਮੁਕਤਿ ਹੈ ਬੇਦ ਕਹਤ ਬਖਿਆਨ ॥[1]
ਪਾਰਬਤੀ ਅੰਤਰਿਮੁਖ ਹੋਇ ਕੈ ਨੀਕੀ ਭਾਂਤਿ ਪਛਾਨ ।।1॥

ਚੌਪਈ ॥ ਸੋ ਬ੍ਰਹਮ ਗਿਆਨ ਹਰ ਨੀਕੈ ਜਾਨੈ ॥ ਅਪਨਾ ਆਪ ਤ੍ਰਿਭਵਨ ਕਉ ਮਾਨੈ ॥
ਜਉ ਕਰਿ ਕਿਰਪਾ ਵੈ ਤੁਝੈ ਬਤਾਵੇ ॥ ਤੂੰ ਭੀ ਮਨ ਮੈ ਨਿਸਚੈ ਲਿਆਵੈ ॥
ਛਿਨ ਮਹਿ ਮੁਕਤਿ ਹੋਹਿ ਮਹਾਮਾਈ ॥ ਜਨਮ ਮਰਨ ਕੋ ਦੁਖ ਬਿਲਾਈ ॥
ਜਿਨ ਗੁਰ ਪ੍ਰਸਾਦਿ ਆਪ ਕਉ ਜਾਨਾ ।।[2] ਦੁਤੀਆ ਭਾਉ ਤਿਸੁ ਸਹਜਿ ਬਿਲਾਨਾ।।[3]
ਦੁਤੀਆ ਭਾਉ ਹੈ ਅਹਿ ਦੁਖ ਭਾਰਾ ॥[4] ਸੋ ਜਗ ਕੋ ਹੈ ਬਨਿਓ ਬਿਉਹਾਰਾ[5] ॥4॥

ਦੋਹਰਾ ॥ ਰੂਪ ਨਾਮ ਗੁਨ ਕਰਮ ਕਾ ਬ੍ਰਹਮ ਕੀਆ ਬਿਸਥਾਰੁ ॥
ਜਿਉ ਸਭ ਭੂਖਨ ਹੇਮ ਮੈ ਤਿਉ ਇਹੁ ਤਤੁ ਆਤਮ ਸਾਰੁ ।1॥

ਚੌਪਈ ॥ ਇਵੇ ਰਿਖ ਕਹਿ ਕੈ[6] ਮਾਰਗ ਲਾਗਾ ॥ ਪਾਰਬਤੀ ਮਨੁ ਗਿਆਨੁ ਅਨੁਰਾਗਾ ॥
ਭਰਤਾ ਸਿਉ ਤਿਨ ਹੋਇ ਅਧੀਨ ॥ ਦੁਇ ਕਰ ਜੋਰ ਬੇਨਤੀ ਕੀਨ[7] ॥
ਇਹੁ ਰੁੰਡ ਮਾਲ ਜੋ ਤੈ ਗਰਿ ਪਾਈ ॥ ਕਾਟਿ ਕਾਟਿ ਮਮ ਮੂੰਡ ਬਨਾਈ ॥
ਜੇਤੇ ਰੁੰਡ ਮਾਲਾ ਮੈ ਖਾਏ ॥[8] ਧਰਿ ਏਤੇ ਜਨਮ ਮੈ ਮੂੰਡ ਕਟਾਏ ॥
ਤੈ ਬ੍ਰਹਮਗਿਆਨੀ ਦਇਆ ਨ ਦੀਨੀ ॥ ਦੇਇ ਬ੍ਰਹਮਗਿਆਨੁ ਕਿਉ[9] ਮੁਕਤਿ
ਨ ਕੀਨੀ ॥5॥

ਦੋਹਰਾ ॥ ਜੋ ਤੁਮਰੈ[10] ਨਗਰ[11] ਬਸਤੁ ਹੈ ਸੁਆਮੀ ਦੇ ਮੰਤਰ ਕਰਤ ਉਧਾਰ ॥
ਇਸੁ ਚੇਰੀ ਪਰ ਜੋ ਦਇਆ ਨ ਰਾਖਉ ਲਖਤ ਹਉ ਕਉਨ ਬਿਕਾਰ ॥1॥

ਚੌਪਈ ॥ ਤਬ ਸਿਵ ਕੋਮਲ ਬਚਨ ਉਚਾਰੇ ॥ ਤੁਮ ਪਿਰਿਆ ਮੁਕਤਿ ਸਰੂਪ ਨਿਹਾਰੇ ॥
ਤੀਨ ਕਾਲ ਤੁਮ ਬੰਧਨ ਨਾਹੀ ॥ ਤੁਮ ਆਪਾ ਚੀਨੋ ਮਨ ਮਾਹੀ ॥
ਤੋ ਕਉ ਕਿਨ[12] ਇਹੁ ਬੂਝ ਬੁਝਾਇਆ ॥ ਬੰਧਨ ਮਹਿ ਤੋ ਕਉ ਠਹਰਾਇਆ ॥
ਰਿਖ ਆਉ ਨਾਰਦ ਮੋਹਿ ਦੀਓ ਬਤਾਈ ॥ ਮੇਰੇ ਭੀ ਇਹ ਮਨ ਮੈ ਆਈ ॥
ਦੁਐਤ ਭਾਉ ਕੋ ਮੇਰੇ ਭਾਸਾ ॥ ਦੇਹ ਅਭਮਾਨੁ ਨ ਮਨ[13] ਤੇ ਨਾਸਾ ॥6॥

---

(1) ਪਾਠਾਂਤਰ ਅ ਪੋਥੀ 'ਭਗਤਿ ਗਿਆਨ ਤੇ ਮੁਕਤਿ ਹੈ ਬੇਦ ਕਰਤ ਬਖਿਆਨ',
(2) ਪਾਠਾਂਤਰ ੲ ਪੋਥੀ 'ਜਿਨ ਗੁਰ ਪ੍ਰਸਾਦਿ ਉਰਧਰਿਆ ਧਿਆਨੁ',
(3) ਪਾਠਾਂਤਰ ੲ ਪੋਥੀ 'ਦੁਤੀਆ ਭਾਉ ਸ ਗਏ ਬਿਲਾਨ',
(4) ਪਾਠਾਂਤਰ ੲ ਪੋਥੀ 'ਦੁਤੀਆ ਭਾਉ ਅਹੈ ਹੈ ਅਗਿਆਨਾ',
(5) ਪਾਠਾਂਤਰ ੲ ਪੋਥੀ 'ਸੋਈ ਕਹਿਹਉ ਜੋ ਸੁਨਿਓ ਬਿਸਨ ਪੁਰਾਨਾ',
(6) ਅ ਪੋਥੀ 'ਕੈ', (7) ੲ ਪੋਥੀ 'ਤਿਵ',
(8) ਪਾਠਾਂਤਰ ਅ ਪੋਥੀ 'ਜੇਤੇ ਰੁੰਡ ਮਾਲ ਤੈ ਗਰਿ ਪਾਏ', (9) ੲ ਪੋਥੀ 'ਤੈ'
(10) ਅ ਪੋਥੀ 'ਤੁਮ', (11) ੲ ਪੋਥੀ 'ਹਰਿ',
(12) ਅ ਪੋਥੀ 'ਕਿ ਕਿਨ', ੲ ਪੋਥੀ 'ਕਿਸਹੂੰ',
(13) ੲ ਪੋਥੀ 'ਮਤਿ'

ਦੋਹਰਾ ॥ ਜਬ ਲਗੁ ਦੇਹ ਅਭਿਮਾਨੁ ਹੈ ਤਬ ਲਗੁ ਦੁਐਤਾ ਭਾਸ ॥
ਸਤਿਗੁਰ ਕੇ ਉਪਦੇਸ ਤੇ ਹੋਵਤ ਤਿਨ[1] ਕੋ ਨਾਸੁ ॥1॥

ਚੋਪਈ ॥ ਪੁਨਿ ਪਾਰਬਤੀ ਬਹੁ ਬਿਨਤੀ ਕਰੈ ॥ ਸਿਵ ਹੋਇ ਪ੍ਰਸੰਨ ਸਬਦੁ ਉਚਰੈ[2] ॥
ਗਿਰਜਾ ਸਾਵਧਾਨ[3] ਹੋਇ ਬੈਠੀ ॥ ਸੁਰਤਿ ਅਡੋਲ ਸ੍ਰਵਨੋ ਮੈ ਪੈਠੀ ॥
ਦੇਖਿ ਇਕਾਂਤ ਹਰਿ ਧਿਆਨ ਧਰਾਹੀ ॥ ਤਹ ਅੰਡ ਸੂਆ ਕੋ ਤਰਵਰ ਮਾਹੀ ॥
ਤਿਨ ਜੋਗ[4] ਭ੍ਰਿਸਟ ਬਹੁ ਭਗਤਿ ਕਮਾਈ ॥ ਕਿਸੂ ਚੂਕ ਸੂਆ ਜੋਨਿ ਪਾਈ ॥
ਸਭ ਮਾਰਗ ਤਿਨ ਪੀਛੈ ਡਾਰਾ ॥ ਬ੍ਰਹਮਗਿਆਨ ਕੋ ਰਹੈ ਅਧਕਾਰਾ ॥7॥

ਦੋਹਰਾ ॥ ਪਾਹਨ ਜਿਉ ਪਰਪੂਰਨੋ ਸਿਖੁ ਜੁ ਸਨਮੁਖ ਆਹਿ ॥
ਗੁਰ ਚਕਮਕ ਠਨਕਾ ਜਉ ਲਗੈ[5] ਜਗੈ ਜੋਤਿ ਘਰ [ਘਟ][6] ਮਾਹਿ ॥1॥

ਚੋਪਈ ॥ ਹਰਿ ਧਰ ਧਿਆਨ ਮਧੁਰ ਸੁਰਿ ਭਰਾ ॥ ਇਕੁ ਘਟਕਾ ਲਉ ਅਨਹਦੁ ਕਰਾ ॥
ਪੁਨਿ ਬ੍ਰਹਮ ਸਤੋਤ੍ਰ[7] ਕਉ ਉਚਾਰਾ ॥ ਸੋ ਬ੍ਰਹਮਗਿਆਨੁ ਪਰਪੂਰਨ ਸਾਰਾ ॥
ਤਾਹਿ[8] ਧੁਨਿ ਸੁਨਿ ਪਾਰਬਤੀ ਉਘਲਾਨੀ ॥ ਅੰਡ[9] ਤੇ ਸੁਕ ਹੋਇ ਸੁਰਤਿ ਲਗਾਨੀ॥
ਕਰਿ ਸਰਧਾ ਅੰਮ੍ਰਿਤ ਕੀਓ ਪਾਨਾ ॥ ਦੰਪਤ ਨੈਨ ਹੀ ਮਰਮੁ ਪਛਾਨਾ ॥
ਹਰ ਪੂਰਨ ਕਰਿ ਨੈਨ ਉਘਾਰਿ[10] ॥ ਦੇਖੀ ਤਹਾ ਅਘੁਲੀ[11] ਨਾਰਿ[12] ॥8॥

ਦੋਹਰਾ ॥ ਜਿਵ ਬਾਤੀ ਬਿਨਾ ਸਨੇਹ[13] ਕੀ ਜੋਤਿ ਨ ਤਾਹਿ ਜਗਾਇ ॥
ਤਿਉ ਬਿਨੁ ਭਗਤਿ ਭਗਵਾਨ ਕੀ ਗਿਆਨ ਨ ਪਲੈ ਪਾਇ ॥1॥

ਚੋਪਈ ॥ ਸਤੋਤ੍ਰ ਸਹੰਸਕ੍ਰਿਤ ਜੋ ਬਾਨੀ ॥ ਸਿਵ ਧਰਿ ਗਿਆਨੁ ਜੁ ਆਖਿ ਬਖਾਨੀ ॥
ਕਰਿ ਭਾਖਾ ਈਹਾਂ ਲਿਖਿ ਰਾਖਿਆ[14] ॥ ਭਾਵ ਅਰਥੁ ਐਸੇ ਹੀ ਭਾਖਿਆ ॥[15]
ਪੜੈ ਸੁਨੈ ਕਿਰਤਾਰਥੁ ਹੋਵੈ ॥ ਦੁਰਲੰਭ ਜਨਮੁ ਬਿਆਰਥ[16] ਨ ਖੋਵਹਿ ॥
ਸਹੰਸਕ੍ਰਿਤਿ ਕਉ ਜੋ ਨਹੀ ਪਾਵੈ ॥ ਭਾਖਾ ਕਉ ਵਹ ਮਨੁ ਚਿਤੁ ਲਾਵੈ ॥
ਭਾਵ ਅਰਥੁ ਨੀਕੈ ਬੀਚਾਰੈ ॥ ਮਨਿ ਕਰਿ ਅਵਗਾਹਿ ਨ ਦੁਐਤ ਕਉ ਟਾਰੈ[17] ॥
॥9॥

---

(1) ਏ ਪੋਥੀ 'ਸਭਾ', (2) ਅ ਪੋਥੀ 'ਉਚਾਰੈ', (3) ਅ ਪੋਥੀ 'ਸਵਾਧਾਨ',
(4) ਏ ਪੋਥੀ 'ਜੋਗੋ' (5) ਏ ਪੋਥੀ 'ਲਾਗੈ', (6) ਅ ਪੋਥੀ ਤੋਂ
(7) ਅ ਪੋਥੀ 'ਗਿਆਨ', (8) ਏ ਪੋਥੀ 'ਤਿਹ', (9) ਅ ਪੋਥੀ 'ਅੰਤਿ'.
(10) ਏ ਪੋਥੀ 'ਉਘਾਰੈ', (11) ਏ ਪੋਥੀ 'ਉਘਲਾਤੀ',
(12) ਏ ਪੋਥੀ 'ਨਾਰੇ',
(13) ਅ ਪੋਥੀ 'ਪੋਥੀ ਸਨੇਹ', ਏ ਪੋਥੀ 'ਤੇਲ',
(14) ਪਾਠਾਂਤਰ ਏ ਪੋਥੀ 'ਕਰਿ ਭਾਖਿਆ ਈਹਾ ਸੋ ਆਖਾ',
(15) ਪਾਠਾਂਤਰ ਅ ਪੋਥੀ 'ਭਾਵ ਅਰਥ ਸੋ ਵੈਹੀ ਭਾਖਿਆ', ਏ ਪੋਥੀ 'ਭਾਉ ਅਰਥਿ ਸੋ ਵੈਹੀ ਭਾਖਾ',
(16) ਅ ਪੋਥੀ 'ਬਿਅਰਥ',
(17) ਏ ਪੋਥੀ 'ਡਾਰੈ'

ਸੋਰਠਾ ॥ ਸਭੁ ਕਛੁ ਬ੍ਰਹਮੁ ਹੀ ਆਹਿ ਤਾਹਿ ਬਿਨਾ ਨਹੀ ਦੂਸਰੌ ॥
ਨਾਨਾ ਨਾਨਾ ਨਾਹਿ ਮ੍ਰਿਗਤ੍ਰਿਸਨਾ ਕੇ ਨੀਰ[1] ਜਿਉ ॥1॥
ਚੌਪਈ ॥ ਬ੍ਰਹਮ ਏਕੁ ਆਹੀ ॥ ਜਹ ਭੇਦ ਤੀਨ[2] ਨਾਹਿ ॥
ਅਜੇਚ ਬ੍ਰਹਮੁ ਮਾਨਹੁ ॥ ਸਿਵ ਸੰਕ੍ਰ ਬ੍ਰਹਮੁ ਜਾਨਹੁ ॥[3]
ਬਿਸਨੁ ਬ੍ਰਹਮੁ ਮਿਤਾ ॥ ਬ੍ਰਹਮੁ ਦੁਆਦਸਾ ਆਦਿਤਾ ॥
ਬ੍ਰਹਮੁ ਰਿਖ ਸਭੈ ਕਹਾਹੀ ॥ ਜੋ ਕਾਲੁ ਬ੍ਰਹਮੁ ਭਾਈ ॥
ਸਭੁ ਦਿਸਾ ਬ੍ਰਹਮੁ ਮੀਤਾ ॥ ਅਧ[4] ਉਰਧ ਬ੍ਰਹਮੁ ਨੀਤਾ ॥
ਅਰੂਪ ਰੂਪ ਜੋਈ ॥ ਸਭੁ ਬ੍ਰਹਮੁ ਬ੍ਰਹਮੁ ਸੋਈ ॥[5]
ਤਤੁ ਭੀਤਰਿ ਅਉ ਬਾਹਰਿ ॥ ਬ੍ਰਹਮੁ ਆਹਿ ਸ੍ਰਬ ਠਾਹਰ ॥[6]
ਨਿਰੰਕਾਰੁ ਆਕਾਰ ਧਾਰਾ ॥ ਤ੍ਰੈ ਕਾਲ ਜੋ ਪਾਸਾਰਾ ॥[7]
ਨਿਹਚਲੰਕੁ ਨਿਤੁ ਆਹੀ ॥ ਬਿਖੈ ਬਾਕ ਕੀ ਜੋ ਨਾਹੀ ॥
ਅਜ ਅਮਰ ਅਲਖ ਸੋਈ ॥ ਤਿਸੁ ਬ੍ਰਹਮ ਬਿਨੁ ਨ ਕੋਈ ॥
ਜੋ ਆਪ ਕਉ ਇਉ ਜਾਨੈ ॥[8] ਸਭੁ ਬ੍ਰਹਮੁ ਮਾਨੈ ॥
ਸੋ ਬਿਸਨੁ ਬਿਸਨੁ ਹੋਈ ॥ ਬ੍ਰਹਮੁ ਬਿਸਨੁ ਆਹਿ ਸੋਈ ॥10॥
ਦੋਹਰਾ ॥ ਪਰਪੂਰਨ ਸਭੁ ਬ੍ਰਹਮੁ ਹੈ ਦੁਤੀਆ[9] ਆਹਿ ਨ ਕੋਈ ॥
ਜਿਵ ਭੂਖਨ ਬਹੁ ਪ੍ਰਕਾਰੁ ਹੈ ਏਕੈ ਕੰਚਨ ਸੋਇ ॥1॥
ਚੌਪਈ ॥ ਜਬ ਸੁਕਦੇਵ ਗਿਆਨ ਸੁਨਿ ਪਾਇਆ ॥ ਚਮਤਕਾਰੁ ਭੀਤਰਿ ਹੋਇ ਆਇਆ ॥
ਬ੍ਰਹਮ ਬਿਰਤ ਅੰਤਰਿ ਉਰਿ ਧਾਰੀ ॥ ਅਭਿਆਸੁ ਕਰੈ ਅਹੋ[10] ਰੈਨ[11] ਬੀਚਾਰੀ ॥
ਕੋਈ ਕਾਲ ਮੈ ਦੇਹ ਤਿਆਗਾ ॥ ਗਿਆਨੁ ਅੰਮ੍ਰਿਤ ਮਨੁ ਤਿਸੁ ਰਹੈ ਪਾਗਾ ॥
ਬੇਦ ਬਿਆਸ ਕੀ ਨਾਰੀ ਪਾਸ ॥ ਜਾਇ ਬਸਿਓ ਤਿਹ ਗਰਭ ਕੇ ਬਾਸ ॥
ਤਹ ਬਾਰਹ ਬਰਸ ਤਤੁ ਬੀਚਾਰਾ ॥ ਅਹਿਨਿਸਿ ਕੀਨੋ[12] ਕਟਿਓ ਬਿਕਾਰਾ ॥11॥

---

(1) ਅ ਤੇ ੲ ਪੋਥੀ 'ਬਾਰਾ',
(2) ੲ ਪੋਥੀ 'ਭਾਉ',
(3) ਪਾਠਾਂਤਰ ੲ ਪੋਥੀ 'ਭਾਉ ਦੂਸਰਾ ਨ ਅਨਹੁ',
(4) ਅ ਪੋਥੀ 'ਅਰਧ',
(5) ਪਾਠਾਂਤਰ ੲ ਪੋਥੀ 'ਸਭੋ ਬ੍ਰਹਮ ਜਨੁ ਕੋਈ',
(6) ਪਾਠਾਂਤਰ ਅ ਪੋਥੀ 'ਤਤੁ ਬਾਤਨ ਅਉ ਜਾਹਰਿ',
(7) ਪਾਠਾਂਤਰ ੲ ਪੋਥੀ 'ਅਰੂਪ ਰੂਪ ਜਾ ਹਰਿ',
(8) ਪਾਠਾਂਤਰ ੲ 'ਪੋਥੀ 'ਜੋ ਆਪ ਕਉ ਇਆਨੈ',
(9) ਅ ਪੋਥੀ 'ਦ੍ਰਤੀਆ',
(10) ਅ ਤੇ ੲ ਪੋਥੀ 'ਅਹਿ',
(11) ਅ ਤੇ ੲ ਪੋਥੀ 'ਨਿਸ',
(12) ਅ ਪੋਥੀ 'ਜੋ ਕੀਨੋ', ੲ ਪੋਥੀ 'ਜੋ ਕੀਨੁ'

ਸੋਰਠਾ ॥ ਸਭ ਦੇਵੀ ਦੇਵਾ ਆਇ ਸੁਕਦੇਵ ਸਿਉ ਬਿਨਤੀ ਕਰੀ[1] ॥
ਤੁਮ ਮਾਤਾ ਬਹੁ ਦੁਖ ਪਾਇ ਕਰਿ ਕਿਰਪਾ ਬਾਹਰਿ ਆਇਐ[2] ॥1॥

ਚੌਪਈ ॥ ਜਬ ਦੇਵਤਿਆ ਮਿਲਿ ਆਗਿਆ ਕਰੀ ॥ ਤਬ ਜਗ ਆਵਨ ਕੀ ਮਨਸਾ ਧਰੀ ॥
ਬਾਹਰਿ ਨਿਕਲਿ ਬਨ ਕਉ ਉਠਿ ਚਲਾ ॥ ਮਨ ਮੈ ਜਾਗੀ ਗਿਆਨ ਕੀ ਕਲਾ ॥
ਬੇਦ ਬਿਆਸ ਤਿਸੁ ਪੀਛੈ ਪਰਾ ॥ ਕੀਨੋ ਬਚਨੁ ਮੋਹ ਸਿਉ ਭਰਾ ॥
ਕਾਹੇ ਪੁਤ੍ਰ ਤੂੰ ਬਨ ਕਉ ਜਾਹੀ ॥ ਤੁਮ ਗਿਆਨੁ ਦਿੜਾਵਹਿ ਘਰ ਹੀ ਮਾਹੀ ॥
ਬੇਦ ਪੜਾਇ[3] ਪੰਡਤ ਤੁਝਿ ਕਰੈ ॥[4] ਤੁਮਰੈ ਸੰਗਿ ਬਹੁ ਪ੍ਰਾਨੀ ਤਰੈ ॥
ਮੁਖ ਕਉ ਫੇਰ ਨ ਤਿਸੁ ਵਲਿ ਕੀਓ ॥[5] ਚਲਤ ਚਲਤ ਤਿਨ ਉਤਰੁ ਦੀਓ[6] ॥12॥

ਦੋਹਰਾ ॥ ਕਾਂ ਕੋ ਬਾਪ ਅਰੁ ਮਾਇ ਹੈ ਕੋ ਕਾਂ ਕੋ ਸੁਤੁ ਆਹਿ ॥
ਕਰਮ ਬੰਧਨੁ ਜਗੁ ਬਾਧਿਓ ਗਿਆਨ ਸਿਉ ਕਟਤ ਨ ਤਾਹਿ ॥1॥

ਚੌਪਈ ॥ ਅਪਸਰਾ ਤਹਾ ਸਰੋਵਰ ਮਾਹੀ ॥ ਨਗਨ ਹੋਇ ਇਸਨਾਨੁ ਕਰਾਹੀ ॥
ਸੁਕਦੇਉ ਜਾਤਿ ਨ ਸੰਕਾ[7] ਕਰੀ ॥ ਦੇਖਿ ਬਿਆਸ ਸਾਰੀ ਤਨਿ ਪਾਹਰੀ ॥[8]
ਜਬ ਦ੍ਰਿਸਟਿ ਅਗੋਚਰ ਸੁਕਦੇਉ ਗਇਆ ॥ ਤਬ ਬੇਦ ਬਿਆਸੁ ਪਿਛ ਡੈ ਭਇਆ॥
ਤਿਨ ਅਪਸਰਾ ਸਿਉ ਪੂਛਿਓ ਤਾ ਘਰੀ[9] ॥ ਤੁਮ ਜੁਵਾ ਦੇਖਿ ਲਜਾ[10] ਨਹੀ ਕਰੀ॥[11]
ਮੋਹ ਬਿਰਧ ਤੇ ਪਰਦਾ ਕੀਨਾ ॥ ਇਹੁ ਕਿਆ ਬੂਝੀਐ ਕਹੋ ਪ੍ਰਬੀਨਾ ॥13॥

ਦੋਹਰਾ ॥ ਜਿਨ ਕੈ ਬ੍ਰਹਮੁ ਗਿਆਨੁ ਤਿਨ ਕਉ ਸਭ ਜਗੁ ਬ੍ਰਹਮ ਮੈ ॥
[ਸੋਰਠਾ][12] ਮੈ ਤੂੰ ਦੇਹ ਅਭਮਾਨ ਮੂਰਖ[13] ਤਿਸੈ ਨ ਪਰਹਰੈ ॥1॥

ਚੌਪਈ ॥ ਅਪਸਰਾ ਕਹੈ ਓਹੁ ਬ੍ਰਹਮਗਿਆਨੀ ॥ ਸਭ ਜਗ ਕਉ ਵਹ ਆਪਾ ਜਾਨੀ ॥
ਆਪਾ ਤੇ ਕੋਈ ਕਹਾ ਦੁਰਾਵੈ ॥ ਜਿਸੁ ਤੀਨ ਭਵਨ ਆਪਾ ਦਰਸਾਵੈ ॥
ਜੋ ਤੁਮੈ ਬੂਝਿ ਕਰ ਤੇਨੈ ਦੀਨੀ ॥ ਸੋ ਨੀਕੈ ਤੁਮ ਬੂਝੋ ਪ੍ਰਬੀਨੀ ॥
ਬਹੁਰਿ ਬਿਆਸ ਅਪੁਨੈ ਘਰਿ ਆਏ ॥ ਸੁਕਦੇਉ ਬਨ ਮੈ ਹਰਿ ਲਿਵ ਲਾਏ ॥
ਜਬ ਪੂਰਨ ਗਿਆਨ ਸੁਕਦੇਵਹੁ ਪਾਇਆ ॥ ਤਬ ਤਿਸ[14] ਕੇ ਮਨ ਮੈ ਐਸੈ ਆਇਆ ॥14॥

---

(1) ੲ ਪੋਥੀ 'ਕਰੀ ਸੁਨਾਇ', (2) ੲ ਪੋਥੀ 'ਆਇ', (3) ਅ ਪੋਥੀ 'ਬਿਆਸ',
(4) ਪਾਠਾਂਤਰ ੲ ਪੋਥੀ 'ਬੇਦ ਪੜਾਇ ਤੁਝਿ ਪੰਡਿਤ ਰੈ', (5) ੲ ਪੋਥੀ 'ਕੀਆ',
(6) ੲ ਪੋਥੀ 'ਦੀਆ', (7) ੲ ਪੋਥੀ 'ਸੰਕ',
(8) ਪਾਠਾਂਤਰ ਅ ਪੋਥੀ 'ਦੇਖਿ ਬਿਆਸ ਚੀਰ ਸਭ ਧਰਾ', ੲ ਪੋਥੀ 'ਦੇਖਿ ਬਿਆਸ ਚੀਰਿ ਸਭਿ ਧਰੀ',
(9) ੲ ਪੋਥੀ 'ਆਈ', (10) ੲ ਪੋਥੀ 'ਲਾਜਿ', (11) ੲ ਪੋਥੀ 'ਕਰਾਹੀ',
(12) ਅ ਤੇ ੲ ਪੋਥੀ ਤੋਂ,
(13) ੲ ਪੋਥੀ 'ਮੂਰਤਿ',
(14) ੲ ਪੋਥੀ 'ਤਿਨ'

ਦੋਹਰਾ ॥ ਜੋ ਹਰ[1] ਗੁਰ ਤੇ ਪਾਇਆ ਗਿਆਨ ਜੋ ਉਤਮ ਰਾਸਿ ॥
ਸੋ ਨਿਸਚੈ ਮਨਿ ਹੋਇ ਰਹਿਓ ਪੁਨਿ ਪੂਛਉ ਬੇਦ ਬਿਆਸ ॥1॥

ਚੌਪਈ ॥ ਤਬ ਸੁਕਦੇਉ ਆਇਓ ਪਿਤਾ ਪਾਸ ॥ ਮਨ ਪਰਸੰਨ ਭਇਓ ਬੇਦ ਬਿਆਸ ॥
ਸੁਕਦੇਉ ਨੈ ਪੂਛੀ ਬਾਤਾ ॥ ਇਹ ਪਰਪੰਚੁ ਕਿਰਪਾ ਅਹੈ ਗਿਆਤਾ ॥
ਨਾਨਾ ਭਾਂਤਿ ਸੁ ਦੇਇ ਦਿਖਾਈ ॥ ਊਚ ਨੀਚ ਇਹੁ ਲਖਿਓ ਜਾਈ ॥
ਏਕ ਗੁਰੂ ਏਕ ਸਿਖ ਕਹਾਵੈ ॥ ਇਕ[2] ਭਾਉ ਭਗਤਿ ਕਰਿ ਹਰਿ ਹਰਿ ਧਿਆਵੈ॥
ਕੋਈ ਨਿਰਭੈ ਕੋਈ ਭੈ ਮੈ ਰਹੈ ॥ ਇਹੁ ਨਾਨਤੁ[3] ਹੋਇ[4] ਕਿਆ ਕਹੈ ॥15॥

ਦੋਹਰਾ ॥ ਉਤਪਤਿ ਪਰਲੈ ਖੇਲੁ ਬਿਹੁ ਜੋ ਦੀਸੈ ਨਾਨਾ ਭਾਂਤਿ ॥
ਸੋ ਨੀਕੈ ਕਹਿ ਸਮਝਾਈਐ ਜਿਤੁ ਮਨਿ ਆਵੈ ਸਾਂਤਿ ॥1॥

ਚੌਪਈ ॥ ਤਬ ਬੇਦ ਬਿਆਸ ਨੈ ਕਹਿਓ ਸੁਜਾਨ ॥ ਇਹੁ ਪਰਪੰਚੁ ਆਹਿ ਭਗਵਾਨ॥
ਜੋ ਸ੍ਰੀ ਭਗਵਾਨ ਹੋਇ ਹੰਸ ਸਰੂਪਾ[5] ॥ ਸਨਕਾਦਿਕ ਪ੍ਰਤਿ ਕਹਿਓ ਅਨੂਪਾ ॥
ਮਨਸਾ ਬਚਸਾ[6] ਕਹਿ[7] ਸਮਝਾਇਆ ॥ ਇਕਾਦਸ ਮਾਹਿ ਤ੍ਰਉਦਸੈ ਧਿਆਇਆ॥
ਬਸਿਸਟ ਰਿਖ ਰਿਖਬਰ ਜੋ ਭਇਓ ॥ ਸ੍ਰੀ ਰਾਮ ਚੰਦ ਸਿਉ ਐਸੇ ਕਹਿਓ ॥
ਚਿਤ ਬਿਲਾਸ ਪਰਪੰਚ ਬਖਾਨਾ ॥ ਸੋ ਸੁਕਦੇਉ ਤੁਮ ਨੀਕੈ ਜਾਨਾ ॥16॥

ਦੋਹਰਾ ॥ ਇਕ ਆਤਮ ਕੋ ਬਿਸਥਾਰੁ ਇਹੁ ਮ੍ਰਿਦ[8] ਕੰਚਨ ਕੀ ਭਾਂਤਿ ॥
ਕਾਰਨ ਕਾਰਜੁ ਏਕੁ ਹੈ ਜਿਉ ਸਿਆਹੀ ਏ[9] ਪਾਂਤ ॥1॥

ਚੌਪਈ ॥ ਇਕ ਆਤਮ ਕੋ ਹੈ ਏਹੁ ਪਸਾਰਾ ॥ ਨਾਮ ਰੂਪ ਕਰਮ ਜੋ ਧਾਰਾ ॥
ਬੇਦ ਕਹਤੁ ਹੈ ਏਹੁ ਪੁਕਾਰੀ ॥ ਸੋ ਨੀਕੈ ਹੈ ਤੁਮੈ ਬੀਚਾਰੀ ॥
ਬ੍ਰਹਮੈਵ ਸ੍ਰਬ ਨਾਮਾ ਅਰੁ ਰੂਪਾ[10] ॥ ਸਭ ਕਰਮ ਕਰਤੁ[11] ਹੈ ਧਾਰਿ ਸਰੂਪਾ ॥
ਨਹੀ ਊਚ ਨੀਚ ਕੋਈ ਤਤੁ ਬੀਚਾਰੈ ॥ ਤਤੁ[12] ਬੀਚਾਰ ਨਾਨਤੁ ਨਿਹਾਰੈ ॥
ਤਤੁ ਅਤਤੁ ਏਕੈ ਹੈ ਸੋਈ ॥ ਬਿਨੁ ਪਰਮਾਤਮ ਆਉਰੁ ਨ ਕੋਈ ॥17॥

---

(1) ਅ ਪੋਥੀ 'ਸੁਰਿ', (2) ੲ ਪੋਥੀ 'ਇਹ',
(3) ੲ ਪੋਥੀ 'ਨਾਨਾ ਭਾਂਤਿ',
(4) ੲ ਪੋਥੀ 'ਕਹੋ',
(5) ੲ ਪੋਥੀ 'ਰੂਪਾ',
(6) ੲ ਪੋਥੀ 'ਬਾਚਾ',
(7) ਅ ਤੇ ੲ ਪੋਥੀ 'ਕਹਿਓ'
(8) ਅ ਪੋਥੀ 'ਮ੍ਰਿਦੀ', ੲ ਪੋਥੀ 'ਮ੍ਰਦ',
(9) ਅ ਪੋਥੀ ਹੀਐ',
(10) ਪਾਠਾਂਤਰ ਅ ਪੋਥੀ 'ਬ੍ਰਹਮੈਵ ਸ੍ਰਬ ਨਾਮਾ ਅਰੂਪਾ', ੲ ਪੋਥੀ 'ਬ੍ਰਹਮ ਰਬ ਨਾਮ ਅਰੁ ਰੂਪਾ',
(11) ੲ ਪੋਥੀ 'ਕਰਿ',
(12) ਅ ਪੋਥੀ 'ਆਤਤੁ'

ਦੋਹਰਾ ॥ ਜਿਉ ਕੰਚਨੁ ਭੂਖਨ ਭਇਓ ਮ੍ਰਿਦ ਬਿਕਾਰ ਕਉ ਧਾਰ ॥
ਤਿਉ ਪਰਮਾਤਮੁ ਅਜ ਅਮਰ ਧਾਰਿਓ ਇਹੁ ਬਿਸਥਾਰ ॥1॥

ਚੌਪਈ ॥ ਜਬ ਬੇਦ ਬਿਆਸ ਐਸੇ ਬਖਿਆਨਾ[1] ॥ ਕਰਿ ਸੁਕਦੇਉ ਅੰਮ੍ਰਿਤ ਜਿਵ ਪਾਨਾ ॥
ਕਹਿਓ ਬਚਨੁ ਪੁਨਿ ਪਿਤਾ ਜੁ ਜਾਨਹਿ ॥ ਹਮ ਭੀ ਐਸੇ ਮਨ ਮਹਿ ਆਨਹਿ ॥
ਇਹੀ ਮਹਾਦੇਉ ਗਿਰਜਾ ਸਿਉ ਭਾਖਿਆ ॥ ਸੋ ਹਮ ਨਿਸਚੈ ਕਰਿ ਮਨ ਰਾਖਿਆ॥
ਕਛੂ ਬਸੇਖ ਤੁਮ ਕਹਿਓ ਨ ਗਿਆਤਾ ॥ ਸੋਈ ਕਹਿਓ ਜੋ ਹਮ ਨੈ ਜਾਤਾ ॥
ਬਸੇਖ ਸੁਨਨ ਕੀ ਸਰਧਾ ਰਾਖਉ ॥ ਅਤਿ ਅਧੀਨ ਹੋਇ ਤੋ ਸਿਉ ਭਾਖਉ॥18॥

ਦੋਹਰਾ ॥ ਪੂਰਨ ਗਿਆਨ ਭਗਤਿ ਪਰਪੂਰਨ ਬੈਰਾਗੁ ਬਡੋ[2] ਅਰੁ ਭੋਗ ॥
ਸੋ ਰਾਜਾ ਜਨਕੁ ਬਿਦੇਹੀ ਹੀ ਗਿਆਤਾ ਸਰਧਾ ਪੂਰਨ ਜੋਗ ॥1॥

ਚੌਪਈ ॥ ਜਬ ਰਾਜਾ ਜਨਕ ਕੀ ਸੋਭਾ ਸੁਨੀ ॥ ਕਰਿ ਸਰਧਾ ਤਹ[3] ਕਉ ਚਲਿਓ ਮੁਨੀ ॥
ਚਲਿ ਆਇਓ ਜਹ[4] ਰਾਜ ਦੁਆਰਾ ॥ ਪਉਰੀਆ ਸਿਉ ਤਿਨ ਕਰੀ ਜੁਹਾਰਾ ॥
ਸੁਖਦੇਉ ਅਪਨਾ ਨਾਮ ਬਤਾਇਆ ॥ ਬੇਦ ਬਿਆਸ ਰਿਖ ਕੋ ਮੈ ਜਾਇਆ ॥
ਮਹਾਰਾਜ ਸਿਉ ਮੇਰੋ ਕਾਮਾ ॥ ਭੀਤਰਿ ਖਬਰਿ ਕਰੋ ਅਭਰਾਮਾਂ ॥
ਤਿਨ ਤਿਹ ਜਾਇ ਕੈ[5] ਭਾਖਿ ਸੁਨਾਇਆ ॥ ਜਿਉ ਕਾ ਤਿਉ ਬਿਰਤਾਂਤ ਬਤਾਇਆ ॥19॥

ਦੋਹਰਾ ॥ ਜਬਹਿ ਪਉਰੀਏ ਭਾਖਿਓ ਸੁਕਦੇਉ ਖਰੇ ਦੁਆਰ ॥
ਭੂਪਤਿ ਮਨਿ[6] ਚਿੰਤਾ ਕਰੀ ਇਨ ਕਉਨ ਕਾਂਮ ਪਰਾ ਧਾਰ ॥1॥

ਚੌਪਈ ॥ ਇਹੁ ਪਰਪੂਰਨ ਗਿਆਨੀ ਅਹੈ ॥ ਇੰਦ੍ਰੀਜਤ ਇਸ ਸਭ ਕੋਈ ਕਹੈ ॥
ਗਿਆਨ ਬਿਗਿਆਨ ਭਗਤਿ ਭਗਵਾਨ[7] ॥ ਸਭ ਮਹਿ ਤਤੁ ਫੁਰ ਕਹੈ ਸੁਜਾਨਾ[8]॥
ਜਿਨੈ ਗਿਆਨ ਤਿਨੈ ਮਾਨ ਅਪਮਾਨਾ ॥ ਸਮਸਰਿ ਜਾਨੈ ਤੇ ਪਰਧਾਨਾ ॥
ਅਪਮਾਨ ਕਸਉਟੀ ਰਾਜ ਬੀਚਾਰੀ ॥ ਪਉਰੀਏ ਓਰ ਨ ਦ੍ਰਿਸਟ ਪਸਾਰੀ[9] ॥
ਤਿਨ ਆਇ ਜਬਾਬ ਦੀਓ ਰਿਖ ਭਾਈ ॥ ਅਜੇ ਸਮਾ[10] ਨਹੀ[11] ਦਇਆਲ ਗੁਸਾਈ ॥20॥

(1) ੲ ਪੋਥੀ 'ਬਖਾਨਾ'. (2) ੲ ਪੋਥੀ 'ਜੋਗ', (3) ੲ ਪੋਥੀ 'ਤਹਾਂ',
(4) ਅ ਪੋਥੀ 'ਜਨ',
(5) ਅ ਪੋਥੀ 'ਕਰਿ',
(6) ੲ ਪੋਥੀ 'ਸੁਨਿ',
(7) ੲ ਪੋਥੀ 'ਭਗਵਾਨਾ',
(8) ੲ ਪੋਥੀ 'ਸੁਜਾਨਾ',
(9) ੲ ਪੋਥੀ 'ਨਿਹਾਰੀ',
(10) ੲ ਪੋਥੀ 'ਸਮ',
(11) ੲ ਪੋਥੀ 'ਜਹੀ'

ਦੋਹਰਾ ॥ ਜਿਨ ਕੈ ਸਮਤਾ ਭਾਉ ਹੈ ਤਿਨੈ ਨ ਮਾਨ ਅਪਮਾਨ ॥
ਚਿਤ ਕਉ ਚੰਚਲ ਨ ਕਰਿ ਸਕੈ ਜਿਉ ਮੇਰਬਾਇ[1] ਬਲਵਾਨ ॥1॥

ਚੌਪਈ ॥ ਜਬਹਿ[2] ਜਵਾਬੁ ਪਉਰੀਏ ਆਨਾ ॥ ਤਬ ਉਠਿ ਨਗਰ ਕਉ ਗਇਓ ਸੁਜਾਨਾ ॥
ਭਈ ਪ੍ਰਾਤ ਪੁਨਿ ਤਹ ਚਲਿ ਆਇਓ ॥ ਪਉਰੀਏ ਸਿਉ ਬਿਰਤਾਤੁ ਜਨਾਇਓ॥
ਮੁਝ ਏ ਤੋਂ ਕਛੁ ਨਾਹਿ ਸੁਆਉ[3] ॥ ਇਕ ਬਾਤ ਬੂਝਿ ਕੈ ਉਠਿ ਸਿਧਾਉ ॥[4]
ਕਰਿ ਕਿਰਪਾ ਮਹਾਰਾਜ ਪਾਸ ॥ ਜਾਇ ਕਰੋ ਮੇਰੀ ਅਰਦਾਸ ॥
ਤਿਨ ਤਹ ਜਾਇ ਅਰਜ ਪਹੁੰਚਾਈ ॥ ਦੁਇ ਤਿਨ ਬਾਰ[5] ਪੁਕਾਰ ਸੁਨਾਈ ॥21॥

ਦੋਹਰਾ ॥ ਰਾਜਾ ਜਬਾਬੁ ਨ ਕਛੁ ਦੀਆ ਟਾਲਾ ਕਰਿ ਗਇਆ ਸੋਇ ॥
ਸੁਕਦੇਉ ਇਹ ਸੁਧਿ ਪਾਇ ਕੈ ਮਨ ਮਲੀਨ ਨਹੀ ਹੋਇ ॥1॥

ਚੌਪਈ ॥ ਬਹੁਰਿ ਦਿਨ ਤੀਸਰੈ ਰਾਜਦੁਆਰੈ ॥ ਆਇ ਪਉਰੀਆ ਸਿਉ ਬਿਨਤੀ ਧਾਰੈ ॥
ਪੁਨਹਿ ਪਉਰੀਆ ਭੀਤਰਿ ਜਾਵੈ ॥ ਰਾਜਾ ਪਹਿ ਵਹ ਟੇਰ ਸੁਨਾਵੈ ॥
ਸੋ ਰਾਜਾ ਤਿਸੁ ਓਰ ਨ ਤਾਕੈ ॥ ਵਹ ਅਧਕ ਢੀਠਾਈ ਕਰਿ ਨਹੀ ਸਾਕੈ ॥
ਆਇ ਸੁਕਦੇਵ ਸਿਉ ਬਿਰਤਾਤੁ ਜਨਾਇਆ ॥ ਤੂੰ ਵਡਪਾਪੀ ਕੋਈ[6] ਈਹਾ ਆਇਆ ॥
ਤੋਹਿ ਅਰਦਾਸ ਰਾਜਾ ਨਹੀ ਸੁਨੈ ॥ ਪਉਰੀਆ[7] ਕਹਿ ਕਹਿ ਮਾਥਾ ਧੁਨੈ ॥22॥

ਦੋਹਰਾ ॥ ਮਹਾਰਾਜ ਚਤੁਰ ਪ੍ਰਬੀਨ ਹੈ ਅੰਤਰਜਾਮ[8] ਦਇਆਲ ॥
ਜੋ ਆਸਾ ਕਰਿ ਕੋਈ ਆਵਈ ਪੂਰਹਿ ਵਾਹੀ ਕਾਲ ॥1॥

ਚੌਪਈ ॥ ਜੋ ਆਸਾ ਕਰਿ ਕੋਈ ਈਹਾਂ ਆਵੈ ॥ ਤਤਛਿਨ ਵਾਕੀ ਆਸ ਪੁਜਾਵੈ ॥
ਇਹ ਲੋਕ[9] ਪਰਲੋਕ ਕੋ ਬਿਉਹਾਰਾ ॥ ਗਿਆਨ ਬਿਗਿਆਨ ਆਤਮ ਬੀਚਾਰਾ॥[10]
ਭਾਉ ਭਗਤਿ ਵਹ ਚਰਚਾ ਹਰਿ ਹਰੀ ॥ ਜਿਨ ਜਿਨ ਮਨ ਮੈ ਸਰਧਾ ਧਰੀ ॥
ਸੋਚ ਲਿਆਇਓ ਰਾਜਦੁਆਰੇ ॥ ਤਤਛਿਨ ਕਾਜੁ ਮਹਾਰਾਜੁ ਸਵਾਰੇ ॥
ਬਡੋ ਗਿਆਨ ਬਿਲਾਸ ਬਿਚਾਰਾ ॥ ਹਰਿ ਰਾਜੈ ਦੀਓ ਅਪਰ ਅਪਾਰਾ ॥23॥

---

(1) ੲ ਪੋਥੀ 'ਮੇਰਬਾਉ'.
(2) ੲ ਪੋਥੀ 'ਤਬਹਿ',
(3) ੲ ਪੋਥੀ 'ਆਇਓ',
(4) ੲ ਪੋਥੀ 'ਸਿਧਾਇਓ',
(5) ੲ ਪੋਥੀ 'ਬਾਤ',
(6) ੲ ਪੋਥੀ 'ਕੋ',
(7) ੲ ਪੋਥੀ 'ਪਰੀਆ',
(8) ੲ ਪੋਥੀ 'ਅੰਤਰਜਾਮੀ ਜਾਨ',
(9) ਅ ਪੋਥੀ 'ਅਹਿਲੋਕ', ੲ ਪੋਥੀ 'ਲੋਕ',
(10) ਪਾਠਾਂਤਰ ੲ ਪੋਥੀ 'ਗਿਆਨੀ ਅਤਿ ਬਿਲਾਸ ਬਿਚਾਰੀ'

ਦੋਹਰਾ ॥ ਮਹਾਰਾਜੇ ਪੂਰਨ ਗਿਆਨੁ ਹੈ ਜਿਉ ਸਫਟਕ[1] ਸਭ[2] ਸੰਗ ॥
ਦੁਖੀਅਨ ਦੁਖੀ ਸੁਖੀ ਸੁਖੀਅਨ ਮੈ ਸਭ ਸੰਗ ਰਹੈ ਅਸੰਗ[3] ॥1॥
ਚੌਪਈ ॥ ਆਰਥ[4] ਆਰਥੀ[5] ਜਗਿਆਸੀ ਆਵਹਿ ॥ ਰਾਜਦੁਆਰ ਨਹੀ ਬਿਰਥੇ ਜਾਵਹਿ ॥
ਨਹੀ ਜਾਨਉ ਤੁਝ ਕਹਾ ਪਰੋਜਨ ॥ ਜੋ ਰਾਜਾ ਬਚਨ ਤੁਝ ਕਰਤ ਨ ਸ੍ਰਵਨ[6] ॥
ਤੂ ਬੂਝੀ ਅਤ ਕੋਈ ਪਾਪੀ ਅਹੇ ॥ ਪਾਪ ਪਰੋਜਨੁ ਮਨ ਮੈ ਧਰੈ ॥
ਤੁਝਿ ਸਰਧਾ ਕਛੁ ਭਈ[7] ਨ ਜਾਪਤ ॥ ਮਨੁ ਮੇਰੋ ਹੈ ਤਾ ਤੇ ਕਾਪਤ ॥
ਮੋ ਤੇਰੈ ਬਾਰੀ ਨਹੀ ਹੋਈ ॥ ਭਲਾ ਬੁਰਾ ਮਾਨੋ ਭਾਵੈ ਕੋਈ ॥24॥
ਦੋਹਰਾ ॥ ਅਹੇੜੈ[8] ਰਾਜਾ ਜਾਤੁ ਹੈ ਕੋਈ ਪਲਕ ਮੈ ਯਾਰ ॥
ਜੋ ਬਿਨਤੀ ਕਰਨੀ ਹੋਇ ਤੁਝ ਮਗ ਮੈ ਕਰਹੁ ਪੁਕਾਰ ॥1॥
ਚੌਪਈ ॥ ਸ੍ਰੀ ਸੁਕਦੇਵਹਿ ਬਡੋ ਗਿਆਨਾ ॥ ਅਪਮਾਨੈ ਕਉ ਨਹੀ ਮਨ ਮੈ ਆਨਾ ॥
ਮਾਨ ਅਪਮਾਨ ਦੋਊ ਸਮ ਜਾਨੈ ॥ ਬਿਖ[9] ਭਾਉ ਨਹੀ ਮਨ ਮੈ ਆਨੈ ॥
ਜਬ ਰਾਜਾ ਅਹੇੜੈ ਭਇਓ ਅਸਵਾਰ ॥ ਤਬ ਲੇ ਦਲ ਤੁਲਸੀ ਕਰੀ ਪੁਕਾਰ ॥
ਇਕ ਬਾਤ ਬੂਝਨ ਲਉ ਆਹਿ ਪਰੋਜਨੁ ॥ ਕਰਿ ਕਿਰਪਾ ਸੋ ਸੁਨਹੁ ਸਰੋਮਨ ॥
ਸੁਨਿ ਰਾਜੈ ਤਿਸੁ ਕਛੁ ਨ ਭਾਖੀ ॥ ਜਬ ਪਲਟਿਓ ਤਬ ਫਿਰਿ ਤਿਨ ਆਖੀ॥25॥
ਦੋਹਰਾ ॥ ਅਪਮਾਨ[10] ਕਸਉਟੀ ਪਰ ਕਸਿਓ ਕਰਿ ਮੇਰ[11] ਸਮਾਨਾ[12] ॥
ਸੁਕਦੇਵਹਿ ਤਤੁ ਗਿਆਨ ਨਿ ਧਰਾਈ ਤਿਲੁ[13] ਨ ਮਾਨ ॥1॥
ਚੌਪਈ ॥ ਜਬ ਰਾਜਾ ਮਹਲਾ ਮੈ ਗਇਓ ॥ ਪੁਨਿ ਤਿਨ ਜਾਇ ਪਉਰੀਏ ਕਹਿਓ ॥
ਏਕ ਬਾਰ ਤੂ ਬਿਸਨ ਪਰੀਤਿ ॥ ਪੁਨਿ ਰਾਜਾ ਸਿਉ ਕਾਹੁ ਮੇਰੇ[14] ਮੀਤਿ ॥
ਪਉਰੀਆ ਜਾਇ ਰਾਜਾ[15] ਕਹੈ[16] ॥ ਸੁਕਦੇਉ ਮੁਨਿ ਦੁਆਰ ਪਰ ਅਹੈ ॥
ਸੁਨਤ ਬਚਨ ਰਾਜਾ ਉਠਿ ਧਾਇਓ ॥ ਨਾਗੇ ਪਾਇ ਅਉ ਦਉਰਿਓ ਆਇਓ॥[17]
ਅਸਟਾਂਗ ਡੰਡਉਤ ਕਰਿ ਚਰਨਨ ਗਹਾ ॥ ਤਿਨ ਊਪਰਿ ਮਾਥਾ ਧਰਿ ਰਹਾ॥26॥

---

(1) ਅ ਪੋਥੀ 'ਸਫਲਕ', ਏ ਪੋਥੀ 'ਸਫਟਿ',
(2) ਅ ਤੇ ੲ ਪੋਥੀ 'ਸਤ',
(3) ਪਾਠਾਂਤਰ ੲ ਪੋਥੀ 'ਦੁਖੀਆਨ ਸੁਖੀਆਨ ਸੰਗ ਸਤ ਸੰਗ ਰਹੈ ਅਸੰਗਿ',
(4) ਅ ਪੋਥੀ 'ਆਤਰ', ੲ ਪੋਥੀ 'ਅਤਿ',
(5) ਅ ਤੇ ੲ ਪੋਥੀ 'ਅਰਥੀ',
(6) ੲ ਪੋਥੀ 'ਸੋ੍ਵਨ',
(7) ੲ ਪੋਥੀ 'ਭਲੀ',
(8) ੲ ਪੋਥੀ 'ਅਹੇਰੇ',
(9) ੲ ਪੋਥੀ 'ਬਿਖਮ',
(10) ੲ ਪੋਥੀ 'ਅਪਮਨ',
(11) ੲ ਪੋਥੀ 'ਮੇਸ',
(12) ੲ ਪੋਥੀ 'ਰਮਾਨਿ',
(13) ਅ ਪੋਥੀ 'ਤੁਲ',
(14) ੲ ਪੋਥੀ 'ਸੇਰੇ',
(15) ੲ ਪੋਥੀ 'ਪੈ',
(16) ੲ ਪੋਥੀ 'ਅਹੈ',
(17) ਪਾਠਾਂਤਰ ੲ ਪੋਥੀ 'ਨਾਗੇ ਪਉਰਾ ਆਇਓ'

ਸੋਰਠਾ ॥ ਮਸਤਕ ਜਾਗਿਓ ਭਾਗ ਹਰਿਜਨ ਕਿਰਪਾ ਕਰੀ ਜਬ ॥
ਸਭ ਪਾਪਾ ਭਇਓ ਤਿਆਗ ਦਰਸ ਪਰਸ ਹਰਿ ਸਾਧ ਕੈ ॥1॥
ਚੌਪਈ ॥ ਗਹਿ ਮਾਥਾ ਸੁਕਦੇਵ ਉਠਾਇਆ ॥ ਅੰਕਮਾਲ ਦੇ ਬਹੁ ਸੁਖ ਪਾਇਆ ॥
ਰਾਜਾ ਕਰੁ ਗਹਿ ਭੀਤਰਿ ਲਿਆਇਓ[1] ॥ ਆਨਿ ਸਿੰਘਾਸਨ ਪਰ ਬੈਠਾਇਓ॥[2]
ਬੀਜਨਾ ਕਰਿ ਲੇਇ ਪਵਨ ਡੁਲਾਵੈ ॥ ਭਾਉ ਭਗਤਿ ਕਰਿ ਮਾਨ ਬਢਾਵੈ ॥
ਸੁਕਦੇਵ ਕਹੈ ਇਕ ਸੰਸੈ ਮੇਰੀ ॥ ਬੂਝ ਜਾਉ ਉਠਿ ਯਾਹੀ ਬੇਰੀ ॥
ਰਾਜਾ ਨਿਰਖ ਮੁਖੁ ਵਾ ਕਾ ਰਹਾ ॥ ਮਾਨ [ਮਨਿ][3] ਮਾਹਿ ਸੁਨਿ ਹਰਖੁ ਨ ਲਹਾ ॥27॥

ਦੋਹਰਾ ॥ ਨਿੰਦਾ ਉਸਤਤਿ ਮਾਨ ਅਪਮਾਨਾ ਦੇਹ ਧਰਮ ਕਹੈ ਬੇਦ ॥
ਜਿਨੀ ਅਪਨਾ ਆਪੁ ਪਛਾਨਿਆ ਤੇ ਇਕ ਰਸ ਰਹੈ ਅਭੇਦ ॥1॥
ਚੌਪਈ ॥ ਜਨਕੁ ਕਹੈ ਹੈ[4] ਬ੍ਰਹਮ ਗਿਆਨੀ ॥ ਤੁਮ ਆਜੁ ਹਮਾਰੈ ਅਥਿਤਿ ਬਿਨਾਨੀ ॥
ਕਰਿ ਭੋਜਨ ਜੋ ਪੂਛਉ ਪਿਆਰੇ ॥ ਜਥਾਮਤਿ ਜਿਉ ਕਹੈ ਬੀਚਾਰੈ ॥
ਚਿਤ੍ਰਸਾਲੀ [ਚਿਤ੍ਰਸਾਲ][5] ਮਹਿ ਡੇਰਾ ਦੀਆ ॥ ਮਨ ਇੰਦ੍ਰੀ ਕਾ ਪੀਛਾ ਲੀਆ ॥
ਜਿਵ ਮਾਨ ਅਪਮਾਨ ਦੋਊ ਸਮ ਦੇਖੈ ॥ ਤਿਉ ਮਨ ਇੰਦ੍ਰੀ ਕੋ ਗ੍ਰਹੁ [ਨਿਗ੍ਰਹ][6] ਪੇਖੈ ॥
ਅਤਿ ਸੁੰਦਰ ਕਾਮਨ ਨਉ ਜੋਬਨਿ ॥ ਸੁਕਦੇਵ ਨਿਕਟ ਪਠਾਈ ਵੈ ਨਉਤਨ॥28॥
ਦੋਹਰਾ ॥ ਕਾਂਮਨ ਹਰਿ ਭਰਿ ਲੇ ਚਲੀ ਪਿਆਲੇ ਤੇਲ ਅਪਾਰ ॥
ਮਾਨੋ ਗੋਪੀ ਕ੍ਰਿਸਨ ਕਉ ਆਈ ਕਰਨ ਜੁਹਾਰ ॥1॥
ਚੌਪਈ ॥ ਕੁਚ ਕਠੋਰ ਸਿਉ ਮਰਦਨੁ ਕਰੈ ॥ ਮੰਦ ਮੰਦ ਸੁਰ ਨਾਦਹਿ ਭਰੈ ॥
ਕਰਿ ਮਰਦਨੁ ਜਲੁ ਉਸਨ ਨਵਾਇਆ ॥ ਤੁਚਾ ਨੈਨ ਬਿਕਾਰ ਨ ਪਾਇਆ ॥
ਮਨ ਚੰਚਲੁ ਨਹੀ ਭਇਓ ਪਿਆਰੇ ॥ ਨਹੀ ਪੰਚ ਬਾਨ ਨੈਨੈਨ ਉਘਾਰੇ ॥
ਸ੍ਰਵਨ ਨਾਦ ਨਹੀ ਬਾਸਾ ਨਾਸਾ ॥[7] ਸੰਗਿ ਭਇਓ ਰਹਿਓ ਅਸੰਗ ਉਦਾਸਾ ॥[8]
ਬਿੰਜਨ ਅਨੇਕ ਰਸੋਈ ਕੀਨੇ ॥ ਖਾਟੇ ਮੀਠੇ ਬਹੁ ਲੋਨ ਸਲੋਨੇ[9] ॥29॥

---

(1) ੲ ਪੋਥੀ 'ਲਿਆਇਆ',
(2) ਪਾਠਾਂਤਰ ੲ ਪੋਥੀ 'ਚਿਤ੍ਰਸਾਲ ਮਾਹਿ ਜਾਇ ਬੈਠਾਇਆ',
(3) ਅ ਪੋਥੀ ਤੋਂ
(4) ੲ ਪੋਥੀ 'ਹੇ',
(5) ੲ ਪੋਥੀ ਤੋਂ,
(6) ਅ ਪੋਥੀ ਤੋਂ,
(7) ਪਾਠਾਂਤਰ ਅ ਪੋਥੀ 'ਸ੍ਰਵਨ ਨਾਦ ਨਹੀ ਪਰਗਾਸਾ', ੲ ਪੋਥੀ 'ਸ੍ਰਵਨ ਦਾਨ ਹੀ ਬਾਸਨਾ ਨਾਸਕਾ ਲੀਨੇ',
(8) ਪਾਠਾਂਤਰ ੲ ਪੋਥੀ 'ਖਟਿ ਰਸਿ ਪਰੋਸਿ ਆਗੇ ਧਰਿ ਦੀਨੇ',
(9) ਅ ਪੋਥੀ 'ਅਲੋਨੇ'

ਸੋਰਠਾ ॥ ਬਿੰਜਨ ਅਨਿਕ ਪ੍ਰਕਾਰ ਸ੍ਰੀ ਸੁਕਦੇਉ ਭੁਗਾਇਆ ॥
ਰਸਨਾ ਪਾਇ ਬਿਕਾਰ ਨਹੀ ਕਾਹੂ ਸਿਉ ਰੁਚਿ ਕਰੀ ॥1॥

ਚੌਪਈ ॥ ਤਬ ਰਾਜੈ ਮਨ ਮਾਹਿ ਬੀਚਾਰੀ ॥ ਏਹੁ ਜਤ ਇੰਦ੍ਰੀ ਦੇਖਿ ਦਿਖਾਰੀ ॥
ਮਨ ਇਸ ਕਾ ਨਿਹਕੇਵਲ ਅਹਈ[1] ॥ ਮਾਨ ਅਪਮਾਨ ਏਕ ਸਾ ਰਹਈ[2] ॥
ਚੰਚਲ ਚਿਤੁ ਨ ਦੇਇ ਦਿਖਾਈ ॥ ਦੇਹ ਅਭਮਾਨ ਨ ਲਖਿਓ ਜਾਈ ॥
ਪੂਰਨ ਗਿਆਨ ਕੀ ਰਾਸਿ ਬਿਰਾਜੈ ॥ ਸਭ ਅੰਗ ਪੂਰਨ ਮੂਰਤਿ ਛਾਜੈ ॥
ਨਹੀਂ ਸੰਸੈ ਇਸੁ ਦੇਇ ਦਿਖਾਈ ॥ ਮਨ ਮਲੀਨ ਇਹੁ[3] ਨਾ ਦਰਸਾਈ ॥30॥

ਸੋਰਠਾ ॥ ਪੂਰਨ ਗਿਆਨ ਬਿਗਿਆਨ ਸੁਖਦੇਉ ਮੁਨਿ ਮੁਨਿ ਜਾਪਈ ॥
ਕਿਆ[4] ਸੰਸੈ ਕਰੈ ਬਖਿਆਨ ਅਚਰਜਹ ਮੈ ਦਿਖਾਵਈ ॥1॥

ਚੌਪਈ ॥ ਪੁਨਿ ਰਾਜੇ ਏਕਾਤੁ ਬਨਾਇ ॥ ਲੇ ਸੁਕਦੇਵਹਿ ਬੈਠਿਓ ਜਾਇ ॥
ਰਾਜਾ ਕਹੈ ਕਿਛੁ ਆਗਿਆ ਕਰੀਐ ॥ ਹਰਿ ਚਰਚਾ ਕਰਿ ਭਉ ਸਾਗਰੁ ਤਰੀਐ॥
ਤਬ ਸੁਖਦੇਵ ਸੋ ਬਾਤ ਚਲਾਈ ॥ ਜੁ ਬੇਦ ਬਿਆਸ ਤੇ ਪੂਛੀ ਭਾਈ[5] ॥
ਦੇਹੀ ਦੇਹ ਦੁਇ ਦੀਸਹਿ ਪਿਆਰੇ ॥ ਦੇਹ ਅਸਾਰ[6] ਦੇਹੀ ਤਤੁ ਸਾਰੇ ॥
ਆਤਮੁ ਏਕੁ ਅਦੁਤੀ ਕਹਾਵੈ ॥ ਇਹੁ[7] ਨਾਨਾ ਕਹੁ ਕਹਾ ਦਿਖਾਵੈ[8] ॥31॥

ਦੋਹਰਾ ॥ ਜਉ ਨਿਰਬਿਕਾਰ ਏਕ ਰਸ ਆਤਮੁ ਤਾ ਬਿਨੁ ਦੂਸਰੁ ਨਾਹਿ ॥
ਤਉ ਭੇਦ ਭਾਵ ਕਹੁ ਕਹਾ ਦਿਖਾਵੈ ਉਪਜਿ ਉਪਜਿ ਬਿਨਸਾਹ ॥1॥

ਚੌਪਈ ॥ ਰਾਜੈ ਜਨਕ ਕਹਿਓ ਪਰਧਾਨਾ ॥ ਸ੍ਰੀ ਭਾਗਵਤ ਮਾਹਿ ਹਰਿ ਕੀਓ ਬਖਿਆਨਾ॥[9]
[ਜਸੁ ਤੁਮ[10] ਜਸ ਆਦਿ ਜਸ ਅੰਤਰ ਕਹੀ।। ਸੋਈ ਮਧ ਦੀਸਤ ਹੈ ਸਹੀ ॥
ਇਹੁ ਬਿਕਲਪ ਬਿਉਹਾਰੁ ਸੁਆਰਥ ॥ ਜਿਨ ਭੂਖਨ ਕਚਨ ਘਟ ਘਟ ਪਾਰਖ ॥
ਪ੍ਰਗਿਆਨਾ ਸਨਮਧੇ[11] ਆਨ ॥ ਹਰਿ ਬੇਦਾ ਮਹਿ ਚੀਓ ਬਖਿਆਨ ॥][12]
ਏਕਮੇਵ[13] ਅਦੁਤੀਅੰ ਬ੍ਰਹਮੁ ॥ ਨੇਹ ਨਾਨ ਸਤ ਕਿੰਚਨ ਭਰਮੁ[14] ॥32॥

---

(1) ਏ ਪੋਥੀ 'ਆਹੀ', (2) ਏ ਪੋਥੀ 'ਰਹਾਈ',
(3) ਅ ਤੇ ਏ ਪੋਥੀ 'ਇਸੁ', (4) ਏ ਪੋਥੀ 'ਕਿਅ',
(5) ਏ ਪੋਥੀ 'ਆਹੀ', (6) ਅ ਪੋਥੀ 'ਅਸਰਿ',
(7) ਅ ਪੋਥੀ 'ਏ'.
(8) ਪਾਠਾਂਤਰ ਏ ਪੋਥੀ 'ਨਾਨਾ ਭਾਂਤਿ ਕਹੁ ਕਹਾ ਦਿਖਾਵੈ',
(9) ਏ ਪੋਥੀ 'ਬਖਾਨਾ',
(10) ਏ ਪੋਥੀ 'ਜਸੁ',
(11) ਏ ਪੋਥੀ 'ਸੁਨਨਾਮਧੇ',
(12) ਪਾਠ ਅ ਪੋਥੀ ਤੋਂ ਪੂਰਾ ਕੀਤਾ,
(13) ਏ ਪੋਥੀ 'ਏਕਮੇਵ',
(14) ਪਾਠਾਂਤਰ ਏ ਪੋਥੀ 'ਨੇਨ ਨਨਾ ਸਭ ਕੰਚਨ ਭਰਮ'

ਦੋਹਰਾ ॥ ਸੁਰਤਿ ਸਿੰਮ੍ਰਿਤਿ ਕੀ ਸਾਖ ਦੇਇ ਸੁਕਦੇਵਹਿ[1] ਕਹਿਓ ਬੁਝਾਇ ॥
ਏਕ ਪ੍ਰਮਾਤਮ ਜਿਤ ਕਿਤੈ ਬਾਂਨ ਕਰਹਿਓ ਬਨਾਇ ॥1॥

ਚੌਪਈ ॥ ਜਿਵ ਏਕੈਂ ਕੰਚਨ ਭੂਖਨ ਸਾਰੇ ॥ ਮ੍ਰਿਦ ਭੀਤ ਆਦਿ ਬਿਕਾਰ ਜੁ ਧਾਰੇ ॥
ਏਕ ਸੂਤ ਕੇ ਚੀਰ ਅਨੇਕ ॥ ਅਭੇਦ ਦ੍ਰਿਸਟਿ ਸੂਤ ਹੈ ਏਕ ॥
ਏਕ ਮੋਮ ਲਖ ਸੂਰਤਿ[2] ਬਨੈ ॥ ਭਿੰਨ ਭਿੰਨ ਨਾਮੁ ਤਿਹ[3] ਗਨੈ ॥
ਫਿਰਿ ਗਲਿ ਏਕੈ ਮੋਮ ਸੋ ਹੋਈ ॥ ਭੇਦ ਭਾਵ ਤਹ ਰਹੈ ਨ ਕੋਈ ॥
ਆਦਿ ਮਧ ਅੰਤਿ ਮੋਮ ਹੈ ਸਾਰ ॥ ਭੇਦ ਭਾਵ ਤਹ[4] ਸਗਲ ਬਿਕਾਰ ॥33॥

ਸੋਰਠਾ ॥ ਚਿਦੇਵ ਪੰਚ ਭੂਤਾਨ ਹਹਿ ਚਿਦੇਵ ਤੀਨੋ ਭਵਨ ॥
ਬਸਿਸਟ ਸੇ ਕਰਤ ਬਖਿਆਨ ਮੈ ਤੂ ਸਭ ਚੇਤਨ ਪੁਰਖੁ ॥1॥

ਚੌਪਈ ॥ ਹੇ ਸੁਕਦੇਵ ਦੂਸਰ ਕੋ ਨਾਹੀ ॥ ਦੇਹੀ ਦੇਹ ਆਤਮ ਇਕੁ ਆਹੀ ॥
ਇਕ ਆਤਮ ਕੋ ਹੈ ਇਹੁ ਪਸਾਰਾ ॥ ਦਿਸਟਿਮਾਨ ਜੋ ਦੀਸੈ ਸਾਰਾ ॥
ਨਾਨਾ ਭਾਤਿ ਜੁ ਦੇਇ ਦਿਖਾਇ ॥ ਰੂਪ ਅਰੂਪ ਆਤਮ ਬਨਿਓ ਆਈ ॥
ਇਹੁ ਸਭ ਦੀਸੈ ਬ੍ਰਹਮੁ ਪਸਾਰਾ ॥ ਧਿਆਤਾ ਧੇ ਧਿਆਨ ਜੋ ਪਾਰਾ ॥
ਗਿਆਤਾ ਗਿਆਨ ਗੇਅ[5] ਇਕੁ ਆਹੀ ॥ ਬਿਨੁ ਪਰਮਾਤਮ ਦੂਸਰ ਨਾਹੀ ॥34॥

ਦੋਹਰਾ ॥ ਸੁਧ ਬੁਧ ਚੇਤੰਨ ਤੂੰ ਇਹੁ ਸਭੁ ਤੋਹਿ ਪਸਾਰ ॥
ਏਕੋਹੰ[6] ਬਹੁਸਿਆਮ ਜਬ ਮਨ ਮਹਿ ਕਰਿਓ ਉਚਾਰ ॥1॥

ਚੌਪਈ ॥ ਸ੍ਰੀ ਸੁਕਦੇਵ ਅਧਰ ਬਿਹਸਾਏ ॥ ਗਦ ਗਦ ਹੋਇ ਕਹੇ ਬਚਨ ਸੁਹਾਏ ॥
ਜੋ ਤੁਮ ਕਹੀ ਹਮ ਭੀ ਜਾਨੈ ॥ ਸੋ ਦ੍ਰਿੜ ਮਤਿ ਜਿਉ ਮਨ ਮੇਰੈ ਮਾਨੈ ॥
ਸਿਵ ਭੀ ਐਸੇ ਕੀਓ ਬਖਿਆਨਾ ॥ ਜੋ ਪਾਰਬਤੀ ਪ੍ਰਤਿ ਆਖਿ ਬਖਾਨਾ ॥
ਬੇਦ ਬਿਆਸ ਸੋਈ ਭਾਖਿ ਸੁਨਾਈ ॥ ਤੁਮ ਭੀ ਸੋਈ ਬੂਝ ਬੁਝਾਈ ॥
ਅਬ ਨਿਸਚਲ ਮਤਿ ਮੇਰੀ[7] ਤਈ ॥ ਅਤਿ ਬਸੇਖ ਏਹੋ[8] ਹੈ ਸਹੀ ॥35॥

---

(1) ਅ ਪੋਥੀ 'ਸੁਕਹਿ',
(2) ੲ ਪੋਥੀ 'ਮੂਰਤਿ',
(3) ਅ ਪੋਥੀ 'ਤਿਸੁ',
(4) ੲ ਪੋਥੀ 'ਤਹਾਂ',
(5) ੲ ਪੋਥੀ 'ਗੇਉ',
(6) ੲ ਪੋਥੀ 'ਏਕੋਸੋਹੰ',
(7) ੲ ਪੋਥੀ 'ਮੇਰੀ ਹੈ',
(8) ੲ ਪੋਥੀ 'ਇਹੋ'

ਦੋਹਰਾ ॥ ਸਾਧਜਨ ਮਤਿ ਏਕੁ ਹੈ ਜਗ ਕੇ ਮਤ[1] ਅਨੇਕ ॥
ਅਨਿਕ ਮਤੀ ਭਰਮਾਈਐ ਛੂਟੈ ਗੁਰਮਤਿ ਏਕ ॥1॥
ਦੋਹਰਾ ॥ ਸ੍ਰੀ ਸੁਕਦੇਵ ਬਿਚਾਰਿ ਕੈ ਉਠਿ ਗਇਓ ਵਾਹੀ ਬਾਰ ॥
ਅਬ ਬਧਿਕ ਕੀ ਕਥਾ ਕਉ ਸੁਨੀਐ ਸਰਧਾ ਧਾਰ ॥2॥35॥1॥14॥[13]

## ੧ਓ ਪਰਚੀ ਬਧਕ ਜੀ ਕੀ

ਚੌਪਈ ॥ ਅਬ ਬਧਕ ਕਾ ਸੁਨਿ ਇਤਹਾਸ ॥ ਜਿਸੁ ਸੁਨਿਐ ਮਨਿ ਹੋਇ ਪ੍ਰਕਾਸੁ ॥
ਨਾਮ ਲੈਂਦੀਆ ਤਿਸੈ ਬਖਿਆਤ[2] ॥ ਸਾਧ ਸੰਗਤ ਮੈ ਸੁਨਿਆਤ[3] ॥
ਤਿਸ[4] ਕੈ ਗ੍ਰਿਹਿ ਇਕੁ ਨਾਰੀ ਰਹੈ ॥ ਮਹਾ ਸੁਸੀਲਾ ਸਭ ਕੋਈ ਕਹੈ ॥
ਏਕ ਕੂਕਰੀ ਰਹੈ ਸੁਜਾਨੀ ॥ ਬਾਸੁ ਲੇ ਪੰਛੀ[5] ਗਹਿ ਆਨੀ ॥
ਜਾਲੀ ਧਨੀਆ ਲੀਐ ਫਿਰੈ ॥ ਪੰਛੀਅਨ ਕੋ ਆਖੇਟਕ[6] ਕਰੈ ॥1॥
ਦੋਹਹਾ ॥ ਬਨ ਕੇ ਪੰਖੀ ਪਕਰਈ[7] ਲੇ ਬੇਚੈ ਬਾਜਾਰ ॥
ਘਰ ਦੁਇ ਪੰਛੀ ਮਨ ਪਵਨੁ ਤਿਨੈ ਨ ਗਹੈ ਗਵਾਰ ॥1॥
ਚੌਪਈ ॥ ਗ੍ਰਿਹਿ ਕੇ ਪੰਛੀ ਜੇ ਗਹਿ ਪਾਵੈ ॥ ਅਉਰ ਪੰਛੀ ਕੀ ਆਸ ਮਿਟਾਵੈ ॥
ਬਿਨੁ ਸਾਧ ਸੰਗਤਿ ਇਹੁ ਬਿਧਿ ਨਹੀ ਆਵੈ ॥ ਜਿਸ ਸਾਧ ਸੰਗੁ ਤਿਸੁ ਸੁਲਭ[8] ਬਤਾਵੈ ॥
ਜਉ ਸਾਧ ਸੰਗ ਕਾ ਹੋਇ ਪ੍ਰਵੇਸਾ ॥ ਘਰ ਕੋ[9] ਛਾਡਿ ਕੇ ਜਾਇ ਦਦੇਸਾ ॥
ਮਨੁ ਅਰ ਪਵਨੁ ਗਹਨੁ ਨਹੀ ਦੁਰਲਭ ॥ ਬਿਸਵਾਸ ਕੀਏ ਹਰਿ ਗਹਨਾ ਸੁਰਲਭ ॥
ਹੈ ਕਿਆ ਜੋ ਬਿਸਵਾਸ ਨ ਪਾਇਐ ॥ ਪੂਰਨ ਗਿਆਨ ਬਿਸਵਾਸ ਬਤਾਈਐ ॥2॥
ਦੋਹਰਾ ॥ ਸੁਰਤਿ ਸਿੰਮ੍ਰਿਤਿ ਕੇ ਸੁਨੇ ਤੇ ਕਹਾ ਹੋਤ ਹੈ ਮੀਤ ॥
ਜਉ ਲੋ ਮਨ ਬਿਸਵਾਸ ਨਹੀ ਢਹਤ ਨ ਭ੍ਰਮ ਕੀ ਭੀਤ ॥1॥

---

(1) ੲ ਪੋਥੀ 'ਮਤੇ',
(2) ੲ ਪੋਥੀ 'ਬਖਾਤ',
(3) ੲ ਪੋਥੀ 'ਮਨਿਆਤ',
(4) ੲ ਪੋਥੀ 'ਉਸ',
(5) ੲ ਪੋਥੀ 'ਲੇਵਤ',
(6) ਅ ਪੋਥੀ 'ਅਖੇਕ', ੲ ਪੋਥੀ 'ਅਖੇਦਕੁ',
(7) ਅ ਪੋਥੀ 'ਪਕਰਿ ਕੈ',
(8) ਅ ਪੋਥੀ 'ਲਾਭ',
(9) ੲ ਪੋਥੀ 'ਕਿਓ'

ਚੌਪਈ ॥ ਇਕ ਦਿਨ ਲੋਦੀਆ ਬਨ ਬਨ ਧਾਇਓ ॥ ਕੋ ਪੰਛੀ ਤਿਸੁ ਹਾਥ ਨਾ ਆਇਓ ॥
ਤਹ ਤਪਸੀ ਇਕੁ ਤਪਸਿਆ ਕਰੈ ॥ ਹਿਰਦੈ ਧਿਆਨ ਧੇਅ ਕਾ ਧਰੈ ॥
ਸੁਹਛ ਅਸਥਾਨ ਕੁਸਾ ਕਉ ਧਾਰੈ ॥ ਤਾ ਉਪਰਿ ਬਸਤਰ ਲੇ ਡਾਰੈ ॥
ਮਿਰਗਾਨ ਡਾਰਿ ਆਸਨ ਕਉ ਬਾਂਧੈ[1] ॥ ਸਰਲ ਰਾਖੈ ਸਿਰੁ ਗ੍ਰੀਵਾ ਕਾਂਧੈ[2] ॥
ਨਾਸਾ ਅਗ੍ਰ ਸੁ ਦਿਸਟਿ ਲਗਾਵੈ ॥ ਮਨੁ ਨਿਹਚਲੁ ਨਹੀ ਇਤ ਉਤ ਧਾਵੈ॥3॥

ਦੋਹਰਾ ॥ ਐਸੇ ਜੋਗ ਕਉ ਸਾਧਈ ਅਹਿਨਿਸ ਧਰੈ ਧਿਆਨ ॥
ਦੇਖਿਓ ਚਾਹੈ ਹਰਿ ਦਰਸੁ ਪੂਰਨ ਪ੍ਰੇਮੁ ਲਗਾਨ ॥1॥

ਚੌਪਈ ॥ ਜਬਹਿ ਲੋਦੀਆ ਰਹਿ ਪਚਿਹਾਰਿਓ ॥ ਕੋ ਪੰਛੀ ਤਿਨ ਹਾਥਿ ਨ ਧਾਰਿਓ[3] ॥
ਤਿਸੁ ਤਪਸੀ ਕੀ ਤਿਨ ਮਿੰਨਤਿ[4] ਕਰੀ ॥ ਜੋ[5] ਸਿਕਾਰੁ ਪਾਵਉ ਇਹ ਘਰੀ ॥
ਅਰਧ ਭੇਟ ਤਪਸੀ ਕੀ ਕਰਉ ॥ ਆਧੇ ਕੋ ਲੇ ਘਰ ਮੈ ਧਰਉ ॥
ਸੁਖ ਸੁਖੀ[6] ਜਾਲੀ ਜਾਇ ਰੋਪੀ ॥ ਜਾਇ ਪਛਾਵੈ[7] ਭਇਓ ਅਲੋਪੀ ॥
ਸਾਤਿ ਪਰੇ ਵਾ ਤਾ ਮਹਿ ਪਰੇ ॥ ਖੈਚਿ ਦਾਮ[8] ਲੋਦੀਐ ਪਕਰੇ ॥4॥

ਦੋਹਰਾ ॥ ਤਪਸੀ ਪਾਸਿ ਲੇ ਆਇਆ ਬਿਨਉ ਕਰੈ ਕਰਿ ਜੋਰਿ ॥
ਆਧੋ ਆਧ ਕਰਿ ਲੀਜੀਐ ਜਿਉ ਮਨੁ ਮਾਨੈ ਤੋਰ ॥1॥

ਚੌਪਈ ॥ ਤਪਸੀ ਮਨ ਮਹਿ ਕਰੁਣਾ ਕਰੈ ॥ ਵਾਤ ਨ ਤਾਕ ਨ ਬਾਕ ਉਚਰੈ ॥
ਬਧਕ ਤਾਂ ਕੀ ਪੈਰੀ ਪਰਈ[9] ॥ ਬਚਨੁ ਉਚਾਰੈ ਧੀਰੁ ਨ ਧਰਈ[10] ॥
ਕਹੈ ਜੁ ਤੁਮਰੈ ਲੋਭ ਅਨੋਖਉ[11] ॥ ਚਾਰਿ ਪਾਚ ਛਿਅ ਸਾਤੇ ਰਾਖਉ ॥[12]
ਜਉ ਹਿੰਸਾ ਤੇ ਮਨੁ ਤੁਹਿ ਡਰੈ ॥ ਸੁ ਧਾਰ[13] ਲੋਦੀਆ ਆਗੈ ਧਰੈ ॥
ਜਉ ਮੁਖ ਤੇ ਤੂੰ ਬਾਤਨ ਕਰੈ ॥ ਇਸ ਕੁਹਿ ਡਾਰਿ ਹਮ ਮਾਰਗ ਪਕਰੈ[14] ॥5॥

ਦੋਹਰਾ ॥ ਹਮ ਭੂਖੇ ਹੀ ਮਰਿ ਰਹੇ ਤੋ ਕਉ ਦੇਹ ਸਰਾਪ ॥
ਕਉਨ ਕਾਮ[15] ਤੁਹਿ ਆਵਈ ਰਸਨਾ ਜਪੈ ਜੁ ਜਾਪ ॥1॥

---

(1) ੲ ਪੋਥੀ 'ਬੰਧੈ',
(2) ੲ ਪੋਥੀ 'ਕੰਧੈ',
(3) ੲ ਪੋਥੀ 'ਪਾਰਿਓ',
(4) ੲ ਪੋਥੀ 'ਮੰਨਤਿ',
(5) ੲ ਪੋਥੀ 'ਜਿਉ',
(6) ੲ ਪੋਥੀ 'ਸੁਧੀ',
(7) ੲ ਪੋਥੀ 'ਪਿਵ ਰਵੈ',
(8) ੲ ਪੋਥੀ 'ਦੋ',
(9) ੲ ਪੋਥੀ 'ਧਰੈ',
(10) ੲ ਪੋਥੀ 'ਧਰੈ',
(11) ੲ ਪੋਥੀ 'ਅਨਖਾਏ',
(12) ਪਾਠਾਂਤਰ ੲ ਪੋਥੀ 'ਕਰੈ ਤ ਆਗੈ ਧਰੇ ਬਨਾਏ',
(13) ੲ ਪੋਥੀ 'ਸਾਰਿ',
(14) ੲ ਪੋਥੀ ਧਰੈ',
(15) ਅ ਪੋਥੀ 'ਕਾਮਿ'

ਚੌਪਈ ॥ ਜਉ ਤੂ ਹਮਰੀ ਸੁਖ ਪੁਜਾਵੈ ॥ ਤੂੰ ਗੁਰੂ ਹਮ ਸਭ ਸਿਖ ਕਹਾਵੈ ॥
ਤੂੰ ਕਿਉ ਦਲਗੀਰ ਜੁ ਮੁਖਹੁ ਨ ਬੋਲੈ ॥ ਕਾਹੇ ਨੈਨ ਇਤਨ ਉਤ ਡੋਲੈ ॥
ਕਿਆ ਘਰਨੀ ਨੈ ਖਟਖਟ ਕਰੀ ॥ ਕਿਰਪਾ ਗਠੜੀ ਖੋਈ ਜਹ ਥੀ ਧਰੀ ॥
ਕੈ ਧਨ ਜੂਏ ਮੈ ਹੈ ਹਾਰਿਓ ॥ ਕੈ ਘਰ ਕੀ ਕਲਹ ਤੇ ਜੋਗ ਹੈ ਧਾਰਿਓ ॥
ਮੋ ਘਰ ਨਾਰਿ ਕੂਕਰੀ ਧਨੁਹੀ ॥ ਜਉ[1] ਚਾਹਉ ਲੇਤਉ ਸਭ ਤੁਮਹੀ ॥6॥

ਦੋਹਰਾ ॥ ਜਾਲੀ ਧਨੁਹੀ ਕੂਕਰੀ ਨਾਰੀ ਸੁੰਦਰਿ[2] ਭਾਲ ॥
ਜਉ[3] ਚਾਹਉ ਸਭ ਦੇਹ ਤੁਮ ਮੁਖ ਤੇ ਬੋਲਹੁ ਦਇਆਲ ॥1॥

ਚੌਪਈ ॥ ਤਬ ਤਪਸੀ ਅਤ ਹੀ[4] ਅਕੁਲਾਨਾ ॥ ਮਨ ਮੈ ਉਪਜਿਓ ਤਿਸੈ ਗਿਆਨਾ ॥
ਬਧਕ ਸਿਉ ਤਿਨ ਬਾਤ ਬਖਾਨੀ ॥ ਏ ਪੰਛੀ ਨਹੀ ਮੋ ਮਨ ਮਾਨੀ ॥
ਜੋ ਪੰਛੀ ਮੇਰੈ ਹੈ ਕਾਂਮ[5] ॥ ਸੋ ਮੋਹਿ ਆਨਿ ਦੇਹੁ ਅਭਰਾਮ ॥
ਇਨ ਕਉ ਛੋਡਿ ਬਿਡਾਰਿ ਉਡਾਵਹੁ ॥ ਪੰਛੀ ਮੋ ਭਾਵਤ ਲੇ ਆਵਹੁ ॥
ਮਨ ਮੈ ਤਪਸੀ ਇਹੈ ਬਿਚਾਰੈ ॥ ਹਰਿ ਦੂਹੂੰ ਭਾਤਿ ਮਮ ਕਾਜੁ ਸਵਾਰੈ ॥7॥

ਦੋਹਰਾ ॥ ਸੰਖ ਚਕ੍ਰ ਗਦਾ ਪਦਮ ਚਿਹਨ ਅੰਗ ਭਲ ਸੋਭਤ[6] ਸਿਆਮ ॥
ਐਸੋ ਪੰਛੀ ਮੋਹਿ ਲਿਆਵਉ ਪਾਇਐ ਪੂਰੈ ਕਾਮ ॥1॥

ਚੌਪਈ ॥ ਤਬ ਤਪਸੀ[7] ਨੈ ਬਚਨੁ ਉਚਾਰਾ ॥ ਤਬ ਹੀ ਲੋਦੀਐ ਹਿਰਦੇ ਧਾਰਾ ॥
ਵੈਸਾ ਤਉ ਧੰਛੀ ਕਉ ਓਡਾਇਆ[8] ॥ ਕਰਿ ਬਿਸਵਾਸੁ ਉਠ ਬਨਹਿ ਸਿਧਾਇਆ॥
ਠਉਰ ਠਉਰ ਜਾਲੀ ਜਾਇ ਰੋਕੈ ॥ ਵਹ ਪੰਛੀ ਨੈਨ ਅਲੋਕੈ ॥
ਪੰਛੀ ਅਉਰ ਪਰੈ ਜੋ ਆਇ ॥ ਤਿਨ ਕਉ ਤਬ ਹੀ ਦੇਉ[9] ਉਡਾਇ ॥
ਬਨ ਬਨ ਮਾਹਿ[10] ਤਿਸੁ ਰੋਪਤ ਫਿਰੈ ॥ ਵਹ ਪੰਛੀ ਕਹੂ ਨਦਰਿ ਨ ਪਰੈ ॥8॥

ਦੋਹਰਾ ॥ ਭੂਖ ਪਿਆਸ ਤਿਸ ਕੀ ਗਈ ਨਾ ਚਿਤੁ[11] ਇਤ ਉਤ ਜਾਇ ॥
ਮਨ ਮਹਿ ਮੂਰਤਿ ਮਿਤ੍ਰ ਕੀ ਸਭ ਅੰਗ ਰਹੀ ਸਮਾਇ ॥1॥

---

(1) ੲ ਪੋਥੀ 'ਜਾਉ',
(2) ੲ ਪੋਥੀ 'ਧਨਹੀ',
(3) ਅ ਪੋਥੀ 'ਜਾਉ',
(4) ੲ ਪੋਥੀ 'ਹੈ',
(5) ਪਾਠਾਂਤਰ ੲ ਪੋਥੀ 'ਉਹ ਜੁ ਪੰਛੀ ਮੈਰੇ ਹੈ ਕਾਮ',
(6) ੲ ਪੋਥੀ 'ਸੋਭਹਿ',
(7) ਅ ਪੋਥੀ 'ਤਪਸਵੀ',
(8) ਪਾਠਾਂਤਰ ਦ ਪੋਥੀ 'ਐਸਾ ਤੋ ਪੰਛੀ ਅਨ ਤਹਿ ਉਡਾਇਆ',
(·) ੲ ਪੋਥੀ 'ਦੇਇ',
(10) ੲ ਪੋਥੀ 'ਮਹਿ',
(11) ੲ ਪੋਥੀ 'ਚਤਿ'

ਚੌਪਈ ॥ ਸਾਝ ਪਈ ਤਿਸੁ ਬਧਿਕ ਨਾਰੀ ॥ ਸਭ ਬਨ ਢੂੰਢਤ ਸੋ ਬਹੁ ਹਾਰੀ ॥
ਦਈਵ ਸੰਜੋਗ ਤੇ ਆਨਿ ਮਿਲਾਈ ॥ ਖਾਨ ਪਾਨ ਸੋ[1] ਤਿਸੁ ਕਉ ਲਿਆਈ ॥
ਲੋਦੀਆ ਖਾਨ ਖਾਨ ਨਹੀ ਕਰੈ ॥ ਬਿਰਥਾ ਨਾਰੀ ਪਾਸਿ ਉਚਰੈ ॥
ਜਉ ਲਉ ਵਹ ਪੰਛੀ ਨਹੀ ਪਾਵਉ ॥ ਪਾਨੀ ਅੰਨੁ ਨ ਮੁਖ ਓਰ[2] ਲਿਆਵਉ ॥
ਧ੍ਰਿਗੁ ਜੀਵਨੁ ਹੈ ਜਗ ਮੋ ਮੋਰਾ ॥ ਜਉ ਤਪਸੀ ਕੋ ਸਿਰ ਰਹੈ ਨਿਹੋਰਾ ॥9॥

ਦੋਹਰਾ ॥ ਜਉ ਲਉ ਪੰਛੀ ਹਾਥ ਨ ਆਵਈ ਪਰਮ[3] ਹਿਤਕਾਰੀ ਨਾਰ ॥
ਤਉ ਲਉ ਮੋ ਕਉ ਚੈਨ[4] ਨਾਹਿ ਤੂੰ ਉਠਿ ਘਰਹਿ ਸਿਧਾਰ ॥1॥

ਚੌਪਈ ॥ ਤਬ ਤਿਰੀਆ ਪੀਅ ਕਉ ਸਮਝਾਵੈ ॥ ਸੋ ਪੰਛੀ ਤੁਹਿ ਹਾਥਿ ਨ ਆਵੈ ॥
ਆਖਿ ਨ ਦੇਖਿਓ ਕਾਨ ਨ ਸੁਨਿਓ ॥ ਕਿਨਹੂੰ ਹਿੰਦੂ ਤੁਰਕ ਨ ਭਨਿਓ ॥
ਕਿਨਹੂੰ ਦੇਸ ਬਿਦੇਸੈ ਮਾਹੀ ॥ ਐਸੋ ਪੰਛੀ ਦੇਖਿਓ[5] ਨਾਹੀ ॥
ਕਿਨੈ ਠਗ ਤੋਹਿ ਠਗਉਰੀ ਲਾਈ ॥ ਤੂੰ ਵਾ ਕੀ ਬਾਤੈ ਗਇਓ ਭੁਰਾਈ[6] ॥
ਸਾਝ ਭਈ ਉਠਿ ਘਰਹਿ ਸਿਧਾਵੈ ॥ ਮਤੁ ਬਨ ਮੈ ਮਿਰਗ ਰੈਨਿ ਖਾਇ ਜਾਵੈ ॥10॥

ਦੋਹਰਾ ॥ ਜਉ ਹਰਿ ਤੁਮ ਕਉ ਬੁਧਿ ਦਈ ਤਉ ਇਹ[7] ਤਜਹੁ ਖਿਆਲੁ ॥
ਨਹਿ ਪ੍ਰਾਤ ਭਏ ਫਿਰਿ ਆਇ ਕੈ ਰੋਪਿਹੁ ਇਹੁ[8] ਹੀ ਜਾਲ ॥1॥

ਚੌਪਈ ॥ ਤਬ ਲੋਦੀਆ[9] ਕੋ ਪਕਰੈ ਤਿਹ ਤਾਈ ॥ ਇਹ ਮੋ ਕਉ ਸਮਝਾਵਨ ਆਈ ॥
ਉਠਿ ਘਰਿ ਜਾਹਿ ਨ ਤੋ ਕਉ ਮਾਰਉ ॥ ਲੇਇ ਕੁਹਾਰੀ ਸਿਰੁ ਤੁਹਿ ਫਾਰਉ ॥
ਸੋ ਭੈ[10] ਭੀਤ ਉਠਿ ਘਰ ਕਉ ਭਾਗੀ ॥ ਬਧਕੁ ਤਹਾ ਰਹਿਓ ਅਨੁਰਾਗੀ ॥
ਪ੍ਰੇਮ ਸਿਉ ਬਉਰਾ ਹੋਇ ਸੋ ਗਇਓ ॥ ਸਕਲ ਰੈਨ ਸੋਚਤ ਸੋ ਭਇਓ ॥
ਭੋਰੁ ਭਇਓ ਤਰੁ[11] ਤਰੁ ਤਰਿ ਜਾਵੈ ॥ ਕਰਿ ਊਚਾ ਸਿਰੁ ਨਦਰਿ ਲਗਾਵੈ॥11॥

ਦੋਹਰਾ ॥ ਜਉ ਪੰਛੀ ਗਹਿ ਪਾਵਉ ਤਪਸੀ ਦੇਵਉ ਜਾਇ ॥
ਤਉ ਮੋਹਿ ਜੀਵਨੁ ਜਗਤ ਮਹਿ ਹੋਵੈ ਹਰਿ ਹਰਿ ਰਾਇ ॥1॥

---

(1) ੲ ਪੋਥੀ 'ਵੋ',
(2) ੲ ਪੋਥੀ 'ਅਵਰ',
(3) ੲ ਪੋਥੀ 'ਪਤਿ',
(4) ੲ ਪੋਥੀ 'ਸੁਖੁ',
(5) ੲ ਪੋਥੀ 'ਨਿਰਖਓ',
(6) ੲ ਪੋਥੀ 'ਬਉਰਾਈ',
(7) ੲ ਪੋਥੀ 'ਪਰੀ',
(8) ੲ ਪੋਥੀ 'ਈਹਾਂ',
(9) ੲ ਪੋਥੀ 'ਲੋਦੀਐ',
(10) ੲ ਪੋਥੀ 'ਸ',
(11) ੲ ਪੋਥੀ 'ਤਾਰੁ'

ਚੌਪਈ ॥ ਬਹੁਰਿ ਸਾਝ ਹੋਨ ਪਰਿ ਆਈ ॥ ਤਿਸ ਕੀ ਆਸ ਨ ਹਰਿ[1] ਪੂਜਾਈ ॥
ਹਰਿ ਸਿਉ ਬਿਨਉ ਕਰੈ ਜੋਰੈ ॥ ਮਾਥਾ ਫਟਕ[2] ਧਰਨ ਸਿਉ ਫੋਰੈ ॥
ਰੋਇ ਉਠੈ ਅਉ ਅਤਿ ਬਿਲਲਾਈ ॥ ਆਸੂ ਟਪਕ ਟਪਕ ਧਰ ਪਾਈ ॥
ਕਾਢਿ ਛੁਰਾ ਸਰਤਰਿ [ਗਰਦਨਿ][3] ਲੇ ਰਾਖਾ ॥ ਪ੍ਰਾਨ ਤਜਨ ਕੀ ਕਰੀ ਅਭਲਾਖਾ॥
ਤਬ ਹਰਿ ਪੰਛੀ ਰੂਪੁ ਬਨਾਇਆ[4] ॥ ਸੰਖ ਚਕ੍ਰ ਗਦਾ ਪਦਮੁ ਦਿਖਾਇਆ ॥12॥

ਦੋਹਰਾ ॥ ਹਰਿ ਖਗ ਦਰਸਨੁ ਦੇਖਿ ਕੈ ਉਪਜਿਓ ਮਨ ਅਨੁਰਾਗ ॥
ਮਾਨੋ ਅਖੀਅਨ ਅੰਜਨ ਪਰਿਓ ਘਾਉ ਕਉ ਮਲਮ ਲਾਗ ॥1॥

ਚੌਪਈ ॥ ਸੋ ਪੰਛੀ ਇਤ ਉਤ ਕਉ ਜਾਇ ॥ ਜਾਲੀ ਮਾਹਿ ਨ ਆਇ[5] ਫਸਾਇ ॥
ਇਹ ਤੇ ਉਡੈ ਊਹਾ ਜਾਇ ਬੈਸੈ ॥ ਬਧਕ ਕੋ ਮਨੁ[6] ਅਹਿ[7] ਜਿਉ ਐਠੇ ॥
ਜਹ ਜਹ ਕਉ ਵਹ ਉਡਿਓ ਜਾਈ ॥ ਤਹਿ ਤਹਿ ਪਾਛੈ ਲਗਾ ਫਿਰਾਈ[8] ॥
ਤਿਸ ਕੀ ਪੈਰੀ ਪਰਤਾ[9] ਫਿਰੈ[10] ॥ ਅਤ ਇਤਰਾਵੈ[11] ਧੀਰੁ ਨ ਧਰੈ ॥
ਤਿਨ ਪੰਛੀ ਬਹੁ ਕੀਓ ਹਲਾਕਾ ॥ ਮਰਨ ਲਗਾ ਬਧਕੁ ਅਤਿ ਥਾਕਾ ॥13॥

ਦੋਹਰਾ ॥ ਜਹਿ ਜਹਿ ਹਰਿ ਖਗੁ ਜਾਵਈ[12] ਤਹ ਤਹ[13] ਕਉ ਵਹ ਧਾਇ ॥
ਗਿਰਤੇ ਪਰਤੇ ਅੰਗੁ ਤਿਸੁ ਲੋਹੂ ਬਹਿਓ ਜਾਇ ॥1॥

ਚੌਪਈ ॥ ਹਾਰੀ ਦੇਹ ਨ ਮਨੁ ਤਿਸੁ ਹਾਰੈ ॥ ਤਨ ਮੈ ਹੋਇ ਵਹ ਤਿਸੈ ਨਿਹਾਰੈ ॥
ਜਹ ਜਹ ਹਰਿ ਖਗੁ ਚਲਿਓ ਫਿਰੈ ॥ ਤਹਿ ਤਹਿ ਰੁੜਿ ਰੁੜਿ ਮਾਥਾ ਧਰੈ ॥
ਖਗੁ ਚੁਮਕ ਜਿਉ ਫੇਰੀ ਲੇਇ ॥ ਇਹੁ ਲੋਹ ਜਿਵੈ[14] ਤਿਸੁ ਮਾਥਾ ਦੇਇ ॥
ਜਬ ਬਹੁ ਹਾਰਿਓ ਦੇਖਿਓ ਗੁਸਾਈ ॥ ਤਹ ਜਾਲੀ ਮਹਿ ਜਾਇ ਪਰਿਓ ਭਾਈ ॥
ਖੈਚ ਦਾਮ ਕਉ ਲੋਦੀਐ[15] ਡਾਰਾ[16] ॥ ਪਕਰਿਓ ਹਰਿ ਖਰਾ ਅਪਰ ਅਪਾਰਾ
॥14॥

ਦੋਹਰਾ ॥ ਹਰਿ ਖਗੁ ਕਰ ਤਿਸੁ ਆਇਆ ਮਨ ਤਨ ਭਇਆ ਬਿਗਾਸ ॥
ਮਾਨੋ ਤਿਸੁ ਤਨਿ ਫਿਰਿ ਭਇਓ ਬਲ ਜੋਬਨ ਪਰਗਾਸ ॥1॥

---

(1) ੲ ਪੋਥੀ 'ਹਰਹਿ',
(2) ਅ ਤੇ ੲ ਪੋਥੀ 'ਪਟਕਿ',
(3) ਅ ਪੋਥੀ ਤੋਂ,
(4) ੲ ਪੋਥੀ 'ਦਿਖਾਇਆ',
(5) ੲ ਪੋਥੀ 'ਆਨਿ',
(6) ਅ ਪੋਥੀ 'ਉਨਿ',
(7) ੲ ਪੋਥੀ 'ਅਹੇ',
(8) ਪਾਠਾਂਤਰ ੲ ਪੋਥੀ 'ਤਹ ਪਾਛੈ ਲਾਗਾ ਬਧਕੁ ਫਿਰੈ', ੲ ਪੋਥੀ 'ਤਿਸ ਕੇ ਪੀਛੇ ਲਾਗਾ ਫਿਰਈ',
(9) ੲ ਪੋਥੀ 'ਫਿਰ ਫਿਰ',
(10) ੲ ਪੋਥੀ 'ਪਰਈ',
(11) ੲ ਪੋਥੀ 'ਅਤਿਰਾਵੇ',
(12) ੲ ਪੋਥੀ 'ਧਾਵਈ',
(13) ੲ ਪੋਥੀ 'ਤਤ',
(14) ੲ ਪੋਥੀ 'ਜਿਉ',
(15) ੲ ਪੋਥੀ 'ਲੋਦੀ',
(16) ੲ ਪੋਥੀ 'ਆਰਾ'

ਚੌਪਈ ॥ ਹਰਿ ਖਗੁ ਲਹਿਓ ਸਾਤ[1] ਨਹੀ ਪਾਇਓ ॥ ਸਿਰ ਕੈ ਸਾਟੈ ਤਿਸੁ ਕਰ[2] ਆਇਓ।
ਪਾਉ ਪਕਰਿ[3] ਪਾਛੈ ਲਟਕਾਇਆ ॥ ਜਹ ਵਹ ਤਪਸੀ ਤਹ ਲੇ ਆਇਆ ॥
ਦੂਰਹੁ ਤਪਸੀ ਨੈਨ ਨਿਹਾਰੈ ॥ ਬਧਕ ਆਨਿ ਓ ਹਰੀ ਮੁਰਾਰੈ ॥
ਉਠਿ ਦਉਰਿਓ ਜਾਇ ਚਰਨ ਲਗਾਨਾ ॥ ਸਿਰ ਪਰ ਰਾਖਿ ਲੇ[4] ਘਰ ਮਹਿ ਆਨਾ॥
ਦੋਊ ਓਰ ਪ੍ਰੇਮੀ ਸੋਹਾਇਕ ॥ ਵਿਚਿ ਪ੍ਰੀਤਮੁ ਸੋਹੈ ਮਧੁਨਾਇਕ ॥15॥

ਦੋਹਰਾ ॥ ਗੁਰ ਗੋਬਿੰਦ ਦੋਊ ਖਰੇ ਕਿਹ ਕੈ ਲਾਗੇ ਪਾਇ ॥
ਸਤਿਗੁਰ ਕੈ ਬਲਿਹਾਰਣੈ ਜਿਨ ਗੋਬਿੰਦ ਦੀਏ[5] ਮਿਲਾਇ[6] ॥1॥

ਚੌਪਈ ॥ ਤਬ ਹਰਿ ਚਤੁਰਭੁਜ ਰੂਪ ਬਨਾਇਆ ॥ ਮੋਰ ਮੁਕਟ ਬਨਮਾਲ ਸੁਹਾਇਆ ॥
ਮੰਦ ਮੁਸਕਾਇ ਅਧਰ ਬਿਹਸਾਈ ॥ ਮਨੁ ਹਿਰ ਲੇਇ ਵਹ ਕੁਵਰ ਕਨਾਈ ॥
ਦੋਊ ਬਾਹ ਦੁਹ ਗਰਿ ਮੈ ਪਾਵੈ ॥ ਕਰਿ ਸਿਉ ਦਾਬਿ[7] ਹੀਏ ਮੈ ਲਾਵੈ ॥
ਚਾਰਉ ਨੈਨ ਏਕ ਹੋਇ ਜਾਹੀ ॥ ਇਹੁ ਅਧਭੁਤ ਲੀਲਾ ਹਰੀ ਗੁਸਾਈ[8] ॥
ਅਪੁਨੈ ਅਪੁਨੇ ਵੈ ਜੀਅ ਮਹਿ ਜਾਂਨੈ ॥ ਮੋਹੂ ਸਿਉ ਹਰਿ ਕੋ ਮਨੁ ਮਾਨੈ ॥16॥

ਦੋਹਰਾ ॥ ਅਧਭੁਤ ਲੀਲਾ ਲਾਲ ਜੀ ਪ੍ਰੇਮ ਸਿਉ ਰੁਚੀ ਸੁਭਾਇ[9] ॥
ਮਾਨੋ ਮੂਰਤਿ ਕੁੰਜ ਕੀ ਦੁਹ[10] ਜਿਸ ਦੇਇ ਦਿਖਾਇ ॥1॥

ਚੌਪਈ ॥ ਜਊ ਸਾਂਝ ਹੋਨ ਪਰ ਆਈ ॥ ਤਉ ਹਰਿ ਦਿਨ ਦੀਓ ਬਢਾਈ ॥
ਉਠਿ ਤਪਸੀ ਮੂਲ[11] ਕੰਦ ਫਲ ਲਿਆਇਆ ॥ ਬਸਤਰ ਡਾਰਿ ਨਈਵੇਦ ਧਰਾਇਆ ॥
ਇਕੁ ਕਰੁ ਕਰਿ ਹਰਿ ਹਰਿ ਮੁਖ ਮੈ ਪਾਵੈ ॥ ਇਕੁ ਕਰੁ ਤਪਸੀ ਓਰ ਚਲਾਵੈ ॥
ਦੁਇ ਕਰਿ ਸਿਉ ਬਧਿਕ ਮੁਖਿ ਡਾਹੈ ॥ ਦੁਇ ਦਿਨ ਕਾ ਭੂਖਾ ਤਿਸੈ ਬਿਚਾਰੈ ॥
ਹਰਿ ਖਾਇ ਖਵਾਇ ਗਿਆਨੁ ਉਪਚਾਰਾ[12] ॥ ਭ੍ਰਮ ਦੋਊ ਕਾ ਕਾਢਿ ਬਿਡਾਰਾ[13] ॥17॥

ਦੋਹਰਾ ॥ ਜੋ ਸਨਕਦਿਕ ਸਿਉ[14] ਕਹਿਓ ਪੁਨਿ ਅਰਜਨ ਸਿਉ ਜੁਧ ਮਾਹਿ ॥
ਸੋਈ ਗਿਆਨ ਹਰਿ ਸਾਧ ਜਨਾ ਸਿਉ ਭਾਖਿਓ ਤਿਹ ਹੀ ਠਾਇ ॥1॥

---

(1) ੲ ਪੋਥੀ 'ਮਤਾ',
(2) ੲ ਪੋਥੀ 'ਕਰਮਹਿ',
(3) ੲ ਪੋਥੀ 'ਕਕਰਿ',
(4) ੲ ਪੋਥੀ 'ਕੈ',
(5) ੲ ਪੋਥੀ 'ਦੀਆ',
(6) ੲ ਪੋਥੀ 'ਬਤਾਇ',
(7) ਅ ਪੋਥੀ 'ਦਬ',
(8) ੲ ਪੋਥੀ 'ਮੁਰਾਰੀ',
(9) ੲ ਪੋਥੀ 'ਸੁਹਾਇ',
(10) ੲ ਪੋਥੀ 'ਰਹੁ',
(11) ਅ ਪੋਥੀ 'ਫੂਲ',
(12) ੲ ਪੋਥੀ 'ਉਪਚਾਰੈ',
(13) ੲ ਪੋਥੀ 'ਬਿਡਾਰੈ',
(14) ੲ ਪੋਥੀ 'ਜਿਊ'

ਚੌਪਈ ॥ ਮਨ ਬਚ ਦਿਸਟ ਕੀ ਬਿਖੈ ਜੁ ਹੋਈ ॥ ਅਉ ਇੰਦ੍ਰੀ ਸਭ ਗਹੈ ਜੁ ਕੋਈ ॥
ਮੈ ਹੀ ਹਉ ਮੈ ਬਿਨੁ ਕਛੁ ਨਾਹੀ ॥ ਬਿਨੁ ਆਇ ਯਾ ਸਜਾਨਹੁ ਤੁਮ ਤਾਹੀ ॥ [1]
ਮੈ ਆਤਮੁ ਸਭੁ ਭੂਤਨ ਅੰਤਰਿ ॥ ਇਸਥਤ[2] ਕਉ ਹਿਰਦੈ ਕੈ ਭਿਤਰਿ ॥
ਹਉ ਭੂਤਨ ਆਦਿ ਮਧਿ ਹਉ ਅੰਤਾ ॥ ਹਉ ਤੋ ਏਕ[3] ਹਉ ਆਹਿ ਅਨੰਤਾ ॥
ਸਭ ਮੋ ਤੇ ਉਪਜੈ ਮੋ ਮਾਹਿ ਸਮਾਵੈ ॥ ਜਿਉ ਮ੍ਰਿਦ ਬਿਕਾਰ ਫੂਟਿ ਮਿਲਿ ਜਾਵੈ ॥19[18]॥

ਦੋਹਰਾ ॥ ਹਰਿ ਤਤੁ ਗਿਆਨੁ ਬਤਾਇ ਕੈ ਦੇ ਹਿਰਦੈ ਮੈ ਸਾਂਤਿ ॥
ਪੁਨਿ ਵਹ ਰੂਪ ਸੰਕੋਚਿਓ ਕੂੰਰਮ [ਕੂਰਮ][4] ਅੰਗ ਨ ਭਾਂਤਿ ॥1॥

ਚੌਪਈ ॥ ਤਬ[5] ਤਪਸੀ ਬਧਕ ਇਹੁ ਮਤਿ ਪਾਈ ॥ ਧਿਆਤਾ ਧਿਆਨ[6] ਧੇਇ ਹਿਰਾਈ ॥
ਗਿਆਤਾ ਗਿਆਨ ਗੇਇ ਉਠਿ ਗਏ ॥ ਤੀਨ ਭਵਨ ਤੇ ਪਰਲੈ ਭਏ ॥
ਬਿਨੁ ਆਤਮ ਤਿਹ ਕਛੁ ਨ ਦਿਖਾਈ ॥ ਸਭ ਘਟ ਆਤਮ ਰੂਪ ਲਖਾਈ ॥
ਜੀਵਨ ਮੁਕਤ ਅਵਸਥਾ ਛਾਜੈ ॥ ਬਿਦੇਹ ਕੈਵਲਿ ਕਉ ਲੀਐ ਬਿਰਾਜੈ ॥
ਤਿਨ ਕੀ ਉਪਮਾ ਕਹਤ[7] ਨਿ ਆਵੈ ॥ ਬਚਨ ਅਗੋਚਰ ਦਸ ਸੁਹਾਵੈ ॥19॥

ਦੋਹਰਾ ॥ ਆਤਮ ਰੂਪ ਬਿਰਾਜਹੀ ਸਾਧ ਸੰਤ ਇਹਲੋਕ ॥
ਤਿਨ ਕੀ ਦਸਾ ਸੁ ਪਾਵਹੀ ਜੁ ਤਿਨ ਸਿਉ ਕਰੈ ਸੰਜੋਗ ॥1॥

ਦੋਹਰਾ ॥ ਹਰਿ ਬਧਕ ਤਪਸੀ ਕੀ ਕਥਾ ਪੂਰਨ ਭਈ ਦਇਆਲ ॥
ਅਧ ਧ੍ਰੰਅ ਭਗਤ ਜਿਵ ਹਰਿ ਮਿਲਿਓ ਤਿਵ ਸੁਣਿ ਹੋਹੁ ਨਿਹਾਲ[8] ॥2॥19॥1॥15॥[14]

## ੴ ਪਰਚੀ ਧ੍ਰੰਅ ਜੀ ਕੀ

ਚੌਪਈ ॥ ਅਬ ਧ੍ਰੰਅ[9] ਭਗਤਿ ਕੀ ਪਰਚੀ ਆਈ ॥ ਜਾ ਕੈ ਸੁਨਿਐ ਭਗਤਿ ਬਢਾਈ ॥
ਬੇਦਿ ਬਿਆਸ ਨੈ ਕੀਓ ਬਖਿਆਨਾ ॥ ਬਿਸਨ ਪੁਰਾਨ ਮਾਹਿ ਪਰਧਾਨਾ ॥
ਜਿਵ ਸੁਨਿਓ ਤਿਵ[10] ਤਿਸੈ[11] ਸੁਨਾਈ ॥ ਜਥਾ ਸਕਤਿ ਜਿਉ ਆਖਿ ਬੁਝਾਈ ॥
ਸਿੰਭੁ ਸੁਨਿ ਕੈ ਕੁਲਿ ਉਪਜਾਨਾ ॥ ਉਤਾਨਪਾਦ[12] ਰਾਜਾ ਸੁਹਗਿਆਨਾ ॥
ਤਾ ਕੈ ਗ੍ਰਿਹ ਦੁਇ ਨਾਰੀ ਰਹੈ ॥ ਸੁਨੀਅਤ ਸੁਰੁਚਿ ਨਾਮੁ[13] ਤਿਹ[14] ਕਹੈ ॥12॥

---

(1) ਪਾਠਾਂਤਰ ਏ ਪੋਥੀ 'ਮੋਹਿ ਬਿਨ ਅਵਰ ਨ ਜਾਹੁ ਤੁਮ ਭਾਈ', (2) ਅ ਪੋਥੀ 'ਇਸਥਿਰ',
(3) ਏ ਪੋਥੀ 'ਟੇਕ', (4) ਅ ਪੋਥੀ ਤੋਂ,
(5) ਏ ਪੋਥੀ 'ਜਬ', (6) ਏ ਪੋਥੀ 'ਧਿਆਇ',
(7) ਏ ਪੋਥੀ 'ਕਹਨੁ', (8) ਪਾਠਾਂਤਰ ਏ ਪੋਥੀ 'ਅਬ ਧ੍ਰੰਅ ਭਗਤ ਜਿਉ ਹਰਿ ਸਿਉ ਮਿਲਿਓ ਤਿਵ ਹੀ ਸੁਨਿਹੋ ਨਿਹਾਲ', (9) ਅ ਪੋਥੀ 'ਧ੍ਰੰਹ',
(10) ਏ ਪੋਥੀ 'ਤਿਉ', (11) ਏ ਪੋਥੀ 'ਤੁਝੇ',
(12) ਏ ਪੋਥੀ 'ਉਦਿਆਨਪਾਦ', (13) ਏ ਪੋਥੀ 'ਨਾਸ',
(14) ਅ ਤੇ ਏ ਪੋਥੀ 'ਤਿਸ'

ਦੋਹਰਾ ॥ ਤਾ ਸੁਨੀਤ ਕੈ ਧ੍ਰੰਅ ਸੁਤੁ ਸੁੰਦਰ ਚਤੁਰ ਸਪੂਤੁ[1] ॥
ਰਾਜਾ ਤਿਸੁ ਬਹੁ ਚਾਹਈ ਬਡੋ ਪਦਾਰਥ ਪੂਤੁ ॥1॥

ਚੌਪਈ ॥ ਸੁਨੀਅਤ ਬਿਰਧ ਕਰੂਪਾ ਨਾਰੀ ॥ ਤਾਂ ਤੇ ਰਾਜੈ ਮਨਹੁ ਬਿਸਾਰੀ ॥
ਸੁਰੁਚਿ ਅਤਿ ਮੰਦਰ [ਸੁੰਦਰ][2] ਮਹਾ ਬਿਚਛਨਿ[3] ॥ ਕਾਮ ਕੇਲ ਕਉ ਆਗਰ[4] ਲਛਨ ॥
ਤਾ ਤੇ ਰਾਜਾ ਕਉ ਵਹ ਭਾਵੈ ॥ ਰਾਜਾ ਬਸਿ ਤਿਸ ਅਉਧ ਬੀਤਾਵੈ ॥
ਨਾਰੀ ਕੈ ਬਸਿ ਪੁਰਖੁ ਜੋ ਕੋਈ ॥ ਪੁਰਖ ਨਾਹਿ ਨਾਰੀ ਹੈ ਸੋਈ ॥
ਧ੍ਰਿਗੁ ਵਹ ਪੁਰਖੁ ਨਾਰਿ ਹਿਤੁ ਲਾਵੈ । ਕਾਮ ਕੈ ਬਸਿ ਤਿਸੁ ਹਾਥਿ ਬਿਕਾਵੈ॥2॥

ਦੋਹਰਾ ॥ ਹਾੜ ਮਾਸ ਮੂਤ੍ਰ ਕੋ ਭਾਜਨ ਤਿਸੁ[5] ਸਿਉ ਮਨੁ ਚਿਤੁ ਲਾਇ ॥
ਜਨਮੁ ਪਦਾਰਥ ਖੋਵਹੀ ਅੰਧੇ ਬੂਝ ਨ ਕਾਇ ॥1॥

ਚੌਪਈ ॥ ਪਾਂਚ ਬਰਖ ਕੋ ਧ੍ਰੰਅ ਸੁਕ ਬਾਨਕ ॥ ਮਤੇਈ ਕੇ ਉਰ ਕੋ ਸਾਲਕੁ ॥
ਰਾਜਾ ਕੀ ਵਹ ਗੋਦੌਂ ਮੈ ਬੈਠਾ ॥ ਮਾਨੋ ਇੰਦ੍ਰ ਪੁਨਿ[6] ਦਧ ਮੈ ਪੈਠਾ ॥
ਤਹ ਆਈ ਮਤੇਈ ਵਾਂ ਕੀ ॥ ਬਚਨ ਕਠੋਰ ਸੁਨਾਵੈ ਤਾ ਕੀ ॥
ਅਰੇ ਧ੍ਰੰਅ ਕਿਉ ਈਹਾ ਆਇਆ ॥ ਕਾਹੇ ਰਾਜੇ ਗੋਦ ਬੈਠਾਇਆ ॥
ਸੁਨੀਅੰਤ ਕੋ ਪੂਤ ਛੁਟੜ ਜੋ ਨਾਰੀ ॥ ਭੂਪਤਿ ਗੋਦ ਕੋ[7] ਨਹੀ ਅਧਕਾਰੀ ॥3॥

ਦੋਹਰਾ ॥ ਜੋ ਅਪਨਾ ਭਾਰ ਨ ਬੂਝਈ ਬਡ ਠਾਇ ਬੈਨਾ[8] ਜਾਇ ॥
ਮਾਨ ਮਹਤ ਬਡਿਆਈਆ ਆਵੈ ਸਭੈ ਗਵਾਇ ॥1॥

ਚੌਪਈ ॥ ਅਰੇ ਧ੍ਰੰਅ ਤੁਝ ਹੋਤ[9] ਅਧਕਾਰਾ[10] ॥ ਜਉ ਮੋਰੀ ਕੁਖ ਲੇਤ ਅਉਤਾਰਾ[11] ॥
ਸੁਨੀਤੈਂ ਕੇ ਸੁਤ ਹਥਿ ਰਾਜੁ ਨਿ ਆਵੈ ॥ ਮੋ ਕੁਖ[12] ਤੇ ਹੋ ਟਿਸ[13] ਰਾਜ[14] ਕਉ ਪਾਵੈ ॥
ਜਬ ਬਹੁਤੁ[15] ਭਾਂਤਿ ਆਖੈ ਦਿਖਲਾਈ ॥ ਧ੍ਰੰਅ ਦੇ ਨੈਨ ਨੀਰ ਭਰਿ ਆਈ ॥
ਬਚਨ ਕਠੋਰ ਸੂਰ ਸਰੁ ਮਾਨਾ ॥ ਜਾਇ ਕਰੇਜਾ ਕੀਓ ਨਿਸਾਨਾ ॥
ਰੁਧਰੁ ਫੂਟ ਪਾਨੀ ਹੋਇ ਗਇਆ ॥ ਨੈਨ ਦੁਆਰੇ ਨਿਕਸਤ ਭਇਆ ॥4॥

---

(1) ਅ ਤੇ ੲ ਪੋਥੀ 'ਸਰੂਪ',
(2) ਅ ਤੇ ੲ ਪੋਥੀ ਤੋਂ,
(3) ਅ ਤੇ ੲ ਪੋਥੀ 'ਬਿਚਖਨ',
(4) ੲ ਪੋਥੀ 'ਅਗਰ',
(5) ੲ ਪੋਥੀ 'ਤਿਹ',
(6) ੲ ਪੋਥੀ 'ਪਾਨਿ',
(7) ੲ ਪੋਥੀ 'ਦੇ',
(8) ੲ ਪੋਥੀ 'ਬੈਠੋ',
(9) ਅ ਪੋਥੀ 'ਹੋ'.
(10) ੲ ਪੋਥੀ 'ਅਧਿਕਾਰੀ',
(11) ੲ ਪੋਥੀ 'ਅਉਤਾਰੀ'.
(12) ੲ ਪੋਥੀ 'ਮੋਹਿ',
(13) ਅ ਪੋਥੀ 'ਸੁ',
(14) ਅ ਪੋਥੀ 'ਰਾਜਾ'
(15) ੲ ਪੋਥੀ 'ਬਹੁ'

ਦੋਹਰਾ ॥ ਅਉਰੁ ਘਾਉ ਸਭ ਮਿਲਤੁ ਹੈ ਬਚਨ ਕੋ ਘਾਉ ਬਿਕਾਰੁ ॥
ਕਉ ਲਉ ਜੀਵੈ ਬਹੁਤੁ[1] ਹੈ ਅਉਖਦ ਹੋਤ ਨਕਾਰ ॥1॥

ਚੌਪਈ ॥ ਦੀਓ ਉਠਾਇ ਮਾਤਾ ਪਹਿ ਜਾਏ ॥ ਰੋਮ ਪਲਕ ਅਧਰ ਫਰਕਾਏ[2] ॥
ਰੁਦਨ ਕਰਤ ਮੁਖਿ ਬਾਤ ਨਿ ਆਵੈ ॥ ਮਾਤਾ ਦੇਖਿ ਬਹੁਤੁ ਦੁਖੁ ਪਾਵੈ ॥
ਕਹੈ ਮਾਤਾ ਤੁਝ ਕਿਨੈ ਦੁਖਾਇਆ ॥ ਮੁਖੁ ਸਿਰ ਚੁੰਮ ਲੇ ਛਾਤੀ ਲਾਇਆ ॥
ਧ੍ਰੰਅ ਲੇ ਹਿਡਕੋਰੇ ਕਹੈ ਇਆਨਾ[3] ॥ ਮਤੇਈ ਕੋ ਕਹਿਓ ਸਭੋ ਬਖਾਨਾ[4] ॥
ਸੁਨਤ ਮਾਤਿ ਤਿਨ ਬਿਰਥਾ ਆਖੀ ॥ ਜਿਉ ਕੀ ਤਿਉ ਸਭ ਸੁਤ[5] ਸਿਉ ਭਾਖੀ ॥5॥

ਦੋਹਰਾ ॥ ਰੇ ਸੁਤ ਕੋਈ ਬਾਸਨਾ ਤੁਝ[6] ਲਿਆਈ ਇਹ ਠਉਰ ॥
ਬਿਨਾ ਭਗਤ ਭਗਵਾਨ ਕੀ ਆਦਰੁ ਹੋਤ ਨ ਤੋਰ ॥1॥

ਚੌਪਈ ॥ ਬਾਸਨਾ ਰਾਜਾ[7] ਘਰਿ ਆਇ ਉਪਜਾਨਾ ॥ ਬਿਨੁ ਭਗਤਿ ਨ ਪਾਈਐ ਊਚ ਅਸਥਾਨਾ ॥
ਤੈ ਭਗਤਿ ਨ ਕਰੀ ਹਰਿ ਕੀ ਚਿਤੁ ਲਾਈ ॥ ਨਹੀ ਤਨ ਮੈ ਹੋਇ ਹਰਿ ਕੀਰਤਿ ਗਾਈ ॥
ਬਿਨੁ ਹਰਿ ਭਗਤਿ ਆਹਿ ਜੋ ਕੋਈ ॥ ਤਿਸੁ ਦੁਹੂੰ ਲੋਕ ਨ ਆਦਰੁ ਹੋਈ ॥
ਜਉ ਮਾਨ ਮਹਤ ਬਡਿਆਈ ਚਾਹਉ ॥ ਤਉ ਹਰਿ ਚਰਨੀ ਚਿਤੁ ਅਮਨਾ ਲਾਵਉ॥
ਮਾਤ ਉਪਦੇਸੁ ਧ੍ਰੰਅ ਚਿਤ ਆਇਆ ॥ ਹੋਇ ਦਿੜਤਾ[8] ਬੈਰਾਗੁ ਜਨਾਇਆ ॥6॥

ਦੋਹਰਾ ॥ ਧ੍ਰੰਅ ਕਹਤ ਹੈ ਮਾਤ ਸਿਉ ਮੈ ਹਰਿ ਕੀ ਭਗਤਿ ਕਰੇਉ ॥
ਜੋ ਪਦਵੀ ਕਿਨੈ ਨ ਪਾਇਆ ਮੈ ਵਾਹੀ ਕਉ ਲੇਉ ॥1॥

ਚੌਪਈ ॥ ਕਹਿ ਮਾਤਾ ਕਉ ਗ੍ਰਿਹ ਕਉ ਤਿਆਗਾ ॥ ਹਰਿ ਕੀ ਭਗਤਿ ਸਿਉ ਮਨੁ ਅਨੁਰਾਗਾ[9]॥
ਫਿਰਤ ਫਿਰਤ ਬਾਗ ਮਹਿ ਆਇਆ ॥ ਤਹ ਸਪਤ ਰਿਖਾ ਕੋ ਦਰਸਨੁ ਪਾਇਆ॥
ਕੁਸ[10] ਕੀ ਕਿੜੀਆ ਆਸਣੁ ਧਾਰੇ ॥ ਮ੍ਰਿਗਛਾਲਾ ਕਾਧੇ ਪਰ ਡਾਰੇ ॥
ਤਿਨ ਸਿਉ ਤਿਨ ਨੈ ਬਿਨਤੀ ਕਰੀ ॥ ਮੈ ਤੁਮਰੀ ਸਰਨਾਗਤਿ ਧਰੀ ॥
ਜੋ ਪੂਛਿਓ ਸੋ ਭਾਖਿ ਸੁਨਾਇਓ ॥ ਪੁਨਿ ਐਸੈ ਅਪੁਨਾ ਬਤਲਾਇਓ[11] ॥7॥

---

(1) ੲ ਪੋਥੀ 'ਬਹਿਤ',
(2) ਅ ਪੋਥੀ 'ਫਟਿਕਾਏ',
(3) ੲ ਪੋਥੀ 'ਇਆਨੇ',
(4) ੲ ਪੋਥੀ 'ਬਖਾਨੈ',
(5) ੲ ਪੋਥੀ 'ਮਾਤਾ',
(6) ੲ ਪੋਥੀ 'ਤੁਝੇ',
(7) ੲ ਪੋਥੀ 'ਰਾਜ',
(8) ਅ ਪੋਥੀ 'ਦ੍ਰਿੜਤ',
(9) ੲ ਪੋਥੀ 'ਅਨੁਰਾਗਾ',
(10) ੲ ਪੋਥੀ 'ਕੁਸਾ',
(11) ੲ ਪੋਥੀ 'ਆਪੁ ਬਤਾਇਓ'

ਦੋਹਰਾ ॥ ਸਭਉ[1] ਰਿਖਉ[2] ਸਮਝਾਇਆ ਹਰਿ ਕੀ ਭਗਤਿ[3] ਅਪਾਰ ॥
ਜੋ ਚਾਹਉ ਸੋ ਪਾਇ ਹਉ ਬਾਲਕ ਬਿਲਮ ਨ ਧਾਰ ॥1॥

ਚੌਪਈ ॥ ਪ੍ਰਿਥਮ ਮਰੀਚ ਰਿਖ ਕੀਓ ਬਖਾਨਾ ॥ ਹਰਿ ਕੀ ਭਗਤਿ ਆਹਿ ਪਰਧਾਨਾ ॥
ਜੋ ਹਰਿ ਕਉ ਧਿਆਵੈ ਮਨੁ ਚਿਤੁ ਲਾਈ ॥ ਪਰਮ ਪਦਾਰਥ ਛਿਨ ਮਹਿ ਪਾਈ ॥
ਦੇਵੀ ਦੇਵ ਸਕਲ ਜੋ ਕੋਈ ॥ ਜਖ ਕਿੰਨਰ ਗੰਧ੍ਰਪ ਜੋ[4] ਹੋਈ ॥
ਹਰਿ ਕੋ ਧਿਆਇ ਪਦਵੀ ਕਉ ਪਾਵੈ ॥ ਵਾ ਤੇਬਿਰਥਾ ਕੋਈ ਨ ਜਾਵੈ ॥
ਸਰਧਾ ਕਰਿ ਜੋ ਤਿਸੈ ਧਿਆਵੈ ॥ ਤਾਤਕਾਲ ਮਨ ਬਾਛਤ ਫਲ ਪਾਵੈ ॥8॥

ਦੋਹਰਾ ॥ ਹਰਿ ਹਰਿ ਜੋ ਜਨੁ ਧਿਆਵਈ ਧਰੈ ਅਹਿਨਿਸਿ ਹਿਰਦੈ ਧਿਆਨੁ ॥
ਮਨ ਬਾਂਛਤ ਫਲੁ ਸੋ ਲਹੈ ਕਰੈ ਮਰੀਚ ਬਖਿਆਨੁ ॥1॥

ਚੌਪਈ ॥ ਅੰਤਰ ਰਿਖ ਧ੍ਰੰਅ ਕਉ ਸਮਝਾਵੈ ॥ ਭਾਉ ਭਗਤਿ ਹਰਿ ਕੀ ਬਤਲਾਵੈ ॥
ਜੋ ਹਰਿ ਧਿਆੲਿ ਤਿਸੁ ਦੁਖ ਨ ਹੋਈ ॥ ਭਗਤਿ ਪ੍ਰਭਾਵ ਕਹਤ ਸਭ ਕੋਈ॥
ਹਰਿ ਕੀ ਭਗਤੀ ਦੁਰਲਭ ਜਗ ਮਾਹੀ ॥ ਜੋ ਭਗਤਿ ਕਰੈ ਬਡਭਾਗੀ ਆਹੀ ॥
ਭਾਗ ਬਡੋ[5] ਤਿਨ ਮਸਤਕ ਜਾਗੈ ॥ ਜੋ ਹਰਿ[6] ਕੀ ਭਗਤਿ ਭਾਉ ਅਨੁਰਾਗੈ ॥
ਹਰਿ ਕੀ ਭਗਤਿ ਸੁਖ ਸਾਰ ਅਪਾਰ ॥ ਜੋ ਭਗਤਿ ਕਰੈ ਸੋਈ ਜਾਨੈ ਸਾਰ ॥9॥

ਦੋਹਰਾ ॥ ਹਰਿ ਭਗਤਿ ਭਾਉ ਅਰੁ ਪ੍ਰੇਮੁ ਪਦੁ ਉਤਮ ਜਗ ਮੈ ਜਾਨ ॥
ਅੰਤਰ ਰਿਖ ਇਉ ਭਾਖਈ ਹਰਿ ਭਗਤਿ ਕਰਉ ਪਰਧਾਨ ॥1॥

ਚੌਪਈ ॥ ਅੰਗਰਾ ਰਿਖ ਇਉ ਬਚਨ ਉਚਾਰੈ ॥ ਹਰਿ ਕੀ ਭਗਤਿ ਕੋਟਿ ਅਘ ਟਾਰੈ ॥
ਜੀਉ[7] ਪਿੰਡੁ ਸਭੁ ਹਰਿ ਨੈ ਧਾਰਾ[8] ॥ ਗਰਭ ਕੂੰਟ ਮਹਿ ਸੋ ਰੁਖਵਾਰਾ[9] ॥
ਸੁਖੁ ਸੰਪੈ ਸਭੁ ਹਰਿ ਤੇ ਪਾਵੈ ॥ ਸੋਗ ਸੰਤਾਪੁ ਹਰਿ ਜਾਪੁ ਟਾਵਾਵੈ ॥
ਹਰਿ ਕੋ ਭਜਨੁ ਅਘ ਦੂਖ ਬਿਡਾਰਨੁ ॥ ਹਰਿ ਕੋ ਭਜਨੁ ਹੈ ਸੁਖ ਕੋ ਕਾਰਨੁ ॥
ਹਰਿ ਕਉ ਭਜ ਅਬ ਨਿਰਮਲ ਹੂਜੈ ॥[10] ਹਰਿ ਕੋ ਭਜਨੁ ਵਿਰਲੈ ਕਉ ਸੂਝੈ[11] ॥10॥

---

(1) ੲ ਪੋਥੀ 'ਸਭਨਾ',
(2) ੲ ਪੋਥੀ 'ਰਿਖਾ',
(3) ੲ ਪੋਥੀ 'ਅਪਰ',
(4) ਅ ਪੋਥੀ 'ਜੇ',
(5) ੲ ਪੋਥੀ 'ਵਡੋ',
(6) ੲ ਪੋਥੀ 'ਸੋ',
(7) ੲ ਪੋਥੀ 'ਜੀਣ',
(8) ੲ ਪੋਥੀ 'ਧਾਰੀ',
(9) ੲ ਪੋਥੀ 'ਰੁਖਵਾਰੀ',
(10) ਪਾਠਾਤਰ ੲ ਪੋਥੀ 'ਹਰਿ ਕੀ ਭਗਤਿ ਸੋ ਨਿਰਮਲ ਹੂਜੈ',
(11) ਪਾਠਾਂਤਰ ੲ ਪੋਥੀ 'ਹਰਿ ਕੀ ਭਜਨੁ ਬਿਰਲਾ ਜਨ ਖੂਝੈ'

ਦੋਹਰਾ ॥ ਹਰਿ ਭਜੁ ਬਿਲਮੁ ਨ ਧਾਰੀਐ ਇਹੁ ਅਉਸਰੁ ਇਹੁ ਬਾਰ ॥
ਮਨ ਬਾਂਛਤ ਫਲ ਪਾਈਐ ਅੰਗਰਾ ਕਹੈ ਬਿਚਾਰ ॥1॥

ਚੋਪਈ ॥ ਪੁਲਸਤ ਰਿਖ ਹਰਿ ਕੇ ਗੁਨ ਗਾਵੈ ॥ ਧ੍ਰੰਅ ਪ੍ਰਤਿ ਨੀਕੇ ਭਾਖਿ ਸੁਨਾਵੈ ॥
ਅਰਧ ਨਾਮੁ ਜਬ ਹਰਿ ਸੁਖਿ ਆਇਆਂ[1] ॥ ਗ੍ਰਾਹਿ ਗ੍ਰਸਿਓ ਗਜ ਜਾਇ ਛਡਾਇਆ॥
ਸੁਦਾਮਾ ਤਨਕ ਤੰਦਲ[2] ਲੈ ਆਏ[3] ॥ ਕੰਚਨ ਮਹਲ ਹਰਿ ਤਿਸਹਿ ਬਨਾਏ[4] ॥
ਪਿਤਾ ਪ੍ਰਹਿਲਾਦਹਿ ਤ੍ਰਾਸੁ ਦਿਖਾਰੀ ॥ ਹਰਿ ਨਰਹਰਿ ਬਪੁ ਧਰਿ ਲੀਓ ਉਬਾਰੀ॥
ਗਨਿਕਾ ਪਤਤਿ ਹਰਿ ਭਗਤਿ ਕਮਾਈ ॥ ਜੋ ਚੜਿ ਬਿਬਾਣ ਬੈਕੁੰਠ ਸਿਧਾਈ ॥11॥

ਦੋਹਰਾ ॥ ਜੋ ਜੋ ਹਰਿ ਕਉ ਸੇਵਈ ਹਰਿ ਤਿਸੁ ਕਰੈ ਸਹਾਇ ॥
ਬਾਲਕੁ ਬਿਰਧ ਨ ਬੂਝਈ[5] ਕਹੈ ਪੁਲਸਤ ਸੁਭਾਇ ॥1॥

ਚੋਪਈ ॥ ਕ੍ਰਿਤਿ[6] ਰਿਖ[7] ਧ੍ਰੰਅ ਕਉ ਸਮਝਾਈ ॥ ਹਰਿ ਦੀਨ ਬੰਧੁ ਹੈ ਸਭ ਸੁਖਦਾਈ ॥
ਬ੍ਰਹਮਾ ਨਾਭ ਕਵਲਹੁ ਉਪਜਾਨਾ ॥ ਤਿਨ ਨਾਲ[8] ਕਵਲ ਕਾ ਅੰਤੁ ਨ ਜਾਨਾ॥
ਮਹਾਦੇਉ ਇਕ ਟਕ ਧਿਆਨੁ ਲਗਾਈ ॥ ਹਰਿ ਆਤਮ ਰੂਪੁ ਸਭ ਮੈ ਨਿਰਖਾਈ॥
ਸਭ ਦੇਵੀ ਦੇਵ ਹੈ ਤਿਸੈ ਅਧਾਰਾ ॥ ਹਰਿ ਅਲਖ ਨਿਰੰਜਨੁ ਅਪਰ ਅਪਾਰ ॥
ਤਿਸ ਕੀ ਸਰਨਿ ਜਦ ਧ੍ਰੰਅ ਤੂੰ ਆਵਹਿ ॥ ਮਨ ਇਛੇ ਫਲ ਤਬ ਤੂੰ ਪਾਵਹਿ ॥12॥

ਦੋਹਰਾ ॥ ਧ੍ਰੰਅ ਬਿਲਮ ਨਹ ਲਾਈਐ ਭਜੀਐ ਹਰਿ ਭਗਵਾਨ ॥
ਕ੍ਰਿਤਿ ਕ੍ਰਿਤਿ ਤੂ ਹੋਈ ਹੈ ਕ੍ਰਿਤਿ ਕੋ ਕਹਿਓ ਮਾਨ ॥1॥

ਚੋਪਈ ॥ ਪੁਲਹਿ ਰਿਖ ਅਬ ਧ੍ਰਅ ਜਿਉ ਕਹੈ ॥ ਜਾਂ ਤੇ ਮਨ ਨਹੀ ਸੰਕਾ ਰਹੈ ॥[9]
ਹਰਿ ਹੈ ਮਹਾ ਚਤੁਰ ਬਬੇਕੀ ॥ ਜਾਨਤ ਹੈ ਵੈ ਸਭ ਕੇ ਜੀਅ ਕੀ ॥
ਅੰਗ ਸੰਗ ਰਵਿਓ ਸਭ ਠਾਈ ॥ ਹੋਤ ਨ ਨਿਆਰਾ ਅਰਧ ਛਿਨਾਇ[10] ॥
ਵਾਂ ਕੀ ਜੋਤਿ ਸਰਬ ਪ੍ਰਕਾਸੈ ॥ ਸਭ ਘਟ ਭੀਤਰਿ ਹਰਿ ਹੀ[11] ਭਾਸੈ ॥
ਵਾ ਬਿਨੁ ਅਉਰੁ[12] ਦੂਸਰੋ[13] ਕੋਹੈ ॥ ਸਰਬ ਨਿਰੰਤਰਿ ਏਕੋ[14] ਸੋਹੈ ॥13॥

---

(1) ੲ ਪੋਥੀ 'ਗਇਆ', (2) ੲ ਪੋਥੀ 'ਕੰਦਲ',
(3) ੲ ਪੋਥੀ 'ਆਇਆ', (4) ੲ ਪੋਥੀ 'ਬਨਾਇਆ',
(5) ੲ ਪੋਥੀ 'ਸੁਝਈ', (6) ਅ ਪੋਥੀ 'ਕ੍ਰਿ',
(7) ਅ ਪੋਥੀ 'ਤਿਖ', (8) ੲ ਪੋਥੀ 'ਨਾਭ',
(9) ਪਾਠਾਂਤਰ ੲ ਪੋਥੀ 'ਜਾ ਤੇ ਮਨ ਮਹਿ ਸੰਕ ਨ ਰਹੈ', (10) ੲ ਪੋਥੀ 'ਛਿਨਾਹੀ',
(11) ੲ ਪੋਥੀ 'ਹਰਿ',
(12) ੲ ਪੋਥੀ 'ਅਬਿ',
(13) ੲ ਪੋਥੀ 'ਦੂਸਰਾ',
(14) ੲ ਪੋਥੀ 'ਏਕੇ'

ਦੋਹਰਾ ॥ ਏਕ ਪ੍ਰਮਾਤਮ ਹਰਿ ਹਰੀ ਕਾ ਬਿਨੁ ਅਵਰੁ ਨ ਕੋਇ ॥
ਭਨਤਿ[1] ਪ੍ਰਲਹਿ ਤਿਸੁ ਭਜਤ[2] ਹੀ ਕਾਰਜੁ ਪੂਰਨ ਹੋਇ ॥1॥

ਚੌਪਈ ॥ ਬਸਿਸਟ ਰਿਖ ਬਰ ਜੋ ਆਹੀ ॥ ਧ੍ਰੰਅ ਸਿਉ[3] ਆਖਿ ਸੁਨਾਵੈ ਤਾਹੀ ॥
ਜਗਤੁ ਸਕਲ ਹੈ ਬਿਖੈ ਬਿਕਾਰ[4] ॥ ਹਰਿ ਕੋ ਭਜਨੁ ਆਹਿ ਤਤ ਸਾਰ[5] ॥
ਜੋ ਹਰਿ ਭਜੈ ਸੁ ਜਨਮੁ ਸਵਾਰੈ ॥ ਭਉ ਸਾਗਰ ਕਉ ਤਰੈ ਅਉ ਤਾਰੈ ॥
ਜੋ ਹਰਿ ਭਜੈ ਤਿਸੁ ਦਰਸੁ ਦਿਖਾਵੈ ॥ ਜੋ ਮਾਗੈ ਸੋਈ ਫਲੁ ਪਾਵੈ ॥
ਕਾਮਨਾ ਤਿਸ ਕੈ ਰਹੈ ਨ ਕੋਈ ॥ ਦਰਸਨੁ ਦੇਖਤੁ ਪੂਰਨੁ ਹੋਈ ॥14॥

ਦੋਹਰਾ ॥ ਬਸਿਸਟ ਕਹਤ[6] ਹਰਿ ਭਜਨ ਤੇ ਤ੍ਰਿਸਨਾ ਰਹੈ ਨ ਕੋਇ ॥
ਸਭੈ[7] ਕਾਮਨਾ ਪੂਰੀ ਅਹਿ ਨੈਨਨ ਦਰਸੁ ਅਲੋਇ ॥1॥

ਚੌਪਈ ॥ ਰਿਖ ਕਹਿ ਕੈ ਉਠਿ ਮਾਰਗਿ ਲਾਗੇ ॥ ਪੁਨਿ ਨਾਰਦੁ ਧ੍ਰੰਅ ਮਿਲੇ ਸਭਾਗੇ ॥
ਕਰ ਪਰਨਾਮ ਪਰਦਛਨਾ ਦੀਨੀ ॥ ਤਾ ਪਾਛੈ ਇ ਹ ਬਿਨੰਤੀ ਕੀਨੀ ॥
ਹੇ[8] ਪ੍ਰਭ ਮੋ ਕਉ ਦੇਹੁ ਬਤਾਈ ॥ ਜਿਤੁ ਸੰਜਮ ਮੈ ਹਰਿ ਕਉ ਧਿਆਈ ॥
ਕਉਨ ਜਾਪੁ ਰਸਨਾ ਸਿਉ[9] ਜਾਪਉ ॥ ਕਉਨੁ ਧਿਆਨੁ ਲੇ ਹਿਰਦੇ ਥਾਪਉ ॥
ਆਸਣੁ ਕਉਣ ਧਾਰਿ ਕੈ ਬੈਠਉ ॥ ਕਉਨ ਗੁਫਾ ਬਨ ਭੀਤਰਿ ਪੈਠਉ ॥15॥

ਦੋਹਰਾ ॥ ਜੋਈ ਜੁਗਤਿ ਬਨਾਵਊ[11] ਕਰਿ ਕਉ[12] ਮਨੁ ਚਿਤੁ ਲਾਇ ॥
ਤੁਮਰੀ ਕਿਰਪਾ ਤੇ ਪ੍ਰਭੂ ਹਰਿ ਮੁਹਿ ਦਰਸੁ ਦਿਖਾਇ ॥1॥

ਚੌਪਈ ॥ ਤਬ ਨਾਰਦ ਨੈ ਜੁਗਤਿ ਬਤਾਈ ॥ ਸੁਨਿ ਤੇ ਹੀ ਮਨੁ ਨਿਸਚੈ ਆਈ ॥
ਜੋਈ ਦੇਸ ਪਵਿਤ੍ਰ ਅਤਿ ਹੋਈ ॥ ਭਾਵੈ ਗੁਫਾ ਭਾਵੈ ਬਨੁ ਕੋਈ ॥
ਨਿਹ ਉਪਾਧ ਅਸਥਾਨੁ[13] ਬੀਚਾਰੈ ॥ ਤਹ ਜਾਇ ਆਸਨ ਕਉ ਧਾਰੈ ॥
ਜੋ ਆਸੁਨੁ ਤਿਸ ਕੋ ਸੋਹਾਈ ॥ ਤਿਸਹਿ ਬਾਂਧਿ[14] ਚਿਤੁ ਨਾ ਡੋਲਾਈ[15] ॥
ਸਭ ਇੰਦ੍ਰੀ ਕਾ ਸੰਜਮੁ ਕਰੈ ॥ ਮਨੁ ਚੰਚਲੁ ਹੋਇ ਇਤ ਉਤ ਫਿਰੈ ॥16॥

---

(1) ੲ ਪੋਥੀ 'ਕਹਤਿ',
(2) ੲ ਪੋਥੀ 'ਭਜਨੁ',
(3) ੲ ਪੋਥੀ 'ਸੋ',
(4) ੲ ਪੋਥੀ 'ਬਿਕਾਰਾ',
(5) ੲ ਪੋਥੀ 'ਸਾਰਾ',
(6) ੲ ਪੋਥੀ 'ਕਹੈ',
(7) ੲ ਪੋਥੀ 'ਸਭ ਹੋਵੈ',
(8) ਅ ਪੋਥੀ 'ਹੋ',
(9) ੲ ਪੋਥੀ 'ਸੋ',
(10) ੲ ਪੋਥੀ 'ਕੋ',
(11) ਅ ਪੋਥੀ 'ਬਤਾਵਹੋ', ੲ ਪੋਥੀ 'ਬਤਾਈਐ',
(12) ਅ ਪੋਥੀ 'ਹੋ',
(13) ੲ ਪੋਥੀ 'ਅਸੰਖ',
(14) ਅ ਪੋਥੀ 'ਬਧਿ',
(15) ੲ ਪੋਥੀ 'ਤੁਨਾਈ'

ਦੋਹਰਾ ॥ ਜਬ ਤਨੁ ਮਨੁ ਸੰਜਮ ਕਰਿ ਰਹੈ ਹਿਰਦੈ ਧਰੈ ਧਿਆਨ ॥
ਪੁਨਿ ਮਨ ਕਉ ਚੰਚਲੁ ਨਾ ਕਰੈ ਦੇਇ ਨ ਕਤਹੂੰ[1] ਜਾਨ ॥1॥

ਚੌਪਈ ॥ ਜੌ ਮਨੁ ਚੰਚਲੁ ਹੋਇ ਸਿਧਾਵੈ ॥ ਤਉ ਤਹਾ[2] ਤੇ ਫੇਰਿ ਲਿਆਵੈ ॥[3]
ਜਬ ਚਰਨ ਕਮਲ ਮਕਰੰਦ ਰਸੁ ਪਾਵੈ[4] ॥ ਮਨੁ ਮਧੁਕਰ ਪੁਨਿ ਕਹੂੰ ਨ ਜਾਵੈ ॥
ਰਹੈ ਤਹਾ ਵਾਹੀ ਰਸ ਪਾਗਾ ॥ ਮਧੁਮਾਖੀ ਜਿਉ[5] ਤਾਹਿ ਨ ਤਿਆਗਾ ॥
ਜੰਘ ਦੋਉ ਕਦਲੀ ਕੇ ਖੰਭਾ[6] ॥ ਸਿਆਮ ਸੁੰਦਰ ਵਹ ਲਲਤ[7] ਤ੍ਰਿਭੰਗਾ ॥
ਸਬਲ ਮਹਾ ਅਨੂਪ ਬਿਰਾਜੈ ॥ ਤਿਸੁ ਉਪਮਾ ਕਉ ਕੋਈ[8] ਨ ਛਾਜੈ[9] ॥17॥

ਦੋਹਰਾ ॥ ਕਟ ਨਾਭ ਉਦਰ ਉਰਿ ਚਾਰ ਭੁਜ ਹਰਿ ਮੁਖਿ ਅਤਿ[10] ਸੁਹਾਇ ॥
ਤਿਨ ਕੈ ਸਮਸਰਿ ਨਾਹਿ ਕੋ ਕਿਸੁ ਉਪਮਾ ਦੇਉ ਬਤਾਇ ॥1॥

ਚੌਪਈ ॥ ਕਨਿਕ ਕੁੰਡਲ ਬਨਮਾਲ ਸੁਹਾਈ ॥ ਬਿਹਮਤ ਅਧਰ ਨੈਨ ਨਿਰਖਾਈ ॥
ਸੰਖ ਚਕ੍ਰ ਗਦਾ ਪਦਮੁ ਬਿਰਾਜੈ ॥ ਚਾਰਉ ਕਰ ਆਇਧੁ ਜਿਉ[11] ਛਾਜੈ ॥
ਮੋਰ ਮੁਕਟ ਚੰਦ੍ਰਕਾ[12] ਰਾਸਾ ॥ ਕੋਟ ਸੂਰ ਮਨੋ ਕੀਏ ਪ੍ਰਕਾਸਾ ॥
ਨਖ ਸਿਖ ਲਉ ਇਕ ਬਨਤ ਬਨਾਏ ॥ ਇਕ ਟਕ ਰਹੈ ਸੁ ਧਿਆਨੁ[13] ਲਗਾਏ ॥
ਹਿਰਦੈ ਮਾਹਿ ਮੂਰਤਿ ਬੀਚਾਰੈ ॥ ਦੁਇ ਕਰ ਜੋਰਿ ਮੰਤ੍ਰ ਉਚਾਰੈ ॥18॥

ਦੋਹਰਾ ॥ ਓ ਨਮੋ ਭਗਵਤੇ ਬਾਸੁਦੇਵਾਇ[14] ਜਪਿਹੈ ਰਸਨਾ ਜਾਪੁ ॥
ਅਧਿਕ ਪ੍ਰੇਮੁ ਤੁਮ ਦੇਖਿ ਕੈ ਹਰਿ ਆਇ ਕਰੈ ਮੇਲਾਪੁ ॥1॥

ਚੌਪਈ ॥ ਧ੍ਰੂਅ ਹਰਿ ਧਿਆਨੁ ਮੰਤ੍ਰ ਸੁਨਿ ਪਾਇਆ ॥ ਕਰਿ ਨਮਸਕਾਰੁ ਤਹ ਤੇ ਸਿਧਾਇਆ[15] ॥
ਚਲਤ[16] ਫਿਰਤ ਮਧਬਨ ਮਹਿ ਆਇਓ ॥ ਮਥੁਰਾਪੁਰੀ ਨਾਮੁ ਤਿਹ ਪਾਇਓ ॥
ਤਹ[17] ਅਤਿ ਨਿਰਮਲੁ ਜਮੁਨਾ ਨੀਰਾ ॥ ਇਸਨਾਨੁ ਪਾਨੁ ਕਰਿ ਗਹਰ ਗੰਭੀਰਾ ॥
ਭਗਤਿ ਤਪਸਿਆ ਤਾ ਮਹਿ ਠਾਨੀ ॥ ਮਨ ਉਤਸਾਹੁ ਭਇਓ ਸੁਰ ਗਿਆਨੀ ॥
ਸਭ ਇੰਦ੍ਰੀ ਕਉ ਨੇਮੁਨ[18] ਕੀਆ ॥ ਜਿਵ ਕੂਰਮ ਅੰਗ ਸੰਕੋਚਤ ਥੀਆ॥19॥

---

(1) ੲ ਪੋਥੀ 'ਕਾਹੂ',
(2) ੲ ਪੋਥੀ 'ਹਾ',
(3) ਪਾਠਾਂਤਰ ੲ ਪੋਥੀ 'ਤਉ ਵਹੁ ਚਿਤ ਕਉ ਫੇਰਿ ਲਿਆਵੈ',
(4) ੲ ਪੋਥੀ 'ਪਾਗੈ',
(5) ੲ ਪੋਥੀ 'ਜਿਉ ਮਨੁ',
(6) ੲ ਪੋਥੀ 'ਖਿੰਭਾ',
(7) ੲ ਪੋਥੀ 'ਲਾਲ',
(8) ੲ ਪੋਥੀ 'ਕਛੂ',
(9) ੲ ਪੋਥੀ 'ਲਾਜੈ',
(10) ੲ ਪੋਥੀ 'ਅੰਤਹਿ',
(11) ੲ ਪੋਥੀ 'ਜੋ',
(12) ੲ ਪੋਥੀ 'ਚੰਦ੍ਰਕ',
(13) ਅ ਪੋਥੀ 'ਧਿਆਨਤ',
(14) ੲ ਪੋਥੀ 'ਵਾਸਦੇਵਾਹਿ'.
(15) ੲ ਪੋਥੀ 'ਉਠਿ ਸਿਧਾਇਆ',
(16) ਅ ਪੋਥੀ 'ਚਾਲਤ',
(17) ੲ ਪੋਥੀ 'ਤਹਾ',
(18) ੲ ਪੋਥੀ 'ਨਉਮਨ'

ਦੋਹਰਾ ॥ ਅਰਧ ਬਾਂਮ ਪਗ ਧਰਨ[1] ਧਰ ਦਾਹਨੁ ਕਖਤਰਿ[2] ਕੀਨ ॥
ਹਰਿ ਮੂਰਤਿ ਮੰਤਰ[3] ਹੀਏ ਮਹਿ ਅਵਧਾਰਿ ਧਰਿਓ ਪਰਬੀਨ ॥1॥

ਚੋਪਈ ॥ ਰਸਨਾ ਜਾਪੁ ਜਪੈ ਸੁਭਾਈ ॥ ਡੋਲਤ ਰਸਨਾ ਨਹਿ ਦੋਇ ਦਿਖਾਈ ॥
ਮੂਰਤਿ ਹਿਰਦੇ ਮਹਿ ਨਹਿਰਾਨੀ[4] ॥ ਜਿਉ ਚਿਤ[5] ਪਖਾਨ ਕੋ ਨਾਹੀ ਡੁਲਾਨੀ[6] ॥
ਮਾਨੋ ਮੇਰ ਸੋ ਇਸਥਰ ਥਇਓ[7] ॥ ਅਚਲੁ ਸਰੀਰ ਸੋ ਤਾ ਕਉ ਭਇਓ ॥
ਮਨੁ ਮਨਸਾ ਹੀਐ ਹਿਮਾਲੈ[8] ਗਰਿਓ ॥ ਅਧਭੁਤ ਜੰਗ ਧ੍ਰੰਅ ਨੇ ਕਰਿਓ ॥
ਬਾਲ ਅਵਸਥਾ ਇਹ ਮਤਿ ਪਾਈ ॥ ਸਤਿਗੁਰ ਤਾ ਕਉ ਭਏ ਸਹਾਈ ॥20॥

ਦੋਹਰਾ ॥ ਬਾਲ ਜੁਬਾ[9] ਅਉ ਬਿਰਧ ਕਿਆ ਜਉ ਹਰਿ ਹੋਹਿ ਸਹਾਇ ॥
ਪੂਰਨ ਪ੍ਰੇਮੁ ਬੀਚਾਰ ਕੈ ਆਪੁਨ ਲੇਇ ਮਿਲਾਇ ॥1॥

ਚੋਪਈ ॥ ਬਹੁਤੁ ਕਾਲੁ ਇਉ ਤਪ ਕਉ ਧਾਰਾ ॥ ਕਾਂਪੀ ਧਰਨ ਧ੍ਰੰਅ ਤਪ ਭਾਰਾ ॥
ਜਬ ਅੰਗੂਠੁ ਦਛਨ ਪਗ ਰੋਪਿਓ ॥ ਲੀਓ ਉਠਾਇ ਪਗੰ ਬਾਮ ਸੰਕੋਚਿਓ ॥
ਭੂਪ ਤਪ ਭਾਰ ਤੇ ਬਹੁਤੁ ਅਕੁਲਾਨੀ[10] ॥ ਉਛਨ ਮਹੋਦਧ ਉਮਗਿਓ ਪਾਨੀ ॥
ਸਭ ਦੇਵੀ ਦੇਵ ਕਿੰਨਰ ਗੰਧ੍ਰਬਾ ॥ ਅਤਿ ਭੈ ਭੀਤ ਭਏ ਤੇ ਸਰਬਾ ॥
ਸਭ[11] ਮਿਲਿ ਕਰ ਸੁਰਪਤਿ ਪਹਿ ਆਏ ॥ ਇੰਦ੍ਰ ਪਹਿਲੇ ਹੀ ਬਹੁ ਦੁਖ ਪਾਏ ॥21॥

ਦੋਹਰਾ ॥ ਸਭਨਉ ਮਿਲਿ ਮਸਲਤਿ ਕਰੀ ਕਰੀਐ ਕਛੁ[12] ਉਪਾਇ ॥
ਜਾ ਤੇ ਤਪਸਿਆ[13] ਧ੍ਰੰਅ ਕੀ ਫਲ ਵਾਹੀ ਛਿਨ ਜਾਇ ॥1॥

ਚੋਪਈ ॥ ਮਾਇਆ[14] ਮਈ ਮਹਾ ਦੈਤ ਬੁਲਾਇ ॥ ਧ੍ਰੰਅ ਕੇ ਪਾਸਿ ਸੋ ਦੀਏ ਪਠਾਇ ॥
ਤਹ ਸੁਨੀਤ ਕੋ ਰੂਪੁ ਬਨਾਇਓ ॥ ਧ੍ਰੰਅ ਕੇ ਅਗ੍ਰ ਭਾਗ ਸੋਆਇਓ ॥
ਰੁਦਨ ਕੀਓ ਅਰੁ[15] ਬਾਤ ਬਖਾਨੀ ॥ ਮੈ ਤੁਝ ਢੂੰਢ ਭਈ ਹੈਰਾਨੀ ॥
ਤੁਝ[16] ਤਨੁ ਦੁਰਬਲੁ[17] ਦੇਖਿ ਦੁਖ ਪਾਵਉ ॥ ਤੋਹਿ ਬਿਨਾ ਅਬ ਹੀ ਮਰਿ ਜਾਵਉ॥
ਧਿਆਨ ਕਉ ਛਡਿ ਚਲਉ ਘਰਿ ਜਾਵੈ ॥ ਤੁਛ ਬਿਨੁ ਮਹਾਰਾਜੁ ਦੁਖੁ ਪਾਵੈ ॥22॥

---

(1) ੲ ਪੋਥੀ 'ਧਨਿ',
(2) ਅ ਪੋਥੀ 'ਕੁਖਤਰਿ', ੲ ਪੋਥੀ 'ਕੁਖਿਤਰ',
(3) ੲ ਪੋਥੀ ਅੰਤਰਿ',
(4) ੲ ਪੋਥੀ 'ਲਖਾਈ',
(5) ੲ ਪੋਥੀ 'ਚਿਤ੍ਰ',
(6) ੲ ਪੋਥੀ 'ਭੁਲਾਈ',
(7) ੲ ਪੋਥੀ 'ਰਹਿਓ',
(8) ੲ ਪੋਥੀ 'ਹਿਮਲਿ',
(9) ੲ ਪੋਥੀ 'ਜੁਆਨ',
(10) ੲ ਪੋਥੀ 'ਉਕਲਾਨੀ',
(11) ੲ ਪੋਥੀ 'ਸਭਨੋ',
(12) ੲ ਪੋਥੀ 'ਕਉਨ',
(13) ੲ ਪੋਥੀ 'ਤਪਸਾ',
(14) ਅ ਪੋਥੀ 'ਮਹਾ', ੲ ਪੋਥੀ 'ਮਹ',
(15) ੲ ਪੋਥੀ 'ਅਤਿ',
(16) ੲ ਪੋਥੀ 'ਤਉ',
(17) ੲ ਪੋਥੀ 'ਦੁਬਲ'

ਦੋਹਰਾ ॥ ਪੁਤ੍ਰ ਸੋਈ ਭਲ ਆਖੀਐ ਜੋ ਮਾਤ ਪਿਤਾ ਕਉ ਸੇਵ ॥
ਮਾਤ ਪਿਤਾ ਕਉ ਤਿਆਗੁ ਤੁਝਿ ਕਿਨੈ ਬਤਾਇਓ[1] ਭੇਵ ॥1॥

ਚੌਪਈ ॥ ਤਬ[2] ਮਾਤਾ ਬਹੁ ਬਚਨ ਉਚਾਰੇ ॥ ਕੋਈ ਬਨ ਮਹਿ ਦੈਤ ਆਇ ਤੁਝ ਮਾਰੇ ॥
ਪੁਨਿ[3] ਬਹੁ ਦੈਤ ਤਹਾ ਵੈ ਆਏ ॥ ਬਿਕਰਾਲ ਰੂਪੁ ਤਿਨ ਲੀਏ ਬਨਾਏ ॥
ਬਡ ਬਡ ਦਾਂਤ ਭੈਆਨਕ ਦਾਰੈ[4] ॥ ਕਉਨ ਆਹਿ ਜੋ ਤਿਨੈ ਨਿਹਾਰੈ ॥
ਸਭੇ[5] ਕਰਉ ਮੈ ਸਸਤਰ ਧਾਰੈ ॥ ਮਾਰਿ ਮਾਰਿ ਕਹਿ[6] ਸਭੇ ਪੁਕਾਰੈ ॥
ਦਉਰੈ ਫਿਰੈ ਨਿਕਟਿ ਨਹੀ ਜਾਹੀ[7] ॥ ਬਹੁ ਊਚੇ ਵੈ ਸਬਦੁ ਕਰਾਂਹੀ ॥23॥

ਦੋਹਰਾ ॥ ਧ੍ਰੂਅ ਨੈ ਦ੍ਰਿੜਮਤਿ[8] ਜੋ ਲਈ ਸਾਧ ਸੰਗਤਿ ਤੇ ਮਾਗ ॥
ਸੋ ਅਚਲ ਚਲਾਇਓ ਨਾ ਚਲੈ ਡਰੈ ਨ ਸਿਪਰ ਸਾਂਗ[9] ॥1॥

ਚੌਪਈ ॥ ਸਭੇ ਦੈਤ ਤਹ[10] ਕਹਿ ਪਚਿਹਾਰੇ ॥ ਧ੍ਰੂਅ ਨੈ ਨੈਕੁ ਨ ਨੈਨ ਉਘਾਰੇ ॥
ਸਗਲ ਉਠਿ ਗਏ ਸੁਰਪਤਿ ਕੈ ਪਾਸ ॥ ਸਭਹੂੰ ਕੈ ਮਨਿ ਬਢਿਓ ਤ੍ਰਾਸ ॥
ਖੀਰ ਸਮੁੰਦ੍ਰ ਮੈ ਹਰਿ ਜਲਸਾਈ ॥ ਤਹਾ ਜਾਇ ਪੁਕਾਰ ਲਗਾਈ ॥
ਹਮ ਤੁਮਰੇ ਦੀਏ ਭੋਗ ਭੁਗਾਈ ॥ ਸੋ ਤਪ ਕਰਿ ਧ੍ਰੂਅ ਹੈ ਲੇਤ ਛਿਨਾਈ ॥[11]
ਵਾ ਕਾ ਤਪੁ ਤੁਮ ਟਾਰਹੁ ਨਾਥਾ ॥ ਹਮ ਸਭਨ[12] ਕਉ ਕਰਉ ਸਨਾਥਾ ॥24॥

ਦੋਹਰਾ ॥ ਜਿਵ ਰਛਿਆ ਬਲ ਤੇ ਕਰੀ ਬਾਵਨ ਬਪ ਕਉ ਧਾਰਿ ॥
ਤਿਉ ਅਬ[13] ਕਿਰਪਾ ਕੀਜੀਐ ਹੇ ਪ੍ਰਭ ਪ੍ਰਾਨ ਅਧਾਰ ॥1॥

ਚੌਪਈ ॥ ਤਬ ਸਬਦੁ ਅਨਾਹਦ ਪੁਨਿ ਉਪਜਾਨਾ ॥ ਦੇਵਤਿਆ ਪ੍ਰਤਿ ਆਖਿ ਵਖਾਨਾ ॥
ਧ੍ਰੂਅ ਭਗਤਿ ਹੈ ਬਡੋ ਪ੍ਰਕਾਸਾ ॥ ਲੋਕਨ ਕੀ ਮਨ ਮੈ ਧਰੈ ਨ ਆਸਾ ॥
ਮੋ ਚਰਨਨ[14] ਸਿਉ ਧਿਆਨੁ ਲਗਾਈ ॥ ਮੋ[15] ਬਿਨੁ ਅਉਰ ਉਸ ਚਾਹਨ ਭਾਈ ॥
ਤੁਮ ਸਭ ਜਾਹੁ[16] ਕਛੁ ਚਿਤਿ ਨ ਲਿਆਵਹੁ ॥ ਆਪੋ ਅਪਨੀ ਸਭ ਟਹਲ ਕਮਾਵਹੁ ॥
ਜਬ ਹਰਿ ਕੀ ਉਨ ਆਗਿਆ ਪਾਈ ॥ ਘਰਹਿ ਸਿਧਾਰੇ ਚਿੰਤ ਗਵਾਹੀ ॥25॥

---

(1) ੲ ਪੋਥੀ 'ਬਤਾਈ', (2) ਅ ਪੋਥੀ 'ਜਬਿ',
(3) ੲ ਪੋਥੀ 'ਬਨਿ ਮੈ', (4) ੲ ਪੋਥੀ 'ਦਾੜੈ',
(5) ੲ ਪੋਥੀ 'ਸਭਨ', (6) ੲ ਪੋਥੀ 'ਕਰਿ',
(7) ੲ ਪੋਥੀ 'ਆਹੀ', (8) ੲ ਪੋਥੀ 'ਦ੍ਰਿੜ ਮਹਿ',
(9) ੲ ਪੋਥੀ 'ਸਾਰਿ', (10) ੲ ਪੋਥੀ 'ਹਾਹਾ',
(11) ਪਾਠਾਂਤਰ ਅ ਤੇ ੲ ਪੋਥੀ 'ਸਭੋ ਪਕਰਿ ਧ੍ਰੂਅ ਲੇਤਿ ਛਿਨਾਹੀ',
(12) ਅ ਪੋਥੀ 'ਸਭਨਾ', (13) ਅ ਤੇ ੲ ਪੋਥੀ 'ਹੀ',
(14) ੲ ਪੋਥੀ 'ਮੋਹਿ',
(15) ਅ ਪੋਥੀ 'ਮੈ',
(16) ੲ ਪੋਥੀ 'ਜਾਵਹੁ'

ਦੋਹਰਾ ॥ ਜੋ[1] ਪੁਰਖਾ[2] ਹਰਿ ਕਉ ਭਜੈ[3] ਕੋਟੀ ਆਸਨ ਚਿਤ ਧਰੇਹਿ ॥
ਤਿਸੁ[4] ਸਭ ਦੇਵੀ ਦੇਵਤਾ ਹਰਖ ਅਸੀਸਾ ਦੇਹਿ ॥1॥

ਚੌਪਈ ॥ ਜਬ ਧ੍ਰੂਅ ਬਹੁਤੁ ਪ੍ਰੇਮੁ ਤਪੁ ਕੀਨਾ ॥ ਤਬ[5] ਹਰਿ ਰੀਝੇ ਦਰਸਨੁ ਦੀਨਾ ॥
ਆਖਿ ੇਖੋਲਿ ਧ੍ਰੂਅ ਦਰਸਨੁ ਦੇਖਿਆ ॥ ਜੋ ਮੂਰਤਿ ਹਿਰਦੈ ਰੂਪੁ[6] ਸੋ ਪੇਖਿਆ ॥
ਚਰਨ ਕਵਲ ਕੌਉ[7] ਸੀਸੁ ਲਗਾਇਆ ॥ ਪਰਸਤ ਚਰਨ ਅਨਭੈ ਹੋਇ ਆਇਆ॥
ਹਰਿ[8] ਮੁਸਕਾਇ ਬਦਨੁ ਉਚਾਰਾ ॥ ਬਰੁ ਮਾਗੋ ਜੋ ਤੁਮ ਮਨ ਧਾਰਾ ॥
ਜੋ ਇਛਾ ਤੁਮਰੈ ਮਨਿ ਹੋਈ ॥ ਲੇਹੁ ਮਾਗ ਦੇਵੈ ਹਮ ਸੋਈ ॥26॥

ਦੋਹਰਾ ॥ ਧ੍ਰੂਅ ਬਿਨਉ ਕਰੈ ਕਰਿ ਜੋਰਿ ਕੈ ਇਹੁ ਮਨੁ ਇਛਾ ਰੂਪ ॥
ੇਹਰਿ ਦਰਸਨ ਆਤਮ ਭਇਓ ਜਿਵ ਲੋਹੇ ਹੇਮ ਸਰੂਪ ॥1॥

ਚੌਪਈ ॥ ਅਬ ਮਨੁ ਹੋਇ ਤਉ[9] ਇਛਾ ਕਰੈ ॥ ਹਰਿ ਦਰਸਨ ਮਨੁ ਮਨਸਾ ਗਰੈ[10] ॥
ਕਾਮਨਾ ਕਿਲਬਿਖ ਸਗਲ ਹਿਰਾਨੀ ॥ ਬਿਨੁ ਉਸਤਤਿ ਸਭੁ ਅੰਤਰਾਜਾਮੀ [ਅੰਤਰਜਾਮੀ][11] ॥
ਕਰਹੁ ਕ੍ਰਿਪਾ ਪ੍ਰਭ ਉਸਤਤਿ ਕਰਉ ॥ ਜਪ ਤੁਮ ਨਾਮ ਸਰਨਿ ਤੁਮਿ ਧਰਉ ॥
ਕੋਈ ਕਾਮਨਾ ਆਹਿ ਨ ਮੇਰੈ ॥ ਤ੍ਰਿਭਵਨ ਜੋਤਿ ਏ ਨੈਨਾ ਹੇਰੈ ॥
ਹਰਿ ਬੋਲੇ ਕਛੁ ਉਸਤਤਿ ਕਰਉ ॥ ਜਿਸੁ ਜਪਿ[12] ਜਗੁ ਭਉ ਸਾਗਰੁ ਤਰਉ॥27॥

ਦੋਹਰਾ ॥ ਧ੍ਰੂਅ ਅਸਤੋਤਰ ਕਉ ਕਰੈ[13] ਅਨਭੈ ਭਇਓ ਪ੍ਰਕਾਸੁ ॥
ਜਿੰਸੁ ਪੜਿ ਸੁਨਿ ਪ੍ਰਾਨੀ ਪਾਵਹੀ ਪਰਮਾਨੰਦੁ ਬਿਲਾਸ ॥1॥

ਚੌਪਈ ॥ ਓ ਨਮੋ ਭਗਵਤੇ ਬਾਸੁਦੇਵਾਇ ॥ ਨਮੋ ਨਮੋ ਪ੍ਰਭ ਤ੍ਰਿਭਵਨ ਰਾਇ ॥
ਨਮੋ ਨਮੋ ਹੇ ਸ੍ਰਬ[14] ਪ੍ਰਕਾਸੀ ॥ ਨਮੋ ਨਮੋ ਸਭ ਘਟ ਕੇ ਬਾਸੀ ॥
ਨਮੋ ਨਮੋ ਦੀਨਾ ਨਾਥ ਗੁਸਾਈ ॥ ਤੀਨ ਭਵਨ ਤੁਮਰੀ ਪਰਛਾਈ ॥
ਨਮੋ ਨਮੋ ਦੇਵਨ ਕੇ ਦੇਵ ॥ ਨਮੋ ਨਮੋ ਹਰਿ ਅਲਖ ਅਭੇਵ ॥
ਨਮੋ ਨਮੋ ਹਰਿ ਚਤਰੁ[15] ਸਰੂਪੀ ॥ ਨਮੋ ਨਮੋ ਪਰਮਾਤਮ ਰੂਪੀ ॥28॥

---

(1) ੲ ਪੋਥੀ 'ਜੈ',
(2) ੲ ਪੋਥੀ 'ਪੁਰਿ',
(3) ੲ ਪੋਥੀ 'ਭਜਹਿ',
(4) ੲ ਪੋਥੀ 'ਤਿਹ',
(5) ੲ ਪੋਥੀ 'ਅਬਿ',
(6) ੲ ਪੋਥੀ 'ਨੈਨਨ',
(7) ੲ ਪੋਥੀ 'ਜਿਉ',
(8) ੲ ਪੋਥੀ 'ਹਉ',
(9) ਅ ਪੋਥੀ 'ਤ',
(10) ੲ ਪੋਥੀ 'ਧਰੈ',
(11) ੲ ਪੋਥੀ ਤੋਂ,
(12) ੲ ਪੋਥੀ 'ਜਪਤੁ',
(13) ੲ ਪੋਥੀ 'ਕਹੈ',
(14) ੲ ਪੋਥੀ 'ਸਰਬਤ੍ਰ',
(15) ੲ ਪੋਥੀ 'ਚਿਤਿ'

ਦੋਹਰਾ ॥ ਨਮੋ ਨਮੋ ਪਰਮਾਤਮਾ ਪਾਰਬ੍ਰਹਮ ਗੁਰਦੇਵ ॥
ਤੁਧ[1] ਬਿਨੁ ਦੂਜਾ ਕੋ ਨਹੀ ਕੋ ਮਿਥਿਆ ਸਗਲ ਅਹੰਮੇਵ ॥1॥

ਚੌਪਈ ॥ ਤੂੰ ਹੀ ਕਰਤ ਕਰਾਵਤ ਆਹੀ ॥ ਤੂੰ ਹੀ ਅਕ੍ਰੀ ਤੁਝ ਲੋ ਪੂਜੁ ਨਾਹੀ ॥
ਤੂੰ ਹੀ ਸਭ ਘਟ ਭੋਗਹਿ[2] ਭੋਗ ॥ ਤੂੰ ਹੀ ਸਭ ਕਛੁ ਹੈ ਅਰੁ ਹੋਗੁ ॥
ਤੂ [ਤੂੰ][3] ਹੀ ਅਵਤਾਰੀ[4] ਰਛਿਆਕਾਰੀ ॥ ਤੂੰ ਨਿਰੰਕਾਰੁ ਨਿਰਗੁਨਿ ਅਬਕਾਰੀ॥
ਤੂੰ ਹੀ ਉਤਪਤਿ ਪਰਲੈ ਕਰੈ ॥ ਤੂੰ ਹੀ ਏਕ ਦੂਸਰੁ ਨਹੀ ਧਰੈ ॥
ਤੂੰ ਹੀ ਏਕ ਅਨੇਕ ਬਿਰਾਜੈ ॥ ਤੂੰ ਹੀ ਖਾਣੀ ਬਾਣੀ ਛਾਜੈ ॥29॥

ਦੋਹਰਾ ॥ ਤੂੰ ਹੀ ਸਭ ਕਿਛੁ ਬਨਿ ਰਹਾ ਰੂਪ ਨਾਮ ਗੁਨ ਧਾਰਿ ॥
ਲੀਲਾ ਅਗਮ ਅਪਾਰ ਤੁਮ ਕਉਨ[5] ਸਕੈ ਬੀਚਾਰਿ ॥1॥

ਚੌਪਈ ॥ ਤੂੰ ਪਰਮਾਤਮੁ ਦੇਵਨ ਦੇਵ[6] ॥ ਸਭ ਕੋ ਕਰੈ ਤੁਮਾਰੀ ਸੇਵ[7] ॥
ਤੂੰ ਸੇਵਕੁ ਸੁਆਮੀ ਸਭ ਘਟਿ ਬਨਾ ॥ ਤੂੰ ਜਲ ਥਲ ਮਹੀਅਲ ਬਨ ਉਪਬਨਾ ॥
ਤੂੰ ਚੰਦ ਸੂਰ ਹੋਇ ਜੋਤਿ ਪ੍ਰਕਾਸੈ ॥ ਸੁ[8] ਪ੍ਰਕਾਸ ਸਭ ਘਟ ਹੀ ਭਾਸੈ ॥
ਤੂੰ ਹੀ ਹੈ ਜੋ ਦੇਇ ਦਿਖਾਈ ॥ ਸਭ ਕਿਛੁ ਤੂੰ ਹੀ ਬਨਿਓ ਆਈ ॥
ਤੂੰ ਹੀ ਪਾਂਚ ਤਤੁ ਬਨਿ ਆਇਓ ॥ ਠਉਰ ਠਉਰ ਤੂੰ ਹੀ ਛਬ ਛਾਇਓ ॥30॥

ਦੋਹਰਾ ॥ ਰੂਪ ਨਾਮ ਗੁਨ ਸਕਲ ਜੋ ਦੀਸਹਿ ਨਾਨਾ ਭਾਤਿ ॥
ਏਕ ਤੂ ਹੀ ਦਰਸਾਵਹੀ ਨਿਰਮਲਿ ਜੋਤਿ ਕਾਤਿ[9] ॥1॥

ਚੌਪਈ ॥ ਤੂੰ ਹੀ ਬਿਸਨੁ ਸਿਵ ਬ੍ਰਹਮਾ ਤੂ ਹੀ ॥ ਤੂੰ ਹੀ ਬਿਸੁ ਬਿਸਕਰਮਾ ਤੂੰ ਹੀ ॥
ਤੂੰ ਹੀ[10] ਧਰਨਿ ਅਕਾਸਾ ਤੁ ਹੀ ॥ ਤੂੰ ਹੀ ਸੁ ਪ੍ਰਕਾਸਾ[11] ਤੁ ਹੀ ॥
ਤੁ ਹੀ ਪੁਰਖੁ ਨਾਰੀ ਹੈ[12] ਤੁ ਹੀ ॥ ਤੂੰ ਹੀ ਭੋਗ ਭੋਗਤਾ ਤੁ ਹੀ ॥
ਤੂੰ ਹੀ ਨਿਰੰਕਾਰੁ ਅਕਾਰੀ ਤੁ ਹੀ ॥ ਤੁ ਹੀ ਲੇਖ[13] ਲਿਖਾਰੀ[14] ਤੁ ਹੀ ॥
ਭੂਤ ਭਵਿਖ ਬਰਤਮਾਨ ਤੁ ਹੀ ॥ ਤੂੰ ਹੀ ਨਾਹੀ ਹੋਨਾ ਸਭ ਤੁ ਹੀ ॥31॥

---

(1) ਅ ਤੇ ਏ ਪੋਥੀ 'ਤੁਝਿ',
(2) ੲ ਪੋਥੀ 'ਭਗਤਿ',
(3) ਅ ਤੇ ੲ ਪੋਥੀ ਤੋਂ,
(4) ੲ ਪੋਥੀ 'ਅਉਤਾਰੀ',
(5) ੲ ਪੋਥੀ 'ਕੋਨ',
(6) ੲ ਪੋਥੀ 'ਕੇ ਦੇਵਾ''
(7) ੲ ਪੋਥੀ 'ਸੇਵਾ',
(8) ੲ ਪੋਥੀ 'ਸੋ',
(9) ਅ ਪੋਥੀ 'ਕਰਾਤਿ', ੲ ਪੋਥੀ 'ਕ੍ਰਾਤਿ',
(10) ੲ ਪੋਥੀ 'ਭੀ',
(11) ੲ ਪੋਥੀ 'ਪ੍ਰਕਾਸਤਿ',
(12) ੲ ਪੋਥੀ 'ਭੀ',
(13) ੲ ਪੋਥੀ 'ਖੇਲ',
(14) ੲ ਪੋਥੀ 'ਖਿਲਾਰੀ'

ਦੋਹਰਾ ।। ਤੂੰ ਹੀ ਤੂੰ ਹੀ ਦੇਖਦਾ ਤੂੰ ਹੀ ਤੂੰ ਹੀ ਦੇਖਾਇ ॥
ਤੂੰ ਹੀ ਤੂੰ ਹੀ ਬਨਿ ਰਹਿਓ ਬਾਨਿਕ[1] ਅਨਿਕ ਬਨਾਇ ॥1॥

ਚੌਪਈ ॥ ਜਬ ਉਸਤਤਿ ਬਹੁਤੁ[2]ਧ੍ਰੰਅ ਉਚਾਰੀ ॥ ਹੋਇ ਪ੍ਰੇਮ ਮਗਨ ਹਰਿ ਹਿਰਦੈ ਧਾਰੀ ॥
ਪੁਨਿ ਹਰਿ ਬੋਲੇ ਧ੍ਰੰਅ ਸਿਉ ਬਾਤਾ ॥ ਏਹੁ ਸਤੋਤਰੁ ਤੁਮ ਕਹਿਓ ਜੁ ਗਿਆਤਾ॥
ਜੋ ਕੋਈ ਇਸੁ ਪੜੈ ਪੜਾਵੈ ॥ ਪ੍ਰੇਮ ਜਿਉ ਸੁਨਿ ਉਤਸਾਹੁ[3] ਬਢਾਵੈ ॥
ਨਿਤ ਅਵਗਾਹਨੁ ਤਿਸ ਕਾ ਕਰਈ ॥ ਤਿਸੁ ਕੋਈ ਕਾਮਨਾ ਮਨ ਨਹੀ ਰਹਈ[4]॥
ਵਾਹੀ ਜਨਮ ਮੋਹਿ ਮਿਲੈ[5] ਆਇ ॥ ਅੰਭੈ ਮਾਹਿ ਜਿਉ ਅੰਤੁ[6] ਸਮਾਈ ॥32॥

ਦੋਹਰਾ ॥ ਜੋ ਨਿਤ[7] ਸਤੋਤਰ ਕਉ ਪੜੈ ਕੋਈ ਕਾਮਨਾ ਧਾਰਿ ॥
ਏਕ ਜਨਮ ਲਉ ਸੋ[8] ਲਹੈ ਪੁਨਿ ਪਾਵੈ ਤਤੁ ਬੀਚਾਰ ॥1॥

ਚੌਪਈ ॥ ਪੁਨਿ ਹਰਿ ਕਹਿ ਧ੍ਰੰਅ ਕਉ ਬਤਲਾਵੈ ॥ ਜਿਵ ਮਾਤ ਪਿਤਾ ਸੁਤ ਲਾਡਿ ਲਡਾਵੈ॥
ਰਾਜ ਮਾਲੁ[9] ਕੋਉ ਅਧਕਾਰਾ ॥ ਜੋ ਮਾਗਹਿ ਦੇਵਹਿ ਯਾਹੀ ਬਾਰਾ ॥
ਮਾਤਾ ਜਿਉ ਤੈ ਕਹਿਓ ਬਿਚਾਰੀ ॥ ਲਾਇ ਮਨੁ ਚਿਤੁ ਧਿਆਵਉ ਹਰੀ ਮੁਰਾਰੀ।
ਜੋ ਪਦਵੀ ਕਿਸਹੂੰ ਨਹੀ ਪਾਈ ॥ ਸੋ ਮੈ ਹਰਿ ਤੇ ਲੇਉ ਰੀਝਾਈ ॥
ਸੋ ਮੈ ਰੀਝਿਓ[10] ਤੇਰੀ ਸੇਵਾ ॥ ਮੈ ਤੈ[11] ਕਛੁ ਭੇਦ ਨ ਭੇਵਾ ॥33॥

ਸੋਰਠਾ ॥ ਮੈ ਤੈ ਪ੍ਰੀਤਿ ਪੁਰਾਨ ਤੂੰ ਹੀ ਜਾਨੈ ਤਾਹਿ ਕਉ ॥
ਸੋ ਮੈ ਕਰਉ ਬਖਾਨ ਸੁਨਿ ਧ੍ਰੰਅ ਨੀਕੇ ਕਾਨ ਦੇਇ ॥1॥

ਚੌਪਈ ॥ ਪੂਰਬ ਜਨਮ ਤੂ ਦਿਜ ਸੁਤ ਆਹੀ ॥ ਭਗਤਿ ਨੀਕੈ[12] ਕਰਿ ਚਾਹੀ ॥
ਭਗਤਿ ਭਾਉ ਤੇਰੈ ਬਹੁ ਆਇਆ ॥ ਕਰਿ ਅਰਚਾ ਪੂਜਾ ਮੈ ਪੋਖਾਇਆ ॥
ਰਾਜ ਪੁਤ੍ਰ ਸਿਉ ਤੇਰੋ[13] ਸਨੇਹਾ ॥ ਜਿਉ ਜੜਭਰਥ ਕੋ ਮ੍ਰਿਗ ਸਿਉ ਨੇਹਾ ॥
ਤੂੰ ਤਿਨ ਪ੍ਰੀਤਿ[14] ਰਾਜ ਪੂਤ ਕੀਓ ਹੈ ॥ ਮਮ ਭਗਤਿ ਭਾਉ ਮਮ ਓਰ ਲੀਓ ਹੈ॥[15]
ਜੋ ਕੋਈ ਮਮ ਭਗਤਿ ਕਮਾਵੈ ॥ ਜਿਵ ਕਿਵ ਆਇ ਮੋ[16] ਮਾਹਿ ਸਮਾਵੈ ॥34॥

---

(1) ਅ ਤੇ ਏ ਪੋਥੀ 'ਬਨਤ', (2) ਏ ਪੋਥੀ 'ਦਿਉ', (3) ਏ ਪੋਥੀ 'ਉਨਸਾਹੁ',
(4) ਏ ਪੋਥੀ 'ਧਰਈ', (5) ਏ ਪੋਥੀ 'ਮਿਲਹੈ', (6) ਅ ਪੋਥੀ 'ਅੰਭੁ',
(7) ਏ ਪੋਥੀ 'ਤਿਨ', (8) ਅ ਤੇ ਏ ਪੋਥੀ 'ਸਭੁ',
(9) ਏ ਪੋਥੀ 'ਮਨਿ',
(10) ਏ ਪੋਥੀ 'ਰੀਝਾ',
(11) ਏ ਪੋਥੀ 'ਤੋਹਿ',
(12) ਅ ਪੋਥੀ 'ਤੈ ਕੋ', ਏ ਪੋਥੀ 'ਤੈ ਕਿਉ'.
(13) ਏ ਪੋਥੀ 'ਤੇਰਾਅ',
(14) ਏ ਪੋਥੀ 'ਪੁਤ੍ਰ',
(15) ਪਾਠਾਂਤਰ 'ਤਿਨ ਸੰਗਿ ਤੇਰੋ ਨੇਹੁ ਬਧਿਓ ਹੈ',
(16) ਏ ਪੋਥੀ 'ਮੋਹਿ'

ਦੋਹਰਾ ॥ ਸਭੈ ਬਾਸਨਾ ਨਾਸਵਤ ਤੁਛ ਫਲ ਕਉ ਵੈ ਦੇਹ ॥
ਮਮ ਭਗਤਿ ਭਾਉ ਅੰਮ੍ਰਿਤ ਕਰਿ ਪਾਨਾ ਮੋ ਮੈ ਆਇ ਮਿਲੇਹਿ ॥1॥

ਚੌਪਈ ॥ ਮਮ ਭਗਤਿ ਚਿਨਗਾਰੀ ਜਿਸੁ ਮਨਿ ਪਰੈ ॥ ਤਾਹਿ ਫੂਲ[1] ਬਾਸਨਾ ਸਹਜੇ ਜਰੈ[2] ॥
ਦਿਨ ਦਿਨ ਭਗਤਿ ਬਢਤ ਸੋ ਜਾਈ ॥ ਤਿਹ ਮਾਰਗ ਨਹੀ ਬਾਧਕ[3] ਜਾਈ ॥
ਜੋ ਕਰੈ ਕਾਮਨਾ ਮੋ ਕਉ ਧਿਆਵੈ ॥ ਸੋ ਪਾਇ ਪਦਵੀ ਨਿਹਕਾਮਤਾ ਪਾਵੈ ॥
ਅਨੇਕ ਜਨਮ ਮਹਿ ਸੋਈ ਪਰਾਨੀ ॥ ਪਾਵਤ ਵੈ ਵਹ ਪਦੁ ਨਿਰਬਾਨੀ ॥
ਜੋ ਨਿਹਕਾਮ ਭਗਤਿ ਕਉ[4] ਧਰੈ ॥ ਵਾਹੀ ਜਨਮ ਹੋਇ ਮੁਕਤਿ ਸਿਧਾਰੈ ॥35॥

ਦੋਹਰਾ ॥ ਕਹੈ ਧ੍ਰੂਅ ਪਦਾਰਥ ਜੇਤੜੇ ਤਿਨ ਕਾ ਤੂ ਹੀ ਜੋੜ ॥
ਜਿਨੈ ਜੋੜ ਕਉ ਪਾਇਆ ਤਿਨ ਨਾਵੈ[5] ਸਿਉ ਮਨੁ ਨ ਤੋੜ[6] ॥1॥

ਚੌਪਈ ॥ ਧ੍ਰੂਅ ਨੈ ਕਛੁ ਮੁਖ ਤੇ ਨਹੀ ਮਾਗਾ ॥ ਪ੍ਰਥਮ ਮਨੋਰਥ ਮਨੁ ਹਰਿ ਕਾ ਲਾਗਾ ॥
ਬੈਠਾਇ ਬਿਬਾਣ ਬੈਕੁੰਠ ਪਠਾਇਆ ॥ ਸਭ ਤੇ ਊਚ ਅਸਥਾਨ[7] ਬੈਠਾਇਆ ॥
ਜੋਤਿ ਸਰੂਪ ਵੈ ਤਹਾ ਬਿਰਾਜੈ ॥ ਮਾਤ ਤਾਤ ਢਿਗ ਵਾ ਕੀ ਛਾਜੈ ॥
ਹਰਿ ਭਗਤਨ ਬਡਿਆਈਆ ਬਰਹੈ[8] ॥ ਸਭਨਿ ਛਤ੍ਰ ਪਰਦਛਨਾ ਕਰਿਹੈ ॥
ਸਾਤੋ ਰਿਖ ਢਿਗ ਵਾ ਕੀ ਛਾਜੈ ॥ ਕਰੈ ਪਰਦਛਨਾ ਸਹਜਿ ਬਿਰਾਜੈ ॥36॥

ਦੋਹਰਾ ॥ ਹਰਿ ਭਗਤਨ ਕੋ ਪਰਭਾਵ ਜੋ ਕੋ ਕਹਿ ਸਕੈ ਬਨਾਇ ॥
ਸਹਸ੍ਰ ਬਾਕ ਕਰਿ ਹਰਿ ਹਰਿ ਕਹਿ ਕਹਿ[9] ਨ ਅਘਾਇ ॥1॥

ਦੋਹਰਾ ॥ ਪਰਚੀ ਪੂਰਨ ਪ੍ਰਭ ਕਰੀ ਧ੍ਰੂਅ ਭਗਤ ਕੀ ਮੀਤ ॥
ਅਬ ਮਨੁ ਏਕਾਗਰ ਕਰਿ ਸੁਨਉ ਪ੍ਰਹਿਲਾਦ ਭਗਤ ਜਿਵ[10] ਕੀਤ ॥2॥36॥
16॥[15]

## ੧ਓ ਪਰਚੀ ਪਹਿਲਾਦ ਜੀ ਕੀ

ਚੌਪਈ ॥ ਪਹਿਲਾਦ ਭਗਤ ਕੀ ਕਥਾ ਅਨੂਪ ॥ ਤੁਝੈ ਸੁਨਾਊ ਧਾਰਿ ਸਰੂਪ ॥

---

(1) ੲ ਪੋਥੀ 'ਫੂਸ',
(2) ੲ ਪੋਥੀ 'ਧਰੈ',
(3) ਅ ਪੋਥੀ 'ਵਾਧਕ',
(4) ੲ ਪੋਥੀ 'ਕਰਿ',
(5) ਅ ਪੋਥੀ 'ਨੈਵੈ',
(6) ੲ ਪੋਥੀ 'ਜੋੜੁ',
(7) ੲ ਪੋਥੀ 'ਅਸਥਾ',
(8) ਅ ਤੇ ੲ ਪੋਥੀ 'ਮਰਿਹੈ',
(9) ੲ ਪੋਥੀ 'ਕਹੈ',
(10) ੲ ਪੋਥੀ 'ਜਿਉ'

ਸ੍ਰੀ ਭਾਗਵਤ[1] ਮਾਹ ਹੈ ਏ ਬਖਿਆਨ ॥ ਅਉ ਖਿਸਨ ਪੁਰਾਨ ਮਾਹਿ ਪਰਧਾਨ ।
ਜਿਉ ਸੁਨਿਓ ਤਿਉ ਭਾਖਾ ਭਾਖਿਆ[2] ॥ ਭਾਵ ਅਰਥੁ ਵੈਸੈ ਹੀ ਰਾਖਿਆ[3] ॥
ਤੁਮਹਿ[4] ਸੁਨਾਵਉ ਹਿਤ ਚਿਤੁ ਲਾਈ ॥ ਤੁਮ ਸੁਨਹੁ ਕ੍ਰਿਪਾ ਕਰਿ ਮੇਰੇ ਭਾਈ ॥
ਜਿਤੁ ਸੁਨਿਏ ਮਨਿ ਪ੍ਰੇਮੁ ਬਢਾਵੈ[5] ॥ ਭਾਉ ਭਗਤਿ ਹਰਿ ਕੀ ਠਹਰਾਵੈ[6] ॥1॥

ਦੋਹਰਾ ॥ ਹਰਿ ਭਗਤਿ ਜਨਾ ਕੀ ਬਾਰਤਾ ਸੁਨੀਐ ਮਨੁ ਚਿਤੁ ਲਾਇ ॥
ਸੰਸਕਾਰੁ ਜਿਤੁ[7] ਗਿਆਨ ਕਾ ਦਿਨ ਦਿਨ ਬਢਤਾ ਜਾਇ ॥1॥

ਚੌਪਈ ॥ ਇਜੈ ਬਿਜੈ ਬੈਕੁੰਠੈ ਰਹੈ ॥ ਠਾਕੁਰ ਪਉਰ ਪਉਰੀਆ ਕਹੈ ॥
ਜੋ ਕੋਈ ਸਾਧ ਤਹਾ ਚਲਿ ਆਵੈ ॥ ਕਰਿ ਅਰਦਾਸ ਲੇ ਭੀਤਰਿ ਜਾਵੈ ॥
ਇਕ ਦਿਨ ਸਨਕਾਦਿਕ ਤਹਿ ਆਏ ॥ ਬ੍ਰਹਮਚਰਜ ਕੋ ਭੇਖੁ ਬਨਾਏ ॥
ਮਨੋ[8] ਪਾਚ ਸਾਤ ਬਰਖ ਕੇ ਬਾਰਕ ।। ਗਿਆਨ ਧਿਆਨ ਮਹਿ ਤਤ ਫੁਰ ਲਾਇਕ॥
ਹਰਿ ਦਰਸਨ ਤਿਨ ਸਰਧਾ ਧਾਰੀ ॥ ਨੇਸੰਕਚ[9] ਲੇਵੈ ਪਉਰ ਮੁਰਾਰੀ ॥2॥

ਦੋਹਰਾ ॥ ਠਾਕੁਰ ਤਹਾਂ ਇਕਾਤ ਮੈ ਲਛਮੀ ਜਹਾਂ ਸੁਹਾਇ ॥
ਤਾ ਤੇ ਰੋਕੈ[10] ਪਉਰਅਨਿ ਸਨਕਾਦਿਕ ਗਏ ਰਿਸਾਇ ॥1॥

ਚੌਪਈ ॥ ਹਮ ਬਾਲਿਕ ਹਰਿ ਪਿਤਾ ਹਮਾਰੇ ॥ ਮਾਤ ਪਿਤਾ ਗ੍ਰਿਹ ਜਾਹਿ ਜੁ ਬਾਰੇ ॥
ਤਿਨ ਕਉ ਰੋਕਣ ਉਚਤ ਨ ਹੋਈ ॥ ਪੁਤ੍ਰਨ ਤੇ ਪਰਦਾ ਕਰੈ ਨ ਕੋਈ ॥
ਇਹ ਅਸਰ ਬੁਧਿ ਤੁਮ ਨੈ ਜੋ ਧਾਰੀ ॥ ਤਾ ਤੇ ਅਸਰ ਤੁਮ[11] ਹੋਹੁ ਅਨਾਰੀ ॥
ਤੇ ਸੁਨਿ ਸਰਾਪ ਅਧਿਕ ਬਿਲਲਾਏ ॥ ਠਾਕੁਰ ਸਿਉ ਬਿਰਤਾਤੁ[12] ਜਨਾਏ ॥
ਠਾਕੁਰ ਤਿਨ ਕੀ ਕਰੀ ਦਿਲਾਸਾ ।।[13] ਇਹੁ ਸਰਾਪੁ ਤੁਮ ਪੂਰਨ ਆਸਾ ॥3॥

ਦੋਹਰਾ ॥ ਬਡਿਅਨ ਕੇਰੇ ਕੋਪ[14] ਸਮ[15] ਇਤਰਨ ਦਇਆ ਨ ਲਾਇ ॥
ਵਹ[16] ਭੇਖ ਜਿ ਦੁਖ ਕਉ ਹਰੈ ਇਤਰ ਕੋ ਗੁਰੁ ਦੁਖਦਾਇ ॥1॥

---

(1) ੲ ਪੋਥੀ 'ਭਾਗਵਤਿ', (2) ੲ ਪੋਥੀ 'ਭਾਖਿਓ',
(3) ੲ ਪੋਥੀ 'ਰਾਖਿਓ', (4) ੲ ਪੋਥੀ 'ਸੋ ਮੈ',
(5) ੲ ਪੋਥੀ 'ਬਢਾਈ', (6) ੲ ਪੋਥੀ 'ਠਹਿਰਾਈ',
(7) ੲ ਪੋਥੀ 'ਜਿਉ', (8) ੲ ਪੋਥੀ 'ਮਾਨੋ',
(9) ੲ ਪੋਥੀ 'ਨਿਸੰਗਚ',
(10) ਅ ਪੋਥੀ 'ਰੋਕ',
(11) ਅ ਪੋਥੀ 'ਤਮ', ੲ ਪੋਥੀ 'ਬ੍ਰਧਿ',
(12) ੲ ਪੋਥੀ 'ਖਿਰਤੰਤ',
(13) ਪਾਠਾਂਤਰ ਅ ਪੋਥੀ 'ਕਰਿ ਕਿਰਪਾ ਕਾਟੋ ਜਮ ਫਾਸਾ',
(14) ੲ ਪੋਥੀ 'ਕੋਮੋ',
(15) ੲ ਪੋਖੀ 'ਮਮ'
(16) ੲ ਪੋਥੀ 'ਬਹੁ'

ਚੌਪਈ ॥ ਤਬ ਇਜੈ ਖਿਜੈ ਬਿਨਤੀ ਕਰੀ ॥ ਹਮ ਕੈਸੇ ਪਾਵੈ ਪੁਨਿ ਤੁਮ ਹਰੀ ॥
ਹਰਿ ਪਰਮ[1] ਦਇਆ ਕਰਿ ਆਖਿ[2] ਸੁਨਾਇਆ ॥ ਹਰਿ ਕੋ ਪਾਵਨੁ ਸੁਲਭ ਬਤਾਇਆ ॥
ਸਾਤ ਜਨਮ ਲਉ ਮੋਹਿ ਧਿਆਵੈ ॥ ਅਨਿੰਨ ਭਗਤਿ ਕਰਿ ਹਰਿ ਲਿਵ ਲਾਵੈ ॥
ਜੀਵਨ ਮੁਕਤਿ ਪਦਵੀ ਕਉ ਪਾਇ ॥ ਪੁਨਿ ਦੇਹ ਤਜੇ ਮੁਹਿ ਆਇ ਮਿਲਾਇ ॥
ਤਿਸੁ ਭਜਿ ਕਰਿ ਜਗੁ ਸੁਖੁ ਪਾਵੈ ॥ ਆਉ ਤੀਨ ਲੋਕ ਕਰਿ ਜਸੁ ਨ ਅਘਾਵੈ ॥4॥

ਦੋਹਰਾ ॥ ਜੇ ਕੋ ਮੋ ਕਉ ਧਿਆਵਈ ਅਨਿੰਨ ਭਗਤਿ ਰਿਦ ਧਾਰਿ ॥
ਸਾਤ ਜਨਮ ਮਹਿ ਮੋ ਮਿਲੈ ਪਰਮਾਤਮਾ ਤਤੁ ਬੀਚਾਰ ॥1॥

ਚੌਪਈ ॥ ਜੇ ਕੋ ਮੋ ਸਿਉ[3] ਬੈਰੁ ਕਮਾਵੈ ॥ ਬਹੁ ਬੈਰ ਬਿਰੋਧ ਰਿਦ ਅੰਤਰਿ ਲਿਆਵੈ ॥
ਮੈ ਲੈ ਅਉਤਾਰੁ ਤਿਸੁ ਕਰਉ ਪ੍ਰਹਾਰਾ ॥ ਧਰਿ ਤੀਨ ਜਨਮ ਸੋ[4] ਉਤਰੈ ਪਾਰਾ॥
ਸਾਜੋਜ ਮੁਕਤਿ ਸੋ ਪ੍ਰਾਨੀ ਪਾਵੈ ॥ ਜੋ ਮੋ ਸਿਉ ਕੋਈ ਬੈਰੁ ਕਮਾਵੈ ॥
ਸੋ ਅਪੁਨੇ ਆਪ ਕਾ ਕਰੈ ਉਧਾਰ ॥ ਤਿਸੁ ਦੁਸਟ ਬਖਿਆਨ ਜਗੁ ਕਰੈ ਉਚਾਰ ॥
ਮੋਹਿ ਮਿਲਨ ਮਹਿ[5] ਨਾਹੀ ਸੰਸਾ ॥ ਧਰਿ ਅਉਤਾਰ ਮੈ ਕਰਿ ਹਉ ਹਿੰਸਾ ॥5॥

ਦੋਹਰਾ ॥ ਜੇ ਕੋ ਮੋਹਿ ਧਿਆਵਹੀ ਤਿਸੁ ਭਜਿ ਜਗੁ ਮੁਕਤਾ ਹੋਇ ॥
ਬੈਰ ਬਿਰੋਧ ਕਮਾਵਤੇ ਦੁਸਟ ਬਖਾਨੈ[6] ਲੋਇ ॥1॥

ਚੌਪਈ ॥ ਜਬ[7] ਇਜੈ ਬਿਜੈ ਨੇ ਬਚਨ ਉਚਾਰੇ ॥ ਅਨਿੰਨ ਭਗਤਿ ਹੈ ਕਠਿਨ ਮੁਰਾਰੇ ॥
ਮਨੁ ਚੰਚਲੁ ਸੋ ਹੋਇ ਨਿ ਆਵੈ ॥ ਇੰਦ੍ਰੀ ਪ੍ਰਬਲ ਰੋਕੀ ਨਹੀ ਜਾਵੈ ॥
ਕਾਮ ਕ੍ਰੋਧ ਮਹਾ ਬਲਕਾਹੀ[8] ॥ ਲੂਟਿ ਲੇ ਜਾਵਹਿ ਵੀਚੇ[9] ਮਾਰੀ ॥
ਬਿਛੋਰਾ ਸਾਤਿ ਜਨਮ ਕਾ ਹੋਈ ॥ ਸੋ ਹਮ ਪਹਿ ਜਾਤਿ ਸਹਿਓ ਨਹੀ ਸੋਈ ॥
ਭਲਾ ਬੁਰਾ ਜਗੁ ਕਹੈ ਨ ਡਰਿਹੈ॥ਜਿਉ[10] ਤੁਰਤੁ ਮਿਲੈ ਸੋਈ ਕਾਰਜੁ ਕਰਿਹੈ॥6॥

ਦੋਹਰਾ ॥ ਭਲਾ ਬੁਰਾ ਜਗ ਕੇ ਕਹੇ ਕਾਰਜੁ ਸਰੈ ਨ ਕੋਇ ॥
ਤਿਸੀ ਚਲਨ ਕਉ ਧਾਰਿਹੈ[11] ਜਿ[12] ਤੁਰਤੁ ਮਿਲਾਵਾ ਹੋਇ ॥1॥

---

(1) ੲ ਪੋਥੀ 'ਪਦ',
(2) ੲ ਪੋਥੀ 'ਭਾਖਿ',
(3) ੲ ਪੋਥੀ 'ਸੋ',
(4) ੲ ਪੋਥੀ 'ਸਿਉ',
(5) ੲ ਪੋਥੀ 'ਮੋ',
(6) ੲ ਪੋਥੀ 'ਕਮਾਵੈ',
(7) ੲ ਪੋਥੀ 'ਤਬ',
(8) ੲ ਪੋਥੀ 'ਮਲਕਾਰੀ',
(9) ਅ ਪੋਥੀ 'ਬੀਜੇ', ੲ ਪੋਥੀ 'ਬੀਚਹਿ',
(10) ੲ ਪੋਥੀ 'ਜਿਤੁ',
(11) ੲ ਪੋਥੀ 'ਧਾਰੀਐ',
(12) ੲ ਪੋਥੀ 'ਜੋ'

ਚੌਪਈ ॥ ਸੋ ਇਜੈ ਬਿਜੈ ਜਗੁ ਉਤਰੇ ਆਈ ॥ ਹਰਿਨਾਛਸ ਹਰਨਕਸਪ[1] ਦੁਇ ਭਾਈ ॥
ਹਰਨਾਛਸ ਜਬ ਭਇਓ ਜੁਆਨਾ ॥ ਭੂਮ ਉਠਾਇ ਦਧਹਿ ਲੁਕਾਨਾ ॥
ਸਭ ਦੇਵੀ ਦੇਵ[2] ਦੁਖਤ ਤਬ ਭਏ ॥ ਜਾਇ ਬ੍ਰਹਮਾ ਪਹਿ ਦੁਖ ਸਭ ਕਹੇ ॥
ਤਬ ਬ੍ਰਹਮੈ ਹਰਿ ਕੌ ਧਰਿਓ ਧਿਆਨ ॥ ਛਿਕ[3] ਤੇ ਅਨੁ ਬਾਰਾਹੁ[4] ਉਪਜਾਨ ॥
ਦੇਵਤਿਆ ਤਬ ਉਸਤਤਿ ਠਾਨੀ ॥ ਹਰਿ ਬਢਿ ਗਏ ਨ ਦਿਸਟਿ[5] ਪੁਜਾਨੀ॥7॥

ਦੋਹਰਾ ॥ ਹਰਿ ਕੂਦਿ ਮਹੋਦਧ ਮੈ ਪਰੇ ਬਾਰਾਹ[6] ਰੂਪ ਕਉ ਧਾਰ ॥
ਹਰਨਾਛਸ ਮਾਰਿ ਬਿਡਾਰਿਆ ਧਰ[7] ਕੋ ਕਰਿਓ ਉਧਾਰ ॥1॥

ਚੌਪਈ ॥ ਭੂਮ ਦਾੜ ਪਰ ਉਠਾਇ ਲੇ ਆਏ ॥ ਸੋਮ ਮਾਹਿ ਮਾਨੋ ਸਿਆਮ ਸੁਹਾਏ ॥
ਜਿਉ ਸਨਮ[8] ਕਪੋਲ ਪਰ ਖਾਲੁ ਬਿਰਾਜੈ ॥ ਬਾਰਾਹ[9] ਦਾੜ ਪਰ ਪਿਰਥਵੀ ਛਾਜੈ॥
ਸੋ ਜਲ ਪਰ ਫਿਰਿ ਦੀਨ ਬਿਛਾਏ ॥ ਸਕਲ ਜੀਵ ਤਹ ਆਨਦ ਪਾਏ ॥
ਹਰਨਾਕਸਪ[10] ਤਾ ਕੋ ਜੋ ਭਾਈ ॥ ਤਿਨ ਮੈ ਬਹੁ ਖੁਨਸ ਬਢਾਈ ॥[11]
ਜਬ ਭਇਓ ਜੁਆਨ ਪੁਨਿ ਆਪੁ ਸਭਾਲਾ ॥ ਭ੍ਰਾਤ ਕੋ ਦੁਖ ਤਿਸੁ ਉਰ ਮਹਿ ਸਾਲਾ ॥8॥

ਦੋਹਰਾ ॥ ਮੰਦਾਚਲ[12] ਪਰਬਤਿ ਜਾਇ ਕੈ ਘੋਰ ਤਪਸਿਆ ਕੀਨ ॥
ਚਤੁਰਾਨਨ ਮੂਰਤਿ ਧਿਆਨੁ ਧਰਿ ਪ੍ਰੇਇ ਰਿਦੇ ਮਹਿ ਲੀਨ ॥1॥

ਚੌਪਈ ॥ ਪੁਨਿ ਦੇਵਤਿਆ ਕਉ ਚਿੰਤਾ ਹੋਈ ।। ਜਾਇ ਸੁਰਪਤਿ ਸਿਉ ਭਾਖੀ ਸੋਈ ॥
ਹਰਨਕਸਪ[13] ਹਰਨਾਛਸ ਕਾ ਭਾਈ ॥ ਮੰਦਾਚਲ ਪਰਬਤ ਤਪ ਲਿਵ ਲਾਈ ॥
ਚਤੁਰਾਨਨ ਕਉ ਵਹ ਨੀਕੈ ਸੇਵੈ ॥ ਸੋ ਤਪ ਕਰਿ ਵਹ ਹਮ ਕਉ ਦੁਖੁ ਦੇਵੈ ॥
ਜੋਰਿ ਸੂਰ ਇੰਦ੍ਰ ਉਠਿ ਧਾਇਆ ॥ ਜਹ ਧਾਮ ਅਸੁਰ ਕਾ ਤਹ ਕਉ ਆਇਆ ॥
ਸਭ ਅਸੁਰ ਮਾਰਿ ਨਗਰੀ ਉਜਾਰੀ ॥ ਜਹ[14] ਜੁਧ ਭਇਆ ਅਟਿ ਧੁੰਧੂਕਾਰੀ॥9॥

ਦੋਹਰਾ ॥ ਹਰਨਾਕਸਪ ਕੀ ਤ੍ਰੀਆ ਕਉ ਲੈ ਚਲਿਓ ਅਪ[15] ਧਾਮ ॥
ਅਧ ਮਾਰਗ ਨਾਰਦ ਮਿਲੇ ਬਿਲਮਾਈ ਤਹ ਬਾਮ ॥1॥

---

(1) ਅ ਪੋਥੀ 'ਹਰਨਕਸਬ',
(2) ੲ ਪੋਥੀ 'ਦੇਵਾ',
(3) ੲ ਪੋਥੀ 'ਛਿੜ',
(4) ੲ ਪੋਥੀ 'ਬੈਰਾਹ',
(5) ੲ ਪੋਥੀ 'ਦਿਸਤਿ',
(6) ਅ ਤੇ ੲ ਪੋਥੀ 'ਬੈਰਾਹਿ',
(7) ੲ ਪੋਥੀ 'ਸਾਧਨ',
(8) ਅ ਪੋਥੀ 'ਸਨ', ੲ ਪੋਥੀ 'ਸਾਮ'
(9) ੲ ਪੋਥੀ 'ਬੈਰਾਹ',
(10) ਅ ਪੋਥੀ 'ਹਰਨਾਕਸਬ',
(11) ਪਾਠਾਂਤਰ ਅ ਪੋਥੀ 'ਮਨ ਮਹਿ ਬੈਰ ਬਰੋਧ ਜਨਾਈ', ੲ ਪੋਥੀ 'ਮਨਿ ਮੈ ਵਹੁ ਬਹੁ ਚਿੰਤ ਕਰਾਈ',
(12) ੲ ਪੋਥੀ 'ਮੰਦਰਾਚਲ',
(13) ੲ ਪੋਥੀ 'ਹਰਨਖਸ',
(14) ੲ ਪੋਥੀ 'ਤਹਾ',
(15) ੲ ਪੋਥੀ 'ਅਅਪਨੇ'

ਚੌਪਈ ॥ ਤਬ ਸੁਰਪਤਿ ਕਉ ਬਚਨੁ ਉਚਾਰਾ ॥ ਭਲਾ ਭਇਆ ਗਾਉ ਅਸਰ ਕਾ ਮਾਰਾ ॥
ਕਹਾ ਪਰੋਜਨੁ ਇਸੁ[1] ਤਿਰੀਆ ਤਾਈ[2] ॥ ਸੋ ਹਮ ਕਉ ਤੁਮ ਦੇਹੁ ਬਤਾਈ ॥
ਇੰਦ੍ਰ ਕਹੈ[3] ਇਹੁ[4] ਗਰਭ ਕਉ ਧਾਰੈ ॥ ਗਰਭ ਛੇਦ[5] ਕਰਿ ਤਾ ਕਉ ਮਾਰੈ ॥
ਨੀਤ[6] ਸਾਸਤ੍ਰ ਮੈ ਬਿਹਤ ਇਹੁ ਕਾਰਨੁ ॥ ਗਰਭ ਛੇਦ ਸਤ੍ਰਨ[7] ਸੰਘਾਰਨੁ ॥
ਨਾਰਦ ਕਹੈ ਯਾ ਕੇ ਗਰਭ[8] ਮਾਹੀ ॥ ਬਿਸਨ ਭਗਤ ਪਰਪੂਰਨੁ ਆਹੀ ॥10॥

ਸੋਰਠਾ ॥ ਐਸੋ ਕੋ ਸਮਰਥੁ ਹਰਿ ਭਗਤਾ ਓਰ ਜੁ ਤਾਕਈ ॥
ਤਿਨ ਕੀ ਕਥਾ ਅਕਥ ਰਵਿ ਕਉ[9] ਤਿਮਰੁ ਜੁ ਕਿਆ ਕਰੈ ॥1॥

ਚੌਪਈ ॥ ਪਹਿਲਾਦੁ[10] ਭਗਤੁ ਤਾ ਜੇ ਉਪਜਾਈ ॥ ਸਭ ਦੇਵਨ[11] ਕੋ ਹੋਇ ਸਹਾਈ ॥
ਰਿਖ ਤਿਰੀਆ ਕਉ ਲੇ ਘਰਿ ਆਇਆ ॥ ਸੁਰਪਤਿ ਅਪੁਨੇ ਘਰਹਿ ਸਿਧਾਇਆ॥
ਪਹਿਲਾਦ ਭਗਤਿ ਕਉ ਗਰਭ ਹੀ ਮਾਹਿ ॥ਰਿਖ ਨਾਰਦ ਤਤੁ ਗਿਆਨੁ ਸੁਨਾਹਿ॥
ਹੇ ਬਾਲਕ ਜੋ ਸਰਬ ਬਿਆਪੀ ॥ ਤੀਨ ਭਵਨ ਕੋ[12] ਥਾਪ ਉਥਾਪੀ ॥
ਸਭ ਘਟ ਪੂਰਨ ਜੋਤਿ ਸਰੂਪੀ ॥ ਧਾਰਿ ਰੂਪ ਰਵਿ ਰਹਿਓ ਅਰੂਪੀ ॥11॥

ਦੋਹਰਾ ॥ ਨਿਰੰਕਾਰੁ ਆਕਾਰੁ ਆਪਿ ਨਿਰਗੁਨ ਸਰਗੁਨ ਏਕ ॥
ਏਕੋ ਏਕੁ ਬੀਚਾਰਿ ਕੈ ਗਹਿ ਰਾਖਉ ਇਹ ਟੇਕ ॥1॥

ਚੌਪਈ ॥ ਨਾਰਦ ਪੁਤ੍ਰੀ ਕਰਿ ਘਰਿ ਰਾਖੀ ॥ ਅਹਿਨਿਸ ਤਿਸੈ ਸੁਨਾਵੈ ਸਾਖੀ ॥
ਸੋ ਪਹਿਲਾਦ ਹਿਰਦੈ ਲੇ ਸਰੈ ॥ ਤਿਰੀਆ ਕਉ ਵਹ ਅਸੁਰ ਨ ਕਰੈ ॥
ਸਰੂਪ ਪਕਰਿ ਬਚਨੁ ਸੋ[13] ਆਵੈ ॥ ਨਿਰਮਲ ਠਉਰ ਪ੍ਰਤਬਿੰਬੁ ਜਨਾਵੈ ॥
ਤ੍ਰੀਆ ਈਹਾ ਸਭ ਸੁਖੁ ਕਰੈ ॥ ਪੀਅ ਬਿਓਗੁ ਮਨ ਅੰਦਰਿ ਧਰੈ ॥
ਹਰਨਕਸਪ ਘੋਰ ਤਪਸਿਆ ਕੀਨੀ ॥ ਦੀਵਕ[14] ਦੇਹ ਮਾਟੀ ਕਰਿ ਦੀਨੀ ॥12॥

ਦੋਹਰਾ ॥ ਦਿਬ[15] ਸਉ ਬਰਸ[16] ਲਉ ਤਪ ਕੀਓ ਅਹਿਨਿਸਿ ਮਨ ਲਿਵਲਾਇ ॥
ਬ੍ਰਹਮਾ ਤਬ ਪਰਸਨ ਭਇਓ ਚਲਿ ਆਇਓ ਤਿਹ ਠਾਇ ॥1॥

---

(1) ਅ ਤੇ ੲ ਪੋਥੀ 'ਯਾ',
(2) ਅ ਤੇ ੲ ਪੋਥੀ 'ਭਾਈ',
(3) ੲ ਪੋਥੀ 'ਕਹਾ',
(4) ੲ ਪੋਥੀ 'ਯਾ',
(5) ੲ ਪੋਥੀ 'ਛੇਡਿ',
(6) ਅ ਪੋਥੀ 'ਸਤ',
(7) ੲ ਪੋਥੀ 'ਸਤ੍ਰ',
(8) ੲ ਪੋਥੀ 'ਸੁਭ',
(9) ੲ ਪੋਥੀ 'ਕੋ',
(10) ੲ ਪੋਥੀ 'ਪ੍ਰਹਲਾਦਿ',
(11) ੲ ਪੋਥੀ 'ਦੇਵਤਿਆ',
(12) ੲ ਪੋਥੀ 'ਕਉ',
(13) ੲ ਪੋਥੀ 'ਸਿਉ',
(14) ੲ ਪੋਥੀ 'ਦੀਮ',
(15) ੲ ਪੋਥੀ 'ਬਹੁਤੁ',
(16) ੲ ਪੋਥੀ 'ਦਿਵਸ'

ਚੌਪਈ ॥ ਜਲ ਸਿਉ ਛਿਰਕ ਉਠਾਰਿ ਬੈਠਾਰਿਆ[1] ॥ ਹੋਇ ਪਰਸੰਨ ਤਿਸੁ[2] ਬਚਨ ਉਚਾਰਿਆ[3] ॥
ਤੈ ਹਮਰੀ ਬਹੁ ਸੇਵਾ ਕਰੀ ॥ ਜੋ ਮਾਗਉ[4] ਲੇਵਉ[5] ਇਹ ਘਰੀ ॥
ਹਾਥਿ ਜੋਰਿ ਤਿਨ ਕਹਿਓ ਬਾਲਾ ॥ ਜਬ[6] ਹਮ ਪਰ ਤੁਮ ਭਏ ਦਇਆਲਾ ॥
ਕਰਿ ਕਿਰਪਾ ਮੋ ਕਉ ਇਹ ਦੀਜੈ ॥ ਜਾਂ ਤੇ ਮੇਰਾ ਕੰਧੁ ਨ ਛੀਜੈ ॥
ਨਹ ਕੋਈ ਤਿਸੁ ਸਸਤਰੁ ਲਾਗੈ ॥ ਮੁਸਟ ਪਖਾਨ ਮਾਰਿ ਨਹੀ ਸਾਕੈ ॥13॥

ਦੋਹਰਾ ॥ ਨਿਸ ਬਾਸਰ ਧਰ ਦਿਵ ਘਰਿ ਬਾਹਰਿ ਮਿਰਤ ਨ ਸਾਕੈ ਜੋਹ ॥
ਪਸੁ ਪੰਖੀ ਮਾਨੁਖ ਤੇ ਨਾਂ ਮਰਾਂ[7] ਇਹੁ ਬਰੁ ਦੀਜੈ ਮੋਹਿ ॥1॥

ਚੌਪਈ ॥ ਤ੍ਰਿਲੋਕੀ ਕੀ ਹੋਇ ਇਕ ਛਤਰਾਜੁ ॥ ਸਭ ਬਿਧਿ ਬਨੈ[8] ਹਮਾਰੋ[9] ਕਾਜੁ ॥
ਹਰਨਾਕਸਪ ਬਰੁ ਮਾਗਿਆ[10] ਜੋਈ ॥ ਬ੍ਰਹਮਾ ਨੈ ਬਰੁ ਦੀਨਾ ਸੋਈ ॥
ਲੈ ਬਰੁ ਅਸੁਰ ਅਪੁਨੇ ਗ੍ਰਿਹ ਆਇਆ ॥ ਸਭ ਪਰਵਾਰ ਤਹ ਆਨ ਬਸਾਇਆ॥
ਨਾਰਦ ਤ੍ਰੀਆ ਆਨ ਤਿਹ ਦੀਨੀ ॥ ਰਿਖ ਪਰ ਅਸੁਰ ਕ੍ਰਿਪਾ ਬਹੁ ਕੀਨੀ ॥
ਅਸੁਰ ਸੰਬੂਹ[11] ਏਕਠਾ ਭਇਆ ॥ ਸੋ ਮੋ ਪਹਿ ਕਛੁ[12] ਜਾਤਿ ਨ ਕਹਿਆ॥14॥

ਦੋਹਰਾ ॥ ਜਿਉ ਮੇਘਾ ਜੁਰਿ[13] ਆਵਹੀ ਬਰਸੈ[14] ਅੰਮ੍ਰਿਤ ਧਾਰਿ ॥
ਤਿਉ ਦਲੁ ਅਸੁਰਨ ਕੋ ਜੁਰਿਓ ਅਨੀਤ ਕੀਓ ਬਿਸਥਾਰ ॥1॥

ਚੌਪਈ ॥ ਤਿਸੁ[15] ਘਰਿ ਪੂਤ੍ਰ ਜਨਮਿਓ ਪਹਿਲਾਦੁ॥ਜਨਮਤ ਅਸੁਰ ਮਨ ਭਇਓ ਅਹਿਲਾਦੁ॥
ਸੰਖ ਦਮਾਮੇ[16] ਭੇਰ ਬਜਾਏ[17] ॥ ਹੀਰੇ ਮੋਤੀ ਦਾਨੁ ਦਿਵਾਏ ॥
ਮਾਤ ਪਿਤਾ ਆਨੰਦ ਬਧਾਇਓ ॥ ਪੂਤ ਸਪੂਤ ਪਦਾਰਥੁ ਪਾਇਓ[18] ॥
ਜਉ ਕੁਲ ਮਾਹਿ ਪੂਤ ਉਪਜਾਈ[19] ॥ ਦੋਊ ਜਗ ਮਾਹਿ ਹੋਇ ਬਡਿਆਈ ॥
ਇਹ ਲੋਕ ਪਰਲੋਕ ਦੋਊ ਸੁ ਧਾਰੈ ॥ ਪਿਤ੍ਰਨ ਕਉ ਭਵਸਾਗਰ ਤਾਰੈ ॥15॥

ਦੋਹਰਾ ॥ ਹਰਿ ਜਪਿ ਆਪੁ ਉਧਾਰਈ ਪੁਨਿ ਪਿਤਰੀ ਕਰੈ ਉਧਾਰੁ ॥
ਸੋਈ ਸਪੂਤ ਕੁਲਦੀਪ ਕੋ ਅਉਰ ਕਪੂਤ[20] ਬੀਚਾਰ ॥1॥

---

(1) ੲ ਪੋਥੀ 'ਬੈਠਾਇਆ', (2) ਅ ਤੇ ੲ ਪੋਥੀ 'ਤਿਨ', (3) ੲ ਪੋਥੀ 'ਸੁਨਾਇਆ',
(4) ੲ ਪੋਥੀ 'ਮਾਗੋ', (5) ੲ ਪੋਥੀ 'ਲੇਵਹੁ', (6) ਅ ਪੋਥੀ 'ਜਉ',
(7) ੲ ਪੋਥੀ 'ਮਰਉ', (8) ੲ ਪੋਥੀ 'ਬਨੋ', (9) ੲ ਪੋਥੀ 'ਹਮਾਰੇ',
(10) ੲ ਪੋਥੀ 'ਮਾਂਗੈ', (11) ੲ ਪੋਥੀ 'ਸਮੂਹ', (12) ੲ ਪੋਥੀ 'ਕਢ',
(13) ੲ ਪੋਥੀ 'ਰਿਜੁ', (14) ਅ ਪੋਥੀ 'ਬਰਸੈ',
(15) ੲ ਪੋਥੀ 'ਤਿਹ', (16) ੲ ਪੋਥੀ 'ਨਗਾਰੇ',
(17) ੲ ਪੋਥੀ 'ਬਦਾਏ',
(18) ੲ ਪੋਥੀ 'ਪਾਏ',
(19) ਅ ਤੇ ੲ ਪੋਥੀ 'ਨਿਪਜਾਈ',
(20) ੲ ਪੋਥੀ 'ਕਪੋਤ'

ਚੌਪਈ ॥ ਅਤਿ ਉਤਸਾਹੁ ਅਸੁਰ ਮਨਿ ਭਇਆ ॥ ਦਲ ਕਉ ਜੋਰਿ ਸੁਰ ਪਰ [ਪੁਰ][1] ਕਉ ਗਇਆ ॥
ਤਹਾ ਜੁਧੁ ਭਇਓ ਅਤਿ ਭਾਰਾ ॥ ਦੇਵਤਿਆ ਕੀ ਆਈ ਹਾਰਾ ॥
ਜੋ ਕੋਈ ਕਿਸੂ ਜਾਇ ਦੁਖਾਵੈ ॥ ਹਾਥੋ ਹਾਥ ਇੰਦ੍ਰ ਜਿਉ ਪਾਵੈ ॥
ਭਾਗਿਓ ਇੰਦ੍ਰ ਬਹੁ ਦੇਵ ਕਟਾਏ ॥ ਸੁਰ ਪੁਰ ਨੀਕੀ[2] ਭਾਂਤਿ ਲੁਟਾਏ ॥
ਜੋ ਅਸੁਰਨ[3] ਸਿਉ ਬਾਦੁ ਕਰਾਹੀ ॥ ਦੇਵ ਨਹੀ ਵੈ ਅਸੁਰ ਹੀ ਆਹੀ ॥16॥

ਦੋਹਰਾ ॥ ਜੋ ਬੈਰ ਬਿਰੋਧ ਕਮਾਵਈ ਦੇਵ ਨ ਕਹੀਐ ਸੋਇ ॥
ਕਰਤੇ ਨੇ ਜੋ ਬਿਖੁ ਕਰੀ ਮਧੁਰ ਕਹੇ ਕਿਹਾ ਹੋਇ ॥1॥

ਚੌਪਈ ॥ ਹਰਨਕਸਪ ਨੇ ਸੁਰ ਪਰ ਲੀਆ ॥ ਅਮਲੁ ਦਖਲੁ ਅਪੁਨਾ ਕੀਆ ॥
ਪੁਨਿ ਉਲਟਿਓ ਬਰਨ ਕੁਬੇਰੁ[4] ਉਜਾਰੇ ॥ ਦਸੋ ਦਿਗਪਾਲ ਅਪੁਨੈ ਕਰਿ ਧਾਰੇ॥
ਸਭ ਦੇਵਤਿਆ ਨੇ ਪ੍ਰਾਕ੍ਰਮੁ[5] ਤਿਆਗੇ ॥ ਇਕ ਭਾਗੇ ਇਕ ਸੇਵਾ ਲਾਗੇ ॥
ਅਸੁਰ ਅਧੀਨ ਹੋਇ ਸੇਵਾ ਕਰੈ ॥ ਆਗਿਆ ਬੀਚ ਵੈ ਦਉਰੇ ਫਿਰੈ ॥
ਅਉਰ ਕਹਾਵੈ ਅਉਰ ਕਮਾਵੈ ॥ ਹਾਥੋ ਹਾਥੁ ਸੁ ਜਗ[6] ਮਹਿ ਪਾਵੈ ॥17॥

ਦੋਹਰਾ ॥ ਪ੍ਰਭ[7] ਕੇ ਦੇਵਨ ਅਸੁਰ ਹੈ ਸਾਛੀ ਰੂਪੀ ਸੋਇ ॥
ਜੈਸਾ ਬੀਜੈ ਸੋ ਲੁਣੈ ਹਰਿ ਫਲਦਾਰੀ ਹੋਇ ॥1॥

ਚੌਪਈ ॥ ਤੀਨ ਭਵਨ ਅਸੁਰ ਜਿਤ ਆਇਆ ॥ ਨਿਰਭੈ ਹੋਇ ਨੀਸਾਨੁ ਬਜਾਇਆ ॥
ਫੂਲਿਓ ਅੰਗੁ ਨ ਚੀਰ ਸਮਾਈ ॥ ਕਮਲਜ[8] ਕੈ ਬਰ ਨਉਨਿਧਿ ਪਾਈ ॥
ਹੋਮ ਜਗ ਹੋਨ ਨਹੀ ਪਾਵੈ ॥ ਜੋ ਦੇਵ ਭਾਗ ਅਸੁਰ ਲੇ ਜਾਵੈ ॥
ਹਰਿ ਕਾ ਨਾਮੁ ਜਹਾਂ ਸੁਨਿ ਪਾਵੈ ॥ ਤਿਸੁ ਜਨ ਮਾਰੈ ਧੂਰਿ ਮਿਲਾਵੈ ॥
ਬੈਰ ਬਿਰੋਧ ਹਰਿ ਸਿਉ ਤਿਨ ਬੰਧਾ ॥ ਅਜੇਚ[9] ਕੋ ਬਰੁ ਲੇ ਹੋਇ ਗਇਓ ਅੰਧਾ ॥18॥

ਦੋਹਰਾ ॥ [ਜੋ ਹਰਿਜਨ ਪਿਆਰੇ ਜਗਤ ਮੈ ਗੁਪਤ ਬਿਰਤ ਕਉ ਧਾਰਿ ॥
ਮਨ ਮੈ ਹਰਿ ਹਰਿ ਧਿਆਇ ਕੈ ਅਪੁਨਾ ਕਰੈ ਉਧਾਰ][10] ॥1॥

---

(1) ਅ ਪੋਥੀ ਤੋਂ, (2) ੲ ਪੋਥੀ 'ਨੀਕੇ', (3) ੲ ਪੋਥੀ 'ਅਸੁਰ',
(4) ੲ ਪੋਥੀ 'ਕੁਮੇਰ', (5) ਅ ਪੋਥੀ 'ਕ੍ਰਮ', ੲ ਪੋਥੀ 'ਕਰਮ',
(6) ਅ ਪੋਥੀ 'ਜਗਤ', (7) ੲ ਪੋਥੀ 'ਸਭ',
(8) ਅ ਤੇ ੲ ਪੋਥੀ 'ਕਮਲਜਾ', (9) ਅ ਪੋਥੀ 'ਅਜਾਚੀ', ੲ ਪੋਥੀ 'ਅਜਾਚੀ',
(10) ਅ ਤੇ ੲ ਪੋਥੀ ਵਿਚ ਇਸ ਦੀ ਬਜਾਏ ਨਿਮਨ ਦੋਹਰਾ ਹੈ :
ਅ ਪੋਥੀ : ਅਜਾਚੀ ਕੋ ਬਰੁ ਲੈ ਗਇਓ ਸੁਧੁ ਬੁਧਿ ਰਹੀ ਨ ਕਾਇ ॥
ਵੈਰ ਵਿਰੋਧ ਕਮਾਵਹੀ ਦੂਜੇ ਲਾਗੈ ਜਾਇ ॥
ੲ ਪੋਥੀ : ਅਜਾਜੀ ਕਉ ਬਰੁ ਲਇਓ ਸੁਧਿ ਬੁਧਿ ਰਹੀ ਨ ਕਾਇ ॥
ਮਾਇਆ ਮਦਿ ਸਿਉ ਰੁਚਿ ਰਹਿਓ ਸਭ ਸੋ ਵੈਰੁ ਕਮਾਇ ॥

ਚੌਪਈ ॥ ਸਭ ਦੇਵਤਿਆ ਨੈ ਜਬ[1] ਦੁਖੁ ਪਾਇਆ ॥ ਹੋਇ ਇਕਤ੍ਰ ਇਕੁ ਮੰਤ੍ਰ ਪਕਾਇਆ॥
ਪ੍ਰਬਲ ਅਸੁਰ ਮਹਾ ਬਲਵਾਨਾ ॥ ਬਰੁ ਬ੍ਰਹਮਾ ਤੇ ਲੇ ਗਰਬਾਨਾ ॥
ਤਾ ਸਿਉ ਜੁਧ ਲੈ ਸਕੈ ਨ ਕੋਈ ॥ ਕਰੈ ਕਹਾ ਕਠਨ ਬਹੁ ਹੋਈ ॥
ਜਾਇ ਬ੍ਰਹਮਾ ਸਿਉ ਬਿਨਤੀ ਕੀਨ ॥ ਤੁਮਰੈ ਬਰ ਹਮ ਭਏ ਅਧੀਨ ॥
ਸੁਰ ਸੰਗਲੇ ਬ੍ਰਹਮਾ ਸਿਵ ਪਹਿ ਗਇਓ ॥ ਸੋ ਭੀ ਤਹ ਤੇ ਠਾਢਾ ਭਇਓ॥19॥

ਦੋਹਰਾ ॥ ਸਭ ਮਿਲਿ ਹਰਿ ਪਹਿ ਆਇ ਕਰਿ ਬਿਨਉ ਕਰੈ ਬਿਲਲਾਇ ॥
ਅਸੁਰ ਹਮੈ ਦੁਖੁ ਦੇਤੁ ਹੈ ਕਿਰਪਾ ਕਰਹੁ ਸਹਾਇ ॥1॥

ਚੌਪਈ ॥ ਤਬ ਸਬਦ ਅਨਾਹਦ ਧੁਨਿ ਉਪਜਾਨੀ ॥ ਦੇਵਤਿਆ ਪ੍ਰਤਿ[2] ਆਖਿ ਬਖਾਨੀ ॥
ਅਸੁਰ[3] ਕੋ ਅੰਤੁ ਨਿਕਟਿ ਚਲਿ ਆਵੈ ॥ ਕੋਈ ਕਾਲ ਮੈ ਪ੍ਰਾਨ ਤਜਾਵੈ ॥
ਪ੍ਰਹਲਾਦੁ ਭਗਤੁ ਹੈ ਬਡੋ ਗਿਆਨੀ ॥ ਹਰਖ ਸੋਗ ਨਹੀ ਮਨ ਮੈ[4] ਆਨੀ ॥
ਨਿਰਭੈ ਹੋਇ ਕੈ ਤਬ[5] ਬਿਰਾਜੈ ॥ ਸੁਤ ਸਨਬੰਧੁ ਕੀਓ ਤਿਹ[6] ਕਾਜੈ ॥
ਨਿਦਾਨ ਅਸੁਰੁ ਜਬ ਤਿਸੈ ਦੁਖਾਵੈ ॥ ਹਰਿ ਮਾਰਿ ਅਸੁਰ ਤੁਮੈ[7] ਸੁਖ ਬਸਾਵੈ[8] ॥20॥

ਦੋਹਰਾ ॥ ਜੇ[9] ਕੋਈ ਸਾਧ ਦੁਖਾਵਖੀ ਤਿਸ ਕਾ ਹੋਵੈ ਨਾਸੁ ॥
ਹਾਥੋ ਹਾਥ ਸੁ ਪਾਵਈ ਦੁਹ ਜਗ ਹੋਇ ਉਪਹਾਸੁ ॥1॥

ਚੌਪਈ ॥ ਤੁਮ ਚਿੰਤਾ ਮਨ ਕਛੂ ਨ ਧਾਰਹੁ ॥ ਆਪੋ ਅਪਨੈ ਘਰਹਿ ਸਿਧਾਰਹੁ ॥
ਕੋਈ ਕਾਲ ਮਹਿ ਕਾਰ ਨੁ ਕਰਿਹੈ ॥ ਸਭ ਅਧਕਾਰੁ ਅਪਨਾ ਧਰਿਹੈ ॥
ਦੇਵਤਿਆ ਮਨਿ ਨਿਸਚੈ ਆਈ ॥ ਤਨ ਮਨ ਕੀ ਸਭ ਚਿੰਤ ਗਵਾਈ ॥
ਆਪੋ ਅਪੁਨੈ ਗਏ ਠਿਕਾਨੈ ॥ ਹਰਿ ਕਾ ਕਰਨਾ ਹਰਿ ਹੀ ਜਾਨੈ ॥
ਹਰਿ ਕੀ ਲੀਲਾ ਅਗਮ ਅਪਾਰ[10] ॥ ਭਾਣੈ ਥਾਪਿਉ ਥਾਪਨਹਾਰ ॥21॥

ਦੋਹਰਾ ॥ ਲੀਲਾ ਪਿਆਰੇ ਲਾਲ ਕੀ ਸਮਝੀ ਕਾ ਪਹਿ ਜਾਇ ॥
ਬਾਜੀਗਰ ਕੋ ਖੇਲ ਸੋ ਖੇਲੈ ਅਪੁਨੇ[11] ਭਾਇ[12] ॥1॥

---

(1) ੲ ਪੋਥੀ 'ਸਭ',
(2) ਅ ਪੋਥੀ 'ਪਤਿ',
(3) ਅ ਪੋਥੀ 'ਅਸਰ',
(4) ੲ ਪੋਥੀ 'ਮਹਿ',
(5) ੲ ਪੋਥੀ 'ਤਹਾ',
(6) ੲ ਪੋਥੀ 'ਤਿਨ',
(7) ੲ ਪੋਥੀ 'ਤੁਮ',
(8) ੲ ਪੋਥੀ 'ਪਾਵੈ',
(9) ਅ ਪੋਥੀ 'ਜੇ',
(10) ੲ ਪੋਥੀ 'ਅਪਰ',
(11) ੲ ਪੋਥੀ 'ਸਹਜਿ',
(12) ੲ ਪੋਥੀ 'ਸੁਭਾਇ',

ਚੌਪਈ ॥ ਪਹਿਲਾਦੁ ਭਗਤੁ ਬਾਲਕ ਬੇਚਾਰਾ ॥ ਸੋ ਮਾਤ ਪਿਤਾ ਕਉ ਬਹੁਤੁ ਪਿਆਰਾ ॥
ਜਬ[1] ਹੀ ਤੋਤਰੀ ਬੋਲੈ ਬਾਣੀ ॥ ਹਰਿ ਭਜੁ ਪਿਤ ਕਉ ਆਖਿ ਵਖਾਣੀ[2] ॥
ਵਹ ਹਰਨਕਸਪ ਮਨਿ ਮਾਹਿ ਬੀਚਾਰੈ ॥ ਪਿਆਰੁ ਕਰੈ ਲੇ ਉਰ ਮਹਿ ਧਾਰੈ ॥
ਜੋ ਤੁਤਲਾ ਹਰਿ ਉਸਤਤਿ ਕਰੈ ॥[3] ਸਭ ਉਲਟੀ ਸਮਝ ਅਸੁਰੁ ਮਨਿ ਧਰੈ ॥
ਜਬ ਹੋਇ ਸਿਆਨਾ ਹਰੀ ਉਚਾਰਾ ॥ਤਬ ਮਾਤ ਪਿਤਾ ਦੋਊ ਚੋਲੀ ਫਾਰਾ॥22॥

ਦੋਹਰਾ ॥ ਬੈਰ ਬਿਰੋਧ ਕਮਾਵਹੀ ਦੂਜੈ ਲਾਗੈ ਜਾਇ ॥
ਅੰਤਹਿਕਰਨ ਕਾ ਸੁਧ ਤਿਨ ਹਰਿ ਹਰਿਨਾਮੁ ਨ ਭਾਇ ॥1॥

ਚੌਪਈ ॥ ਸੁਕ੍ਰ ਪ੍ਰੋਹਤ ਕੇ ਦੋ ਪੂਤ ॥ ਸੰਡਾ ਮਰਕਾ ਚਤੁਰ ਸਰੂਪ ॥
ਦੋਊ ਬੁਲਾਇ ਬੈਠਾਇ ਬੁਝਾਇਆ ॥ ਇਹੁ ਮਮ ਪੂਤੁ ਕਪੂਤੁ ਹੋਇ ਆਇਆ ॥
ਜਿਨਿ ਮੋਰੋ[4] ਭਾਈ ਹੈ ਮਾਰਾ ॥ ਤਿਸ ਕਾ ਇਹ[5] ਅਬ ਨਾਮੁ ਉਚਾਰਾ ॥
ਯਾ ਕੈ ਉਦਰ ਮਮ ਭ੍ਰਾਤ ਦਿਖਾਤੁ ॥ ਅਬ ਗਰ [ਫਾਰ][6] ਉਦਰੁ ਰਤੁ ਪੀ ਜਾਤੁ ।
ਇਸੁ ਨਦਰਿ ਮੇਰਾਂ ਤੇ ਦੂਰਿ ਬਿਡਾਰਉ ॥ ਪਕਰ ਬਾਹ ਲੇ ਘਰਹਿ ਸਿਧਾਰਹੁ ॥23॥

ਦੋਹਰਾ ॥ ਬਿਸਨ ਨਾਮੁ ਜਬ ਲੇਤ ਮਮ ਨੈਨਾ ਰਕਤ ਭਰਾਇ ॥
ਸੁਖਦਾਈ ਭਾਈ ਉਦਰ ਇਸੁ ਮੋ ਕਉ ਨਦਰੀ ਪਾਇ ॥

ਚੌਪਈ ॥ ਤਬ ਸੰਡੈ ਮਰਕੈ ਕੀਓ ਬਖਾਨਾ ॥ ਇਹੁ ਬਾਲਕ ਅਬ ਹੀ ਆਹਿ ਨਿਦਾਨਾ ॥
ਇਸ ਲੈ ਜਾਇ ਹਮ ਬਿਦਿਆ ਦੇਹੈ ॥ ਅਨੀਤ ਬੁਝਾਇ ਕੈ ਨੀਤ ਦਿੜੈਹੈ ॥[7]
ਯਾ ਕਉ ਬਿਸਨੁ ਕਰਿ ਸਤਰੁ ਦਿਖਾਵੈ ॥ ਹੋਇ ਪੰਡਿਤੁ ਤਬ ਤੁਮ ਪੈ[8] ਲਿਆਵੈ ॥
ਜੋ ਪੂਛਉ ਸੋ ਦੇਇ ਬਤਾਇ ॥ ਤੁਮ ਮਨਿ ਭਾਵਤ ਬਾਤ ਸੁਨਾਇ ॥
ਸੋ ਪੰਡਿਤੁ ਤਿਸੁ ਘਰਿ ਲੇ ਗਏ ॥[9] ਭਾਉ ਭਗਤਿ ਕਰਿ ਮਨੁ ਹਥਿ ਲਏ[10]॥24॥

ਦੋਹਰਾ ॥ ਨੀਤ ਸਾਸਤ੍ਰ ਮੈ ਜੋ ਕਹਿਓ ਸਭ ਜਗ ਕੋ ਬਿਉਹਾਰ ॥
ਪਹਿਲਾਦ ਪੜਾਵੈ ਅਹਿਨਿਸੈ ਵਹ[11] ਬਿਨੁ ਹਰਿ ਅਉਰ ਨ ਧਾਰ ॥1॥

---

(1) ੲ ਪੋਥੀ 'ਜੇਬਾ',
(2) ੲ ਪੋਥੀ 'ਬਖਾਨੀ',
(3) ੲ ਪੋਥੀ ਪਾਠਾਂਤਰ 'ਜੋ ਹਿਤ ਚਿਤੁ ਲਾਇ ਕੈ ਉਸਤਤਿ ਕਰੈ',
(4) ੲ ਪੋਥੀ 'ਹਮਰੋ',
(5) ੲ ਪੋਥੀ 'ਤਿਸ',
(6) ਅ ਤੇ ੲ ਪੋਥੀ ਤੋਂ,
(7) ੲ ਪੋਥੀ 'ਦ੍ਰਿੜੈਹੈ',
(8) ੲ ਪੋਥੀ 'ਪਹਿ',
(9) ਪਾਠਾਂਤਰ ਅ ਤੇ ੲ ਪੋਥੀ 'ਚਾਟਿਸਾਲਾ ਮਹਿ ਆਨਿ ਬੈਠਾਏ',
(10) ਅ ਤੇ ੲ ਪੋਥੀ 'ਲੇ ਆਏ',
(11) ਅ ਤੇ ੲ ਪੋਥੀ 'ਅਹਿਨਿਸ'

ਚੌਪਈ ॥ ਜਿਹ ਘਟ ਗਿਆਨ ਕੋ ਦੀਪਕ [ਦੀਪ][1] ਜਗਾਈ ॥ ਤਹ[2] ਭਰਮ ਤਿਮਰ ਜਿਵ[3] ਨਿਕਟਿ ਨ ਜਾਈ ॥ ॥
ਭਾਉ ਭਗਤਿ ਹਰਿ ਕੀ ਜਹ ਹੋਈ ॥ ਆਨ ਉਪਦੇਸ ਤਿਸ ਲਗੈ ਨ ਕੋਈ ॥
ਹਰਿਨਾਮ ਕੇ ਰਸ ਜੋ ਰਸਨਾ ਪਾਗੈ ॥ ਤਿਸੁ[4] ਅਉਰ ਸੁਆਦ ਸਭ ਫੀਕੇ ਲਾਗੈ ॥
ਜਿਸ ਨੈਨਨ ਹਰਿ ਰੂਪ ਨਿਹਾਰਾ ॥ ਤਿਨੈ ਅਉਰ[5] ਰੂਪ ਨਹੀ ਲਗੈ ਪਿਆਰਾ ॥
ਜਿਨਿ ਹਿਰਦੈ ਹਰਿ ਮੂਰਤਿ ਪਰਸੈ ॥ ਤਿਨ ਅਉਰ ਪ੍ਰਭਾਉ[6] ਸੁਪਨੈ ਨਹੀ ਦਰਸੈ ॥25॥

ਦੋਹਰਾ ॥ ਤਿਲ ਕੋ ਤੇਲੁ ਤਬ ਲਗੁ[7] ਭਲੋ ਜਬ ਲਗੁ ਘਿਰਤੁ ਨ ਖਾਇ ॥
ਜਿਨ ਚਰਨ ਕਵਲ ਸਿਉ ਨੇਹ ਹੈ ਤਿਨਾ ਅਉਰ ਨ ਭਾਇ ॥1॥

ਚੌਪਈ ॥ ਅਸੁਰ ਸੁਭਾਉ ਜੋ ਲੀਐ[8] ਬੀਚਾਰਾ ॥ ਸੋਈ ਪੜਾਵੈ ਬਿਪ ਬਿਉਹਾਰਾ ॥
ਪੁਨਿ ਪੰਡਿਤੁ ਪਹਿਲਾਦ ਬੁਲਾਵੈ ॥ ਬਿਸਨ ਕਉ ਕਪਟੀ ਕਹਿ ਸਮਝਾਵੈ ॥
ਮਹੋਦਧ ਮਾਹਿ ਮੰਦ੍ਰਾਚਲੁ ਡਾਰਾ ॥ ਸੁਕ੍ਰਤ ਕਰਮੁ ਕਹੋ ਕਿਆ ਧਾਰਾ ॥
ਜੋ ਕੀਓ ਸੋਈ ਤਿਹ ਲੋਗਾ[9] ॥ ਕੂਰਮ ਹੋਇ ਕਰਮ ਕੈ ਕਉ ਭੋਗਾ ॥
ਦਧ ਦੁਖ ਦੇਇ ਰਤਨ ਸਭ ਲਏ ॥ ਕਪਟ ਸਿਉ ਬਾਟੇ[10] ਮੋਹਨੀ ਭਏ ॥26॥

ਦੋਹਰਾ ॥ ਜੋ ਲਛਮੀ ਰਤਨੁ ਅਨੂਪੁ ਥੀ ਅਪ ਘਰਿ ਰਾਖੀ ਆਨਿ ॥
ਸੋ ਘਰ ਘਰ ਨਾਚਤ ਫਿਰਤ ਹੈ ਕਪਟ[11] ਮੈ ਪਰਧਾਨ ॥1॥

ਚੌਪਈ ॥ ਸੰਖਾਸੁਰ ਮਨਿ ਸਰਧਾ[12] ਧਾਰੀ ॥ ਬੇਦ ਪੜਣ ਕੋ ਕੀਓ ਬੀਚਾਰੀ ॥
ਕਉਨ ਕਰਮੁ ਕਹੁ ਤਿਨ[13] ਨੈ ਧਾਰਾ ॥ ਮਤਸ[14] ਸਰੂਪੁ ਧਰਿ ਤਿਸ ਕਉ ਮਾਰਾ ॥
ਬਲ ਬਿਪ੍ਰਨ ਪੂਜੇ ਸੁਕ੍ਰਿਤੁ ਕਰੈ ॥ ਤਿਸੁ ਜਾਇ ਛਲੈ ਭਲਾ ਕਿਆ ਕਰੈ ॥
ਜਉ ਬਲ ਛਲ ਕਰਿ ਪਾਤਾਲ ਪਠਾਇਆ ॥ਤਿਨ ਭੀ ਅਪਨਾ ਕੀਆ ਪਾਇਆ॥
ਅਬ ਲਉ ਦੇਖੁ ਦਰਬਾਨੀ ਕਰੈ ॥ ਕਰਮੁ ਭੋਗ ਸੋ ਕਿਉ ਕਰਿ ਟਰੈ ॥27॥

ਦੋਹਰਾ ॥ ਤੁਮਰੈ ਕੁਲ ਮੈ ਜੋ ਬਡੋ[15] ਸੋ ਤਿਨ ਮਾਰਿਓ ਡਾਰਿ ॥
ਤਿਸੁ ਨਾਮੁ ਬਖਾਨਨ ਉਚਤ ਹੈ ਹੇ[16] ਪਹਿਲਾਦ ਬੀਚਾਰ ॥1॥

---

(1) ਅ ਤੇ ੲ ਪੋਥੀ ਤੋਂ, (2) ੲ ਪੋਥੀ 'ਤਹਾਂ', (3) ੲ ਪੋਥੀ 'ਜਿਉ',
(4) ਅ ਪੋਥੀ 'ਤਿਨਿ'. (5) ੲ ਪੋਥੀ 'ਅਰਸੁ', (6) ੲ ਪੋਥੀ 'ਭਾਉ',
(7) ਅ ਪੋਥੀ 'ਲਉ', (8) ੲ ਪੋਥੀ 'ਲੀਆ', (9) ੲ ਪੋਥੀ 'ਲੋਕਾ',
(10) ੲ ਪੋਥੀ 'ਬਾਢੇ', (11) ਅ ਪੋਥੀ 'ਕਪਟਨ',
(12) ੲ ਪੋਥੀ 'ਸੰਸਾ',
(13) ੲ ਪੋਥੀ 'ਕਿਨ',
(14) ਅ ਪੋਥੀ 'ਮਾਛ',
(15) ੲ ਪੋਥੀ 'ਬਡਾ',
(16) ੲ ਪੋਥੀ 'ਤੂੰ'

ਚੌਪਈ ॥ ਤਬ ਪ੍ਰਹਿਲਾਦੁ ਮਨ ਪਰਸਨੁ ਭਇਆ ॥ ਸੁਨਿ ਹਰਿਨਾਮੁ ਰੀਝ ਵਹ ਰਹਿਆ ॥
ਗਹਿ ਦੋਊ ਚਰਨ ਰਹਿਓ[1] ਧਰ ਮਾਥਾ ॥ ਕਹੈ ਆਜੁ ਮੈ ਭਇਓ ਸਨਾਥਾ ॥
ਜਬ ਕੀ ਸੁਧਿ ਮੈਨੇ ਹੈ ਪਾਈ ॥ ਨਹੀ ਕਿਨਹੂ ਨੇ ਹਰਿਨਾਮੁ ਸੁਨਾਈ ॥
ਅਬ ਤੁਮ ਤੇ ਹਰਿਨਾਮੁ ਸੁਨਿਓ ਹੈ ॥ ਜਨਮੁ ਸਫਲੁ ਮੈ ਆਜੁ ਗਨਿਓ ਹੈ ॥
ਕਿਸਹੂੰ ਮਿਸ [ਸੰਗੁ][2] ਜੋ ਕੋ ਹਰਿ ਕਹੈ॥ਪ੍ਰਹਲਾਦ ਚਰਨ ਤਾ ਕੇ ਗਹਿ ਰਹੈ॥28॥

ਦੋਹਰਾ ॥ ਹਰਿ ਅਗਮ ਅਗੋਚਰ ਅਲਖ ਹੈ ਤਹਿ ਮਨ ਬੁਧਿ ਚਿਤੁ ਨ ਜਾਇ ॥
ਜੋ ਉਪਮਾ ਕਰਿ ਕਛੁ ਕਹੈ ਸੋ ਉਸਤਤਿ ਬਿਲੈ[3] ਨ ਲਾਇ ॥1॥

ਚੌਪਈ ॥ ਹਰਿ ਗਰਬ ਪ੍ਰਹਾਰੀ ਸਭ ਕੋ ਜਾਨੈ ॥ ਸਾਸਤ੍ਰ ਬੇਦੁ ਭੀ ਇਹੀ ਬਖਾਨੈ ॥
ਦਧ ਅਤਿ ਅਸਥੂਲ ਆਪ ਕਉ ਜਾਨਾ ॥ ਰਤਨ ਪਾਇ ਸੋ ਬਹੁ ਗਰਬਾਨਾ ॥
ਜਿਨਿ ਦੀਏ[4] ਪੁਨਿ ਤਿਨ ਹੀ ਲੀਏ[5] ॥ ਜਿਉ ਭਾਨਾ ਤਿਉ ਬੰਡ ਬੰਡ ਦੀਏ[6] ॥
ਜਿਨ ਮਾਇਆ ਨੇ ਤ੍ਰਿਭਵਣ ਮੋਹੇ ॥ ਤਿਸੁ ਝਾਲ ਕਉ ਜਗ ਮੈ ਕੋਹੇ ॥
ਤਾ ਤੇ ਹਰਿ ਚਰਨਨ ਢਿਗ ਰਾਖੀ ॥ ਮੰਦ ਨ ਬੂਝਹਿ[7] ਦੇਖਿ ਕੈ ਆਖੀ ॥29॥

ਦੋਹਰਾ ॥ ਸੰਖਾਸੁਰ ਹਰਨਾਛਸ ਜੀਨੈ [ਜਿਨੇ][8] ਦੁਖੁ ਬੇਦਨ ਭੂਮਹਿ ਦੀਨ ॥
ਪਤਿਤ ਉਧਾਰਨ ਬਿਰਦੁ ਹਰਿ ਮੁਕਤਿ ਪਰਾਇਨ[9] ਕੀਨ ॥1॥

ਚੌਪਈ ॥ ਜੋ ਕੋ ਪਤਤੁ ਕਰੈ ਪਤਿਤਾਈ ॥ ਹਰਿ ਬਿਰਦੁ ਸਭਾਲਿ ਤਿਸੁ ਹੋਈ ਸਹਾਈ ॥
ਜਬ ਬਲ ਮਨਸਾ ਸੁਰ ਪਰ ਕਉ ਧਰੀ ॥ ਇੰਦ੍ਰ ਬਿਡਾਰ[10] ਰਾਜ ਹਉ ਕਰੀ ॥
ਜੋ ਪਰ ਘਰੁ ਤਾ ਕੈ[11] ਘਰੁ ਅਪੁਨਾ ਖੋਵੈ ॥ ਸੋਈ ਲੁਨੈ ਜੋ ਅਪ ਕਰਿ ਬੋਵੈ ॥
ਚਰਨ ਪ੍ਰਤਾਪ ਦਰਸ ਆਸਾ ਬਾਢੀ ॥ ਤਬ ਦੀਨ ਬੰਧੁ ਦਰਸਨ ਦੇ ਠਾਢੀ ॥
ਆਚਾਰਜ ਜਉ ਤੁਮ ਹਰਿ ਧਿਆਵਉ॥ਦੁਬਧਾ ਤਿਆਗ ਅਭੈ ਪਦੁ ਪਾਵਉ॥30॥

ਦੋਹਰਾ ॥ ਆਚਾਰਜ ਮਨ ਬਚ ਕ੍ਰਮ ਕਰਿ ਭਜੀਐ ਸ੍ਰੀ ਭਗਵਾਨ ॥
ਸਾਕਤ ਸੰਗੁ ਨ ਕੀਚਈ[12] ਜਬ ਲਗੁ ਘਟ ਮੈ ਪ੍ਰਾਨ ॥1॥

---

(1) ੲ ਪੋਥੀ 'ਕਹਿਓ',
(2) ਅ ਪੋਥੀ ਤੋਂ,
(3) ੲ ਪੋਥੀ 'ਬਿਲਮ',
(4) ੲ ਪੋਥੀ 'ਦੀਨੇ',
(5) ੲ ਪੋਥੀ 'ਲੀਨੇ',
(6) ੲ ਪੋਥੀ 'ਦੀਨੇ',
(7) ੲ ਪੋਥੀ 'ਬੂਝੈ',
(8) ੲ ਪੋਥੀ ਤੋਂ,
(9) ੲ ਪੋਥੀ 'ਪਦਾਰਥ',
(10) ੲ ਪੋਥੀ 'ਬਿਦਾਰਿ',
(11) ਅ ਪੋਥੀ 'ਕੁ'
(12) ੲ ਪੋਥੀ 'ਕੀਜਈ'

ਚੌਪਾਈ ॥ ਜਬ ਪ੍ਰਹਿਲਾਦ ਏ ਬਚਨ ਬਖਾਨੇ॥ਤਬ ਨਹਿ[1] ਗਏ ਦਾਂਤ[2] ਆਚਾਰਜ ਇਆਨੈ ॥
ਨਹੀ ਬਚਨ ਕਹਨ ਚਉ ਅਉਸਰੁ ਲਹੈ ॥ ਸਭ ਬਾਲਕ ਸੁਨਿ ਬਿਸਮੈ ਰਹੈ ॥
ਆਚਾਰਜ ਉਠਿ ਜਬ ਬਾਹਰ ਜਾਵੈ ॥ ਤਬ ਚਾਟੜਿਆ ਪ੍ਰਹਿਲਦੁ ਬੁਲਾਵੈ ॥
ਇਹੁ ਰਤਨੁ ਜਨਮੁ ਨਾਹੀ ਦੂਸਰ ਬਾਰਾ ॥ ਹਰਿ ਹਰਿ ਭਜਿ ਕੈ ਉਤਰਹੁ ਪਾਰਾ ॥
ਜਿਨ ਦੇਹ ਦੇਇ ਕੈ ਦੀਏ ਪਰਾਨਾ ॥ ਸੋ ਆਦਿ ਪੁਰਖੁ ਭਜੀਐ ਭਗਵਾਨਾ ॥31॥

ਦੋਹਰਾ ॥ ਹਰਿ ਭਜਿ ਆਪੁ ਉਧਾਰੀਐ ਇਹ ਅਉਸਰੁ ਇਹ ਬਾਰ ॥
ਫਿਰਿ ਪਛੁਤਾਵਾਨਾ ਮਿਟੈ ਜਾ ਜਮੁ ਕਰ ਗਹੈ ਕੁਠਾਰੁ[3] ॥1॥

ਚੌਪਾਈ ॥ ਪਹਿਲਾਦ ਭਗਤਿ ਊਚੀ ਮਤਿ ਪਾਈ ॥ ਨਿਤਪ੍ਰਤਿ[4] ਚਾਟੜਿਆ ਸਮਝਾਈ ॥
ਕਾ ਕੋ ਮਾਤ ਪਿਤਾ ਸੁਤ ਭ੍ਰਾਤਾ ॥ ਅੰਤਿਕਾਲ ਕੋਇ ਸਾਥਿ ਨਾ ਜਾਤਾ ॥
ਏਹ ਜਗਤੁ[5] ਭ੍ਰਮ ਭੂਤ ਪਸਾਰਾ ॥ ਨੈਨਨ ਦੇਖਤ ਬਿਨਸਨਹਾਰਾ ।
ਤੁਮ ਦੇਖਤ ਉਪਜੈ ਬਿਨਸਾਈ ॥ ਸੋ ਭਜੀਐ ਜੋ ਬਿਨਸ ਨਾ ਜਾਇ ॥
ਬਿਨਾਸੀ ਸਿਉ ਜੋ ਹਿਤ ਕਉ[6] ਲਾਵੈ॥ਵਹ[7] ਬਿਨਸੈ ਇਹੁ ਮਨਿ ਪਛੁਤਾਵੈ ॥32॥

ਦੋਹਰਾ ॥ ਬਿਨਾ[8] ਭਜਨ ਭਗਵੰਤ ਕੇ ਸਭ ਝੂਠੇ ਸਨਬੰਧ ॥
ਅੰਤਿ ਬਿਗੂਚਹੁ ਬਾਲਕੋ ਜੋ ਅਉਸਰ ਭਜਹਿ ਨ ਅੰਧ ॥1॥

ਚੌਪਾਈ ॥ ਜਿਨ ਜਠਰ ਅਗਨ ਦਸ ਮਾਸ ਰਖਾਇਆ ॥ ਪੁਨਿ ਬਾਹਰਿ ਆਨਿ ਜਗਤੁ ਦਿਖਾਇਆ ॥
ਅਬ ਸਾਸ ਗਿਰਾਸ ਸਹਾਇ[9] ਸੋਈ ॥ ਤਿਸੁ ਤਜਿ ਅਉਰੁ ਨ ਭਜੀਐ ਕੋਈ ॥
ਅਉਰ ਭਜੈ[10] ਹੈ ਬਿਨਸਨਹਾਰੇ ॥ ਬਿਨੁ ਹਰਿ ਕਉਨੁ ਉਤਾਰੇ ਪਾਰੇ ॥
ਈਹਾ ਉਹਾ ਸੰਗਿ ਸਹਾਈ ॥ ਸੋ ਹਰਿ ਭਜੀਐ ਮਨ ਚਿਤੁ ਲਾਈ ॥
ਬਿਨੁ ਹਰਿਨਾਮ ਅਉਰ ਬਕਬਾਦ॥ਪ੍ਰੇਮ ਸਿਉ[11] ਲੀਜੈ ਤਿਸ ਕੋ[12] ਸੁਆਦੁ ॥33॥

ਦੋਹਰਾ ॥ ਬਿਨੁ ਹਰਿਨਾਮ ਬਿਕਾਰ ਸਭ ਮਨ ਮੈ ਲੇਹੁ ਬੀਚਾਰ ॥
ਤਜਿ ਬਿਕਾਰ ਹਰਿਨਾਮ ਭਜੁ ਭਉਜਲ ਉਤਰਹੁ ਪਾਰਿ ॥1॥

---

(1) ੲ ਪੋਥੀ 'ਬਹਿ',
(2) ਅ ਪੋਥੀ 'ਦੀਤ', ੲ ਪੋਥੀ 'ਦੰਤ',
(3) ੲ ਪੋਥੀ 'ਕੁਹਾਰ',
(4) ਅ ਪੋਥੀ 'ਰਿਤਪ੍ਰਤਿ',
(5) ੲ ਪੋਥੀ 'ਜਗ ਹੈ',
(6) ੲ ਪੋਥੀ 'ਕੋਈ',
(7) ੲ ਪੋਥੀ 'ਉਹੁ',
(8) ਅ ਪੋਥੀ 'ਬਿਨ',
(9) ਅ ਪੋਥੀ 'ਸਰਾਈ',
(10) ੲ ਪੋਥੀ 'ਸਭੈ',
(11) ੲ ਪੋਥੀ 'ਸੋ',
(12) ੲ ਪੋਥੀ 'ਕਾ'

ਚੌਪਾਈ ॥ ਬਾਲਕਿਆ ਮਹਿ ਜੋ ਖਰਾ[1] ਸਿਆਨਾ ॥[2] ਤਿਨ ਨੈ ਤਹਾ ਕੀਓ ਬਿਖਿਆਨਾ ॥
ਇਹੁ ਗੁਰਮਤਿ ਜੋ ਤੁਮਹਿ ਸੁਨਾਈ[3] ॥ ਭਾਉ ਭਗਤਿ ਹਰਿ ਕੀ ਬਤਲਾਈ ॥
ਸੋ ਤੁਮ ਕਹ ਤੇ ਪਾਈ ਮੀਤਾ ॥ ਇਹੁ ਅਮੀ ਮਹਾਰਸੁ ਕਿਸ ਤੇ ਪੀਤਾ ॥
ਹਮ ਤੁਮ ਬਾਲਕ ਈਹਾ ਹੀ ਭਏ ॥ ਨਗਰਿ ਛੋਡਿ ਕਤਹੂੰ ਨਾ ਗਏ ॥
ਹਮ ਐਸੇ ਹੀ ਮੁਗਧ ਅਗਿਆਨੀ ॥ ਤੁਮ ਕੈਸੇ ਹੋ ਹਰਿ ਭਗਤਿ ਪਛਾਨੀ ॥34॥

ਦੋਹਰਾ ॥ ਜਿਉ ਤੁਮ ਗਿਆਨੁ ਪ੍ਰਕਾਸਿਆ ਤਿਵ[4] ਨੀਕੈ[5] ਦੇਹੁ ਬੁਝਾਇ ॥
ਜਿਨਿ ਜੁਗਤੀ ਹਰਿ ਧਿਆਇਐ ਸੋਈ[6] ਭਾਖ ਸੁਨਾਇ ॥1॥

ਚੌਪਾਈ ॥ ਜਬ ਬਾਲਕਿਆ ਮਨ ਸਰਧਾ ਧਾਰੀ ॥ਤਬ ਕਹਿਓ ਪ੍ਰਹਲਾਦ ਬ੍ਰਿਤਾਂਤੁ ਬੀਚਾਰੀ ॥
ਜਿਵ[7] ਇੰਦ੍ਰ ਆਇ ਮਾਤ ਲੈ ਗਇਓ ॥ ਫੁਨਿ[8] ਕਰਿ ਸਹਾਇ ਰਿਖ ਗਿਆਨਹਿ[9] ਦਇਓ ॥
ਸੋ ਸਭ ਏਕੁ ਏਕੁ ਤਿਨ[10] ਭਾਖਿਆ ॥ ਹਰਿ ਧਿਆਵਨ ਜੁਗਤਿ ਜਤਨ ਪੁਨਿ ਆਖਿਆ ॥
ਰਾਮ ਨਾਮ ਗੁਪਤ ਉਚਰੀਐ ॥ ਜੋ ਕਹੈ ਆਚਾਰਜੁ ਸੋ ਭੀ ਪੜੀਐ ॥
ਖੇਲਨ ਪੜਨ ਬਿਵਹਾਰੈ ਮਾਹੀ ॥ ਹਰਿ ਹਿਰਦੈ ਤੇ ਬਿਸਰੈ ਨਾਹੀ ॥35॥

ਦੋਹਰਾ ॥ ਚਰਨ ਕਵਲ ਹਰਿ ਦੇਵ ਕੇ ਰਾਖੋ ਹਿਰਦੇ ਮਾਹਿ ॥
ਚਾਰਿ[12] ਪਦਾਰਥ ਅਸਟ ਸਿਧ ਆਇ ਚਰਨੀ ਲਪਟਾਹਿ ॥1॥

ਚੌਪਾਈ ॥ ਜਬ ਹੀ ਆਇ ਆਚਾਰਜੁ ਬਹੈ ॥ ਤਿਨ ਕੈ ਭੈ ਸਭ ਬਾਲਕ ਪਰੈ[14] ॥
ਜਬ ਵੈ ਉਠਿ ਕਿਤਹੂੰ ਕਉ ਜਾਵੈ ॥ ਤਬ ਸਭ ਮਿਲ ਕੈ ਹਰਿ ਹਰਿ ਧਿਆਵੈ ॥
ਇਕ ਦਿਨ ਚਟਸਾਲ ਆਚਾਨਕ ਆਇਆ ॥ ਸਭ ਬਿਰਤਾਤੁ ਆਚਾਰਜੁ ਪਾਇਆ ॥
ਕੀਓ ਕ੍ਰੋਧੁ ਵਹ ਅਹਿ ਜਿਉ ਐਠਿਓ ॥ ਮਾਰਿ ਬਾਲਕਿਆ ਆਸਨ ਬੈਠਿਓ ॥
ਪ੍ਰਹਿਲਾਦ ਓਰ ਜਬ ਦ੍ਰਿਸਟ ਚਲਾਈ ॥ ਮਨ ਮੈ ਉਪਜੀ ਤਬ ਸੀਤ ਲਈ ॥36॥

ਦੋਹਰਾ ॥ ਜਿਵ[15] ਘਾਸ ਫੂਸ ਸਭੁ ਜਾਰਿ ਕੈ ਸਹ ਕਉ ਪਹੁਚੈ ਜਾਇ ॥
ਬਲ ਜਲ ਸਿਉ ਵਾ ਕਾ ਨਾ ਦਲੈ ਹੁਤਾਸਨ ਤਹਾ ਬੁਝਾਇ ॥1॥

---

(1) ਅ ਪੋਥੀ 'ਖਰੋ', (2) ਪਾਠਾਂਤਰ ੲ ਪੋਥੀ 'ਇਕੁ ਬਾਲਕੁ ਤਾ ਮਹਿ ਖਰਾ ਸਿਆਨਾ',
(3) ਪਾਠਾਂਤਰ ੲ ਪੋਥੀ 'ਗੁਰਮਤਿ ਜੋਤਿ ਹਉ ਤੁਮੈ ਸੁਨਾਈ', (4) ੲ ਪੋਥੀ 'ਤਿਤ',
(5) ੲ ਪੋਥੀ 'ਮਵਹੀ', (6) ੲ ਪੋਥੀ 'ਸੋ ਭੀ',
(7) ੲ ਪੋਥੀ 'ਜਮ' (8) ੲ ਪੋਥੀ 'ਪੁਨਿ',
(9) ੲ ਪੋਥੀ 'ਗਿਆਨ ਹਮ', (10) ੲ ਪੋਥੀ 'ਕਰਿ',
(11) ਅ ਪੋਥੀ 'ਮਾਰੀ', (12) ਅ ਪੋਥੀ 'ਚਰ',
(13) ੲ ਪੋਥੀ 'ਬੜੇ', (14) 'ੲ ਪੋਥੀ ਪੜੇ',
(15) ੲ ਪੋਥੀ 'ਤਿਵ',

ਚੌਪਈ ॥ ਸੰਡਾ ਮਰਕਾ ਦੋਨੋ ਭਾਈ ॥ ਹਰਨਕਸਪ ਰਾਜਾ ਪਹਿ ਜਾਈ ॥[1]
ਕਰੈ ਫਰੀਆਦ ਧਰ ਸਿਉ[2] ਪਗ ਮਾਰੈ ॥ ਅਤਿ ਕਠੋਰ ਬਾਨੀ ਉਚਾਰੈ ॥
ਪ੍ਰਹਿਲਾਦ ਕਪੂਤੁ ਘਰ ਖੋਵਨਹਾਰਾ ॥ ਚਟਸਾਲ ਮਾਹਿ ਖਲਹਲ ਤਿਨ ਡਾਰਾ ॥
ਸਭ ਬਾਲਕ ਤਿਨ ਜਾਇ ਬਿਗਾਰੇ ॥ ਜਗਤ ਕੀ ਓਰ ਬਉਰੇ ਕਰਿ[3] ਡਾਰੇ ॥
ਬੈਠ ਇਕਠ ਉਰ ਹਰਿ ਚਰਚਾ ਕਰੈ ॥ ਕਹੁ ਤਿਨ ਤੇ ਕਿਆ ਕਾਰਜ ਸਰੈ॥37॥

ਦੋਹਰਾ ॥ ਜੋ ਚਰਚਾ ਹਰਿ ਕੀ ਕਰੈ ਤਿਸੁ ਜਗ ਬਿਉਹਾਰ ਨ ਭਾਇ ॥
ਜਾਤਿ ਪਾਤਿ ਕੁਲ ਖੋਵਹੀ ਦਹੂੰ ਲੋਕ ਤੇ ਜਾਇ ॥1॥

ਚੌਪਈ ॥ ਤਬ ਰਾਜੈ ਪ੍ਰਹਿਲਾਦ ਬੁਲਾਇਆ ॥ ਕਹੁ ਕਪੂਤ ਤੂੰ ਕਿਆ ਪੜਿ ਆਇਆ ॥
ਦੁਇ ਕਰਿ ਜੋਰਿ ਕੀਓ ਪਰਨਾਮੁ ॥ ਪ੍ਰਹਿਲਾਦ ਕਹਿਓ ਹੇ ਪਿਤਾ ਸੁਆਮ ॥[4]
ਨੀਤ ਸਾਸਤ੍ਰ ਮੈ ਜਗ ਬਿਉਹਾਰੁ ॥ ਸੋ ਮੋ[5] ਪਹਿ ਪੜਾਇਓ ਦਿਜ[6] ਬੀਚਾਰੁ ॥
ਮੈ ਕਹਾ ਕਰਉ ਮੁਹਿ ਅਉਰ ਨ ਭਾਸੈ॥ ਜਲ ਥਲ ਏਕੋ[7] ਜੋਤਿ ਪ੍ਰਕਾਸੈ ॥
ਜੋ ਚਰ ਅਉਚਰ [ਅਉਰਿ][8] ਸਕਲ ਜਗ ਮਾਹੀ ॥ ਬਿਨੁ ਭਗਵਾਨੁ ਮੁਹਿ ਦੀਸਤ ਨਾਹੀ ॥38॥

ਦੋਹਰਾ ॥ ਜਲ ਥਲ ਮਹੀਅਲ ਸਕਲ ਮਹਿ ਏਕੋ[9] ਜੋਤਿ ਦਿਖਾਇ ॥
ਜਿਵ ਅੰਤਰਿ ਬਾਹਰਿ ਏਕ ਰਸ ਹੇਮੁ ਸੁਮੇਰ ਸੁਹਾਇ ॥1॥

ਚੌਪਈ ॥ ਜਬ ਪ੍ਰਹਿਲਦ ਏ ਬਚਨ ਸੁਨਾਏ ॥ ਅਗਨਿ ਮਾਹਿ ਘੀਉ ਪਰਿਓ ਮਾਨੋ[10] ਆਏ॥
ਆਗਿ ਲਗੀ ਸਭ ਚੀਰਨ ਤਾਈ ॥ ਦੋਊ ਨੈਨ ਲੋਹੂ[11] ਭਰਿ ਆਈ ॥
ਅਤਿ ਕੋਪਿਓ ਕੁਤਵਾਰ ਬੁਲਾਇਓ ॥ ਪਹਾੜਹੁ ਡਾਲਹੁ[12] ਇਉ ਫੁਰਮਾਇਓ ॥
ਅਤਿ ਉਚਾ ਜੋ ਹੋਇ ਪਹਾਰ ॥ ਪ੍ਰਹਿਲਾਦ ਚੜਾਇ ਤਹਾ ਦੇਵਹੁ ਡਾਰਿ ॥
ਦੈਤ ਲੇ ਚਲੇ ਸਮਝਾਵਤ[13] ਜਾਂਹੀ[14] ॥ ਕਿਆ ਪ੍ਰਹਿਲਾਦ ਤੂੰ ਹਠ ਪਰ[15] ਆਹੀ ॥39॥

ਦੋਹਰਾ ॥ ਪਿਤਾ ਕਾ ਕਹਿਆ ਜੁ ਮਾਨਈ ਸੋਈ ਸਪੂਤ ਕਹਾਇ ॥
ਸੁਖ ਸੰਪੈ ਬਹੁ ਭੋਗਈ ਜਗੁ ਕੀਰਤਿ ਤਿਸੁ ਗਾਇ ॥1॥

---

(1) ਪਾਠਾਂਤਰ ਅ ਪੋਥੀ 'ਹਰਿਨਾਕਸਬ ਪਹਿ ਉਠਿ ਕਹਿਓ ਜਾਈ', ਏ ਪੋਥੀ 'ਹਰਨਾਕਸ ਪਹਿ ਵਹਿ ਦਉਰੇ ਆਈ',
(2) ੲ ਪੋਥੀ 'ਸੋ',
(3) ੲ ਪੋਥੀ 'ਕਉ'
(4) ੲ ਪੋਥੀ 'ਸੁਜਾਨ',
(5) ੲ ਪੋਥੀ 'ਮੋਹਿ
(6) ਅ ਪੋਥੀ 'ਦਿਬ',
(7) ਅ ਤੇ ੲਪੋਥੀ 'ਏਕੈ',
(8) ੲ ਪੋਥੀ ਤੋਂ,
(9) ਅ ਪੋਥੀ 'ਏਕੋ',
(10) ੲ ਪੋਥੀ 'ਤਬਿ',
(11) ੲ ਪੋਥੀ 'ਰਕਤਿ',
(12) ੲ ਪੋਥੀ 'ਡਾਰਿਉ',
(13) ਅ ਪੋਥੀ 'ਸਮਝਾਵਤ',
(14) ਅ ਪੋਥੀ 'ਤੇ', ੲ ਪੋਥੀ 'ਜਾਈ',
(15) ਅ ਪੋਥੀ 'ਪਰਿਓ'

ਚੌਪਈ ॥ ਜੋ ਹਰਿ ਤੇ ਬੇਮੁਖ ਸੁਖ ਸੰਪੈ ਮਾਹੀ ॥[1] ਵੈ ਕ੍ਰਮ ਜਿਉ ਬਿਸਟਾ ਕੇਲ ਕਰਾਹੀ ॥[2]
ਬੇਮੁਖ ਮਾਤ ਪਿਤਾ ਜੋ ਹਰਿ ਤੇ ॥ ਹਰਿਜਨ ਤਿਨ ਮਿਲਿ ਨਰਕ ਨ ਪਰਤੇ ॥
ਜਬ ਤਿਨ ਕੋ ਕਹਿਓ ਪਹਿਲਾਦ ਨ ਭਾਇਆ ॥ ਚਾਰਿ ਪਹਾਰ ਤਾਹਿ ਢਰਕਾਇਆ ॥[3]
ਪਉਨ[4] ਗੋਦ ਲੇ ਧਰ[5] ਪਰ ਆਨਾ ॥ ਹਸਤ ਹਸਤ ਪ੍ਰਹਲਾਦ ਉਠਾਨਾ ॥
ਭੂਪਤਿ ਸਿਉ ਕੁਤਵਾਰ ਜਨਾਈ ॥ ਪ੍ਰਹਿਲਾਦ ਚੀਰ ਨਹੀ ਧੂਰ ਲਗਾਈ ॥40॥

ਸੋਰਠਾ ॥ ਮਨਿ ਆਨੰਦੁ ਬਢਾਇ ਪ੍ਰਹਿਲਾਦ ਹਸੇ ਹਰਿ ਅਮਰਲਖ ॥
ਤਾਂ ਕਉ ਭੈ[6] ਨਹੀ ਕਾਂਇ ਜਾ ਕੀ ਹਰਿ ਰਛਿਆ ਕਰੈ ॥1॥

ਚੌਪਈ ॥ ਫੁਨਿ[7] ਹਰਨਕਸਪ[8] ਮਾਤੰਗੁ ਮੰਗਾਇਆ ॥ ਮਹਾ ਮਦਮਾਤਾ ਦੇਖ ਡਰੁ ਆਇਆ॥
ਜਬ ਕਬਹਿ ਕਰੀ ਵਹ ਨਰਹਿ ਨਿਹਾਰੈ ॥ ਸੰਗਲੁ[9] ਤੋਰਿ ਨਰ ਕਉ ਜਾਇ ਮਾਰੈ॥
ਨਰ ਕੀ ਬਾਸ ਜਹ ਵਹ ਪਾਵੈ ॥ ਛੋਡਿ ਮਹਾਵਤ ਜਾਇ ਧੂਰ ਮਿਲਾਵੈ ॥
ਬਨ ਤੇ ਆਨਿ ਤਹਾ ਠਾਢਾ ਕੀਆ ॥ ਪ੍ਰਹਿਲਾਦੁ ਭਗਤੁ ਆਗੈ ਕਰਿ ਦੀਆ ॥
ਗਜ ਦਉਰ ਕਰ ਪਗ ਕੀਆ ਸਲਾਮੀ ॥ ਪੁਨਿ ਭਾਗਾ ਉਠਿ ਆਇਆ[10] ਧਾਮ ॥41॥

ਦੋਹਰਾ ॥ ਸਭ ਘਟ ਪੂਰਨ ਹਰਿ ਹਰੀ ਭਗਤ ਜਨਾ ਕੇ ਪ੍ਰਾਨ ॥
ਦੁਸਟ ਅਸੁਰ ਨਹਿ ਬੂਝਈ ਆਇਓ ਅੰਤ ਨਿਦਾਨ ॥1॥

ਚੌਪਈ ॥ ਪੁਨਿ ਪ੍ਰਹਿਲਾਦਹਿ ਤ੍ਰਾਸੁ ਦਿਖਾਇਓ[11] ॥ ਜਲ[12] ਫੇਰੇ ਮਹਿ ਆਨਿ ਗਿਰਾਇਓ॥
ਅੰਬੋਧ ਮਾਹਿ ਕਵਲ ਜਿਵ[13] ਰਹਿਓ ॥ ਸੁਖ[14] ਸਰੂਪੁ ਜੋ ਜਲ ਪਰਿ ਬਹਿਓ ॥
ਬਹੁਰਿ ਆਨਿ ਧਰਨ ਮਹਿ ਗਾਡਾ ॥ ਫਟੀ[15] ਧਰਨ ਉਠਿ ਹੋਇਓ ਠਾਢਾ ॥
ਬਹੁ ਸਮਧਾ ਆਨਿ ਏਕਠੀ ਕਰੀ ॥ ਸਹਸ੍ਰ ਮਨਾ ਲਉ ਚੁਨਿ ਚੁਨਿ ਧਰੀ ॥
ਕਰਿ ਕੀਰ [ਚੀਰ][16] ਲੋਨੇ ਤਿਸੈ ਪੈਨਾਇਆ ॥ ਬੈਠਾਇ ਪ੍ਰਹਿਲਾਦਹਿ ਅਗਨਿ ਜਰਾਇਆ ॥42॥

ਦੋਹਰਾ ॥ ਅਨਿਕ ਭਾਂਤਿ ਕੀ ਸਾਸਨਾ ਪਹਿਲਾਦੈ ਦੀਨੀ ਤਾਤਿ॥
ਜਿਸ ਕੀ ਰਛਿਆ ਹਰਿ ਕਰੈ ਤਿਸੁ ਲਗਤ ਨ ਤਾਤੀ ਬਾਤ ॥1॥

---

(1) ਪਾਠਾਂਤਰ ੲ ਪੋਥੀ 'ਜੋ ਹਰਿ ਤੇ ਬੇਮੁਖ ਸੁਖ ਸੁਪਨੇ ਭੀ ਨਾਹੀ',
(2) ਪਾਠਾਂਤਰ ੲ ਪੋਥੀ 'ਵਹੁ ਕ੍ਰਿਮ ਮਤਿ ਚਿਤੁ ਵਿਸਟਾ ਕਰੈ ਕਿਰਮਾਹੀ',
(3) ਪਾਠਾਂਤਰ ੲ ਪੋਥੀ 'ਚੜਿ ਪਹਾੜ ਤਹਾ ਢਿਲਕਾਇਆ', (4) ੲ ਪੋਥੀ 'ਪਇਓਨਿ',
(5) ੲ ਪੋਥੀ 'ਧਰਨ', (6) ੲ ਪੋਥੀ 'ਭਉ', (7) ੲ ਪੋਥੀ 'ਪੁਨਿ',
(8) ੲ ਪੋਥੀ 'ਹਰਨਾਖਸ', (9) ੲ ਪੋਥੀ 'ਸਕਲਿ' (10) ਮ ਪੋਥੀ 'ਆ',
(11) ੲ ਪੋਥੀ 'ਦਿਖਲਾਇਓ', (12) ੲ ਪੋਥੀ 'ਜਬ', (13) ੲ ਪੋਥੀ 'ਜਿਮ',
(14) ੲ ਪੋਥੀ 'ਸਖ', (15) ਅ ਪੋਥੀ 'ਫੁਟੀ', ੲ ਪੋਥੀ 'ਫਾਟੀ',
(16) ੲ ਪੋਥੀ ਤੋਂ

ਚੌਪਾਈ ॥ ਸਭ ਸਮਧਾ ਅਗਨਿ ਪਰਿ ਜਾਰੀ ॥ ਪੁਨਿ ਵਹ ਅਗਨਿ ਭਈ ਫੁਲਵਾਰੀ ॥
ਬਹੁਰਿ[1] ਪਿਤਾ ਪ੍ਰਹਿਲਾਦੁ ਬੁਲਾਇਆ ॥ ਰਕਤ ਪੀਤ ਕਰਿ ਨੈਨ ਦਿਖਾਇਆ ॥
ਸੁਨਿ ਪ੍ਰਹਿਲਾਦ ਕਹਾ ਤੈ ਜਾਨੀ ॥ ਮੋ ਕਹਿਓ ਤੂੰ ਕਿਉ ਨਹੀ ਮਾਨੀ ॥
ਮੋ ਬਿਨੁ ਆਨ[2] ਕਉਨੁ ਹੈ ਦੇਵਾ ॥ ਸਵ ਕੋ ਕਰੈ ਹਮਾਰੀ ਸੇਵਾ ॥
ਤੂੰ ਤੋ ਮੇਰਾ ਪੂਤੁ ਕਹਾਵੈ ॥ ਮੋਹਿ ਛੋਡਿ ਤੂੰ ਕਿਸਹਿ ਧਿਆਵੈ ॥43॥

ਸੋਰਠਾ ॥ ਕਰਿ ਦੀਰਘ ਨਦਰਿ ਨਿਹਾਲ ਤੀਨ ਭਵਨ ਬ੍ਰਹਮੰਡੁ ਜੋ ॥
ਸੁਰਗ ਮਿਰਤ ਪਾਤਾਲ ਸਮਾ ਇਕ ਛਤਰਾਜੁ[3] ਬਿਰਾਜਈ ॥1॥

ਚੌਪਾਈ ॥ ਸਭ ਦੇਵੀ ਦੇਵਾ ਮੋਹਿ ਅਧੀਨਾ ॥ ਤੂੰ ਕਹੁ ਕਿਸੇ ਕੇ ਰੰਗਿ ਹੈ ਭੀਨਾ ॥
ਭਲਾ ਕਰੈ ਤੂੰ ਆਪੁ ਸਮਾਰੈ[4] ॥ ਹੋਇ ਕਪੂਤੁ ਨ ਛਾਤੀ ਜਾਰੈ ॥
ਕਉਨੁ ਬਿਸਨੁ ਦੀਨਨ[5] ਕਾ ਬਿਸਨੀ ॥ ਤੰਦਲ[6] ਬੇਰ ਸਗਾ[7] ਕਾ ਇਸਨੀ ॥
ਤਾ ਸਿਉ ਤੈਨੈ ਹਿਤੁ ਹੈ ਧਾਰਾ ॥ ਬਡਭਾਈ ਜਿਨ ਮੇਰਾ ਮਾਰਾ ॥
ਕਉਨ[8] ਬੂਝ ਅਉ ਕਉਨੁ[9] ਭਲਾਈ[10]॥ ਕੁਲ ਬੈਰੀ ਸਿਉ ਪ੍ਰੀਤਿ ਲਗਾਈ ॥44॥

ਦੋਹਰਾ ॥ ਅਬ ਤੋ ਕਉ ਮੈ ਮਾਰਿ ਹਉ[11] ਯਾਹੀ ਖੰਭ ਬਧਾਇ ॥
ਕਹੁ ਕੈਸੇ ਤੁਝ ਰਾਖਿਹੈ ਸੋ ਮੁਹਿ ਰਾਮੁ ਬਤਾਇ ॥1॥

ਚੌਪਈ ॥ ਤਬ ਪ੍ਰਹਿਲਾਦ ਨਿੰਮ੍ਰ ਹੋਇ ਕਹੈ ॥ ਰਾਮੁ ਮੇਰਾ ਤ੍ਰਿਭਵਣ ਮਹਿ ਅਹੈ ॥
ਜਲ ਥਲ ਮਹੀਅਲ ਬਿਆਪਕ ਸੋਇ ॥ ਸਭ ਘਟ ਦੀਸੈ ਤਿਸ ਕੀ ਲੋਇ ॥
ਬ੍ਰਹਮਾ ਨਾਭ ਕਵਲਹੁ ਉਪਜਾਨਾ ॥ ਜਾ ਕੈ ਬਰ[12] ਤੁਮ ਰਾਜ ਕਮਾਨਾ ॥
ਇਹੁ[13] ਸੁਨਿ ਕੋਪਿਓ ਪਾਨ [14] ਬਧਾਇ ॥ਖੰਡ[15] ਸਿਉ ਤਾ ਕਉ ਬਾਂਧਿਓ ਜਾਇ॥
ਕਾਢਿ ਖਰਗੁ ਪ੍ਰਹਿਲਾਦੁ ਬੁਲਾਵੈ ॥ ਅਬ ਕਹਾ ਰਾਮੁ ਜੁ ਮੋਹਿ ਛਡਾਵੈ ॥45॥

ਦੋਹਰਾ ॥ ਰੋਮ ਰੋਮ ਸਿਉ [ਮਹਿ][16] ਰਮ ਰਹਿਓ ਰੀਤੀ ਠਉਰ ਨ ਕੋਇ ॥
ਮੋ ਮੈ ਤੋ ਮੈ ਖੰਭ[17] ਮੈ ਜਲ ਥਲ ਮਹੀਅਲ ਸੋਇ ॥1॥

---

(1) ੲ ਪੋਥੀ 'ਬਾਹਿਰ',
(2) ੲ ਪੋਥੀ 'ਅਉਰ',
(3) ਅ ਪੋਥੀ 'ਛਤੁਰੁਰਾਜ',
(4) ੲ ਪੋਥੀ 'ਸੰਭਾਰੈ',
(5) ੲ ਪੋਥੀ 'ਤੂੰਹੇ',
(6) ੲ ਪੋਥੀ 'ਤੰਦਾਲ',
(7) ੲ ਪੋਥੀ 'ਸਾਗ',
(੮) ੲ ਪੋਥੀ 'ਕਵਨ',
(9) ੲ ਪੋਥੀ 'ਕਵਨ',
(10) ੲ ਪੋਥੀ 'ਵਡਿਆਈ',
(11) ੲ ਪੋਥੀ 'ਹੋ',
(12) ੲ ਪੋਥੀ 'ਵਰ',
(13) ੲ ਪੋਥੀ 'ਯਹਿ',
(14) ਅ ਪੋਥੀ 'ਪ੍ਰਾਨ', ੲ ਪੋਥੀ 'ਪੁਨਿ',
(15) ੲ ਪੋਥੀ 'ਥੰਭ',
(16) ਅ ਤੇ ੲ ਪੋਥੀ ਤੋਂ,
(17) ੲ ਪੋਥੀ 'ਥੰਭ'

ਚੌਪਈ ॥ ਕੋਪ ਅਸੁਰੁ ਮੁਸਟ ਖੰਭ[1] ਮਾ ਮਾਰੈ ॥ ਕਹੁ[2] ਰੇ ਰਾਮ ਜੁ ਤੋਹਿ ਉਬਾਰੈ ॥
ਦੀਨ ਬੰਧ ਕੋਪ[3] ਨਾ ਕਰੀ ॥ ਖੰਭ[4] ਪਾਰ ਪ੍ਰਗਟੇ ਨਰਹਰੀ ॥
ਦਉਰ ਸੂਰ ਅਸਤਾਚਲਿ ਗਇਓ ॥ ਭੈ ਕਰਿ ਆਗਮ ਨਿਸ[5] ਨਹੀ ਭਇਓ ॥
ਭਾਗਿਓ ਅਸੁਰੁ ਭੈ ਅਤਿ[6] ਮਨ ਮਾਨਿਆ ॥ ਹਰਿ ਦਉਰਿ ਪਕਰਿ ਦੇਹਲ[7] ਪਰਿ ਆਨਿਆ ॥
ਦਸੋ ਦਿਗਪਾਲ ਅਸੁਰ ਸੁਰ ਜੇਤੇ[8] ॥ ਅਤਿ ਭੈ ਭੀਤ ਭਏ ਸਭ ਜੇਤੇ ॥46॥

ਦੋਹਰਾ ॥ ਸਬਲਾ ਪਰ ਹਰਿ ਡਾਰਿ ਕੈ ਨਖਸਿਖ[9] ਉਦਰਹਿ ਫਾਰ ॥
ਆਤੇ [ਅੰਤੇ][10] ਗ੍ਰੀਵੈ[11] ਧਾਰੀਅਨੁ[12] ਮਨ ਸੋਭਤ ਨਉ ਸਰਹਾਰ[13] ॥1॥

ਚੌਪਈ ॥ ਬ੍ਰਹਮ ਲੋਕ ਤੇ ਬ੍ਰਹਮਾ ਆਇਓ॥ਸਿਵ ਸਕਤ ਜੁਗਲ[14] ਆਇ ਦਰਸਨੁ ਪਾਇਓ॥
ਇੰਦ੍ਰ ਸਕਲ ਦੇਵਨ ਸੰਗ ਆਏ ॥ ਆਇ ਸੇਸ ਸਹਸ੍ਰ ਮੁਖ ਕੀਰਤਿ ਗਾਏ ॥
ਜਖ ਕਿੰਨਰ ਗੰਧ੍ਰਪ ਸਬਾਏ ॥ ਹਰਿ ਦਰਸਨ ਕਾਰਨ ਸਭ ਜੁਰਿ ਆਏ ॥
ਸਾਧਕ ਸਿਧ ਭਗਤਿ ਬੀਚਾਰੀ ॥ ਦੂਰ ਦੂਰ ਦੇਖਹਿ ਦਰਸੁ ਮੁਰਾਰੀ ॥
ਭੈ ਤੇ ਨਿਕਟਿ[15] ਜਾਇ ਨਹੀ ਸਾਕੇ ॥ ਲਛਮੀ ਭੈ ਕਰਿ ਹਰਿ ਦਿਸ ਤਾਕੈ॥47॥

ਦੋਹਰਾ ॥ ਰਕਤ ਪੀਤ ਨੈਨਾ ਨਰਹਰ ਕੇ ਮਨੋ ਦੀਪਤ[16] ਭਾਨ ਅਸਾਰ ॥
ਸਭ ਕਾਂਪਤ ਕੋਈ ਲੇ ਆਨ ਸਾਕਤ ਹਰਿ ਭੈ ਆਚ[17] ਦੁਖਾਰ ॥1॥

ਚੌਪਈ ॥ ਸਭ ਦੇਵਤਿਆ ਮਿਲਿ ਮਸਲਤ ਕਰੀ ॥ ਕੋਪਵਾਂਨ[18] ਹੈ ਬਹੁ ਨਰਹਰੀ ॥
ਐਸੋ ਕਿਛੁ ਕੀਜੈ ਉਪਾਊ ॥ ਜਾ ਤੇ ਨਿਵਰੈ ਕੋਪ ਸੁਭਾਊ ॥
ਤਬ ਪ੍ਰਹਿਲਾਦੁ ਨਿਕਟਿ ਹਰਿ ਕੀਆ ॥ ਤਿਨ ਨਿਰਭੈ ਪਦੁ ਪਹਿਲੇ ਹੀ ਲੀਆ॥
ਪੜਤ ਸਤੋਤਰ ਜਨੁ[19] ਢਿਗ ਆਇਆ ॥ ਹਰਿ ਕਰਿ ਮਇਆ ਲੇ ਉਰ ਮਹਿ ਲਾਇਆ ॥
ਜਿਉ ਬਛਰੇ ਕੋ ਅੰਗੁ ਗਊ ਚਾਟੈ॥ਤਿਉ ਨਰਹਰਿ ਕਰਤ ਮੂਲ ਨਹੀ ਹਾਟੈ॥48॥

ਦੋਹਰਾ ॥ ਸਭੈ ਸਤੋਤਰ ਕਉ ਪੜੈ ਪਰਿ ਦੇਖੈ ਦੀਨ ਦਇਆਲ ॥
ਤਿਸੁ ਪੜਿ ਸੁਣਿ ਨਰ ਸੁਖ ਪਾਵਹੀ ਤੋਰੈ[20] ਭ੍ਰਮ ਕੇ ਜਾਲ ॥1॥

---

(1) ੲ ਪੋਥੀ 'ਥੰਭ', (2) ਅ ਪੋਥੀ 'ਕਹਾ', (3) ੲ ਪੋਥੀ 'ਕੋਪਾ',
(4) ੲ ਪੋਥੀ 'ਥੰਭ', (5) ਅ ਪੋਥੀ 'ਦ੍ਰਿਸਟ', (6) ਅ ਪੋਥੀ 'ਆਤ',
(7) ਅ ਤੇ ੲ ਪੋਥੀ 'ਦੇਹਰਿ', (8) ੲ ਪੋਥੀ 'ਕੇਤੇ', (9) ਅ ਪੋਥੀ 'ਨਖਸਿ',
(10) ਅ ਤੇ ੲ ਪੋਥੀ ਤੋਂ, (11) ਅ ਪੋਥੀ 'ਗ੍ਰੀਵਾ', (12) ਅ ਪੋਥੀ 'ਪਾਰੀਅਨੁ',
(13) ਅ ਪੋਥੀ 'ਸਰਤਾਰ', (14) ਅ ਤੇ ੲ ਪੋਥੀ 'ਸਕਲ',
(15) ਅ ਪੋਥੀ 'ਨਿਕਟਹਿ', (16) ੲ ਪੋਥੀ 'ਦੀਪਕ',
(17) ੲ ਪੋਥੀ 'ਚਰਤੁ', (18) ੲ ਪੋਥੀ 'ਕੋਪਮਾਨ',
(19) ਅ ਪੋਥੀ 'ਚਰਨ', ੲ ਪੋਥੀ 'ਰਾਜ',
(20) ੲ ਪੋਥੀ 'ਤੋੜੈ'

ਚੌਪਈ ॥ ਹਰਿ ਦੀਨ ਬੰਧ ਸੁਆਮੀ ॥ ਸਹਾਇ ਸਰਬ[1] ਕਾਮੀ ॥
ਜੋ ਜਨੁ ਕੋ[2] ਦੁਖੁ ਪਾਵੈ ॥ ਹਰਿ ਦਉਰਿ ਜਾਇ ਛਡਾਵੈ ॥
ਜਿਵ[3] ਪੂਤ ਮਾਤ ਚਾਹੈ ॥ ਤਿਉ ਪ੍ਰਣੁ ਹਰੀ ਨਿਬਾਹੈ ॥
ਗਜੁ ਗ੍ਰਾਹ ਤੇ ਛਡਾਇਓ ॥ ਪਦੁ ਅਭੈ ਤਿਸੁ ਦਿਵਾਇਓ ॥
ਚੀਰ ਦ੍ਰੋਪਤੀ ਬਢਾਏ ॥ ਅੰਬਰ ਅੰਬਾਰ[4] ਲਾਏ ॥
ਤੈ ਭੀਖਣ[5] ਪ੍ਰਣ ਰਾਖਾ ॥ ਸੁਰਤਿ[6] ਸਿੰਮ੍ਰਿਤ ਮਹਿ ਭਾਖਾ ॥
ਧ੍ਰੂਅ ਸਰਨ ਤੇਰੀ ਆਇਆ ॥ ਪਦੁ ਪਰਮਤਤੁ ਪਾਇਆ ॥
ਬੇਰੰ ਭੀਲਨ ਕੇ ਖਾਏ ॥ ਅਤਿ ਮੀਠੇ ਮਨਿ ਭਾਏ ॥
ਜੋ ਸਰਨਿ ਤੇਰੀ ਆਵੈ ॥ ਨੀਰੁ ਨੀਰ ਮੈ ਸਮਾਵੈ ॥
ਹਰਿ ਕੀਰਤਿ ਵਡਿਆਈ ॥ ਪ੍ਰਹਿਲਾਦ ਭਗਤਿ ਗਾਈ ॥
ਜਨ ਪੜ ਸੁਨ ਸੁਖੁ ਪਾਵੈ ॥ ਤਤੁ ਤਤੁ [ਮੈ][9] ਮਿਲਾਵੈ ॥49॥

ਦੋਹਰਾ ॥ ਪ੍ਰਹਿਲਾਦ ਸਤੋਤਰੁ ਪੜਿ ਚੁਕਿਓ ਪੁਨਿ ਲਛਮੀ ਕੀਓ ਉਚਾਰ ॥
ਦੁਇ ਕਰ ਜੋਰਿ ਬਖਾਨਈ ਸੁਨੀਐ ਸਰਧਾ ਧਾਰ ॥1॥

ਚੌਪਈ ॥ ਹਰਿ ਦਇਆ ਸਿੰਧੁਦਇਆਲ ਸੁਆਮੀ ਸਕਲ ਦੂਖ ਬਿਦਾਰਨੰ ॥
ਭੈ ਹਰਨ ਕਿਰਪਾ ਕਰਨ ਮੋਹਨ ਦੂਖ ਭੂਖ ਨਿਵਾਰਨੰ ॥
ਕਵਲ ਨੈਨ ਬਿਸਾਲ[7] ਸੁੰਦਰ[8] ਬਿਹਸ ਬਿਹਸ ਜਗਤਾਰਨੰ ॥
ਚਰਨਹਾਰੁ[9] ਬਿਚਾਰੁ ਹਿਰਦੈ ਮੁਨਿ ਜਨਾ ਭੈ ਟਾਰਨੰ ॥
ਕ੍ਰਿਪਾਸਿੰਧੁ ਹਰਿ ਚਰਨੁ[10] ਧੰਧੂ ਦੀਨ ਬੰਧੁ ਬਿਚਾਰਨੰ ॥
ਜੋ ਸਰਨਿ ਆਵਹਿ ਤਿਸੁ[11] ਕੰਠਿ ਲਾਵਹਿ ਨੀਰ ਨੀਰ ਸਮਾਵਨੰ ॥
ਪਤਿਤ ਪਾਵਨੁ ਬਿਰਦੁ ਹਰਿ ਜੀਉ ਸੀਤ ਸੂਰ ਬਿਦਾਰਨੰ ॥
ਕੋਟ ਅਘ ਬਡ ਟਾਰ ਕਰਿ ਭਵਨਸਿੰਧ[12] ਪਾਰ ਉਤਾਰਨੰ ॥
ਕਰਿ ਜੋਰਿ ਲਛਮੀ ਬਿਨਉ ਧਾਰੈ ਸੁਨਹੁ ਹਰਿ ਪ੍ਰਭ ਭਾਵਨੰ ॥
ਹਮ ਸਰਨਿ ਤੇਰੀ ਕਾਟਿ ਬੇਰੀ ਮੋਹਿ ਕੇਰੀ ਦਾਰੁਨੰ ॥50॥

---

(1) ੲ ਪੋਥੀ 'ਸਰਬਾ'
(2) ੲ ਪੋਥੀ 'ਕੋਊ',
(3) ਅ ਪੋਥੀ 'ਤਿਵ',
(4) ੲ ਪੋਥੀ 'ਅੰਬਹਿ',
(5) ਦ ਪੋਥੀ 'ਭੀਖਮ',
(6) ੲ ਪੋਥੀ 'ਸੁਤਿ',
(6) ੲ ਪੋਥੀ ਤੋਂ,
(7) ਅ ਪੋਥੀ 'ਬਿਲਾਸ',
(8) ਅ ਪੋਥੀ 'ਮੰਦਰ',
(9) ਅ ਪੋਥੀ 'ਚਰਨੰਚਾਰ', ੲ ਪੋਥੀ 'ਚਰਨਚਾਰਿ',
(10) ੲ ਪੋਥੀ 'ਹਰਨ',
(11) ੲ ਪੋਥੀ 'ਸੁ',
(12) ੲ ਪੋਥੀ 'ਭਵਸਿੰਧਾਰਿ'

ਦੋਹਰਾ ॥ ਕਰਿ ਜੋਰੇ ਲਛਮੀ ਢਿਗ ਆਈ ਹਰਿ ਨੈਨ ਪਰਸਨ[1] ਜੋਰਿ ॥
ਸਭ ਸੰਤਨ ਹਰਖੁ ਬਢਾਇਆ ਨਿਰਖ ਨਿਰਖ ਸਭ ਓਰ ॥1॥

ਚੌਪਈ ॥ ਸਹਸ੍ਰ ਸੀਰਖਾ ਬ੍ਰਹਮਾ ਪਰੈ[2] ॥ ਚਤੁਰਾਨਨ ਸਿਉ ਬੇਦ ਉਸਤਤਿ ਕਰੈ ॥
ਸੁਰੁ ਭਰਿ ਕਰੁ ਕਰਿ ਭਾਉ ਲੇ ਆਵੈ ॥ ਪ੍ਰੇਮ ਮਗਨ ਹੋਇ ਕੀਰਤਿ ਗਾਵੈ ॥
ਸਿਵ ਡਉਰੂ ਢਿਮ ਢਿਮਹਿ ਬਜਾਇਆ ॥[3] ਸੰਕਤ[4] ਨੈ ਗੀਤ ਗੋਬਿੰਦ ਅਲਾਇਆ॥
ਅਨੇਕ ਅਪਸਰੈ[5] ਅਉਰ ਗੰਧ੍ਰਬਾ ॥ ਕੀਰਤਨੁ ਕਰੈ ਪ੍ਰੇਮ ਸਿਉ ਸਰਬਾ ॥
ਨਾਰਦੁ ਨਹਿ ਨਚਿ ਫੇਰੀ ਲੇਈ ॥ ਤਾ ਤੇ[6] ਥੇਈ ਥੇਈ ਭਗਤ ਕਰੇਈ ॥51॥

ਦੋਹਰਾ ॥ ਭੇਰ ਦਮਾਮੇ ਰਣ ਸਿੰਙੇ[7] ਬਾਜਹਿ ਅਨਿਕ ਪ੍ਰਕਾਰ ॥
ਤਾਲ ਪਖਾਵਜ ਝਾਝਰੈ[8] ਅਨਹਦ ਰੁਣ ਝੁਨਕਾਰ ॥1॥

ਚੌਪਈ ॥ ਜਖ ਕਿਨਰ ਗੁਨੀ ਜਨ ਭਾਰੇ ॥ ਜੰਤ੍ਰ ਅਨੇਕ ਬਜਾਵਨਹਾਰੇ ॥
ਨਾਦ ਅਨਾਹਦ ਪੁਨਿ ਉਪਜਾਇਆ ॥ ਬ੍ਰਹਮੰਡੁ ਸਕਲ ਸਬਦ ਨੈ ਛਾਇਆ ॥
ਜੈ ਜੈ ਕਾਰੁ ਦਸੋ ਦਿਸ ਹੋਈ ॥ ਮਨ ਮਲੀਨ ਤਹ[9] ਰਹਿਓ ਨ ਕੋਈ ॥
ਸਭ ਦੇਵੀ ਸਤੋਤਰ ਪਰੈ[10] ॥ ਅਨਿਕ ਪਰਕਾਰ ਸਿਉ ਕੀਰਤਨੁ ਕਰੈ ॥
ਮੰਗਲਾਚਾਰ ਰਾਗੁ ਅਨੁਰਾਗੀ ॥ ਗਾਵਤ ਗੀਤ ਗੋਬਿੰਦ ਸਭਾਗੀ ॥52॥

ਦੋਹਰਾ ॥ ਸਪਤ ਪੁਰੀ[11] ਨਵਖੰਡ ਮੈ ਅਨਹਦ ਸਬਦ ਸੁਹਾਇ ॥
ਹਰਿ ਕੀਰਤਿ ਸਭ ਘਟ ਸੋਹਾਈ ਦੁਖੁ ਦਾਲਦੁ ਗਇਓ ਬਿਲਾਇ ॥1॥

ਚੌਪਈ ॥ ਜਬ ਪ੍ਰਸੰਨ ਦੇਖੇ ਨਰਹਰੀ ॥ ਤਬ ਪ੍ਰਹਿਲਾਦ ਬੇਨਤੀ ਕਰੀ ॥
ਇਹੁ ਨਰਹਰਿ ਰੂਪ ਨਿਵਾਰਨ ਕੀਜੈ ॥ ਚਤੁਰਭੁਜ ਦਰਸਨ ਹਮ ਕਉ ਦੀਜੈ ॥[12]
ਜੋ ਰੂਪ[13] ਸਨਾਤਨ ਅਪਰ ਅਪਾਰਾ ॥ ਸਿਆਮ ਸੁੰਦਰ ਸੁਭ ਮੰਗਲਚਾਰਾ ॥
ਸੋ ਦੇਖਿ ਦਰਸੁ ਦੇਵਤਾ ਹਰਖੈ ॥ ਅਤਿਅੰਤ ਪ੍ਰੇਮ ਸਿਉ ਤਾ ਕਉ ਨਿਰਖੈ ॥
ਹਰਿ ਬੋਲੇ ਯਾ ਤੇ ਭੈ ਤੁਹਿ[14] ਆਵੈ ॥ਸੁਤ ਸਿੰਘ ਪਿਤਾ ਤੇ ਭੈ ਨਹੀ ਪਾਵੈ॥53॥

---

(1) ਅ ਤੇ ੲ ਪੋਥੀ 'ਪਰਸਪਰਿ',
(2) ੲ ਪੋਥੀ 'ਪੜੈ',
(3) ਪਾਠਾਂਤਰ ੲ ਪੋਥੀ 'ਸਿਵ ਡਉਰੂ ਡਮ ਡਮਹਿ ਬਜਾਵੈ',
(4) ੲ ਪੋਥੀ 'ਸਕਤਿ',
(5) ੲ ਪੋਥੀ 'ਅਪਛਰਾ',
(6) ਅ ਪੋਥੀ 'ਤਾ',
(7) ੲ ਪੋਥੀ 'ਸਿੰਘੇ',
(8) ਅ ਪੋਥੀ 'ਝਝਰੈ',
(9) ੲ ਪੋਥੀ 'ਤਹਾ',
(10) ੲ ਪੋਥੀ 'ਸਭ ਪੜੈ',
(11) ੲ ਪੋਥੀ 'ਪਰੀ',
(12) ਪਾਠਾਂਤਰ ੲ ਪੋਥੀ 'ਸੁਖ ਸਰੂਪ ਹੋਇ ਦਰਸਨੁ ਦੀਜੈ'.
(13) ਅ ਤੇ ੲ ਪੋਥੀ 'ਸਰੂਪ',
(14) ਅ ਤੇ ੲ ਪੋਥੀ 'ਤੁਝਿ'

ਦੋਹਰਾ ॥ ਹਰਿ ਕੋ ਪੂਤੁ ਪਿਤਾ ਹਰਿ ਜੀ[1] ਤੇ ਭੈ ਨਹੀ ਪਾਵਤ ਦਇਆਲ ॥
ਏ ਸਭ ਦੇਵ ਅਭੈ ਕਉ ਪਾਵੈ ਤਿਨ ਸੁੰਦਰ ਰੂਪ ਦਿਖਾਲ ॥1॥

ਚੌਪਈ ॥ ਹਰਿ ਮੋਹਨ ਰੂਪ ਸਨਾਤਨ ਧਾਰਾ ॥ ਚਾਰੋ ਭੁਜਾ ਬਿਸਾਲ ਅਪਾਰਾ ॥
ਚਹੂ ਕਰ ਆਇਧੁ ਸੋਭਾ ਦੇਹੀ ॥ ਮਾਨੋ ਚੰਦ ਸੂਰ ਕੀ ਦੁਤਿ[2] ਹਿਰਿ ਲੇਹੀ ॥
ਕਮਲ ਨੈਨ ਸੁੰਦਰ ਉਜੀਆਰੇ ॥ ਮਧੁਕਰ ਹੋਇ ਸਭ ਕੋਈ ਨਿਹਾਰੇ ॥
ਸਿਆਮ ਉਰੂ ਬਨਮਾਲ ਸੁਹਾਵੈ ॥ ਭ੍ਰਗਲਤਾ ਇੰਦ ਪਰਵਾਰ ਦਿਖਾਵੈ[3] ॥
ਪੀਤਾਬਰ ਸੋਭਾ ਕਹੀ ਨ ਜਾਵੈ॥ ਮਨੋ ਸਿਆਮ ਘਟਾ ਮਹਿ ਬਿਜੁਲ[4] ਸੁਹਾਵੈ॥54॥

ਦੋਹਰਾ ॥ ਕਰਿ ਕੁੰਡਲ ਅਲਕੈ ਤਰ ਸੋਭਤ ਸਿਰ ਮੁਕਟ ਸੋਹਾਇ ॥
ਮਾਨੋ ਢੀਢ ਢਨੀ ਸੁਤ ਕੁੰਡਲੀ ਕਰਿ ਬੈਠੇ[5] ਰਹੇ ਸੁਭਾਇ ॥1॥

ਚੌਪਈ ॥ ਲੋਲ ਕਪੋਲ ਦੁਇ[6] ਦਿਪਹਿ ਮਨੋਹਰਿ ॥ ਭਾਲ ਦਇਆਲ ਮਨੋ ਇੰਦੁ ਮਹਾਬਰ ॥
ਗੰਡ ਅਸਥਲ ਸੋਭਾ ਬਰਨੀ ਨ ਜਾਈ ॥ ਨੈਨ ਨਿਰਖ ਤਹ[7] ਥਕਤ ਰਹਾਈ ॥
ਨਾਸਾ ਸੁੰਦਰ ਸੁਕ ਚੋਚੈ ਹੈ ॥ ਬਿਹਸ[8] ਅਧਰ ਮਨ ਕਉ ਹਿਰ ਲੈਹੈ ॥
ਚਰਨ ਕਵਲ ਸੁੰਦਰ ਉਜੀਆਰੇ ॥ ਜੋ ਪਰਸੈ ਅਪ ਕਾਜ ਸਵਾਰੇ ॥
ਮੁਖੁ ਕਉ ਦੇਖਿ ਮੋਖਪਦੁ ਪਾਵੈ ॥ ਜਨਮ ਮਰਨ ਕੋ ਦੁਖੁ ਮਿਟਾਵੈ ॥55॥

ਦੋਹਰਾ ॥ ਜਨਮ ਮਰਨ ਕੋ ਦੁਖੁ ਮਿਟੈ ਹਰਿ ਮੁਖਿ ਧਰਤ ਧਿਆਨ ॥
ਅਭੈ ਪਦਾਰਥੁ ਪਾਈਐ ਚੂਕੈ ਜਮ ਕੀ ਕਾਂਨ ॥1॥

ਚੌਪਈ ॥ ਤਬ ਹਰਿ ਪਰਮ ਕ੍ਰਿਪਾ ਪਰਿ ਆਇਆ ॥ ਪ੍ਰਹਿਲਾਦ ਭਗਤਿ ਪ੍ਰਤਿ ਆਖਿ ਸੁਨਾਇਆ ॥
ਰਿਧਿ ਸਿਧਿ ਨਉ ਨਿਧਿ ਜੁ ਭਾਵੈ ॥ ਮੰਗਿ[9] ਲੇਹੁ ਜੋ ਤੁਮ ਮਨਿ ਆਵੈ ॥
ਤੀਨ ਭਵਨ ਕੋ ਇਕ ਛਤਰਾਜੁ ॥ ਜਉ ਚਾਹਉ ਲੇਵਉ ਤੁਮ ਆਜੁ ॥
ਆਉਰੋ ਜੋਈ ਅਭਲਾਖਾ ਹੋਈ ॥ ਕਰਿ ਕਿਰਪਾ ਮੈ ਦੇਤ[10] ਹਉ ਸੋਈ ॥
ਜੋ ਮਾਗਉ ਸੋ ਦੇਉ ਦਿਵਾਈ ॥ ਅਭਲਾਖਾ ਤੁਮਰੈ[11] ਰਹੈ ਨ ਕਾਈ ॥56॥

---

(1) ੲ ਪੋਥੀ 'ਜਾ ਕੇ',
(2) ੲ ਪੋਥੀ 'ਦੇਤਿ',
(3) ੲ ਪੋਥੀ 'ਦਿਪਾਵੈ',
(4) ਅ ਤੇ ੲ ਪੋਥੀ 'ਬਿਜੁ',
(5) ੲ ਪੋਥੀ 'ਬੈਠਿ',
(6) ੲ ਪੋਥੀ 'ਦਇ',
(7) ੲ ਪੋਥੀ 'ਤਹਾਂ',
(8) ੲ ਪੋਥੀ 'ਬਿਸਤ',
(9) ਅ ਤੇ ੲ ਪੋਥੀ 'ਮਾਗਿ',
(10) ੲ ਪੋਥੀ 'ਦੇਵ',
(11) ੲ ਪੋਥੀ 'ਤੁਮ'

ਸੋਰਠਾ ॥ ਨਰਹਰ ਭਏ ਦਇਆਲ ਪ੍ਰਹਿਲਾਦੁ ਮਾਗੈ ਦੇਤੁ ਹੈ ॥[1]
ਭਗਤਾ ਅਉਰ ਨ ਖਿਆਲ ਬਿਨ ਹਰਿ ਹੋਰ[2] ਨ ਚਾਹਈ ॥

ਚੌਪਈ ॥ ਪ੍ਰਹਿਲਾਦ ਜੋਰ ਕਰ ਸੀਸੁ ਨਿਵਾਇਆ ॥ ਕਰਿ ਪਰਨਾਮੁ ਕਹਿਓ ਹਰਿ ਰਾਇਆ ॥
ਜੋ ਦਰਸਨੁ ਮੋਹਿ ਦੇਇ ਦਿਖਾਈ ॥ ਸੋਈ ਘਟ ਘਟ ਮਹਿ ਨਿਰਖਾਈ ॥
ਤੀਨ ਭਵਨ ਜੋ ਆਹਿ ਪਸਾਰਾ ॥ ਰੂਪ ਨਾਮ ਗੁਨ ਜਿਨਿ ਜਿਨਿ ਧਾਰਾ ॥
ਸੋ ਰੂਪ ਨਾਮ ਗੁਨ ਰਹਤ ਦਿਖਾਵੈ ॥ ਭਿੰਨ ਆਪ ਤੇ ਨਾ ਦਰਸਾਵੈ ॥
ਜਬ ਏਕਮੇਵ ਆਦੁਤੀਆ ਦਿਖਾਈ॥[3] ਤਬ ਕੋ ਮਾਗੈ ਕੋ ਦੇਇ ਦਿਵਾਈ[4] ॥57॥

ਦੋਹਰਾ ॥ ਹਰਿ ਅਰੁ ਆਪ ਮਹਿ ਭੇਦੁ ਨਹਿ ਸਭ[5] ਖੰਡ ਅਹੈ ਅਖੰਡ ॥
ਏਕ ਪ੍ਰਮਾਤਮਾ ਬਨਿ ਰਹਿਓ ਜੇਤੇ ਹੈ ਬ੍ਰਹਮੰਡ ॥1॥

ਚੌਪਈ ॥ ਜਬ ਬ੍ਰਹਮਗਿਆਨੁ ਪ੍ਰਹਿਲਾਦ ਉਚਾਰਾ ॥ ਤਬ ਰੀਝੇ ਹਰਿ ਅਪਰ ਅਪਾਰਾ ॥
ਸਰੀਰ[6] ਓਰ ਹਰਿ ਦ੍ਰਿਸਟ ਲਗਾਈ ॥ ਜਨਮ ਤਹੀ ਤਿਨ[7] ਪੀੜਾ ਪਾਈ ॥
ਝੂਠੇ ਕਾ ਝੂਠਾ ਬਿਹਾਰ ॥ ਪਰਮਾਤਮ ਚੇਤਨ ਨਿਰਮਲ ਸਾਰ ॥
ਅਸੁਰਿ ਸਸਕਾਰ[8] ਤਿਲਕੁ ਜਨ ਕੀਆ ॥ ਪਿਤਾ ਕਾ ਰਾਜੁ ਪਹਿਲਾਦ ਦੀਆ ॥
ਬੀਜ[9] ਮੰਤ੍ਰ[10] ਕਾ ਬਚਨੁ ਉਚਾਰਾ ॥ ਭਾਣੈ ਥਾਪਿ ਉਥਾਪਨਹਾਰਾ ॥58॥

ਦੋਹਰਾ ॥ ਹਾਨ ਲਾਭ ਸੰਤਨ ਕੈ ਨਾਹੀ ਵਰਤਹਿ ਸਹਿਜ ਸੁਭਾਇ ॥
ਜੀਵਨ ਮੁਕਤਿ ਬਿਰਾਜਈ ਕੇਵਲ ਦਸ [ਦਾਸ][11] ਸੁਹਾਇ ॥

ਚੌਪਈ ॥ ਸੰਕੋਚ ਰੂਪ ਹਰਿ ਸੁੰਨ ਸਮਾਇਆ ॥ ਰਾਜਾ ਪਰਜਾ ਨੈ ਬਹੁ ਸੁਖ ਪਾਇਆ ॥[12]
ਜੈ ਜੈ ਕਾਰੁ ਭਇਆ ਜਗ ਮਾਹੀ ॥ ਭਗਤ ਪ੍ਰਭਾਵ ਛਪਤ ਕਹੂੰ ਨਾਹੀ ॥
ਜੇ ਕੋਈ[13] ਹਰਿ ਭਗਤਿ ਕਮਾਵੈ ॥ ਦੁਹੂੰ ਜਗ ਮਾਹਿ ਵਡਿਆਈ[14] ਪਾਵੈ ॥
ਈਹਾ ਨਿਰਭੈ ਹੋਇ ਬਿਰਾਜੈ ॥ ਅਭੈ ਸਿੰਘਾਸਨ ਉਹਿ ਪਰ ਛਾਜੈ ॥
ਨਿਰਭਉ ਹੋਇ ਭਉ[15] ਸਗਲ[16] ਮਿਟਾਵੈ ॥ ਤਤੁ ਮਾਹਿ ਤਤੁ ਮਿਲਿ ਜਾਵੈ ॥59॥

---

(1) ਪਾਠਾਂਤਰ ੲ ਪੋਥੀ 'ਨਰਹਰ ਭਏ ਦਇਆਲ ਪ੍ਰਹਲਾਦ ਜੁ ਮਾਗੈ ਸੋ ਦੇਤ ਹਓ',
(2) ੲ ਪੋਥੀ 'ਅਉਰ', (3) ਪਾਠਾਂਤਰ ੲ ਪੋਥੀ 'ਜਬ ਏਮੇਵੈ ਦੁਤੀਆ ਨ ਦਿਖਾਇ',
(4) ੲ ਪੋਥੀ 'ਦਿਵਾਇ', (5) ੲ ਪੋਥੀ 'ਸਭੈ',
(6) ਅ ਤੇ ੲ ਪੋਥੀ 'ਸੰਸਾਰੀ', (7) ੲ ਪੋਥੀ 'ਇਨ',
(8) ੲ ਪੋਥੀ 'ਸੰਘਾਰੁ', (9) ੲ ਪੋਥੀ 'ਬੀਚ',
(10) ੲ ਪੋਥੀ 'ਸਤੁ', (11) ਅ ਤੇ ੲ ਪੋਥੀ ਤੋਂ,
(12) ਪਾਠਾਂਤਰ ੲ ਪੋਥੀ 'ਰਾਜੇ ਪਰਜੇ ਬਹੁ ਸੁਖੁ ਪਾਇਆ',
(13) ੲ ਪੋਥੀ 'ਕੋਊ',
(14) ਅ ਪੋਥੀ 'ਵਡਾਈ',
(15) ੲ ਪੋਥੀ 'ਭੈ',
(16) ੲ ਪੋਥੀ 'ਸਕਲ',

ਦੋਹਰਾ ॥ ਪ੍ਰਹਿਲਾਦ ਭਗਤਿ ਨਿਰਭੈ ਪਦੁ ਪਾਇਆ ਮਿਟਿ ਗਏ ਬਾਦ ਬਿਬਾਦ ॥
ਪੂਰਨ ਪਰਚੀ ਹੋਇ ਚੁਕੀ ਸਤਿਗੁਰ ਕੇ ਪ੍ਰਸਾਦਿ ॥1॥
ਚੌਪਈ ॥ ਲੇ ਖੰਡਸ ਪਰਚੀ ਪੋਥੀ ਕੀਨੀ ॥ ਭਗਤਿ ਗਿਆਨ ਪ੍ਰੇਮ ਰਸ ਭੀਨੀ ॥
ਜੇ ਕੋਈ ਇਸੁ ਪੜੇ ਪੜਾਵੈ ॥ ਭਾਉ ਭਗਤਿ ਹਰਿ ਪ੍ਰੀਤ ਲਗਾਵੈ ॥
ਜਨਮੁ ਪਦਾਰਥ ਜੀਤੇ[1] ਸੋਈ ॥ ਬ੍ਰਹਮਗਿਆਨ ਤਿਸੁ ਪਰਗਟੁ ਹੋਈ ॥
ਨਿਤ ਨਿਰੰਤਰਿ ਬ੍ਰਹਮ ਬੀਚਾਰੁ ॥ ਖੁਲਹਿ[2] ਕਪਾਟ ਹੋਇ ਮੋਖ ਦੁਆਰ ॥
ਤਤੁ ਮਾਹਿ ਫੁਨਿ[3] ਤਤੁ ਸਮਾਵੈ ॥ ਸਜੋਜ[4] ਮੁਕਤਿ ਸੋਈ ਜਨੁ ਪਾਵੈ ॥60॥
ਦੋਹਰਾ ॥ ਜੋ ਜੋ ਪ੍ਰੇਮੁ ਲਗਾਵਈ ਹਰਿ ਸਿਉ ਮਨੁ ਚਿਤੁ ਲਾਇ ॥
ਸੋ ਸੋ ਹਰਿ ਪਦੁ ਪਾਵਈ ਸਰਬਾਤਮੁ ਹੋਇ ॥1॥
ਚੌਪਈ ॥ ਸੰਬਤੁ ਸਤਰ[5] ਸੈ ਪੰਚਾਸ ॥ ਸੁਕਲ[6] ਇਕਾਦਸੀ ਮਗਸਰ ਮਾਸ ॥
ਪੋਥੀ ਪੂਰਣ ਸਤਿਗੁਰ ਕਰੀ ॥ ਦਾਸ ਦੁਆਰੇ ਪੂਰੀ ਪਰੀ ॥
ਅਰਧ ਸਹਸਰ ਚਉਪਈ ਯਾ ਮੈਂ[7] ॥ ਖੰਡਸ ਅਧਕ ਦੋਹਰਾ ਤਾ ਮੈ ॥
ਸੋਰਠਾ ਝੂਲਣਾ ਬਾਹਰਿ ਨਾਹਿ ॥ ਜਿਵ ਪਾਤ ਫੂਲ ਤਰਵਰ ਮਾਹਿ ॥
ਪ੍ਰੇਮ ਅੰਬੋਧ ਪੋਥੀ ਕਾ ਨਾਮੁ ॥ ਪੜਤ ਸੁਨਤ ਲਹੈ ਸੁਖ ਬਿਸ੍ਰਾਮ ॥61॥
ਦੋਹਰਾ ॥ ਪ੍ਰੇਮ ਮਹੋਦਧ ਬੈਠ ਕੇ ਗੋਤਾ ਲੇਹਿ[8] ॥
ਹਰਿ ਰਤਨੁ ਅਮੋਲਕੁ ਹਾਥਿ ਤਿਸੁ ਸਹਜੇ ਸਤਿਗੁਰ ਦੇਇ[9] ॥1॥61॥1॥17
[16] ॥ ਸੰਮਤ 1763॥

---

(1) ੲ ਪੋਥੀ 'ਜੀਜੈ',
(2) ੲ ਪੋਥੀ 'ਖੁਲੈ',
(3) ਅ ਪੋਥੀ 'ਤਿਨ',
(4) ਅ ਪੋਥੀ 'ਸਾਜੋਜ',
(5) ੲ ਪੋਥੀ 'ਸਤਾਰਾ',
(6) ੲ ਪੋਥੀ 'ਸੁਕਲਾ ਪਖ',
(7) ੲ ਪੋਥੀ 'ਹੈ',
(8) ੲ ਪੋਥੀ 'ਖਾਇ',
(9) ੲ ਪੋਥੀ 'ਭਾਇ'

## ਔਖੇ ਸ਼ਬਦਾਂ ਦੇ ਅਰਥ

### ੳ

ਊਸਨ—ਗਰਮੀ
ਉਘਲਾਨੀ—ਊਂਘਣ ਲਗੀ
ਉਘਾਰੀ—ਖੋਲੀ
ਉਜਾਰਿ—ਉਜਾੜ
ਉਜੀਆਰੇ—ਪ੍ਰਕਾਸ਼
ਉਜਾਰੈ—ਉਜਾੜੇ
ਉਦਬਿਗਨ—ਵਿਆਕੁਲ
ਉਦਿਓ—ਪ੍ਰਗਟ ਹੋਇਓ
ਉਦਰੁ—ਪੇਟ
ਉਦਿਓ—ਨਿਕਲਿਓ, ਪ੍ਰਗਟ ਹੋਇਓ
ਓਪਹਾਸੁ—ਮਖੌਲ, ਹਾਸਾ
ਉਪਚਾਰ—ਇਲਾਜ
ਉਪਾਧ—ਵਸਤੂ ਦੇ ਗਿਆਨ ਕਰਾਉਣ ਦਾ ਕਾਰਣ ਜੋ ਵਸਤੂ ਤੋਂ ਵੱਖਰਾ ਹੋਵੇ।
ਉਪਿੰਦ੍ਰ—ਅਦਿਤਿ ਦੇ ਉਦਰ ਤੋਂ ਕਸ਼ਯਪ ਦਾ ਪੁੱਤਰ
ਉਮਗਾਨਾ—ਉਮੰਗ ਨਾਲ ਹੋਣਾ
ਉਮਗਾਵਿ—ਉਮੰਗ ਵਿਚ ਆਏ
ਉਮਗਿਓ—ਉਮੜਿਓ
ਉਰਝੇਰਾ—ਝਮੇਲਾ
ਉਰੂ—ਛਾਤੀ
ਊਭਾ—ਖੜਾ
ਉਰਧ—ਖੜਾ, ਉੱਚਾ, ਉਪਰ ਦਾ
ਉਰਮੀ—ਲਹਿਰ, ਤਰੰਗ, ਦੁੱਖ, ਪ੍ਰਕਾਸ਼

### ਅ

ਅਉਸਰ—ਮੌਕਾ
ਅਉਖਦ—ਦਵਾਈ ਔਸ਼ਧੀ
ਅਸਤਾ—ਡੁੱਬਣ
ਅਸਤਾਚਲਿ—ਉਹ ਪਹਾੜ ਜਿਸ ਦੀ ਓਟ ਵਿਚ ਸੂਰਜ ਦਾ ਛਿਪਣਾ ਪੁਰਾਣਾਂ ਨੇ ਮੰਨਿਆ ਹੈ।
ਅਸਤੋਤਰ—ਉਸਤਤ, ਪ੍ਰਸ਼ੰਸਾ
ਅਸਥਲ—ਜਗ੍ਹਾ, ਪ੍ਰਿਥਵੀ
ਅਹਈ—ਹੈ
ਅਹਿਨਿਸ—ਦਿਨ ਰਾਤ, ਨਿਰੰਤਰ
ਅਹੇੜੈ—ਸ਼ਿਕਾਰ
ਅਕਾਸਵਤੁ—ਅਨਿਸਚਿਤ
ਅਕਾਰਥ—ਬਿਨਾਂ ਕਾਰਨ
ਅੰਕਿਮਾਲ—ਗੋਦ
ਅਕ੍ਰੀ—ਕ੍ਰਿਆ ਰਹਿਤ
ਅਕੁਲਾਨਾ—ਵਿਆਕੁਲ ਹੋਣਾ
ਅਗ੍ਰ—ਸਾਹਮਣੇ
ਅਗਾਧ—ਜਿਸ ਦਾ ਥਾਹ ਨਾ ਪਾਇਆ ਜਾਵੇ।
ਅੰਗੀਕਾਰ—ਸਵੀਕਾਰ
ਅਘਾਇਆ—ਤ੍ਰਿਪਤ ਹੋਇਆ
ਅਘਾਏ—ਪੂਰਣ ਤ੍ਰਿਪਤ ਹੋਣਾ
ਅਜ—ਬੱਕਰਾ
ਅਜ—ਜਨਮ ਰਹਿਤ
ਅਛਰ—ਅੱਖਰ

ਅੰਤਹਕਰਣ—ਭਲੇ ਬੁਰੇ ਦਾ ਗਿਆਨ ਕਰਨ ਵਾਲੀ ਅੰਦਰਲੀ ਇੰਦ੍ਰੀ

ਅਤੀਤ—ਸਾਧੂ

ਅੰਤਰਗਤਿ—ਮਨ

ਅੰਤਰਾਇ—ਪੜਦਾ, ਫਾਸਲਾ

ਅਨਸਰੈ—ਅਵਿਨਾਸ਼ੀ

ਅਨਰਵਾਚ—ਜਿਸ ਦਾ ਵਰਣਨ ਨਾ ਹੋ ਸਕੇ

ਅਨੁਸੂਤੁ—ਪਰੋਇਆ

ਅਨੁਰਾਗ—ਪ੍ਰੇਮ

ਅਨੂਪ—ਬੇਮਿਸਾਲ

ਅਨਾਸਕਤ—ਆਸਕਤੀਹੀਨ

ਅਧਰ—ਹੋਠ

ਅਧਰਨ—ਹੋਠਾਂ ਵਿਚ

ਅਧਮ—ਨੀਚ

ਅਧੁਗਤਿ—ਗਿਰਾਵਟ

ਅੰਧੁਲੀ—ਅੰਨ੍ਹੀ

ਅਪ—ਆਪ

ਅਪੁ—ਆਪ

ਅਪਕਰਮ—ਕੁਕਰਮ

ਅਬਕਾਰੀ—ਵਿਕਾਰ ਰਹਿਤ

ਅਬਿਹਤ—ਬਿਨਾਂ ਵਿਧੀ ਨਾਲ ਸਮਝਾਇਆ ਹੋਇਆ

ਅਭਲਾਖ—ਇੱਛਾ

ਅਭੇਵ—ਭੇਦ ਰਹਿਤ

ਅਭੈ—ਨਿੱਡਰ

ਅਮੀ—ਅੰਮ੍ਰਿਤ

ਅਮੀਨ—ਇਮਾਨਤਦਾਰ

ਅਮੋਘ—ਅਚੂਕ, ਖਾਲੀ ਨਾ ਜਾਣ ਵਾਲਾ

ਅਰਣੋਦੇ—ਤੜਕੇ, ਸਵੇਰੇ

ਅਰਚਾ—ਸਤਿਕਾਰ

ਅਰਚੀ—ਸਤਿਕਾਰੀ

ਅਵਗਾਹਿ—ਖੋਜ, ਛਾਨ-ਬੀਨ

ਅਵਗਾਹਨੁ—ਟੁੱਬੀ ਮਾਰ ਕੇ ਕੀਤਾ ਇਸ਼ਨਾਨ

ਅਵਧਾਰੀ—ਮਨ ਵਿਚ ਵਿਚਾਰ ਪ੍ਰਗਟ ਹੋਇਆ

ਅਵਧਾਰੇ—ਜਨਮ ਲਿਆ

ਆਗ੍ਰਹੁ—ਫਿਰ ਫਿਰ ਬੇਨਤੀ ਕਰਨਾ

ਆਖੀਅਨ—ਅੱਖਾਂ

ਆਖੇਟਕੁ—ਸ਼ਿਕਾਰ

ਆਚਮਨੁ—ਪਾਣੀ ਪੀਣਾ

ਆਤਰੁ—ਵਿਆਕੁਲ

ਆਦਿਤਾ—ਇੰਦ੍ਰ, ਦੇਵਤਾ, ਸੂਰਜ

ਆਨਨ—ਮੂੰਹ, ਮੁੱਖ

ਆਮਲ—ਅਭਿਆਸੀ, ਅਹਿਲਕਾਰ

ਆਮਲੀ—ਅਭਿਆਸੀ

ਆਵਾਹਾਨ—ਪੁਕਾਰਨਾ, ਬੁਲਾਉਣਾ

ਐਂਠਤ—ਅਭਿਮਾਨੀ

### ੲ

ਇਸਨੀ—ਇੱਛਾ

ਇਹਲੋਕ—ਧਰਤੀ

ਇਹਾਕਲੈ—ਇੱਥੇ ਇਕੱਲੇ

ਇਤਉਤ—ਇਧਰ ਉਧਰ

ਇਤਰ—ਹੋਰ

ਇਤਰਨ—ਹੋਰਾਂ

ਇਤਰਾਤੁ—ਹੋਰ

ਇਤਰਾਵੈ—ਟਹਲੇ

ਈਹਾਂ—ਇੱਥੇ

ਏਕਮੇਵ—ਇਕ ਹੀ

### ਸ

ਸਹੰਸ੍ਰ—ਹਜ਼ਾਰਾਂ

ਸੰਕ—ਸੰਖ

ਸਗਾ—ਸੰਗੀ, ਸਾਥੀ

ਸਗਰੇ—ਸਾਰੇ

ਸੰਘਾਰ—ਨਾਸ਼

ਸਜਲ—ਅੱਥਰੂਆਂ ਨਾਲ, ਪਾਣੀ ਨਾਲ
ਸੰਤਾਪ—ਦੁੱਖ
ਸਤਿਆ—ਸਾਰ
ਸਥਰਾ—ਜ਼ਮੀਨ ਤੇ ਲੇਟਣਾ
ਸਦ—ਹਮੇਸ਼ਾਂ
ਸਨੇਹੀ—ਪਿਆਰ ਕਰਨ ਵਾਲਾ
ਸੰਪੈ—ਸੰਪਤੀ, ਐਸ਼ਵਰਯ
ਸਫਟਕ—ਬਿਲੌਰ ਪੁਰਾਣਾਂ ਅਨੁਸਾਰ ਇਸ ਦੀ ਮਾਲਾ ਦੇਵਤੇ, ਰਿਸ਼ੀ ਪਹਿਨਦੇ ਹਨ।
ਸਮ—ਬਰਾਬਰ
ਸਮਸਤ—ਸਾਰਾ
ਸਮਸਰਾ—ਬਰਾਬਰ ਦਾ
ਸਮਤਾ—ਬਰਾਬਰ
ਸਮਧਾ—ਹੋਮ ਲਈ ਵਰਤਣ ਯੋਗ ਲੱਕੜੀ
ਸਮਾਰਾ—ਸੰਭਾਲਿਆ
ਸਮੀਰ—ਹਵਾ
ਸਰਬੰਗੀ—ਹਰ ਪਾਸੇ ਪੂਰਨ
ਸਰਤਾ—ਨਦੀ
ਸਰਿ—ਜੇਹਾ, ਤੁੱਲ, ਨਦੀ
ਸਾਸ ਗਿਰਾਸ—ਜੀਵਨ ਤੇ ਰੋਜ਼ੀ
ਸਾਸਿ—ਸਵਾਸ, ਸਾਹ
ਸਾਚ—ਸੱਚ
ਸਾਜੋਜ—ਇਕ ਵਿਚ ਮਿਲ ਜਾਣਾ, ਇਕਰੂਪਤਾ
ਸਾਂਗ ਉਪਾਂਗ—ਖੇਲ ਤਮਾਸ਼ਾ
ਸਾਲਕੁ—ਦੁੱਖ ਦੇਣ ਵਾਲਾ
ਸਿਕਦਾਰ—ਰਾਜਾ, ਸਰਦਾਰ
ਸਿੰਙਿ—ਫੂਕ ਮਾਰ ਕੇ ਵਜਾਉਂਣ ਵਾਲਾ ਇਕ ਵਾਜਾ
ਸਿਛਾ—ਸਿਖਿਆ
ਸਿਧਾਵੈ—ਚਲਾ ਜਾਵੈ
ਸਿਵਾਲਹਿ—ਸ਼ਿਵ ਮੰਦਰ
ਸਿੜੀ—ਪੌੜੀ
ਸੀਅਰੀ—ਠੰਡਾ
ਸੀਅਰਾਵਹੁ—ਸ਼ਾਂਤ ਕਰੋ
ਸੀਗਾਰਾ—ਸ਼ਿੰਗਾਰਿਆ
ਸੀਤੁ—ਠੰਡ
ਸੀਤਾਪਤਿ—ਸ੍ਰੀ ਰਾਮ ਚੰਦ੍ਰ
ਸੀਧਾ—ਕੱਚੀ ਸਮੱਗਰੀ
ਸੀਰਖਾ—ਹਠਯੋਗ ਦਾ ਇਕ ਪ੍ਰਸਿੱਧ ਆਸਨ
ਸੁਹਛ—ਸਾਫ, ਸੋਹਣਾ
ਸੁਕਚਾਇ—ਸ਼ਰਮਿੰਦੇ ਹੋਏ
ਸੁਖੱਪਤਿ—ਡੂੰਘੀ ਨੀਂਦ
ਸੁਨੀਜੈ—ਸੁਣੀਏ
ਸੁਪਚ—ਨੀਚ
ਸੁਰਗਿਆਤਾ—ਦੇਵਤਿਆ ਵਿਚ ਮੁੱਖ ਗਿਆਨਵਾਨ
ਸੂਆ—ਤੋਤਾ
ਸੂਤੇ—ਸੁੱਤੇ
ਸੂਧੇ—ਸਰਲ, ਸਿਧੇ, ਨਿਰਮਲ
ਸੂਰ—ਸੂਰਜ
ਸੂਰ—ਸੂਰਬੀਰ, ਯੋਧਾ
ਸੇਤ—ਮੁਫਤ
ਸੰਨਿਸਟਤ—ਚੰਗੀ ਤਰ੍ਹਾਂ ਤਪਾਇਆ ਹੋਇਆ
ਸੌਰਭ—ਖੁਸ਼ਬੂ

## ਹ

ਹਕਾਰਉ—ਆਵਾਜ ਦੇ ਕੇ ਬੁਲਾਵੇਂ
ਹਿਰਹਿ—ਖੋਹਿਆ, ਲੁਟਿਆ
ਹਿਰਾਇਓ—ਹੈਰਾਨ ਹੋ ਗਿਆ
ਹਿਰਾਨਾ—ਚੁਰਾਉਣਾ, ਠਗਾਉਣਾ
ਹੀਰਦੈ—ਦਿਲ ਵਿਚ
ਹੁਤਾਸਨ—ਅੱਗ
ਹੂਤੇ—ਹੋਏ, ਸੀ

ਹੇਮ—ਪਰਬਤ

**ਕ**

ਕੰਚਨ—ਸੋਨੇ
ਕਛੋਟੀ—ਕੱਛ
ਕਛਹਰਿ—ਜਾਂਘੀਆ
ਕਦਹਾ—ਕੋਈ ਪੁਰਖ
ਕਨਿਕ—ਧਤੂਰਾ
ਕਠਉਤੀ—ਘਰ ਵਿਚ
ਕਪਾਟ—ਅਗਿਆਨ, ਕਿਵਾੜ
ਕਮਚੀ—ਪਤਲੀ ਸੋਟੀ
ਕਮੰਦ—ਸਿਰ ਬਿਨਾਂ ਦੇਹ, ਧੜ; ਬਦਲ; ਪੇਟ
ਕਰੇਜਾ—ਕਲੇਜਾ
ਕਲਸ—ਘੜਾ, ਸਰੀਰ
ਕਲਤ੍ਰ—ਵਹੁਟੀ
ਕਲਪ—ਧਾਰਮਕ ਕਰਤੱਵਾਂ ਦਾ ਵਿਧੀ ਵਿਧਾਨ
ਕਾਨ—ਸ੍ਰੀ ਕ੍ਰਿਸ਼ਨ
ਕਾਂਨ—ਕਾਨੇ
ਕਾਨਉਨਿ—ਕੰਨਾਂ ਵਿਚ
ਕਾਂਪੀ—ਕੰਬੀ
ਕਾਪੈ—ਕੰਬੇ
ਕਾਮਾਦਿਕ—ਕਾਮਨਾ ਆਦਿ
ਕਿਆੜੀ—ਗਿੱਚੀ
ਕਿੰਨਰ—ਦੇਵਤਿਆਂ ਦੀ ਇਕ ਜਾਤ ਜਿਨ੍ਹਾਂ ਦਾ ਮੂੰਹ ਘੋੜੇ ਜਿਹਾ ਮੰਨਿਆ ਜਾਂਦਾ ਹੈ, ਗਾਉਣ ਵਜਾਉਣ ਵਾਲੀ ਇਕ ਜਾਤ
ਕਿਰਤਾਰਥ—ਸਫਲ ਮਨੋਰਥ, ਸੰਤੁਸ਼ਟ
ਕਿਲਬਿਖ—ਪਾਪ
ਕਿਲਵਿਖ—ਪਾਪ
ਕਿਵਾਰ—ਦਰਵਾਜ਼ਾ
ਕੀਚੈ—ਚਿੱਕੜ ਵਿਚ
ਕੀਟ—ਕੀੜੇ
ਕੀਰ—ਤੋਤਾ
ਕੀਰਤਿ—ਜੱਸ
ਕ੍ਰੀੜਾ—ਖੇਲ
ਕੁਸਾ—ਇਕ ਕਿਸਮ ਦਾ ਘਾਹ
ਕੁਟਵਾਰ—ਕੋਤਵਾਲ
ਕੁਠਾਰੁ—ਕੁਹਾੜੀ
ਕੁਠਾਰ—ਕੁਲਹਾੜਾ, ਨਾਸ਼ ਕਰਨ ਵਾਲਾ
ਕੁਮਲਾਨੀ—ਕੁਮਲਾਈ
ਕੁਲਹਿ—ਮੁਕਟ
ਕੂਐ—ਖੂਹ ਵਿਚ
ਕੂਕਰ—ਕੁੱਤਾ
ਕੂਰਮ—ਕੱਛੂ ਕੁਮਾ
ਕੇਲ—ਖੇਲ
ਕਚੋਲਾ—ਕਟੋਰਾ
ਕੋਟਿ—ਕਰੋੜ
ਕੋਪ—ਕ੍ਰੋਧ
ਕਰੋਰਾ—ਕਰੋੜ

**ਖ**

ਖਸਟਿ—ਛੇ
ਖਗੁ—ਪੰਛੀ
ਖਟ—ਛੇ
ਖੰਭ—ਥੰਮ
ਖਲਹਲ—ਘਬਰਾਹਟ
ਖਿਨ—ਪਲ
ਖਿਰੀ—ਖਿੜੀ
ਖੁਦੀ—ਹਉਮੈ
ਖੁਨਸ—ਖਿੰਨ ਹੋਣ ਦਾ ਭਾਵ
ਖੇਪ—ਇਕ ਵਾਰ ਦਾ ਬੋਝ
ਖੋਹ ਪਹਾਰੈ—ਗੁਫਾ, ਪਰਬਤ
ਖੋੜਸ—ਸੋਲਹ

**ਗ**

ਗਹਨ—ਡੂੰਘਾ

ਗਜ —ਹਾਥੀ
ਗਤਿ—ਮੁਕਤੀ
ਗਥਹੀਨ—ਗਰੀਬ
ਗਰ—ਗਲਾ
ਗਰਬਾਨਾ —ਅਹੰਕਾਰਿਆ
ਗਰਿ —ਪਿਘਲ ਕੇ
ਗਰਿ —ਗਲੇ ਵਿਚ
ਗਰੈ —ਗਲੇ
ਗਵਾਰ—ਅਣਜਾਣ
ਗੁਹਜ—ਛੁਪੀ, ਲੁਕੀ
ਗੁਹਗਵੈ —ਬੁਲਾਵੈ
ਗਿਰਾਸਿ —ਗ੍ਰਾਸ, ਰੋਜ਼ੀ
ਗਿਰਿ—ਡਿੱਗੀ
ਗ੍ਰੀਵਾ—ਨੀਵਾਂ
ਗੈਰਤਿ—ਸ਼ਰਮ, ਲੱਜਾ

**ਘ**

ਘਟ —ਮਨ, ਸਰੀਰ
ਘਟਹਿ—ਮਨ ਵਿਚ
ਘਟਕਾ—ਘੜੀ
ਘਟਕਾ—ਘੜੀ ਦੇ
ਘੰਡੇ ਹੇੜੈ—ਘੰਟਾ ਹੇੜਾ, ਹਿਰਨ ਫੜਨ ਵਾਲੇ ਦਾ ਘੰਟਾ
ਘਰਨੀ—ਘਰ ਵਾਲੀ
ਘ੍ਰਾਨ —ਗੰਧ, ਨੱਕ
ਘਾਮ—ਧੁੱਪ
ਘੂਟਨ—ਘੁਟਨਿਆਂ

**ਚ**

ਚਹੁਦਿਸ —ਚਾਰੇ ਦਿਸ਼ਾਵਾਂ ਵੱਲ
ਚਕਮਕ—ਇਕ ਪ੍ਰਕਾਰ ਦਾ ਪੱਥਰ ਜਿਸ ਉੱਤੇ ਰਗੜਨ ਨਾਲ ਅੱਗ ਨਿਕਲਦੀ ਹੈ।
ਚਤੁਸਟ—ਚਾਰ
ਚਮੜ ਇਜਾਰ—ਚਮੜੇ ਦਾ ਥੇਲਾ
ਚਰਾਵਕੁ —ਚਟਾ ਰਿਹਾ
ਚਵਾਹਿ—ਆਖੇ
ਚਾਟੜਿਆ—ਚੇਲਿਆਂ
ਚਿਤਵਨ—ਚਿੰਤਨ
ਚਿਤ੍ਰਸਾਲ—ਚਿਤ੍ਰਕਲਾ ਦੀ ਪ੍ਰਦਰਸ਼ਨੀ
ਚਿਤਾਨੰਦ—ਚਿਤ ਤੇ ਅਨੰਦ
ਚੀਰ—ਕਪੜੇ
ਚੇਰੀ ਚੇਰਾ—ਚੇਲੀ ਚੇਲਾ, ਦਾਸੀ ਦਾਸ

**ਛ**

ਛਡੈ ਪਛੰਡੈ—ਛੱਟੇ ਬਣਾਏ
ਛਬ—ਸੁੰਦਰਤਾ
ਛਾਨ—ਛੱਪਰੀ
ਛਾਰਾ—ਸਵਾਹ
ਛਿਨ—ਪਲ
ਛਿਨੁ ਛਿਨੁ—ਪਲ ਪਲ
ਛਿਮਾ—ਖਿਮਾ
ਛੁਧਾ—ਭੁੱਖ, ਖਾਣ ਪੀਣ ਦੀ ਇੱਛਾ
ਛੁਧਾਮੰਦ—ਕੁਸ਼ਲ ਪੂਰਵਕ
ਛੂਛਮ—ਸੂਖਮ
ਛੇਮ—ਕੁਸ਼ਲ, ਮੰਗਲ

**ਜ**

ਜਉਹਰੀ—ਜੌਹਰੀ
ਜਕ—ਇਕ ਦਮ
ਜਠਰ—ਢਿੱਡ
ਜਤ ਕਤ—ਜਿੱਥੇ ਕਿੱਥੇ
ਜਥਾਮਤਿ—ਸਮਝ ਅਨੁਸਾਰ
ਜਦਪ—ਜਦੋਂ
ਜਨਮਤ—ਲੋਕ ਰਾਏ
ਜਰਾ—ਜਲਿਆ
ਜਰਾਇਆ—ਜਲਾਇਆ
ਜਾਨਤ—ਜਾਣਦੇ
ਜਾਰਿ—ਸਾੜ, ਜਾਲ
ਜੁਰਿ—ਜੁੜ, ਇਕੱਠੇ

ਝ

ਝੀਗਾਰਾ—ਜੀਕ ਦਿਹਾੜਾ

ਟ

ਟਹਲੂਏ—ਸੇਵਕ

ਟੇਰ—ਹੇਕ ਲਗਾ ਕੇ

ਠ

ਠਉਰੇ—ਠਹਿਰਨ ਦੀ ਜਗ੍ਹਾ ਤੇ ਰੁਕੇ

ਠਗਉਰੀ—ਠੱਗੀ

ਠਾਢਾ—ਖੜਾ

ਡ

ਡਾਰਿਓ—ਪਾਇਓ

ਢ

ਢਾਪਿਆ—ਢੱਕ

ਢਾਰਾ—ਸੁੱਟ ਦਿਤਾ

ਤ

ਤਸੁ—ਉਸ ਦੇ

ਤਕਬਰੀ—ਅਲ੍ਹਾ ਦਾ ਨਾਂ ਲੈਣਾ ਜਾਂ ਉਸ ਦੀ ਵਡਿਆਈ ਕਰਨਾ

ਤਜਹੁ—ਛੱਡੋ

ਤਤਕਾਲਿ—ਉਸੇ ਸਮੇਂ

ਤਤਛਿਨ—ਉਸੇ ਪਲ

ਤਦਪ—ਤਦੋਂ

ਤੰਦਲੁ—ਚੌਲ

ਤਨਕ—ਜਰਾ

ਤਪਲੀ—ਚੌੜੇ ਮੂੰਹ ਵਾਲਾ ਭਾਂਡਾ ਜਿਸ ਵਿਚ ਭੋਜਨ ਰਿਨ੍ਹਿਆ ਜਾਵੇ।

ਤਰਕ—ਤੜਫ

ਤਰਨ—ਚੜ੍ਹਦੀ ਜਵਾਨੀ ਵਾਲਾ

ਤਰਫ—ਤੜਫ

ਤਰਵਰ—ਬਿਰਖ

ਤਾਸਿ—ਉਸ ਦਾ

ਤਾਥਰੁ—ਉਸੀ ਸਥਾਨ ਤੇ, ਉਸੀ ਸਮੇਂ

ਤਾਮਸ—ਤਮੋ ਗੁਣ

ਤ੍ਰਿਗੁਣ—ਸਤੋ, ਤਮੋ, ਰਜੋ ਤਿਨ ਗੁਣ

ਤ੍ਰਿਣਨ—ਤਿਨਕਿਆਂ

ਤਿਮਰੁ—ਹਨੇਰਾ

ਤਿਰੀਆ—ਇਸਤਰੀ

ਤੁਚਾ—ਚਮੜੀ

ਤੂਲ—ਧਤੂਰਾ

ਥ

ਥਾਰੀ—ਥਾਲੀ

ਦ

ਦਉਰ—ਦੌੜ

ਦਉਰਿਓ—ਦੌੜਿਓ

ਦਉਰਿਆ—ਦੌੜਿਆ

ਦਇਆ ਸਿੰਧੂ—ਕ੍ਰਿਪਾ ਦਾ ਸਾਗਰ

ਦਪ—ਦਬਾ ਕੇ

ਦਰੁ ਦੇਵਾਰ—ਗੁਫਾ

ਦਲ—ਪੱਤੇ

ਦਲਗੀਰ—ਗ਼ਮਗੀਨ

ਦਾਤ—ਦੰਦ

ਦਾਧੈ—ਜਲਾਵੇ

ਦਾਬਿ—ਦਬ ਕੇ

ਦਾਬੈ—ਘੁਟੇ

ਦਾਮਨ—ਪੱਲਾ

ਦਾਰੁਨ—ਭਿਆਨਕ

ਦਿਸਟ—ਦ੍ਰਿਸ਼ਟਿ

ਦਿਸਟਿ—ਦ੍ਰਿਸ਼ਟਿ

ਦਿਬ—ਦੈਵੀ

ਦਿਵਾਲੈ—ਮੰਦਿਰ

ਦਿੜਾਈਐ—ਪੱਕਾ ਕਰੀਏ

ਦੀਨੀ—ਲਿਆ ਕੇ

ਦੀਵਕ—ਸਿਉਂਕ

ਦੂਤ—ਸ਼ੋਭਾ

ਦੁਤੀਆ ਭਾਉ—ਆਪਣੇ ਪਰਾਏ ਦਾ ਭਾਵ

ਦੰਦ—ਸੰਘਰਸ਼

ਦੁਰਬੁਧ—ਭੈੜੀ ਬੁੱਧੀ
ਦੁਰਲੱਭ—ਔਖਾ
ਦੁਰਾਯੋ—ਛੁਪਾਇਓ
ਦੁਰਾਵਉ—ਛੁਪਾਵਓ
ਦੁਰੈ—ਛੁਪੇ, ਲੁਕੇ
ਦੂਸਰੇ—ਹੋਰ
ਦੂਬ—ਹਰਾ ਖਬੱਲ
ਦੇਵਤਨ—ਦੇਵਤਿਆਂ ਨੇ

**ਧ**

ਧਨੁਹੀ—ਛੋਟਾ ਧਨੁੱਖ, ਕਮਾਨਚਾ
ਧਾਰਣ—ਪਾਸੇ
ਧੁਜ—ਝੰਡਾ
ਧੇਅ—ਜਿਸ ਦਾ ਧਿਆਨ ਕੀਤਾ ਜਾਵੇ ।

**ਨ**

ਨਦੀਵੇਦ—ਭੋਜਨ ਆਦਿ ਉਹ ਸਮੱਗਰੀ ਜੋ ਦੇਵਤਾ ਨੂੰ ਚੜ੍ਹਾਈ ਜਾਵੇ ।
ਨਸੂਰ—ਉਹ ਜ਼ਖ਼ਮ ਜਿਸ ਵਿਚੋਂ ਹਮੇਸ਼ਾਂ ਪੀਕ ਵਹਿੰਦੀ ਹੈ ।
ਨਖ ਸਿਖ—ਪੈਰ ਤੋਂ ਸਿਰ ਤਕ
ਨਮਾਵੈ—ਝੁਕਾਵੈ
ਨਾਉ—ਕਿਸ਼ਤੀ
ਨਾਸਵਤ—ਨਾਸ਼ ਹੋਣ ਵਾਲਾ
ਨਾਸਾ—ਨੱਕ
ਨਾਸਤੁ—ਅਨੇਕਤਾ
ਨਿਸਚਲ—ਸਥਿਰ
ਨਿਸ ਬਾਸੁਰ—ਰਾਤ ਦਿਨ
ਨਿਹਕਪਟ—ਬਿਨਾਂ ਕਪਟ ਤੋਂ
ਨਿਹਕਰਮੁ—ਸਭ ਪ੍ਰਕਾਰ ਦੀਆਂ ਇੱਛਾਵਾਂ ਤੋਂ ਬਿਨਾਂ
ਨਿਹਕਲੰਕੁ—ਕਲੰਕ ਰਹਿਤ
ਨਿਹਕਾਮੀ—ਫਲ ਪ੍ਰਾਪਤੀ ਦੀ ਇੱਛਾ ਤਿਆਗ ਕਰਨ ਵਾਲਾ
ਨਿਹਕੇਵਲ—ਨਿਰਲੇਪ, ਅਦੁੱਤੀ
ਨਿਹਚਲੁ—ਸਥਿਰ
ਨਿਹੋਰਾ—ਅਹਿਸਾਨ, ਉਪਕਾਰ
ਨਿਕਸ—ਨਿਕਲੇ, ਜਾਵੇ
ਨਿਕਸਿ—ਨਿਕਲ ਕੇ
ਨਿਕਸਿਓ—ਨਿਕਲਿਓ
ਨਿਕਸਿਤ—ਨਿਕਲਿਆ
ਨਿਗ੍ਰਹ—ਰੋਕ
ਨਿਹਾਰਿ—ਵੇਖ ਰਿਹਾ
ਨਿਦਾਨ—ਬੇਸਮਝ
ਨਿਧਾਨ—ਆਧਾਰ, ਭੰਡਾਰ
ਨਿਧਿ—ਖ਼ਜ਼ਾਨਾ
ਨਿਰਖ—ਵੇਖ
ਨਿਰਖਾਈ—ਵੇਖੀ
ਨਿਰਖਾਹਿ—ਵੇਖੇ
ਨਿਰੂਪਨਿ—ਵਿਆਖਿਆ
ਨਿਰਬਾਸੀ—ਗੰਧ ਰਹਿਤ
ਨਿਰਬਾਨ—ਨਿਰਵਾਣ ਪਦ
ਨਿਰਬਿਕਾਰ—ਵਿਕਾਰ ਰਹਿਤ
ਨਿਰਵਾਰਹੁ—ਦੂਰ ਕਰੋ
ਨਿਲਜ—ਨਿਰਲੱਜ
ਨਿਵਰਤ—ਦੂਰ
ਨਿਵਾਰਨਹਾਰਾ—ਦੂਰ ਕਰਨ ਵਾਲਾ
ਨੀਕਸੇ—ਨਿਕਲੇ
ਨੀਕਾ—ਅੱਛਾ
ਨੀਕੀ—ਅੱਛੀ
ਨੀਰ—ਪਾਣੀ
ਨੂਪਰ—ਘੁੰਘਰੂ

**ਪ**

ਪਉਰੀਆ—ਦਰਬਾਨ, ਦੁਆਰਪਾਲ
ਪਇਆਨਾ—ਰਵਾਨਾ
ਪਹਰੂਆ—ਪਹਰਾ ਦੇਣ ਵਾਲਾ
ਪਹਿਰਾਏ—ਪਵਾਏ

ਪੰਕਜ—ਚਿੱਕੜ ਵਿਚ ਪੈਦਾ ਹੋਣ ਵਾਲਾ ਕਮਲ
ਪਕਰ—ਪਕੜ
ਪਖਾਣ—ਪੱਥਰ
ਪਚਿਹਾਰੇ—ਖੱਪ ਖੱਪ ਕੇ ਹਾਰੇ
ਪਚਿਹਾਰਿਓ—ਖੱਪ ਖੱਪ ਹਾਰਿਆ
ਪਛਾਰ—ਪਛਾੜ
ਪਛੇਰ—ਪਛਾੜਿਆ
ਪਟ—ਕਪੜੇ
ਪਟੰਤਰ—ਤੁਲ, ਸਮਾਨ
ਪਟਲੁ—ਪਰਦਾ
ਪਠਾਇਓ—ਭੇਜਿਆ
ਪਤਿਤ—ਪਾਪ
ਪਨਵਾਰਾ—ਪਤੱਲ, ਡੂਨਾ
ਪ੍ਰਨਾਰੇ—ਪਰਨਾਲੈ
ਪਨੀਆ—ਜੁੱਤੀ
ਪਰਉ—ਪੈ
ਪਰਸਹੀ—ਛੂਹੀ
ਪਰਸੁਆਰਥੀ—ਪਰਉਪਕਾਰੀ
ਪਰਹਿਤ—ਦੂਸਰੇ ਲਈ
ਪ੍ਰਹਾਰਾ—ਵਾਰ ਕੀਤਾ
ਪਰਹੁਰ—ਤਿਆਗ ਕੇ
ਪਰਾ—ਪਿਆ
ਪਰੋਜਨ—ਉਦੇਸ਼
ਪਰਛਿੰਨ—ਗੁਪਤ
ਪ੍ਰਜੰਤ—ਤਕ
ਪਰਬੀਨੀ—ਨਿਪੁੰਨ
ਪਰਬੋਧੈ—ਗਿਆਨ ਨਾਲ ਕਰੇ
ਪ੍ਰਗਿਆਨੁ—ਯਥਾਰਥ ਗਿਆਨ
ਪ੍ਰਤਛ—ਪ੍ਰਤੱਖ
ਪਰਦਛਨਾ—ਦੇਵਤਿਆਂ ਨੂੰ ਸੱਜੇ ਰਖਕੇ ਚਾਰੇ ਪਾਸੇ ਫਿਰਨ ਦੀ ਕ੍ਰਿਆ, ਪਰਕਰਮਾ।
ਪਰਧਨੁ—ਪਰਾਇਆ ਪੈਸਾ
ਪਰਾਕ੍ਰਮ—ਸਮਰੱਥ
ਪਾਇਗਹ—ਮਹਲ ਦੀ ਡਿਊਢੀ
ਪਾਛੇ—ਪਿਛੇ
ਪਾਤ—ਪੰਕਤੀ
ਪਾਦ—ਪੈਰ
ਪਾਨ—ਪੱਤੇ
ਪਾਰਥ—ਪ੍ਰਿਥਾ (ਕੁੰਤੀ) ਦਾ ਪੁੱਤਰ ਅਰਜਨ
ਪਿਤਰੀ—ਪਿਤਰ ਅਤੇ ਪਿਤਾ
ਪੁਹਮ—ਧਰਤੀ
ਪੁਰਿ—ਨਗਰ, ਸਰੀਰ, ਦੇਹ
ਪੇਛ—ਪਿਛੇ
ਪੈ ਕਰਿ ਪਾਨੇ—ਦੁੱਧ ਪੀ ਕੇ
ਪੈਡੇ—ਰਸਤੇ ਵਿਚ ਹੀ
ਪੈਠ—ਬੈਠ
ਪੋਖਨਹਾਰ—ਪਾਲਣ ਵਾਲਾ
ਪਲਾਸ—ਢੱਕ, ਪਲਾਹ
ਪਵਾਰ—ਯਮ ਲੋਕ ਦਾ ਸਫਰ

## ਫ

ਫੁਨਿ—ਫਿਰ
ਫੁਰਹਿ—ਪੈਦਾ

## ਬ

ਬਉਰਾ—ਮਦ ਮਸਤ
ਬਉਰਾਈ—ਮਸਤ ਹੋਣੀ
ਬਸਿਨ—ਰਹੈ
ਬਸੇਖ—ਵਿਸ਼ੇਸ਼
ਬਛ—ਵੱਛਾ
ਬਡੋ—ਬੜਾ
ਬਟਪਾਰਾ—ਲੁਟੇਰਾ
ਬਤਰਾਈਐ—ਦੱਸੀਏ
ਬਨਜ—ਬਿਉਪਾਰ
ਬਪੁ—ਸਰੀਰ

ਬਬੇਕ—ਗਿਆਨ
ਬਰ—ਵਰ
ਬਰਖ—ਸਾਲ, ਵਰ੍ਹਾ
ਬਰਾ—ਬਰੜਾਇਆ
ਬਾਸਨ—ਭਾਂਡੇ
ਬਾਸੁ—ਗੰਧ
ਬਾਢਈ—ਵੱਧਦਾ
ਬਾਂਮ—ਕਾਮ
ਬਾਰਕ—ਬਾਲਕ
ਬਾਰਜ—ਜਲ ਵਿਚ ਪੈਦਾ ਹੋਇਆ ਕਮਲ
ਬਾਰੀ—ਵਾਰੀ
ਬਿਸਕਰਮਾ—ਵਿਸ਼ਵਕਰਮਾ
ਬਿਸਟਾ—ਗੰਦਗੀ, ਮਲ
ਬਿਸਮੈ—ਹੈਰਾਨੀ ਭਰਿਆ
ਬਿਸਰ—ਭੁੱਲ
ਬਿਸਰਤ—ਭੁੱਲਿਆ
ਬਿਹਸਾਈ—ਮੁਸਕਰਾਹਟ
ਬਿਹੀਐ—ਤਿਆਗੀਏ
ਬਿਖ—ਜ਼ਹਿਰ
ਬਿਗਾਚਹੂ—ਨਾਸ਼ ਹੋਏ
ਬਿਚਛਨਿ—ਚਤੁਰ
ਬਿਛੌਰਾ—ਵਿਛੋੜਾ
ਬਿਜੰਨ—ਪਦਾਰਥ
ਬਿਜੁਲ—ਬਿਜਲੀ
ਬਿਡਾਰਿ—ਪਾੜ, ਮਾਰ
ਬਿਧਨਾ—ਵਿਧਾਤਾ
ਬਿਪ੍ਰ—ਬ੍ਰਾਹਮਣ
ਬਿਬਸ—ਵਿਵਸ
ਬਿਬਰਜਤ—ਤਿਆਗਿਆ ਹੋਇਆ
ਬਿਲੋਇਆ—ਕੱਢਿਆ
ਬਿਵਹਾਰੈ—ਵਿਵਹਾਰ ਕਰੇ
ਬੀਸਮੁ—ਵੀਹਵੇਂ
ਬੀਜਨਾ—ਪੱਖਾ
ਬੀਠਲਾ—ਗਿਆਨ ਰਹਿਤ ਨੂੰ ਸਵੀਕਾਰ ਕਰੇ।
ਬੂਡਤ—ਡੁੱਬਿਆ ਹੋਇਆ
ਬੇਗ—ਤੇਜ਼
ਬੇਗ—ਵੇਲਾ
ਬੇਦਨ—ਵੇਦਨਾ
ਬੰਧਾਤ—ਬੰਨਿਆ ਹੋਇਆ
ਬੰਧਪ—ਭਾਈ, ਮਿੱਤਰ
ਬੇਰਾ—ਵੇਲਾ, ਸਮਾਂ
ਬੈਸਨਰੋ—ਵੈਸ਼ਨਵ

### ਭ

ਭਉਜਲ—ਸਮੁੰਦਰ
ਭਖ ਅਭਖੁ—ਖਾਣ, ਨਾ ਖਾਣ ਯੋਗ
ਭ੍ਰਗਲਤਾ—ਵਿਸ਼ਨੂੰ ਦੀ ਛਾਤੀ ਉੱਤੇ ਉਹ ਦਾਗ (ਲਤਾ) ਜੋ ਭ੍ਰਿਗੁ ਤੇ ਚਰਣ ਪ੍ਰਹਾਰ ਤੋਂ ਹੋਇਆ
ਭਨਤਿ—ਕਹਿੰਦਾ ਹੈ
ਭੰਗਾਰ—ਭਖਿਆ ਹੋਇਆ
ਭਰਕਾਇ—ਭੜਕਾਵੇ
ਭਲਿਆ—ਮਿਲਿਆ
ਭਵਰ—ਭਉਰਾ
ਭਾਸਾ—ਅਭਾਸ ਹੋਇਆ
ਭਾਜਨ—ਭਾਂਡੇ
ਭਾਨ—ਸੂਰਜ
ਭ੍ਰਾਂਤਿ—ਸੰਦੇਹ
ਭ੍ਰਿੰਗ—ਭਉਰਾ
ਭੀਤਰ—ਅੰਦਰ
ਭੀਨਾ—ਰੀਝਿਆ
ਭੂਤਨ—ਸਰੀਰਾਂ ਵਿਚ
ਭੂਪਤਿ—ਰਾਜਾ
ਭੂਮ—ਧਰਤੀ

### ਮ

ਮਹਤ—ਵੱਡਾ

ਮਹਾਬਰ—ਲਾਖ ਤੋਂ ਬਣਿਆ ਇਕ ਲਾਲ ਰੰਗ
ਮਹੋਦਧ—ਸਮੁੰਦਰ
ਮਹੋਛਾ—ਵੱਡਾ ਉਤਸਵ
ਮਕਰੰਦ—ਪਰਾਗ
ਮਗੁ—ਮਾਰਗ
ਮਟ—ਸਰੀਰ
ਮਤਵਾਰਾ—ਮਸਤ ਹੋਇਆ
ਮਤਵਾਰੇ—ਨਸ਼ੇ ਵਿਚ ਚੂਰ
ਮਤਾਤੁ—ਧਰਮ ਦਾ ਸਾਰ
ਮਦ—ਮਸਤ
ਮਦਮਾਤਾ—ਮਦ ਮਸਤ
ਮਧੁਰ—ਮਿੱਠਾ
ਮਧੁਕਰ—ਭਉਰਾ
ਮਨੋ—ਮਾਨੋ
ਮਮ—ਮੇਰੇ
ਮਯੁਰ—ਮੋਰ
ਮਰਦਨੁ—ਮੁੱਠੀ ਚਾਪੀ ਕਰਨਾ
ਮਾਨਕੁ—ਜੌਹਰੀ
ਮਿਤ—ਮਿੱਤਰ
ਮਿਰਗਾਨ—ਹਿਰਨ
ਮੀਏ ਮਹਤੇ—ਸਤਿਕਾਰ ਵਾਲੇ, ਵੱਡੇ
ਮੁਕਰੁ—ਸ਼ੀਸ਼ਾ
ਮੁਗਧ—ਮੋਹਿਆ
ਮੁਦਤ—ਖੁਸ਼, ਪ੍ਰਸੰਨ
ਮੁਰਾਰੀ—ਸ੍ਰੀ ਕ੍ਰਿਸ਼ਨ
ਮੇਘ—ਬੱਦਲ
ਮੈਕੂ—ਮੈਨੂੰ
ਮੋਛ—ਮੋਖ, ਮੁਕਤੀ
ਮੋਰ—ਮੇਰਾ
ਮੋਰੇ—ਮੇਰੇ, ਆਪਣੇ

## ਰ

ਰਸਕਨਿ—ਰਸ ਗ੍ਰਹਿਣ ਕਰਨ ਵਾਲੇ
ਰਸਾਈ—ਰਸ ਵਿਚ ਖੂਬੀ
ਰਵ—ਸੂਰਜ
ਰਿਦ—ਹਿਰਦਾ, ਦਿਲ
ਰਿਦੈ—ਹਿਰਦੇ
ਰੁਦਨ—ਰੋਣਾ
ਰੁਧਰ—ਖ਼ੂਨ
ਰੋਪਿਓ—ਵਿਛਾਇਓ

## ਲ

ਲਖਾਵੈ—ਵੇਖੇ
ਲਖੈ—ਵੇਖੇ
ਲਾਹਾ—ਲਾਭ
ਲਾਡੂ—ਲਡੂ
ਲੋਨ—ਲੂਣ

ਅੰਤਕਾ-II

# ਗ੍ਰੰਥ ਵਿਚ ਆਏ ਇਤਿਹਾਸਿਕ/ਮਿਥਿਹਾਸਿਕ ਹਵਾਲੇ

'ਪ੍ਰੇਮ ਅੰਬੋਧ' ਗ੍ਰੰਥ ਵਿਚ ਵਰਣਿਤ ਕੁਝ ਇਤਿਹਾਸਿਕ/ਮਿਥਿਹਾਸਿਕ ਹਵਾਲਿਆਂ ਬਾਰੇ ਨਿਮਨ ਅਨੁਸਾਰ ਵਰਣਨ ਕੀਤਾ ਜਾ ਰਿਹਾ ਹੈ :

**ਉਤਾਨਪਾਦ**

ਉਤਾਨਪਾਦ ਇਕ ਪੌਰਾਣਿਕ ਰਾਜਾ ਸੀ। ਇਹ ਸ਼ਤਰੂਪਾਂ ਦੇ ਉਦਰ ਤੋਂ ਮਨੂ ਸਵਾਯੰਭੁਵ ਦਾ ਪੁੱਤਰ ਸੀ। ਇਸ ਦੀਆਂ ਦੋ ਰਾਣੀਆਂ-ਸੁਨੀਤੀ ਤੇ ਸੁਰੁਚੀ ਸਨ। ਰਾਣੀ ਸੁਨੀਤੀ ਤੋਂ ਚਾਰ ਲੜਕੇ ਧ੍ਰੂਅ, ਕੀਰਤੀਮਾਨ, ਆਯੁਸੁਮਨ ਅਤੇ ਵਸੂ ਪੈਦਾ ਹੋਏ। ਦੂਸਰੀ ਰਾਣੀ ਸੁਰੁਚੀ ਤੋਂ ਉੱਤਮ ੋ ਪੈਦਾ ਹੋਇਆ। ਉਤਾਨਪਾਦ ਸੁਰੂਚੀ ਨੂੰ ਜਿਆਦਾ ਪਿਆਰ ਕਰਦਾ ਸੀ ਧ੍ਰੂਅ ਜਦੋਂ ਪਿਤਾ ਦੀ ਗੋਦ ਵਿਚ ਬੈਠਣ ਲਗਾ ਤਾਂ ਧ੍ਰੂਅ ਦੀ ਮਤ੍ਰੇਈ ਮਾਂ ਸੁਰੁਚੀ ਨੇ ਕਿਹਾ ਕਿ ੋ ਜੇਕਰ ਤੂੰ ਪਿਤਾ ਦੀ ਗੋਦ ਵਿਚ ਹੀ ਬੈਠਣਾ ੋ ਚਾਹੁੰਦਾ ਹੈ ਤਾਂ ਮੇਰੇ ਉਦਰ ਵਿਚੋਂ ਜਨਮ ਲੈ। ਇਸ ਗਲ ਧ੍ਰੂਅ ਨੂੰ ਬਹੁਤ ਦੁੱਖ ਲਗਿਆ ਤੇ ਉਹ ਆਪਣੀ ਮਾਤਾ ਪਾਸ ਰੋਂਦਾ ਰੋਂਦਾ ਗਿਆ। ਮਾਤਾ ਨੇ ੋ ਕਿਹਾ ਕਿ ਭਗਤੀ ਦੀ ਘਾਟ ਹੈ। ਉਤਾਨਪਾਦ ਨੇ ਸਰੁਚੀ ਦੇ ਕਹਿਣ ਤੇ ਧ੍ਰੂਅ ਤੇ ਉਸ ਦੀ ਮਾਤਾ ਸੁਨੀਤੀ ਨੂੰ ਵੀ ਘਰੋਂ ਕਢ ਦਿਤਾ। ਮਾਤਾ ਦੀ ਪ੍ਰੇਰਣਾ ਤੇ ਧ੍ਰੂਅ ਜੰਗਲ ੋ ਵਿਚ ਤਪੱਸਿਆ ਕਰਨ ਚਲਾ ਗਿਆ। ਉਸ ਨੇ ਨਾਰਦ ਪਾਸੋਂ ਉਪਦੇਸ਼ ਲੈ ਕੇ ੋ ਤਪੱਸਿਆ ਕੀਤੀ ਤੇ ਵਿਸ਼ਨੂੰ ਕੋਲੋਂ ਅਟਲ ਤੇ ਅਚਲ ਪਦਵੀ ਗ੍ਰਹਿਣ ਕੀਤੀ। ਬਾਅਦ ਵਿਚ ਉਤਾਨਪਾਦ ਆਪਣੀ ਕੀਤੀ ਤੇ ਪਛਤਾਇਆ।

**ਅਕ੍ਰੂਰ :**

ੋ ਅਕ੍ਰੂਰ ਯਾਦਵੰਸ਼ ਸ੍ਵਫਲਕ ਦਾ ਗਾਂਦਿਨੀ ਦੇ ਉਦਰ ਤੋਂ ਜਨਮਿਆ ਸੀ। ਇਸ ਦਾ ਵਿਆਹ ਉਗ੍ਰੰਸੇਨ ਦੀ ਲੜਕੀ ਨਾਲ ਹੋਇਆ। ਕੰਸ ਦੇ ਦਰਬਾਰ ਦਾ ਮੰਤਰੀ ਹੁੰਦੇ ਹੋਏ ਵੀ ਇਹ ਕ੍ਰਿਸ਼ਨ ਭਗਤ ਸੀ। ਭਾਗਵਤ ਦੀ ਕਥਾ ਅਨੁਸਾਰ ਕ੍ਰਿਸ਼ਨ ਤੇ ਬਲਰਾਮ ਨੂੰ ਰਾਜਸੂਅ ਯੱਗ ਵਿਚ ਸ਼ਾਮਲ ਹੋਣ ਦਾ ਸੱਦਾ ਕੰਸ ਨੇ ਇਸ ਦੇ ਹੀ ਹੱਥ ਭੇਜਿਆ ਸੀ। ਇਸ ਯੱਗ ਵਿਚ ਕ੍ਰਿਸ਼ਨ ਨੇ ਕੰਸ ਦਾ ਸੰਘਾਰ ਕਰਕੇ ਆਪਣੇ ਨਾਨਾ ਨੂੰ ਮੁੜ ਰਾਜਗੱਦੀ ਦਿੱਤੀ ਸੀ। ਇਕ ਹੋਰ ਕਥਾ ਅਨੁਸਾਰ ਜਦੋਂ ਇਹ ਦੁਆਰਕਾ ਛੱਡ ਗਿਆ ਤਾਂ ਉੱਥੇ ਕਾਲ ਪੈ ਗਿਆ। ਕ੍ਰਿਸ਼ਨ ਦੇ ਕਹਿਣ ਤੇ ਇਹ ਮੁੜ ਦੁਆਰਕਾਪੁਰੀ ਆ ਗਿਆ ਅਤੇ ਦੁਆਰਕਾ ਵਾਸੀਆਂ ਦੇ ਸਭ ਕਸ਼ਟ ਦੂਰ ਹੋ ਗਏ।

**ਸਨਕ ਸਨੰਦਨ**

ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਬ੍ਰਹਮਾ ਦੇ ਚਾਰ ਪੁੱਤਰ ਸਨ ਜੋ ਉਹਨਾਂ ਦੇ ਮੱਥੇ ਵਿਚੋਂ ਪੈਦਾ ਹੋਏ ਸਨ। ਕਈ ਇਨ੍ਹਾਂ ਦੀ ਗਿਣਤੀ ਸੱਤ ਦਸਦੇ ਹਨ। ਇਹ ਚਾਰੇ ਪ੍ਰਭੂ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਇਹ ਹਮੇਸ਼ਾਂ ਪੰਜ ਸਾਲਾਂ ਦੇ ਹੀ ਰਹੇ। ਇਨ੍ਹਾਂ ਉੱਤੇ ਮਾਇਆ ਅਤੇ ਕਾਲ ਦਾ ਪ੍ਰਭਾਵ ਨਹੀਂ ਹੁੰਦਾ ਸੀ। ਇਕ ਵੇਰਾਂ ਇਹ ਪ੍ਰਭੂ ਦੇ ਦਰਸ਼ਨਾਂ ਲਈ ਲੋਕ ਪਰਲੋਕ ਵਿਚ ਗਏ ਤਾਂ ਜੈ ਅਤੇ ਬਿਜੈ ਨੇ, ਜੋ ਆਪਸ ਵਿਚ ਸੱਕੇ ਭਾਈ ਵੀ ਸਨ, ਇਨ੍ਹਾਂ ਨੂੰ ਰੋਕ ਲਿਆ। ਸਨਕ ਨੇ ਗੁੱਸੇ ਵਿਚ ਆ ਕੇ ਤਿੰਨ ਵੈਰਾਂ ਦੈਤਾਂ ਦੇ ਰੂਪ ਵਿਚ ਜਨਮ ਲੈਣ ਦਾ ਸਰਾਪ ਦੇ ਦਿੱਤਾ ਜੈ ਬਿਜੈ ਦੈਤ ਰੂਪ ਵਿਚ ਪਹਿਲੇ ਜਨਮ ਵਿਚ ਹਰਨਕਸ਼ਿਪ ਤੇ ਹਰਨਾਕਸ, ਦੂਜੇ ਜਨਮ ਵਿਚ ਸ਼ਿਸ਼ੂਪਾਲ ਤੇ ਦੰਤਵਕ੍ਰ ਅਤੇ ਤੀਜੇ ਜਨਮ ਵਿਚ ਕੁੰਭਕਰਣ ਤੇ ਰਾਵਣ ਬਣੇ। ਸਨਕ ਨੂੰ ਵੀ ਪ੍ਰਹਿਲਾਦ, ਹਨੂਮਾਨ ਤੇ ਅਕ੍ਰੂਰ ਤਿੰਨ ਜਨਮ ਧਾਰਨ ਕਰਨੇ ਪਏ। ਪ੍ਰਭੂ ਨੇ ਹਰ ਵਾਰੀ ਸਨਕ ਦੀ ਰੱਖਿਆ ਕੀਤੀ।

**ਸੁਦਾਮਾਂ**

ਸੁਦਾਮਾ ਸ੍ਰੀ ਕ੍ਰਿਸ਼ਨ ਦਾ ਬਚਪਨ ਦਾ ਸਾਥੀ ਤੇ ਪਿਆਰਾ ਮਿੱਤਰ ਸੀ। ਇਹ ਗੁਰੂ ਸੰਦੀਪਨ ਦੇ ਆਸ਼ਰਮ ਵਿਚ ਇਕੱਠੇ ਪੜ੍ਹਦੇ ਸਨ। ਇਹ ਗਰੀਬ ਤੇ ਕਮਜ਼ੋਰ ਬ੍ਰਾਹਮਣ ਸੀ। ਕ੍ਰਿਸ਼ਨ ਜਦੋਂ ਦੁਆਰਕਾ ਦਾ ਰਾਜ ਕਰਨ ਲਗੇ ਤਾਂ ਇਸ ਦੀ ਘਰ ਵਾਲੀ ਨੇ ਕਿਹਾ ਕਿ ਤੁਸੀਂ ਉਹਨਾਂ ਨੂੰ ਮਿਲ ਕੇ ਆਪਣੀ ਗ਼ਰੀਬੀ ਦੂਰ ਕਰਵਾਓ। ਇਹ ਸ੍ਰੀ ਕ੍ਰਿਸ਼ਨ ਪਾਸ ਕੁਝ ਚੌਲ ਵੀ ਲੈ ਕੇ ਮਿਲੇ। ਸ੍ਰੀ ਕ੍ਰਿਸ਼ਨ ਨੇ ਆਪਣੀ ਗਲਵੱਕੜੀ ਵਿਚ ਲੈ ਕੇ ਇਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਇਨ੍ਹਾਂ ਦੀ ਗ਼ਰੀਬੀ ਵੀ ਦੂਰ ਕਰ ਦਿਤੀ।

**ਗਨਿਕਾ**

ਇਹ ਰਾਜਾ ਜਨਕ ਦੇ ਸ਼ਹਿਰ ਵਿਚ ਰਹਿੰਦੀ ਸੀ ਤੇ ਵੇਸ਼ਵਾ ਸੀ। ਇਕ ਵਾਰੀ ਉਸ ਨੂੰ ਰਾਤ ਸਮੇਂ ਕੋਈ ਕਾਮੀ ਪੁਰਖ ਨਾ ਮਿਲ ਸਕਿਆ। ਉਸ ਦੇ ਮਨ ਵਿਚ ਖ਼ਿਆਲ ਉਪਜਿਆ। ਜੇਕਰ ਉਸ ਦਾ ਮਨ ਪ੍ਰਭੂ ਦਾ ਸਿਮਰਨ ਕਰਨ ਵਿਚ ਲਗ ਜਾਏ ਤਾਂ ਕਿਉਂ ਨਾ ਚੰਗੇ ਹੋਏ। ਉਸ ਨੇ ਇਹ ਵੇਸ਼ਵਾ ਦਾ ਕੰਮ ਛੱਡ ਕੇ ਪ੍ਰਭੂ ਦਾ ਸਿਮਰਨ ਕਰਦਿਆਂ ਬਾਕੀ ਦਾ ਜੀਵਨ ਸੱਚਾ ਤੇ ਸੁੱਚਾ ਬਤੀਤ ਕੀਤਾ।

**ਜਨਕ**

ਜਨਕ ਮਿਥਿਲਾ ਦਾ ਮਾਹਨ ਪ੍ਰਤਾਪੀ ਰਾਜਾ ਸੀ। ਇਹ ਹਮੇਸ਼ਾਂ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦਾ ਸੀ। ਰਾਜਾ ਹੁੰਦੇ ਹੋਏ ਵੀ ਇਸ ਨੂੰ ਰਾਜ ਭਾਗ ਸੁੱਖਾਂ ਦਾ ਤਿਆਗ ਕੀਤਾ ਹੋਇਆ ਸੀ। ਇਹ ਬ੍ਰਹਮਗਿਆਨੀ ਤੇ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿੰਦਾ ਸੀ। ਬੜਾ ਦਾਨੀ ਤੇ ਵਿਦਵਾਨ ਸੀ। ਆਪਣੇ ਮਹਿਲ ਵਿਚ ਸੰਤਾਂ ਮਹਾਂਪੁਰਖਾਂ ਤੇ ਤੱਤਵੇਤਾਵਾਂ ਨੂੰ ਬੁਲਾਉਂਦਾ ਤੇ ਉਹਨਾਂ ਦਾ ਬਹੁਤ ਆਦਰ ਭਾਉ ਕਰਦਾ ਸੀ ਸੁਕਦੇਵ ਵੀ ਆਪਣੇ ਪਿਤਾ ਵੇਦ ਵਿਆਸ ਕਹਿਣ ਤੇ ਇਸ ਬ੍ਰਹਮਗਿਆਨ ਨੂੰ ਜਾਣਨ ਲਈ ਗਿਆ ਸੀ। ਇਹ ਰਾਜਾ ਵੀ ਤੇ ਸੰਨਿਆਸੀ ਵੀ ਸੀ। ਆਤਮ ਤੱਤਵੇਤਾ ਵੀ ਤੇ ਨੀਤੀ ਦਾ ਪੁੰਜ ਵੀ ਸੀ।

**ਜੜਭਰਥ**

ਜੜਭਰਥ ਇਕ ਯੋਗੀ ਸੀ ਜੋ ਸੰਸਾਰ ਦੀ ਮੋਹ ਮਾਇਆ ਦਾ ਤਿਆਗ ਕਰਨ ਲਈ ਜੜਵਤ ਵਿਵਹਾਰ ਕਰਦਾ ਸੀ। ਭਾਗਵਤ ਵਿਚ ਇਸ ਬਾਰੇ ਵਰਣਨ ਮਿਲਦਾ ਹੈ ਕਿ ਰਾਜਾ ਭਰਤ ਨੇ ਇਕ ਹਿਰਨ ਪਾਲਿਆ ਸੀ। ਮਿਰਤੂ ਸਮੇਂ ਉਸ ਦਾ ਧਿਆਨ ਉਸ ਵਿਚ ਰਿਹਾ ਜਿਸ ਕਾਰਣ ਉਹ ਹਿਰਨ ਦੀ ਜੂਨੀ ਵਿਚ ਪਿਆ। ਹਿਰਨ ਦੀ ਦੇਹ ਤਿਆਗਣ ਤੋਂ ਬਾਅਦ ਉਸ ਨੇ ਬ੍ਰਾਹਮਣ ਦੇ ਘਰ ਜਨਮ ਲਿਆ। ਪਹਿਲੇ ਜਨਮ ਦਾ ਗਿਆਨ ਹੋਣ ਕਾਰਨ ਉਸ ਨੇ ਸਾਰਿਆਂ ਨਾਲੋਂ ਮਾਇਆ ਮੋਹ ਦਾ ਤਿਆਗ ਕੇ ਜੜਵਤ ਜੀਵਨ ਬਤੀਤ ਕੀਤਾ। ਇਸ ਲਈ ਉਹ ਜੜਭਰਥ ਅਖਵਾਇਆ।

**ਦ੍ਰੋਪਦੀ**

ਦ੍ਰੋਪਦੀ ਪੰਚਾਲ ਦੇ ਰਾਜਾ ਦੁਰਪਦ ਦੀ ਪੁੱਤਰੀ ਅਤੇ ਪਾਂਡਵਾਂ ਦੀ ਪਤਨੀ ਸੀ। ਹਸਤਾਨਪੁਰ ਵਿਚ ਕੌਰਵਾਂ ਨਾਲ ਜੂਆ ਖੇਡਦਿਆਂ ਯੁਧਿਸਟਰ ਰਾਜ ਭਾਗ ਆਦਿ ਸਾਰਾ ਕੁਝ ਇੱਥੋਂ ਤਕ ਕਿ ਪਤਨੀ ਦ੍ਰੋਪਦੀ ਵੀ ਹਾਰ ਗਿਆ। ਦੁਰਯੋਜਨ ਨੇ ਦੁਸ਼ਾਸਨ ਰਾਹੀਂ ਦ੍ਰੋਪਦੀ ਨੂੰ ਸਭਾ ਵਿਚ ਬੁਲਾਇਆ ਤੇ ਨਗਨ ਕਰਨ ਦਾ ਆਦੇਸ਼ ਦਿੱਤਾ। ਦ੍ਰੋਪਦੀ ਸ੍ਰੀ ਕ੍ਰਿਸ਼ਨ ਦੀ ਉਪਾਸਕ ਸੀ ਤੇ ਉਸ ਦੀ ਭਗਤੀ ਵਿਚ ਲੀਨ ਰਹਿੰਦੀ ਸੀ। ਜਦੋਂ ਦ੍ਰੋਪਦੀ ਦੇ ਕਪੜੇ ਲਾਹੁਣ ਲਗੇ ਤਾਂ ਉਸ ਨੇ ਆਪਣੀ ਇੱਜਤ ਬਚਾਉਣ ਲਈ ਸ੍ਰੀ ਕ੍ਰਿਸ਼ਨ ਅਗੇ ਪ੍ਰਾਰਥਨਾ ਕੀਤੀ। ਦੁਸ਼ਾਸਨ ਦ੍ਰੋਪਦੀ ਦੀ ਸਾੜੀ ਉਤਾਰਦਾ ਉਤਾਰਦਾ ਅਖੀਰ ਥੱਕ ਟੁੱਟ ਕੇ ਹਾਰ ਗਿਆ। ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਨੇ ਦ੍ਰੋਪਦੀ ਦੀ ਇੱਜਤ ਰਖੀ। ਦ੍ਰੋਪਦੀ ਪਾਂਡਵਾਂ ਦੇ ਹਿਮਾਲੀਆ ਜਾਣ ਸਮੇਂ ਨਾਲ ਗਈ ਤੇ ਆਪਣੇ ਪਤੀਆਂ ਨਾਲ ਹੀ ਉਸ ਨੇ ਵੀ ਪ੍ਰਾਨ ਤਿਆਗੇ ਸਨ।

**ਨਰ ਸਿੰਘ**

ਨਰਸਿੰਘ ਵਿਸ਼ਣੂ ਦਾ ਚੌਥਾ ਅਵਤਾਰ ਸੀ। ਇਸ ਦਾ ਅੱਧਾ ਸਰੀਰ ਆਦਮੀ ਦਾ ਅਤੇ ਅੱਧਾ ਸ਼ੇਰ ਦਾ ਸੀ। ਇਹ ਅਵਤਾਰ ਵਿਸ਼ਣੂ ਨੇ ਹਰਨਾਕਸ਼ ਨਾਂ ਦੇ ਦੈਂਤ ਦੇ ਅਤਿਆ-ਚਾਰਾਂ ਨੂੰ ਖ਼ਤਮ ਕਰਨ ਲਈ ਧਾਰਣ ਕੀਤਾ ਸੀ। ਹਰਨਾਕਸ਼ ਨੇ ਬ੍ਰਹਮਾ ਪਾਸੋਂ ਇਹ ਵਰ ਲੈ ਲਿਆ ਕਿ ਉਹ ਦੇਵਤਿਆਂ, ਮਨੁੱਖਾਂ ਆਦਿ ਕਿਸੇ ਕੋਲੋਂ ਵੀ ਨਹੀਂ ਮਰੇਗਾ। ਨਾ ਹੀ ਉਸ ਨੂੰ ਅਸ਼ਤਰ-ਸ਼ਸਤਰ ਮਾਰ ਸਕੇਗਾ ਅਤੇ ਨਾ ਹੀ ਉਸ ਦੀ ਦਿਨ ਅਤੇ ਨਾ ਹੀ ਰਾਤ ਵੇਲੇ ਮੌਤ ਹੋਵੇਗੀ। ਇਹ ਵਰ ਪ੍ਰਾਪਤ ਹੋਣ ਤੋਂ ਬਾਅਦ ਉਸ ਨੇ ਸਾਰੇ ਦੇਵਤਿਆਂ ਨੂੰ ਭਾਰੀ ਦੁੱਖ ਦੇਣਾ ਸ਼ੁਰੂ ਕਰ ਦਿਤਾ। ਉਸ ਨੇ ਸਭ ਨੂੰ ਆਦੇਸ਼ ਦਿਤਾ ਕਿ ਉਹ ਮੇਰੀ ਹੀ ਉਪਾਸਨਾ ਕਰਨ। ਹਰਨਾਕਸ਼ ਦਾ ਉੱਤਰ ਪ੍ਰਹਿਲਾਦ ਵਿਸ਼ਣੂ ਦਾ ਉਪਾਸਕ ਸੀ। ਇਹ ਉਸ ਤੋਂ ਕਾਫੀ ਪਰੇਸ਼ਾਨ ਹੋਇਆ। ਉਸ ਨੇ ਪ੍ਰਹਿਲਾਦ ਨੂੰ ਆਪਣਾ ਉਪਾਸਕ ਬਣਾਉਣ ਲਈ ਕਈ ਪ੍ਰਕਾਰ ਦੇ ਤਸੀਹੇ ਦਿਤੇ ਪਰ ਵਿਸ਼ਨੂੰ ਭਗਤ ਪ੍ਰਹਿਲਾਦ ਦਾ ਵਾਲ ਨਾ ਵਿੰਗਾ ਹੋਇਆ। ਫਿਰ ਉਸ ਨੇ ਥੰਮ ਨਾਲ ਬੰਨ ਦਿਤਾ ਤੇ ਕਿਹਾ ਮੈਂ ਵੇਖਦਾ ਹਾਂ ਕਿ ਜਿਸ ਨੂੰ ਤੂੰ ਸਰਵਸ਼ਕਤੀਮਾਨ ਤੇ ਸਰਵਵਿਆਪਕ ਕਹਿੰਦਾ ਹੈ ਉਹ ਹੁਣ ਤੈਨੂੰ ਕਿਵੇਂ ਬਚਾਵੇਗਾ। ਜਦੋਂ ਉਹ ਪ੍ਰਹਾਰ ਕਰਨ ਲਗਾ ਤਾਂ ਥੰਮ ਵਿਚੋਂ ਵਿਸ਼ਣੂ ਨਰਸਿੰਘ ਦਾ ਅਵਤਾਰ ਧਾਰਣ ਕਰਕੇ

ਹਰਨਾਕਸ਼ ਨੂੰ ਆਪਣੇ ਨਹੂੰਆਂ ਨਾਲ ਪਾੜ ਦਿਤਾ ਅਤੇ ਪ੍ਰਹਿਲਾਦ ਦੀ ਰੱਖਿਆ ਕੀਤੀ। ਉਸ ਸਮੇਂ ਸੰਧਿਆ ਦਾ ਸਮਾਂ ਸੀ।

**ਨਾਰਦ**

ਨਾਰਦ ਇਕ ਮਹਾਨ ਦੇਵਰਿਸ਼ੀ ਤੇ ਵਿਸ਼ਣੂ ਭਗਤ ਸੀ। ਇਹ ਤਿੰਨ ਲੋਕਾਂ ਦਾ ਗਿਆਤਾ ਸੀ। ਵਿਸ਼ਣੂ ਪੁਰਾਣ ਵਿਚ ਲਿਖਿਆ ਹੈ ਕਿ ਇਹ ਕਸ਼ਯਪ ਦਾ ਪੁੱਤਰ ਸੀ। ਇਸ ਨੇ ਰਿਗਵੇਦ ਦੇ ਕਈ ਮੰਤਰ ਰਚੇ ਸਨ। ਇਸ ਨੇ ਭਗਤੀ ਸੂਤਰ ਗ੍ਰੰਥਾਂ ਦੀ ਰਚਨਾ ਕਰਕੇ ਭਗਤੀ ਦੇ ਵਿਭਿੰਨ ਅੰਗਾਂ ਨੂੰ ਸ਼ਾਸਤਰੀ ਢੰਗ ਨਾਲ ਬਿਆਨਿਆ ਸੀ। ਵੇਦ ਸ਼ਾਸਤਰਾਂ ਦਾ ਜਾਣੂ ਸੀ। ਇਸ ਬਾਰੇ ਇਹ ਵੀ ਜਿਕਰ ਆਉਂਦਾ ਹੈ ਕਿ ਇਸ ਨੇ ਕੰਸ ਨੂੰ ਖ਼ਬਰ ਦਿਤੀ ਸੀ ਕਿ ਵਿਸ਼ਨੂੰ ਦਾ ਅਵਤਾਰ ਕ੍ਰਿਸ਼ਨ ਦੇਵਕੀ ਦੇ ਉਦਰ ਤੋਂ ਜਨਮ ਲੈ ਕੇ ਤੇਰਾ ਖ਼ਾਤਮਾ ਕਰੇਗਾ। ਇਸ ਤੇ ਕੰਸ ਨੇ ਦੇਵਕੀ ਦੇ ਪੁੱਤਰਾਂ ਦੀ ਮਿਰਤੂ ਕੀਤੀ ਸੀ। ਇਹ ਬ੍ਰਹਮਗਿਆਨੀ ਤੇ ਤੱਤਵੇਤਾ ਸੀ।

**ਬਿਦੁਰ**

ਬਿਦੁਰ ਇਕ ਮਹਾਨ ਤੱਤਵੇਤਾ, ਗਿਆਨਵਾਨ, ਮਹਾਤਮਾ ਗੁਣੀ ਤੇ ਪ੍ਰਭੂ ਭਗਤ ਸੀ। ਇਹ ਵੇਦ ਵਿਆਸ ਰਿਸ਼ੀ ਦਾ ਪੁੱਤਰ ਇਕ ਦਾਸੀ ਸੁਦੇਸ਼ਨਾਂ ਦੇ ਉਦਰ ਤੋਂ ਪੈਦਾ ਹੋਇਆ ਸੀ। ਇਹ ਵੱਡਾ ਨੀਤੀਵਾਨ ਸੀ। ਇਹ ਧ੍ਰਿਤਰਾਸ਼ਟਰ ਦਾ ਮੰਤਰੀ ਵੀ ਸੀ। ਨਿਆਂਵਾਲਾ ਹੋਣ ਕਾਰਣ ਪਾਂਡਵਾਂ ਦਾ ਹਿਤੈਸ਼ੀ ਵੀ ਸੀ। ਇਹ ਸੱਚ-ਪ੍ਰਿਯਤਾ ਸੀ। ਕੌਰਵਾਂ ਤੇ ਪਾਂਡਵਾ ਨੂੰ ਹਮੇਸ਼ਾਂ ਸਿਖਿਆ ਦੇਂਦਾ ਰਿਹਾ। ਇਸ ਨੇ ਮਹਾਂਭਾਰਤ ਦਾ ਯੁੱਧ ਰੋਕਣ ਲਈ ਪੂਰਾ ਯਤਨ ਕੀਤਾ ਪਰ ਯੁੱਧ ਹੋਣੋਂ ਨਾ ਰਹਿ ਸਕਿਆ। ਇਹ ਪਾਂਡਵਾਂ ਦਾ ਵੀ ਮੰਤਰੀ ਸੀ। ਇਹ ਪ੍ਰਭੂ ਦੇ ਪ੍ਰੇਮ ਵਿਚ ਲੀਨ ਰਹਿੰਦਾ ਸੀ। ਭਗਵਾਨ ਕ੍ਰਿਸ਼ਨ ਪ੍ਰਤਿ ਇਨ੍ਹਾਂ ਦਾ ਅਨਿੰਨ ਪ੍ਰੇਮ ਸੀ। ਅਖੀਰ ਵਿਚ ਇਸ ਨੇ ਬਨਵਾਸ ਗ੍ਰਹਿਣ ਕਰ ਲਿਆ ਅਤੇ ਇਸ ਦਾ ਜੰਗਲ ਵਿਚ ਹੀ ਦੇਹਾਂਤ ਹੋ ਗਿਆ।

**ਰੁਕਮਨੀ :**

ਇਹ ਵਿਦਰਭ ਦੇ ਰਾਜਾ ਭੀਸ਼ਮਕ ਦੀ ਲੜਕੀ ਸੀ। ਰੁਕਮਨ ਦੀ ਭੈਣ ਸੀ। ਰੁਕਮਨ ਕੰਸ ਦਾ ਦੋਸਤ ਸੀ ਜਿਸ ਨੂੰ ਸ੍ਰੀ ਕ੍ਰਿਸ਼ਨ ਨੇ ਮਾਰਿਆ ਸੀ। ਇਸ ਲਈ ਉਸ ਨੇ ਰੁਕਮਨੀ ਦਾ ਵਿਆਹ ਸ੍ਰੀ ਕ੍ਰਿਸ਼ਨ ਨਾਲ ਕਰਨ ਦੀ ਵਿਰੋਧਤਾ ਕੀਤੀ। ਰੁਕਮਨੀ ਦੀ ਮੰਗਣੀ ਦਮਘੋਸ਼ ਦੇ ਪੁੱਤਰ ਸ਼ਿਸ਼ੁਪਾਲ ਨਾਲ ਕਰ ਦਿਤੀ ਗਈ। ਇਕ ਵਾਰੀ ਰੁਕਮਨੀ ਮੰਦਰ ਜਾ ਰਹੀ ਸੀ ਤਾਂ ਕ੍ਰਿਸ਼ਨ ਨੇ ਮੌਕਾ ਪਾ ਕੇ ਉਸ ਨੂੰ ਨਾਲ ਭਜਾ ਲਿਆ ਤੇ ਦੁਆਰਕਾਪੁਰੀ ਜਾ ਕੇ ਵਿਆਹ ਰਚਾਇਆ। ਇਸ ਦੇ ਨੌ ਲੜਕੇ ਤੇ ਇਕ ਲੜਕੀ ਹੋਈ। ਸ੍ਰੀ ਕ੍ਰਿਸ਼ਨ ਦੇ ਦੇਹਾਂਤ ਬਾਅਦ ਇਹ ਵੀ ਨਾਲ ਸਤੀ ਹੋ ਗਈ।

**ਵੇਦ ਵਿਆਸ :**

ਇਹ ਇਕ ਮਹਾਨ ਰਿਸ਼ੀ ਸੀ। ਇਹ ਪਰਾਸ਼ਰ ਰਿਸ਼ੀ ਅਤੇ ਸਤਿਆਵਤੀ ਦਾ ਔਰਸ ਪੁੱਤਰ ਸੀ ਜੋ ਜਜੀਰੇ (ਦੀਪ) ਵਿਚ ਪੈਦਾ ਹੋਇਆ ਸੀ। ਇਹ ਸਾਂਵਲੇ ਰੰਗ ਦਾ ਸੀ। ਇਸ ਨੂੰ ਦ੍ਵੈਪਾਯਨ ਵੀ ਕਿਹਾ ਗਿਆ ਹੈ। ਬਾਅਦ ਵਿਚ ਇਸ ਦੀ ਮਾਤਾ ਨੇ ਰਾਜਾ

ਸ਼ਾਂਤਨੂੰ ਨਾਲ ਵਿਆਹ ਲਿਆ ਅਤੇ ਦੋ ਪੁੱਤਰ ਜਨਮੇ। ਵੱਡਾ ਪੁੱਤਰ ਲੜਾਈ ਵਿਚ ਤੇ ਛੋਟਾ ਪੁੱਤਰ ਬਿਨਾਂ ਉਲਾਦ ਮਰ ਗਿਆ। ਇਸ ਨੇ ਕਈ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ ਤੇ ਕਈ ਮਹਾਨ ਗ੍ਰੰਥਾਂ ਦਾ ਸੰਗ੍ਰਹਿ ਕੀਤੀ। ਇਹ ਭਾਗਵਤ ਪੁਰਾਣ ਦਾ ਰਚਾਇਤਾ ਤੇ ਮਹਾਂਭਾਰਤ ਦੀ ਸੰਗ੍ਰਹਿਕਰਤਾ ਵੀ ਸੀ। ਵੇਦਾਂ ਦਾ ਸੰਗ੍ਰਹਿ ਕਰਨ ਕਾਰਨ ਵੇਦ ਵਿਆਸ ਕਿਹਾ ਜਾਣ ਲਗਾ।

# ਸਹਾਇਕ ਪੁਸਤਕਾਂ ਦੀ ਸੂਚੀ


**ਪੰਜਾਬੀ ਪੁਸਤਕਾਂ :**

ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ) : ਪੰਜਾਬੀ ਹੱਥ-ਲਿਖਤਾਂ ਦੀ ਸੂਚੀ-ਭਾਗ ਪਹਿਲਾ—1961 ਈ., ਭਾਗ ਦੂਜਾ 1963 ਈ. ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ਕ੍ਰਿਪਾਲ ਸਿੰਘ ਕਸੇਲ (ਸੰਪਾ.) : ਪੰਜਾਬੀ ਸਾਹਿਤ ਦਾ ਇਤਿਹਾਸ—ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ—1971.

ਕਾਨ੍ਹ ਸਿੰਘ ਨਾਭਾ : ਗੁਰਸ਼ਬਦ ਰਤਨਾਕਰ ਪ੍ਰਕਾਸ਼-ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ—1974.

,, ,, : ਗੁਰਛੰਦ ਦਿਵਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ—1970.

ਗੁਰਦਾਸ (ਭਾਈ) : ਵਾਰਾਂ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

ਜਸਬੀਰ ਸਿੰਘ ਸਾਬਰ : ਭਗਤ ਰਵਿਦਾਸ ਸ੍ਰੋਤ ਪੁਸਤਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ—1984.

ਪਿਆਰਾ ਸਿੰਘ ਪਦਮ : ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਤਨ, ਕਲਮ ਮੰਦਿਰ, ਨਜ਼ਦੀਕ ਮੋਦੀ ਕਾਲਜ, ਪਟਿਆਲਾ—1970.

ਰਤਨ ਸਿੰਘ ਜੱਗੀ (ਡਾ.) : ਪੁਰਾਤਨ ਪੰਜਾਬੀ ਵਾਰਤਕ ਵਿਕਾਸ ਤੇ ਵਿਸ਼ਲੇਸ਼ਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ—1984.

ਵਣਜਾਰਾ ਬੇਦੀ ਸ. ਸ. : ਪੰਜਾਬ ਲੋਕਧਾਰਾ-ਵਿਸ਼ਵਕੋਸ਼ ਭਾਗ—1,2,3,4 ਲੋਕ ਪ੍ਰਕਾਸ਼ਨ-ਜੇ-11/80, ਰਾਜੌਰੀ ਗਾਰਡਨ, ਨਵੀਂ ਦਿੱਲੀ—27.

**ਹਿੰਦੀ ਪੁਸਤਕਾਂ**

ਓਮ ਪ੍ਰਕਾਸ਼ ਸ਼ਰਮਾ ਸ਼ਾਸਤਰੀ (ਡਾ.) : ਕਾਵਯਾਲੋਚਨ, ਆਰੀਆ ਬੁਕ ਡਿਪੋ, ਨਵੀਂ ਦਿੱਲੀ 1967.

ਹਰਿਭਜਨ ਸਿੰਘ (ਡਾ.) : ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ, ਭਾਰਤੀ ਸਾਹਿਤਯ ਮੰਦਿਰ, ਦਿੱਲੀ—1963.

ਗੋਵਿੰਦ ਤ੍ਰਿਗੁਣਾਇਤ (ਡਾ.) : ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਨ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਸਾਹਿਤਯ ਨਿਕੇਤਨ, ਕਾਨਪੁਰ—1961,

,, ,, : ਸ਼ਾਸਤ੍ਰੀ ਸ਼ਮੀਕਸ਼ਾ ਕੇ ਸਿਧਾਂਤ-ਪ੍ਰਥਮ ਭਾਗ, ਸਾਹਿਤਯ ਨਿਕੇਤਨ, ਕਾਨਪੁਰ ।

ਤ੍ਰਿਲੋਕੀ ਨਾਰਾਇਣ ਦੀਕਸ਼ਤ : ਪਰਿਚਯੀ ਸਾਹਿਤਯ, ਵਿਸ਼ਵ-ਵਿਦਿਆਲਾ ਹਿੰਦੀ ਪ੍ਰਕਾਸ਼ਨ, ਲਖਨਊ ਵਿਸ਼ਵ-ਵਿਦਿਆਲਾ—ਲਖਨਊ—1957.

ਧੀਰੇਂਦਰ ਵਰਮਾ (ਡਾ.) (ਸੰਪਾ.) : ਹਿੰਦੀ ਸਾਹਿਤਯ ਕੋਸ਼, ਭਾਗ—2, ਗਿਆਨ ਮੰਡਲ ਲਿਮਟਿਡ, ਵਾਰਾਣਸੀ-ਸੰਮਤ 2420.

ਨਾਭਾਦਾਸ : ਭਕਤਮਾਲ ਸਟੀਕ, ਨਵਲਕਿਸ਼ੋਰ ਪ੍ਰੈਸ, ਲਖਨਊ—1951.

ਨਾਰਾਇਣ ਚਤੁਰਵੇਦੀ : ਚਰਿਤ੍ਰ ਕੋਸ਼, ਨੇਸ਼ਨਲ ਪਬਲੀਸਿੰਗ ਹਾਊਸ, ਨਵੀਂ ਦਿੱਲੀ—1984.

ਪਰਸ਼ੁਰਾਮ ਚਤੁਰਵੇਦੀ : ਉੱਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ, ਲੀਡਰ ਪ੍ਰੈਸ, ਇਲਾਹਾਬਾਦ ।

,, ,, : ਮੀਰਾਂਬਾਈ ਪਦਾਵਲੀ, ਹਿੰਦੀ ਸਾਹਿਤਯ ਸੰਮੇਲਨ ਪ੍ਰਯਾਗ—1976.

ਪੀਤਾਂਬਰ ਦੱਤ ਬੱੜਥਵਾਲ : ਹਿੰਦੀ ਕਾਵਯ ਮੇਂ ਨਿਰਗੁਨ ਸੰਪ੍ਰਦਾਇ, ਅਵਧ ਪਬਲਿਸਿੰਗ ਹਾਊਸ, ਪਾਨ ਦਰੀਯਾ, ਲਖਨਊ ।

ਰਾਮ ਕੁਮਾਰ ਵਰਮਾ (ਡਾ.) : ਹਿੰਦੀ ਸਾਹਿਤਯ ਕਾ ਆਲੋਚਨਾਤਮਕ ਅਧਿਐਨ, ਰਾਮ ਨਾਰਾਇਣ ਲਾਲ, ਪ੍ਰਯਾਗ—1968.

ਰਾਮ ਚੰਦ ਤਿਵਾਰੀ : ਕਬੀਰ ਮੀਮਾਂਸਾ, ਲੋਕ ਭਾਰਤੀਯ ਪ੍ਰਕਾਸ਼ਨ, 15-ਏ, ਮਹਾਤਮਾ ਗਾਂਧੀ ਮਾਰਗ, ਇਲਾਹਾਬਾਦ—1976 ਈ.

ਲਾਲਤਾ ਪ੍ਰਸਾਦ ਦੂਬੇ : ਹਿੰਦੀ ਭਕਤ ਵਾਰਤਾ ਸਾਹਿਤਯ, ਸਾਹਿਤਯ ਸਦਨ, ਦੇਹਰਾਡੂਨ—1968.

**English Books**

J.N. Farquliar : An Out Line of Relegious Literature of India. Moti Lal Banarsi Dass, Delhi 1967 A.D.

M. A. Macauliffe : The Sikh Relegion (Vol-5) Oxford Press, London.

Mohan Singh Dewnana (Dr.) : A History of Panjabi Literature, (1100—1932 A.D.) Kasturi Lal and Sons, Amritsar.

Ranade, R. D. : My sticism in Maharastra, Shawar Path, Poona, 1933, A. D.